# ਬੋਲੇ ਸੋ ਨਿਹਾਲ

ਹੰਸਰਾਜ ਰਹਿਬਰ



www.PunjabiLibrary.com

# ਬੋਲੇ ਸੋ ਨਿਹਾਲ ਹੰਸਰਾਜ ਰਹਿਬਰ

## (ਅਨੁਵਾਦ: ਮਹਿੰਦਰ ਬੇਦੀ, ਜੈਤੋ)

ਆਪਣੀ ਗੱਲ : ਹੰਸਰਾਜ ਰਹਿਬਰ

ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਇਹ ਮਿਥਿਆ ਧਾਰਨਾ ਫੈਲਾਈ ਕਿ ਹਿੰਦੁਸਤਾਨੀਆਂ ਵਿਚ ਵਿਰੋਧ ਕਰਨ ਦੀ ਤਾਕਤ ਤੇ ਰਾਜ ਕਰਨ ਦੀ ਯੋਗਤਾ ਨਹੀਂ—ਇਸ ਲਈ ਉਹ ਹਮੇਸ਼ਾ ਵਿਦੇਸ਼ੀਆਂ ਦੁਆਰਾ ਹਰਾਏ ਜਾਂਦੇ ਰਹੇ। ਪਹਿਲਾਂ ਆਰੀਆ ਆਏ, ਫੇਰ ਤੁਰਕ, ਮੁਗਲ ਆਏ ਤੇ ਫੇਰ ਅਸੀਂ ਆ ਗਏ। ਅਫ਼ਸੋਸ ਦੀ ਗੱਲ ਹੈ ਕਿ ਸਾਡੇ ਬੁੱਧੀਜੀਵੀ ਅਕਸਰ ਇਸ ਮਿਥਿਆ ਧਾਰਨਾ ਨੂੰ ਸਹੀ ਮੰਨ ਲੈਂਦੇ ਨੇ। ਕੀ ਇਹ ਇਤਿਹਾਸ ਨੂੰ ਝੁਠਿਆਉਣਾ ਨਹੀਂ?

ਹੱਥਲੀ ਪੁਸਤਕ ਦਾ ਉਦੇਸ਼ ਇਸ ਮਿਥਿਆ ਧਾਰਨਾ ਨੂੰ ਨਿਰਆਧਾਰ ਸਿੱਧ ਕਰਨਾ ਹੈ।

ਪਹਿਲਾਂ ਤਾਂ ਆਰੀਆਵਾਂ ਨੂੰ ਤੁਰਕਾਂ, ਮੁਗਲਾਂ ਤੇ ਅੰਗਰੇਜ਼ਾਂ ਵਾਂਗ ਬਾਹਰੋਂ ਆਏ ਦੱਸਣਾ ਸਹੀ ਨਹੀਂ। ਦੂਜਾ ਮੁਗਲਾਂ ਪਿੱਛੋਂ ਅੰਗਰੇਜ਼ ਆਏ, ਕਹਿਣਾ ਵੀ ਤੱਥਾਂ ਦੇ ਵਿਪਰੀਤ ਹੈ। ਮੁਗਲਾਂ ਨੇ ਤਾਂ ਅੰਗਰੇਜ਼ਾਂ ਦੇ ਖ਼ਿਲਾਫ਼ ਇਕ ਲੜਾਈ ਵੀ ਨਹੀਂ ਲੜੀ। ਉਹ ਮਰਾਠਿਆਂ ਨੇ ਲੜੀ ਤੇ ਸਿੱਖਾਂ ਨੇ ਲੜੀ। ਮੁਗਲਾਂ ਨੂੰ ਤਾਂ ਅਠਾਰ੍ਹਵੀਂ ਦੇ ਅੱਧ ਵਿਚ ਹੀ ਸਿਫਰ ਬਣਾ ਦਿੱਤਾ ਗਿਆ ਸੀ। ਉਸ ਪਿੱਛੋਂ ਅਹਿਮਦ ਸ਼ਾਹ ਦੁਰਾਨੀ ਨਾਲ ਵੀ ਮਰਾਠੇ ਲੜੇ ਤੇ ਫੇਰ ਸਿੱਖ ਲੜੇ।

ਸਿੱਖਾਂ ਨੇ ਦੁਰਾਨੀ ਨੂੰ ਹਰਾ ਕੇ ਜਿਹੜਾ ਰਾਜ ਕਾਇਮ ਕੀਤਾ, ਉਹ ਜਮਨਾ ਤੋਂ ਪੇਸ਼ਾਵਰ ਤਕ ਤੇ ਸਿੰਧ ਤੋਂ ਤਿੱਬਤ ਤਕ ਫੈਲਿਆ ਹੋਇਆ ਸੀ। ਉਹ ਸਿੱਖ ਰਾਜ ਏਨਾ ਪੱਕੇ–ਪੈਰੀਂ ਤੇ ਸ਼ਕਤੀ ਸ਼ਾਲੀ ਸੀ ਕਿ ਜਦੋਂ ਤਕ ਮਹਾਰਾਜਾ ਰਣਜੀਤ ਸਿੰਘ

ਜਿਉਂਦੇ ਰਹੇ, ਅੰਗਰੇਜ਼ਾਂ ਦੀ ਉਸ ਵੱਲ ਅੱਖ ਚੁੱਕੇ ਕੇ ਦੇਖਣ ਦੀ ਹਿੰਮਤ ਨਹੀਂ ਪਈ।

ਇਸ ਨਾਵਲ ਦਾ ਸਮਾਂ 1739 ਵਿਚ ਨਾਦਰ ਸ਼ਾਹ ਦੇ ਹਮਲੇ ਤੋਂ 1765 ਵਿਚ ਲਾਹੌਰ ਉੱਤੇ ਸਿੱਖਾਂ ਦੇ ਕਬਜੇ ਤਕ ਦਾ ਹੈ। ਖਾਲਸੇ ਨੇ ਪਹਿਲਾਂ ਮੁਗਲਾਂ ਨਾਲ ਲੋਹਾ ਲਿਆ ਤੇ ਫੇਰ ਫਿਰੰਗੀਆਂ ਤੇ ਦੁਰਾਨੀਆਂ ਦਾ ਮੁਕਾਬਲਾ ਕੀਤਾ। ਉਹਨਾਂ ਜਿਸ ਬਹਾਦੁਰੀ ਦਾ ਸਬੂਤ ਦਿੱਤਾ ਤੇ ਜਿਹੜੀਆਂ ਕੁਰਬਾਨੀਆਂ ਦਿੱਤੀਆਂ, ਇਤਿਹਾਸ ਵਿਚ ਉਹਨਾਂ ਦੀ ਦੂਜੀ ਮਿਸਾਲ ਨਹੀਂ ਮਿਲਦੀ।

ਰਾਸ਼ਟਰ ਕਵੀ' ਮੈਥਿਲੀਸ਼ਰਣ ਗੁਪਤ ਦਾ ਇਹ ਕਹਿਣਾ ਕਿ ਅੰਗਰੇਜ਼ਾਂ ਨੇ ਸਾਨੂੰ ਯਵਨਾ ਦੇ ਅਤਿਆਚਾਰ ਤੋਂ ਮੁਕਤੀ ਦਿਵਾਈ, ਗਲਤ—ਸਰਾਸਰ ਗਲਤ ਹੈ। ਖੁਸ਼ਾਮਦ ਹੈ।

ਤੇ ਇਤਿਹਾਸ ਗਵਾਹ ਹੈ ਕਿ ਜਾਲਮ ਦੁਸ਼ਮਨ ਦਾ ਦਿਲ ਕਦੀ ਵੀ ਨਹੀਂ ਪਿਘਲਦਾ। ਉਹ ਸਿਰਫ ਤਲਵਾਰ ਦੀ ਭਾਸ਼ਾ ਸਮਝਦਾ ਹੈ ਤੇ ਤਲਵਾਰ ਦੀ ਭਾਸ਼ਾ—ਠੰਡੇ ਲੋਹੇ ਦੀ ਭਾਸ਼ਾ—ਵਿਚ ਹੀ ਉਸਨੂੰ ਸਮਝਾਉਣਾ ਪੈਂਦਾ ਹੈ।

ਪਾਠਕ ਇਸ ਨੂੰ ਸਿਰਫ ਨਾਵਲ ਸਮਝ ਕੇ ਨਾ ਪੜ੍ਹਨ—ਮੇਰੀ ਨਜ਼ਰ ਵਿਚ ਇਹ ਨਾਵਲ ਨਾਲੋਂ ਵੱਧ ਇਤਿਹਾਸ ਹੈ, ਜਿਹੜਾ ਨਾਵਲ ਨਾਲੋਂ ਕਿਤੇ ਵੱਧ ਦਿਲਚਸਪ ਹੈ। ਦਿਲ-ਚਸਪੀ ਦੇ ਇਲਾਵਾ ਪਾਠਕ ਇਸ ਦੇ ਲਿਖਣ-ਮੰਤਵ ਨੂੰ ਵੀ ਸਮਝਣ।

ਪ੍ਰਸਿੱਧ ਪ੍ਰਕਾਸ਼ਕ ਸਵਰਗੀ ਸ਼੍ਰੀ ਰਾਮਲਾਲ ਪੁਰੀ ਨੇ 1956 ਵਿਚ ਮੈਨੂੰ ਇਤਿਹਾਸ ਦੇ ਇਸ ਹਿੱਸੇ ਉੱਪਰ ਪੁਸਤਕ ਲਿਖਣ ਲਈ ਕਿਹਾ ਸੀ। ਮੈਂ ਕੋਸ਼ਿਸ਼ ਕੀਤੀ, ਪਰ ਲਿਖ ਨਹੀਂ ਸਕਿਆ। ਬੱਤੀ-ਤੇਤੀ ਸਾਲ ਬਾਅਦ ਮੈਂ ਖ਼ੁਦ ਇਸ ਦੀ ਲੋੜ ਮਹਿਸੂਸ ਕੀਤੀ ਤੇ ਹੁਣ ਮੈਂ ਲਿਖਣ ਲਈ ਪੂਰੀ ਤਰ੍ਹਾਂ ਤਿਆਰ ਵੀ ਸਾਂ। ਇੰਜ ਉਹਨਾਂ ਦੀ ਇੱਛਾ ਪੂਰੀ ਹੋਈ। ਮੈਂ ਆਪਣੀ ਇਹ ਕਿਰਤ ਉਹਨਾਂ ਦੀਆਂ ਯਾਦਾਂ

ਦੇ ਨਾਂਅ ਕਰਦਾ ਹਾਂ।

29–05–1989. —ਹੰਸਰਾਜ ਰਹਿਬਰ।

## ਬੋਲੇ ਸੋ ਨਿਹਾਲ

ਮਈ, 1739 ਦੀ ਹਨੇਰੇ ਪੱਖ ਦੀ ਰਾਤ ਸੀ। ਅਸਮਾਨ ਬਿਲਕੁਲ ਸਾਫ ਸੀ। ਸਿੱਖ ਗੁਰੀਲੇ ਤਾਰਿਆਂ ਦੀ ਮਿੰਨ੍ਹੀ–ਮਿੰਨੀ ਲੋਅ ਵਿਚ ਸੰਘਣਾ ਜੰਗਲ ਪਾਰ ਕਰ ਰਹੇ ਸਨ। ਉਹ ਜੰਗਲ ਵਿਚ ਰਹਿਣ ਦੇ ਆਦੀ ਹੋ ਚੁੱਕੇ ਸਨ ਤੇ ਆਪਣੀ ਧਰਤੀ ਦੇ ਚੱਪੇ–ਚੱਪੇ ਦੇ ਸਿਆਣੂ ਸਨ। ਉਹਨਾਂ ਦੇ ਸਧੇ ਹੋਏ ਘੁੜਿਆਂ ਦੇ ਪੈਰਾਂ ਨੇ ਇਹ ਸਾਰੇ ਰਸਤੇ ਮਿਣੇ ਹੋਏ ਸਨ, ਇਸੇ ਕਰਕੇ ਸੰਘਣੇ ਹਨੇਰੇ ਦੇ ਬਾਵਜੂਦ ਉਹਨਾਂ ਨੂੰ ਜੰਗਲ ਪਾਰ ਕਰਨ ਵਿਚ ਕੋਈ ਔਖ ਨਹੀਂ ਸੀ ਹੋ ਰਹੀ। ਇਹ ਕੋਈ ਵੀਹ–ਤੀਹ ਨਹੀਂ, ਸੈਂਕੜਿਆਂ ਦੀ ਗਿਣਤੀ ਵਿਚ ਸਨ ਤੇ ਆਪਣਾ ਪਿਆਰਾ ਯੁੱਧ–ਗੀਤ ਗਾ ਰਹੇ ਸਨ...:

'ਜੋ ਲੜੇ ਦੀਨ ਕੇ ਹੇਤੁ

ਸੂਰਾ ਸੋਈ, ਸੂਰਾ ਸੋਈ।'...

(ਜਿਹੜਾ ਧਰਮ ਲਈ ਯੁੱਧ ਕਰਦਾ ਹੈ ਉਹੀ ਸੂਰਾ ਹੈ, ਉਹੀ ਬਹਾਦੁਰ ਯੋਧਾ ਹੁੰਦਾ ਹੈ)

ਘੋੜਿਆਂ ਦੇ ਸੁੰਮਾਂ ਦੀ ਟਾਪ ਦਾ ਖੜਾਕ ਤੇ ਉਸ ਗੀਤ ਦੇ ਬੋਲ ਇਕ–ਸੁਰ ਹੋ ਕੇ ਰਾਤ ਦੀ ਚੁੱਪ ਨੂੰ ਲੀਰੋ–ਲੀਰ ਕਰਦੇ ਜੰਗਲ ਵਿਚ ਗੂੰਜ ਰਹੇ ਸਨ। ਝਾੜੀਆਂ ਵਿਚ ਲੁਕੇ ਖ਼ਰਗੋਸ਼, ਗਿੱਦੜ ਤੇ ਲੂੰਬੜ ਆਦਿ ਨਿੱਕਲ–ਨਿੱਕਲ ਕੇ ਭੱਜ ਰਹੇ ਸਨ। ਇਹ ਯੁੱਧ–ਗੀਤ ਉਹਨਾਂ ਦੇ ਦ੍ਰਿੜ ਇਰਾਦਿਆਂ ਦਾ ਪ੍ਰਤੀਕ ਸੀ। ਉਹ ਇਸ ਯੁੱਧ ਦੇ ਗੀਤ ਨੂੰ ਵਾਰੀ–ਵਾਰੀ ਦੂਹਰਾਅ ਰਹੇ ਸਨ ਤੇ ਪੱਕੇ–ਪੈਰੀਂ

ਨਿਸ਼ਾਨੇ ਵੱਲ ਵਧ ਰਹੇ ਸਨ। ਉਹਨਾਂ ਦੇ ਘੋੜੇ ਵਾਰੀ ਨਾਲ ਹਿਣਹਿਣਾਉਣ ਲੱਗ ਪੈਂਦੇ, ਜਿਵੇਂ ਉਹ ਵੀ ਇਸ ਐਲਾਨੇ-ਜੰਗ ਦਾ ਸਮਰਥਨ ਕਰ ਰਹੇ ਹੋਣ ਤੇ ਉਹਨਾਂ ਨੇ ਵੀ ਧਰਮ ਹਿੱਤ ਯੁੱਧ ਕਰਨ ਦਾ ਸੰਕਲਪ ਲਿਆ ਹੋਇਆ ਹੋਵੇ। ਰਾਤ ਅੱਧੀ ਇਧਰ, ਅੱਧੀ ਉਧਰ ਸੀ। ਕਿਸੇ ਨੂੰ ਉੱਕਾ ਹੀ ਖਬਰ ਨਹੀਂ ਸੀ ਕਿ ਇਹ ਸਿੱਖ ਗੁਰੀਲੇ ਕਿੱਧਰੋਂ ਆਏ ਸਨ ਤੇ ਕਿੱਧਰ ਜਾ ਰਹੇ ਹਨ। ਜੰਗਲ ਪਾਰ ਕਰਕੇ ਉਹ ਖੁੱਲ੍ਹੇ ਮੈਦਾਨ ਵਿਚ ਆ ਗਏ। ਮੈਦਾਨ ਵਿਚ ਪਹੁੰਚਦਿਆਂ ਹੀ ਯੁੱਧ-ਗੀਤ ਬੰਦ ਕਰ ਦਿੱਤਾ ਗਿਆ ਤੇ ਘੋੜਿਆਂ ਦੀ ਚਾਲ ਵੀ ਆਪਣੇ-ਆਪ ਮੱਠੀ ਪੈ ਗਈ।

ਦੋ ਘੋੜ ਸਵਾਰ ਇਕ ਦੂਜੇ ਦੇ ਨਜ਼ਦੀਕ ਆਏ। ਉਹਨਾਂ ਵਿਚੋਂ ਇਕ ਦਾ ਨਾਂ ਜੱਸਾ ਸਿੰਘ ਆਹਲੂਵਾਲੀਆ ਸੀ ਤੇ ਉਹ ਇਸ ਮੁਹਿੰਮ ਦਾ ਸੈਨਾਪਤੀ ਸੀ। ਦੂਜੇ ਦਾ ਨਾਂ ਹੀਰਾ ਸਿੰਘ ਸੀ ਤੇ ਉਹ ਉਪ-ਸੈਨਾਪਤੀ ਸੀ।

"ਆਦਮੀ ਜੋਰਾਵਰ ਏ।" ਉਪ-ਸੈਨਾਪਤੀ ਨੇ ਕਿਹਾ।

"ਹਾਂ, ਇਸ 'ਚ ਕੀ ਸ਼ੱਕ ਏ। ਜੋਰਾਵਰ ਨਾ ਹੁੰਦਾ ਤਾਂ ਕਾਬਲ ਤੇ ਪੰਜਾਬ ਨੂੰ ਲਿਤੜਦਾ ਹੋਇਆ, ਦਿੱਲੀ ਕਿੰਜ ਜਾ ਪਹੁੰਚਦਾ?"

"ਮੁਗਲਾਂ ਦੀ ਸਾਰੀ ਸ਼ਾਨ ਮਿੱਟੀ ਵਿਚ ਰੋਲ ਦਿੱਤੀ ਏ।"

"ਮੁਗਲਾਂ ਦੀ ਈ ਨਹੀਂ ਪੂਰੇ ਦੇਸ਼ ਦੀ ਸ਼ਾਨ ਮਿੱਟੀ 'ਚ ਰੋਲ ਦਿੱਤੀ ਏ। ਧਨ-ਦੌਲਤ, ਇੱਜਤ-ਮਾਨ, ਸਭੋ ਕੁਝ ਲੁੱਟ ਲਿਐ।" ਸੈਨਾਪਤੀ ਨੇ ਨਮੋਸ਼ੀ ਤੇ ਹਿਰਖ ਪਰੁੱਚੀ ਆਵਾਜ਼ ਵਿਚ ਕਿਹਾ। ਕੁਝ ਪਲ ਲਈ ਚੁੱਪ ਵਾਪਰ ਗਈ। ਫੇਰ ਹਵਾ ਦਾ ਇਕ ਬੁੱਲ੍ਹਾ ਆਇਆ, ਜਿਸ ਨਾਲ ਰੁੱਖਾਂ ਦੇ ਪੱਤਿਆਂ ਦੀ ਸਰਸਰਾਹਟ ਸੁਣਾਈ ਦਿੱਤੀ। "ਗੱਲ ਤਾਂ ਤਦ ਬਣਦੀ ਏ।" ਜੱਸਾ ਸਿੰਘ ਫੇਰ ਬੋਲੇ। ਉਹਨਾਂ ਦੀ ਆਵਾਜ਼ ਰਤਾ ਖਰ੍ਹਵੀ ਪਰ ਗੰਭੀਰ ਸੀ, "ਜਦ ਅਸੀਂ ਇਸ ਈਰਾਨੀ ਯੋਧੇ ਦੀ

ਸ਼ਾਨ ਨੂੰ ਧੂੜ ਵਿਚ ਮਧੋਲ ਦੇਈਏ ਤੇ ਸਾਬਤ ਕਰ ਵਿਖਾਈਏ ਕਿ ਪੰਜਾਬ ਦਾ ਪਾਣੀ ਅਜੇ ਮਰਿਆ ਨਹੀਂ, ਤੇ ਨਾ ਕਦੀ ਮਰ ਸਕਦਾ ਏ।"

ਦੋਹਾਂ ਦੇ ਘੋੜੇ ਇਕੱਠੇ ਹਿਣਹਿਣਾਏ। ਜੱਸਾ ਸਿੰਘ ਦੇ ਘੋੜੇ ਦਾ ਰੰਗ ਚਿੱਟਾ, ਪਰ ਪੂਛ ਦੇ ਵਾਲ ਕਾਲੇ ਸਨ। ਹੀਰਾ ਸਿੰਘ ਦੇ ਘੋੜੇ ਦਾ ਰੰਗ ਗੂੜ੍ਹਾ ਲਾਲ ਸੀ, ਪਰ ਉਹ ਆਪਣੇ ਕੱਦ-ਕਾਠ ਪੱਖੋਂ ਜੱਸਾ ਸਿੰਘ ਦੇ ਘੋੜੇ ਜਿੱਡਾ ਹੀ ਸੀ। ਦੋਹਾਂ ਘੋੜਿਆਂ ਦੇ ਕੰਨ ਹਿਰਨ ਦੇ ਕੰਨਾਂ ਵਾਂਗ ਖੜ੍ਹੇ ਸਨ ਤੇ ਉਹ ਅਣਥੱਕ ਤੀਬਰ ਗਤੀ ਨਾਲ ਇਕ ਦਿਨ ਵਿਚ ਸੌ, ਸਵਾ-ਸੌ ਮੀਲ ਦਾ ਪੈਂਡਾ ਕਰ ਸਕਦੇ ਸਨ, ਤੇ ਛੋਟੇ ਮੋਟੇ ਖਾਲ-ਖਾਲੀਆਂ ਤੇ ਬੂਝੇ-ਝੜੀਆਂ ਨੂੰ ਆਸਾਨੀ ਨਾਲ ਟੱਪ ਜਾਂਦੇ ਸਨ।

ਇਹਨਾਂ ਦੋਹਾਂ ਘੋੜਿਆਂ ਦੀ ਰੀਸ ਨਾਲ ਦੂਜੇ ਘੋੜੇ ਵੀ ਹਿਣਹਿਣਾਉਣ ਲੱਗ ਪਏ, ਇਹ 'ਅਸੀਂ ਹਮਲੇ ਲਈ ਤਿਆਰ ਹਾਂ' ਦਾ ਸੂਚਕ ਸੀ।

ਏਸ਼ੀਆ ਦੇ ਇਤਿਹਾਸ ਦੇ ਪ੍ਰਸਿੱਧ ਸੈਨਾਪਤੀ ਨਾਦਰ ਸ਼ਾਹ ਨੇ ਜਨਵਰੀ ਦੇ ਸ਼ੁਰੂ ਵਿਚ, ਆਪਣੀ ਵਿਸ਼ਾਲ ਜੁਝਾਰੂ ਸੈਨਾ ਨਾਲ, ਹਿੰਦੁਸਤਾਨ ਉਪਰ ਹਮਲਾ ਕੀਤਾ ਸੀ। ਹੁਣ ਉਹ ਦਿੱਲੀ, ਮਥਰਾ ਤੇ ਬਿੰਦਰਾਬਨ ਨੂੰ ਲੁੱਟ ਕੇ ਆਪਣੇ ਵਤਨ ਵਾਪਸ ਪਰਤ ਰਿਹਾ ਸੀ, ਇਹ ਸਿੱਖ ਗੁਰੀਲੇ ਉਸਨੂੰ ਭਾਜੀ ਮੋੜਨ ਆਏ ਸਨ। ਨਾਦਰ ਦਾ ਪਿਤਾ ਭੇਡਾਂ-ਬੱਕਰੀਆਂ ਚਰਾਉਣ ਵਾਲਾ ਗਰੀਬ ਆਜੜੀ ਸੀ। ਇਹ ਕਿੱਤਾ ਉਸਨੂੰ ਪਿਤਾ ਕੋਲੋਂ ਵਿਰਸੇ ਵਿਚ ਮਿਲਿਆ। ਜਦੋਂ ਉਹ ਵੱਡਾ ਹੋਇਆ ਤਾਂ ਨਰੋਏ ਜੁੱਸੇ ਤੇ ਲੰਮੇ-ਉਚੇ ਕੱਦ ਦਾ ਕਦਾਵਰ ਨੌਜਵਾਨ ਨਿਕਲਿਆ। ਆਪਣੀ ਤਿੱਖੀ-ਬੁੱਧੀ ਤੇ ਹਿਊਂ ਸਦਕਾ ਉਸਨੂੰ ਆਜੜੀਆਂ ਵਾਲਾ, ਰੁਲਿਆ-ਖੁਲਿਆ, ਜੀਵਨ ਚੰਗਾ ਨਹੀਂ ਸੀ ਲੱਗਾ। ਉਸਨੇ ਆਪਣੇ ਵਰਗੇ ਦਲੇਰ ਤੇ ਹੱਟੇ-ਕੱਟੇ ਨੌਜਵਾਨਾ ਦਾ ਇਕ ਟੋਲਾ ਤਿਆਰ ਕੀਤਾ, ਜਿਸ ਦਾ ਪੇਸ਼ਾ ਭੇਡ-ਬੱਕਰੀਆਂ ਚਰਾਉਣਾ ਨਹੀਂ, ਲੁੱਟ-ਮਾਰ ਕਰਨਾ ਸੀ। ਉਸ ਸਮੇਂ ਈਰਾਨ ਵੱਖ-ਵੱਖ ਕਬੀਲਿਆਂ ਵਿਚ

ਵੰਡਿਆ ਹੋਇਆ ਸੀ। ਇਹਨਾਂ ਕਬੀਲਿਆਂ ਦੇ ਆਪੋ-ਆਪਣੇ ਸਰਦਾਰ ਸਨ। ਪਰ ਹੁਣ ਨਾਦਰ ਦੇ ਰੂਪ ਵਿਚ ਇਕ ਨਵਾਂ ਸਰਦਾਰ ਪੈਦਾ ਹੋ ਗਿਆ ਸੀ। ਜਿਸਦੀ ਸ਼ਕਤੀ ਸਾਹਵੇਂ ਸਾਰੇ ਕਬੀਲੇ ਕੰਨ ਭੰਨਦੇ ਸਨ। ਹੁੰਦੀ-ਹੁੰਦੀ ਉਸਦੀ ਸ਼ੋਹਰਤ ਈਰਾਨ ਦੇ ਬਾਦਸ਼ਾਹ ਤੱਕ ਜਾ ਪਹੁੰਚੀ। ਉਸਦੇ ਡਾਕੂ-ਗਿਰੋਹ ਦੀ ਜੁਝਾਰੂ ਸ਼ਕਤੀ ਦੇ ਕਿੱਸੇ ਸੁਣ ਕੇ ਬਾਦਸ਼ਾਹ ਦੇ ਮਨ ਵਿਚ ਵੀ ਭੈ ਪੈਦਾ ਹੋ ਗਿਆ, ਸੋ ਉਸ ਨੇ ਨਾਦਰ ਸ਼ਾਹ ਨੂੰ ਆਪਣਾ ਦੋਸਤ ਬਣਾਅ ਲਿਆ। ਓਨੀਂ ਦਿਨੀਂ ਅਫਗਾਨਸਤਾਨ ਵੱਲੋਂ ਹਮਲਾ ਹੋਇਆ। ਨਾਦਰ ਆਪਣੀ ਲੜਾਕੂ ਟੋਲੀ ਨੂੰ ਲੈ ਕੇ ਮੈਦਾਨ ਵਿਚ ਉਤਰਿਆ ਤੇ ਅਫਗਾਨੀ ਹਮਲੇ ਨੂੰ ਨਿਸਫਲ ਕਰ ਦਿੱਤਾ। ਇਸ ਜਿੱਤ ਨਾਲ ਉਹ ਬਾਦਸ਼ਾਹ ਦਾ ਭਰੋਸੇ ਯੋਗ ਆਦਮੀ ਤੇ ਉਸਦੀ ਸੈਨਾ ਦਾ ਪ੍ਰਧਾਨ-ਸੈਨਾਪਤੀ ਬਣ ਗਿਆ। ਉਸਨੇ ਜਲਦੀ ਹੀ ਅਫਗਾਨਸਤਾਨ ਉੱਤੇ ਕਬਜਾ ਕਰਕੇ ਉਸ ਨੂੰ ਆਪਣੇ ਰਾਜ ਵਿਚ ਮਿਲਾ ਲਿਆ।

ਈਰਾਨ ਦੀ ਬੰਜਰ ਧਰਤੀ ਨੇ ਲੜਾਕੂ ਤੇ ਯੋਧੇ ਤਾਂ ਬੜੇ ਪੈਦਾ ਕੀਤੇ ਸਨ, ਪਰ ਆਮਦਨ ਦੇ ਸਾਧਨ ਬੜੇ ਸੀਮਤ ਸੀ। ਆਮ ਲੋਕ ਭੇਡ-ਬੱਕਰੀਆਂ ਪਾਲ ਕੇ ਉਹਨਾਂ ਵਰਗਾ ਜੀਵਨ ਹੀ ਬਿਤਾਉਂਦੇ ਸਨ। ਨਾਦਰ ਕੋਲ ਹੁਣ ਇਕ ਵੱਡਾ ਰਾਜ ਤੇ ਵਿਸ਼ਾਲ ਸੈਨਾ ਸੀ। ਸਵਾਲ ਇਹ ਸੀ ਕਿ ਏਡੀ ਵੱਡੀ ਸੈਨਾ ਦੀ ਤਨਖਾਹ ਦੇਣ ਤੇ ਹੋਰ ਰਾਜ ਕਾਰਜਾਂ ਨੂੰ ਚਲਾਉਣ ਖਾਤਰ ਧਨ ਕਿੱਥੋਂ ਆਵੇਗਾ? ਇਸ ਥੁੜ ਨੂੰ ਪੂਰਾ ਕਰਨ ਲਈ ਉਸਨੇ 'ਸੋਨੇ ਦੀ ਚਿੜੀ' ਹਿੰਦੁਸਤਾਨ ਉੱਤੇ ਚੜ੍ਹਾਈ ਕਰ ਦਿੱਤੀ।

ਕਾਬਲ ਦੇ ਸੂਬੇਦਾਰ ਨਾਸਰ ਖਾਂ ਤੇ ਪੰਜਾਬ ਦੇ ਸੂਬੇਦਾਰ ਜ਼ਕਰੀਆਂ ਖਾਂ ਨੇ ਵਿਰੋਧ ਕੀਤਾ, ਪਰ ਉਹ ਈਰਾਨੀ ਸੈਨਾ ਸਾਹਵੇਂ ਟਿਕ ਨਹੀਂ ਸਕੇ। ਕਈ ਵਾਰੀ ਕਹਿਣ ਦੇ ਬਾਵਜੂਦ ਵੀ ਦਿੱਲੀ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸੀ ਸਰਕੀ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਨੂੰ ਰਾਜ-ਭਾਗ ਦੇ ਕਾਰਜਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਐਸ਼ਪ੍ਰਸਤੀ ਵਿਚ ਖੁੱਭਿਆ, ਰੰਗ-ਰਲੀਆਂ

ਮਨਾਅ ਰਿਹਾ ਸੀ ਤੇ ਦਰਬਾਰ ਦੇ ਵੱਖ–ਵੱਖ ਧੜਿਆਂ ਵਿਚ ਆਪੋ–ਆਪਣੀ ਤਾਕਤ ਵਧਾਉਣ ਦਾ ਸੰਘਰਸ਼ ਚੱਲ ਰਿਹਾ ਸੀ। ਸਰਕਾਰ ਚਲਾਉਣ ਲਈ ਜ਼ਿੰਮੇਵਾਰ ਉਮਰਾ, ਦੋ ਧੜਿਆਂ ਵਿਚ ਵੰਡੇ ਹੋਏ ਸਨ। ਇਕ ਦਾ ਨਾਂ ਹਿੰਦੁਸਤਾਨੀ –ਦਲ ਸੀ, ਉਸ ਵਿਚ ਹਿੰਦੂ–ਉਮਰਾ ਤੇ ਹਿੰਦੁਸਤਾਨੀ ਮੁਸਲਮਾਨ ਸ਼ਾਮਲ ਸਨ। ਦੂਜਾ ਵਿਦੇਸ਼ੀ ਉਮਰਾਵਾਂ ਦਾ ਮੁਗਲ–ਦਲ ਸੀ। ਪਰ ਉਹ ਇਕ ਨਾ ਰਹਿ ਕੇ ਤੁਰਾਨੀ–ਦਲ ਅਤੇ ਈਰਾਨੀ–ਦਲ ਵਿਚ ਵੰਡੇ ਹੋਏ ਸਨ। ਮੱਧ ਏਸ਼ੀਆ ਦੇ ਤੁਰਕਿਸਤਾਨ ਤੇ ਤਾਸ਼ਕਦ ਤੋਂ ਆਏ ਉਮਰਾ, ਤੁਰਾਨੀ–ਦਲ ਵਿਚ ਸ਼ਾਮਲ ਸਨ ਤੇ ਉਹ ਧਾਰਮਕ ਸੰਸਕਾਰਾਂ ਪੱਖੋਂ 'ਸੂਨੀ' ਕਹਾਉਂਦੇ ਸਨ। ਜਿਹੜੇ ਈਰਾਨ ਤੋਂ ਆਏ ਸਨ, ਧਰਮ ਦੇ ਨਾਤੇ 'ਸ਼ੀਆ' ਅਖਵਾਉਂਦੇ ਸਨ ਤੇ ਉਹ ਈਰਾਨੀ–ਦਲ ਵਿਚ ਸ਼ਾਮਲ ਸਨ। ਜਦੋਂ ਹਿੰਦੁਸਤਾਨੀ–ਦਲ ਦੇ ਸੱਯਦ ਭਰਾਵਾਂ ਨੇ ਫਾਰੂੱਖ ਸੀਯਰ ਨੂੰ ਅੰਨ੍ਹਿਆਂ ਕਰਕੇ, ਮੌਤ ਦੀ ਨੀਂਦ ਸੁਆ ਦਿੱਤਾ ਤੇ ਇਕ ਪਿੱਛੋਂ ਇਕ ਮੁਗਲ ਸ਼ਹਿਜਾਦਿਆਂ ਨੂੰ ਕਠਪੁਤਲੀ–ਬਾਦਸਾਹ ਬਣਾ ਕੇ ਸੱਤਾ ਆਪਣੇ ਹੱਥਾਂ ਵਿਚ ਲੈ ਲਈ ਤਾਂ ਈਰਾਨੀ–ਦਲ ਤੇ ਤੁਰਾਨੀ–ਦਲ ਨੇ ਇਕੱਠੇ ਹੋ ਕੇ ਸੱਯਦ ਭਰਾਵਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਹੁਣ ਸੱਤਾ ਉਹਨਾਂ ਦੇ ਹੱਥਾਂ ਵਿਚ ਸੀ ਤੇ ਰੰਗੀਲਾ ਸਿਰਫ ਨਾਂ ਦਾ ਹੀ ਬਾਦਸ਼ਾਹ ਸੀ। ਪਰ ਇਹਨਾਂ ਈਰਾਨੀ ਤੇ ਤੁਰਾਨੀ, ਦੋਹਾਂ ਦਲਾਂ ਵਿਚ ਵੀ ਸੱਤਾ ਹਥਿਆਉਣ ਦੀ ਦੌੜ ਲੱਗੀ ਹੋਈ ਸੀ। ਨਿੱਤ ਨਵੀਂ ਕਿਸਮ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਸਨ। ਸਿੱਟ ਇਹ ਹੋਇਆ ਕਿ ਰਾਜ ਦਾ ਪੂਰਾ ਤੰਤਰ ਚਰਮਰਾ ਗਿਆ ਤੇ ਔਰੰਗਜੇਬ ਦੀ ਮੌਤ ਤੋਂ ਦੋ ਦਹਾਕੇ ਬਾਅਦ ਹੀ ਕੇਂਦਰ ਏਨਾਂ ਕਮਜ਼ੋਰ ਹੋ ਗਿਆ ਕਿ ਇਕ ਤੋਂ ਪਿੱਛੋਂ ਇਕ, ਕਈ ਸੂਬਿਆਂ ਨੇ ਆਪਣੇ ਆਪ ਨੂੰ ਆਜਾਦ–ਸੂਬਾ ਹੋਣ ਦਾ ਐਲਾਨ ਕਰ ਦਿੱਤਾ ਤੇ ਬਾਗੀ ਸ਼ਕਤੀਆਂ ਪ੍ਰਬਲ ਹੁੰਦੀਆਂ ਗਈਆਂ। ਦਖੱਣ, ਅਵਧ ਤੇ ਬੰਗਾਲ, ਕੇਂਦਰ ਨਾਲੋਂ ਸੰਬੰਧ ਤੋੜ ਕੇ ਵੱਖਰੇ–ਰਾਜ ਬਣ ਗਏ। ਮਰਾਠੇ ਆਪਣੀ ਸੱਤਾ ਦਾ ਵਿਸਥਾਰ ਕਰ ਰਹੇ ਸਨ, ਆਗਰੇ ਦੇ ਕੋਲ ਜਾਟਾਂ ਨੇ ਆਪਣਾ ਸੁਤੰਤਰ–ਰਾਜ

ਕਾਇਮ ਕਰ ਲਿਆ ਸੀ। ਰੂਹੇਲਾ ਪਠਾਨਾ ਨੇ ਗੰਗਾ ਦੇ ਉਤਰੀ ਮੈਦਾਨ ਵਿਚ ਰੂਹੇਲਖੰਡ ਨਾਂ ਦਾ ਸੁਤੰਤਰ-ਰਾਜ ਸਥਾਪਤ ਕਰ ਲਿਆ ਸੀ ਤੇ ਪੰਜਾਬ ਵਿਚ ਸਿੱਖ ਜਬਰਦਸਤ ਚੂਣੌਤੀ ਬਣੇ ਹੋਏ ਸਨ।

ਜਦੋਂ ਨਾਦਰ ਸ਼ਾਹ ਨੇ ਦੱਰਾ ਖੈਬਰ ਪਾਰ ਕੀਤਾ, ਹਿੰਦੁਸਤਾਨ ਦੀ ਇਹ ਸਥਿਤੀ ਸੀ। ਸੀਮਾ-ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਕੋਈ ਵੀ ਬਿਨਾਂ ਰੋਕ-ਟੋਕ, ਆ-ਜਾ ਸਕਦਾ ਸੀ। ਸਰਕਾਰ ਤਕ ਖਬਰਾਂ ਭੇਜਣ ਵਾਲਾ ਜਾਸੂਸੀ ਢਾਂਚਾ, ਪੂਰੀ ਤਰ੍ਹਾਂ ਠੁੱਸ ਹੋ ਚੁੱਕਿਆ ਸੀ। ਐਸ਼ਪ੍ਰਸਤ ਸਮਰਾਟ ਤੇ ਸਵਾਰਥੀ ਉਮਰਾ ਦੀ ਨੀਂਦ ਤਦ ਟੁੱਟੀ ਜਦ ਈਰਾਨੀ ਸੈਨਾ ਪੰਜਾਬ ਨੂੰ ਲਿਤੜਤੀ ਹੋਈ ਦਿੱਲੀ ਦੇ ਐਨ ਨੇੜੇ ਜਾ ਢੁੱਕੀ। ਹਫੜਾ-ਦਫੜੀ ਵਿਚ ਇਕੱਠੀ ਕੀਤੀ ਮੁਗਲ ਸੈਨਾ ਕਰਨਾਲ ਪਹੁੰਚੀ ਤੇ ਈਰਾਨੀ ਸੈਨਾ ਨਾਲ ਹੋਈ ਮੁੱਠ-ਭੇੜ ਵਿਚ ਉਸਦੇ ਅਧਿਓਂ ਵਧ ਸਿਪਾਹੀ ਰਣਭੂਮੀ ਵਿਚ ਹੀ ਰਹਿ ਗਏ ਤੇ ਬਾਕੀ ਜਾਨਾਂ ਬਚਾਅ ਕੇ ਏਧਰ-ਉਧਰ ਨੱਠ ਗਏ। ਨਾਦਰ ਸ਼ਾਹ ਦੀ ਜੇਤੂ ਸੈਨਾ ਕਰਨਾਲ ਤੋਂ ਸਿੱਧੀ ਦਿੱਲੀ ਜਾ ਪਹੁੰਚੀ।

ਦਿੱਲੀ ਵਿਚ ਜਿਹੜਾ ਖ਼ੂਨ-ਖਰਾਬਾ ਹੋਇਆ ਤੇ ਅੱਠ ਹਫਤੇ ਤਕ ਲੁੱਟ-ਮਾਰ ਚੱਲੀ ਤੇ ਸਾੜ-ਫੂਕ ਹੋਈ, ਉਹ ਇਤਿਹਾਸ ਦੀ ਇਕ ਦਰਦਨਾਕ ਘਟਨਾ ਹੈ। ਇਸ ਲੁੱਟ-ਮਾਰ ਵਿਚ ਹੀਰੇ-ਜਵਾਹਰ ਤੇ ਕਰੋੜਾਂ ਰੁਪਏ ਦੇ ਇਲਾਵਾ ਸ਼ਾਹਜਹਾਂ ਦਾ ਪ੍ਰਸਿੱਧ ਤਖ਼ਤੇ-ਤਾਊਸ ਤੇ ਰੰਗੀਲਾ ਦੁਆਰਾ ਤਿਆਰ ਕਰਵਾਈ ਗਈ ਹਿੰਦੁਸਤਾਨੀ ਸੰਗੀਤ ਦੀ ਇਕ ਸਚਿੱਤਰ ਪੁਸਤਕ ਵੀ ਸੀ। ਅਖੀਰ ਮੁਹੰਮਦ ਸ਼ਾਹ ਰੰਗੀਲਾ ਦੀ ਬੇਨਤੀ ਉਤੇ ਸੁਲਾਹ ਹੋਈ ਤੇ ਦਰਬਾਰੇ ਖਾਸ ਵਿਚ ਸ਼ਰਾਬ ਅਤੇ ਨਾਚ-ਗਾਣੇ ਦੀ ਮਹਿਫਲ ਸਜ ਗਈ। ਮੁਹੰਮਦ ਸ਼ਾਹ, ਨਾਦਰ ਸ਼ਾਹ ਦੇ ਨਾਲ ਬੈਠਾ ਹੋਇਆ ਸੀ ਤੇ ਉਸਦੀ ਦਸਤਾਰ ਵਿਚ ਦੁਨੀਆਂ ਦਾ ਪ੍ਰਸਿੱਧ ਤੇ ਅਣਮੋਲ ਹੀਰਾ 'ਕੋਹੇਨੂਰ' ਜਗਮਗਾ ਰਿਹਾ ਸੀ। ਨਾਦਰ ਸ਼ਾਹ ਦੀ ਨਜ਼ਰ ਹੀਰੇ ਉੱਤੇ ਪਈ ਤੇ ਮਨ ਉਸ ਨੂੰ ਪ੍ਰਾਪਤ ਕਰਨ ਲਈ ਲਲਚਾ ਗਿਆ। ਉਹ ਜਿੰਨਾਂ

ਬਹਾਦਰ ਸੀ, ਓਨਾਂ ਹੀ ਬੁੱਧੀਮਾਨ ਤੇ ਕੂਟਨੀਤਕ ਵੀ ਸੀ। ਸੁਲਾਹ ਪਿੱਛੋਂ ਉਸਨੇ ਸ਼ਕਤੀ ਦਾ ਪ੍ਰਯੋਗ ਕਰਨਾ ਠੀਕ ਨਹੀਂ ਸੀ ਸਮਝਿਆ ਤੇ ਨਾਲੇ ਬਾਦਸ਼ਾਹੀ–ਪਦਵੀ ਦਾ ਆਦਰ–ਮਾਣ ਰੱਖਣਾ ਵੀ ਬਣਦਾ ਸੀ। ਉਸਨੇ ਆਪਣੇ ਪਿਆਲੇ ਵਿਚੋਂ ਸ਼ਰਾਬ ਦਾ ਇਕ ਘੁੱਟ ਭਰਿਆ ਤੇ ਚਿਹਰੇ ਉਪਰ ਇਕ ਮਿੱਠੀ ਮੁਸਕਾਨ ਖਿਲਾਰ ਕੇ ਬੋਲਿਆ,

"ਭਰਾ ਰੰਗੀਲਿਆ, ਹੁਣ ਅਸੀਂ ਦੋਸਤ ਤਾਂ ਬਣ ਈ ਗਏ ਹਾਂ ਨਾ? ਫੇਰ ਕਿਉਂ ਨਾ ਇਸ ਦੋਸਤੀ ਨੂੰ ਪੱਕਿਆਂ ਰਿਸ਼ਤਿਆਂ ਵਿਚ ਬੰਨ੍ਹ ਲਈਏ ਤੇ ਆਪਸ ਵਿਚ ਪੱਗ –ਵਟ ਭਰਾ ਬਣ ਜਾਈਏ?" ਉਸਨੇ ਆਪਣੀ ਪਗੜੀ ਲਾਹ ਕੇ ਮੁਹੰਮਦ ਸ਼ਾਹ ਵੱਲ ਵਧਾ ਦਿੱਤੀ।

"ਜਹੇ ਕਿਸਮਤ! ਤੁਹਾਡੇ ਨਾਲ ਦਸਤਾਰ ਬਦਲਣੀ ਮੇਰੇ ਲਈ ਬੜੇ ਮਾਣ ਵਾਲੀ ਗੱਲ ਏ।" ਨਸ਼ੇ ਵਿਚ ਰਗੀਲਾ ਮਿਨਮਿਣਾਇਆ। ਉਸ ਦੀ ਹਸਤੀ ਵਿਚ ਬਾਬਰੀ–ਸ਼ਾਨ ਵਾਲੀ ਕੋਈ ਗੱਲ ਬਾਕੀ ਨਹੀਂ ਸੀ ਦਿੱਸਦੀ।

ਇਸ ਪਿੱਛੋਂ ਮਥਰਾ ਤੇ ਬਿੰਦਰਾਬਨ ਨੂੰ ਖੂਬ ਲੁੱਟਿਆ ਗਿਆ। ਨਾਦਰ ਸ਼ਾਹ 5 ਮਈ ਨੂੰ ਜਦੋਂ ਦਿੱਲੀ ਤੋਂ ਤੁਰਿਆ ਤਾਂ ਉਸ ਕੋਲ ਹੀਰੇ–ਜਵਾਹਰ ਤੇ ਹੋਰ ਕੀਮਤੀ ਚੀਜਾਂ ਦੇ ਇਲਾਵਾ 15 ਕਰੋੜ ਰੁਪਏ ਨਕਦ, 300 ਹਾਥੀ, ਦੱਸ ਹਜਾਰ ਘੋੜੇ ਤੇ ਏਨੇ ਹੀ ਊਠ ਸਨ। ਹਜ਼ਾਰਾਂ ਹਿੰਦੂ–ਮੁਸਲਮਾਨ, ਮਰਦ–ਔਰਤਾਂ ਨੂੰ ਕੈਦੀ ਬਣਾਇਆ ਹੋਇਆ ਸੀ, ਜਿਹਨਾਂ ਵਿਚ ਦੋ ਸੌ ਕਾਰੀਗਰ ਵੀ ਸਨ। ਈਰਾਨੀ ਸੈਨਕ ਕਿਉਂਕਿ ਮੈਦਾਨੀ ਇਲਾਕੇ ਦੀ ਲੂ ਤੇ ਧੁੱਪ ਨਹੀਂ ਸਨ ਬਰਦਾਸ਼ਤ ਕਰ ਸਕਦੇ, ਇਸ ਲਈ ਉਹ ਸਰਹੰਦ ਤੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ ਨਾਲ ਸਫਰ ਕਰਦੇ ਤੇ ਲੁੱਟਮਾਰ ਕਰਦੇ ਹੋਏ ਇਕ ਲੰਮਾਂ ਸਫਰ ਕਰਕੇ, ਮਈ ਦੇ ਅਖੀਰਲੇ ਹਫਤੇ, ਜੇਹਲਮ ਦੇ ਕਿਨਾਰੇ ਜਾ ਪਹੁੰਚੇ। ਉਪਰੋਂ ਰਾਤ ਘਿਰ ਆਈ ਸੀ। ਅਗਲੇ ਦਿਨ ਸਵੇਰੇ ਨਦੀ ਪਾਰ ਕਰਨ ਦਾ ਫੈਸਲਾ ਕਰਕੇ ਉਹਨਾਂ ਉੱਥੇ

ਹੀ ਡੇਰੇ ਲਾ ਲਏ। ਹੁਣ ਉਹ ਗੂੜ੍ਹੀ ਨੀਂਦ ਸੁੱਤੇ ਹੋਏ ਸਨ। ਉਹਨਾਂ ਦੀ ਨੀਂਦ ਏਨੀ ਗੂੜ੍ਹੀ ਤੇ ਚਿੰਤਾ-ਮੁਕਤ ਸੀ ਕਿ ਉਸ ਵਿਚ ਸੁਪਨਿਆਂ ਨੂੰ ਵੀ ਵਿਘਣ ਪਾਉਣ ਦੀ ਹਿੰਮਤ ਨਹੀਂ ਸੀ। ਇਹ ਜੈਤੂ ਸੈਨਾ ਲੁੱਟ ਦੇ ਮਾਲ ਨਾਲ ਮਾਲਾ-ਮਾਲ ਸੀ ਤੇ ਜਿਸ ਦੇਸ਼ ਤੇ ਦੇਸ਼ਵਾਸੀਆਂ ਨੂੰ ਲੁੱਟਿਆ ਗਿਆ ਸੀ ਉਹ, ਉਸਦੀ ਨਜ਼ਰ ਵਿਚ ਏਨੇ ਅਪਾਹਿਜ ਤੇ ਸੱਤਿਆਹੀਣ ਸਨ ਕਿ ਉਹਨਾਂ ਤੋਂ ਡਰਨ ਦੀ ਲੋੜ ਨਹੀਂ ਸੀ ਸਮਝੀ ਗਈ।

ਸਿੱਖ ਯੋਧਿਆਂ ਨੇ ਉਹਨਾਂ ਦੇ ਇਸੇ ਭਰਮ ਨੂੰ ਮਿਟਾਉਣ ਦੀ ਧਾਰੀ ਹੋਈ ਸੀ। ਉਹਨਾਂ ਕੋਲ ਆਪਣੇ ਸੂਹੀਆਂ ਰਾਹੀਂ ਈਰਾਨੀ ਸੈਨਾ ਦੀਆਂ ਸਾਰੀਆਂ ਗਤੀ-ਵਿਧੀਆਂ ਦੀ ਖਬਰ, ਹਰ ਪਲ, ਪਹੁੰਚ ਰਹੀ ਸੀ।...ਤੇ ਹੁਣ ਉਹ, ਉਸਨੂੰ ਲੁੱਟ ਲੈਣ ਦੇ ਮੰਸ਼ੇ ਨਾਲ ਮੁਹਿੰਮ 'ਤੇ ਨਿਕਲੇ ਸਨ। ਮੈਦਾਨ ਵਿਚ ਪਹੁੰਚਦਿਆਂ ਹੀ ਉਹ ਤਿੰਨ ਵੱਖ-ਵੱਖ ਟੋਲਿਆਂ ਵਿਚ ਵੰਡੇ ਗਏ ਤੇ ਈਰਾਨੀ-ਸੈਨਾ ਉਤੇ ਤਿੰਨ ਪਾਸਿਓਂ ਇਕੋ ਸਮੇਂ ਹੱਲਾ ਬੋਲ ਦਿੱਤਾ; ਇਸ ਤੋਂ ਪਹਿਲਾਂ ਕਿ ਉਹ ਜਾਗਦੇ ਤੇ ਸੰਭਲਦੇ, ਉਹ ਆਪਣਾ ਕੰਮ ਕਰਕੇ ਜਿਸ ਤੇਜ਼ੀ ਨਾਲ ਆਏ ਸਨ ਉਸੇ ਤੀਬਰ ਗਤੀ ਨਾਲ ਜੰਗਲ ਵਿਚ ਜਾ ਕੇ ਛਿਪਣ ਹੋ ਗਏ।

ਅਚਾਨਕ ਹਮਲੇ ਕਰਨ ਦਾ ਇਹ ਸਿਲਸਿਲਾ ਜੇਹਲਮ, ਸਿੰਧ ਤੇ ਚਨਾਬ ਪਾਰ ਕਰਨ ਤਕ, ਤਿੰਨੇਂ ਰਾਤਾਂ, ਲਗਾਤਾਰ ਚਲਦਾ ਰਿਹਾ। ਆਪਣੀ ਪੂਰੀ ਸਾਵਧਾਨੀ, ਚੇਤੰਨਤਾ ਤੇ ਦਲੇਰੀ ਦੇ ਬਾਵਜੂਦ ਨਾਦਰ ਸ਼ਾਹ ਸਿੱਖ ਗੁਰੀਲਿਆਂ ਤੋਂ ਜਾਨ ਤੇ ਮਾਲ ਦੀ ਰੱਖਿਆ ਕਰਨ ਵਿਚ ਅਸਫਲ ਰਿਹਾ ਤੇ ਅਸਮਰਥ ਦਿਖਾਈ ਦਿੱਤਾ। ਉਹ ਹਨੇਰੀ ਵਾਂਗ ਆਉਂਦੇ ਤੇ ਵਰੋਲੇ ਵਾਂਗ ਪਰਤ ਜਾਂਦੇ। ਸੰਘਣੇ ਜੰਗਲ ਵਿਚ ਉਹਨਾਂ ਦਾ ਪਿੱਛਾ ਕਰਨਾ ਸੰਭਵ ਨਹੀਂ ਸੀ। ਇਹ ਉਹਨਾਂ ਦੀ ਆਪਣੀ ਧਰਤੀ ਸੀ, ਜਿਸ ਦਾ ਚੱਪਾ-ਚੱਪਾ ਤੇ ਕਣ-ਕਣ ਉਹਨਾਂ ਦਾ ਜਾਣਿਆਂ-ਪਛਾਣਿਆਂ ਸੀ, ਜਿਸਦੀ ਗੋਦ ਨੂੰ ਉਹਨਾਂ ਦੀ ਹਮੇਸ਼ਾ ਉਡੀਕ ਰਹਿੰਦੀ ਸੀ। ਪਰ ਨਾਦਰ ਸ਼ਾਹ ਤੇ ਉਸਦੀ ਸੈਨਾ ਲਈ ਇਹ ਧਰਤੀ ਅਣਜਾਣ ਤੇ ਓਪਰੀ ਸੀ। 'ਜਾਂਦੇ ਚੋਰ

www.punjabilibrary.com

ਦੀ ਪੱਗ...' ਵਾਲੀ ਕਹਾਵਤ ਨੂੰ ਸਾਰਥਕ ਕਰਦਿਆਂ ਹੋਇਆਂ ਸਿੱਖ ਗੁਰੀਲਿਆਂ ਨੇ, ਈਰਾਨੀ ਸੈਨਾ ਨੂੰ ਜਿੰਨਾਂ ਸੰਭਵ ਹੋ ਸਕਿਆ ਓਨਾਂ ਹੀ ਲੁੱਟਿਆ। ਜਿਹਨਾਂ ਜਵਾਨ ਮਰਦ ਔਰਤਾਂ ਨੂੰ ਕੈਦੀ ਬਣਾ ਕੇ ਨਾਲ ਲਿਜਾਇਆ ਜਾ ਰਿਹਾ ਸੀ, ਉਹਨਾਂ ਵਿਚੋਂ ਬਹੁਤ ਸਾਰਿਆਂ ਨੂੰ ਮੁਕਤ ਕਰਵਾ ਲਿਆ ਗਿਆ।

25 ਮਈ 1739 ਨੂੰ ਨਾਦਰ ਸ਼ਾਹ ਚਨਾਬ ਦਰਿਆ ਦੇ ਪੂਰਬੀ ਕੰਢੇ ਉੱਤੇ ਸਥਿਤ ਅਖਨੂਰ ਪਹੁੰਚਿਆ। ਉੱਥੇ ਉਸਨੇ ਸਿੱਖਾਂ ਹੱਥੋਂ ਖਾਧੇ ਨੁਕਸਾਨ ਦਾ ਹਿਸਾਬ-ਕਿਤਾਬ ਲਾਇਆ ਤਾਂ ਜ਼ਕਰੀਆ ਖਾਂ ਨੂੰ, ਜਿਹੜਾ ਉਸਦੇ ਨਾਲ ਉਸਨੂੰ ਵਿਦਾਅ ਕਰਨ ਆਇਆ ਸੀ, ਪੁੱਛਿਆ,

"ਤੁਹਾਡੇ ਰਾਜ ਵਿਚ ਇਹ ਬਾਗ਼ੀ ਕੌਣ ਨੇ?"

"ਜਹਾਂਪਨਾਹ, ਇਹ ਹਿੰਦੂ ਫਕੀਰਾਂ ਦਾ ਇਕ ਫਿਰਕਾ ਏ। ਉਹ ਲੰਮੇਂ-ਲੰਮੇਂ ਵਾਲ ਰੱਖਦੇ ਨੇ ਤੇ ਨਾਨਕ ਨਾਂਅ ਦੇ ਇਕ ਪੀਰ ਨੂੰ ਗੁਰੂ ਮੰਨਦੇ ਨੇ।" ਭਿੱਜੀ ਬਿੱਲੀ ਬਣੇ ਜ਼ਕਰੀਆਂ ਨੇ ਉਤਰ ਦਿੱਤਾ।

"ਇਹਨਾਂ ਦੇ ਘਰ-ਬਾਰ ਕਿੱਥੇ ਨੇ? ਉਹਨਾਂ ਨੂੰ ਲੁੱਟ ਲਓ, ਤਬਾਹ ਕਰ ਛੱਡੋ।" ਨਾਦਰ ਸ਼ਾਹ ਦਾ ਮੱਥਾ ਵੱਟੋ-ਵੱਟ ਸੀ ਤੇ ਆਵਾਜ਼ ਵਿਚ ਕੁਸੈਲ।

ਜ਼ਕਰੀਆਂ ਖਾਂ ਨੇ ਇਕ ਨਜ਼ਰ ਨਾਦਰ ਸ਼ਾਹ ਵੱਲ ਦੇਖਿਆ। ਉਸਦੀ ਦਸਤਾਰ ਵਿਚ ਕੋਹੇਨੂਰ ਹੀਰਾ ਚਮਕ ਰਿਹਾ ਸੀ, ਜਿਸ ਨੂੰ ਦੇਖ ਕੇ ਨਮੋਸ਼ੀ ਮਹਿਸੂਸ ਹੁੰਦੀ ਸੀ ਤੇ ਹਾਰ ਦਾ ਜ਼ਖਮ ਟਸਕਦ ਲੱਗ ਪੈਂਦਾ ਸੀ।

"ਜਹਾਂਪਨਾਹ, ਇਹਨਾਂ ਦੇ ਘਰ ਇਹਨਾਂ ਦੇ ਘੋੜਿਆਂ ਦੀਆਂ ਕਾਠੀਆਂ 'ਤੇ ਈ ਨੇ। ਸਾਲ ਵਿਚ ਦੋ ਵਾਰੀ ਅੰਮ੍ਰਿਤਸਰ ਵਿਚ ਇਕੱਤਰ ਹੁੰਦੇ ਨੇ ਤੇ ਉੱਥੇ ਇਕ ਤਲਾਅ ਵਿਚ ਨਹਾਉਂਦੇ ਨੇ, ਜਿਸਨੂੰ ਉਹ ਮਕੱਦਸ (ਪਵਿੱਤਰ) ਮੰਨਦੇ ਨੇ।"

ਕੁਝ ਪਲ ਮੌਨ ਵਿਚ ਲੰਘੇ। ਨਾਦਰ ਨੇ ਬੜੇ ਗਹੁ ਨਾਲ ਇਧਰ-ਉਧਰ

ਦੇਖਿਆ, ਸੋਚਿਆ ਤੇ ਫੇਰ ਗੰਭੀਰ ਆਵਾਜ਼ ਵਿਚ ਕਿਹਾ,

"ਫੇਰ ਮੇਰੀ ਇਹ ਗੱਲ ਚੇਤੇ ਰੱਖਣਾ ਕਿ ਹਕੂਮਤ ਤੁਸੀਂ ਨਹੀਂ, ਉਹ ਲੋਕ ਕਰਨਗੇ।"

ਦਿੱਲੀ ਦੇ ਅੰਤਲੇ ਸਾਹਾਂ 'ਤੇ ਪਹੁੰਚੇ ਤੁਰਕ-ਅਫਗਾਨ ਰਾਜ ਦੀ ਕਬਰ ਤੈਮੂਰਲੰਗ ਨੇ ਪੁੱਟੀ ਸੀ ਤੇ ਮੁਗਲਾਂ ਦੇ ਸਹਿਕ ਰਹੇ ਰਾਜ ਦੀ ਕਬਰ ਨਾਦਰ ਸ਼ਾਹ ਨੇ ਪੁੱਟੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਸਮੇਂ ਦੀ ਹਕੂਮਤ ਦੇ ਬਾਗੀ ਸਨ,ਪਰ ਉਹਨਾਂ ਦਾ ਮਕਸਦ ਸੀ ਪੰਜਾਬ ਨੂੰ ਵਿਦੇਸ਼ੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣਾ। ਉਹ ਵੀ ਜਾਣਦੇ ਸਨ ਕਿ ਆਜ਼ਾਦੀ ਮੁਫ਼ਤ ਵਿਚ ਨਹੀਂ ਮਿਲਦੀ, ਇਸ ਲਈ ਕੁਰਬਾਨੀਆਂ ਦੇਣੀਆਂ ਪੈਂਦੀਆਂ ਨੇ। ਇਸ ਲਈ ਉਹਨਾਂ ਆਪਣੇ ਘਰ ਘੋੜਿਆਂ ਦੀਆਂ ਕਾਠੀਆਂ ਉਪਰ ਬਣਾ ਲਏ ਸਨ ਜਾਂ ਇੰਜ ਕਹਿ ਲਓ ਬਣਾਉਣੇ ਹੀ ਪੈਣੇ ਸਨ, ਕਿਉਂਕਿ ਮੁਗਲ ਸਰਕਾਰ ਉਹਨਾਂ ਦਾ ਨਾਂ-ਨਿਸ਼ਾਨ ਮਿਟਾਉਣ ਉੱਤੇ ਤੁਲੀ ਹੋਈ ਸੀ। **1716** ਵਿਚ ਬੰਦਾ ਬਹਾਦਰ ਦੀ ਸ਼ਹਾਦਤ ਪਿੱਛੋਂ ਦਿੱਲੀ ਦੇ ਬਾਦਸ਼ਾਹ ਫਰੁੱਖ਼ ਸੀਯਰ ਨੇ ਇਹ ਹੁਕਮ ਜਾਰੀ ਕੀਤਾ ਕਿ ਸਿੱਖ ਜਿੱਥੇ ਵੀ ਮਿਲੇ, ਉਸਨੂੰ ਤੁਰੰਤ ਗਿਰਫ਼ਤਾਰ ਕਰ ਲਓ। ਉਸ ਲਈ ਦੋ ਹੀ ਹੁਕਮ ਸਨ : ਜਾਂ ਤਾਂ ਉਹ ਮੁਸਲਮਾਨ ਬਣਨਾ ਸਵੀਕਾਰ ਕਰੇ ਜਾਂ ਫੇਰ ਉਸੇ ਸਮੇਂ ਬਿਨਾਂ ਕਿਸੇ ਪੁੱਛ-ਦੱਸ ਦੇ ਕਤਲ ਕਰ ਦਿੱਤਾ ਜਾਵੇ। ਹਰ ਸਿੱਖ ਦੇ ਸਿਰ ਦਾ ਮੁੱਲ ਮਿਥ ਦਿੱਤਾ ਗਿਆ।

ਦਲੇਰ ਜੰਗ ਅਬਦੁਲ ਸਮਦ ਖਾਂ ਬੰਦਾ ਬਹਾਦੁਰ ਨੂੰ ਗੁਰਦਾਸਪੁਰ ਤੋਂ ਗਿਰਫ਼ਤਾਰ ਕਰਕੇ ਦਿੱਲੀ ਲੈ ਆਇਆ ਸੀ। ਉਸਦੀ ਇਸ ਬਹਾਦਰੀ 'ਤੇ ਖੁਸ਼

ਹੋ ਕੇ ਉਸਨੂੰ ਪੰਜਾਬ ਦਾ ਸੂਬੇਦਾਰ ਬਣਾ ਦਿੱਤਾ ਗਿਆ ਸੀ। ਸਰਹੰਦ ਤੇ ਜੰਮੂ ਦੇ ਫੌਜਦਾਰ ਉਸਦੇ ਸਹਿਯੋਗੀ ਸਨ। ਤਿੰਨੇ ਜਗ੍ਹਾ ਇਹ ਐਲਾਨ ਕਰ ਦਿੱਤਾ ਗਿਆ ਸੀ ਕਿ ਸਿੱਖਾਂ ਦੀਆਂ ਗਤੀਵਿਧੀਆਂ ਬਾਰੇ ਖਬਰ ਦੇਣ ਵਾਲੇ ਨੂੰ 10 ਰੁਪਏ, ਫੜਾਉਣ ਵਾਲੇ ਨੂੰ 25 ਰੁਪਏ, ਗਿਰਫ਼ਤਾਰ ਕਰਕੇ ਥਾਨੇ ਪਹੁੰਚਾਉਣ ਵਾਲੇ ਨੂੰ 50 ਤੇ ਸਿਰ ਕੱਟ ਕੇ ਲਿਆਉਦ ਵਾਲੇ ਨੂੰ 100 ਰੁਪਏ ਦਿੱਤੇ ਜਾਣਗੇ। ਪਿੰਡਾਂ ਦੇ ਨੰਬਰਦਾਰਾਂ ਤੇ ਚੌਧਰੀਆਂ ਨੂੰ ਹਦਾਇਤ ਕਰ ਦਿੱਤੀ ਗਈ ਕਿ ਉਹ ਸਿੱਖਾਂ ਨੂੰ ਵੱਸਣ ਲਈ ਜਗ੍ਹਾ ਨਾ ਦੇਣ। ਜੇ ਉਹ ਆਪ ਗਿਰਫ਼ਤਾਰ ਨਾ ਕਰ ਸਕਣ ਤਾਂ ਸਰਕਾਰ ਨੂੰ ਸੂਚਨਾ ਦੇਣ। ਹਰ ਜਗ੍ਹਾ ਮੁਖਬਰ ਤੇ ਜਾਸੂਸ ਮੰਡਲਾਉਣ ਲੱਗੇ। ਸਿੱਖਾਂ ਲਈ ਕਿਤੇ ਵੀ ਸਿਰ ਛੁਪਾਉਣਾ ਮੁਸ਼ਕਲ ਹੋ ਗਿਆ। ਉਹਨਾਂ ਨੂੰ ਫੜ੍ਹ-ਫੜ੍ਹ ਕੇ ਕਤਲ ਕੀਤਾ ਜਾਣ ਲੱਗਿਆ। ਕੁਝ ਲੋਕ ਵਾਲ ਕਟਵਾ ਕੇ ਤੇ ਸਿੱਖ ਪੰਥ ਦੇ ਨਿਸ਼ਾਨਾਂ ਨੂੰ ਤਜ ਕੇ ਆਮ ਲੋਕਾਂ ਵਾਂਗ ਰਹਿਣ ਲੱਗ ਪਏ ਪਰ ਜਿਹੜੇ ਧਰਮ ਤੇ ਦੇਸ਼-ਸੇਵਾ ਲਈ ਪ੍ਰੀਤੀਬੱਧ ਸਨ ਤੇ ਕਿਸੇ ਹਾਲਤ ਵਿਚ ਹਥਿਆਰ ਸੁੱਟਣ ਲਈ ਤਿਆਰ ਨਹੀਂ ਸਨ, ਉਹ ਸ਼ਿਵਾਲਿਕ ਦੀਆਂ ਪਹਾੜੀਆਂ, ਲੱਖੀ ਦੇ ਸੰਘਣੇ ਜੰਗਲਾਂ ਤੇ ਬੀਕਾਨੇਰ ਦੇ ਰੇਤਲੇ ਟਿੱਬਿਆਂ ਵੱਲ ਨਿਕਲ ਗਏ। ਸਿੱਖਾਂ ਲਈ ਇਹ ਭਾਰੀ ਸੰਕਟ ਦਾ ਸਮਾਂ ਸੀ। ਸ਼ਾਹੀ ਹੁਕਮ ਦੀ ਮੁਨਿਆਦੀ ਹੁੰਦਿਆਂ ਹੀ ਸਾਰੇ ਸਰਕਾਰੀ ਕਰਮਚਾਰੀ, ਵੱਡੇ ਅਫਸਰਾਂ ਨੂੰ ਖੁਸ਼ ਕਰਨ ਲਈ; ਤੇ ਸਰਕਾਰ-ਪ੍ਰਸਤ ਤੇ ਮੌਕਾ-ਪ੍ਰਸਤ, ਇਨਾਮ ਦੇ ਲਾਲਚ ਵਿਚ ਹੱਥ ਧੋ ਕੇ ਸਿੱਖਾਂ ਦੇ ਪਿੱਛੇ ਪੈ ਗਏ। ਸਿੱਖਾਂ ਦੇ ਟੋਲੇ ਦੇ ਟੋਲੇ ਫੜ੍ਹ-ਫੜ੍ਹ ਕੇ ਲਾਹੌਰ ਭੇਜੇ ਜਾਣ ਲੱਗੇ, ਜਿੱਥੇ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ। ਜਿਹੜੇ ਸਿੱਖ ਜੰਗਲਾਂ ਤੇ ਪਹਾੜਾਂ ਵਿਚ ਜਾ ਛੁਪੇ ਸਨ, ਉੱਥੇ ਉਹਨਾਂ ਦੇ ਰੋਟੀ ਕਪੜੇ ਦਾ ਕੋਈ ਵਸੀਲਾ ਨਹੀਂ ਸੀ। ਇਸ ਦੇ ਇਲਾਵਾ ਇਕੱਲੇ-ਇਕੱਲੇ ਰਹਿਣ ਵਿਚ ਫੜ੍ਹੇ ਜਾਣ ਦਾ ਖਤਰਾ ਵੀ ਸੀ। ਇਸ ਲਈ ਰੋਟੀ ਕਪੜਾ ਪ੍ਰਾਪਤ ਕਰਨ ਤੇ ਦੁਸ਼ਮਣਾ ਤੋਂ ਆਪਣੀ ਰੱਖਿਆ ਕਰਨ ਲਈ ਉਹਨਾਂ ਜੱਥੇ ਬਣਾ ਲਏ। ਸ਼ੁਰੂ ਵਿਚ ਇਹ

ਜੱਥੇ ਛੋਟੇ–ਛੋਟੇ ਸਨ, ਪਰ ਜਿਵੇਂ–ਜਿਵੇਂ ਮੈਦਾਨਾਂ ਵਿਚੋਂ ਆ ਕੇ ਹੋਰ ਲੋਕ ਇਹਨਾਂ ਨਾਲ ਰਲਦੇ ਰਹੇ, ਜੱਥੇ ਵੱਡੇ ਹੁੰਦੇ ਗਏ। ਇਹਨਾਂ ਜੱਥਿਆਂ ਨੂੰ ਧਾੜਵੀ–ਜੱਥੇ ਕਿਹਾ ਜਾਂਦਾ ਸੀ। ਉਹ ਆਪਣੇ ਸੁਰੱਖਿਅਤ ਠਿਕਾਣਿਆਂ 'ਚੋਂ ਨਿਕਲ ਕੇ ਆਸੇ–ਪਾਸੇ ਦੇ ਪਿੰਡਾਂ ਵਿਚ 'ਛਾਪੇ' ਮਾਰਦੇ ਤੇ ਸਰਕਾਰੀ ਅਧਿਕਾਰੀਆਂ ਤੇ ਅਮੀਰਾਂ ਨੂੰ ਲੁੱਟ ਕੇ ਲੈ ਜਾਂਦੇ। ਜਿਹੜਾ ਵੀ ਉਹਨਾਂ ਦੇ ਵਿਰੁੱਧ ਸਰਕਾਰ ਦੀ ਮਦਦ ਕਰਦਾ ਜਾਂ ਜਾਸੂਸੀ, ਮੁਖਬਰੀ ਕਰਦਾ, ਉਹ ਉਸਦੇ ਖੇਤ ਉਜਾੜ ਦਿੰਦੇ ਤੇ ਉਸਦੇ ਪੂਰੇ ਪਰਿਵਾਰ ਦਾ ਸਫਾਇਆ ਕਰ ਦਿੰਦੇ। ਨਤੀਜਾ ਇਹ ਕਿ ਉਹਨਾਂ ਦਾ ਆਤੰਕ ਏਨਾ ਛਾ ਗਿਆ ਕਿ ਜੇ ਕਿਤੇ ਕੋਈ ਸਿੱਖ ਨਜ਼ਰ ਆ ਜਾਂਦਾ ਤਾਂ ਲੋਕ 'ਸ਼ੀਹ ਆਇਆ, ਸ਼ੀਹ ਆਇਆ' ਦਾ ਰੌਲਾ ਪਾਉਂਦੇ ਏਧਰ–ਉਧਰ ਭੱਜ ਖੜ੍ਹੇ ਹੁੰਦੇ।

ਅਬਦੁੱਲ ਸਮਦ ਕੋਲ ਜਿੰਨੀ ਫੌਜ ਸੀ, ਉਹ ਸਾਰੀ ਲਾਹੌਰ ਵਿਚ ਸੀ, ਬਾਕੀ ਸਿੱਖਾਂ ਨੂੰ ਫੜ੍ਹਨ ਲਈ ਦੌੜਾਈ ਜਾ ਰਹੀ ਸੀ ਪਰ ਸਿੱਖ ਉਸਦੇ ਹੱਥ ਨਹੀਂ ਸੀ ਆਉਂਦੇ। ਇਕ ਤਾਂ ਉਸ ਵੇਲੇ ਆਵਾਜਾਈ ਦੇ ਸਾਧਨ ਬੜੇ ਸੀਮਿਤ ਸਨ, ਦੂਜਾ ਸਿੱਖ ਗੁਰੀਲਿਆਂ ਦੀ ਨੀਤੀ ਇਹ ਸੀ ਕਿ ਜੇ ਅੱਜ ਉਹ ਇੱਥੇ ਧਾਵਾ ਬੋਲਦੇ ਹਨ, ਤਾਂ ਕੱਲ੍ਹ **25–30** ਕੋਹ ਦੇ ਫਾਸਲੇ ਉਪਰ ਕਿਸੇ ਹੋਰ ਜਗ੍ਹਾ ਜਾ ਕੇ ਧਾਵਾ ਬੋਲਦੇ ਸਨ। ਸਰਕਾਰ ਪ੍ਰੇਸ਼ਾਨ ਸੀ। ਉਸਦੇ ਕੋਰੇ–ਅਤੰਕ ਨੂੰ ਸਿੱਖਾਂ ਦੇ ਕਰਾਂਤੀਕਾਰੀ–ਆਤੰਕ ਨੇ ਮਾਤ ਪਾ ਦਿੱਤੀ ਸੀ।

ਸਿੱਖ ਖਤਮ ਹੋਣ ਦੇ ਬਜਾਏ ਵਧ ਰਹੇ ਸਨ, ਕਿਉਂਕਿ ਸਰਕਾਰੀ ਸਖਤੀ ਤੇ ਸਿੱਖਾਂ ਦੀ ਬਹਾਦਰੀ ਦੇਖ ਕੇ ਸਵੈਮਾਨ ਵਾਲੇ ਜਾਟ ਨੌਜਵਾਨ ਘਰ–ਬਾਰ ਛੱਡ ਕੇ ਉਹਨਾਂ ਨਾਲ ਜਾ ਰਲਦੇ ਸਨ। ਇਹ ਦੇਖ ਕੇ ਅਬਦੁੱਲ ਸਮਦ ਨੇ ਆਪਣੀ ਨੀਤੀ ਬਦਲੀ। ਉਸਦੀ ਸਖਤੀ ਸਿਰਫ ਉਹਨਾਂ ਦੇ ਖ਼ਿਲਾਫ਼ ਰਹਿ ਗਈ ਜਿਹੜੇ ਬੰਦਾ ਬਹਾਦਰ ਦੇ ਸਾਥੀ ਰਹਿ ਚੁੱਕੇ ਸਨ ਤੇ ਜੱਥੇਬੰਦ ਹੋ ਕੇ ਧਾਵੇ ਬੋਲਦੇ ਸਨ, ਇਹਨਾਂ ਨੂੰ ਰਾਠ–ਸਿੰਘ ਕਿਹਾ ਜਾਂਦਾ ਸੀ। ਜਿਹੜੇ ਸਿੱਖ ਪਿੰਡਾਂ ਵਿਚ ਖੇਤੀ,

ਵਪਾਰ ਜਾਂ ਦਸਤਕਾਰੀ ਕਰਦੇ ਸਨ, ਭਾਵੇਂ ਉਹ ਸਰਕਾਰ ਵਿਰੁੱਧ ਪ੍ਰਤੱਖ ਰੂਪ ਵਿਚ ਕੁਝ ਵੀ ਨਹੀਂ ਸਨ ਕਰਦੇ, ਪਰ ਉਹਨਾਂ ਦੀ ਦਿਲੀ-ਹਮਦਰਦੀ ਉਹਨਾਂ ਰਾਠ-ਸਿੱਖਾਂ ਨਾਲ ਹੀ ਸੀ ਜਿਹੜੇ ਦੇਸ਼ ਤੇ ਧਰਮ ਦੀ ਰੱਖਿਆ ਖਾਤਰ ਸਰਕਾਰੀ ਜੁਲਮ ਤੇ ਭਾਂਤ-ਭਾਂਤ ਦੀਆਂ ਮੁਸੀਬਤਾਂ ਝੱਲ ਰਹੇ ਸਨ। ਉਹ ਉਹਨਾਂ ਨੂੰ ਚੁੱਪਚਾਪ ਰਸਦ-ਪਾਣੀ ਪਹੁੰਚਾ ਆਉਂਦੇ ਸਨ। ਇਹਨਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਂਦਾ ਸੀ। ਪਰ ਹੁਣ ਇਹਨਾਂ ਦੇ ਵਿਰੁੱਧ ਤੇ ਉਹ ਜਿਹੜੇ ਪਹਾੜਾਂ ਜੰਗਲਾਂ ਵਿਚੋਂ ਨਿਕਲ ਕੇ ਘਰਾਂ ਵਿਚ ਆ ਵੱਸੇ ਸਨ, ਕਾਰਵਾਈ ਬੰਦ ਕਰ ਦਿੱਤੀ ਗਈ ਸੀ।

ਇਸੇ ਦੌਰਾਨ ਫ਼ਰੁੱਖ ਸੀਯਰ ਦੀ ਹੱਤਿਆ ਪਿੱਛੋਂ ਜਿਹੜਾ ਗ੍ਰਹਿ-ਯੁੱਧ ਛਿੜਿਆ, ਉਹ ਕਈ ਸਾਲ ਤਕ ਚੱਲਦਾ ਰਿਹਾ। ਦਿੱਲੀ ਸਰਕਾਰ ਨੂੰ ਗ੍ਰਹਿ-ਯੁੱਧ ਵਿਚ ਉਲਝਿਆਂ ਦੇਖ ਕੇ ਮੰਝ-ਤਿਹਾੜ ਦੇ ਈਸਾ ਖਾਂ, ਕਸੂਰ ਦੇ ਹੁਸੈਨ ਖਾਂ ਖੇਰੂਗੀ ਤੇ ਕਸ਼ਮੀਰ ਦੇ ਸਰਫੁੱਦੀਨ ਨੇ ਬਗਾਵਤ ਕਰ ਦਿੱਤੀ। ਇਹਨਾਂ ਬਗਾਵਤਾਂ ਨੂੰ ਦਬਾਉਣ ਦੀ ਜ਼ਿੰਮੇਵਾਰੀ ਅਬਦੁੱਲ ਸਮਦ 'ਤੇ ਆ ਪਈ। ਹੁਣ ਉਸਨੇ ਸਿੱਖਾਂ ਦੇ ਵਿਰੁੱਧ ਆਪਣੀ ਨੀਤੀ ਇੱਥੋਂ ਤਕ ਨਰਮ ਕਰ ਦਿੱਤੀ ਕਿ ਉਹਨਾਂ ਨੂੰ ਸਰਕਾਰੀ ਅਹੁਦਿਆਂ ਉਪਰ ਰੱਖਣਾ ਸ਼ੁਰੂ ਕਰ ਦਿੱਤਾ। ਪਿੰਡਾਂ ਵਿਚ ਰਹਿਣ ਵਾਲੇ ਸਿੱਖ, ਜਿਹੜੇ ਚੋਰੀ-ਛਿੱਪੇ ਰਸਦ ਪਹੁੰਚਾਉਂਦੇ ਸਨ, ਉਹਨਾਂ ਤੋਂ ਨਿਗਰਾਨੀ ਹਟ ਗਈ ਤੇ ਜਿਹੜੇ ਸਿੱਖ ਅਹੁਦਿਆਂ ਉਪਰ ਰੱਖੇ ਸਨ ਉਹਨਾਂ ਰਾਹੀਂ ਸਰਕਾਰੀ ਕਾਰਵਾਈਆਂ ਦੀ ਖਬਰ ਮਿਲਣ ਲੱਗੀ, ਜਿਸ ਨਾਲ ਧਾੜਵੀ ਜੱਥੇ ਸਮੇਂ ਸਿਰ ਚੌਕਸ ਹੋ ਜਾਂਦੇ। ਪਿੰਡਾਂ ਵਿਚ ਵੱਸਣ ਵਾਲੇ ਸਿੱਖਾਂ ਨੂੰ 'ਗੁਰਸਿੱਖ' ਤੇ ਅਹੁਦਿਆਂ ਉਤੇ ਲੱਗਿਆਂ ਨੂੰ ਖਾਲਸਾਈ ਭਾਸ਼ਾ ਵਿਚ 'ਚਕਰੈਲ' ਆਖਿਆ ਜਾਣ ਲੱਗਿਆ। ਗੁਰਸਿੱਖਾਂ ਤੇ ਚਕਰੈਲਾਂ ਦੀ ਮਦਦ ਦਾ ਰਾਠ-ਸਿੱਖਾਂ ਨੂੰ ਕਾਫੀ ਲਾਭ ਹੋਇਆ।

ਅਬਦੁੱਲ ਸਮਦ ਜਦੋਂ ਕਸ਼ਮੀਰ ਦੀ ਬਗਾਵਤ ਨੂੰ ਦਬਾਉਣ ਵਿਚ ਉਲਝਿਆ

www.punjabilibrary.com

ਹੋਇਆ ਸੀ, ਉਦੋਂ ਹੀ ਪੱਛਮੀ ਪੰਜਾਬ ਵਿਚ ਮੁਲਤਾਨ ਦੇ ਇਲਾਕੇ ਵਿਚ ਹਫੜਾ –ਦਫੜੀ ਮੱਚ ਗਈ। ਇਸ ਹਫੜਾ–ਦਫੜੀ ਵਿਚ ਪਹਾੜੀ ਖੇਤਰ ਦੇ ਕਬਾਇਲੀਆਂ ਨੇ ਮਾਰ–ਧਾੜ ਸ਼ੁਰੂ ਕਰ ਦਿੱਤੀ। ਮਾਲਵੇ, ਸਿਰਸੇ ਤੇ ਦੁੱਲੇ ਦੀ ਵਾੜ ਵਿਚ ਭੱਟੀ, ਡੋਗਰ, ਸਿਆਲ, ਖਰਲ ਤੇ ਬਲੂਚਾਂ ਨੇ ਪਿੰਡਾਂ ਦੇ ਪਿੰਡ ਲੁੱਟ ਲਈ। ਇਹ ਸਾਰੇ ਉਤਪਾਤ ਸਿੱਖਾਂ ਦੇ ਨਾਂ ਪੈ ਜਾਂਦੇ ਸਨ। ਇਸ ਹਫੜਾ–ਦਫੜੀ ਨੂੰ ਰੋਕਣ ਲਈ ਅਬਦੁੱਲ ਸਮਦ ਤੋਂ ਕੁਝ ਵੀ ਨਾ ਕੀਤਾ ਜਾ ਸਕਿਆ, ਉਹ ਬੁੱਢਾ ਹੋ ਚੁੱਕਿਆ ਸੀ।

ਅਬਦੁੱਲ ਸਮਦ ਦੇ ਪੁੱਤਰ ਜ਼ਕਰੀਆ ਖਾਂ ਨੇ ਦਿੱਲੀ ਜਾ ਕੇ ਨਵੇਂ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਕਿਹਾ ਕਿ ਪੰਜਾਬ ਦਾ ਸੂਬੇਦਾਰ ਮੈਨੂੰ ਬਣਾਇਆ ਜਾਏ। ਮੈਂ ਬਹੁਤ ਜਲਦੀ ਅਮਨ ਬਹਾਲ ਕਰ ਦਿਆਂਗਾ। ਪ੍ਰਧਾਨ ਮੰਤਰੀ ਕਮਰੁੱਦੀਨ ਦੀ ਸਿਫਾਰਸ਼ ਉਪਰ, ਜਿਸ ਦਾ ਜ਼ਕਰੀਆ ਖਾਂ ਜੀਜਾ ਸੀ, ਇਹ ਗੱਲ ਮੰਨ ਲਈ ਗਈ। ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਜ਼ਕਰੀਆ ਖਾਂ ਨੂੰ ਲਾਹੌਰ ਦਾ ਤੇ ਅਬਦੁੱਲ ਸਮਦ ਨੂੰ ਮੁਲਤਾਨ ਦਾ ਸੂਬੇਦਾਰ ਬਣਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

ਜ਼ਕਰੀਆ ਖਾਂ ਨੇ ਲਾਹੌਰ ਦਾ ਸੂਬੇਦਾਰ ਬਣਦਿਆਂ ਹੀ 20,000 ਫੌਜੀ ਭਰਤੀ ਕੀਤੇ। ਉਹਨਾਂ ਵਿਚੋਂ ਦਸ ਹਜ਼ਾਰ ਲਾਹੌਰ ਵਿਚ ਰੱਖੇ। ਬਾਕੀ ਦੇ ਦਸ ਹਜ਼ਾਰ ਨੂੰ ਹਜ਼ਾਰ–ਹਜ਼ਾਰ ਦੇ ਦਸਤਿਆਂ ਵਿਚ ਵੰਡ ਦਿੱਤਾ। ਉਹਨਾਂ ਨੂੰ ਤੇਜ਼ ਚੱਲਣ ਵਾਲੇ ਘੋੜੇ–ਊਠ ਦੇ ਕੇ ਤੇ ਜੰਬੂਰਕ ਨਾਂ ਦੀਆਂ ਹਲਕੀਆਂ ਤੋਪਾਂ ਨਾਲ ਲੈਸ ਕਰ ਕੇ ਪੂਰੇ ਰਾਜ ਵਿਚ ਫੈਲਾ ਦਿੱਤਾ। ਇਹ 1721 ਦੀ ਗੱਲ ਹੈ। ਇਹਨਾਂ ਦਸਤਿਆਂ ਨੂੰ ਗਸ਼ਤੀ–ਫੌਜ ਕਿਹਾ ਜਾਂਦਾ ਸੀ। ਇਹਨਾਂ ਨੂੰ ਹੁਕਮ ਸੀ ਕਿ ਜਿੱਥੇ ਵੀ ਸਿੱਖ ਮਿਲਣ, ਉਹਨਾਂ ਨੂੰ ਫੜ੍ਹ ਕੇ ਲਾਹੌਰ ਭੇਜ ਦਿੱਤਾ ਜਾਵੇ।

ਜ਼ਕਰੀਆ ਖਾਂ ਸਿੱਖਾਂ ਨੂੰ ਮਿਟਾਉਣ ਉਪਰ ਤੁਲਿਆ ਹੋਇਆ ਸੀ। ਉਸ ਦੀ

ਗਸ਼ਤੀ-ਫੌਜ ਪਿੰਡ-ਪਿੰਡ ਗਸ਼ਤ ਕਰਨ ਲੱਗੀ। ਨੰਬਰਦਾਰਾਂ, ਚੌਧਰੀਆਂ ਤੇ ਮੁੱਕਦਮਾਂ ਨੂੰ ਫੇਰ ਸਤਰਕ ਕੀਤਾ ਗਿਆ ਤੇ ਸਿੱਖਾਂ ਨੂੰ ਗਿਰਫ਼ਤਾਰ ਕਰਵਾਉਣ ਤੇ ਮਰਵਾਉਣ ਲਈ ਫੇਰ ਲਾਲਚ ਦਿੱਤੇ ਗਏ। ਉਹਨਾਂ ਨਾਲ ਹਮਦਰਦੀ ਰੱਖਣ ਤੇ ਮਦਦ ਕਰਨ ਵਾਲਿਆਂ ਨੂੰ ਵੀ ਨਹੀਂ ਸੀ ਬਖ਼ਸ਼ਿਆ ਜਾਂਦਾ। ਸੈਂਕੜੇ ਸਿੱਖ ਫੜ੍ਹ ਕੇ ਆਏ ਦਿਨ ਲਾਹੌਰ ਲਿਆਏ ਜਾਂਦੇ ਸਨ ਤੇ ਉਹਨਾਂ ਨੂੰ ਖੁੱਲ੍ਹੇਆਮ ਲੋਕਾਂ ਦੇ ਸਾਹਮਣੇ, ਦਿੱਲੀ ਦਰਵਾਜ਼ੇ ਦੇ ਬਾਹਰ, ਨਖਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਜਾਂਦਾ ਸੀ, ਤਾਂ ਕਿ ਦੂਜਿਆਂ ਨੂੰ ਨਸੀਹਤ ਹੋਵੇ। ਨਖਾਸ ਚੌਕ ਨੂੰ 'ਘੋੜਾ ਮੰਡੀ' ਵੀ ਕਿਹਾ ਜਾਂਦਾ ਸੀ ਪਰ ਪਿੱਛੋਂ ਇਹਨਾਂ ਸ਼ਹੀਦੀਆਂ ਸਦਕਾ ਉਸ ਦਾ ਨਾਂ ਸ਼ਹੀਦ-ਗੰਜ ਪੈ ਗਿਆ।

ਰਾਠ-ਸਿੱਖਾਂ ਦਾ ਜੰਗਲਾਂ ਤੇ ਪਹਾੜੀਆਂ ਵਿਚ ਵੀ ਪਿੱਛਾ ਕੀਤਾ ਜਾਂਦਾ ਸੀ ਪਰ ਉਹ ਗਸ਼ਤੀ ਫੌਜ ਦੀ ਪਹੁੰਚ ਤੋਂ ਬਹੁਤ ਦੂਰ ਨਿਕਲ ਜਾਂਦੇ ਸਨ। ਉਹ ਬੀਕਾਨੇਰ ਦੇ ਰੇਤ ਦੇ ਟਿੱਬਿਆਂ ਵਿਚ ਰਹਿਣ ਦੇ ਆਦਿ ਵੀ ਸਨ, ਜਿੱਥੇ ਦੂਰ-ਦੂਰ ਤਕ ਪਾਣੀ ਨਹੀਂ ਮਿਲਦਾ ਸੀ। ਜੰਗਲੀ ਫਲ, ਸਾਗ ਸਬਜ਼ੀਆਂ ਤੇ ਸ਼ਿਕਾਰ, ਜੋ ਵੀ ਮਿਲਦਾ, ਉਸੇ ਉੱਤੇ ਗੁਜਾਰਾ ਕਰ ਲੈਂਦੇ ਸਨ। ਕੁਝ ਨਾ ਮਿਲਦਾ ਤਾਂ 'ਲੰਗਰ-ਮਸਤ' ਭਾਵ ਫਾਕੇ ਵਿਚ ਹੀ ਮਸਤੀ ਮਾਰਦੇ ਸਨ। ਉਹ ਮੁਸੀਬਤਾਂ ਵਿਚ ਮੁਸਕਰਾਉਣ ਤੇ ਮੌਤ ਨਾਲ ਮਖੌਲਾਂ ਕਰਨ ਵਾਲੇ ਅਜਿਹੇ ਖੁਸ਼ਮਿਜਾਜ਼ ਤੇ ਮਨਮੌਜੀ ਜੀਵ ਸਨ, ਜਿਹੜੇ ਕਿਸੇ ਵੀ ਹਾਲਤ ਵਿਚ ਢੇਰੀ ਨਹੀਂ ਸੀ ਢਾਉਂਦੇ। ਥੁੜਾਂ ਦੀ ਪੂਰਤੀ ਖਾਤਰ ਉਹਨਾਂ ਰਸਹੀਣ ਛੋਟੀਆਂ-ਛੋਟੀਆਂ ਵਸਤਾਂ ਦੇ ਵੱਡੇ-ਵੱਡੇ ਰਸਭਰੇ ਤੇ ਰੌਚਕ ਨਾਂ ਰੱਖ ਲਏ ਸਨ, ਉਹ ਖਾਲੀ ਪਰਾਤਾਂ ਤੇ ਬੁਝੇ ਹੋਏ ਚੁੱਲ੍ਹਿਆਂ ਨੂੰ 'ਲੰਗਰ-ਭਰਪੂਰ'; ਉਬਾਲੇ ਹੋਏ ਪੱਤਿਆਂ ਦੇ ਸਾਗ ਨੂੰ 'ਸਬਜ਼-ਪੁਲਾਅ'; ਭੁੱਜੇ ਹੋਏ ਦਾਣਿਆਂ ਨੂੰ 'ਖੁਸ਼ਕ-ਪੁਲਾਅ'; ਕਣਕ ਦੇ ਕੱਚੇ ਦਾਣਿਆਂ ਨੂੰ 'ਸੌਗੀ'; ਭੁੱਜੇ ਹੋਏ ਛੋਲਿਆਂ ਨੂੰ 'ਬਾਦਾਮ'; ਲੂਣ ਨੂੰ 'ਸਰਵ-ਰਸ'; ਗੁੜ ਨੂੰ 'ਸੂਬੇਦਾਰ'; ਕੜ੍ਹੀ ਨੂੰ 'ਅੰਮ੍ਰਿਤੀ'; ਕਟੀਰ ਦੇ ਫਲ ਨੂੰ 'ਅੰਗੂਰ'; ਬੇਰਾਂ ਨੂੰ 'ਸਿਓ'

ਗੰਢੇ ਨੂੰ 'ਰੂਪਾ–ਪ੍ਰਸ਼ਾਦ' ਤੇ ਬੈਂਗਣ ਨੂੰ 'ਰਾਮ ਬਟੇਰਾ' ਕਹਿੰਦੇ ਸਨ। ਇੰਜ ਉਹਨਾਂ ਸੈਂਕੜੇ ਚੀਜਾਂ ਦੇ ਆਪਣੇ ਵੱਖਰੇ ਨਾਂ ਰੱਖੇ ਹੋਏ ਸਨ। ਪਿਸ਼ਾਬ ਕਰਨ ਜਾਂਦੇ ਤਾਂ ਕਹਿੰਦੇ ਕਿ 'ਚੀਤਾ ਮਾਰਨ ਜਾ ਰਹੇ ਹਾਂ'। ਟੱਟੀ ਜਾਣਾ ਹੁੰਦਾ ਤਾਂ 'ਕਾਜੀ ਨੂੰ ਭੋਜਨ ਕਰਾਉਣ ਜਾ ਰਿਹਾਂ'। ਵਿਦੇਸ਼ੀ ਹਾਕਮਾਂ ਦੇ ਪ੍ਰਤੀ ਉਹਨਾਂ ਦੇ ਮਨ ਵਿਚ ਜੋ ਨਫ਼ਰਤ ਸੀ ਉਸਨੂੰ ਪ੍ਰਗਟ ਕਰਨ ਦਾ ਵੀ ਉਹਨਾਂ ਦਾ ਆਪਣਾ ਹੀ ਢੰਗ ਸੀ। ਰਾਤ ਨੂੰ ਉਹ ਖੁੱਲ੍ਹੇ ਅਸਮਾਨ ਹੇਠ ਪਏ ਹੇਕਾਂ ਲਾ ਲਾ ਗਾਉਂਦੇ...:

'ਨੀਂ ਮੁਗਲਾਂ ਦੀਏ ਮਾਏਂ ਸੁਣ।

ਆਏ ਤੇਰੇ ਜਵਾਈ ਹੁਣ।।

ਤੂੰ ਵੀ ਸੁਣ ਲੈ ਮੁਗਲ ਦੀ ਭੈਣੇ।

ਹੀਰੇ ਮੋਤੀ ਅਸਾਂ ਨੇ ਖੋਹ ਲੈਣੇ।।'

ਮੌਤ ਦਾ ਭੈ ਮਨਾਂ ਵਿਚੋਂ ਕੱਢ ਸੁੱਟਿਆ ਸੀ। ਪੰਜਾਬ ਦੇ ਇਹਨਾਂ ਯੋਧਿਆਂ ਨੇ ਇਹ ਫੈਸਲਾ ਕਰ ਲਿਆ ਸੀ ਕਿ ਜੇ ਮਰਨਾ ਹੀ ਹੈ ਤਾਂ ਮੁਫ਼ਤ ਵਿਚ ਕਿਉਂ ਮਰੀਏ, ਦੁਸ਼ਮਣ ਦੇ ਜਿੰਨੇ ਆਦਮੀ ਮਾਰੇ ਜਾ ਸਕਦੇ ਹਨ, ਉਹਨਾਂ ਨੂੰ ਮਾਰ ਕੇ ਹੀ ਮਰੀਏ। ਇਹ ਫੈਸਲਾ ਬੁਜ਼ਦਿਲਾਂ ਨੂੰ ਵੀ ਬਹਾਦਰ ਬਣਾ ਦਿੰਦਾ ਸੀ। ਉਹ ਦੁਸ਼ਮਣ ਦਾ ਸਾਹਮਣਾ ਕਰਨ ਸਮੇਂ ਸ਼ੇਰ ਵਾਂਗ ਗੱਜਦੇ ਤੇ ਉਸ ਉੱਤੇ ਚੀਤੇ ਵਾਂਗ ਝਪਟ ਪੈਂਦੇ। ਸੰਘਰਸ਼ ਦੀ ਕੁਠਾਲੀ ਵਿਚ ਤਪੇ ਖਾੜਕੂ ਯੋਧੇ ਸਨ ਉਹ। ਉਦੇਸ਼ ਉੱਚਾ ਸੀ ਤੇ ਵਿਚਾਰ ਪੂਰੀ ਤਰ੍ਹਾਂ ਨਿੱਖਰੇ ਹੋਏ।...ਉਹ ਦੁਸ਼ਮਣ ਲਈ ਜਿੰਨੇ ਖਤਰਨਾਕ ਸਨ, ਆਪੂ ਵਿਚ ਤੇ ਸੱਜਣਾਂ–ਪਿਆਰਿਆਂ ਲਈ ਓਨੇਂ ਹੀ ਸੱਜਣ–ਪੁਰਖ ਸਨ।

ਮਾਝੇ ਦੇ ਕਿਸਾਨਾਂ ਨੂੰ ਬਿਲਕੁਲ ਉਜਾੜ ਦਿੱਤਾ ਗਿਆ। ਉਹ ਤੰਗ ਆ ਕੇ ਧਾੜਵੀ ਜੱਥਿਆਂ ਨਾਲ ਆ ਮਿਲੇ। ਗਿਣਤੀ ਵਧੀ, ਸ਼ਕਤੀ ਵਧੀ ਤੇ ਹੌਂਸਲਾ ਵੀ ਵਧਿਆ। ਉਹ ਮੈਦਾਨਾਂ ਵਿਚ ਆ ਕੇ ਮੁਗਲ ਅਫਸਰਾਂ ਤੇ ਅਮੀਰਾਂ ਨੂੰ ਲੁੱਟ ਕੇ ਲੈ ਜਾਂਦੇ। ਜ਼ਕਰੀਆ ਖਾਂ ਨੇ ਤੋਪਾਂ ਨਾਲ ਲੈਸ ਜਿਹੜੀ ਫੌਜ ਤਿਆਰ ਕੀਤੀ ਸੀ, ਉਸ ਵਿਚ ਵੀ ਇਹਨਾਂ ਧਾੜਵੀ ਜੱਥਿਆਂ ਦੀ ਦਹਿਸ਼ਤ ਫੈਲ ਗਈ ਸੀ। ਦੋ ਤਿੰਨ ਜੱਥੇ ਇਕੱਠੇ ਰਲ ਕੇ ਇਸ ਗਸ਼ਤੀ ਫੌਜ ਉਪਰ ਅਚਾਨਕ ਹਮਲਾ ਕਰਦੇ। ਉਸਦੇ ਹਥਿਆਰ, ਘੋੜੇ ਤੇ ਰਸਦ ਵਗੈਰਾ ਖੋਹ ਕੇ ਲੈ ਜਾਂਦੇ। ਹੁਣ ਇਸ ਫੌਜ ਲਈ ਗਸ਼ਤ ਲਾਉਣਾ ਆਸਾਨ ਨਹੀਂ ਸੀ ਰਹਿ ਗਿਆ। ਬਾਗੀਆਂ ਨੂੰ ਫੜ੍ਹਨ ਦੀ ਬਜਾਏ, ਖ਼ੁਦ ਉਹਨਾਂ ਨੂੰ ਆਪਣੀ ਸੁਰੱਖਿਆ ਦੀ ਚਿੰਤਾ ਪੈ ਗਈ ਸੀ। ਸਿੱਖ ਗੁਰੀਲੇ ਪਤਾ ਨਹੀਂ ਕਦੋਂ ਤੇ ਕਿੱਧਰੋਂ ਹੱਲਾ ਬੋਲ ਦੇਣ। ਹਰ ਪਲ ਭੈ ਵਿਚ ਲੰਘਦਾ ਤੇ ਰਾਤ ਨੂੰ ਵੀ ਸੌਣਾ ਨਸੀਬ ਨਹੀਂ ਸੀ ਹੁੰਦਾ। ਇਕ ਵਾਰੀ ਧਾੜਵੀ ਜੱਥਿਆਂ ਨੇ ਤਰਨ ਤਾਰਨ ਲਾਗੇ ਉਹ ਸ਼ਾਹੀ ਖਜਾਨਾ ਲੁੱਟ ਲਿਆ, ਜਿਸ ਨੂੰ ਇਕ ਹਜ਼ਾਰ ਸਿਪਾਹੀ ਲਾਹੌਰ ਤੋਂ ਦਿੱਲੀ ਲਿਜਾਅ ਰਹੇ ਸਨ।

ਹੌਲੀ–ਹੌਲੀ ਇਹਨਾਂ ਧਾੜਵੀ ਜੱਥਿਆਂ ਦੇ ਹੌਂਸਲੇ ਏਨੇ ਵਧ ਗਏ ਕਿ ਮੈਦਾਨਾਂ ਵਿਚ ਉਤਰ ਕੇ ਮੁਗਲ ਸੈਨਾ ਨਾਲ ਸਿੱਧੀ ਟੱਕਰ ਲੈਣ ਲੱਗ ਪਏ। ਬੰਦਾ ਬਹਾਦਰ ਦੇ ਜਮਾਨੇ ਵਿਚ ਹੀ ਸ਼ਕਤੀਸ਼ਾਲੀ ਦੁਸ਼ਮਣ ਨਾਲ ਲੜਨ ਦਾ ਉਹਨਾਂ ਇਕ ਨਵਾਂ ਤਰੀਕਾ ਇਜਾਦ ਕਰ ਲਿਆ ਸੀ, ਜਿਸ ਦਾ ਨਾਂ ਸੀ 'ਧਾਏ (ਢਾਈ) ਫਟ'।

ਉਹ ਜੰਗਲ ਵਿਚੋਂ ਅਚਾਨਕ ਨਿਕਲ ਆਉਂਦੇ। ਮੁਗਲ ਸੈਨਾ ਉਤੇ ਬਾਜ ਵਾਂਗ ਝਪਟਦੇ ਤੇ ਲੁੱਟ ਮਾਰ ਕਰਕੇ ਜਿੰਨੀ ਫੁਰਤੀ ਨਾਲ ਆਉਂਦੇ, ਓਨੀਂ ਫੁਰਤੀ ਨਾਲ ਹੀ ਨੱਸ ਜਾਂਦੇ। ਦੁਸ਼ਮਣ ਪਿੱਛਾ ਕਰਦਾ ਤਾਂ ਪਲਟ ਕੇ ਫੇਰ ਹਮਲਾ ਕਰਦੇ ਤੇ ਫੇਰ ਨੱਸ ਪੈਂਦੇ। ਉਹਨਾਂ ਦੇ ਘੋੜੇ ਵੀ ਪੂਰੇ ਸਧੇ ਹੋਏ ਸਨ। ਉਹਨਾਂ ਨੂੰ ਅੱਡੀ ਲਾਉਣ ਜਾਂ ਲਗਾਮ ਖਿੱਚਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਵਾਜ਼ੀ–ਇਸ਼ਾਰਿਆਂ

ਨਾਲ ਹੀ ਭੱਜ ਪੈਂਦੇ, ਪਲਟਦੇ ਤੇ ਫੇਰ ਪਰਤ ਜਾਂਦੇ ਸਨ।

ਸ਼ਹਿਰਾਂ ਤੇ ਕਸਬਿਆਂ ਵਿਚ ਮੁਗਲਾਂ ਦਾ ਰਾਜ ਸੀ ਪਰ ਜੰਗਲ ਵਿਚ ਸਿੱਖਾਂ ਦਾ ਰਾਜ ਸੀ, ਜਿੱਥੇ ਉਹ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰਦੇ ਤੇ ਸਿਰ ਚੁੱਕ ਕੇ ਤੁਰਦੇ। ਗਸ਼ਤੀ–ਫ਼ੌਜ ਦੇ ਸਿਪਾਹੀ ਉਹਨਾਂ ਦਾ ਪਿੱਛਾ ਕਰਨ ਦੇ ਬਜਾਏ ਆਮ ਲੋਕਾਂ ਨੂੰ ਲੁੱਟਦੇ ਤੇ ਤੰਗ ਕਰਦੇ ਸਨ। ਸਰਕਾਰ ਕੋਲ ਉਹਨਾਂ ਨੂੰ ਤਨਖਾਹ ਦੇਣ ਲਈ ਪੈਸੇ ਨਹੀਂ ਸੀ। ਇਸ ਲਈ ਬਗਾਵਤ, ਅਸੰਤੋਖ ਤੇ ਰੋਸ ਦੀ ਅਜਿਹੀ ਹਨੇਰੀ ਉਠੀ ਕਿ ਚਾਰੇ ਪਾਸੇ ਹਫੜਾ–ਦਫੜੀ ਮੱਚ ਗਈ। ਜ਼ਕਰੀਆ ਖਾਂ ਦੀ ਦਮਨ ਨੀਤੀ ਅਸਫਲ ਹੋ ਗਈ। ਉਸ ਲਈ ਰਾਜ–ਭਾਗ ਚਲਾਉਣਾ ਅਸੰਭਵ ਹੋ ਗਿਆ। ਖਜਾਨਾ ਖਾਲੀ ਸੀ। ਸੈਨਾ ਨੂੰ ਤਨਖਾਹ ਦਿੱਤੀ ਜਾਏ ਤਾਂ ਕਿਵੇਂ ਦਿੱਤੀ ਜਾਏ? ਲਗਾਨ ਕਿਸ ਤੋਂ ਉਗਰਾਇਆ ਜਾਏ? ਖੇਤੀ, ਵਪਾਰ ਸਭ ਚੌਪਟ ਹੋ ਚੁੱਕਿਆ ਸੀ। ਜਿਹੜਾ ਮਾਮਲਾ ਉਗਰਾਹ ਕੇ ਦਿੱਲੀ ਭੇਜਿਆ ਜਾਂਦਾ ਸੀ, ਉਹ ਵੀ ਜਾਣਾ ਬੰਦ ਹੋ ਗਿਆ ਸੀ।

ਸਿੱਖਾਂ ਨੂੰ ਖਤਮ ਕਰਨ ਦਾ ਸੁਪਨਾ ਚੂਰ–ਚੂਰ ਹੋ ਗਿਆ। ਉਹਨਾਂ ਦੀ ਗਿਣਤੀ ਹੁਣ ਉਸ ਗਿਣਤੀ ਨਾਲੋਂ ਦੁੱਗਣੀ ਹੋ ਚੁੱਕੀ ਸੀ, ਜਿਹੜੀ ਬੰਦਾ ਬਹਾਦਰ ਦੇ ਪੰਜਾਬ ਆਉਣ ਵੇਲੇ ਸੀ।

**000**

ਜ਼ਕਰੀਆ ਖਾਂ ਚੰਗਾ ਪ੍ਰਸ਼ਾਸਕ ਤੇ ਫਾਰਸੀ ਦਾ ਵਿਦਵਾਨ ਸੀ। ਉਸਨੇ ਸ਼ੇਖਸਾਦੀ ਦੀ 'ਗੁਲਿਸਤਾਂ–ਬੋਸਤਾਂ' ਦਾ ਅਧਿਅਨ ਵੀ ਕੀਤਾ ਹੋਇਆ ਸੀ ਤੇ ਉਸਦੇ ਕਠੋਰ ਹਿਰਦੇ ਵਿਚ ਇਕ ਕੋਮਲ ਸਥਾਨ ਵੀ ਸੀ। ਉਹ ਸੱਚਮੁੱਚ ਪੰਜਾਬ ਵਿਚ ਅਮਨ ਬਹਾਲ ਕਰਕੇ ਉਸਨੂੰ ਖੁਸ਼ਹਾਲ ਬਣਾਉਣਾ ਚਾਹੁੰਦਾ ਸੀ। ਹੁਣ ਸੱਤ ਸਾਲ ਦੇ ਖ਼ੂਨ–ਖਰਾਬੇ ਦਾ ਨਤੀਜਾ ਤਬਾਹੀ ਤੇ ਬਰਬਾਦੀ ਦੇਖ ਕੇ ਉਸਨੇ ਆਪਣੇ ਦੀਵਾਨ ਲਖਪਤ ਰਾਏ ਨਾਲ ਸਲਾਹ ਕਰਕੇ ਤੇ ਦਿੱਲੀ ਤੋਂ ਆਗਿਆ ਲੈ ਕੇ ਸਿੱਖਾਂ

www.punjabilibrary.com

ਵੱਲ ਸੁਲਾਹ ਦਾ ਹੱਥ ਵਧਾਇਆ।

ਜਦੋਂ ਉਹ 1936 ਦੀ ਵਿਸਾਖੀ ਸਮੇਂ ਅੰਮ੍ਰਿਤਸਰ ਵਿਚ ਇਕੱਠੇ ਹੋਏ ਤਾਂ ਚਕਰੈਲ ਸਿੱਖ ਭਾਈ ਸੁਬੇਗ ਸਿੰਘ ਦੀ ਅਗਵਾਈ ਹੇਠ ਉਸ ਦਾ ਇਕ ਪ੍ਰਤੀਨਿਧ ਮੰਡਲ ਉਹਨਾਂ ਕੋਲ ਪਹੁੰਚਿਆ ਤੇ ਇਹ ਪੇਸ਼ਕਸ਼ ਕੀਤੀ ਕਿ ਜੇ ਸਿੱਖ ਸ਼ਾਂਤੀ ਨਾਲ ਰਹਿਣਾ ਮੰਜ਼ੂਰ ਕਰ ਲੈਣ ਤਾਂ ਉਹਨਾਂ ਨੂੰ ਇਕ ਲੱਖ ਰੁਪਏ ਦੀ ਜਾਗੀਰ, ਨਵਾਬ ਦੀ ਪਦਵੀ ਤੇ ਖਿਲਅਤ ( ਰਾਜੇ ਜਾਂ ਬਾਦਸ਼ਾਹ ਵੱਲੋ ਸਨਮਾਨ ਵਜੋਂ ਦਿੱਤੀ ਗਈ ਪੁਸ਼ਾਕ- ਅਨੁ.) ਦਿੱਤੀ ਜਾਵੇਗੀ। ਸਿੱਖਾਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਤੁਣਕ ਕੇ ਬੋਲੇ, " ਉਹ ਕੌਣ ਹੁੰਦਾ ਏ ਸਾਨੂੰ ਜਾਗੀਰਾਂ ਦੇਣ ਵਾਲਾ, ਮੁਲਕ ਉਸਦਾ ਨਹੀਂ ਸਾਡਾ ਏ। ਸਾਨੂੰ ਨਹੀਂ ਚਾਹੀਦੀ ਉਸਦੀ ਦਿੱਤੀ ਹੋਈ ਨਵਾਬੀ, ਸਰਦਾਰੀ ਉਹ ਜੋ ਪੰਥ ਵੱਲੋਂ ਮਿਲੇ।"

ਸੁਬੇਗ ਸਿੰਘ ਸ਼ਾਂਤ ਸੁਭਾਅ ਦਾ ਮਿੱਤ-ਭਾਸ਼ੀ ਆਦਮੀ ਸੀ। ਬੋਲਿਆ, "ਸੁਲਾਹ ਵਿਚ ਪੰਥ ਦਾ ਫਾਇਦਾ ਏ। ਤੁਹਾਨੂੰ ਨਵਾਬ ਵਲੋਂ ਬੇਖਤਰਾ ਹੋ ਕੇ ਧਰਮ ਦਾ ਪ੍ਰਚਾਰ ਕਰਨ ਤੇ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲੇਗਾ।"

ਸੁਬੇਗ ਸਿੰਘ ਦੀ ਇਹ ਗੱਲ ਸਾਰਿਆਂ ਦੇ ਮਨ ਲੱਗੀ ਸੀ। ਜਾਗੀਰ ਲੈ ਲੈਣ ਦਾ ਮਤਾ ਪਾਸ ਹੋ ਗਿਆ। ਹੁਣ ਸਵਾਲ ਇਹ ਸੀ ਕਿ ਨਵਾਬ ਦੀ ਪਦਵੀ ਕਿਸ ਨੂੰ ਦਿੱਤੀ ਜਾਏ। ਕੋਈ ਵੀ ਪ੍ਰਮੁੱਖ ਸਰਦਾਰ ਇਸ ਲਈ ਤਿਆਰ ਨਹੀਂ ਸੀ। ਵਾਰੀ ਨਾਲ ਸਾਰਿਆਂ ਤੋਂ ਪੁੱਛਿਆ ਗਿਆ ਪਰ ਸਭ ਨੇ ਇਨਕਾਰ ਕਰ ਦਿੱਤਾ। ਕੁਝ ਬਜ਼ੁਰਗਾਂ ਨੇ ਰਾਏ ਦਿੱਤੀ ਕਿ ਪੰਥ ਦੇ ਸਭ ਤੋਂ ਪੁਰਾਣੇ ਨੇਤਾ ਸਰਦਾਰ ਦਰਬਾਰਾ ਸਿੰਘ ਨੂੰ ਇਹ ਪਦਵੀ ਦੇ ਦਿੱਤੀ ਜਾਏ। ਉਹਨਾਂ ਵੀ ਇਨਕਾਰ ਕਰ ਦਿੱਤਾ। ਨਵਾਬ ਦੀ ਪਦਵੀ ਤੇ ਖਿਲਅਤ ਉਹ ਫੁਟਬਾਲ ਬਣ ਗਈ ਸੀ, ਜਿਸ ਨੂੰ ਖੇਡ ਦੇ ਮੈਦਾਨ ਵਿਚ ਏਧਰੋਂ ਉਧਰ ਠੁਡਿਆਇਆ ਜਾ ਰਿਹਾ ਸੀ। ਦੀਵਾਨ ਸਜਿਆ ਹੋਇਆ ਸੀ ਤੇ ਗੁਰੂ ਗਰੰਥ ਸਾਹਿਬ ਦਾ ਪਾਠ ਹੋ ਰਿਹਾ ਸੀ। ਇਸੇ ਸਮੇਂ ਗਰੰਥੀ

ਨੇ ਗੁਰੂ ਅਰਜਨ ਦੇਵ ਦਾ ਇਕ ਵਾਕ ਉਚਾਰਣ ਕੀਤਾ, ਜਿਸ ਤੋਂ ਪ੍ਰੇਰਨਾ ਲੈ ਕੇ ਇਕ ਸਿੱਖ ਬੋਲਿਆ, “ਗੁਰੂ ਮਹਾਰਾਜ ਦਾ ਵਾਕ ਇਹ ਫਰਮਾਉਂਦਾ ਹੈ ਕਿ ਉੱਚੀ ਪਦਵੀ ਟਹਿਲ (ਸੇਵਾ) ਕਰਨ ਵਾਲੇ ਨੂੰ ਮਿਲਦੀ ਹੈ। ਗੁਰੂ ਦਾ ਹੁਕਮ ਮੰਨੋ। ਦੇਰ ਨਾ ਕਰੋ। ਸੇਵਾ ਕਰਨ ਵਾਲੇ ਸਿੰਘ ਨੂੰ ਇਹ ਪਦਵੀ ਦੇ ਦਿਓ।”

ਭਾਈ ਕਪੂਰ ਸਿੰਘ ਦੀਵਾਨ ਵਿਚ ਸੰਗਤ ਨੂੰ ਪੱਖਾਂ ਝੱਲ ਰਹੇ ਸਨ। ਪਿੱਛਲੇ ਦਿਨੀਂ ਰੋਪੜ ਵਿਚ ਗਸ਼ਤੀ ਫੌਜ ਨਾਲ ਹੋਈ ਟੱਕਰ ਵਿਚ ਉਹਨਾਂ ਦੇ ਮੱਥੇ 'ਤੇ ਸੱਟ ਲੱਗੀ ਸੀ, ਜਖ਼ਮ ਅਜੇ ਭਰਿਆ ਨਹੀਂ ਸੀ। ਇਸ ਦੇ ਬਾਵਜੂਦ ਉਹ ਬੜੀ ਤਤਪਰਤਾ ਨਾਲ ਇਧਰ–ਉਧਰ ਝੂਲ ਕੇ ਸੰਗਤ ਨੂੰ ਪੱਖਾਂ ਝੱਲ ਰਹੇ ਸਨ। ਉਸ ਸਿੰਘ ਨੇ ਸੁਝਾਅ ਦਿੱਤਾ ਕਿ ਨਵਾਬ ਦੀ ਪਦਵੀ ਤੇ ਖਿਲਅਤ ਭਾਈ ਕਪੂਰ ਸਿੰਘ ਨੂੰ ਦੇ ਦਿੱਤੀ ਜਾਏ।

ਦੀਵਾਨ ਵਿਚ ਇਕੱਤਰ ਸਰਬਤ ਖਾਲਸਾ ਨੂੰ ਇਹ ਸੁਝਾਅ ਬੜਾ ਚੰਗਾ ਲੱਗਿਆ ਤੇ ਉਹਨਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲ' ਦਾ ਜੈਕਾਰਾ ਛੱਡ ਕੇ ਆਪਣੀ ਸਹਿਮਤੀ ਦਾ ਐਲਾਨ ਕਰ ਦਿੱਤਾ। ਭਾਈ ਕਪੂਰ ਸਿੰਘ ਨੇ ਸੰਗਤ ਦੇ ਇਸ ਫੈਸਲੇ ਅੱਗੇ ਸਿਰ ਝੁਕਾਅ ਦਿੱਤਾ ਤੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੋਲੇ, “ਜੇ ਸਾਧ ਸੰਗਤ ਦੀ ਇਹੀ ਇੱਛਾ ਹੈ ਤਾਂ ਖਿਲਅਤ, ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾਅ ਕੇ ਪਵਿੱਤਰ ਕਰਨ ਪਿੱਛੋਂ, ਮੈਨੂੰ ਬਖ਼ਸ਼ੀ ਜਾਏ।” ਗੁਰੂ ਦੀ ਹਜੂਰੀ ਵਿਚ ਅਰਦਾਸ ਹੋਈ ਤੇ ਖਿਲਅਤ ਜਿਵੇਂ ਭਾਈ ਕਪੂਰ ਸਿੰਘ ਨੇ ਕਿਹਾ ਸੀ, ਓਵੇਂ ਹੀ ਉਸਨੂੰ ਬਖ਼ਸ਼ੀ ਗਈ। ਪਰਗਨਾ, ਚੂਹਨੀਆਂ, ਦਿਆਲਪੁਰ, ਕੰਗਨਵਾਲ ਤੇ ਝਬਾਲ ਆਦਿਕ ਬਾਰਾਂ ਪਿੰਡਾਂ ਦੀ ਜਮੀਨ ਗੁਰੂ ਚੱਕ ਸ੍ਰੀ ਅੰਮ੍ਰਿਤਸਰ ਦੇ ਨਾਂ ਕਰ ਦਿੱਤੀ ਗਈ ਤੇ ਖਾਲਸੇ ਨੂੰ ਖੁੱਲ੍ਹਾ ਘੁੰਮਣ–ਫਿਰਨ ਦੀਆਂ ਛੋਟਾਂ ਹੋ ਗਈਆਂ।

ਸਰਕਾਰ ਨਾਲ ਹੋਏ ਇਸ ਸਮਝੌਤੇ ਪਿੱਛੋਂ ਅਮਨ ਬਹਾਲ ਹੋਇਆ ਤਾਂ ਜੰਗਲਾਂ ਤੇ

ਪਹਾੜਾਂ ਵਿਚੋਂ ਨਿਕਲ ਕੇ ਕੁਝ ਸਿੱਖ ਅੰਮ੍ਰਿਤਸਰ ਵਿਚ ਸ਼੍ਰੀ ਹਰਿਮੰਦਰ ਸਾਹਿਬ ਦੇ ਆਸ-ਪਾਸ ਆ ਵੱਸੇ। ਹਜ਼ਾਰਾਂ ਆਦਮੀਆਂ ਤੇ ਉਹਨਾਂ ਦੇ ਘੋੜਿਆਂ ਲਈ ਰਸਦ ਤੇ ਰਿਹਾਇਸ਼ ਦਾ ਪ੍ਰਬੰਧ ਕਰਨਾ ਬੜਾ ਮੁਸ਼ਕਿਲ ਕੰਮ ਸੀ। ਨੌਜਵਾਨਾਂ ਨੂੰ ਬਜ਼ੁਰਗਾਂ ਪ੍ਰਤੀ ਇਹ ਰੋਸ ਸੀ ਕਿ ਚੰਗੀ ਰਸਦ ਤੇ ਚੰਗਾ-ਚੰਗਾ ਖਾਣ ਪੀਣ ਵਾਲਾ ਹੋਰ ਸਾਮਾਨ ਉਹ ਲੈ ਜਾਂਦੇ ਹਨ, ਉਹਨਾਂ ਤੇ ਉਹਨਾਂ ਦੇ ਘੋੜਿਆਂ ਨੂੰ ਬਚਿਆ-ਖੁਚਿਆ ਮਾਲ ਮਿਲਦਾ ਹੈ। ਨਾਲੇ ਨਵੀਂ ਤੇ ਪੁਰਾਣੀ ਪੀੜ੍ਹੀ ਦਾ ਫ਼ਰਕ ਵੀ ਸੀ, ਸੋ ਵਾਦ-ਵਿਵਾਦ ਤੇ ਤਣਾਅ ਪੈਦਾ ਹੋਣਾ ਸੁਭਾਵਕ ਵੀ ਸੀ। ਨਵਾਬ ਕਪੂਰ ਸਿੰਘ ਨੇ ਇਸ ਸਮੱਸਿਆ ਦਾ ਮਨੋਵਿਗਿਆਨਕ ਹੱਲ ਕੱਢਿਆ, ਸਾਰੇ ਜਣਿਆਂ ਨੂੰ ਬੁੱਢਾ-ਦਲ ਤੇ ਤਰੁਣਾ-ਦਲ ਵਿਚ ਵੰਡ ਦਿੱਤਾ। ਤਰੁਣਾ-ਦਲ ਨੂੰ ਅੱਗੇ ਪੰਜ ਭਾਗਾਂ ਵਿਚ ਵੰਡਿਆ। ਹਰ ਭਾਗ (ਟੋਲੇ) ਦਾ ਆਪਣਾ ਨੇਤਾ ਤੇ ਆਪਣਾ ਡੇਰਾ ਸੀ। ਇੰਜ ਬੁੱਢਾ ਦਾਲ ਨੂੰ ਵੀ ਪੰਜ ਭਾਗਾਂ ਵਿਚ ਵੰਡ ਦਿੱਤਾ ਗਿਆ। ਉਹਨਾਂ ਦਾ ਵੀ ਆਪਣਾ-ਆਪਣਾ ਨੇਤਾ ਤੇ ਆਪਣਾ-ਆਪਣਾ ਡੇਰ ਸੀ।

ਸਿੱਖਾਂ ਨੂੰ ਬੰਦਾ ਬਹਾਦੁਰ ਦੀ ਸ਼ਹਾਦਤ ਪਿੱਛੋਂ ਪਹਿਲੀ ਵਾਰੀ ਨਵਾਬ ਕਪੂਰ ਸਿੰਘ ਦੇ ਰੂਪ ਵਿਚ ਇਕ ਸੁਯੋਗ ਤੇ ਪ੍ਰਭਾਵਸ਼ਾਲੀ ਨੇਤਾ ਮਿਲਿਆ ਸੀ। ਉਹ ਇਕ ਕੁਸ਼ਲ ਸੰਗਠਨਕਰਤਾ ਤੇ ਸਮੱਸਿਆਵਾਂ ਨੂੰ ਸੁਲਝਾਉਣ ਵਾਲਾ ਬੁੱਧੀਜੀਵੀ ਸੀ। ਸੋ ਬੜੀ ਛੇਤੀ ਹਰਮਨ ਪਿਆਰਾ ਹੋ ਗਿਆ। ਸਾਰੇ ਉਸਦਾ ਆਦਰ ਕਰਦੇ ਸਨ। ਉਹ ਜਿੱਥੇ ਵੀ ਜਾਂਦਾ, ਉੱਥੇ ਹੀ ਉਸਦਾ ਸ਼ਾਨਦਾਰ ਤੇ ਨਿੱਘਾ ਸਵਾਗਤ ਕੀਤਾ ਜਾਂਦਾ ਤੇ ਨੌਜਵਾਨ ਉਸਦੇ ਹੱਥੋਂ ਅੰਮ੍ਰਿਤ ਛਕ ਕੇ ਸਿੱਖ ਧਰਮ ਦੇ ਸੇਵਾਦਾਰ ਬਨਣ ਵਿਚ ਮਾਣ ਮਹਿਸੂਸ ਕਰਦੇ। ਇਹਨਾਂ ਸੇਵਾਦਾਰਾਂ ਨੂੰ ਅਸਤਰ-ਸ਼ਸਤਰ ਚਲਾਉਣ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਸੰਗਤਾਂ ਦੀਆਂ ਜੁੱਤੀਆਂ ਸਾਫ ਕਰਨ, ਪੱਖਾ ਝੱਲਣ, ਲੰਗਰ ਦਾ ਪ੍ਰਬੰਧ ਕਰਨ, ਰਸਦ ਤੇ ਲੰਗਰ ਵਰਤਾਉਣ ਦਾ ਕੰਮ ਦੇ ਕੇ ਇਹ ਗੱਲ ਮਨਾਂ ਵਿਚ ਬਿਠਾਅ ਦਿੱਤੀ ਜਾਂਦੀ ਸੀ ਕਿ ਸੇਵਾ,

ਤਿਆਗ ਅਤੇ ਅਨੁਸ਼ਾਸਨ ਹੀ ਖਾਲਸੇ ਦੇ ਵਿਸ਼ੇਸ਼ ਗੁਣ ਹਨ ਤੇ ਇਹਨਾਂ ਗੁਣਾ ਨੂੰ ਧਾਰਨ ਕਰਕੇ ਹੀ ਮਨੁੱਖ ਛੋਟੇ ਤੋ ਵੱਡਾ ਬਣਦਾ ਹੈ।

ਇਕ ਵਾਰੀ ਨਵਾਬ ਕਪੂਰ ਸਿੰਘ ਸਰਦਾਰ ਬਾਘ ਸਿੰਘ ਦੇ ਘਰ ਉਹਨਾਂ ਨੂੰ ਮਿਲਣ ਜਲੰਧਰ ਗਏ। ਉਹ ਜਿਸ ਕਮਰੇ ਵਿਚ ਬੈਠੇ ਗੱਲਾਂ ਕਰ ਰਹੇ ਸਨ, ਉਸੇ ਵਿਚ ਬਾਘ ਸਿੰਘ ਦੀ ਵਿਧਵਾ ਭੈਣ 'ਆਸਾ ਦੀ ਵਾਰ' ਦਾ ਕੀਰਤਨ ਕਰ ਰਹੀ ਸੀ। ਉਸਦੀ ਆਵਾਜ਼ ਬੜੀ ਸੁਰੀਲੀ ਸੀ ਤੇ ਉਹ ਦੋ ਤਾਰਾ ਬੜਾ ਸੋਹਣਾ ਵਜਾ ਰਹੀ ਸੀ। ਉਸਦੇ ਵਾਲ ਖੁੱਲ੍ਹੇ ਹੋਏ ਸਨ ਤੇ ਉਹ ਕੀਰਤਨ ਕਰਨ ਵਿਚ ਏਨੀ ਮਗਨ ਹੋਈ ਹੋਈ ਸੀ ਕਿ ਉਸਨੂੰ ਆਪਣੀ ਤੇ ਆਪਣੇ ਆਸੇ-ਪਾਸੇ ਦੀ ਕੋਈ ਸੁੱਧ ਹੀ ਨਹੀਂ ਸੀ ਜਾਪਦੀ। ਉਸਦੇ ਲਾਗੇ ਹੀ ਉਸਦਾ ਸਤਾਰਾਂ-ਅਠਾਰਾਂ ਵਰ੍ਹਿਆਂ ਦਾ ਪੁੱਤਰ, ਖੰਭੇ ਉਪਰ, ਤਲਵਾਰ ਦੀ ਯੁੱਧ ਕਲਾ ਦਾ ਅਭਿਆਸ ਕਰ ਰਿਹਾ ਸੀ। ਜਿਵੇਂ ਮਾਂ ਕੀਰਤਨ ਵਿਚ ਮਗਨ ਸੀ, ਓਵੇਂ ਹੀ ਪੁੱਤਰ ਆਪਣੇ ਅਭਿਆਸ ਵਿਚ। ਆਸੇ-ਪਾਸੇ ਕੀ ਹੋ ਰਿਹਾ ਹੈ, ਇਸ ਦੀ ਉਸਨੂੰ ਵੀ ਸੁੱਧ ਨਹੀਂ ਸੀ। ਸਾਹਮਣੇ ਖੜ੍ਹੇ ਕਲਪਿਤ ਦੁਸ਼ਮਣ ਉਪਰ ਇਕਾਗਰ-ਚਿੱਤ ਹੋ ਕੇ ਨਿਸ਼ਾਨਾ ਸਿੰਨ੍ਹਣ ਤੇ ਵਾਰ ਕਰਨ ਦਾ ਉਸਦਾ ਅੰਦਾਜ਼ ਤੇ ਉਸਦੇ ਹਾਵ-ਭਾਵ ਸਿਰਫ ਦੇਖਣ ਯੋਗ ਸਨ, ਬਿਆਨ ਨਹੀਂ ਸਨ ਕੀਤੇ ਜਾ ਸਕਦੇ।

ਨਵਾਬ ਕਪੂਰ ਸਿੰਘ ਨੇ ਇਕੋ ਨਜ਼ਰ ਵਿਚ ਉਸ ਨੌਜਵਾਨ ਦੀ ਵਿਲੱਖਣ ਪ੍ਰਤਿਭਾ ਨੂੰ ਪਛਾਣ ਲਿਆ। ਉਹਨਾਂ ਬਾਘ ਸਿੰਘ ਦਾ ਧਿਆਨ ਉਸ ਵੱਲ ਦਿਵਾਉਂਦਿਆਂ ਕਿਹਾ, "ਤੁਹਾਡਾ ਭਾਣਜਾ ਜਿੰਨਾਂ ਸੋਹਣਾ ਏਂ, ਓਨਾਂ ਹੀ ਗੰਭੀਰ ਤੇ ਬੁੱਧੀਮਾਨ ਵੀ ਹੈ। ਇਸ ਦਾ ਮੁਖ-ਮੰਡਲ ਕਿਸੇ ਮਹਾਨ ਯੋਧੇ ਜਿਹਾ ਹੈ। ਮੇਰਾ ਖ਼ਿਆਲ ਐ ਕਿ ਦੇਸ਼ ਤੇ ਧਰਮ ਨੂੰ ਵਿਦੇਸ਼ੀਆਂ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਦਾ ਕਾਰਜ ਇਸ ਦੀ ਅਗਵਾਈ ਵਿਚ ਤੋੜ ਚੜ੍ਹੇਗਾ।"

ਜਦੋਂ ਇਹ ਭਵਿੱਖਬਾਣੀ ਹੋ ਰਹੀ ਸੀ, ਉਦੋਂ ਹੀ ਬਾਘ ਸਿੰਘ ਦੀ ਵਿਧਵਾ ਭੈਣ

ਕੀਰਤਨ ਸਮਾਪਤ ਕਰਕੇ ਉੱਠੀ। ਨਵਾਬ ਕਪੂਰ ਸਿੰਘ ਤੇ ਬਾਘ ਸਿੰਘ ਦੀਆਂ ਨਜ਼ਰਾਂ ਨਿਸ਼ਾਨਾ 'ਸਾਧ' ਰਹੇ ਉਸਦੇ ਪੁੱਤਰ ਉਪਰ ਟਿਕੀਆਂ ਹੋਈਆਂ ਸਨ, ਇਸ ਲਈ ਉਹ ਵੀ ਉਧਰ ਹੀ ਦੇਖਣ ਲੱਗੀ।

ਮੁੰਡੇ ਦਾ ਨਾਂ ਜੱਸਾ ਸਿੰਘ ਸੀ। ਉਹ ਸੁਡੌਲ ਜੁੱਸੇ ਤੇ ਲੰਮੇ-ਝੰਮੇ ਕੱਦ ਦਾ ਨੌਜਵਾਨ ਸੀ। ਮਾਂ ਦਾ ਇਕਲੌਤਾ ਪੁੱਤਰ ਸੀ ਤੇ ਬਾਘ ਸਿੰਘ ਦੀ ਆਪਣੀ ਕੋਈ ਸੰਤਾਨ ਨਹੀਂ ਸੀ, ਇਸ ਲਈ ਉਸ ਨੇ ਜੱਸਾ ਸਿੰਘ ਨੂੰ ਆਪਣਾ ਮੁਤਬੰਨਾ-ਪੁੱਤਰ ਬਣਾ ਲਿਆ ਸੀ। ਮਜੇ ਦੀ ਗੱਲ ਇਹ ਸੀ ਕਿ ਨਵਾਬ ਕਪੂਰ ਸਿੰਘ ਦੇ ਆਪਣੇ ਵੀ ਕੋਈ ਬੱਚਾ-ਬੱਚੀ ਨਹੀਂ ਸੀ। ਉਸਦੇ ਮਨ ਵਿਚ ਜੱਸਾ ਸਿੰਘ ਨੂੰ ਆਪਣਾ ਮੁਤਬੰਨਾ-ਪੁੱਤਰ ਬਣਾ ਲੈਣ ਦੀ ਇੱਛਾ ਪੈਦਾ ਹੋਈ। ਇਹ ਇੱਛਾ ਏਨੀ ਤੀਬਰ ਸੀ ਕਿ ਸਭ ਕੁਝ ਜਾਣਦਿਆਂ ਹੋਇਆਂ ਵੀ ਉਹ ਆਪਣੇ ਆਪ ਨੂੰ ਰੋਕ ਨਹੀਂ ਸਕੇ। ਵਿਧਵਾ ਮਾਂ ਵੱਲ ਦੇਖਦੇ ਹੋਏ ਬੋਲੇ,

"ਭੈਣਾ! ਮੈਂ ਇਕ ਅਜਿਹੀ ਗੱਲ ਸੋਚ ਰਿਹਾਂ, ਜਿਸ ਨੂੰ ਕਹਿਣਾ ਤੇਰੇ ਨਾਲ ਤੇ ਭਾਈ ਬਾਘ ਸਿੰਘ ਨਾਲ ਜ਼ਿਆਦਤੀ ਹੋਏਗੀ।...ਪਰ ਮੈਂ ਕਹੇ ਬਗੈਰ ਨਹੀਂ ਰਹਿ ਸਕਦਾ।"

"ਭਰਾ ਨਵਾਬ, ਤੁਸੀਂ ਆਪਣੀ ਗੱਲ ਬਿਨਾਂ ਸੰਕੋਚ ਕਹੋ। ਮੈਨੂੰ ਵਿਸ਼ਵਾਸ ਐ ਕਿ ਤੁਸੀਂ ਜੋ ਵੀ ਸੋਚਦੇ ਓ ਪੰਥ ਦੇ ਹਿੱਤ ਲਈ ਈ ਸੋਚਦੇ ਓ। ਤੁਹਾਤੋਂ ਕਿਸੇ ਨਾਲ ਜ਼ਿਆਦਤੀ ਹੋ ਈ ਨਹੀਂ ਸਕਦੀ।"

ਨੌਜਵਾਨ ਨੇ ਵੀ ਯੁੱਧ ਅਭਿਆਸ ਦਾ ਨਿੱਤ-ਕਰਮ ਪੂਰਾ ਕਰ ਲਿਆ ਸੀ ਤੇ ਉਹ ਵੀ ਸਤਿਕਾਰ ਵਜੋਂ ਝੁਕ ਕੇ ਨਵਾਬ ਦੇ ਕੋਲ ਆਣ ਖੜ੍ਹਾ ਹੋਇਆ ਸੀ।

ਨਵਾਬ ਕਪੂਰ ਸਿੰਘ ਨੇ ਉਸਦੇ ਚੌੜੇ ਮੱਥੇ ਉਪਰ ਹੱਥ ਰੱਖ ਕੇ, ਇਕ ਨਜ਼ਰ ਵਿਧਵਾ ਮਾਂ ਤੇ ਫੇਰ ਬਾਘ ਸਿੰਘ ਵੱਲ ਦੇਖਿਆ। ਕੁਝ ਪਲ ਮੌਨ ਵਿਚ ਬੀਤੇ।

ਸਾਰੇ ਚੁੱਪ ਸਨ। ਵਾਤਾਵਰਣ ਵਿਚ ਸੰਨਾਟਾ ਸੀ।

"ਭੈਣਾ, ਮੈਂ ਚਾਹੁੰਦਾ ਹਾਂ..." ਨਵਾਬ ਕਪੂਰ ਸਿੰਘ ਨੇ ਦ੍ਰਿੜ੍ਹ ਆਵਾਜ਼ ਵਿਚ ਗੱਲ ਸ਼ੁਰੂ ਕੀਤੀ, "...ਤੇਰੇ ਏਸ ਇਕੋ-ਇਕ ਪੁੱਤਰ ਨੂੰ ਆਪਣੇ ਨਾਲ ਲੈ ਜਾਵਾਂ। ਇਸਨੂੰ ਆਪਣਾ ਪੁੱਤਰ ਸਮਝ ਕੇ ਆਪਣੇ ਕੋਲ ਰੱਖਾਂ ਤੇ ਇਸਦੀ ਸਿਖਲਾਈ-ਪੜ੍ਹਾਈ ਦੀ ਜ਼ਿੰਮੇਵਾਰੀ ਆਪਣੇ ਉਪਰ ਲੈ ਲਵਾਂ। ਮੈਂ ਜਾਣਦਾਂ ਕਿ ਤੇਰਾ ਦਿਲ ਮਾਂ ਦਾ ਦਿਲ ਏ, ਕੀ ਤੂੰ ਇਹ ਤਿਆਗ ਕਰ ਸਕੇਂਗੀ?"

"ਭਰਾ ਨਵਾਬ, ਤੁਹਾਡੀ ਗੱਲ ਸੁਣ ਕੇ ਮੈਨੂੰ ਬੜੀ ਖੁਸ਼ੀ ਹੋਈ ਏ, ਅੰਤਾਂ ਦੀ ਖੁਸ਼ੀ।" ਮਾਂ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ। ਉਸਨੇ ਆਪਣਾ ਸੱਜਾ ਹੱਥ ਪੁੱਤਰ ਦੇ ਮੋਢੇ ਉੱਤੇ ਰੱਖਿਆ, ਜਿਵੇਂ ਸੰਭਲਣ ਲਈ ਸਹਾਰਾ ਲੈ ਰਹੀ ਹੋਏ। ਫੇਰ ਉਹ ਬੋਲੀ, "ਮੇਰਾ ਬੱਚਾ ਤੁਹਾਡਾ ਬੱਚਾ ਏ, ਪੰਥ ਦਾ ਬੱਚਾ ਏ। ਉਹ ਤੁਹਾਡੇ ਹੱਥੀਂ ਪ੍ਰਵਾਨ ਚੜ੍ਹੇ ਇਸ ਤੋਂ ਚੰਗੀ ਹੋਰ ਕਿਹੜੀ ਗੱਲ ਹੋ ਸਕਦੀ ਐ।"

ਕਪੂਰ ਸਿੰਘ ਨੌਜਵਾਨ ਜੱਸਾ ਸਿੰਘ ਨੂੰ ਆਪਣੇ ਨਾਲ ਲੈ ਆਏ। ਉਸਨੂੰ ਅਸਤਰ-ਸ਼ਸਤਰ ਤੇ ਘੋੜ ਸਵਾਰੀ ਦੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਤੇ ਨਾਲ ਹੀ ਪੰਥਕ ਪ੍ਰੰਪਰਾ ਅਨੁਸਾਰ ਨਿੱਕੇ ਵੱਡੇ ਕੰਮ ਸੌਂਪ ਕੇ ਉਸਦੇ ਮਨ ਵਿਚ ਸੇਵਾ ਭਾਵ ਵਿਕਸਤ ਕੀਤਾ।

**000**

ਸੌਣ ਮਹੀਨੇ ਦੀ ਘੁੱਪ ਹਨੇਰੀ ਰਾਤ ਸੀ। ਮੀਂਹ ਵਰ੍ਹ ਰਿਹਾ ਸੀ। ਨਵਾਬ ਕਪੂਰ ਸਿੰਘ ਨੇ ਕੈਂਪ ਵਿਚੋਂ ਕਈ ਵਾਰੀ ਪੁੱਛਿਆ, "ਪਹਿਰੇ 'ਤੇ ਕੌਣ ਏਂ?" ਹਰ ਵਾਰੀ ਉਤਰ ਮਿਲਿਆ, "ਜੱਸਾ ਸਿੰਘ ਜੀ।" ਕਪੂਰ ਸਿੰਘ ਉਸ ਦੀ ਫਰਜ਼ ਪ੍ਰਤੀ ਪ੍ਰਤੀਬੱਧਤਾ ਨੂੰ ਦੇਖ ਕੇ ਬੜੇ ਖੁਸ਼ ਹੋਏ।

ਇਸ ਪਿੱਛੋਂ ਜੱਸਾ ਸਿੰਘ ਦੇ ਜ਼ਿੰਮੇਂ ਘੋੜਿਆਂ ਦਾ ਰਾਤਬ (ਪਸ਼ੂਆਂ ਦੀ ਹਰ ਰੋਜ਼ ਦੀ

ਖੁਰਾਕ–ਅਨੁ.) ਵੰਡਣ ਦਾ ਕੰਮ ਲਾ ਦਿੱਤਾ ਗਿਆ। ਇਹ ਕੰਮ ਦੇਖਣ ਵਿਚ ਮਾਮੂਲੀ ਸੀ ਪਰ ਬੜਾ ਹੀ ਮਹੱਤਵਪੂਰਨ ਸੀ। ਇਸ ਲਈ ਚੌਕਸੀ ਤੇ ਵਿਹਾਰਕ ਸਮਝਦਾਰੀ ਦੀ ਬੜੀ ਲੋੜ ਸੀ। ਜੱਸਾ ਸਿੰਘ ਦੇ ਪਿਤਾ ਦਿਆਲ ਸਿੰਘ ਉਹਦੇ ਬਚਪਨ ਵਿਚ ਹੀ ਚੱਲ ਵੱਸੇ ਸਨ। ਵਿਧਵਾ ਮਾਂ ਉਸਨੂੰ ਲੈ ਕੇ ਦਿੱਲੀ ਚਲੀ ਗਈ ਸੀ ਤੇ ਦਸ ਵਰ੍ਹੇ ਮਾਤਾ ਸੁੰਦਰੀ ਦੀ ਸੇਵਾ ਵਿਚ ਬਿਤਾਏ ਸਨ। ਪੁੱਤਰ ਦੀ ਪੜ੍ਹਾਈ ਲਿਖਾਈ ਉੱਥੇ ਹੀ ਹੋਈ ਸੀ। ਇਸ ਲਈ ਉਰਦੂ ਉਸ ਦੀ ਬੋਲੀ ਵਿਚ ਰਚ ਗਈ ਸੀ। ਸਿੱਖ ਸਵਾਰ ਜਦੋਂ ਰਾਤਬ ਲੈਣ ਆਉਂਦੇ ਤਾਂ ਉਸ ਨੂੰ 'ਹਮਕੋ–ਤੁਮਕੋ' ਕਹਿ ਕੇ ਚਿੜਾਉਂਦੇ ਸਨ। ਉਹਨਾਂ ਦੇ ਇੰਜ ਚਿੜਾਉਣ ਕਰਕੇ ਜੱਸਾ ਸਿੰਘ ਏਨਾ ਤੰਗ ਆ ਗਿਆ ਕਿ ਇਕ ਦਿਨ ਰੋਣ ਹਾਕਾ ਹੋ ਕੇ ਨਵਾਬ ਕਪੂਰ ਸਿੰਘ ਕੋਲ ਗਿਆ ਤੇ ਬੋਲਿਆ, “ਮਹਾਰਾਜ ਮੈਥੋਂ ਇਹਨਾਂ ਲੋਕਾਂ ਦੇ ਘੋੜਿਆਂ ਦੀ ਦਾਨਾ ਵੰਡ ਨਹੀਂ ਹੁੰਦੀ। ਤੁਸੀਂ ਇਹ ਕੰਮ ਕਿਸੇ ਹੋਰ ਨੂੰ ਦੇ ਦਿਓ।”

ਨਵਾਬ ਕਪੂਰ ਸਿੰਘ ਮੁਸਕਰਾਏ ਤੇ ਉਸਦੀ ਪਿੱਠ ਉਤੇ ਹੱਥ ਫੇਰਦੇ ਹੋਏ ਬੋਲੇ, “ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਵਿਚ ਸੇਵਾ ਨਾਲ ਈ ਮੇਵਾ ਮਿਲਦਾ ਏ। ਇਹ ਬੜੇ ਭਲੇ ਲੋਕ ਨੇ। ਇਹਨਾਂ ਮੈਨੂੰ ਪੱਖਾਂ ਝੱਲਣ ਵਾਲੇ ਸੇਵਾਦਾਰ ਨੂੰ ਚੁੱਕ ਕੇ ਨਵਾਬ ਬਣਾ ਦਿੱਤਾ ਏ, ਤੈਨੂੰ ਸ਼ਾਇਦ ਬਾਦਸ਼ਾਹ ਬਣਾ ਦੇਣ।”

ਜੱਸਾ ਸਿੰਘ ਸ਼ਾਂਤ ਹੋ ਗਿਆ। ਉਹ ਤਨ–ਮਨ ਨਾਲ ਪੰਥ ਦੀ ਸੇਵਾ ਕਰਦਾ ਰਿਹਾ। ਸਿੱਟਾ ਇਹ ਕਿ ਉਸਨੇ ਏਨਾ ਸਨੇਹ ਤੇ ਸਨਮਾਨ ਪ੍ਰਾਪਤ ਕੀਤਾ ਕਿ ਸਾਰੇ ਉਸਨੂੰ 'ਬਾਦਸ਼ਾਹ' ਕਹਿਣ ਲੱਗ ਪਏ ਤੇ ਮੰਨੇ–ਪ੍ਰਮੰਨੇ ਸਰਦਾਰਾਂ ਵਿਚ ਉਸਦਾ ਦਰਜਾ ਏਨਾ ਉਚਾ ਹੋ ਗਿਆ ਕਿ ਨਵਾਬ ਕਪੂਰ ਸਿੰਘ ਪਿੱਛੋਂ ਦੂਜਾ ਪਦ ਉਸੇ ਦਾ ਗਿਣਿਆਂ ਜਾਣ ਲੱਗਿਆ।

ਜੱਸਾ ਸਿੰਘ ਦਾ ਜਨਮ ਲਾਹੌਰ ਦੇ ਨੇੜੇ ਆਹਲੂਵਾਲ ਪਿੰਡ ਵਿਚ ਹੋਇਆ ਸੀ। ਉਸਦੇ ਪਿਤਾ ਸ਼ਰਾਬ ਦਾ ਧੰਦਾ ਕਰਦੇ ਸਨ। ਪੰਜਾਬ ਵਿਚ ਸ਼ਰਾਬ ਦਾ ਧੰਦਾ

ਕਰਨ ਵਾਲਿਆਂ ਨੂੰ 'ਕਲਾਲ' ਕਹਿੰਦੇ ਸਨ। ਇੰਜ ਉਹਨਾਂ ਦੀ ਇਕ ਵੱਖਰੀ ਕਲਾਲ ਜਾਤੀ ਬਣ ਗਈ ਸੀ। ਪਿੰਡ ਦੇ ਨਾਤੇ ਜੱਸਾ ਸਿੰਘ ਨੂੰ 'ਜੱਸਾ ਸਿੰਘ ਆਹਲੂਵਾਲੀਆ' ਤੇ ਪਿਓ ਦੇ ਪੇਸ਼ੇ ਦੇ ਨਾਤੇ 'ਜੱਸਾ ਸਿੰਘ ਕਲਾਲ' ਕਹਿੰਦੇ ਹਨ। ਪਿੱਛੋਂ ਉਹ ਜਿਸ ਮਿਸਲ ਦਾ ਆਗੂ ਬਣਿਆ, ਉਸਦਾ ਨਾਂ ਵੀ 'ਆਹਲੂਵਾਲੀਆ ਮਿਸਲ' ਪਿਆ। ਇਹੀ ਨਾਂ ਮਸ਼ਹੂਰ ਹੋ ਜਾਣ ਕਾਰਨ ਹੁਣ ਜਿੰਨੇ ਕਲਾਲ ਹਨ, ਉਹ ਆਪਣੇ ਆਪ ਨੂੰ ਆਹਲੂਵਾਲੀਆ ਲਿਖਦੇ ਹਨ।

ਦੋ ਢਾਈ ਸਾਲ ਅਮਨ ਰਿਹਾ। ਇਸ ਦੌਰਾਨ ਖਾਲਸਾ ਦਲਾਂ ਨੇ ਆਪਣੀ ਸ਼ਕਤੀ ਦਾ ਵਿਸਥਾਰ ਕੀਤਾ। ਉਹ ਪੂਰੇ ਪੰਜਾਬ ਵਿਚ ਫੈਲ ਗਏ। ਤਰੁਣਾ-ਦਲ ਦੇ ਘੋੜਿਆਂ ਦੇ ਖੁਰਾਂ ਦੀ ਟਾਪ ਜਮਨਾ ਪਾਰ ਦਿੱਲੀ ਦੇ ਲਾਲ ਕਿਲੇ ਵਿਚ ਸੁਣੀ ਜਾਣ ਲੱਗੀ। ਇਸ ਨਾਲ ਮੁਗਲ ਹੁਕਮਰਾਨ ਦੀ ਨੀਂਦ ਹਰਾਮ ਹੋ ਗਈ।

ਖਾਨ ਬਹਾਦਰ ਜ਼ਕਰੀਆ ਖਾਂ ਨੇ ਨਵਾਬ ਕਪੂਰ ਸਿੰਘ ਨੂੰ ਸੁਨੇਹਾ ਘੱਲਿਆ ਕਿ ਤੁਹਾਡੇ ਇਹ ਨੌਜਵਾਨ ਜੇ ਆਪਣਾ ਰਵੱਈਆ ਬਦਲ ਲੈਣ ਤਾਂ ਮੈਂ ਉਹਨਾਂ ਨੂੰ ਸ਼ਾਹੀ ਫੌਜ ਵਿਚ ਭਰਤੀ ਕਰਨ ਲਈ ਤਿਆਰ ਹਾਂ। ਉਸਦਾ ਇਹ ਸੁਝਾਅ ਰੱਦ ਕਰ ਦਿੱਤਾ ਗਿਆ। ਫੇਰ ਜ਼ਕਰੀਆ ਖਾਂ ਨੇ ਦੂਜਾ ਸੁਝਾਅ ਰੱਖਿਆ ਕਿ ਜੇ ਇਹ ਨੌਜਵਾਨ ਅਮਲ ਪਸੰਦ ਵਾਹੀਵਾਨ ਬਣ ਕੇ ਪਿੰਡਾਂ ਵਿਚ ਵੱਸਣਾ ਚਾਹੁੰਦੇ ਹਨ ਤਾਂ ਸਰਕਾਰ ਇਹਨਾਂ ਤੋਂ ਲਗਾਨ ਨਹੀਂ ਲਏਗੀ। ਇਹ ਸੁਝਾਅ ਵੀ ਰੱਦ ਕਰ ਦਿੱਤਾ ਗਿਆ। ਉਹਨਾਂ ਸਾਹਮਣੇ ਇਕੋ ਟੀਚਾ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਆਜ਼ਾਦ ਪੰਜਾਬ ਦਾ ਜੋ ਸੁਪਨਾ ਦੇਖਿਆ ਸੀ, ਉਸਨੂੰ ਸਾਕਾਰ ਕੀਤਾ ਜਾਏ। ਅੱਜ ਤੱਕ ਜਿੰਨੀਆਂ ਸ਼ਹੀਦੀਆਂ ਦਿੱਤੀਆਂ ਗਈਆਂ ਸਨ, ਉਹ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਹੀ ਦਿੱਤੀਆਂ ਗਈਆਂ ਸਨ, ਸੋ ਉਹ ਇਸ ਟੀਚੇ ਨੂੰ ਕਿੰਜ ਛੱਡ ਦਿੰਦੇ?

ਖਾਨ ਬਹਾਦਰ ਜ਼ਕਰੀਆ ਖਾਂ ਨੇ ਸੋਚਿਆ ਸੀ ਕਿ ਉਹ ਲਾਲਚ ਤੇ ਐਸ਼–ਆਰਾਮ ਵਿਚ ਪੈ ਕੇ ਸੰਘਰਸ਼ ਤੇ ਵਿਦਰੋਹ ਦਾ ਰਸਤਾ ਛੱਡ ਦੇਣਗੇ। ਉਸਦਾ ਇਹ ਭਰਮ ਟੁੱਟ ਗਿਆ। ਉਸਨੇ ਜਾਗੀਰ ਵਾਪਸ ਲੈ ਲਈ ਤੇ ਨਵਾਬ ਦਾ ਖਿਤਾਬ ਵੀ; ਪਰ ਇਸ ਨਾਲ ਕੀ ਹੋਣਾ ਸੀ, ਨਵਾਬ ਕਪੂਰ ਸਿੰਘ ਤਾਂ ਫੇਰ ਵੀ ਨਵਾਬ ਬਣੇ ਰਹੇ। ਸਿੱਖਾਂ ਦੇ ਦਿਲਾਂ ਦੇ ਨਵਾਬ, ਪੂਰੇ ਪੰਥ ਦੇ ਨਵਾਬ।

ਜ਼ਕਰੀਆ ਖਾਂ ਨੇ ਫੇਰ ਆਪਣੀਆਂ ਤੋਪਾਂ ਊਠਾਂ ਉੱਤੇ ਲਦਵਾ ਦਿੱਤੀਆਂ। ਗਸ਼ਤੀ –ਫੌਜ ਪਿੰਡ–ਪਿੰਡ ਘੁੰਮਣ ਲੱਗੀ। ਸਿੱਖਾਂ ਨੇ ਵੀ ਆਪਣੀਆਂ ਕਿਰਪਾਨਾ 'ਸਾਣ' 'ਤੇ ਲਾ ਲਈਆਂ ਤੇ ਵਾਤਾਵਰਣ "ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫ਼ਤਿਹ" ਦੇ ਨਾਅਰਿਆਂ, ਜੈਕਾਰਿਆਂ ਨਾਲ ਗੂੰਜ ਉਠਿਆ। ਉਹ ਫੇਰ ਪਹਾੜਾਂ ਤੇ ਜੰਗਲਾਂ ਵੱਲ ਨਿਕਲ ਗਏ। ਰਾਹ ਵਿਚ ਪੈਂਦੇ ਸ਼ਹਿਰਾਂ ਤੇ ਕਸਬਿਆਂ ਵਿਚ ਛਾਪੇ ਮਾਰਦੇ ਰਹੇ। ਧਨ, ਹਥਿਆਰ ਤੇ ਘੋੜੇ ਲੁੱਟ ਕੇ ਲੈ ਗਏ। ਉਹ ਬਿਲਾਸਪੁਰ, ਨਾਲਾਗੜ੍ਹ ਤੇ ਸਰਮੂਰ ਦੀਆਂ ਪਹਾੜੀਆਂ ਤੇ ਲੱਖੀ ਜੰਗਲ ਵਿਚ ਜਾ ਛੁਪੇ। ਕੁਝ ਬਠਿੰਡੇ ਤੇ ਮੁਕਤਸਰ ਦੇ ਰੇਤਲੇ ਟਿੱਬਿਆਂ ਵਿਚਕਾਰ ਚਕਰਾਉਣ ਲੱਗੇ।

ਬੁੱਢਾ–ਦਲ ਮਾਝੇ ਵੱਲੋਂ ਨੱਸ ਕੇ ਮਾਲਵੇ ਵਿਚ ਚਲਾ ਗਿਆ। ਇੱਥੇ ਦੇ ਕਾਫੀ ਖਿੱਤੇ ਉਪਰ ਆਲਾ ਦਾ ਰਾਜ ਸੀ। ਉਸਦੀ ਰਾਜਧਾਨੀ ਵਿਚ ਬੁੱਢਾ–ਦਲ ਦਾ ਨਿੱਘਾ ਸਵਾਗਤ ਕੀਤਾ ਗਿਆ। ਇੰਜ ਉਸਦੀ ਆਪਣੀ ਸ਼ਕਤੀ ਵੀ ਵਧੀ ਤੇ ਉਸਨੇ ਸੁਨਾਮ ਤੱਕ ਆਪਣੇ ਰਾਜ ਦਾ ਵਿਸਥਾਰ ਕੀਤਾ। ਅੰਮ੍ਰਿਤਸਰ ਪਹੁੰਚ ਕੇ ਦਿਵਾਲੀ ਮਨਾਉਣ ਲਈ ਬੁੱਢਾ–ਦਲ ਫੇਰ ਮਾਝੇ ਵੱਲ ਤੁਰ ਪਿਆ। ਸਫਰ ਖਰਚ ਲਈ ਉਹਨਾਂ ਕੋਲ ਖਾਸੀ ਰਕਮ ਸੀ। ਜਦੋਂ ਉਹ ਗੋਬਿੰਦਵਾਲ ਤੇ ਤਰਨ ਤਾਰਨ ਲੰਘ ਕੇ ਅੰਮ੍ਰਿਤਸਰ ਤੋਂ ਥੋੜ੍ਹਾ ਕੁ ਦੂਰ ਬਾਸਰਕੇ ਵਿਖੇ ਰੁਕੇ ਹੋਏ ਸਨ, ਦੀਵਾਨ ਲਖਪਤ ਰਾਏ ਨੇ 7,000 ਸੈਨਿਕਾਂ ਨਾਲ ਉਹਨਾਂ ਉਪਰ ਹਮਲਾ ਕਰ ਦਿੱਤਾ ਤੇ ਉਹਨਾਂ ਨੂੰ ਚੂਨੀਆਂ ਵੱਲ ਭਜਾ ਦਿੱਤਾ। ਤਰੁਣਾ–ਦਲ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਬੁੱਢਾ ਦਲ ਦੀ ਸਹਾਇਤਾ ਲਈ ਆ

ਪਹੁੰਚਿਆ। ਇਹਨਾਂ ਦੋਹਾਂ ਦਲਾਂ ਨੇ ਸਾਂਝਾ ਹੱਲਾ ਬੋਲ ਕੇ ਮੁਗਲ ਸੈਨਾ ਦੇ ਛੱਕੇ ਛੁਡਾ ਦਿੱਤੇ। ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਤੇ ਜਮਾਲ ਖਾਂ ਤੇ ਤਤਾਰ ਖਾਂ ਨਾਂ ਦੇ ਦੋ ਫੌਜਦਾਰ ਵੀ ਖੇਤ ਰਹਿ ਗਏ। ਇਸ ਜਿੱਤ ਨੇ ਸਿੱਖਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਤੇ ਉਹਨਾਂ ਅੰਮ੍ਰਿਤਸਰ ਤਕ ਦੇ ਪੂਰੇ ਇਲਾਕੇ ਨੂੰ ਲੁੱਟ ਲਿਆ।

ਇਸ ਹਾਰ ਤੋਂ ਪਿੱਛੋਂ ਸਰਕਾਰ ਆਪਣੀ ਪੂਰੀ ਤਾਕਤ ਨਾਲ ਹਰਕਤ ਵਿਚ ਆ ਗਈ। ਮੁਗਲ ਸੈਨਾ ਨੇ ਹਰਿਮੰਦਰ ਸਾਹਬ ਉਪਰ ਕਬਜਾ ਕਰ ਲਿਆ ਤੇ ਅੰਮ੍ਰਿਤਸਰ ਪਹੁੰਚਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਗਸ਼ਤੀ ਫੌਜ ਦੇ ਨਾਲ ਮੁੱਕਦਮਾਂ ਤੇ ਨੰਬਰਦਾਰਾਂ ਨੂੰ ਵੀ ਹਦਾਇਤਾਂ ਕਰ ਦਿੱਤੀਆਂ ਗਈਆਂ ਕਿ ਸਿੱਖਾਂ ਨੂੰ ਫੜ੍ਹ-ਫੜ੍ਹ ਕੇ ਲਾਹੌਰ ਭੇਜਣ। ਸਿੱਖਾਂ ਨੂੰ ਪਨਾਹ ਦੇਣੀ ਜਾਂ ਕਿਸੇ ਕਿਸਮ ਦੀ ਮਦਦ ਦੇਣੀ ਅਪਰਾਧ ਐਲਾਨਿਆਂ ਗਿਆ ਤੇ ਸਿੱਖਾਂ ਦੇ ਸਿਰਾਂ ਲਈ ਇਨਾਮ ਦਿੱਤੇ ਜਾਣ ਲੱਗ ਪਏ। ਹਜ਼ਾਰਾਂ ਸਿੱਖ ਲਾਹੌਰ ਲਿਜਾਅ ਦੇ ਸ਼ਹੀਦ ਕੀਤੇ ਜਾਣ ਲੱਗੇ।

ਹਜ਼ਾਰਾਂ ਸਿੱਖ ਸ਼ਹੀਦ ਹੋ ਗਏ ਪਰ ਕਿਸੇ ਨੇ ਵੀ ਧਰਮ ਬਦਲਣਾ ਸਵਿਕਾਰ ਨਹੀਂ ਕੀਤਾ। ਕੋਈ ਵੀ ਰੋਇਆ ਜਾਂ ਗਿੜਗਿੜਾਇਆ ਨਹੀਂ, ਬਲਕਿ ਸਾਰਿਆਂ ਨੇ, "ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ" ਦੇ ਜੈਕਾਰੇ ਛੱਡਦਿਆਂ ਹੱਸ-ਹੱਸ ਕੇ ਮੌਤ ਨੂੰ ਗਲ਼ੇ ਲਾ ਲਿਆ। ਧਰਮ ਪਰਿਵਰਤਨ ਦਾ ਮਤਲਬ ਸੀ ਮਨੋਬਲ ਤੋੜਨਾ। ਸਿੰਘਾਂ ਨੇ ਸ਼ਹੀਦੀਆਂ ਦੇ ਕੇ ਕੌਮ ਦਾ ਮਨੋਬਲ ਕਾਇਮ ਰੱਖਿਆ।

ਜ਼ਕਰੀਆ ਖਾਂ ਦਾ ਜੁਲਮ ਉਹਨਾਂ ਦੇ ਇਸ ਵਿਸ਼ਵਾਸ ਨੂੰ ਡੋਲਾਉਣ ਤੋਂ ਅਸਮਰਥ ਰਿਹਾ ਕਿ ਉਹਨਾਂ ਦੀ ਸੰਸਾਰਕ ਸੰਪਤੀ, ਨਾਸ਼ਵਰ ਸਰੀਰ ਤੇ ਆਤਮਾਂ ਤਕ ਉਹਨਾਂ ਦੀ ਆਪਣੀ ਨਹੀਂ ਗੁਰੂ ਦੀ ਇਮਾਨਤ ਹੈ ਜਿਹਨਾਂ ਆਪਣਾ ਸਰਬੰਸ ਪੰਥ ਉਪਰੋਂ ਵਾਰ ਦਿੱਤਾ ਹੈ। ਇਸ ਲਈ ਪੰਥ ਖਾਤਰ ਕੀਤੀ ਹਰ ਕੁਰਬਾਨੀ ਸਦਕਾ ਗੁਰੂ ਦਾ ਅਸ਼ੀਰਵਾਦ ਪ੍ਰਾਪਤ ਹੁੰਦਾ ਹੈ ਅਤੇ ਮੋਕਸ਼ ਦਾ

ਦਰ ਖੁੱਲ੍ਹਦਾ ਹੈ।

'ਜੋ ਲੜੇ ਦੀਨ ਕੇ ਹੇਤ' ਯੁੱਧ–ਗੀਤ ਵਿਚ ਇਹੀ ਭਾਵਨਾ ਭਰੀ ਹੋਈ ਹੈ, ਜਿਸ ਨਾਲ ਆਤਕ–ਬਲ ਪ੍ਰਾਪਤ ਹੁੰਦਾ ਹੈ।

ਭਾਈ ਮਨੀ ਸਿੰਘ ਸਹਿਜ–ਸੁਭਾਅ ਦੇ ਹਰਮਨ–ਪਿਆਰੇ ਤੇ ਵਿਦਵਾਨ ਆਦਮੀ ਸਨ। ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਅੰਮ੍ਰਿਤ ਛਕ ਕੇ ਸਿੱਖ ਸਜਨ ਦਾ ਮਾਣ ਪ੍ਰਾਪਤ ਸੀ। ਉਹ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਨ। ਉਹਨਾਂ ਨੂੰ ਵੀ ਗਿਰਫ਼ਤਾਰ ਕਰਕੇ ਲਾਹੌਰ ਪਹੁੰਚਾ ਦਿੱਤਾ ਗਿਆ ਸੀ। ਜਦੋਂ ਉਹਨਾਂ ਧਰਮ ਬਦਲਣ ਤੋਂ ਇਨਕਾਰ ਕੀਤਾ ਸੀ ਤਾਂ ਬੰਦ–ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਨਾਲ ਸਿੱਖਾਂ ਵਿਚ ਜਬਰਦਸਤ ਰੋਸ ਫੈਲ ਗਿਆ। ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਤੇ ਬੰਦਾ ਬਹਾਦਰ ਦੇ ਨਾਲ ਭਾਈ ਮਨੀ ਸਿੰਘ ਦਾ ਨਾਂ ਵੀ ਅਰਦਾਸ ਵਿਚ ਸ਼ਾਮਲ ਹੋ ਗਿਆ। ਤੇ ਉਹਨਾਂ ਦੀ ਸ਼ਹਾਦਤ ਦੇ ਜ਼ਿੰਮੇਵਾਰ ਜ਼ਕਰੀਆ ਖਾਂ ਤੇ ਉਸਦੇ ਸਹਾਇਕ ਸੱਯਦ ਖਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਫੈਸਲਾ ਕਰ ਲਿਆ ਗਿਆ।

ਜ਼ਕਰੀਆ ਖਾਂ ਨੇ ਹਰਿਮੰਦਰ ਸਾਹਿਬ ਉੱਤੇ ਕਬਜਾ ਕਰਕੇ ਫੌਜਦਾਰ ਰਹਿਮਾਨ ਖਾਂ ਨੂੰ ਤਾਇਨਾਤ ਕਰ ਦਿੱਤਾ ਤਾਂ ਕਿ ਕੋਈ ਸਿੱਖ ਉੱਥੇ ਨਾ ਆ ਸਕੇ। ਉਸਦਾ ਖਿਆਲ ਸੀ ਕਿ ਹਰਿਮੰਦਰ ਦੇ ਦਰਸ਼ਨਾਂ ਤੇ ਸਰੋਵਰ ਵਿਚ ਇਸ਼ਨਾਨ ਸਦਕਾ ਹੀ ਸਿੱਖਾਂ ਦਾ ਬਲ, ਉਤਸਾਹ ਤੇ ਹੌਂਸਲਾ ਪ੍ਰਬਲ ਹੁੰਦਾ ਹੈ। ਪਰ ਭਾਈ ਕਪੂਰ ਸਿੰਘ ਦੀ ਅਗਵਾਨੀ ਵਿਚ ਸਿੱਖ ਸੂਰਮਿਆਂ ਨੇ ਅੰਮ੍ਰਿਤਸਰ ਸਰੋਵਰ ਵਿਚ ਟੁੱਭੀ ਲਾਉਣ ਦੇ ਆਪਣੇ ਅਧਿਕਾਰ ਨੂੰ ਬਰਕਰਾਰ ਰੱਖਿਆ। ਸਾਹਸੀ ਗੁਰੀਲੇ ਕਦੀ ਭੇਸ ਬਦਲ ਕੇ ਤੇ ਕਦੀ ਖੁੱਲ੍ਹੇ–ਆਮ ਆਉਂਦੇ ਤੇ ਸਰੋਵਰ ਵਿਚ ਟੁੱਭੀ ਲਾ ਕੇ ਚਲੇ ਜਾਂਦੇ। ਇਕ ਵਾਰੀ ਮਾੜੀ ਕੰਬੋ ਦਾ ਭਰਾ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਦਾ ਭਤੀਜਾ ਬਾਜ ਸਿੰਘ ਯਕਦਮ ਆਏ, ਸਰੋਵਰ ਵਿਚ ਟੁੱਭੀ ਲਾਈ ਤੇ ਆਪਣੇ ਘੋੜਿਆਂ ਉਪਰ ਸਵਾਰ ਹੋ ਕੇ ਭੱਜ ਨਿਕਲੇ। ਅਬਦੁੱਲ ਰਹਿਮਾਨ ਨੇ ਇਹ

ਸੋਚਿਆ ਕਿ ਸਿਰਫ ਦੋ ਹੀ ਆਦਮੀ ਹਨ, ਆਪਣੇ ਕੁਝ ਸਿਪਾਹੀਆਂ ਨਾਲ ਉਹਨਾਂ ਦਾ ਪਿੱਛਾ ਕੀਤਾ ਪਰ ਹਰਿਮੰਦਰ ਸਾਹਿਬ ਦੇ ਬਾਹਰ ਚਾਰ-ਪੰਜ ਸੌ ਸਿੱਖ ਸਵਾਰ ਉਹਨਾਂ ਦੀ ਉਡੀਕ ਕਰ ਰਹੇ ਸਨ। ਸੁੱਖਾ ਸਿੰਘ ਤੇ ਬਾਜ ਸਿੰਘ ਆਪਣੇ ਇਹਨਾਂ ਸਾਥੀਆਂ ਨਾਲ ਆ ਮਿਲੇ। ਅਬਦੁੱਲ ਰਹਿਮਾਨ ਨੂੰ ਪਿੱਛੇ ਨੱਸ ਜਾਣ ਦਾ ਮੌਕਾ ਵੀ ਨਹੀਂ ਮਿਲਿਆ। ਉਹ ਤੇ ਉਸਦੇ ਸੈਨਕ ਸਿੱਖਾਂ ਨਾਲ ਹੋਏ ਮੁੱਠ-ਭੇੜ ਵਿਚ ਮਾਰੇ ਗਏ।

ਜਦੋਂ ਜ਼ਕਰੀਆ ਖਾਂ ਨੂੰ ਇਸ ਘਟਨਾ ਦੀ ਖੁਬਰ ਮਿਲੀ ਤਾਂ ਉਸਨੇ ਸੱਯਦ ਖਾਂ ਦੀ ਕਮਾਂਡ ਵਿਚ ਇਕ ਵੱਡੀ ਸੈਨਾ ਨਵਾਬ ਕਪੂਰ ਸਿੰਘ ਦੀ ਭਾਲ ਵਿਚ ਭੇਜ ਦਿੱਤੀ। ਸੱਯਦ ਖਾਂ ਦੀ ਇਹ ਆਦਤ ਸੀ ਕਿ ਉਹ ਆਪ ਪਿੱਛੇ ਰਹਿੰਦਾ ਸੀ ਤੇ ਆਪਣੇ ਅਧੀਨ ਅਫਸਰਾਂ ਨੂੰ ਅੱਗੇ ਰੱਖਦਾ ਸੀ। ਭਾਈ ਕਪੂਰ ਸਿੰਘ ਨੇ ਅਜਿਹੀ ਚਾਲ ਚੱਲੀ, ਜਿਸ ਨਾਲ ਖੁਦ ਸੱਯਦ ਖਾਂ ਸਾਹਮਣੇ ਆ ਗਿਆ। ਭਾਈ ਕਪੂਰ ਸਿੰਘ ਨੇ ਆਪਣੇ ਗੁਰੀਲੇ ਸਾਥੀਆਂ ਨੂੰ ਦੋ ਟੁਕੜੀਆਂ ਵਿਚ ਵੰਡਿਆ। ਇਕ ਟੁਕੜੀ ਨੂੰ ਦੁਸ਼ਮਨ ਨਾਲ ਲੜਨ ਲਈ ਭੇਜ ਦਿੱਤਾ ਤੇ ਦੂਜੀ ਟੁਕੜੀ, ਜਿਸ ਦੀ ਕਮਾਨ ਉਹ ਆਪ ਕਰ ਰਹੇ ਸਨ, ਝੜੀਆਂ ਵਿਚ ਘਾਤ ਲਾ ਕੇ ਬੈਠ ਗਈ। ਕੁਝ ਚਿਰ ਲੜਨ ਤੋਂ ਬਾਅਦ ਪਹਿਲੀ ਟੁਕੜੀ ਨੇ ਸੋਚੀ-ਸਮਝੀ ਯੋਜਨਾ ਅਨੁਸਾਰ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਸੱਯਦ ਖਾਂ ਨੂੰ ਲੱਗਿਆ ਕਿ ਸਿੱਖ ਭੱਜ ਰਹੇ ਨੇ ਤੇ ਉਹ ਜੋਸ਼ ਵਿਚ ਆ ਕੇ ਉਹਨਾਂ ਦਾ ਪਿੱਛਾ ਕਰਨ ਲਈ ਅੱਗੇ ਵਧ ਆਇਆ। ਇਹੀ ਭਾਈ ਕਪੂਰ ਸਿੰਘ ਚਾਹੁੰਦੇ ਸਨ। ਉਹਨਾਂ ਦੀ ਕਮਾਨ ਵਿਚ ਘਾਤ ਲਾ ਕੇ ਬੈਠੀ ਟੁਕੜੀ ਨੇ ਸੱਯਦ ਖਾਂ ਨੂੰ ਆਣ ਦਬੋਚਿਆ। ਉਸਨੂੰ ਫੜ ਕੇ ਚਾਰ ਘੋੜਿਆਂ ਪਿੱਛੇ ਬੰਨ੍ਹ ਲਿਆ ਗਿਆ। ਘੋੜੇ ਦੌੜਾਏ ਤਾਂ ਸੱਯਦ ਖਾਂ ਉਹਨਾਂ ਦੇ ਪਿੱਛੇ ਘਸੀਟੇ ਖਾਂਦਿਆਂ ਹੋਇਆਂ ਦਮ ਤੋੜ ਗਿਆ।

ਇਹ ਭਾਈ ਮਨੀ ਸਿੰਘ ਦੀ ਸ਼ਹਾਦਤ ਦਾ ਬਦਲਾ ਸੀ, ਪਰ ਮੁੱਖ ਅਪਰਾਧੀ ਜ਼ਕਰੀਆਂ ਖਾਂ ਅਜੇ ਵੀ ਜਿਉਂਦਾ ਸੀ। ਉਹ ਸਿੱਖਾਂ ਦੇ ਭੈ ਕਾਰਨ ਕਿਲੇ ਵਿਚ

ਲੁਕਿਆ ਰਹਿੰਦਾ ਸੀ ਤੇ ਬਾਹਰ ਨਿਕਲਣ ਦਾ ਸਾਹਸ ਨਹੀਂ ਸੀ ਕਰਦਾ। ਨਵਾਬ ਕਪੂਰ ਸਿੰਘ ਨੇ ਸੂਹੀਏ ਛੱਡੇ ਹੋਏ ਸਨ, ਜਿਹੜੇ ਉਸਦੀਆਂ ਗਤੀਵਿਧੀਆਂ ਦੀ ਖਬਰ ਦਿੰਦੇ ਰਹਿੰਦੇ ਸਨ। ਇਕ ਵਾਰੀ ਇਹ ਖਬਰ ਆਈ ਜ਼ਕਰੀਆ ਖਾਂ ਜੁਮੇਂ (ਸ਼ੁਕਰਵਾਰ) ਦੀ ਨਮਾਜ ਪੜ੍ਹਨ ਲਾਹੌਰ ਦੀ ਸ਼ਾਹੀ ਮਸਜਦ ਵਿਚ ਜਾਏਗਾ। ਨਵਾਬ ਕਪੂਰ ਸਿੰਘ ਨੇ ਦੋ ਹਜ਼ਾਰ ਮੰਨੇ ਹੋਏ ਗੁਰੀਲੇ ਨਾਲ ਲਏ। ਉਹ ਸਾਰੇ ਉਚ ਵਰਗ ਦੇ ਮੁਸਲਿਮ ਮੁਰੀਦਾਂ ਦੇ ਭੇਸ ਵਿਚ ਸਨ। ਹਰੇ ਰੰਗ ਦੇ ਬਸਤਰ, ਲੰਮੇ-ਲੰਮੇ ਵਾਲ ਪਿੱਛੇ ਵੱਲ ਲਹਿਰਾਉਂਦੇ ਹੋਏ ਤੇ ਅੱਗੇ-ਅੱਗੇ ਹੈਦਰੀ-ਝੰਡਾ। ਉਹਨਾਂ ਨੇ 'ਅੱਲਾ ਹੂ ਅਕਬਰ' ਦੇ ਨਾਅਰੇ ਲਾਉਂਦਿਆਂ ਹੋਇਆਂ ਸ਼ਹਿਰ ਵਿਚ ਪ੍ਰਵੇਸ਼ ਕੀਤਾ। ਸਬੱਬ ਨਾਲ ਜ਼ਕਰੀਆ ਖਾਂ ਬਿਮਾਰ ਹੋ ਗਿਆ ਤੇ ਮਸਜਦ ਵਿਚ ਨਹੀਂ ਆਇਆ। ਇਸ ਨਾਲ ਸਿੱਖਾਂ ਨੂੰ ਨਿਰਾਸ਼ਾ ਤਾਂ ਜ਼ਰੂਰ ਹੋਈ, ਪਰ ਉਹਨਾਂ ਆਪਣਾ ਅਸਲੀ ਰੂਪ ਵੀ ਜਾਹਰ ਕਰ ਦਿੱਤਾ, ਉਹ 'ਬੋਲੇ ਸੋ ਨਿਹਾਲ, ਸਤ ਸ੍ਰੀ ਆਕਾਲ' ਦੇ ਜੈਕਾਰੇ ਗਜਾਉਂਦੇ ਸ਼ਹਿਰ ਵਿਚੋਂ ਨਿਕਲੇ ਤੇ ਜੰਗਲਾਂ ਵੱਲ ਹੋ ਲਏ।

ਇਸ ਪਿੱਛੋਂ ਨਵਾਬ ਕਪੂਰ ਸਿੰਘ ਨੇ ਮਾਲਵੇ ਵੱਲ ਕੂਚ ਕੀਤਾ। ਸਤਲੁਜ ਪਾਰ ਕਰਕੇ ਉਹ ਦਿੱਲੀ ਵੱਲ ਵਧੇ। ਰਸਤੇ ਵਿਚ ਝੱਜਰ, ਦਾਦਰੀ ਤੇ ਪਟੌਦੀ ਦੇ ਮੁਗਲ ਫੌਜਦਾਰਾਂ ਤੋਂ ਖਿਰਾਜ (ਟੈਕਸ) ਵਸੂਲਿਆ। ਫਰੀਦਾਬਾਦ, ਬਲੱਭਗੜ੍ਹ ਤੇ ਗੁੜਗਾਂਵ ਦੇ ਪੂਰੇ ਇਲਾਕੇ ਨੂੰ ਲੁੱਟਿਆ ਤੇ ਫੇਰ ਜੰਗਲ ਵਿਚ ਪਰਤ ਆਏ।

ਇਹਨਾਂ ਸਾਰੀਆਂ ਮੁਹਿੰਮਾਂ ਵਿਚ ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ ਦੀ ਸੱਜੀ ਬਾਂਹ ਸੀ। ਉਸਦੀ ਉਮਰ ਹੁਣ ਅਠਾਰਾਂ-ਉੱਨੀਂ ਵਰ੍ਹਿਆਂ ਦੀ ਸੀ। ਕੱਦ ਛੇ ਫੁੱਟ ਤਿੰਨ ਇੰਚ, ਦਾੜ੍ਹੀ-ਮੁੱਛਾਂ ਵੀ ਆ ਗਈਆਂ ਸਨ, ਜਿਸ ਕਰਕੇ ਚਿਹਰਾ ਭਰਿਆ-ਭਰਿਆ ਲੱਗਣ ਲੱਗ ਪਿਆ ਸੀ ਤੇ ਵਿਅਕਤੀਤੱਵ ਵਿਚ ਵੀ ਨਿਖਾਰ ਆ ਗਿਆ ਸੀ। ਉਹ ਯੁੱਧ-ਕਲਾ ਵਿਚ ਮਾਹਰ, ਇਕ ਕੁਸ਼ਲ ਤੇ ਨਿੱਡਰ ਯੋਧਾ ਬਣ ਚੁੱਕਿਆ ਸੀ।

ਜਦੋਂ ਇਹ ਸੰਘਰਸ਼ ਚਲ ਰਿਹਾ ਸੀ, ਉਦੋਂ ਹੀ ਨਾਦਰ ਸ਼ਾਹ ਦਾ ਹਮਲਾ ਹੋਇਆ।

ਜ਼ਕਰੀਆ ਖਾਂ ਨੇ ਦੂਹਰੀ ਨੀਤੀ ਅਪਣਾਈ। ਜਿੱਥੇ ਉਹ ਸਿੱਖਾਂ ਨੂੰ ਮਿਟਾਅ ਦੇਣ 'ਤੇ ਤੁਲਿਆ ਹੋਇਆ ਸੀ, ਉੱਥੇ ਉਹ ਸਿੱਖਾਂ ਹੱਥੋਂ ਲੁੱਟੇ ਜਾਣ ਵਾਲਿਆਂ ਨੂੰ ਰਾਹਤ (ਸਹਾਇਤਾ) ਵੀ ਦਿੰਦਾ ਸੀ ਤਾਂ ਕਿ ਸਿੱਖਾਂ ਵਿਰੁੱਧ ਉਹਨਾਂ ਦਾ ਸਹਿਯੋਗ ਪ੍ਰਾਪਤ ਹੋਏ। ਜਿਹੜੇ ਲੋਕ ਸਿੱਖਾਂ ਦੇ ਘਰ ਬਰਬਾਦ ਕਰਦੇ ਤੇ ਲੁੱਟਦੇ ਸਨ, ਉਹਨਾਂ ਨੂੰ ਲੁੱਟ ਦਾ ਮਾਲ ਆਪਣੇ ਕੋਲ ਰੱਖਣ ਦੀ ਛੋਟ ਸੀ। ਮਤਲਬ ਇਹ ਕਿ ਕਾਨੂੰਨ ਤੇ ਵਿਵਸਥਾ ਸਿੱਖਾਂ ਦੁਆਰਾ ਹੀ ਨਹੀਂ, ਖੁਦ ਸਰਕਾਰ ਦੁਆਰਾ ਵੀ ਭੰਗ ਹੋ ਰਹੀ ਸੀ। ਅਮਨ ਬਹਾਲ ਹੋਣ ਦੇ ਬਜਾਏ ਅਰਾਜਕਤਾ ਤੇ ਹਿੰਸਾ ਵਧ ਰਹੀ ਸੀ। ਖੇਤੀਬਾੜੀ, ਵਪਾਰ, ਦਸਤਕਾਰੀ ਸਾਰੇ ਧੰਦੇ ਚੌਪਟ ਹੋ ਚੁੱਕੇ ਸਨ। ਵਿਧਵਾ ਔਰਤਾਂ, ਅਨਾਥ ਬੱਚਿਆਂ, ਬੇਰੁਜ਼ਗਾਰਾਂ ਤੇ ਭੁੱਖੇ ਮਰਨ ਵਾਲਿਆਂ ਦੀ ਗਿਣਤੀ ਏਨੀ ਵਧ ਗਈ ਸੀ ਕਿ 'ਦੇਅ ਅੱਲਾ ਦੇ ਨਾਮ, ਕੁਝ ਦੇ-ਦੇ ਬਾਬਾ' ਦੀਆਂ ਸਦਾਵਾਂ ਲਾਉਣ ਵਾਲੇ ਫਕੀਰਾਂ-ਭਿਖਾਰੀਆਂ ਦੀਆਂ ਅਣਗਿਣਤ ਟੋਲੀਆਂ ਇਧਰ-ਉਧਰ ਘੁੰਮਦੀਆਂ ਨਜ਼ਰ ਆਉਂਦੀਆਂ। ਇਹਨਾਂ ਫਕੀਰਾਂ ਤੇ ਭਿਖਾਰੀਆਂ ਦੇ ਭੇਸ ਵਿਚ ਸਿੱਖਾਂ ਤੇ ਸਰਕਾਰ ਦੇ ਜਸੂਸ ਵੀ ਹੁੰਦੇ ਸਨ, ਜਿਹੜੇ ਆਪਣੇ-ਆਪਣੇ ਠਿਕਾਣਿਆਂ ਉਪਰ ਦੁਸ਼ਮਣ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਪਹੁੰਚਾਉਂਦੇ ਸਨ।

ਜਗ੍ਹਾ-ਜਗ੍ਹਾ ਤਕੀਏ ਤੇ ਡੇਰੇ ਬਣ ਗਏ ਸਨ, ਜਿੱਥੇ ਬੇਘਰੇ ਲੋਕਾਂ ਨੂੰ ਠਿਕਾਣਾ ਮਿਲਦਾ ਸੀ। ਇਹ ਤਕੀਏ ਤੇ ਡੇਰੇ ਆਮ ਤੌਰ 'ਤੇ ਸੂਫੀਮਤ ਦੇ ਪੈਰੋਕਾਰ ਪੀਰਾਂ-ਫਕੀਰਾਂ ਵੱਲੋਂ ਬਣਾਏ ਗਏ ਸਨ, ਜਿਹੜੇ ਦੀਨ-ਦੁਖੀਆਂ ਨਾਲ ਸੱਚਮੁੱਚ ਹਮਦਰਦੀ ਕਰਦੇ ਸਨ ਤੇ ਜਿਹਨਾਂ ਪ੍ਰਤੀ ਲੋਕਾਂ ਦੇ ਮਨਾਂ ਵਿਚ ਸ਼ਰਧਾ ਵੀ ਸੀ। ਉਹ ਇਹਨਾਂ ਤਕੀਆਂ ਤੇ ਡੇਰਿਆਂ ਵਿਚ ਮਕਤਬ (ਸਕੂਲ) ਵੀ ਚਲਾਉਂਦੇ ਸਨ,

ਜਿਹਨਾਂ ਵਿਚ ਅਰਬੀ, ਫਾਰਸੀ ਤੇ ਸੂਫੀਵਾਦ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਕ ਅਜਿਹਾ ਹੀ ਤਕੀਆ ਅੰਮ੍ਰਿਤਸਰ ਤੇ ਲਾਹੌਰੇ ਦੇ ਵਿਚਕਾਰ ਵੀ ਸਥਾਪਤ ਕੀਤਾ ਗਿਆ ਸੀ, ਜਿਸ ਨੂੰ ਮੌਲਵੀ ਜਹੀਰ ਬਖ਼ਸ਼ ਚਲਾਉਂਦੇ ਸਨ। ਇਸ ਤਕੀਏ ਵਿਚ ਅਰਬੀ, ਫਾਰਸੀ ਪੜ੍ਹਾਉਣ ਦੇ ਨਾਲ-ਨਾਲ ਯਤੀਮ ਬੱਚਿਆਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਵੀ ਸੀ। ਇਹਨਾਂ ਤਕੀਆਂ ਵਿਚ ਉਹਨਾਂ ਹਿੰਦੂ -ਜਾਟਾਂ ਤੇ ਸਿੱਖਾਂ ਦੇ ਬੱਚੇ ਵੀ ਸਨ ਜਿਹਨਾਂ ਦੇ ਘਰ-ਬਾਰ ਉੱਜੜ ਚੁੱਕੇ ਸਨ ਜਾਂ ਜਿਹਨਾਂ ਦੇ ਘਰਵਾਲੇ ਗੁਰੀਲਿਆਂ ਨਾਲ ਜਾ ਰਲੇ ਸਨ, ਉਹਨਾਂ ਨੂੰ ਸਾਈਂ ਜਹੀਰ ਬਖ਼ਸ਼ ਭੇਸ ਬਦਲ ਕੇ ਜਾਸੂਸੀ ਕਰਨ ਦੀ ਸਿੱਖਿਆ ਵੀ ਦਿੰਦੇ ਸਨ ਤੇ ਉਹ ਵੱਡੇ ਹੋ ਕੇ ਗੁਰੀਲਿਆਂ ਨਾਲ ਜਾ ਰਲਦੇ ਸਨ।

ਮੌਲਵੀ ਜਹੀਰ ਬਖ਼ਸ਼ ਦਾ ਅਸਲੀ ਨਾਂ ਬਾਬਾ ਗੁਰਬਖ਼ਸ਼ ਸਿੰਘ ਸੀ। ਉਸ ਲਗਭਗ ਸੱਤਰ ਵਰ੍ਹਿਆਂ ਦੇ ਸਨ। ਉਹ ਸਿਰਫ ਭੇਖ ਦੇ ਹੀ ਮੁਸਲਮਾਨ ਨਹੀਂ ਸਨ, ਬਲਕਿ ਅਰਬੀ, ਫਾਰਸੀ ਤੇ ਸੂਫੀਵਾਦ ਦੇ ਵਿਦਵਾਨ ਵੀ ਸਨ। ਪੰਜੇ ਵੇਲੇ ਨਮਾਜ ਪੜ੍ਹਦੇ ਸਨ ਤੇ ਕੁਰਾਨ ਸ਼ਰੀਫ਼ ਦੀ ਤਲਾਵਤ ਕਰਦੇ ਸਨ। ਉਹਨਾਂ ਉੱਤੇ ਸਿੱਖ ਹੋਣ ਦਾ ਸ਼ੱਕ ਪੈਣ ਦੀ ਬਿਲਕੁਲ ਹੀ ਸੰਭਾਵਨਾ ਨਹੀਂ ਸੀ। ਇਸੇ ਤਰ੍ਹਾਂ ਦੇ ਦਸ-ਬਾਰਾਂ ਮਕਤਬ, ਅਲੱਗ-ਅਲੱਗ ਥਾਵਾਂ ਉਪਰ, ਹੋਰ ਵੀ ਸਨ ਜਿਹਨਾਂ ਨੂੰ ਬਾਬਾ ਗੁਰਬਖ਼ਸ਼ ਸਿੰਘ ਵਰਗੇ ਚਿੱਤ-ਲਗਦੇ ਮੌਲਵੀ ਹੀ ਚਲਾਉਂਦੇ ਸਨ। ਉਹਨਾਂ ਵਿਚ ਸਿੱਖ ਬੱਚਿਆਂ ਦੀ ਪੜ੍ਹਾਈ-ਸਿਖਲਾਈ ਹੁੰਦੀ ਸੀ।

ਇਹ ਇਕ ਅਜਿਹਾ ਵਚਿੱਤਰ ਯੁੱਗ ਸੀ, ਜਿਸ ਵਿਚ ਇਤਿਹਾਸ ਤੇ ਮਿਥਿਹਾਸ ਦਾ ਅੰਤਰ ਮਿਟ ਗਿਆ ਸੀ। ਜਿਸ ਵਿਚ ਇਹੋ ਜਿਹੇ ਵਿਅੱਕਤੀ ਪੈਦਾ ਹੋਏ ਤੇ ਅਜਿਹੀਆਂ-ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਹਨਾਂ ਨੂੰ ਪੜ੍ਹ-ਸੁਣ ਕੇ ਅਕਲ ਚਕਰਾਉਣ ਲੱਗ ਪੈਂਦੀ ਹੈ। ਇਸੇ ਯੁੱਗ ਵਿਚ ਇਕ ਅਜਿਹਾ ਅਦਭੁਤ ਫਕੀਰ ਪੈਦਾ ਹੋਇਆ, ਜਿਸ ਨੇ ਲਾਹੌਰ ਵਿਚ ਮੁਜਰਾ ਕਰਨ ਵਾਲੀਆਂ ਵੇਸਵਾਵਾਂ ਦੀ ਚਾਕਰੀ ਕਰਕੇ ਨੱਚਣ ਤੇ ਗਾਉਣ ਦੀ ਕਲਾ ਸਿੱਖੀ। ਖ਼ੁਦਾ ਨੂੰ

ਆਪਣਾ ਪਤੀ ਮੰਨ ਕੇ ਖ਼ੁਦ ਉਸਦੀ ਪ੍ਰੇਮਕਾ ਬਣ ਗਿਆ। ਉਹ ਮਸਤੀ ਵਿਚ ਨੱਚਦਾ ਤੇ ਗਾਉਂਦਾ...:

'ਕੀ ਪੁੱਛਦਾਏਂ ਜਾਤ ਸਿਫਾਤ ਮੇਰੀ,

ਓਹੋ ਆਦਮ ਵਾਲੀ ਜਾਤ ਮੇਰੀ।

ਮੈਨੂੰ ਇਸ਼ਕ ਹੁਲਾਰੇ ਦੇਂਦਾ,

ਮੂੰਹ ਚੜ੍ਹਿਆ ਯਾਰ ਬੁਲੇਂਦਾ।

ਕਿਤੇ ਸ਼ੀਆ ਹੈ ਕਿਤੇ ਸੁਨੀਂ ਹੈ,

ਕਿਤੇ ਜਟਾਧਾਰੀ ਕਿਤੇ ਮੁਨੀਂ ਹੈ।

ਮੇਰੀ ਸਭ ਤੋਂ ਫਾਰਗ ਕੰਨੀਂ ਹੈ,

ਜੋ ਕਹਾਂ ਸੋ ਯਾਰ ਮਨੇਂਦਾ

ਮੈਨੂੰ ਇਸ਼ਕ ਹੁਲਾਰੇ ਦੇਂਦਾ।'

ਲੋਕ ਉਸਦੇ ਦੁਆਲੇ ਇਕੱਠੇ ਹੋ ਜਾਂਦੇ। ਉਸੇ ਵਾਂਗ ਝੂੰਮਦੇ ਤੇ ਗਾਉਂਦੇ। ਧਰਮ, ਜਾਤ ਤੇ ਸੰਪਰਦਾਏ ਦਾ ਫਰਕ ਮਿਟ ਜਾਂਦਾ। ਜਿਸ ਧਰਤੀ ਉਪਰ ਮੌਤ ਮੰਡਲਾ ਰਹੀ ਸੀ ਤੇ ਹਰ ਪਾਸੇ ਆਹਾਂ ਤੇ ਕਰਾਹਾਂ ਸੁਣਾਈ ਦਿੰਦੀਆਂ ਸਨ, ਉਸੇ ਧਰਤੀ ਉਪਰ ਉਹ ਨੱਚਦਾ ਗਾਉਂਦਾ ਤੇ ਜਿੰਦਗੀ ਦਾ ਜਸ਼ਨ ਮਨਾਉਂਦਾ ਹੋਇਆ ਦਿਖਾਈ ਦਿੰਦਾ ਸੀ।

ਇਸ ਅਦਭੁਤ ਫਕੀਰ ਦਾ ਨਾਂ ਸੀ ਬੁੱਲ੍ਹੇਸ਼ਾਹ। ਹਜਰਤ ਬੁੱਲ੍ਹੇਸ਼ਾਹ ਇਕ ਮਸ਼ਹੂਰ ਸ਼ਾਇਰ ਜਿਸ ਦੀ ਮੌਤ 1933 ਵਿਚ ਹੋ ਗਈ, ਪਰ ਉਸਦੀਆਂ ਕਾਫੀਆਂ ਅੱਜ ਵੀ ਜਿਉਂਦੀਆਂ ਨੇ, ਜਿਹੜੀਆਂ ਪੰਜਾਬੀ ਸਾਹਿਤ ਦੀ ਗੌਰਵਮਈ ਵਿਰਾਸਤ ਨੇ।

ਇਕ ਕਾਫੀ ਦੇ ਬੋਲ ਨੇ...:

ਇਕ ਨੁਕਤੇ ਵਿਚ ਗੱਲ ਮੁਕਦੀ ਹੈ

ਫੜ ਨੁਕਤਾ ਛੱਡ ਕਿਤਾਬਾਂ ਨੂੰ।'

ਜਦੋਂ ਜ਼ਕਰੀਆ ਖਾਂ ਅਤੇ ਸਿੱਖਾਂ ਵਿਚਾਲੇ ਮੌਤ ਤੇ ਜ਼ਿੰਦਗੀ ਦਾ ਸੰਘਰਸ਼ ਚੱਲ ਰਿਹਾ ਸੀ, ਉਦੋਂ ਹੀ ਨਾਦਰ ਸ਼ਾਹ ਦਾ ਹਮਲਾ ਹੋਇਆ ਸੀ। ਇਸ ਨਾਲ ਜੋ ਉਲਟ-ਪਲਟ ਹੋਈ ਉਸਦਾ ਸਿੱਖਾਂ ਦੀ ਸੰਗਠਤ ਸ਼ਕਤੀ ਨੇ ਪੂਰਾ ਲਾਭ ਉਠਾਇਆ। ਹੁਣ ਉਹਨਾਂ ਕੋਲ ਨਵਾਬ ਕਪੂਰ ਸਿੰਘ, ਬਾਘ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਵਰਗੇ ਯੋਗ ਤੇ ਪ੍ਰਭਾਵਸ਼ਾਲੀ ਨੇਤਾ ਸਨ। ਉਹ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲ ਕੇ ਮੈਦਾਨਾਂ ਵਿਚ ਆ ਗਏ ਤੇ ਉਹਨਾਂ ਨੇ ਲਾਹੌਰ ਤੋਂ ਲੈ ਕੇ ਸ਼ਿਵਾਲਕ ਦੀ ਤਲਹਟੀ ਤਕ, ਰਚਨਾ ਦੁਆਬੇ ਤੋਂ ਬਾਰੀ ਦੁਆਬੇ ਤਕ ਦੇ ਪੂਰੇ ਇਲਾਕੇ ਉਪਰ ਆਪਣਾ ਕਬਜਾ ਕਰ ਲਿਆ। ਅੰਮ੍ਰਿਤਸਰ ਉਹਨਾਂ ਦਾ ਪ੍ਰਮੁੱਖ ਤੇ ਸਰਬਉਚ ਸਥਾਨ ਸੀ। ਉੱਥੇ ਉਹਨਾਂ ਰਾਵੀ ਦੇ ਕੰਢੇ ਡੱਲੇਵਾਲ ਦੇ ਸੰਘਣੇ ਜੰਗਲ ਵਿਚ ਕਿਲਾ ਬਣਾਇਆ, ਇਸ ਦੇ ਆਸੇ-ਪਾਸੇ ਅੰਨ ਤੇ ਪੱਠੇ-ਦੱਥੇ ਉਗਾਉਣ ਲਈ ਉਪਜਾਊ ਜ਼ਮੀਨ ਸੀ। ਜੰਗਲਾਂ ਜਾਂ ਪਹਾੜਾਂ ਵਿਚ ਛੁਪਣ ਦੇ ਬਜਾਏ ਹੁਣ ਉਹ ਇਸ ਕਿਲੇ ਵਿਚ ਪਨਾਹ ਲੈ ਸਕਦੇ ਸਨ, ਅਮੀਰਾਂ ਤੇ ਜ਼ਿੰਮੀਦਾਰਾਂ ਨੂੰ ਲੁੱਟ ਕੇ ਜਿਹੜਾ ਸਾਮਾਨ ਹੱਥ ਲੱਗਦਾ ਸੀ, ਉਸਨੂੰ ਇੱਥੇ ਰੱਖ ਸਕਦੇ ਸਨ।

ਇੱਥੋਂ ਦਾ ਪ੍ਰਬੰਧਕ ਬਾਘ ਸਿੰਘ ਆਹਲੂਵਾਲੀਆ ਸੀ। ਉਸ ਦਾ ਭਾਣਜਾ ਜੱਸਾ ਸਿੰਘ ਆਹਲੂਵਾਲੀਆ ਜਿਹੜਾ ਸੋਹਣਾ-ਸੁਣੱਖਾ, ਸਾਹਸੀ ਜਵਾਨ ਬਣ ਚੁੱਕਿਆ ਸੀ, ਸਾਰੇ ਮਾਮਲਿਆਂ ਵਿਚ ਆਪਣੇ ਮਾਮੇ ਦਾ ਸਹਾਇਕ ਤੇ

ਸਲਾਹਕਾਰ ਸੀ। ਬੁੱਢਾ–ਦਲ ਤੇ ਤਰੁਣਾ–ਦਲ ਦੇ ਸਾਰੇ ਜੱਥੇਦਾਰ ਉਸਦੀ ਆਗਿਆ ਦਾ ਪਾਲਣ ਕਰਦੇ ਸਨ।

ਨਾਦਰ ਸ਼ਾਹ ਦੇ ਹੱਥੋਂ ਮੁਗਲਾਂ ਦੀ ਹਾਰ ਉਪਰ ਲੋਕ ਖੁਸ਼ ਸਨ। ਸਿੱਖ ਰਾਜ ਨੂੰ ਉਹ ਆਪਣਾ ਰਾਜ ਸਮਝਦੇ ਸਨ। ਵਰ੍ਹਿਆਂ ਦੀ ਗ਼ੁਲਾਮੀ ਦਾ ਜੂਲਾ ਮੋਢਿਆਂ ਤੋਂ ਉਤਰਿਆ ਸੀ। ਹੁਣ ਉਹ ਧੌਣ ਉਚੀ ਕਰਕੇ ਤੁਰ ਸਕਦੇ ਸਨ। ਜੱਸਾ ਸਿੰਘ ਆਹਲੂਵਾਲੀਆ ਜਿਸ ਦੀ ਰਾਹਨੁਮਾਈ ਵਿਚ ਸਿੱਖ ਯੋਧਿਆਂ ਨੇ ਨਾਦਰ ਸ਼ਾਹ ਨੂੰ ਲੁੱਟਿਆ ਸੀ ਤੇ ਬੰਦੀ ਬਣਾਏ ਹੋਏ ਮਰਦ–ਔਰਤਾਂ ਨੂੰ ਮੁਕਤ ਕਰਵਾ ਕੇ ਘਰੋ –ਘਰੀ ਪਹੁੰਚਾਇਆ ਸੀ। ਇਹਨਾਂ ਗੱਲਾਂ ਕਾਰਨ ਉਹਨਾਂ ਦਾ ਮਾਣ–ਆਦਰ ਹੋਰ ਵੀ ਵਧ ਗਿਆ ਸੀ ਤੇ ਉਹ ਲੋਕ ਨਾਇਕ ਬਣ ਗਏ ਸਨ, ਉਹਨਾਂ ਦੀ ਬਹਾਦਰੀ ਦੇ ਸੱਚੇ–ਝੂਠੇ ਕਿੱਸੇ ਹਰੇਕ ਦੀ ਜ਼ਬਾਨ 'ਤੇ ਸਨ। ਲੋਕੀਂ ਸੱਥਾਂ ਵਿਚ ਇਕੱਠੇ ਹੁੰਦੇ ਤਾਂ ਗੱਲਾਂ ਚੱਲਦੀਆਂ..:

"ਤੈਂ ਜੱਸਾ ਸਿੰਘ ਨੂੰ ਦੇਖਿਆ ਏ ?"

"ਦੇਖਿਆ ਤਾਂ ਨਹੀਂ, ਪਰ ਸੁਣਿਆਂ ਏਂ, ਦਰਸ਼ਨੀ–ਜਵਾਨ ਏਂ। ਲੰਮਾ–ਉਚਾ ਕੱਦ ਤੇ ਹੱਥ ਗੋਡਿਆਂ ਤੋਂ ਥੱਲੇ ਤੀਕ ਜਾਂਦੇ ਨੇ।"

"ਗੁਰੂ ਗੋਬਿੰਦ ਸਿੰਘ ਦਾ ਅਵਤਾਰ ਐ ਜੀ। ਯੁੱਧ ਵਿਚ ਉਸ ਦਾ ਘੋੜਾ ਦੁਸ਼ਮਣ ਦੀ ਛਾਤੀ 'ਤੇ ਜਾ ਚੜ੍ਹਦੈ ਤੇ ਤਲਵਾਰ ਬਿਜਲੀ ਵਾਂਗ ਲਿਸ਼ਕਦੀ ਆ।"

"ਜਿਸ ਨਾਦਰ ਸ਼ਾਹ ਨੇ ਮੁਗਲਾਂ ਦੀ ਨੱਕ ਕੱਟ ਦਿੱਤੀ, ਕਮਾਲ ਤਾਂ ਇਹ ਵੇ ਕਿ ਜੱਸਾ ਸਿੰਘ ਨੇ ਉਸਦੀ ਨੱਕ ਕੱਟ ਲਈ ਜੀ।" ਇਸ ਉਪਰ ਸਾਰਿਆਂ ਨੇ ਹਾਸੇ ਦਾ ਠਹਾਕਾ ਲਾਇਆ।

ਸਿੱਖਾਂ ਦੇ ਜੱਥੇ ਜਦੋਂ ਪਿੰਡੋ–ਪਿੰਡੀ ਘੁੰਮ ਕੇ ਸ਼ਾਤੀ ਬਹਾਲ ਕਰਦੇ ਤੇ ਜ਼ਿਮੀਂਦਾਰਾਂ ਤੋਂ ਟੈਕਸ ਉਗਰਾਉਂਦੇ ਤੇ ਜਦੋਂ ਪਤਾ ਲੱਗਦਾ ਸੀ ਕਿ ਜੱਸਾ ਸਿੰਘ ਆਪਣੇ ਜੱਥੇ

ਨਾਲ ਉਹਨਾਂ ਦੇ ਜਾਂ ਕਿਸੇ ਗੁਆਂਢੀ ਪਿੰਡ ਵਿਚ ਆ ਰਿਹਾ ਹੈ ਤਾਂ ਲੋਕ ਉਸਦੇ ਦਰਸ਼ਨਾਂ ਲਈ ਇਕੱਠੇ ਹੋ ਜਾਂਦੇ। 'ਦੇਗ ਤੇਗ ਫਤਿਹ' ਦੇ ਜੈਕਾਰਿਆਂ ਨਾਲ ਉਸਦਾ ਸਵਾਗਤ ਹੁੰਦਾ। ਨਵਾਬ ਕਪੂਰ ਸਿੰਘ ਤੋਂ ਪਿੱਛੋਂ ਹੁਣ ਜੱਸਾ ਸਿੰਘ ਹੀ ਹਰਮਨ ਪਿਆਰਾ ਆਗੂ ਸੀ। ਹੁਣ ਉਸਦੇ ਹੱਥੋ ਪਾਹੁਲ (ਖੰਡੇ ਬਾਟੇ ਦਾ ਅੰਮ੍ਰਿਤ) ਛਕ ਕੇ ਸਿੱਖ ਬਣਨਾ/ ਸਿੰਘ ਸਜਨਾ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ।

ਜੱਸਾ ਸਿੰਘ ਦੇ ਆਉਣ ਦੀ ਖਬਰ ਜਦੋਂ ਜ਼ਿਲਾ ਸ਼ੇਖੁਪੁਰਾ ਦੇ ਪਿੰਡ ਜੰਡਿਆਲਾ ਸ਼ੇਰ ਖਾਂ ਵਿਚ ਪਹੁੰਚੀ ਤਾਂ ਜਿੰਨੀ ਖੁਸ਼ੀ ਸੁਖਵੰਤ ਕੌਰ ਨੂੰ ਹੋਈ, ਕਿਸੇ ਹੋਰ ਨੂੰ ਨਹੀਂ ਹੋਈ ਹੋਣੀ। ਉਹ ਦਰਮਿਆਨੇ ਕੱਦ, ਸੁਡੌਲ ਜੁੱਸੇ ਤੇ ਪੱਕੀ ਉਮਰ ਦੀ ਜਨਾਨੀ ਸੀ। ਉਸਦਾ ਪਤੀ ਵਰਿਆਮ ਸਿੰਘ ਬੰਦਾ ਬਹਾਦੁਰ ਦੀ ਸੇਵਾ ਵਿਚ ਸੰਤ ਸਿਪਾਹੀ ਹੁੰਦਾ ਸੀ। ਬੰਦਾ ਬਹਾਦੁਰ ਦੀ ਸ਼ਹਾਦਤ ਪਿੱਛੋਂ ਵੀ ਉਸਨੇ ਹਥਿਆਰ ਨਹੀਂ ਸੀ ਸੁੱਟੇ। ਉਹ ਵੀ ਵਿਦੇਸ਼ੀ ਸਰਕਾਰ ਨਾਲ ਲੋਹਾ ਲੈਣ ਵਾਲੇ ਸਿੱਖ ਬਾਗੀਆਂ ਨਾਲ ਜੰਗਲ ਵਿਚ ਚਲਾ ਗਿਆ ਸੀ। ਕਦੀ ਕਦੀ ਰਾਤ ਦੇ ਹਨੇਰੇ ਵਿਚ ਘਰ ਆ ਜਾਂਦਾ ਤੇ ਦਿਨ ਨਿਕਲਣ ਤੋਂ ਪਹਿਲਾਂ ਹੀ ਜੰਗਲ ਵਿਚ ਪਰਤ ਜਾਂਦਾ। ਇਕ ਵਾਰੀ ਸੌਣ ਦੇ ਮਹੀਨੇ ਦੀ ਹਨੇਰੀ ਰਾਤ ਸੀ, ਵਰਿਆਮ ਸਿੰਘ ਛੁਪਦਾ–ਛਿਪਾਂਦਾ ਘਰ ਆਇਆ। ਉਹ ਸਿਰ ਤੋਂ ਪੈਰਾਂ ਤੀਕ ਭਿੱਜਿਆ ਹੋਇਆ ਸੀ। ਸਤਵੰਤ ਕੌਰ ਪਹਿਲਾਂ ਹੀ ਉਸਦੀ ਉਡੀਕ ਵਿਚ ਸੀ। ਉਸਨੂੰ ਪਤਾ ਸੀ ਕਿ ਪਤੀ ਇਹੋ ਜਿਹੀਆਂ ਰਾਤਾਂ ਵਿਚ ਹੀ ਘਰ ਆਉਂਦਾ ਹੁੰਦਾ ਹੈ, ਕਿਉਂਕਿ ਅਜਿਹੀਆਂ ਰਾਤਾਂ ਵਿਚ ਗਸ਼ਤੀ–ਫੌਜ ਗਸ਼ਤ ਲਾਉਣ ਦੇ ਬਜਾਏ ਆਪਣੇ ਠਿਕਾਣਿਆ ਵਿਚ ਲੁਕੀ ਹੁੰਦੀ ਹੈ ਤੇ ਮੁਖਬਰ ਵੀ ਬੂਥੀਆਂ ਬਾਹਰ ਨਹੀਂ ਕੱਢਦੇ। ਵਰਿਆਮ ਸਿੰਘ ਨੇ ਭਿੱਜੇ ਕੱਪੜੇ ਲਾਹ ਕੇ ਪਤਨੀ ਦੁਆਰਾ ਪਹਿਲਾਂ ਹੀ ਤਿਆਰ ਰੱਖੇ ਸੁੱਕੇ ਕੱਪੜੇ ਪਾ ਲਏ ਤੇ ਆਰਾਮ ਨਾਲ ਮੰਜੇ ਉੱਤੇ ਬੈਠ ਗਿਆ।

"ਮੈਂ ਕੱਲ੍ਹ ਟਾਹਲੀ ਹੇਠ ਰੋਟੀਆਂ ਰੱਖ ਆਈ ਸਾਂ, ਮਿਲ ਗਈਆਂ ਸੀ ਨਾ?" ਸਤਵੰਤ ਕੌਰ ਨੇ ਪਤੀ ਦੇ ਮੋਢੇ ਉੱਤੇ ਹੱਥ ਰੱਖ ਕੇ, ਮੂੰਹ ਕੰਨ ਕੋਲ ਲਿਜਾਅ ਕੇ

ਪੁੱਛਿਆ।

"ਹਾਂ, ਮਿਲ ਗਈਆਂ ਸੀ।" ਵਰਿਆਮ ਸਿੰਘ ਨੇ ਉਤਰ ਦਿੱਤਾ। "ਸਾਨੂੰ ਪਤਾ ਸੀ ਤੂੰ ਨੇਮ ਦੀ ਪੱਕੀ ਏਂ, ਬਰਸਾਤ ਵਿਚ ਵੀ ਰੋਟੀਆਂ ਜ਼ਰੂਰ ਰੱਖ ਜਾਏਂਗੀ।"

"ਹੋਰ ਲੋਕ ਵੀ ਰੱਖ ਜਾਂਦੇ ਨੇ?"

"ਹਾਂ, ਹੋਰ ਵੀ ਰੱਖ ਜਾਂਦੇ ਨੇ।"

"ਇਹਨਾਂ ਨਾਲ ਤੁਹਾਡਾ ਕੰਮ ਚੱਲ ਜਾਂਦੈ ਜਾਂ...?"

ਅੰਦਰ ਦੀਵੇ ਦੀ ਮੱਧਮ ਰੌਸ਼ਨੀ ਸੀ। ਬਾਹਰ ਮੀਂਹ ਪੈ ਰਿਹਾ ਸੀ। ਮੀਂਹ ਕੱਲ੍ਹ ਵੀ ਪਿਆ ਸੀ, ਝੜੀ ਲੱਗ ਗਈ ਜਾਪਦੀ ਸੀ।

"ਸਤਵੰਤ ਕੌਰੇ," ਵਰਿਆਮ ਸਿੰਘ ਪਤਨੀ ਵੱਲ ਦੇਖ ਕੇ ਮਿੰਨਾਂ–ਮਿੰਨਾਂ ਮੁਸਕਰਾਇਆ ਤੇ ਜ਼ਰਾ ਰੁਕ ਕੇ ਬੋਲਿਆ, "ਕੰਮ ਭਾਵੇਂ ਨਾ ਚੱਲੇ, ਪਰ ਇਹਨਾਂ ਰੋਟੀਆਂ ਦਾ ਇਕ ਵਿਸ਼ੇਸ਼ ਮਹੱਤਵ ਏ, ਇਹ ਰੋਟੀਆਂ ਸ਼ਰਧਾ, ਵਿਸ਼ਵਾਸ ਤੇ ਤਿਆਗ ਦਾ ਪ੍ਰਤੀਕ ਨੇ। ਇਹਨਾਂ ਨਾਲ ਸਾਡਾ ਮਨੋਬਲ ਵਧਦਾ ਏ ਤੇ ਆਪਣੇ ਲੋਕਾਂ ਵਿਚ ਵਿਸ਼ਵਾਸ ਪੈਦਾ ਹੁੰਦਾ ਏ।" ਹਵਾ ਦਾ ਇਕ ਤੇਜ਼ ਬੁੱਲ੍ਹਾ ਆਇਆ। ਦੀਵੇ ਦੀ ਲੋਅ ਥਰਥਰ ਕੰਬੀ। ਇਸ ਖ਼ਿਆਲ ਨਾਲ ਕਿ ਕਿਤੇ ਦੀਵਾ ਬੁਝ ਨਾ ਜਾਏ ਸਤਵੰਤ ਕੌਰ ਨੇ ਲੋਅ ਦੁਆਲੇ ਹਥੇਲੀਆਂ ਦੀ ਓਟ ਕਰ ਦਿੱਤੀ। ਬੁੱਲ੍ਹਾ ਲੰਘ ਜਾਣ ਪਿੱਛੋਂ ਲੋਅ ਸਥਿਰ ਹੋਈ ਤਾਂ ਵਰਿਆਮ ਸਿੰਘ ਬੋਲਿਆ, "ਤੁਹਾਡੀਆਂ ਰੋਟੀਆਂ ਖਾ ਕੇ ਸਾਨੂੰ ਬੜੀ ਖੁਸ਼ੀ ਹੁੰਦੀ ਏ। ਘਰ ਦੀ ਯਾਦ ਉਹਨਾਂ ਵਿਚ ਰਸ ਘੋਲ ਦਿੰਦੀ ਏ। ਵਰਨਾ ਤੂੰ ਜਾਣਦੀ ਏਂ," ਉਸਦੀ ਆਵਾਜ਼ ਬਦਲ ਗਈ ਤੇ ਉਹ ਸੱਜੀ ਬਾਂਹ ਹਵਾ ਵਿਚ ਉਲਾਰ ਕੇ ਬੋਲਿਆ, "ਸਾਡਾ ਆਪਣਾ ਬਹੁਬਲ ਤੇ ਗੁਰੂ ਦੀਆਂ ਕਿਰਪਾਨਾਂ ਨੇ। ਅਸੀਂ ਦੁਸ਼ਮਣ ਨੂੰ ਸੋਧ ਕੇ ਉਸਦੀ ਰਸਦ ਤੇ ਉਸ ਦੇ ਹਥਿਆਰ ਖੋਹ ਲੈਂਦੇ ਹਾਂ। ਇਹ ਨਾ ਹੋਏ ਤਾਂ ਸ਼ਿਕਾਰ ਨਾਲ ਕੰਮ ਚਲਾ ਲੈਣੇ ਆਂ

www.punjabilibrary.com

ਤੇ ਭੁੱਖੇ ਵੀ ਮੌਜ–ਮਸਤੀ ਨਾਲ ਦਿਨ ਬਿਤਾਉਂਦੇ ਆਂ।"

ਪਤੀ ਪਤਨੀ ਦੋਹੇਂ ਮੁਸਕਰਾ ਪਏ। ਦੀਵੇ ਦੀ ਲੋਅ ਕੰਬੀ। ਕੁਝ ਪਲ ਮੌਨ ਵਿਚ ਲੰਘੇ।

"ਮੱਝ ਦੁੱਧ ਦੇ ਰਹੀ ਏ ਨਾ?" ਵਰਿਆਮ ਸਿੰਘ ਨੇ ਵਿਸ਼ਾ ਬਦਲਿਆ।

"ਹਾਂ, ਦੇ ਰਹੀ ਏ। ਪਰ ਮੁਸ਼ਕਲ ਨਾਲ ਚਾਰ ਕੁ ਸੇਰ।"

"ਏਨਾ ਹੀ ਬਥੇਰਾ ਏ। ਉਸਨੇ ਤਿੰਨਾਂ ਮਹੀਨਿਆਂ ਪਿੱਛੋਂ ਸੂਣਾ ਵੀ ਤਾਂ ਹੈ।"

ਜਦੋਂ ਇਹ ਗੱਲਾਂ ਹੋ ਰਹੀਆਂ ਸਨ। ਉਹਨਾਂ ਦਾ ਇਕਲੌਤਾ ਪੁੱਤਰ ਭੂਪ ਸਿੰਘ ਜਾਗ ਪਿਆ। ਵਰਿਆਮ ਸਿੰਘ ਨੇ 'ਭੂਪਾ, ਭੂਪਾ! ਮੇਰਾ ਪੁੱਤਰ ਭੂਪਾ!' ਕਹਿੰਦਿਆਂ ਹੋਇਆਂ ਉਸਨੂੰ ਜੱਫੀ ਵਿਚ ਲੈ ਲਿਆ ਤੇ ਭੂਪੇ ਨੇ ਵੀ 'ਭਾਪਾ, ਭਾਪਾ!' ਕਹਿ ਕੇ ਆਪਣੀਆਂ ਨਿੱਕੀਆਂ–ਨਿੱਕੀਆਂ ਬਾਹਾਂ ਆਪਣੇ ਭਾਪੇ ਦੇ ਗਲ਼ ਵਿਚ ਪਾ ਦਿੱਤੀਆਂ।

ਭੂਪੇ ਦੀ ਉਮਰ ਚਾਰ ਕੁ ਸਾਲ ਦੀ ਸੀ। ਰੰਗ ਗੋਰਾ, ਅੱਖਾਂ ਭੂਰੀਆਂ, ਨੱਕ ਮਿੱਡਾ, ਚਿਹਰਾ ਗੋਲ ਤੇ ਭਰਿਆ–ਭਰਿਆ।।

"ਹੁਣ ਇਹ ਸਿਆਣਾ ਹੋ ਗਿਆ ਏ। ਮੈਂ ਚਲਾ ਜਾਂਨਾਂ ਤਾਂ ਯਾਦ ਕਰਦਾ ਹੋਏਗਾ?"

"ਹਾਂ, ਪੁੱਛਦਾ ਏ ਭਾਪਾ ਕਦੋਂ ਆਏਗਾ? ਪਰ ਤੇਰੇ ਘਰ ਆਉਣ ਬਾਰੇ ਕਿਸੇ ਨੂੰ ਨਹੀਂ ਦੱਸਦਾ। ਹਵਾ ਨਹੀਂ ਕੱਢਦਾ।"

"ਇਹ ਤਾਂ ਫੇਰ ਵੀ ਆਦਮੀ ਦਾ ਬੱਚਾ ਏ, ਪਸ਼ੂ–ਪੰਖੀਆਂ ਦੇ ਬੱਚੇ ਵੀ ਖਤਰੇ ਨੂੰ ਤਾੜ ਲੈਂਦੇ ਨੇ, ਤੇ ਉਸਤੋਂ ਬਚਦੇ ਨੇ।"

ਸਤਵੰਤ ਕੌਰ ਨੇ ਖੁਸ਼ੀ ਤੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਆਪਣੇ ਪਤੀ ਵੱਲ ਤੱਕਿਆ। ਸੰਘਰਸ਼ ਵਿਚ ਪੈ ਕੇ ਆਦਮੀ ਕਿੰਨਾਂ ਬਦਲ ਜਾਂਦਾ ਹੈ! ਪਤੀ ਦਾ ਬਦਲਿਆ ਹੋਇਆ ਰੂਪ ਉਸ ਦੇ ਸਾਹਮਣੇ ਸੀ। ਸਿੱਧਾ-ਸਾਦਾ ਕਿਸਾਨ, ਦਾਰਸ਼ਨੀਕ ਬਣ ਚੁੱਕਿਆ ਸੀ। ਜੰਗਲ ਵਿਚ ਪਸ਼ੂ-ਪੰਛੀਆਂ ਵਿਚਕਾਰ ਰਹਿ ਕੇ ਜੋ ਦੇਖਿਆ, ਅਨੁਭਵ ਕੀਤਾ ਸੀ, ਉਸਦੀਆਂ ਗੱਲਾਂ ਕਰ ਰਿਹਾ ਸੀ। ਮਨੁੱਖ ਦਾ ਸਾਰਾ ਗਿਆਨ ਅਨੁਭਵ ਤੋਂ ਹੀ ਪੈਦਾ ਹੋਇਆ ਹੈ।

ਸਤਵੰਤ ਕੌਰ ਦੀ ਸੱਜੀ ਅੱਖ ਹੇਠ ਇਮਲੀ ਦੀ ਗੁਠਲੀ ਜਿੱਡਾ ਮੱਸਾ ਸੀ, ਜਿਹੜਾ ਉਸਦੇ ਅੰਡਾ-ਕਾਰ ਸੁੰਦਰ ਚਿਹਰੇ ਨੂੰ ਹੋਰ ਵੀ ਸੁੰਦਰ ਬਣਾ ਦਿੰਦਾ ਸੀ। ਉਸਦਾ ਆਪਣਾ ਜੀਵਨ ਵੀ ਬੜੇ ਸੰਘਰਸ਼ ਵਿਚ ਬੀਤਿਆ ਸੀ। ਇਸ ਸੰਘਰਸ਼ ਵਿਚ ਹੀ ਉਸਦੇ ਵਿਅਕਤੀਤਵ ਦਾ ਵਿਕਾਸ ਹੋਇਆ ਸੀ ਤੇ ਭੂਪੇ ਦੇ ਜਨਮ ਦੀ ਘਟਨਾ ਇਸ ਗੱਲ ਦੀ ਸਾਖੀ ਸੀ...:

ਪਤੀ ਤੋਂ ਬਾਅਦ ਘਰ ਵਿਚ ਸਿਰਫ ਬੁੱਢੀ ਸੱਸ ਰਹਿ ਗਈ। ਘਰ ਤੋਰਨ ਲਈ ਸਤਵੰਤ ਕੌਰ ਨੂੰ ਬੜੀ ਮਿਹਨਤ ਕਰਨੀ ਪਈ ਸੀ। ਜਦੋਂ ਭੂਪਾ ਢਿੱਡ ਵਿਚ ਸੀ ਤੇ ਦਿਨ ਪੂਰੇ ਹੋਏ ਹੋਏ ਸਨ, ਉਹ ਖੇਤ ਵਿਚ ਮੱਝ ਲਈ ਪੱਠੇ ਵੱਢ ਰਹੀ ਸੀ ਕਿ ਅਚਾਨਕ ਪੀੜਾਂ ਸ਼ੁਰੂ ਹੋ ਗਈਆਂ ਸਨ। ਉਹ ਪੱਠੇ ਉੱਥੇ ਹੀ ਛੱਡ ਕੇ ਨਿੰਮ ਦੀ ਛਾਂ ਹੇਠ ਆ ਗਈ। ਫੁਲਕਾਰੀ, ਜਿਹੜੀ ਉਸਨੇ ਉੱਤੇ ਲਈ ਹੋਈ ਸੀ, ਲਾਹ ਕੇ ਹੇਠਾਂ ਵਿਛਾਈ। ਉਸ ਉਪਰ ਲੇਟ ਕੇ ਬੱਚੇ ਨੂੰ ਜਨਮ ਦਿੱਤਾ, ਦਾਤਰੀ ਨਾਲ ਉਸਦਾ ਨਾੜੂਆ ਕੱਟਿਆ ਤੇ ਫੁਲਕਾਰੀ ਵਿਚ ਲਪੇਟ ਕੇ ਉਸਨੂੰ ਉੱਥੇ ਹੀ ਪਾ ਦਿੱਤਾ, ਫੇਰ ਪੱਠੇ ਵੱਢੇ, ਉਹਨਾਂ ਦਾ ਗੱਠਾ ਬੰਨ੍ਹ ਕੇ ਸਿਰ ਉਪਰ ਰੱਖਿਆ ਤੇ ਇਕ ਬਾਂਹ ਉਪਰ ਫੁਲਕਾਰੀ ਵਿਚ ਲਪੇਟੇ ਬੱਚੇ ਨੂੰ ਚੁੱਕ ਕੇ ਘਰ ਆ ਗਈ।

ਜਦੋਂ ਵਰਿਆਮ ਸਿੰਘ ਘਰ ਆਇਆ ਤਾਂ ਬੱਚੇ ਦੇ ਜਨਮ ਦੀ ਕਹਾਣੀ ਸੁਣ ਕੇ ਉਸਨੇ ਪਤਨੀ ਵੱਲ ਪ੍ਰਸ਼ੰਸਾ ਤੇ ਹੈਰਾਨੀ ਭਰੀਆਂ ਅੱਖਾਂ ਨਾਲ ਤੱਕਿਆ ਸੀ, ਜਿਵੇਂ

ਪਤਨੀ ਅੱਜ ਉਸ ਵੱਲ ਦੇਖ ਰਹੀ ਸੀ।

ਬਾਹਰ ਮੀਂਹ ਤੇਜ਼ ਹੋ ਗਿਆ। ਬਿਜਲੀ ਕੜਕੀ। ਭੂਪਾ ਡਰ ਗਿਆ। ਵਰਿਆਮ ਸਿੰਘ ਨੇ ਉਸਨੂੰ ਛਾਤੀ ਨਾਲ ਲਾ ਕੇ ਪੁਚਕਾਰਿਆ, "ਪੁੱਤਰ ਡਰ ਨਾ। ਤੂੰ ਸਿੰਘ ਦਾ ਪੁੱਤਰ ਏਂ ਸ਼ੇਰਾ, ਤੇ ਸ਼ੇਰ ਕਦੀ ਡਰਦੇ ਨਹੀਂ ਹੁੰਦੇ। ਅਸੀਂ ਲੋਕ ਮੌਤ ਨਾਲ ਖੇਡ ਰਹੇ ਆਂ। ਧਰਮ ਲਈ ਲੜ ਰਹੇ ਹਾਂ। ਬਿਨਾਂ ਲੜਿਆਂ ਕੁਝ ਨਹੀਂ ਮਿਲਦਾ। ਜੋ ਡਰਦਾ ਏ, ਉਹ ਲੜ ਨਹੀਂ ਸਕਦਾ। ਮੇਰਿਆ ਪੁੱਤਰਾ, ਡਰਨਾ ਨਹੀਂ।"

ਉਸਨੇ ਬੱਚੇ ਨੂੰ ਦੋਹਾਂ ਹੱਥਾਂ ਵਿਚ ਸਿਰ ਤੋਂ ਉਚਾ ਚੁੱਕਿਆ, ਸੱਜੇ-ਖੱਬੇ ਝੁਲਾਇਆ ਤੇ ਮੂੰਹ ਚੁੰਮ ਕੇ ਪਤਨੀ ਨੂੰ ਫੜਾ ਦਿੱਤਾ।

ਇਹ ਪਲ ਸੁਖ ਦੇ ਪਲ ਸਨ। ਵਰਿਆਮ ਸਿੰਘ ਜਦੋਂ ਘਰੋਂ ਨਿਕਲਿਆ, ਮੀਂਹ ਰੁਕ ਚੁੱਕਿਆ ਸੀ। ਸੰਘਣਾ ਹਨੇਰ ਸੀ ਤੇ ਚੁੱਪ ਵਾਪਰੀ ਹੋਈ ਸੀ। ਸਿਰਫ ਰੁੱਖਾਂ ਤੋਂ ਬੂੰਦਾਂ ਡਿੱਗ ਰਹੀਆਂ ਸਨ। ਵਰਿਆਮ ਸਿੰਘ ਸੁਖਮਈ ਯਾਦਾਂ ਵਿਚ ਗਵਾਚਿਆ, ਨਿਸ਼ਚਿੰਤ ਹੋ ਕੇ ਤੁਰਿਆ ਜਾ ਰਿਹਾ ਸੀ। ਅਜੇ ਉਸਨੇ ਜੰਗਲ ਵਿਚ ਪ੍ਰਵੇਸ਼ ਨਹੀਂ ਸੀ ਕੀਤਾ ਕਿ ਘਾਤ ਲਾਈ ਬੈਠੇ ਦੁਸ਼ਮਣ ਨੇ ਉਸਨੂੰ ਦਬੋਚ ਲਿਆ ਤੇ ਲਾਹੌਰ ਲਿਜਾ ਕੇ ਨਖਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ।

ਸਤਵੰਤ ਕੌਰ ਨੂੰ ਇਸ ਘਟਨਾ ਦਾ ਪਤਾ ਨਹੀਂ ਸੀ ਲੱਗਿਆ। ਉਹ ਹਨੇਰੀਆਂ ਰਾਤਾਂ ਵਿਚ ਪਤੀ ਨੂੰ ਉਡੀਕਦੀ ਤੇ ਔਂਸੀਆਂ ਪਾਉਂਦੀ ਰਹੀ। ਇੰਤਜ਼ਾਰ ਕਰਦਿਆਂ ਪੂਰੇ ਦੋ ਵਰ੍ਹੇ ਬੀਤ ਗਏ, ਪਰ ਵਰਿਆਮ ਸਿੰਘ ਨਹੀਂ ਆਇਆ। ਭੂਪਾ ਛੇ ਸਾਲ ਦਾ ਹੋ ਗਿਆ। ਉਹ ਮਾਂ ਤੇ ਦਾਦੀ ਦਾ ਲਾਡਲਾ ਤੇ ਜ਼ਿੰਦਗੀ ਦਾ ਇਕੋਇਕ ਸਹਾਰਾ ਸੀ। ਸਾਰਾ ਦਿਨ ਬੱਚਿਆਂ ਨਾਲ ਖੇਡਦਾ ਤੇ ਖੁਸ਼ ਰਹਿੰਦਾ, ਰਾਤੀਂ ਜਦੋਂ ਮਾਂ ਦੀਵੇ ਦੇ ਚਾਨਣ ਵਿਚ ਔਂਸੀਆਂ ਪਾ ਰਹੀ ਹੁੰਦੀ ਤਾਂ ਉਦਾਸ ਜਿਹੀ ਆਵਾਜ਼ ਵਿਚ ਪੁੱਛਦਾ, "ਮਾਂ, ਭਾਪਾ ਕਦੋਂ ਆਏਗਾ?" ਮਾਂ ਪੁੱਤਰ ਵੱਲ ਦੇਖਦੀ ਤਾਂ ਮਨ ਵਿਚ ਹੂਕ ਜਿਹੀ ਉਠਦੀ। ਬੱਚੇ ਨੂੰ ਪਰਚਾਉਣ ਖਾਤਰ ਸਨੇਹ

–ਭਿੱਜੀ ਆਵਾਜ਼ ਵਿਚ ਉਤਰ ਦਿੰਦੀ, "ਮੇਰੇ ਲਾਡੇ, ਉਹ ਕਿਧਰੇ ਦੂਰ ਚਲਾ ਗਿਆ ਏ। ਆਏਗਾ, ਤੇ ਛੇਤੀ ਈ ਆਏਗਾ।" ਪਰ ਇਸ ਉਤਰ ਨਾਲ ਨਾ ਬੱਚੇ ਦੀ ਤਸੱਲੀ ਹੁੰਦੀ ਤੇ ਨਾ ਹੀ ਉਸਦੀ ਆਪਣੀ। ਉਹ ਸਮਝ ਚੁੱਕੀ ਸੀ ਕਿ ਹੁਣ ਉਹ ਸੰਸਾਰ ਵਿਚ ਨਹੀਂ ਰਿਹਾ। ਗੁਰੂ ਦੇ ਸਰੀਰ ਵਾਂਗ ਉਸਦਾ ਸਰੀਰ ਵੀ ਪੰਥ ਦੇ ਲੇਖੇ ਲੱਗ ਗਿਆ ਏ।

ਪਰ ਇਸ ਦੇ ਬਾਵਜੂਦ ਵੀ ਉਹਨਾਂ ਦੇ ਘਰ ਢੇਰ ਸਾਰੀਆਂ ਰੋਟੀਆਂ ਪੱਕਦੀਆਂ ਰਹੀਆਂ, ਜਿਹਨਾਂ ਨੂੰ ਮੱਖਣ ਤੇ ਲੱਸੀ ਵਾਲੇ ਕੁੱਜੇ ਸਮੇਤ, ਉਹ ਜੰਗਲ ਵਿਚ ਨਿਸ਼ਚਤ ਸਥਾਨ ਉਪਰ ਰੱਖ ਆਉਂਦੀ ਰਹੀ। ਉਸਦੇ ਘਰ ਦੇ ਨਾਲ ਦਾ ਘਰ ਸੱਯਦ ਕੁਤਬ ਸ਼ਾਹ ਕਾ ਸੀ। ਜਦੋਂ ਉਹ ਰੋਟੀਆਂ ਲੈ ਕੇ ਜੰਗਲ ਵੱਲ ਜਾਂਦੀ ਤਾਂ ਕੁਤਬ ਸ਼ਾਹ ਆਪ ਜਾਂ ਉਸਦੀ ਪਤਨੀ ਅੱਲਾ ਰੱਖੀ ਉਸਦੇ ਨਾਲ ਹੋ ਲੈਂਦੀ।

ਭੂਪਾ ਸਭ ਕੁਝ ਦੇਖਦਾ ਤੇ ਸਮਝਦਾ ਸੀ ਕਿ ਏਨੀਆਂ ਰੋਟੀਆਂ ਕਿਸ ਲਈ ਪੱਕਦੀਆਂ ਹਨ। ਮਾਂ ਉਸਨੂੰ ਸ਼ਹੀਦਾਂ ਦੇ ਬਲੀਦਾਨ ਦੀਆਂ ਕਹਾਣੀਆਂ ਸੁਣਾਉਂਦੀ ਰਹਿੰਦੀ ਸੀ, ਜਿਸ ਕਰਕੇ ਉਸਦੇ ਮਨ ਵਿਚ ਗ਼ੁਲਾਮੀ ਤੇ ਜ਼ੁਲਮ ਦੇ ਵਿਰੁੱਧ ਲੜਨ ਦੀ ਭਾਵਨਾ ਪੱਕੀ ਹੁੰਦੀ ਗਈ। ਜਦੋਂ ਉਹ ਬਾਰਾਂ ਸਾਲ ਦਾ ਹੋਇਆ ਤਾਂ ਮਾਂ ਨੇ ਉਸਨੂੰ ਸਾਈਂ ਜਹੀਰ ਬਖ਼ਸ਼ ਭਾਵ ਬਾਬੇ ਗੁਰਬਖ਼ਸ਼ ਸਿੰਘ ਦੇ ਤਕੀਏ ਵਿਚ ਅਲਹੋਲ ਭੇਜ ਦਿੱਤਾ। ਉੱਥੇ ਉਸ ਅਰਬੀ ਫਾਰਸੀ ਪੜ੍ਹੀ, ਭੇਸ ਬਦਲ ਕੇ ਜਾਸੂਸੀ ਕਰਨਾ ਸਿੱਖਿਆ ਤੇ ਦੁਸ਼ਮਣ ਦੀ ਨਜ਼ਰ ਤੋਂ ਵੀ ਬਚਿਆ ਰਿਹਾ। ਹੁਣ ਜਦੋਂ ਹਾਲਾਤ ਬਦਲੇ, ਉਹ ਘਰ ਆ ਗਿਆ। ਉਸਦੀ ਉਮਰ ਅਠਾਰਾਂ ਸਾਲ ਤੋਂ ਦੋ ਮਹੀਨੇ ਉਤੇ ਸੀ। ਨਿੱਕੀਆਂ ਨਿੱਕੀਆਂ ਮੁੱਛਾਂ ਤੇ ਦਾੜ੍ਹੀ ਫੁੱਟ ਆਈ ਸੀ। ਕੱਦ ਦਰਮਿਆਨਾ ਤੇ ਸਰੀਰ ਪੂਰਾ ਨਰੋਆ ਸੀ। ਚਿਹਰੇ 'ਚੋਂ ਦ੍ਰਿੜ੍ਹ ਸੰਕਲਪ ਦੀ ਭਾਅ ਮਾਰਦੀ ਸੀ।

ਜੱਸਾ ਸਿੰਘ ਦੇ ਜੱਥੇ ਦਾ ਸਵਾਗਤ ਕਰਨ ਲਈ ਇਕੱਠੇ ਹੋਏ ਮਰਦ–ਔਰਤਾਂ ਵਿਚ ਸੱਯਦ ਕੁਤਬ ਸ਼ਾਹ ਤੇ ਸਤਵੰਤ ਕੌਰ ਸਭ ਨਾਲੋਂ ਅੱਗੇ ਸਨ। ਉਹ ਦੋਹਾਂ

ਪਿੰਡਾਂ ਵਿਚ ਜਾਣੇ-ਪਛਾਣੇ ਜਾਂਦੇ ਸਨ ਤੇ ਲੋਕ ਉਹਨਾਂ ਦਾ ਆਦਰ ਕਰਦੇ ਸਨ। ਜਦੋਂ ਪਾਹੁਲ ਛਕਾਉਣ ਦੀ ਰਸਮ ਸ਼ੁਰੂ ਹੋਈ ਤਾਂ ਸਤਵੰਤ ਕੌਰ ਨੇ ਸਭ ਤੋਂ ਪਹਿਲਾਂ ਆਪਣੇ ਪੁੱਤਰ ਭੂਪ ਸਿੰਘ ਨੂੰ ਜੱਸਾ ਸਿੰਘ ਸਾਹਮਣੇ ਲਿਜਾ ਖੜ੍ਹਾ ਕੀਤਾ ਤੇ ਬੜੀ ਨਿਮਰਤਾ ਨਾਲ ਬੋਲੀ, "ਇਹ ਮੇਰਾ ਇਕਲੌਤਾ ਪੁੱਤਰ ਭੂਪਾ ਏ। ਜਿਵੇਂ ਤੁਹਾਡੀ ਵਿਧਵਾ ਮਾਂ ਨੇ ਤੁਹਾਨੂੰ ਨਵਾਬ ਕਪੂਰ ਸਿੰਘ ਦੇ ਸਪੁਰਦ ਕੀਤਾ ਸੀ, ਮੈਂ ਇਕ ਵਿਧਵਾ ਮਾਂ ਆਪਣਾ ਪੁੱਤਰ ਤੁਹਾਡੇ ਸਪੁਰਦ ਕਰਦੀ ਹਾਂ।"

"ਭੈਣਾ ਤੂੰ ਨਿਸਚਿੰਤ ਰਹੁ। ਤੇਰਾ ਪੁੱਤਰ ਭੂਪ ਸਿੰਘ ਹੁਣ ਮੇਰਾ ਪੁੱਤਰ ਏ, ਪੰਥ ਦਾ ਪੁੱਤਰ ਏ। ਉਸਦਾ ਹਰ ਤਰ੍ਹਾਂ ਨਾਲ ਖਿਆਲ ਰੱਖਿਆ ਜਾਏਗਾ।" ਜੱਸਾ ਸਿੰਘ ਆਹਲੂਵਾਲੀਆ ਨੇ ਤਸੱਲੀ ਦਿਵਾਈ ਤੇ ਭੂਪ ਸਿੰਘ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸੰਤ-ਸਿਪਾਹੀ ਬਣਾ ਲਿਆ।

ਦੀਵਾਨ ਵਿਚ ਜੈਕਾਰੇ ਛੱਡੇ ਗਏ।

ਅਰਜਨ ਲਾਲ ਖੱਤਰੀ ਦੇ ਦੋ ਪੁੱਤਰ ਸਨ, ਕਰਮ ਚੰਦ ਤੇ ਭੀਮ ਚੰਦ ਦੋਹੇਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਇਹ ਸਿਲਸਿਲਾ ਦੁਪਹਿਰ ਦੇ ਦੋ ਵਜੇ ਸ਼ੁਰੂ ਹੋਇਆ ਸੀ ਤੇ ਸ਼ਾਮ ਦੇ ਪੰਜ, ਸਵਾ-ਪੰਜ ਵਜੇ ਤਕ ਚਲਦਾ ਰਿਹਾ। ਨਿਰੰਜਨ ਦਰਜੀ, ਸੋਭਾ ਤਖਾਣ, ਭੀਖਾ ਨਾਈ, ਮੋਹਨਾਂ ਧੋਬੀ, ਚਤਰਾ ਝਿਊਰ ਤੇ ਭੋਲਾ ਮੋਚੀ ਵਗੈਰਾ ਕਈ ਜਣੇ ਸਿੰਘ ਸਜ ਗਏ। ਉਹਨਾਂ ਦਾ ਜਿੱਥੇ ਨਾਂ ਬਦਲਿਆ ਗਿਆ, ਉੱਥੇ ਹੀ ਜਾਤ-ਪਾਤ ਦਾ ਫਰਕ ਵੀ ਮਿਟ ਗਿਆ। ਹੁਣ ਉਹ ਧਰਮ ਦੀ ਰੱਖਿਆ ਅਤੇ ਦੇਸ਼ ਦੀ ਆਜਾਦੀ ਲਈ ਲੜਨ ਵਾਲੇ ਸੰਤ-ਸਿਪਾਹੀ ਸਨ। ਇਹ ਉਹਨਾਂ ਦੇ ਦੂਜੇ ਜਨਮ ਤੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਸੀ।

ਸੱਯਦ ਕੁਤਬ ਸ਼ਾਹ ਨੇ ਜਿਸ ਦੇ ਚਿਹਰੇ ਉਪਰ ਮਹਿੰਦੀ ਨਾਲ ਰੰਗੀ ਸ਼ਰਈ-ਦਾੜ੍ਹੀ ਸੀ, ਨਵੇਂ ਸਿੰਘਾਂ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ, “ਜੁਲਮ ਕਿਸੇ ਵੀ ਤਰ੍ਹਾਂ ਦਾ ਹੋਏ, ਉਸਦੇ ਖ਼ਿਲਾਫ਼ ਲੜਨਾਂ ਇਨਸਾਨ ਦਾ ਫ਼ਰਜ਼ ਹੈ।”

ਸਮਾਰੋਹ ਸਮਾਪਤ ਹੋਇਆ ਤਾਂ ਜੱਥੇ ਨੂੰ 'ਫਤਹਿ–ਫਤਹਿ' ਦੇ ਨਾਅਰਿਆਂ ਨਾਲ ਭਾਵ–ਭਿੱਜੀ ਵਿਦਾਈ ਦਿੱਤੀ ਗਈ। ਕੁਤਬ ਸ਼ਾਹ ਦਾ ਨਿੱਕਾ ਬੇਟਾ, ਜਿਸ ਦੀ ਉਮਰ ਪੰਜ ਕੁ ਸਾਲ ਦੀ ਸੀ, ਪਿਓ ਦੀ ਉਂਗਲ ਫੜ੍ਹੀ ਖੜ੍ਹਾ ਇਹ ਦ੍ਰਿਸ਼ ਦੇਖ ਰਿਹਾ ਸੀ। ਉਹ ਵੀਰ੍ਹ ਗਿਆ ਤੇ ਭੌਇੰ ਤੇ ਲਿਟਣ ਲੱਗਾ ਕਿ 'ਮੈਂ ਵੀ ਜਾਵਾਂਗਾ, ਮੈਂ ਵੀ ਲੜਾਂਗਾ।'

ਉਹ ਆਪਣੇ ਅੱਬਾ ਤੋਂ ਹੱਥ ਛੁਡਾਉਣ ਦਾ ਯਤਨ ਕਰ ਰਿਹਾ ਸੀ ਤੇ ਵਾਰੀ ਵਾਰੀ ਦੂਹਰਾ ਰਿਹਾ ਸੀ, 'ਮੈਂ ਵੀ ਜਾਵਾਂਗਾ, ਮੈਂ ਵੀ ਲੜਾਂਗਾ'। ਉਸਦੀ ਇਸ ਜ਼ਿੱਦ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿਚਿਆ। ਜੱਸਾ ਸਿੰਘ ਨੇ ਉਸਨੂੰ ਗੋਦੀ ਵਿਚ ਚੁੱਕ ਕੇ ਪਿਆਰ ਕੀਤਾ ਤੇ ਉਸਦੀਆਂ ਗਲ੍ਹਾਂ ਥਾਪੜਦਿਆਂ ਹੋਇਆਂ ਕਿਹਾ, "ਤੂੰ ਇਕ ਚੰਗਾ ਬੱਚਾ ਏਂ। ਚੰਗੇ ਬੱਚੇ ਜ਼ਰੂਰ ਲੜਦੇ ਨੇ, ਪਰ ਜਦੋਂ ਤੂੰ ਏਨਾ ਵੱਡਾ ਹੋ ਜਾਏਂਗਾ, ਅਸੀਂ ਤੈਨੂੰ ਵੀ ਆਪਣੇ ਨਾਲ ਲੈ ਜਾਵਾਂਗੇ।"

ਬੱਚੇ ਦਾ ਨਾਂ ਵਾਰਿਸ ਸੀ; ਪੰਜਾਬੀ ਦਾ ਹੋਣ ਵਾਲਾ ਮਹਾਂਕਵੀ ਵਾਰਿਸ ਸ਼ਾਹ, ਜਿਹੜਾ ਬੁੱਲ੍ਹੇ ਸ਼ਾਹ ਦੀ ਮੌਤ ਤੋਂ ਤਿੰਨ, ਸਾਢੇ–ਤਿੰਨ ਸਾਲ ਪਹਿਲਾਂ ਪੈਦਾ ਹੋਇਆ ਸੀ, ਉਹ ਜੱਸਾ ਸਿੰਘ ਦੇ ਪੁਚਕਾਰਨ ਨਾਲ ਸ਼ਾਂਤ ਹੋਇਆ ਸੀ ਤੇ ਜੱਥਾ ਚਲਾ ਗਿਆ ਸੀ।

ਨਾਦਰ ਸ਼ਾਹ ਦੇ ਹਮਲੇ ਦੇ ਕਾਰਨ ਪਿੰਡਾਂ ਦੇ ਪਿੰਡ ਉੱਜੜ ਗਏ ਸਨ ਤੇ ਸਾਰਾ ਨਿਜ਼ਾਮ ਖੇਰੂ–ਖੇਰੂ ਹੋ ਗਿਆ ਸੀ। ਜ਼ਕਰੀਆ ਖਾਂ ਕੋਲ ਨਾ ਫੌਜ ਸੀ ਤੇ ਨਾ ਹੀ ਖਜਾਨਾ। ਉਸਨੂੰ ਦੁਬਾਰਾ ਨਿਜ਼ਾਮ ਬਹਾਲ ਕਰਨ ਅਤੇ ਉੱਜੜੇ ਹੋਏ ਪਿੰਡਾਂ ਨੂੰ ਵਸਾਉਣ ਵਿਚ ਤਿੰਨ ਸਾਲ ਲੱਗ ਗਏ। ਇਸ ਦੌਰਾਨ ਸਿੱਖਾਂ ਦੇ ਵਿਸਥਾਰ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਸਨ ਤੇ ਨਾਦਰ ਸ਼ਾਹ ਦੀ ਇਹ ਭਵਿੱਖਬਾਣੀ ਵੀ ਕਈ ਵਾਰੀ ਯਾਦ ਆਉਂਦੀ ਰਹੀ ਸੀ ਕਿ 'ਹਕੂਮਤ ਤੁਸੀਂ ਨਹੀਂ,

ਉਹ ਲੋਕ ਕਰਨਗੇ।' ਉਹ ਰਾਤ ਨੂੰ ਤ੍ਰਬਕ-ਤ੍ਰਬਕ ਉਠਦਾ ਤੇ ਦਹਿਸ਼ਤ ਵੱਸ ਚੀਕਣ ਲੱਗਦਾ, 'ਮੈਂ ਉਹਨਾਂ ਨੂੰ ਖਤਮ ਕਰ ਦਿਆਂਗਾ...ਖਤਮ ਕਰ ਦਿਆਂਗਾ।' ਉਸਦੀਆਂ ਮੁੱਠੀਆਂ ਭਿਚ ਜਾਂਦੀਆਂ ਤੇ ਮੂੰਹ ਵਿਚੋਂ ਝੱਗ ਡਿੱਗਣ ਲੱਗਦੀ। ਉਹ ਬੇਵੱਸ ਸੀ। ਬੇਵੱਸੀ ਵਿਚ ਆਦਮੀ ਇਸ ਤੋਂ ਵੱਧ ਹੋਰ ਕਰ ਵੀ ਕੀ ਸਕਦਾ ਹੈ?

ਪਰ ਜਿਵੇਂ ਹੀ ਉਸਦੀ ਆਪਣੀ ਹਾਲਤ ਸੰਭਲੀ ਤੇ ਦਿੱਲੀ ਤੋਂ ਸਹਾਇਤਾ ਮਿਲੀ, ਉਸਨੇ ਸਿੱਖਾਂ ਉਪਰ ਜਬਰਦਸਤ ਹਮਲਾ ਕਰ ਦਿੱਤਾ। ਡੱਲੇਵਾਲ ਦੇ ਕਿਲੇ ਵਿਚ ਜਿੰਨਾ ਸਾਮਾਨ ਸੀ, ਲੁੱਟ ਲਿਆ ਤੇ ਉਸਨੂੰ ਢਾਅ ਕੇ ਮਿੱਟੀ ਵਿਚ ਮਿਲਾ ਦਿੱਤਾ। ਸੈਂਕੜੇ ਸਿੱਖਾਂ ਨੂੰ ਫੜ੍ਹ ਕੇ ਲਾਹੌਰ ਲਿਆਂਦਾ ਗਿਆ ਤੇ ਉਸੇ ਪੁਰਾਣੇ ਨਖਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ।

ਸਿੱਖ ਫੇਰ ਭੱਜ ਕੇ ਜੰਗਲਾਂ ਤੇ ਪਹਾੜਾਂ ਵਿਚ ਜਾ ਛੁਪੇ। ਗਸ਼ਤੀ-ਫੌਜ ਪਿੰਡ-ਪਿੰਡ ਘੁੰਮਣ ਲੱਗੀ। ਨੰਬਰਦਾਰਾਂ, ਮੁਕੱਦਮਾਂ ਤੇ ਚੌਧਰੀਆਂ ਨੂੰ ਮੁੜ ਸਾਵਧਾਨ ਕਰਨ ਲਈ ਇਨਾਮ ਰੱਖ ਦਿੱਤੇ ਗਏ। ਸਿੱਖ ਜ਼ਕਰੀਆਂ ਖਾਂ ਦੇ ਸਿਰ 'ਤੇ ਭੂਤ ਵਾਂਗ ਸਵਾਰ ਹੋਏ ਜਾਪਦੇ ਸਨ। ਉਸਨੂੰ ਇਕ ਪਲ ਲਈ ਵੀ ਚੈਨ ਨਹੀਂ ਸੀ ਮਿਲਦਾ ਤੇ ਉਹ ਮਨ ਪ੍ਰਚਾਉਣ ਖਾਤਰ ਆਪਣੇ ਦਰਬਾਰ ਵਿਚ ਭੰਡਾਂ ਦੇ ਖਾੜੇ ਦੇਖਣ-ਸੁਣਨ ਲੱਗ ਪਿਆ। ਇਕ ਦਿਨ ਬਰਸਾਤ ਦੇ ਮੌਸਮ ਵਿਚ ਦੋ ਦਿਨਾਂ ਦੀ ਝੜੀ ਤੋਂ ਪਿੱਛੋਂ ਜਦੋਂ ਡੱਡੂ ਟਰਟਰਾ ਰਹੇ ਸਨ ਤੇ ਮੱਛਰਾਂ-ਮੱਖੀਆਂ ਤੇ ਭਮੱਕੜਾਂ ਦਾ ਖਾਸਾ ਬੋਲ-ਬਾਲਾ ਹੋ ਗਿਆ ਸੀ ਮਰਾਸੀ-ਭੰਡਾਂ ਨੇ ਇਕ ਹਾਸ-ਵਿਅੰਗ ਪੇਸ਼ ਕੀਤਾ...:

ਇਕ ਮਰਾਸੀ, "ਅੱਲਾ ਤਾਲਾ ਦੀ ਕੁਦਰਤ। ਮੈਂ ਹੈਰਾਨ ਵਾਂ ਕਿ ਇਹ ਏਨੇ ਮੱਖੀਆਂ-ਮੱਛਰ, ਕੀਟ-ਪਤੰਗੇ ਤੇ ਡੱਡੂ ਕਿੱਧਰੋਂ ਆ ਗਏ ਹੋਏ? ਨਾ ਇਹ ਬਾਰਿਸ਼ ਦੇ ਨਾਲ ਅਸਮਾਨ ਵਿਚੋਂ ਡਿੱਗਦੇ ਨੇ ਤੇ ਨਾ ਬਰਸਾਤ ਤੋਂ ਪਹਿਲਾਂ ਕਿਤੇ ਦਿਖਾਈ ਦਿੰਦੇ ਨੇ। ਕਿਉਂ ਭਾਈ ਦੱਸ ਸਮਦਾ ਏਂ ਕਿ ਇਕੋ ਦਮ ਇਹ ਕਿਧਰੋਂ ਆ

ਗਏ?" ਉਹ ਆਪਣੇ ਦੂਜੇ ਸਾਥੀ ਨੂੰ ਪੱਛਣ ਲੱਗਿਆ।

ਦੂਜਾ ਮਰਾਸੀ, "ਤੂੰ ਨਹੀਂ ਸਮਝ ਸਕਦਾ। ਇਹ ਡੱਡੂ ਤੇ ਕੀਟ-ਪਤੰਗੇ ਮੀਂਹ ਦੇ ਪਾਣੀ, ਹਵਾ ਤੇ ਮਿੱਟੀ ਦੇ ਆਪੋ ਵਿਚ ਮਿਲਣ ਤੋਂ ਪੈਦਾ ਹੁੰਦੇ ਨੇ।"

ਤੀਜਾ, "ਮੰਨ ਲਿਆ ਕਿ ਮੀਂਹ ਦੇ ਪਾਣੀ, ਹਵਾ ਤੇ ਮਿੱਟੀ ਤੋਂ ਪੈਦਾ ਹੁੰਦੇ ਨੇ ਪਰ ਇਹ ਲੰਮੇ ਲੰਮੇ ਵਾਲਾਂ ਤੇ ਕਾਲੇ ਕਾਲੇ ਚਿਹਰਿਆਂ ਵਾਲੇ ਵਹਿਸ਼ੀ, ਜਿਹਨਾਂ ਨੂੰ ਹਰ ਰੋਜ਼ ਕਤਲ ਕੀਤਾ ਜਾਂਦਾ ਏ, ਏਨੀ ਤਾਦਾਤ 'ਚ ਕਿੱਥੋਂ ਆ ਜਾਂਦੇ ਨੇ?"

ਦੂਜਾ, "ਓਇ ਮੂਰਖਾ, ਅਕਲ ਦਿਆ ਦੁਸ਼ਮਣਾ। ਜਿਵੇਂ ਡੱਡੂ ਤੇ ਕੀਟ-ਪਤੰਗੇ, ਪਾਣੀ ਤੋਂ ਪੈਦਾ ਹੁੰਦੇ ਨੇ, ਓਵੇਂ ਇਹ ਅੰਮ੍ਰਿਤਸਰ ਦੇ ਤਲਾਅ 'ਚੋਂ..."

ਹਰੇਕ ਸਾਮੰਤੀ ਸ਼ਾਸਕ ਵਾਂਗ ਖਾਨ ਬਹਾਦਰ ਜ਼ਕਰੀਆ ਖਾਂ ਵੀ ਅੰਧਵਿਸ਼ਵਾਸੀ ਸੀ। ਜਿਵੇਂ ਉਸਨੇ ਪਹਿਲਾਂ ਸਿੱਖਾਂ ਨੂੰ ਸਰੋਵਰ ਵਿਚ ਨਹਾਉਣ ਤੋਂ ਰੋਕਣ ਲਈ ਅਬਦੁਲ ਰਹਿਮਾਨ ਦੀ ਡਿਊਟੀ ਲਾਈ ਸੀ, ਹੁਣ ਇਕ ਹੋਰ ਫੌਜਦਾਰ ਮੱਸਾ ਖਾਂ ਰੰਘੜ ਨੂੰ ਭੇਜ ਦਿੱਤਾ। ਮੱਸਾ ਖਾਂ ਕੱਟੜ ਮੁਤਸੱਬੀ ਤੇ ਉੱਜਡ ਆਦਮੀ ਸੀ। ਉਸਨੇ ਆਪਣਾ ਮੰਜਾ ਹਰਿਮੰਦਰ ਸਾਹਿਬ ਵਿਚ ਡਾਹ ਲਿਆ। ਉੱਥੇ ਬੈਠ ਕੇ ਉਹ ਹੁੱਕਾ ਪੀਂਦਾ, ਸ਼ਰਾਬ ਪੀਂਦਾ ਤੇ ਨਾਚ-ਮੁਜਰਾ ਦੇਖਦਾ।

ਏਨੀ ਸਖਤੀ ਦੇ ਬਾਵਜੂਦ ਬੁਲਾਕਾ ਸਿੰਘ ਨਾਂ ਦਾ ਇਕ ਸਿੱਖ ਸਵਾਰ ਸਰੋਵਰ ਵਿਚ ਨਹਾਉਣ ਆਇਆ। ਮੱਸਾ ਖਾਂ ਦੇ ਰੰਗ-ਢੰਗ ਦੇਖ ਕੇ ਉਸਦਾ ਅੰਦਰ-ਬਾਹਰ ਸੁਲਗ ਉਠਿਆ। ਉਸਦਾ ਜੱਥਾ ਇਸ ਸਮੇਂ ਬੀਕਾਨੇਰ ਦੇ ਰੇਗਿਸਤਾਨ ਵਿਚ ਸੀ। ਬੁਲਕਾ ਸਿੰਘ ਬਿਨਾਂ ਇਸ਼ਨਾਲ ਕੀਤਿਆਂ ਤੁਰਤ ਵਾਪਸ ਪਰਤ ਗਿਆ ਤੇ ਬੀਕਾਨੇਰ ਪਹੁੰਚ ਕੇ ਆਪਣੇ ਸਾਥੀਆਂ ਨੂੰ ਹਰਿਮੰਦਰ ਸਾਹਿਬ ਦੀ ਬੇਅਦਬੀ ਤੇ ਮੱਸੇ ਰੰਘੜ ਦੀ ਕਰਤੂਤ ਦੀ ਖਬਰ ਦਿੱਤੀ।

"ਬੁਲਾਕਾ ਸਿੰਘਾ।" ਇਕ ਨੌਜਵਾਨ ਰੋਹੀਲੀ ਆਵਾਜ਼ ਵਿਚ ਬੋਲਿਆ, "ਤੂੰ ਕਿਹੋ

ਜਿਹਾ ਸਿੱਖ ਏਂ ਓਇ? ਤੂੰ ਇਹ ਸਭ ਦੇਖ ਕੇ ਬਰਦਾਸ਼ਤ ਕਿੰਜ ਕਰ ਲਿਆ? ਆਪਣੇ ਧਰਮ ਸਥਾਨ ਦੀ ਰੱਖਿਆ ਲਈ ਸੀਸ ਕਿਉਂ ਨਹੀਂ ਦੇ ਦਿੱਤਾ?"

ਬੁਲਾਕਾ ਸਿੰਘ ਦੀ ਗਰਦਨ ਸ਼ਰਮ ਨਾਲ ਝੁਕ ਗਈ। ਉਸ ਸਮੇਂ ਦੀਵਾਨ ਚੱਲ ਰਿਹਾ ਸੀ। ਜਥੇਦਾਰ ਨੇ ਸੰਗਤ ਨੂੰ ਵੰਗਾਰ ਕੇ ਕਿਹਾ, "ਤੁਹਾਡੇ ਵਿਚ ਅਜਿਹਾ ਕੋਈ ਸੂਰਾ ਹੈ ਜਿਹੜਾ ਅੰਮ੍ਰਿਤਸਰ ਜਾ ਕੇ ਮੱਸੇ ਰੰਘੜ ਦਾ ਸਿਰ ਕੱਟ ਲਿਆਏ?"

"ਇਹ ਸੇਵਾ ਮੈਨੂੰ ਦਿਓ ਜੀ।"

"ਇਹ ਸੇਵਾ ਮੈਨੂੰ ਦਿਓ ਜੀ।"

ਦੋ ਸੰਤ–ਸਿਪਾਹੀ ਇਕੱਠੇ ਉਠ ਖੜ੍ਹੇ ਹੋਏ। ਉਹਨਾਂ ਦੀਆਂ ਤਲਵਾਰਾਂ ਮਿਆਨ ਵਿਚੋਂ ਬਾਹਰ ਨਿਕਲ ਆਈਆਂ ਸਨ।

"ਵਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ..." ਦੇ ਜੈਕਾਰੇ ਨਾਲ ਸੰਗਤ ਨੇ ਉਹਨਾਂ ਨੂੰ ਇਜਾਜ਼ਤ ਦੇ ਦਿੱਤੀ।

ਇਹ ਦੋਹੇਂ ਸੂਰਮੇਂ ਉਦੋਂ ਹੀ ਆਪਣੇ ਘੋੜਿਆਂ ਉੱਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਤੁਰ ਪਏ। ਉਹਨਾਂ ਵਿਚ ਇਕ ਮਹਿਤਾਬ ਸਿੰਘ ਭੰਗੂ ਤੇ ਦੂਜਾ ਸੁੱਖਾ ਸਿੰਘ ਤਰਖਾਨ ਸੀ। ਮਹਿਤਾਬ ਸਿੰਘ ਦਾ ਜਨਮ ਮੰਡੀ ਕਾਮੋਂ ਵਿਚ ਤੇ ਸੁੱਖਾ ਸਿੰਘ ਦਾ ਸਿਆਲਕੋਟ ਵਿਚ ਹੋਇਆ ਸੀ।

ਉਹਨਾਂ ਮੁਗਲ ਅਧਿਕਾਰੀਆਂ ਦਾ ਭੇਸ ਧਾਰ ਲਿਆ। ਇਕ ਥੇਲੇ ਵਿਚ ਹੇਠਾਂ ਠੀਕਰੀਆਂ ਤੇ ਉਪਰ ਸਿੱਕੇ ਭਰ ਲਏ।

ਅੰਮ੍ਰਿਤਸਰ ਪਹੁੰਚ ਕੇ ਉਹਨਾਂ ਪਹਿਰੇਦਾਰਾਂ ਨੂੰ ਕਿਹਾ ਕਿ ਅਸੀਂ ਆਪਣੇ ਇਲਾਕੇ ਦਾ ਮਾਲੀਆ ਦੇਣ ਆਏ ਹਾਂ।

ਅੰਦਰ ਜਾਣ ਦੀ ਆਗਿਆ ਮਿਲ ਗਈ।

ਅੰਮ੍ਰਿਤਸਰ ਉਦੋਂ ਬੜਾ ਛੋਟਾ ਜਿਹਾ ਸ਼ਹਿਰ ਹੁੰਦਾ ਸੀ। ਉਹਨਾਂ ਨੇ ਆਪਣੇ ਘੋੜੇ ਇਕ ਰੁੱਖ ਦੀ ਛਾਂ ਹੇਠ ਬੰਨ੍ਹ ਦਿੱਤੇ ਤੇ ਮੰਦਰ ਦੇ ਅੰਦਰ ਚਲੇ ਗਏ। ਮੱਸੇ ਨੇ ਨਾਚ –ਗਾਣੇ ਤੇ ਸ਼ਰਾਬ ਦੀ ਮਹਿਫਲ ਸਜਾਈ ਹੋਈ ਸੀ। ਉਹਨਾਂ ਠੀਕਰੀਆਂ ਤੇ ਸਿੱਕਿਆਂ ਨਾਲ ਭਰਿਆ ਥੈਲਾ ਉਸਦੇ ਸਾਹਮਣੇ ਰੱਖ ਦਿੱਤਾ। ਜਿਵੇਂ ਹੀ ਮੱਸਾ ਖਾਂ ਨੇ ਥੇਲਾ ਖੋਲ੍ਹਣ ਲਈ ਗਰਦਨ ਝੁਕਾਈ, ਮਹਿਤਾਬ ਸਿੰਘ ਨੇ ਤਲਵਾਰ ਦੇ ਇਕੋ ਵਾਰ ਨਾਲ ਉਸਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਜਿੰਨੇ ਚਿਰ ਵਿਚ ਉਸਨੇ ਸਿਰ ਥੇਲੇ ਵਿਚ ਰੱਖਿਆ ਸੁੱਖਾ ਸਿੰਘ ਨੇ ਉਹਨਾਂ ਸਾਰਿਆਂ ਦਾ ਸਫਾਇਆ ਕਰ ਦਿੱਤਾ ਜਿਹੜੇ ਮੱਸਾ ਖਾਂ ਦੇ ਕੋਲ ਬੈਠੇ ਸ਼ਰਾਬ ਪੀ ਰਹੇ ਸਨ ਤੇ ਨਾਚ–ਮੁਜਰਾ ਦੇਖ ਰਹੇ ਸਨ।

ਦੋਵੇਂ ਸੂਰਮੇਂ ਝਟਪਟ ਬਾਹਰ ਨਿਕਲੇ ਤੇ ਆਪਣੇ ਘੋੜਿਆਂ ਉੱਤੇ ਸਵਾਰ ਹੋ ਕੇ ਨੌਂ ਦੋ ਗਿਆਰਾਂ ਹੋ ਗਏ।

ਇਹਨੀਂ ਦਿਨੀਂ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਤਰਨਤਾਰਨ ਦੇ ਜੰਗਲਾਂ ਵਿਚ ਛਿਪੇ ਹੋਏ ਸਨ। ਉਹ ਰਾਤ ਨੂੰ ਖਾਣੇ ਦੀ ਭਾਲ ਵਿਚ ਨਿਕਲਦੇ ਤੇ ਮੌਕਾ ਦੇਖ ਕੇ ਅੰਮ੍ਰਿਤਸਰ ਸਰੋਵਰ ਵਿਚ ਟੁੱਭੀ ਲਾ ਜਾਂਦੇ ਸਨ। ਇਕ ਦਿਨ ਕਿਸੇ ਕਿਸਾਨ ਨੇ ਉਹਨਾਂ ਨੂੰ ਦੇਖ ਲਿਆ ਤੇ ਆਪਦੇ ਨਾਲ ਦੇ ਕਿਸਾਨ ਨੂੰ ਪੁੱਛਿਆ...:

"ਇਹ ਕੌਣ ਨੇ? ਕਿਤੇ ਸਿੰਘ ਤਾਂ ਨਹੀਂ?"

"ਸਿੰਘ ਕਿੱਥੇ? ਉਹ ਤਾਂ ਖਤਮ ਹੋ ਚੁੱਕੇ ਨੇ...ਇਹ ਤਾਂ ਗਿੱਦੜ ਨੇ ਵਿਚਾਰੇ ਜਿਹੜੇ ਜਾਨ ਲੁਕਾਂਦੇ ਫਿਰ ਰਹੇ ਨੇ।" ਸਾਥੀ ਨੇ ਉਤਰ ਦਿੱਤਾ।

ਇਹ ਗੱਲ ਬੋਤਾ ਸਿੰਘ ਨੂੰ ਬੜੀ ਰੜਕੀ। ਇਹ ਸਿੱਧ ਕਰਨ ਲਈ ਕਿ ਸਿੰਘ ਖਤਮ ਨਹੀਂ ਹੋਏ, ਅਜੇ ਜਿਉਂਦੇ ਨੇ, ਉਹ ਦੋਵੇਂ ਜੰਗਲਾਂ ਵਿਚੋਂ ਨਿਕਲ ਕੇ ਨੂਰ

ਮਹਿਲ ਦੀ ਸਰਾਂ ਕੋਲੋਂ ਲੰਘਦੀ ਸ਼ਾਹੀ ਸੜਕ ਉੱਤੇ ਆ ਬੈਠੇ। ਉਹਨਾਂ ਆਉਂਦੇ, ਜਾਂਦੇ ਮੁਸਾਫਰਾਂ ਦੇ ਗੱਡਿਆਂ ਉਪਰ ਇਕ ਆਨਾ ਤੇ ਖੋਤਿਆਂ ਉਪਰ ਭਾਰ ਉਪਰ ਇਕ ਪੈਸਾ ਵਸੂਲ ਕਰਨਾ ਸ਼ੁਰੂ ਕਰ ਦਿੱਤਾ। ਜਿਵੇਂ ਉੱਥੇ ਉਹਨਾਂ ਸਿੱਖ ਰਾਜ ਸਥਾਪਤ ਕਰ ਲਿਆ ਹੋਏ। ਇਹ ਸਿਲਸਿਲਾ ਕੁਝ ਦਿਨ ਇੰਜ ਹੀ ਚੱਲਦਾ ਰਿਹਾ। ਕਿਸੇ ਨੇ ਉਹਨਾਂ ਤੋਂ ਕੋਈ ਪੁੱਛਗਿੱਛ ਨਹੀਂ ਕੀਤੀ। ਮੁਸਾਫਰ ਟੈਕਸ ਦਿੰਦੇ ਤੇ ਲੰਘ ਜਾਂਦੇ ਰਹੇ। ਪਰ ਬੋਤਾ ਸਿੰਘ ਦਾ ਉਦੇਸ਼ ਟੈਕਸ ਵਸੂਲਣਾ ਨਹੀਂ ਸੀ, ਮੁਗਲ ਸ਼ਾਸਕਾਂ ਨੂੰ ਵੰਗਾਰਨਾਂ ਸੀ। ਜਦੋਂ ਕੋਈ ਪੁੱਛਗਿੱਛ ਨਾ ਹੋਈ ਤਾਂ ਉਸਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਨੂੰ ਚਿੱਠੀ ਲਿਖੀ...:

"ਚਿੱਠੀ ਲਿਖੇ ਸਿੰਘ ਬੋਤਾ, ਹੱਥ ਹੈ ਸੋਟਾ

ਆਨਾ ਲਇਆ ਗੱਡੇ ਨੂੰ, ਪੈਸਾ ਪਰ ਖੋਤਾ।

ਆਖੋ ਭਾਈਓ ਖਾਨ ਨੂੰ, ਇੰਜ ਆਖੇ ਬੋਤਾ।"

ਜ਼ਕਰੀਆ ਖਾਂ ਨੂੰ ਖਬਰ ਮਿਲੀ ਤਾਂ ਉਸਨੇ ਆਪਣੇ ਫੌਜੀ ਅਫਸਰ ਜਲਾਲੂਦੀਨ ਨੂੰ ਸੌ ਆਦਮੀ ਦੇ ਕੇ ਭੇਜ ਦਿੱਤਾ ਕਿ ਉਹ ਬੋਤਾ ਸਿੰਘ ਨੂੰ ਗ੍ਰਿਫਤਾਰ ਕਰ ਲਿਆਏ। ਬੋਤਾ ਸਿੰਘ ਤਾਂ ਚਾਹੁੰਦਾ ਹੀ ਇਹ ਸੀ। ਉਹ ਤੇ ਉਸਦਾ ਸਾਥੀ ਗਰਜਾ ਸਿੰਘ ਮੁਗਲਾਂ ਦਾ ਮੁਕਾਬਲਾ ਕਰਨ ਲਈ ਮੈਦਾਨ ਵਿਚ ਉਤਰ ਆਏ। ਹੱਥ ਵਿਚ ਇਕ ਸੋਟਾ ਫੜ੍ਹੀ ਸਿਰਫ ਦੋ ਸਿੰਘ ਤੇ ਦੂਜੇ ਪਾਸੇ ਜ਼ਕਰੀਆ ਖਾਂ ਦੇ ਹਥਿਆਰਾਂ ਨਾਲ ਲੈਸ ਸੌ ਸੈਨਿਕ। ਬੋਤਾ ਸਿੰਘ ਤੇ ਗਰਜਾ ਸਿੰਘ ਨੇ ਸਿਰ ਤਲੀ 'ਤੇ ਰੱਖ ਕੇ ਪਿੱਠਾਂ ਜੋੜ ਲਈਆਂ ਘੁੰਮ ਘੁੰਮ ਦੇ ਦੁਸ਼ਮਣ ਨੂੰ ਰੋਕਦੇ ਤੇ ਜਵਾਬੀ ਵਾਰ ਕਰਦੇ ਰਹੇ। ਜਦੋਂ ਤੱਕ ਦੇਹ ਵਿਚ ਪ੍ਰਾਣ ਰਹੇ ਜੀਅ ਤੋੜ ਕੇ ਲੜੇ। ਆਖਰ ਦੋ ਨਿਹੱਥੇ ਆਦਮੀ ਕਦੋਂ ਤੱਕ ਸੌ ਸੈਨਿਕਾਂ ਦਾ ਮੁਕਾਬਲਾ ਕਰਦੇ। ਉਹ ਦੁਸ਼ਮਣ ਸੈਨਾਂ ਦੇ ਕਈ ਆਦਮੀਆਂ ਨੂੰ ਜਖਮੀ ਕਰਕੇ ਸ਼ਹੀਦ ਹੋ ਗਏ।

ਸੁਬੇਗ ਸਿੰਘ ਨੇ ਸਿੱਖਾਂ ਤੇ ਜ਼ਕਰੀਆ ਖਾਂ ਵਿਚਕਾਰ ਸਮਝੌਤਾ ਕਰਵਾਇਆ ਸੀ,

ਲਾਹੌਰ ਦਾ ਖਾਂਦਾ–ਪੀਂਦਾ ਜੱਟ ਸੀ। ਉਸਦਾ ਪੁੱਤਰ ਸ਼ਾਹਬਾਜ ਸਿੰਘ ਮਕਤਬ ਵਿਚ ਫਾਰਸੀ ਤੇ ਅਰਬੀ ਪੜ੍ਹਦਾ ਸੀ। ਉਹ ਇਕ ਹੁਸ਼ਿਆਰ ਤੇ ਸਮਝਦਾਰ ਵਿਦਿਆਰਥੀ ਸੀ, ਘਰੇ ਵੇਦ ਤੇ ਆਪਣੇ ਹੋਰ ਧਾਰਮਕ ਗ੍ਰੰਥ ਵੀ ਪੜ੍ਹਦਾ ਸੀ। ਜ਼ਕਰੀਆ ਖਾਂ ਸਿੱਖਾਂ ਦੀਆਂ ਹੱਤਿਆਵਾਂ ਕਰ ਰਿਹਾ ਸੀ, ਮਕਤਬ ਦੇ ਕੱਟੜਪੰਥੀ ਮੌਲਵੀ ਨੇ ਉਹਨਾਂ ਨੂੰ ਜਾਇਜ਼ ਦੱਸਦਿਆਂ ਕਿਹਾ, "ਸਿੱਖ ਮਜ਼ਹਬ ਵੀ ਕੋਈ ਮਜ਼ਹਬ ਹੈ, ਜਿਹੜਾ ਡਾਕੂ–ਲੁਟੇਰੇ ਪੈਦਾ ਕਰਦਾ ਏ?" ਇਹ ਸੁਣ ਕੇ ਸ਼ਾਹਬਾਜ ਚੁੱਪ ਨਾ ਰਹਿ ਸਕਿਆ, ਝੱਟ ਮੌਲਵੀ ਦੀ ਇਸ ਗੱਲ ਦਾ ਉਤਰ ਦਿੱਤਾ, "ਮੁਸਲਮਾਨ ਮਜ਼ਹਬ ਵੀ ਕੋਈ ਮਜ਼ਹਬ ਹੈ, ਜੋ ਬੇਗੁਨਾਹਾਂ ਉਪਰ ਜ਼ੁਲਮ ਢਾਉਂਦਾ ਹੈ ਤੇ ਭਰਾ ਤੋਂ ਭਰਾ ਦਾ ਕਤਲ ਕਰਵਾਉਂਦਾ ਹੈ?"

ਸੁਣਦਿਆਂ ਹੀ ਮੌਲਵੀ ਦਾ ਪਾਰਾ ਚੜ੍ਹ ਗਿਆ। ਉਸਨੇ ਇਸਲਾਮ ਦੀ ਤੌਹੀਨ (ਬੇਅਦਬੀ) ਕਰਨ ਦਾ ਦੋਸ਼ ਲਾ ਕੇ ਸ਼ਾਹਬਾਜ ਨੂੰ ਕਾਜੀ ਦੀ ਅਦਾਲਤ ਵਿਚ ਪੇਸ਼ ਕਰ ਦਿੱਤਾ। ਕਾਜੀ ਨੇ ਜਿਵੇਂ ਕਿ ਉਸਦਾ ਅਸੂਲ ਸੀ, ਇਸਲਾਮ ਕਬੂਲ ਕਰਨ ਜਾਂ ਫੇਰ ਮੌਤ ਦਾ ਫੈਸਲਾ ਸੁਣਾ ਦਿੱਤਾ। ਸ਼ਾਹਬਾਜ ਨੇ ਧਰਮ ਬਦਲਣ ਦੇ ਬਜਾਏ ਮੌਤ ਕਬੂਲ ਲਈ। ਸੁਬੇਗ ਸਿੰਘ ਜ਼ਕਰੀਆ ਖਾਂ ਕੋਲ ਗਿਆ। ਉਸਨੇ ਉਤਰ ਦਿੱਤਾ, "ਅਦਾਲਤ ਦਾ ਮਾਮਲਾ ਏ, ਮੈਂ ਇਸ ਵਿਚ ਕੋਈ ਦਖਲ ਨਹੀਂ ਦੇ ਸਕਦਾ।" ਸੁਬੇਗ ਸਿੰਘ ਕਾਜੀ ਕੋਲ ਗਿਆ। ਕਾਜੀ ਨੇ ਉਸਦੀ ਗੱਲ ਸੁਣਨ ਤੋਂ ਇਨਕਾਰ ਕਰ ਦਿੱਤਾ। ਸੁਬੇਗ ਸਿੰਘ ਉਸਦੇ ਉਸ ਉਜੱਡ ਵਤੀਰੇ ਤੋਂ ਚਿੜ ਕੇ ਬੋਲਿਆ, "ਤੂੰ ਕਾਜੀ ਨਹੀਂ, ਕਸਾਈ ਏਂ...ਤੇ ਤੇਰੀ ਇਹ ਅਦਾਲਤ ਬੁੱਚੜਖਾਨਾ।" ਕਾਜੀ ਨੇ ਪੁੱਤਰ ਦੇ ਨਾਲ ਉਸਨੂੰ ਵੀ ਫਾਹ ਲਿਆ। ਉਸਨੂੰ ਵੀ ਇਸਲਾਮ ਕਬੂਲ ਕਰ ਲੈਣ ਜਾਂ ਫੇਰ ਸਜ਼ਾਏ–ਮੌਤ ਦੀ ਸਜਾ ਸੁਣਾ ਦਿੱਤੀ ਗਈ।

ਪਿਉ ਤੇ ਪੁੱਤਰ ਦੋਵਾਂ ਨੂੰ ਚਰਖੀ ਉਪਰ ਪੁੱਠਾ ਲਮਕਾ ਦਿੱਤਾ ਗਿਆ। "ਬੋਲੋ, ਇਸਲਾਮ ਕਬੂਲ ਕਰਦੇ ਹੋ ਜਾਂ ਨਹੀਂ?" ਕਹਿੰਦਿਆਂ ਹੋਇਆਂ ਕੋਰੜੇ ਲਾਉਣੇ

ਸ਼ੁਰੂ ਕਰ ਦਿੱਤੇ ਗਏ। ਜਦੋਂ ਕੋਰੜਿਆਂ ਨਾਲ ਗੱਲ ਨਾ ਬਣੀ ਤਾਂ ਗਰਮ ਚਿਮਟਿਆਂ ਨਾਲ ਮਾਸ ਪੁੱਟਿਆ ਗਿਆ ਪਰ ਪਿਉ-ਪੁੱਤਰ ਟਸ ਤੋਂ ਮਸ ਨਾ ਹੋਏ। ਜਦੋਂ ਤੱਕ ਦੇਹ ਵਿਚ ਪ੍ਰਾਣ ਰਹੇ 'ਸਤਿਨਾਮ, ਸਤਿਨਾਮ' ਉਚਾਰਦੇ ਰਹੇ। ਆਖਰੀ ਸ਼ਬਦ ਸਨ,

'ਸਿੰਘ ਸੂਰਾ ਸੋਈ ਕਹਾਵੇ

ਗਲ਼ ਖੰਜਰ ਨਾਲ ਕਟਾਵੇ।'

ਹਕੀਕਤ ਰਾਏ ਤੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਵੀ ਇਹਨਾਂ ਦਿਨਾਂ ਵਿਚ ਇਸੇ ਤਰ੍ਹਾਂ ਹੋਈ। ਕਿਸੇ ਨੇ ਵੀ ਧਰਮ ਬਦਲਣਾ ਸਵੀਕਾਰ ਨਹੀਂ ਕੀਤਾ। ਸ਼ਹੀਦੀਆਂ ਤੇ ਬਲੀਦਾਨਾਂ ਦੀ ਰੀਤ ਜਿਹੀ ਪੈ ਗਈ ਸੀ। ਸਿੱਖ ਇਤਿਹਾਸ ਦੀ ਵੀਰਤਾ ਤੇ ਬਲੀਦਾਨ ਗਾਥਾ ਵਿਚ ਔਰਤਾਂ ਵੀ ਮਰਦਾਂ ਨਾਲੋਂ ਪਿੱਛੇ ਨਹੀਂ ਸਨ।

ਜ਼ਿਲਾ ਅੰਮ੍ਰਿਤਸਰ ਦੇ ਕੌਂਡਾ ਪਿੰਡ ਵਿਚ ਜੱਥੇਦਾਰ ਬਹਾਦਰ ਸਿੰਘ ਦੇ ਪੁੱਤਰ ਦਾ ਵਿਆਹ ਸੀ। ਵਿਆਹ ਚੁੱਪਚਾਪ ਕੀਤਾ ਜਾ ਰਿਹਾ ਸੀ। ਕੁੜੀ ਵਾਲੇ ਕੰਨਿਆਂ ਦਾਨ ਕਰਨ ਲਈ ਕੌਂਡੇ ਹੀ ਆ ਗਏ ਸਨ। ਕੋਈ ਧੂਮਧਾਮ ਨਹੀਂ ਸੀ ਤੇ ਨਾ ਹੀ ਬਹੁਤੇ ਲੋਕ ਹੀ ਬੁਲਾਏ ਗਏ ਸਨ। ਨੇੜੇ ਨੇੜੇ-ਦੇ ਰਿਸ਼ਤੇਦਾਰ ਤੇ ਮੇਲੀ-ਮੁਲਾਕਾਤੀ ਆਏ ਹੋਏ ਸਨ। ਉਦੋਂ ਹੀ ਖਬਰ ਮਿਲੀ ਕਿ ਪੱਟੀ ਦਾ ਹਾਕਮ ਜਫ਼ਰ ਬੇਗ਼ ਫੌਜ ਲੈ ਕੇ ਆ ਰਿਹਾ ਹੈ। ਬਹਾਦਰ ਸਿੰਘ ਤੇ ਉਸਦੇ ਸਾਥੀ ਘਬਰਾਏ ਨਹੀਂ। ਘਬਰਾਉਣਾ ਕੈਸਾ? ਅਜਿਹੀਆਂ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਸੀ ਤੇ ਉਹ ਉਹਨਾਂ ਦੇ ਆਦਿ ਹੋ ਚੁੱਕੇ ਸਨ। ਆਨੰਦ ਕਾਰਜ ਜਾਰੀ ਰਿਹਾ ਤੇ ਜਫ਼ਰ ਬੇਗ਼ ਨੇ ਪਿੰਡ ਨੂੰ ਆ ਘੇਰਿਆ।

ਸਿੱਖਾਂ ਦੀ ਗਿਣਤੀ ਦਸ-ਬਾਰਾਂ ਹੀ ਸੀ, ਜਦੋਂ ਕਿ ਜਫ਼ਰ ਬੇਗ਼ ਨਾਲ ਸੌ ਤੋਂ ਵੱਧ ਆਦਮੀ ਸਨ। ਇਸ ਦੇ ਬਾਵਜੂਦ ਸਿੱਖਾਂ ਨੇ ਅਜਿਹਾ ਜਬਰਦਸਤ ਹੱਲਾ ਬੋਲਿਆ ਕਿ ਦੁਸ਼ਮਨ ਦੀ ਸੈਨਾਂ ਦੇ ਪੰਜਾਹ ਆਦਮੀਆਂ ਦੇ ਸਿਰ ਕੱਟ ਕੇ ਸਾਫ

ਨਿਕਲ ਗਏ। ਉਹਨਾਂ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਇਆ।

ਜ਼ਫ਼ਰ ਬੇਗ਼ ਨੇ ਬਚੇ ਹੋਏ ਪੰਜਾਹ ਆਦਮੀਆਂ ਨਾਲ ਬਹਾਦਰ ਸਿੰਘ ਦੇ ਮਕਾਨ ਨੂੰ ਘੇਰ ਲਿਆ। ਉਹ ਆਪਣੇ ਬੰਦਿਆਂ ਦੀ ਮੌਤ ਦਾ ਬਦਲਾ ਜਨਾਨੀਆਂ ਤੇ ਬੱਚਿਆਂ ਕੋਲੋਂ ਲੈਣਾ ਚਾਹੁੰਦਾ ਸੀ। ਬਹਾਦਰ ਸਿੰਘ ਦੀ ਪਤਨੀ ਧਰਮ ਕੌਰ ਨੇ ਮੁਕਾਬਲੇ ਲਈ ਕਮਰ ਕੱਸ ਲਈ। ਘਰ ਵਿਚ ਵੀਹ ਔਰਤਾਂ ਸਨ। ਧਰਮ ਕੌਰ ਨੇ ਦੋ ਜਣੀਆਂ ਨੂੰ ਤਲਵਾਰਾਂ ਦੇ ਕੇ ਦਰਵਾਜ਼ੇ ਕੋਲ ਖੜ੍ਹਾ ਕਰ ਦਿੱਤਾ ਤੇ ਦੋ ਨੂੰ ਬਰਛੇ ਫੜਾ ਕੇ ਕੰਧ ਕੋਲ। ਬਾਕੀ ਜਨਾਨੀਆਂ ਜਿਹਨਾਂ ਵਿਚ ਖ਼ੁਦ ਧਰਮ ਕੌਰ ਵੀ ਸੀ, ਨੇ ਛੱਤ ਉੱਤੇ ਜਾ ਕੇ ਦੁਸ਼ਮਣ ਉੱਤੇ ਇੱਟਾਂ–ਰੋੜਿਆਂ ਦਾ ਮੀਂਹ ਵਰ੍ਹਾ ਦਿੱਤਾ।

ਜਦੋਂ ਦੇਖਿਆ ਕਿ ਉਪਰਲੀ ਸਮਗਰੀ ਖਤਮ ਹੋ ਗਈ ਹੈ ਤੇ ਦੁਸ਼ਮਣ ਹਮਲਾ ਕਰਕੇ ਘਰ ਵਿਚ ਘੁਸਣਾ ਚਾਹੁੰਦਾ ਹੈ ਤਾਂ ਧਰਮ ਕੌਰ ਤਲਵਾਰ ਲੈ ਕੇ ਹੇਠਾਂ ਛਾਲ ਮਾਰ ਗਈ। ਕੁਝ ਹੋਰ ਜਨਾਨੀਆਂ ਨੇ ਵੀ ਉਸਦਾ ਸਾਥ ਦਿੱਤਾ। ਦੁਸ਼ਮਣ ਦੀਆਂ ਤਲਵਾਰਾਂ ਨਾਲ ਲੋਹਾ ਲੈਂਦੀ ਹੋਈ ਅਖੀਰ ਧਰਮ ਕੌਰ ਧਰਤੀ 'ਤੇ ਡਿੱਗ ਪਈ। ਤਲਵਾਰ ਅਜੇ ਵੀ ਉਸਦੇ ਹੱਥ ਵਿਚ ਸੀ। ਜ਼ਫ਼ਰ ਬੇਗ਼ ਨੇ ਸੋਚਿਆ ਕਿ ਕੰਮ ਨਿਬੜ ਗਿਆ। ਉਹ ਉਸਨੂੰ ਘੋੜੇ ਉੱਤੇ ਲੱਦ ਕੇ ਨਾਲ ਲੈ ਜਾਣਾ ਚਾਹੁੰਦਾ ਸੀ। ਜਿਉਂ ਹੀ ਜ਼ਫ਼ਰ ਬੇਗ਼ ਘੋੜੇ ਤੋਂ ਛਾਲ ਮਾਰ ਕੇ ਉਤਰਿਆ, ਧਰਮ ਕੌਰ ਚੁਕੰਨੀ ਹੋ ਗਈ। ਉਸਨੇ ਤਲਵਾਰ ਦਾ ਇਕ ਭਰਪੂਰ ਵਾਰ ਕੀਤਾ ਤੇ ਜ਼ਫ਼ਰ ਬੇਗ਼ ਪਛਾੜ ਖਾ ਕੇ ਜਾ ਡਿੱਗਿਆ। ਮੁਗ਼ਲ ਸੈਨਕਾਂ ਨੇ ਉਸਨੂੰ ਚੁੱਕਿਆ ਤੇ ਘੋੜੇ ਉਪਰ ਲੱਦ ਕੇ ਭੱਜ ਖੜ੍ਹੇ ਹੋਏ।

ਪਹਿਲੀ ਜੁਲਾਈ 1745 ਨੂੰ ਜ਼ਕਰੀਆ ਖਾਂ ਚੱਲ ਵੱਸਿਆ। ਉਪਰੋਕਤ ਘਟਨਾ ਉਸਦੀ ਮੌਤ ਤੋਂ ਅੱਠ–ਦਸ ਦਿਨ ਪਹਿਲਾਂ ਹੋਈ ਸੀ। 'ਹਕੂਮਤ ਤੁਸੀਂ ਨਹੀਂ ਉਹ ਕਰਨਗੇ।' ਨਾਦਰ ਸ਼ਾਹ ਦੀ ਭਵਿੱਖ ਬਾਣੀ ਮਰਨ ਸਮੇਂ ਵੀ ਉਸਨੂੰ ਯਾਦ ਆਈ ਤੇ ਇਹ ਉਸਨੂੰ ਸੱਚ ਹੁੰਦੀ ਜਾਪੀ। ਉਸਨੇ ਕੋਈ ਦਸ ਹਜਾਰ ਸਿੱਖਾਂ ਦੀ ਹੱਤਿਆ

ਕੀਤੀ ਪਰ ਸਿੱਖਾਂ ਦੇ ਹੌਂਸਲੇ ਪਹਿਲਾਂ ਨਾਲੋਂ ਵੀ ਵਧੇ ਹੋਏ ਜਾਪਦੇ ਸਨ। ਬਰਬਰਤਾ, ਉਦੇਸ਼ ਤੇ ਆਦਰਸ਼ ਤੋਂ ਹਾਰ ਚੁੱਕੀ ਸੀ।

ਜ਼ਕਰੀਆ ਖਾਂ ਦੀ ਮੌਤ ਪਿੱਛੋਂ, ਦੋ-ਢਾਈ ਸਾਲ ਇੰਜ ਬੀਤੇ...ਲੱਗਦਾ ਸੀ, ਪੰਜਾਬ ਵਿਚ ਨਾ ਕੋਈ ਰਾਜ ਹੈ, ਨਾ ਰਾਜ-ਪ੍ਰਬੰਧ। ਇਕ ਪਾਸੇ ਜ਼ਕਰੀਆ ਖਾਂ ਦੇ ਦੋਵੇਂ ਬੇਟੇ ਯਹੀਆ ਖਾਂ ਤੇ ਸ਼ਾਹ ਨਿਵਾਜ ਵਿਚਕਾਰ ਉਤਰ-ਅਧਿਕਾਰੀ ਬਣਨ ਲਈ ਘਰੇਲੂ-ਜੰਗ ਸ਼ੁਰੂ ਹੋ ਗਈ ਤੇ ਦੂਜੇ ਪਾਸੇ ਕਠਪੁਤਰੀ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਤੇ ਉਸਦੇ ਵਜੀਰ ਕਮਰੂੱਦੀਨ ਖਾਂ ਵਿਚ ਠਣ ਗਈ। ਬਾਦਸ਼ਾਹ ਇਹ ਨਹੀਂ ਸੀ ਚਾਹੁੰਦਾ ਕਿ ਪੰਜਾਬ ਵਿਚ ਤੁਰਾਨੀ-ਦਲ ਦਾ ਹੀ ਰਾਜ ਰਹੇ, ਜਦੋਂ ਕਿ ਕਮਰੂੱਦੀਨ ਆਪਣਾ ਖਾਨਦਾਨੀ ਰਾਜ ਕਾਇਮ ਰੱਖਣ ਉੱਤੇ ਤੁਲਿਆ ਹੋਇਆ ਸੀ। ਰੰਗੀਲਾ ਸਿਰਫ ਨਾਂ ਦਾ ਹੀ ਬਾਦਸ਼ਾਹ ਸੀ। ਸੱਤਾ ਕਮਰੂੱਦੀਨ ਦੇ ਹੱਥ ਵਿਚ ਸੀ। ਉਸਨੇ ਜ਼ਕਰੀਆ ਖਾਂ ਦੇ ਭਤੀਜੇ ਨੂੰ ਫੈਸਲਾ ਨਾ ਹੋਣ ਤਕ ਆਰਜ਼ੀ ਸੂਬੇਦਾਰ ਬਣਾ ਦਿੱਤਾ। ਖਜਾਨਾ ਖਾਲੀ ਸੀ, ਫੌਜ ਨੂੰ ਤਨਖਾਹ ਨਹੀਂ ਸੀ ਮਿਲ ਰਹੀ। ਨਵਾਬ ਅਬਦੁੱਲਾ ਨੇ ਆਪਣੇ ਅਸਥਾਈ ਸ਼ਾਸਨ ਕਾਲ ਵਿਚ ਆਪਣਾ ਘਰ ਭਰ ਲੈਣ ਦੀ ਸੋਚੀ। ਕਿਸਾਨਾਂ ਉਪਰ ਲਗਾਨ ਵਧਾ ਦਿੱਤਾ ਗਿਆ ਤੇ ਫੌਜ ਨੂੰ ਜਿੱਥੋਂ ਵੀ ਤੇ ਜਿਵੇਂ ਵੀ ਹੋ ਸਕੇ ਪੈਸੇ ਕਮਾਉਣ ਦੀ ਖੁੱਲ੍ਹੀ ਛੁੱਟੀ ਮਿਲ ਗਈ। ਸਿੱਟਾ ਇਹ ਕਿ ਅਜਿਹੀ ਹਨੇਰਗਰਦੀ ਮੱਚ ਗਈ ਕਿ ਲੋਕ ਹਾਹਾਕਾਰ ਕਰ ਉਠੇ ਤੇ ਇਹ ਕਹਾਵਤ ਹੋਂਦ ਵਿਚ ਆਈ...

'ਹਕੂਮਤ ਨਵਾਬ ਅਬਦੁੱਲਾ,

ਨਾ ਚੱਕੀ ਰਹੀ, ਨਾ ਚੁੱਲ੍ਹਾ।'

ਭਰਾਵਾਂ ਵਿਚ ਚੱਲ ਰਹੇ ਵਿਰਾਸਤ ਦੇ ਝਗੜੇ ਨੂੰ ਨਿਬੇੜਨ ਲਈ ਵਜੀਰ ਕਮਰੂੱਦੀਨ ਖਾਂ ਨੇ ਬਾਦਸ਼ਾਹ ਨੂੰ ਇਹ ਸੁਝਾਅ ਦਿੱਤਾ ਕਿ ਯਹੀਆ ਖਾਂ ਨੂੰ

ਲਾਹੌਰ ਦਾ ਤੇ ਸ਼ਾਹ ਨਵਾਜ ਖਾਂ ਨੂੰ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ ਜਾਏ। ਪਰ ਬਾਦਸ਼ਾਹ ਨੇ ਉਸਦਾ ਇਹ ਸੁਝਾਅ ਰੱਦ ਕਰ ਦਿੱਤਾ ਕਿਉਂਕਿ ਉਹ ਸੂਬੇਦਾਰ ਦੀ ਨਿਯੁਕਤੀ ਆਪਣੀ ਮਰਜ਼ੀ ਨਾਲ ਕਰਕੇ ਆਪਣੇ ਆਪ ਨੂੰ ਸੁਤੰਤਰ ਸ਼ਾਸਕ ਸਿੱਧ ਕਰਨਾ ਚਾਹੁੰਦਾ ਸੀ ਤੇ ਪੰਜਾਬ ਨੂੰ ਤੁਰਾਨੀ–ਦਲ ਦੇ ਜੱਦੀ ਅਧਿਕਾਰ ਹੇਠੋਂ ਮੁੱਕਤ ਕਰਨਾ ਚਾਹੁੰਦਾ ਸੀ।

ਵਜੀਰ ਕਮਰੂੱਦੀਨ ਬੜਾ ਚਤੁਰ ਤੇ ਧੁਨ ਦਾ ਪੱਕਾ ਆਦਮੀ ਸੀ। ਜਿੱਥੇ ਉਹ ਬਾਦਸ਼ਾਹ ਉੱਤੇ ਅੰਕੁਸ਼ ਰੱਖਣਾ ਚਾਹੁੰਦਾ ਸੀ, ਉੱਥੇ ਹੀ ਪੰਜਾਬ ਨੂੰ ਵੀ ਵਿਰੋਧੀ ਦਲ ਦੇ ਹੱਥਾਂ ਵਿਚ ਨਹੀਂ ਸੀ ਜਾਣ ਦੇਣਾ ਚਾਹੁੰਦਾ। ਉਂਜ ਵੀ ਯਹੀਆ ਖਾਂ ਉਸਦਾ ਜਵਾਈ ਸੀ ਤੇ ਉਹ ਉਸਨੂੰ ਪੰਜਾਬ ਦਾ ਨਵਾਬ ਬਨਾਉਣਾ ਚਾਹੁੰਦਾ ਸੀ। ਜਦੋਂ ਬਾਦਸ਼ਾਹ ਨੇ ਉਸਦਾ ਸੁਝਾਅ ਰੱਦ ਕਰ ਦਿੱਤਾ ਤਾਂ ਉਹ ਢੀਠਾਂ ਵਾਂਗ ਮੁਸਕਰਾਇਆ ਤੇ ਮਨ ਹੀ ਮਨ ਵਿਚ ਇਹ ਕਹਾਵਤ ਦਹੁਰਾਈ, 'ਕਿਆ ਪਿੱਦੀ, ਕਿਆ ਪਿੱਦੀ ਕਾ ਸ਼ੋਰਬਾ'। ਉਸਨੇ ਚੁੱਪਚਾਪ ਫੈਸਲਾ ਕੀਤਾ ਤੇ ਯਹੀਆ ਖਾਂ ਨੂੰ ਕਿਹਾ, "ਜਾਹ, ਜਾ ਕੇ ਲਾਹੌਰ 'ਤੇ ਕਬਜਾ ਕਰ ਲੈ। ਰੰਗੀਲਾ ਜੋ ਤੀਰ ਮਾਰੇਗਾ, ਉਸਨੂੰ ਮੈਂ ਦੇਖ ਲਵਾਂਗਾ।"

ਫੌਜ ਤਿਆਰ ਸੀ। ਯਹੀਆ ਖਾਂ ਉਸਨੂੰ ਲੈ ਕੇ ਲਾਹੌਰ ਆ ਪਹੁੰਚਿਆ। ਸ਼ਾਹ ਨਵਾਜ਼ ਖਾਂ ਤੋਂ ਇਹ ਸਹਿ ਨਾ ਹੋਇਆ। ਉਹ ਵੀ ਆਪਣੀ ਫੌਜ ਲੈ ਕੇ ਆ ਪਹੁੰਚਿਆ। ਉਹ ਬੜਾ ਹਿਰਖੀ ਸੁਭਾਅ ਦਾ ਆਦਮੀ ਸੀ। ਭਰਾ ਨੂੰ ਕਹਿਣ ਲੱਗਾ, "ਤੁਹਾਡੀ ਵਿਰਾਸਤ ਵਿਚ ਮੇਰਾ ਵੀ ਹਿੱਸਾ ਹੈ, ਬਟਵਾਰਾ ਹੋਵੇਗਾ। ਸਿੱਧੀ ਤਰ੍ਹਾਂ ਨਾ ਹੋਇਆ ਤਾਂ ਤਲਵਾਰ ਦੀ ਨੋਕ 'ਤੇ ਹੋਵੇਗਾ।"

ਯਹੀਆ ਖਾਂ ਨੂੰ ਆਪਣੇ ਵਜ਼ੀਰ ਸਹੁਰੇ ਦੀ ਮਦਦ ਦਾ ਭਰੋਸਾ ਸੀ। ਬੋਲਿਆ, "ਇਹ ਮੂੰਹ ਤੇ ਮਸਰਾਂ ਦੀ ਦਾਲ। ਵੱਡਾ ਆਇਆ ਏ ਬਟਵਾਰਾ ਕਰਨ ਵਾਲਾ।"

ਦੋਵਾਂ ਭਰਾਵਾਂ ਦੀਆਂ ਫੌਜਾਂ ਆਪਸ ਵਿਚ ਭਿੜ ਗਈਆਂ। ਸ਼ਾਹ ਨਵਾਜ਼ ਮਿਜਾਜ਼

ਦਾ ਕਰਾਰਾ ਹੀ ਨਹੀਂ, ਤਲਵਾਰ ਦਾ ਧਨੀ ਵੀ ਸੀ। ਯਹੀਆ ਖਾਂ ਨੇ ਜਦੋਂ ਦੇਖਿਆ ਕਿ ਸ਼ਾਹ ਨਵਾਜ਼ ਦਾ ਪਲੜਾ ਭਾਰੀ ਪੈ ਰਿਹਾ ਹੈ ਤਾਂ ਉਸਨੂੰ ਕੁਝ ਨਕਦੀ ਤੇ ਕੁਝ ਹੀਰੇ-ਜਵਾਹਰ ਦੇ ਕੇ ਸਮਝੌਤਾ ਕਰ ਲਿਆ, ਜਿਹੜਾ 3 ਜਨਵਰੀ 1746 ਨੂੰ ਹੋਇਆ। ਸ਼ਾਹ ਨਵਾਜ਼ ਖਾਂ ਆਪਣੀ ਜਲੰਧਰ ਦੀ ਫ਼ੌਜਦਾਰੀ ਵਿਚ ਵਾਪਸ ਪਰਤ ਗਿਆ।

ਜ਼ਕਰੀਆ ਖਾਂ ਨੇ ਸਿੱਖਾਂ ਨੂੰ ਮਿਟਾਉਣ ਦਾ ਜੋ ਅਭਿਆਨ ਛੇੜਿਆ ਸੀ, ਪੰਜਾਬ ਵਿਚ ਕਾਨੂੰਨ ਤੇ ਪ੍ਰਬੰਧ ਦੀ ਹਾਲਤ ਉਸੇ ਕਰਕੇ ਗੜਬੜਾਈ ਹੋਈ ਸੀ। ਉਸਦੀ ਮੌਤ ਪਿੱਛੋਂ ਯਹੀਆ ਖਾਂ ਤੇ ਸ਼ਾਹ ਨਵਾਜ਼ ਵਿਚ ਜਿਹੜਾ ਗ੍ਰਿਹਿ-ਯੁੱਧ ਛਿੜਿਆ, ਉਸ ਨਾਲ ਹਾਲਾਤ ਹੋਰ ਵੀ ਮੰਦੇ ਹੋ ਗਏ। ਰਾਜ ਪ੍ਰਬੰਧ ਦੀਆਂ ਚੂਲਾਂ ਬਿਲਕੁਲ ਹੀ ਹਿੱਲ ਗਈਆਂ ਸਨ। ਜੰਮੂ ਦੇ ਰਾਜੇ ਨੇ ਆਪਣੇ ਰਾਜ ਨੂੰ ਸੁਤੰਤਰ ਐਲਾਨ ਦਿੱਤਾ ਤੇ ਰਾਜਸਵ ਦੇਣਾ ਬੰਦਾ ਕਰ ਦਿੱਤਾ। ਸਭ ਤੋਂ ਵੱਡਾ ਖਤਰਾ ਸਿੱਖ ਬਾਗ਼ੀ ਸਨ। ਉਹਨਾਂ ਦੇ ਧਾੜਵੀ ਜੱਥੇ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲ ਆਏ ਸਨ ਤੇ ਉਹਨਾਂ ਆਪਣੇ ਦੁਸ਼ਮਣਾ ਨੂੰ ਸੋਧਣਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਨੌਸ਼ਹਿਰਾ ਤੇ ਮਜੀਠਾ ਆਦਿ ਦੇ ਪਿੰਡਾਂ ਤੇ ਕਸਬਿਆਂ ਉਪਰ ਧਾਵਾ ਬੋਲ ਕੇ ਸਾਹਬ ਰਾਏ, ਰਾਮ ਰੰਧਾਵਾ, ਕਰਮਦੀਨ, ਹਰ ਭਗਤ ਨਿਰੰਜਨੀਆਂ, ਕਾਜੀ ਫ਼ਜ਼ਲ ਅਹਿਮਦ ਖਾਂ ਖੋਖਰ, ਸ਼ਮਸ਼ੇਰ ਖਾਂ ਤੇ ਉਹਨਾਂ ਦੇ ਚੌਧਰੀਆਂ ਤੇ ਮੁੱਕਦਮਾਂ ਦਾ, ਜਿਹਨਾਂ ਨੇ ਉਹਨਾਂ ਦੇ ਘਰ-ਬਾਰ ਉਜਾੜਨ ਵਿਚ ਮੁਗਲਾਂ ਦੀ ਮਦਦ ਕੀਤੀ ਸੀ, ਸਫਾਇਆ ਕਰ ਦਿੱਤਾ।

ਅਮਨ ਪਸੰਦ ਲੋਕ ਆਪਣੇ ਖੇਤਾਂ ਵਿਚ ਮਿਹਨਤ ਕਰਕੇ ਜੋ ਵੀ ਪ੍ਰਾਪਤ ਕਰਦੇ, ਉਸ ਵਿਚ ਸੰਤੁਸ਼ਟ ਰਹਿੰਦੇ ਸਨ। ਰਾਜਨੀਤੀ ਨਾਲ ਉਹਨਾਂ ਦਾ ਕੋਈ ਸਰੋਕਾਰ ਨਹੀਂ ਸੀ ਪਰ ਹੁਣ ਉਹ ਵੀ ਗਸ਼ਤੀ ਫ਼ੌਜ ਹੱਥੋਂ ਦੁਖੀ ਸਨ। ਫ਼ੌਜੀ ਭੁੱਖੇ ਬਘਿਆੜਾਂ ਵਾਂਗ ਘਰ ਵਿਚ ਘੁਸ ਆਉਂਦੇ। ਪੈਸਾ, ਪ੍ਰਾਣ ਤੇ ਇੱਜ਼ਤ, ਕੁਝ ਵੀ ਸੁਰੱਖਿਅਤ ਨਹੀਂ ਸੀ। ਉਹ ਘੁਸਰ-ਮੁਸਰ ਕਰਦੇ, 'ਇਸ ਜਿਉਣੇ ਨਾਲੋਂ ਤਾਂ ਮਰ

ਜਾਣਾ ਚੰਗਾ ਹੈ।' ਜਵਾਨ ਪੁੱਤਰ, ਪਿਓ ਨੂੰ ਕਹਿੰਦਾ, "ਮੈਂ ਹੁਣ ਹਲ ਦੀ ਹੱਥੀ ਨਹੀਂ ਫੜਨੀ। ਬਲਦ ਜਾਂ ਜ਼ਮੀਨ ਵੇਚ ਕੇ ਮੈਨੂੰ ਘੋੜਾ ਤੇ ਤਲਵਾਰ ਲੈ ਦਿਓ। ਜਿਉਣ ਦਾ ਇਹੀ ਇਕ ਸਾਧਨ ਰਹਿ ਗਿਆ ਏ। ਅਸੀਂ ਅੰਨ ਉਗਾਉਣ ਵਾਲੇ ਦਾਣੇ-ਦਾਣੇ ਨੂੰ ਤਰਸਦੇ ਹਾਂ, ਤੇ ਲੁੱਟ-ਮਾਰ ਕਰਨ ਵਾਲੇ ਮੌਜਾਂ ਮਾਣਦੇ ਨੇ ਤੇ ਦਨ-ਦਨਾਉਂਦੇ ਫਿਰਦੇ ਨੇ।"

ਮਾਝੇ ਦੇ ਜੱਟ-ਕਿਸਾਨ ਉਤੋਂ ਭੋਲੇ-ਭਾਲੇ ਤੇ ਅੰਦਰੋਂ ਪੂਰੇ ਚਲਾਕ ਹੁੰਦੇ ਨੇ। ਉਹਨਾਂ ਬਾਰੇ ਇਕ ਕਹਾਵਤ ਮਸ਼ਹੂਰ ਹੈ, 'ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ'। ਇਹਨਾਂ ਜੱਟ ਕਿਸਾਨਾਂ ਦਾ ਜਨਮਾਂ ਜਨਮਾਂਤਰਾਂ ਤੋਂ ਇਕ ਸੁਭਾਅ ਹੈ, ਬਣ ਠਣ ਕੇ ਸਵੈਮਾਨ ਨਾਲ ਰਹਿਣਾ। ਜਦੋਂ ਮਾਣ-ਸਨਮਾਣ ਉੱਤੇ ਗੱਲ ਆਏ, ਉਹ ਜਾਨ 'ਤੇ ਖੇਡ ਜਾਂਦੇ ਨੇ। ਹੁਣ ਵੀ ਇਵੇਂ ਹੀ ਹੋਇਆ। ਤਲਵਾਰਾਂ ਤਿੱਖੀਆਂ ਕੀਤੀਆਂ ਗਈਆਂ, ਘੋੜਿਆਂ ਦਾ ਜਿਵੇਂ ਵੀ ਹੋ ਸਕਿਆ ਪ੍ਰਬੰਧ ਕੀਤਾ ਗਿਆ ਤੇ ਘਰ-ਬਾਰ ਛੱਡ ਕੇ ਸਿੱਖ ਜੱਥਿਆਂ ਵਿਚ ਜਾ ਸ਼ਾਮਲ ਹੋਏ। ਪੜ੍ਹਨ-ਲਿਖਣ ਦੀ ਨਾ ਕਿਸੇ ਨੂੰ ਵਿਹਲ ਸੀ ਤੇ ਨਾ ਹੀ ਲੋੜ। ਉਹ ਘੋੜਸਵਾਰੀ ਤੇ ਤਲਵਾਰਬਾਜ਼ੀ ਸਿੱਖਦੇ ਸਨ ਤੇ ਇਸ ਕਲਾ ਵਿਚ ਕੋਈ ਉਹਨਾਂ ਦਾ ਸਾਨੀ ਨਹੀਂ ਸੀ ਹੁੰਦਾ। ਤੈਰਨਾ ਤੈਰਨ ਨਾਲ ਤੇ ਲੜਨਾ ਲੜਨ ਨਾਲ ਆਉਂਦਾ ਹੈ। ਜਿਹੜੇ ਤੇਜ਼ ਬੁੱਧ ਵਾਲੇ ਨੌਜਵਾਨ ਕਿਸੇ ਜੱਥੇ ਨਾਲ ਰਹਿ ਕੇ ਲੜਨਾ ਸਿੱਖ ਜਾਂਦੇ ਸਨ, ਉਹ ਆਪਣਾ ਵੱਖਰਾ ਜੱਥਾ ਬਣਾ ਲੈਂਦੇ ਸਨ। ਇੰਜ ਨਵੇਂ ਨਵੇਂ ਜੱਥੇਦਾਰ ਪੈਦਾ ਹੋ ਗਏ, ਜਿਹੜੇ ਆਪਣੇ ਪਿੰਡ ਤੇ ਜਾਤੀ ਦੇ ਵੀਹ-ਪੱਚੀ ਨੌਜਵਾਨਾਂ ਨੂੰ ਨਾਲ ਰਲਾ ਕੇ ਆਪਣਾ ਵੱਖਰਾ ਡੇਰਾ ਵੀ ਬਣਾ ਲੈਂਦੇ ਸਨ। ਉਹਨਾਂ ਨੂੰ ਗਸ਼ਤੀ ਫੌਜ ਦਾ ਭੈ ਨਹੀਂ ਸੀ ਹੁੰਦਾ, ਬਲਕਿ ਗਸ਼ਤੀ ਫੌਜ ਖ਼ੁਦ ਉਹਨਾਂ ਤੋਂ ਭੈਭੀਤ ਰਹਿੰਦੀ ਸੀ। ਹੌਂਸਲੇ ਤੇ ਵੀਰਤਾ ਦੇ ਕਾਰਨਾਮਿਆਂ ਸਦਕਾ, ਉਹਨਾਂ ਨੂੰ ਜਿਹੜਾ ਧਨ, ਪ੍ਰਸਿੱਧੀ ਤੇ ਸੁਰੱਖਿਆ ਪ੍ਰਾਪਤ ਹੁੰਦੀ, ਉਹ ਨੌਜਵਾਨਾ ਨੂੰ ਹੀ ਨਹੀਂ ਬਲਕਿ ਵੱਡੇ-ਬਜ਼ੁਰਗਾਂ ਨੂੰ ਵੀ ਆਪਣੇ ਵੱਲ ਖਿੱਚਦੀ ਸੀ। ਅਰਾਜਕਤਾ ਦੇ ਇਸ ਯੁੱਗ ਵਿਚ ਤਲਵਾਰ

ਨਾਲ ਹੀ ਇੱਜ਼ਤ ਮਿਲਦੀ ਸੀ ਅਤੇ ਖੰਡੇ–ਬਾਟੇ ਦਾ ਅੰਮ੍ਰਿਤ ਛਕ ਕੇ ਜਿਹੜਾ ਮਨੋਬਲ ਪੈਦਾ ਹੁੰਦਾ ਸੀ, ਉਹ ਅਜਿੱਤ ਤੇ ਅਨੰਤ ਸੀ। ਭਾਂਤ–ਭਾਂਤ ਦੇ ਡਾਕੂ ਲੁਟੇਰੇ ਉਠ ਖੜ੍ਹੇ ਹੋਏ ਸਨ, ਹਫੜਾ–ਦਫੜੀ, ਲੁੱਟ–ਮਾਰ, ਜਿਸਦੀ ਲਾਠੀ ਉਸਦੀ ਮੱਝ, ਸਾਧਾਰਨ ਆਦਮੀ ਦਾ ਜਿਉਣਾ ਦੁੱਭਰ ਹੋ ਗਿਆ ਸੀ। ਇਹ ਜੱਥੇ ਆਪਣੀ ਤੇ ਆਪਣੇ ਪਿੰਡਾਂ ਵਿਚ ਵੱਸਦੇ ਆਪਣੇ ਲੋਕਾਂ ਦੀ ਰਾਖੀ ਕਰਦੇ ਸਨ। ਉਹਨਾਂ ਦੀ ਸੰਖਿਆ ਦਿਨੋਂ ਦਿਨ ਵਧ ਰਹੀ ਸੀ।

ਇਕ ਬੇਨਾਮ ਸੂਫੀ ਫਕੀਰ, ਜਿਸਦੇ ਵਾਲ ਖਿੱਲਰੇ ਹੋਏ, ਮੋਢੇ ਉਪਰ ਝੋਲੀ ਤੇ ਹੱਥ ਵਿਚ ਘੁੰਗਰੂਆਂ ਵਾਲਾ ਗੋਲ ਮੁਲਾਇਮ ਡੰਡਾ ਹੁੰਦਾ ਸੀ, ਘੁੰਮਦਾ ਨਜ਼ਰ ਆਉਂਦਾ। ਉਹ ਉਸ ਡੰਡੇ ਨੂੰ ਧਰਤੀ ਉਪਰ ਮਾਰ–ਮਾਰ ਕੇ, ਘੁੰਗਰੂਆਂ ਦੀ ਛਣਕਾਰ ਦੇ ਨਾਲ ਨਾਲ ਉੱਚੀ ਤੇ ਸਾਫ–ਮਿੱਠੀ ਆਵਾਜ਼ ਵਿਚ ਗਾਉਂਦਾ...:

'ਕਬੀਰ ਇਕ ਇਨਸਾਨ, ਨਾ ਹਿੰਦੂ ਨਾ ਮੁਸਲਮਾਨ।

ਕੁਝ ਵੀ ਕਹੇ ਵੇਦ ਕੁਰਾਨ, ਮੇਰੀ ਆਪਣੀ ਇਹ ਪਹਿਚਾਨ।

ਤੂੰ ਕਹੇਂ ਕਾਗਜ਼ ਦੀ ਲੇਖੀ, ਮੈਂ ਕਹਾਂ ਅੱਖਾਂ ਦੀ ਦੇਖੀ।'

ਉਹ 'ਦੇਖੀ–ਦੇਖੀ' ਵਾਰੀ ਵਾਰੀ ਦੁਹਰਾਉਂਦਾ, ਪਿੱਛੇ ਪਿੱਛੇ ਆ ਰਹੇ ਅਨਾਥ ਬੱਚੇ ਵੀ ਦੁਹਰਾਉਂਦੇ। ਘੁੰਗਰੂਆਂ ਦੀ ਛਣਕਾਰ ਦੇ ਨਾਲ ਇਹ ਬੋਲ ਇਕਸੁਰ ਹੋ ਜਾਂਦੇ ਤੇ ਸਮਾਂ ਬੱਝ ਜਾਂਦਾ। ਤਾਣ ਇੰਜ ਟੁੱਟਦੀ...:

'ਦੁਨੀਆਂ ਦਾਣੇ–ਦਾਣੇ ਨੂੰ ਮੁਹਤਾਜ,

ਦੁਨੀਆਂ ਦਾਣੇ–ਦਾਣੇ ਦੀ ਮੁਹਤਾਜ'।

ਲੋਕਾਂ ਦੀ ਭੀੜ ਲੱਗ ਜਾਂਦੀ। ਜਿਸਦੀ ਜੋ ਸ਼ਰਧਾ ਹੁੰਦੀ, ਉਸਦੀ ਝੋਲੀ ਵਿਚ ਪਾ ਦਿੰਦਾ ਤੇ ਉਹ ਝੂੰਮਦਾ–ਗਾਉਂਦਾ ਹੋਇਆ ਅੱਗੇ ਤੁਰ ਜਾਂਦਾ।

ਦਰਅਸਲ ਇਹ ਬੇਨਾਮ ਸੂਫੀ ਫਕੀਰ ਭੂਪ ਸਿੰਘ ਸੀ। ਉਹ ਤੇ ਉਸਦੇ ਪਿੱਛੇ ਪਿੱਛੇ ਤੁਰਨ ਵਾਲੇ ਬੱਚੇ ਇਸ ਫਕੀਰੀ ਭੇਸ ਵਿਚ ਸ਼ਹਿਰ ਸ਼ਹਿਰ ਘੁੰਮਦੇ ਸਨ, ਦੁਸ਼ਮਣ ਦੇ ਪੜਾਅ ਦੀਆਂ ਗਤੀਵਿਧੀਆਂ ਤੇ ਯੋਜਨਾਵਾਂ ਦਾ ਪਤਾ ਕਰਕੇ ਉਸ ਦੀ ਖਬਰ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਪਹੁੰਚਾਉਂਦੇ ਸਨ।

ਜ਼ਕਰੀਆ ਖਾਂ ਦੀ ਮੌਤ ਪਿੱਛੋਂ ਪਹਿਲੀ ਦੀਵਾਲੀ **14** ਨਵੰਬਰ **1745** ਨੂੰ ਆਈ। ਲਾਹੌਰ ਸਰਕਾਰ ਦੀ ਕਮਜ਼ੋਰੀ ਦਾ ਪਤਾ ਲੱਗ ਚੁੱਕਿਆ ਸੀ। ਸਿੱਖ ਇਸ ਮੌਕੇ ਉਪਰ ਅੰਮ੍ਰਿਤਸਰ ਵਿਚ ਖੁੱਲ੍ਹਮ-ਖੁੱਲੇ ਇਕੱਤਰ ਹੋਏ। ਹਰਿਮੰਦਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਕੀਤੇ, ਸਰੋਵਰ ਵਿਚ ਇਸ਼ਨਾਨ ਕੀਤਾ ਤੇ ਦਰਬਾਰ ਸਜਿਆ ਤੇ ਆਪਣੇ ਆਪ ਨੂੰ ਮੁੜ ਸੰਗਠਿਤ ਕਰਨ ਦਾ ਗੁਰਮਤਾ ਪਾਸ ਹੋਇਆ। ਜਿਹੜੇ ਨਵੇਂ ਲੋਕ ਆਏ ਸਨ, ਉਹਨਾਂ ਨੂੰ ਮਿਲਾ ਕੇ ਬੁੱਢਾ-ਦਲ ਤੇ ਤਰੁਣਾ-ਦਲ ਦੇ **25** ਜੱਥੇ ਬਣਾਏ ਗਏ। ਉਹਨਾਂ ਦਾ ਆਪਣਾ ਆਪਣਾ ਝੰਡਾ ਤੇ ਆਪਣਾ ਆਪਣਾ ਨੇਤਾ ਸੀ। ਹਰੇਕ ਜੱਥੇ ਦੇ ਮੈਂਬਰਾਂ ਦੀ ਤਾਦਾਦ ਸੌ ਦੇ ਲਗਭਗ ਸੀ। ਜੱਸਾ ਸਿੰਘ ਆਹਲੂਵਾਲੀਆ ਦੀ ਉਮਰ ਉਸ ਸਮੇਂ **27** ਸਾਲ ਦੇ ਲਗਭਗ ਸੀ। ਤੀਰ ਤੇ ਤਲਵਾਰ ਚਲਾਉਣ ਵਿਚ ਉਸਦਾ ਕੋਈ ਸਾਨੀ ਨਹੀਂ ਸੀ। ਜੈਸਾ ਡੀਲ ਡੌਲ ਸੀ, ਵੈਸੀ ਹੀ ਖੁਰਾਕ, ਇਕ ਸੇਰ ਮੱਖਣ ਤੇ ਪਾਈਆ ਕੁ ਮਿਸਰੀ ਦਾ ਨਾਸ਼ਤਾ ਕਰਦਾ ਤੇ ਰੋਟੀ ਵੇਲੇ ਅੱਧਾ ਬੱਕਰਾ ਇਕੱਲਾ ਖਪਾ ਜਾਂਦਾ ਸੀ। ਉਸਨੇ ਮਾਤਾ ਸੁੰਦਰੀ ਕੋਲ ਰਹਿ ਕੇ ਜਿੱਥੇ ਧਾਰਮਕ ਸਿੱਖਿਆ ਪ੍ਰਾਪਤ ਕੀਤੀ ਸੀ, ਨਾਲ ਹੀ ਮਕਤਬ ਵਿਚ ਉਰਦੂ ਅਤੇ ਫਾਰਸੀ ਵੀ ਸਿੱਖ ਲਈ ਸੀ। ਇੰਜ ਉਹ ਆਪਣੇ ਸਮੇਂ ਦੇ ਅਨੁਸਾਰ ਵਿਦਵਾਨ ਵੀ ਸੀ ਤੇ ਉਸਦੀ ਵੀਰਤਾ ਦਾ ਲੋਹਾ ਵੀ ਸਾਰੇ ਮੰਨਦੇ ਸਨ। ਆਪਣੇ ਇਹਨਾਂ ਗੁਣਾ ਕਾਰਨ ਤੇ ਨਵਾਬ ਕਪੂਰ ਸਿੰਘ ਦਾ ਧਰਮ ਪੁੱਤਰ ਹੋਣ ਕਾਰਕੇ ਉਹ ਏਨਾ ਹਰਮਨ-ਪਿਆਰਾ ਹੋ ਗਿਆ ਸੀ ਕਿ ਲੋਕ ਉਸਨੂੰ 'ਬਾਦਸ਼ਾਹ' ਕਹਿਣ ਲੱਗ ਪਏ ਸਨ। ਨਵਾਬ ਕਪੂਰ ਸਿੰਘ ਬੁੱਢਾ-ਦਲ ਦੇ

ਨੇਤਾ ਸਨ। ਜੱਸਾ ਸਿੰਘ ਤਰੁਣਾ-ਦਲ ਵਿਚ ਜਾਣ ਦੇ ਬਜਾਏ ਉਹਨਾਂ ਦੇ ਅੰਗ-ਸੰਗ ਰਹਿੰਦਾ ਸੀ ਤੇ ਉਹਨਾਂ ਦੀ ਸੇਵਾ-ਟਹਿਲ ਕਰਦਾ ਸੀ।

ਬਹੁਤ ਸਾਰੇ ਨਵੇਂ ਲੋਕ ਆ ਗਏ ਸਨ। ਉਹਨਾਂ ਲਈ ਤੇ ਉਹਨਾਂ ਦੇ ਘੋੜਿਆਂ ਲਈ ਖੁਰਾਕ, ਬਸਤਰਾਂ ਤੇ ਹਥਿਆਰਾਂ ਦੀ ਲੋੜ ਸੀ। ਪੰਜਾਬ ਵਿਚ ਜਿਵੇਂ ਬਾਬਰ ਦੇ ਹਮਲੇ ਪਿੱਛੋਂ ਭੁੱਖੇ-ਨੰਗੇ ਤੇ ਬੇਰੁਜ਼ਗਾਰਾਂ ਦੀ ਗਿਣਤੀ ਵਧ ਗਈ ਸੀ। ਉਸੇ ਤਰ੍ਹਾਂ ਹੁਣ ਵੀ ਵਧ ਰਹੀ ਸੀ। ਇਹਨਾਂ ਨਿਆਸਰਿਆਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਗੁਰੂ ਅਮਰਦਾਸ ਜੀ ਨੇ ਲੰਗਰ, ਪੰਗਤ ਤੇ ਸੰਗਤ ਵਾਲੀ ਜਿਹੜੀ ਰੀਤ ਚਲਾਈ ਸੀ, ਉਹ ਹੁਣ ਵੀ ਜਿਵੇਂ ਦੀ ਤਿਵੇਂ ਚੱਲ ਰਹੀ ਸੀ। ਇਸ ਲਈ ਪੈਸੇ ਦੀ ਬੜੀ ਲੋੜ ਸੀ। ਧਨ ਜਿਸ ਹੀਲੇ ਨਾਲ ਆ ਸਕਦਾ ਸੀ, ਉਹੀ ਸਿੱਖਾਂ ਨੇ ਅਪਣਾਇਆ। ਗਸ਼ਤੀ ਫੌਜ ਪੂਰਬ ਵਲ ਜਾਂਦੀ ਤਾਂ ਉਹ ਪੱਛਮ ਵਿਚ ਧਾਵਾ ਬੋਲ ਦਿੰਦੇ। ਜੇ ਸੈਨਾਂ ਨਾਲ ਟਾਕਰਾ ਹੋ ਜਾਂਦਾ ਤਾਂ ਡਟ ਕੇ ਲੜਦੇ। ਆਪਣੀ ਯੁੱਧ ਕਲਾ ਦੀ ਮੁਹਾਰਤ ਸਦਕਾ ਉਹਨਾਂ ਬਟਾਲਾ, ਜਲੰਧਰ, ਤਲਵਾੜਾ, ਬਿਜਵਾੜਾ, ਘਾਗ, ਮਾਨਿਕੀ ਤੇ ਫਗਵਾੜਾ ਆਦਿ ਕਸਬੇ ਲੁੱਟ ਲਏ।

ਆਪਣੀਆਂ ਇਹਨਾਂ ਸਫਲਤਾਵਾਂ ਤੋਂ ਉਤਸਾਹਤ ਹੋ ਕੇ ਉਹਨਾਂ ਨੇ ਪੰਜਾਬ ਦੀ ਰਾਜਧਾਨੀ ਲਾਹੌਰ ਨੂੰ ਵੀ ਲੁੱਟ ਲੈਣ ਦੀ ਯੋਜਨਾ ਬਣਾਈ।

ਕੁਝ ਚੁਣੇ ਹੋਏ ਨੌਜਵਾਨਾ ਨੇ ਮੁਗਲ ਸੈਨਾਂ ਦਾ ਭੇਸ ਧਾਰਿਆ ਤੇ ਉਹ ਮੋਚੀ ਦਰਵਾਜ਼ੇ ਰਾਹੀਂ ਲਾਹੌਰ ਵਿਚ ਦਾਖਲ ਹੋ ਗਏ। ਜਨਵਰੀ ਦਾ ਮਹੀਨਾ ਸੀ, ਕਸ਼ਮੀਰ ਵਿਚ ਬਰਫ ਪੈ ਰਹੀ ਸੀ ਤੇ ਇੱਥੇ ਹੱਡੀਆਂ ਵਿਚ ਪੁਰ ਜਾਣ ਵਾਲੀਆਂ ਠੰਡੀਆਂ ਹਵਾਵਾਂ ਚੱਲ ਰਹੀਆਂ ਸਨ। ਲੋਕ ਸੂਰਜ ਦੇ ਛਿਪਾਅ ਨਾਲ ਹੀ ਘਰਾਂ ਵਿਚ ਜਾ ਵੜਦੇ ਸਨ। ਬੂਹੇ ਬਾਰੀਆਂ ਬੰਦ ਹੋ ਜਾਂਦੀਆਂ ਸਨ ਤੇ ਗਲੀਆਂ ਸੁੰਨੀਆਂ। ਅੱਜ ਵੀ ਇਵੇਂ ਹੀ ਸੀ। ਦੁਕਾਨਾਂ ਤੇ ਘਰਾਂ ਵਿਚੋਂ ਆਉਂਦੀ ਮਧੱਮ ਰੌਸ਼ਨੀ ਵਿਚ ਸਿੰਘਾਂ ਨੂੰ ਪਛਾਨਣਾ ਅਸੰਭਵ ਸੀ। ਸਿੱਖ ਜਵਾਨਾਂ ਨੇ ਸਾਰੇ ਰਸਤੇ

ਬੰਦ ਕਰਕੇ ਦੁਕਾਨਦਾਰਾਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਤੇ ਲੁੱਟ ਦਾ ਮਾਲ ਘੋੜਿਆਂ ਉੱਤੇ ਲੱਦ ਕੇ ਤੁਰੰਤ ਨੱਸ ਆਏ। ਕੁਝ ਨੌਜਵਾਨਾਂ ਨੇ ਉਹਨਾਂ ਕਾਜੀਆਂ ਤੇ ਮੁਨਸਫਾਂ ਦਾ, ਜਿਹਨਾਂ ਨੇ ਫੜ੍ਹੇ ਗਏ ਸਿੱਖਾਂ ਨੂੰ ਮੌਤ ਦੀਆਂ ਸਜਾਵਾਂ ਸੁਣਾਈਆਂ ਸਨ, ਉਹਨਾਂ ਦੇ ਘਰਾਂ ਵਿਚ ਘੁਸ ਕੇ ਸਫਾਇਆ ਕਰ ਦਿੱਤਾ।

ਭਾਵੇਂ ਹਰ ਜਗ੍ਹਾ ਗੜਬੜ ਚੱਲ ਰਹੀ ਸੀ, ਪਰ ਲਾਹੌਰ ਪਹਿਲੀ ਵਾਰੀ ਲੁੱਟਿਆ ਗਿਆ ਸੀ। ਜਦੋਂ ਯਹੀਆ ਖਾਂ ਨੂੰ ਇਸ ਦੀ ਖਬਰ ਮਿਲੀ, ਉਸਨੂੰ ਬੜੀ ਨਮੋਸ਼ੀ ਹੋਈ। ਉਸਨੇ ਦੀਵਾਨ ਲਖਪਤ ਰਾਏ ਨੂੰ ਹੁਕਮ ਦਿੱਤਾ ਕਿ ਸਾਡੀ ਨੱਕ ਹੇਠ ਸੱਤਾ ਦਾ ਅਪਮਾਨ ਕਰਨ ਵਾਲੇ ਇਹਨਾਂ ਸਿੱਖਾਂ ਨੂੰ ਸਖਤ ਸਜਾ ਦਿੱਤੀ ਜਾਏ। ਲਖਪਤ ਰਾਏ ਨੇ ਘੋੜ ਸਵਾਰ ਸੈਨਾਂ ਉਹਨਾਂ ਦੇ ਪਿੱਛੇ ਲਾ ਦਿੱਤੀ।

ਲਾਹੌਰ ਲੁੱਟਣ ਤੋਂ ਪਿੱਛੋਂ ਮੁਗਲ ਸੈਨਿਕ ਬਣੇ ਸਿੱਖ ਘੋੜ ਸਵਾਰ ਆਪਣੇ ਦੂਜੇ ਸਾਥੀਆਂ ਨਾਲ ਆ ਰਲੇ। ਉਹ ਰਾਵੀ ਦੇ ਕੰਢੇ ਜੰਗਲ ਵਿਚ ਛੁਪੇ ਉਹਨਾਂ ਦਾ ਇੰਤਜ਼ਾਰ ਕਰ ਰਹੇ ਸਨ। ਕੰਡੇਦਾਰ ਝਾੜੀਆਂ ਤੇ ਦਲਦਲੀ ਰਸਤਿਆਂ ਉੱਤੇ ਢਿੱਲੀਆਂ-ਢਾਲੀਆਂ ਸਲਵਾਰਾਂ ਵਾਲੀ ਮੁਗਲ ਸੈਨਾਂ ਲਈ, ਚੁਸਤ-ਫੁਰਤੀਲੇ ਸਿੰਘਾਂ ਦਾ ਪਿੱਛਾ ਕਰਨਾ ਆਸਾਨ ਨਹੀਂ ਸੀ ਹੁੰਦਾ। ਉਹਨਾਂ ਦੀਆ ਸਲਵਾਰਾਂ ਕੰਡੇਦਾਰ ਝੜੀਆਂ ਵਿਚ ਫਸ ਜਾਂਦੀਆਂ ਤੇ ਘੋੜੇ ਦਲਦਲ ਵਿਚ ਧਸ ਜਾਂਦੇ। ਜਦੋਂ ਕਿ ਸਿੱਖਾਂ ਲਈ ਇਸਨੂੰ ਪਾਰ ਕਰ ਜਾਣਾ ਕੋਈ ਔਖਾ ਕੰਮ ਨਹੀਂ ਸੀ ਹੁੰਦਾ, ਕਿਉਂਕਿ ਉਹ ਇਸ ਦੇ ਆਦੀ ਸਨ। ਸਿੱਖ ਉੱਥੋਂ ਨੱਸ ਕੇ ਰੋੜੀ ਬਾਬਾ ਨਾਨਕ ਪਿੰਡ ਵਿਚ ਪਹੁੰਚ ਗਏ। ਰਾਹ ਵਿਚ ਉਹਨਾਂ ਗੌਂਡਲਾ ਵਾਲਾ ਪਿੰਡ ਉਪਰ ਧਾਵਾ ਬੋਲਿਆ ਸੀ ਤੇ ਉੱਥੋਂ ਕੁਝ ਭੇਡ-ਬੱਕਰੀਆਂ ਹੱਕ ਲਿਆਏ ਸਨ। ਇਹ ਸਮਝ ਕੇ ਕਿ ਹੁਣ ਅਸੀਂ ਖਤਰੇ 'ਚੋਂ ਬਾਹਰ ਹਾਂ, ਭੇਡ-ਬੱਕਰੀਆਂ ਦੇ ਮਾਸ ਦਾ ਭੋਜਨ ਛਕ ਕੇ ਰਾਤ ਉੱਥੇ ਹੀ ਬਿਤਾਉਣ ਦਾ ਫੈਸਲਾ ਕੀਤਾ ਗਿਆ। ਇਹ ਅਮੀਨਾਬਾਦ ਜ਼ਿਲੇ ਦਾ ਪਿੰਡ ਸੀ ਤੇ ਅਮੀਨਾਬਾਦ ਜ਼ਿਲੇ ਦਾ ਫੌਜਦਾਰ, ਲਖਪਤ ਰਾਏ ਦਾ ਭਰਾ ਜਸਪਤ ਰਾਏ ਸੀ, ਜਿਹੜਾ ਆਪਣੀ ਫੌਜ ਨਾਲ ਖੋਖਰਾਂ ਪਿੰਡ ਵਿਚ ਘਾਤ

ਲਾਈ ਬੈਠਾ ਸੀ।

ਗੋਂਡਲਾ ਵਾਲ ਦੇ ਲੋਕਾਂ ਨੇ ਉਸ ਕੋਲ ਜਾ ਕੇ ਫਰਿਆਦ ਕੀਤੀ ਕਿ ਦੋ ਹਜ਼ਾਰ ਸਿੱਖ ਸਵਾਰਾਂ ਨੇ ਅਚਾਨਕ ਉਹਨਾਂ ਦੇ ਪਿੰਡ ਉੱਤੇ ਧਾਵਾ ਬੋਲਿਆ ਤੇ ਉਹਨਾਂ ਦੀਆਂ ਭੇਡ-ਬੱਕਰੀਆਂ ਹੱਕ ਕੇ ਲੈ ਗਏ। ਹੁਣ ਉਹ ਰੋੜੀ ਬਾਬਾ ਨਾਨਕ ਵਿਚ ਉਹਨਾਂ ਦਾ ਝਟਕਾ ਕਰਨਗੇ। ਸਾਡੀਆਂ ਇਹ ਭੇਡਾਂ, ਬੱਕਰੀਆਂ ਸਾਨੂੰ ਦਿਵਾ ਦਿਓ।

ਇਹ ਤਿੰਨੇ ਪਿੰਡ ਨੇੜੇ ਨੇੜੇ ਸਨ। ਜਸਪਤ ਰਾਏ ਆਪਣੀ ਫੌਜ ਲੈ ਕੇ ਰੋੜੀ ਬਾਬਾ ਨਾਨਕ ਆ ਪਹੁੰਚਿਆ। ਉਸਨੇ ਆਪਣੇ ਦੂਤ ਹੱਥ ਸਿੱਖਾਂ ਨੂੰ ਕਹਿ ਭੇਜਿਆ ਕਿ ਭੇਡਾਂ-ਬੱਕਰੀਆਂ ਉਹਨਾਂ ਦੇ ਮਾਲਕਾਂ ਨੂੰ ਵਾਪਸ ਕਰ ਦਿਓ ਤੇ ਤੁਰੰਤ ਇੱਥੋਂ ਚਲੇ ਜਾਓ। ਸਿੱਖਾਂ ਦੀ ਅਗਵਾਈ ਜੱਸਾ ਸਿੰਘ ਆਹਲੂਵਾਲੀਆ ਕਰ ਰਹੇ ਸਨ। ਉਹਨਾਂ ਨੇ ਉਤਰ ਦਿੱਤਾ, ਅਸੀਂ-ਤਿੰਨ ਦਿਨ ਦੇ ਭੁੱਖੇ ਹਾਂ, ਭੋਜਨ ਕਰਕੇ ਰਾਤੀਂ ਆਰਾਮ ਕਰਾਂਗੇ ਤੇ ਫੇਰ ਚਲੇ ਜਾਵਾਂਗੇ। ਜਸਪਤ ਰਾਏ ਨੇ ਕਹਾਇਆ ਕਿ ਭਲਾ ਚਾਹੁੰਦੇ ਹੋ ਤਾਂ ਤੁਰੰਤ ਚਲੇ ਜਾਓ। ਮੈਂ ਤੁਹਾਨੂੰ ਇੱਥੇ ਇਕ ਪਲ ਵੀ ਟਿਕਣ ਨਹੀਂ ਦਿਆਂਗਾ।

ਸਿੱਖਾਂ ਨੇ ਇਸ ਧਮਕੀ ਦੀ ਕੋਈ ਪ੍ਰਵਾਹ ਨਹੀਂ ਕੀਤੀ। ਉਹ ਸੁਣੀ-ਅਣਸੁਣੀ ਕਰਕੇ ਲੰਗਰ ਬਨਾਉਣ ਵਿਚ ਰੁੱਝ ਹੋ ਗਏ। ਜਸਪਤ ਰਾਏ ਨੇ ਤਾਅ ਖਾ ਕੇ ਹਮਲਾ ਕਰ ਦਿੱਤਾ। ਉਹ ਹਾਥੀ ਉੱਤੇ ਸਵਾਰ ਸੀ ਪਰ ਉਸ ਕੋਲ ਫੌਜ ਕੋਈ ਜ਼ਿਆਦਾ ਨਹੀਂ ਸੀ। ਸਿੱਖਾਂ ਨੇ ਹਥਿਆਰ ਸੰਭਾਲੇ ਤੇ ਮੁਕਾਬਲੇ ਲਈ ਆ ਡਟੇ। ਭਾੜੇ ਦੀ ਟੱਟੂ ਫੌਜ ਸਿੱਖਾਂ ਦਾ ਕੀ ਮੁਕਾਬਲਾ ਕਰਦੀ। ਜੱਸਾ ਸਿੰਘ ਦੀ ਤਲਵਾਰ ਕਹਿਰ ਢਾਅ ਰਹੀ ਸੀ। ਸਿੱਖ ਬੜੀ ਤੇਜ਼ੀ ਨਾਲ ਅੱਗੇ ਵਧੇ ਤੇ ਜਸਪਤ ਰਾਏ ਨੂੰ ਆ ਘੇਰਿਆ। ਨਿਬਾਹੂ ਸਿੰਘ ਨਾਂ ਦਾ ਰੰਗਰੇਟਾ ਸਿੱਖ ਪੂਛ ਫੜ੍ਹ ਕੇ ਹਾਥੀ ਉਪਰ ਜਾ ਚੜ੍ਹਿਆ ਤੇ ਤਲਵਾਰ ਦੇ ਇਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਬਸ ਹੁਣ ਕੀ ਸੀ ਦੁਸ਼ਮਣ ਸੈਨਾ ਭੱਜ ਖੜ੍ਹੀ ਹੋਈ ਤੇ ਮੈਦਾਨ

ਸਿੱਖਾਂ ਦੇ ਹੱਥ ਰਿਹਾ। ਨਿਬਾਹੂ ਸਿੰਘ ਨੂੰ ਮੋਢਿਆਂ ਉਪਰ ਚੁੱਕ ਕੇ...

'ਰੰਗਰੇਟਾ ਗੁਰੂ ਕਾ ਬੇਟਾ,

ਗੁਰੂ ਦਾ ਬੇਟਾ ਰੰਗਰੇਟਾ'।

ਨਾਅਰੇ ਲਾਉਂਦਿਆਂ ਤੇ ਗਾਉਂਦਿਆਂ ਹੋਇਆਂ ਜਸ਼ਨ ਮਨਾਇਆ ਗਿਆ। ਫੇਰ ਲੰਗਰ ਛਕਿਆ ਤੇ ਰਾਮ ਨਾਲ ਰਾਤ ਬਿਤਾਈ ਗਈ।

**000**

ਦੀਵਾਨ ਲਖਪਤ ਰਾਏ ਨੇ ਭਰਾ ਦੇ ਮਾਰੇ ਜਾਣ ਦੀ ਖਬਰ ਸੁਣੀ ਤਾਂ ਯਕਦਮ ਪਾਗਲ ਹੋ ਉਠਿਆ। ਉਹ ਆਪਣੀ ਪੱਗ ਯਹੀਆ ਖਾਂ ਦੇ ਸਾਹਵੇਂ ਸੁੱਟ ਕੇ ਬੋਲਿਆ, "ਮੈਂ ਪ੍ਰਤਿਗਿਆ ਕਰਦਾ ਹਾਂ ਕਿ ਜਦੋਂ ਤੀਕ ਸਿੱਖਾਂ ਦਾ ਖੁਰਾ-ਖੋਜ ਨਹੀਂ ਮਿਟਾਅ ਦਿਆਂਗਾ, ਉਹਨਾਂ ਦੇ ਬੱਚੇ-ਬੱਚੇ ਨੂੰ ਕਤਲ ਨਹੀਂ ਕਰ ਦਿਆਂਗਾ, ਪੱਗ ਨਹੀਂ ਬੰਨ੍ਹਾਂਗਾ। ਇਕ ਖੱਤਰੀ ਨੇ ਉਹਨਾਂ ਨੂੰ ਪੈਦਾ ਕੀਤਾ ਤੇ ਮੈਂ, ਇਕ ਖੱਤਰੀ, ਉਹਨਾਂ ਦਾ ਖਾਤਮਾਂ ਕਰ ਦਿਆਂਗਾ।"

ਯਹੀਆ ਖਾਂ ਇਹੀ ਚਾਹੁੰਦਾ ਸੀ। ਉਸਨੇ ਦੀਵਾਨ ਲਖਪਤ ਰਾਏ ਨੂੰ ਮਨ-ਮਾਨੀਂ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ। ਲਾਹੌਰ ਵਿਚ ਦੁਕਾਨਦਾਰੀ ਜਾਂ ਸਰਕਾਰੀ ਨੌਕਰੀ ਕਰਨ ਵਾਲੇ ਜਿੰਨੇ ਵੀ ਗੁਰਮੁਖ ਸਿੱਖ ਸਨ, ਉਹਨਾਂ ਸਾਰਿਆਂ ਨੂੰ ਗਿਰਫਤਾਰ ਕਰ ਲਿਆ ਗਿਆ। ਸਾਰਿਆਂ ਨੂੰ ਜਲਾਦਾਂ ਦੇ ਹਵਾਲੇ ਕਰ ਦਿੱਤਾ ਗਿਆ ਤੇ ਇਹ ਹੁਕਮ ਦਿੱਤਾ ਗਿਆ ਕਿ ਇਹਨਾਂ ਨੂੰ 10 ਮਾਰਚ ਨੂੰ, ਮੱਸਿਆ ਵਾਲੇ ਦਿਨ, ਨਖਾਸ ਚੌਂਕ ਵਿਚ ਕਤਲ ਕਰ ਦਿੱਤਾ ਜਾਏ।

ਇਹ ਖਬਰ ਸੁਣਦਿਆਂ ਹੀ ਲਾਹੌਰ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਸ਼ਹਿਰ ਦੇ ਪਤਵੰਤੇ ਸਜੱਣ ਕੌੜਾ ਮੱਲ, ਕੁੰਜਾ ਮੱਲ, ਦਿਲਾ ਰਾਮ, ਕਸ਼ਮੀਰੀ ਮੱਲ, ਸੂਰਤ ਸਿੰਘ, ਹਰੀ ਸਿੰਘ, ਭਾਈ ਦੇਸਰਾਜ ਤੇ ਚੌਧਰੀ ਜਵਾਹਰ ਮੱਲ ਪ੍ਰਤੀਨਿਧ

ਮੰਡਲ ਬਣ ਕੇ ਦੀਵਾਨ ਲਖਪਤ ਰਾਏ ਕੋਲ ਗਏ ਤੇ ਬੇਨਤੀ ਕੀਤੀ ਕਿ ਬੇਗੁਨਾਹਾਂ ਦਾ ਖ਼ੂਨ, ਤੇ ਖਾਸ ਕਰਕੇ ਸੋਮਵਾਰੀ ਮੱਸਿਆ ਦੇ ਪਵਿੱਤਰ ਦਿਹਾੜੇ ਉੱਤੇ, ਨਾ ਬਹਾਇਆ ਜਾਏ।

ਲਖਪਤ ਰਾਏ ਨੇ ਉਹਨਾਂ ਦੀ ਪ੍ਰਵਾਹ ਨਹੀਂ ਕੀਤੀ। ਜੱਲਾਦਾਂ ਨੇ ਹੁਕਮ ਦਾ ਪਾਲਣ ਕੀਤਾ। ਦੀਵਾਨ ਨੇ ਦੂਜਾ ਕਦਮ ਇਹ ਚੁੱਕਿਆ ਕਿ ਸਿੱਖਾਂ ਦੇ ਧਾਰਮਕ ਗ੍ਰੰਥ ਸਾੜ ਦਿੱਤੇ ਤੇ ਪੂਜਾ ਸਥਾਨ ਢਾਹ ਦਿੱਤੇ ਗਏ, ਤੇ ਨਾਲ ਹੀ ਇਹ ਐਲਾਨ ਕੀਤਾ ਕਿ ਜਿਹੜਾ ਕੋਈ ਗੁਰੂ ਗੋਬਿੰਦ ਸਿੰਘ ਦਾ ਨਾਂ ਲਏ, ਉਸਦੇ ਢਿੱਡ ਵਿਚ ਛੁਰਾ ਮਾਰ ਦਿੱਤਾ ਜਾਏ। ਇੱਥੋਂ ਤਕ ਕਿ ਉਸਨੇ ਗੁੜ ਨੂੰ 'ਗੁੜ' ਕਹਿਣ ਦੀ ਮਨਾਹੀ ਵੀ ਕਰ ਦਿੱਤੀ, ਕਿਉਂਕਿ 'ਗੁ' ਤੋਂ 'ਗੁਰੂ' ਸ਼ਬਦ ਚੇਤਨਾ ਵਿਚ ਉਜਾਗਰ ਹੁੰਦਾ ਸੀ। ਲੋਕ ਗੁੜ ਨੂੰ 'ਭੇਲੀ' ਕਹਿਣ ਲੱਗ ਪਏ।

ਤੋਪਾਂ ਤੇ ਬੰਦੂਕਾਂ ਨਾਲ ਲੈਸ ਗਸ਼ਤੀ ਫ਼ੌਜ ਸਿੱਖਾਂ ਦੀ ਭਾਲ ਵਿਚ ਨਿਕਲ ਪਈ ਤੇ ਉਹਨਾਂ ਦਾ ਕਤਲੇਆਮ ਸ਼ੁਰੂ ਹੋ ਗਿਆ।

ਲਗਭਗ ਪੰਦਰਾਂ ਹਜ਼ਾਰ ਸਿੱਖ ਰਾਵੀ ਦੇ ਕਿਨਾਰੇ ਕਾਨ੍ਹੋਂਵਾਲ ਦੇ ਜੰਗਲਾਂ ਵਿਚ ਛੁਪੇ ਹੋਏ ਸਨ। ਨਵਾਬ ਕਪੂਰ ਸਿੰਘ, ਸੁੱਖਾ ਸਿੰਘ ਮਾੜੀ ਕੰਬੋ ਵਾਲੇ, ਗੁਰਦਿਆਲ ਸਿੰਘ ਡੱਲੇਵਾਲ, ਚੜ੍ਹਤ ਸਿੰਘ ਸ਼ੁਕਰਚੱਕੀਆ ਤੇ ਜੱਸਾ ਸਿੰਘ ਆਹਲੂਵਾਲੀਆ ਪ੍ਰਮੁੱਖ ਜੱਥੇਦਾਰ ਵੀ ਉਹਨਾਂ ਵਿਚ ਸ਼ਾਮਲ ਸਨ।

ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਮੁਲਤਾਨ, ਬਹਾਵਲ ਪੁਰ, ਜਲੰਧਰ, ਦੁਆਬ ਤੇ ਪਹਾੜੀ ਰਾਜਿਆਂ ਦੀ ਫ਼ੌਜ ਨੂੰ ਨਾਲ ਲੈ ਕੇ ਯਹੀਆ ਖਾਂ ਤੇ ਲਖਪਤ ਰਾਏ ਨੇ ਉਹਨਾਂ ਉਪਰ ਚੜ੍ਹਾਈ ਕਰ ਦਿੱਤੀ। ਸਿੱਖ ਗੁਰੀਲਾ ਯੁੱਧ ਲੜਦੇ ਹੋਏ ਪਿੱਛੇ ਹਟ ਰਹੇ ਸਨ। ਉਹ ਕਦੀ–ਕਦੀ ਪਲਟ ਕੇ ਦੁਸ਼ਮਣ ਉੱਤੇ ਹਮਲਾ ਕਰਦੇ ਸੀ ਤੇ ਉਸਦੀ ਰਸਦ ਤੇ ਹਥਿਆਰ ਆਦਿ ਖੋਹ ਲਿਜਾਂਦੇ ਸੀ। ਉਹ ਹੌਲੀ ਹੌਲੀ ਪਠਾਨਕੋਟ ਤੇ ਡਲਹੌਜੀ ਦੇ ਵਿਚਕਾਰ ਵੈਸ਼ਾਲੀ ਪਹਾੜੀ ਦੀ ਤਲਹਟੀ ਵਿਚ

ਪਹੁੰਚ ਗਏ। ਇਕ ਪਾਸੇ ਪਹਾੜ ਸੀ, ਪਹਾੜੀ ਰਾਜਿਆਂ ਨੂੰ ਪਹਿਲਾਂ ਹੀ ਆਦੇਸ਼ ਦੇ ਦਿੱਤਾ ਗਿਆ ਸੀ ਕਿ ਉਹ ਸਿੱਖਾਂ ਦਾ ਰਸਤਾ ਰੋਕਣ। ਦੂਜੇ ਪਾਸੇ ਬਿਫਰੀ ਹੋਈ ਤੂਫ਼ਾਨੀ ਨਦੀ ਸੀ ਜਿਸ ਨੂੰ ਪਾਰ ਕਰਨਾ ਸੰਭਵ ਨਹੀਂ ਸੀ। ਬਾਕੀ ਦੋਵੇਂ ਪਾਸੀਂ ਤੋਪਾਂ ਤੇ ਬੰਦੂਕਾਂ ਨਾਲ ਲੈਸ ਲਖਪਤ ਰਾਏ ਦੀ ਸੈਨਾਂ, ਉਹਨਾਂ ਨੂੰ ਗੋਲੀਆਂ ਨਾਲ ਭੁੰਨ ਦੇਣ ਲਈ ਤਿਆਰ ਖੜ੍ਹੀ ਸੀ। ਸਿੰਘ ਚਾਰੇ ਪਾਸਿਓਂ ਘਿਰ ਗਏ। ਮੌਤ ਸਿਰਾਂ ਉਤੇ ਮੰਡਲਾਉਂਦੀ ਦਿਖਾਈ ਦਿੱਤੀ। ਪ੍ਰਮੁੱਖ ਜੱਥੇਦਾਰਾਂ ਨੇ ਆਪੋ ਵਿਚ ਸਲਾਹ ਮਸ਼ਵਰਾ ਕੀਤਾ ਤੇ ਇਸ ਸਿੱਟੇ ਉੱਤੇ ਪਹੁੰਚੇ ਕਿ ਲੜਾਈ ਦੇ ਤਿੰਨ ਪੱਖ ਹਨ, ਇਹ ਕਿ ਹਥਿਆਰ ਸੁੱਟ ਕੇ ਈਨ ਮੰਨ ਲਈ ਜਾਏ, ਦੂਜਾ ਇਹ ਕਿ ਜਿੱਧਰ ਰਸਤਾ ਮਿਲੇ ਉਧਰ ਹਰਨ ਹੋ ਜਾਇਆ ਜਾਏ ਤਾਂ ਕਿ ਮੁੜ ਇਕੱਤਰ ਹੋ ਕੇ ਲੜਿਆ ਜਾ ਸਕੇ ਤੇ ਤੀਜਾ ਪੱਖ ਇਹ ਹੈ ਕਿ ਲੜੋ, ਮਰ ਜਾਓ ਜਾਂ ਮਾਰ ਮੁਕਾਓ। ਈਨ ਮੰਨ ਲੈਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ, ਸਿੰਘ ਗੁਰੂ ਦੇ ਸਿਵਾਏ ਹੋਰ ਕਿਸੇ ਦੀ ਅਧੀਨਤਾ ਨਹੀਂ ਸਵੀਕਾਰ ਕਰ ਸਕਦਾ। ਇਧਰ ਉਧਰ ਭੱਜ ਕੇ ਵੀ ਨਿੱਕਲ ਸਕਣਾ ਸੰਭਵ ਨਹੀਂ ਸੀ, ਕਿਉਂਕਿ ਸਾਰੇ ਰਸਤੇ ਬੰਦ ਹੋ ਚੁੱਕੇ ਸਨ। ਮਰਦਾ ਕੀ ਨਹੀਂ ਕਰਦਾ? ਦੁਸ਼ਮਣ ਨਾਲ ਟਾਕਰਾ ਕਰਨ ਦਾ ਫੈਸਲਾ ਲੈ ਲਿਆ ਗਿਆ।

ਕੁਝ ਲੋਕ ਕੇਸ ਕਟਵਾ ਕੇ ਤੇ ਸਿੱਖੀ ਦੇ ਪਛਾਣ ਚਿੰਨ੍ਹਾਂ ਨੂੰ ਤਿਆਗ ਕੇ ਆਮ ਲੋਕਾਂ ਦੇ ਰੂਪ ਵਿਚ ਬਚ ਨਿਕਲੇ ਤੇ ਜਿਹੜੇ ਸਿਰਫ ਲੁੱਟ-ਮਾਰ ਕਰਨ ਖਾਤਰ ਜੱਥਿਆਂ ਵਿਚ ਆ ਰਲੇ ਸਨ, ਉਹ ਵੀ ਸਾਥ ਛੱਡ ਗਏ। ਪਰ ਜਿਹੜੇ ਸਿੱਖੀ-ਸਿਦਕ ਦੇ ਪੱਕੇ ਸਨ, ਉਹ ਸਿਰਾਂ ਉੱਤੇ ਕਫਨ ਬੰਨ੍ਹ ਕੇ ਦੁਸ਼ਮਣ ਸੈਨਾਂ ਉਪਰ ਟੁੱਟ ਪਏ। ਇਸ ਅਚਾਨਕ ਹਮਲੇ ਨਾਲ ਜਿਹੜੀ ਖਲਬਲੀ ਮੱਚੀ ਉਸ ਵਿਚ ਸਿੰਘ ਰਸਦ, ਗੋਲਾ-ਬਰੂਦ ਤੇ ਕੁਝ ਘੋੜੇ ਖੋਹ ਕੇ ਫੇਰ ਜੰਗਲ ਵਿਚ ਜਾ ਛੁਪੇ।

ਹਾਰ ਦੇ ਹਿਰਖ ਨੇ ਲਖਪਤ ਰਾਏ ਦੀ ਮੱਤ ਹੀ ਮਾਰ ਛੱਡੀ। ਉਸਨੇ ਬੇਲਦਾਰ ਮੰਗਵਾ ਕੇ ਜੰਗਲ ਵਿਚ ਰਸਤੇ ਬਣਵਾਉਣੇ ਸ਼ੁਰੂ ਕਰ ਦਿੱਤੇ ਪਰ ਸੰਘਣੇ ਜੰਗਲ

ਵਿਚ ਬੇਲਦਾਰਾਂ ਨੂੰ ਵੜਨਾ ਹੀ ਮੁਸ਼ਕਲ ਹੋ ਗਿਆ, ਨਾਲੇ ਸਿੰਘ ਉਹਨਾਂ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾ ਰਹੇ ਸਨ। ਜਦੋਂ ਕੋਈ ਹੋਰ ਵਾਹ ਨਾ ਚੱਲੀ ਤਾਂ ਜਿੱਥੇ ਜਿੱਥੇ ਵੀ ਸੰਘਣਾ ਜੰਗਲ, ਮਲ੍ਹੇ-ਝਾੜੀਆਂ ਸਨ, ਲਖਪਤ ਰਾਏ ਨੇ ਅੱਗ ਲਗਵਾ ਦਿੱਤੀ। ਹੁਣ ਸਿੰਘਾਂ ਲਈ ਮੁਸ਼ਕਲ ਆ ਪਈ, ਜਿਹੜੀਆਂ ਲੁਕਣ ਵਾਲੀਆਂ ਥਾਵਾਂ ਸਨ, ਉਹ ਨਹੀਂ ਰਹੀਆਂ ਤੇ ਲਖਪਤ ਰਾਏ ਨੇ ਤੋਪਾਂ ਦੀ ਮਾਰ ਤੇਜ਼ ਕਰ ਦਿੱਤੀ। ਠਾਹ-ਠਾਹ ਗੋਲੇ ਚੱਲ ਰਹੇ ਸਨ। ਸਲਾਹ ਬਣੀ ਰਿਆੜਕੀ ਤੇ ਦੁਆਬੇ ਵੱਲ ਨੱਠ ਚੱਲੋ। ਸਿੰਘ ਪਲਟ ਕੇ ਫੇਰ ਦੁਸ਼ਮਣਾ ਉੱਤੇ ਟੁੱਟ ਪਏ। ਲੜਦੇ-ਮਰਦੇ ਦੁਸ਼ਮਣ ਸੈਨਾਂ ਦੀ ਨਾਕਾਬੰਦੀ ਨੂੰ ਤੋੜਦੇ ਹੋਏ, ਘੇਰੇ ਵਿਚੋਂ, ਬਾਹਰ ਨਿਕਲੇ ਪਰ ਜਾਂਦੇ ਕਿੱਧਰ? ਰਾਵੀ ਨੇ ਰਾਹ ਰੋਕ ਲਿਆ। ਵਹਾਅ ਏਨਾ ਤੇਜ਼ ਸੀ ਕਿ ਪਾਣੀ ਵਿਚ ਉਤਰਨਾ, ਉਸ ਵਿਚ ਰੁੜ੍ਹ ਜਾਣਾ ਹੀ ਸੀ। ਫੇਰ ਵੀ ਡੂੰਘਾਈ ਦਾ ਥੋਹ ਲਾਉਣ ਲਈ ਡੱਲੇਵਾਲੇ ਸਰਦਾਰ ਗੁਰਦਿਆਲ ਸਿੰਘ ਦੇ ਦੋ ਭਰਾਵਾਂ ਨੇ ਹਿੰਮਤ ਕਰਕੇ ਘੋੜੇ ਨਦੀ ਵਿਚ ਉਤਾਰ ਦਿੱਤੇ। ਠਾਠਾਂ ਮਾਰਦੀ ਨਦੀ ਨੇ ਦੋਵਾਂ ਭਰਾਵਾਂ ਤੇ ਉਹਨਾਂ ਦੇ ਘੋੜਿਆਂ ਨੂੰ ਨਿਗਲ ਲਿਆ।

"ਨਦੀ ਵਿਚ ਡੁੱਬ ਕੇ ਮਰਨ ਨਾਲੋਂ ਚੰਗਾ ਏ, ਦੁਸ਼ਮਣ ਨਾਲ ਦੋ ਦੋ ਹੱਥ ਕਰਕੇ ਮੈਦਾਨ ਵਿਚ ਸ਼ਹੀਦ ਹੋ ਜਾਈਏ।" ਜੱਸਾ ਸਿੰਘ ਨੇ ਸੁਝਾਅ ਦਿੱਤਾ ਤੇ ਸਿੰਘਾਂ ਨੇ ਸੁੱਖਾ ਸਿੰਘ ਦੀ ਅਗਵਾਈ ਵਿਚ, 'ਜੋ ਬੋਲੇ ਸੋ ਨਿਹਾਲ...ਸਤਿ ਸ੍ਰੀ ਆਕਾਲ' ਦਾ ਜੈਕਾਰਾ ਛੱਡਦਿਆਂ ਹੋਇਆਂ ਹੱਲਾ ਬੋਲ ਦਿੱਤਾ। ਘਮਾਸਾਨ ਦੀ ਲੜਾਈ ਹੋਈ, ਜਿਸ ਵਿਚ ਜਸਪਤਾ ਰਾਏ ਦਾ ਪੁੱਤਰ ਹਰਭਜ ਰਾਏ, ਯਹੀਆ ਖਾਂ ਦਾ ਪੁੱਤਰ ਨਾਹਰ ਖਾਂ, ਫੌਜਦਾਰ ਸੈਫ਼ਅਲੀ ਖਾਂ, ਕਰਮ ਬਖ਼ਸ਼ ਰਸੂਲ ਨਗਰੀਆ, ਅਗਰ ਖਾਂ ਆਦਿ ਮਾਰੇ ਗਏ। ਸਿੰਘਾਂ ਨੂੰ ਵੀ ਕਾਫੀ ਨੁਕਸਾਨ ਉਠਾਉਣਾ ਪਿਆ। ਸੁੱਖਾ ਸਿੰਘ ਦੇ ਪੱਟ ਉੱਤੇ ਜੰਬੂਰੇ ਦਾ ਗੋਲਾ ਆਣ ਵੱਜਿਆ। ਹੱਡੀ ਟੁੱਟ ਗਈ, ਪਰ ਉਸਨੇ 'ਸੀ' ਤਕ ਨਹੀਂ ਕੀਤੀ। ਆਪਣਾ ਪੱਗੜ ਪਾੜ ਕੇ ਲੱਤ ਨੂੰ ਕਾਠੀ ਨਾਲ ਬੰਨ੍ਹ ਲਿਆ ਤੇ ਇਧਰੋਂ-ਉਧਰ ਘੋੜਾ ਦੌੜਾਉਂਦਾ ਹੋਇਆ ਪੂਰੇ ਹੌਂਸਲੇ ਨਾਲ

ਲੜਦਾ ਰਿਹਾ। ਜੱਸਾ ਸਿੰਘ ਆਹਲੂਵਾਲੀਆਂ ਤੇ ਹੋਰ ਜੱਥੇਦਾਰ ਉਸਦਾ ਸਾਥ ਦੇ ਰਹੇ ਸਨ। ਹੱਲਾ ਏਨਾਂ ਜੋਰਦਾਰ ਸੀ ਕਿ ਦੁਸ਼ਮਣ ਦੀਆਂ ਪੰਗਤੀਆਂ ਉਖੜ ਗਈਆਂ। ਲੜਦੇ-ਭਿੜਦੇ ਸਿੰਘ ਇਕ ਵਾਰੀ ਫੇਰ ਜੰਗਲਾਂ ਵਿਚ ਜਾ ਘੁਸੇ। ਏਨੇ ਵਿਚ ਰਾਤ ਪੈ ਗਈ।

ਜੰਗਲ ਵਿਚ ਛੁਪੇ ਰਹਿਣਾ ਵੀ ਸੰਭਵ ਨਹੀਂ ਸੀ। ਪਰਤੱਖ ਸੀ ਦੁਸ਼ਮਣ ਦਿਨ ਚੜ੍ਹਦਿਆਂ ਹੀ ਫੇਰ ਹਮਲਾ ਕਰੇਗਾ। ਰਾਤ ਅੱਧੀ ਬੀਤ ਚੁੱਕੀ ਸੀ। ਸੁੱਖਾ ਸਿੰਘ ਤੇ ਜੱਸਾ ਸਿੰਘ ਨੇ ਸਿੰਘਾਂ ਨੂੰ ਕਿਹਾ, "ਖਾਲਸਾ ਜੀ, ਦੁਸ਼ਮਣ ਉਪਰ ਇਕ ਚੋਟ ਹੋਰ ਕਰਨ ਦਾ ਸਮਾਂ ਏਂ। ਅਸੀਂ ਭੱਜ ਗਏ ਸੋਚ ਕੇ ਉਹ ਬੇਫਿਕਰ ਹੋ ਕੇ ਸੌਂ ਗਏ ਹੋਣਗੇ। ਨੀਂਦ ਨੇ ਉਹਨਾਂ ਨੂੰ ਆ ਦਬੋਗਿਆ ਹੋਏਗਾ। ਇਸ ਹਾਲਤ ਵਿਚ ਅਸੀਂ ਉਹਨਾਂ ਉੱਤੇ ਹਮਲਾ ਕਰਕੇ ਉਹਨਾਂ ਦੇ ਘੋੜੇ ਤੇ ਹਥਿਆਰ ਖੋਹ ਸਕਦੇ ਹਾਂ।" ਗੱਲ ਠੀਕ ਸੀ। ਸਿੰਘ ਝੱਟ ਉਠ ਖੜ੍ਹੇ ਹੋਏ ਤੇ ਹੱਲਾ ਬੋਲ ਦਿੱਤਾ। ਇਸ ਤੋਂ ਪਹਿਲਾਂ ਕਿ ਦੁਸ਼ਮਣ ਜਾਗੇ, ਸੰਭਲੇ ਤੇ ਮਿਸ਼ਾਲਾਂ ਜਗਾਵੇ, ਸਿੰਘ ਬਹੁਤਿਆਂ ਦਾ ਸਫਾਇਆ ਕਰਕੇ ਜੰਗਲ ਵਿਚ ਵੜ ਗਏ।

ਲਖਪਤ ਰਾਏ ਨੇ ਫੌਜ ਦੇ ਨਾਲ, ਪਿੰਡਾਂ ਦੇ ਬੰਦਿਆਂ ਦੀ ਭੀੜ ਇਕੱਠੀ ਕਰਕੇ ਉਹਨਾਂ ਦਾ ਪਿੱਛਾ ਕੀਤਾ। ਸਿੰਘਾਂ ਵਿਚ ਘੋੜ-ਸਵਾਰ ਘੱਟ ਸਨ ਤੇ ਪੈਦਲ ਜ਼ਿਆਦਾ। ਪੈਦਲਾਂ ਦੀ ਰੱਖਿਆ ਕਰਨਾ ਤੇ ਉਹਨਾਂ ਨੂੰ ਨਾਲ ਲੈ ਕੇ ਜਾਣਾ ਜ਼ਰੂਰੀ ਸੀ, ਇਸ ਲਈ ਸਿੰਘ ਭੱਜਦੇ-ਭੱਜਦੇ ਪਿੱਛੇ ਪਰਤ ਕੇ ਹਮਲਾ ਕਰਦੇ ਤੇ ਫੇਰ ਪਲਟ ਪੈਂਦੇ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰੇ ਉਹਨਾਂ ਦੇ ਹੌਂਸਲੇ ਵਧਾ ਰਹੇ ਸਨ। ਲਖਪਤ ਰਾਏ ਦੀ ਸੈਨਾ ਅੱਗੇ ਢੋਲ ਵੱਜ ਰਿਹਾ ਸੀ। ਪਿੰਡਾਂ ਦੇ ਨੰਬਰਦਾਰਾਂ ਤੇ ਚੌਧਰੀਆਂ ਦੇ ਆਦਮੀ ਬੰਦੂਕਾਂ, ਬਰਛੇ, ਬੇਲਚੇ, ਕੁਹਾੜੀਆਂ ਤੇ ਡਾਂਗਾਂ ਲਈ ਝਾੜੀਆਂ ਨੂੰ ਇੰਜ ਫਰੋਲ ਰਹੇ ਸਨ ਜਿਵੇਂ ਸ਼ਿਕਾਰੀ ਕੁੱਤੇ ਝਾੜੀਆਂ ਵਿਚ ਛੁਪੇ ਹਿਰਨਾ ਦਾ ਪਿੱਛਾ ਕਰ ਰਹੇ ਹੋਣ। ਪੈਦਲਾਂ ਲਈ ਇਹ ਸਮਾਂ ਬੜਾ ਹੀ ਕਰੜਾ ਸੀ, ਪਰ ਸਿੰਘਾਂ ਨੇ ਪਰਤ-ਪਲਟ ਕੇ

ਏਨੇ ਜਬਰਦਸਤ ਹਮਲੇ ਕੀਤੇ ਕਿ ਨੰਬਰਦਾਰਾਂ ਤੇ ਚੌਧਰੀਆਂ ਦੀ ਇਕੱਠੀ ਕੀਤੀ ਭੀੜ ਲਈ ਫੱਟ ਖਾ ਕੇ ਬਿਫਰੇ ਸਿੰਘਾਂ ਦਾ ਸਾਹਮਣਾ ਕਰਨਾ ਆਸਾਨ ਕੰਮ ਨਹੀਂ ਸੀ। ਜੈਕਾਰੇ ਛੱਡ ਰਹੇ ਸਿੰਘ ਸੂਰਮਿਆਂ ਦੀਆਂ ਤਲਵਾਰਾਂ ਦੇਖ ਕੇ ਹੀ ਉਹਨਾਂ ਦੇ ਪ੍ਰਾਣ ਖੁਸ਼ਕ ਹੋ ਜਾਂਦੇ ਸਨ ਤੇ ਉਹ ਸਿਰ 'ਤੇ ਪੈਰ ਰੱਖ ਕੇ ਭੱਜ ਖੜ੍ਹੇ ਹੁੰਦੇ ਸਨ।

ਹੁਣ ਸਿੰਘ ਗੋਇੰਦਵਾਲ ਤਕ ਪਹੁੰਚ ਗਏ ਸਨ, ਜਿੱਥੇ ਨਦੀ ਦਾ ਵਹਾਅ ਬਹੁਤਾ ਤੇਜ਼ ਨਹੀਂ ਸੀ। ਉਹਨਾਂ ਘਾਹ ਫੂਸ ਦੇ ਬੇੜੇ ਬਣਾ ਕੇ ਨਦੀ ਪਾਰ ਕੀਤੀ ਦੇ ਰਿਆੜਕੀ ਜਾ ਪਹੁੰਚੇ...ਪਰ ਉਹ ਇਕ ਮੁਸੀਬਤ ਵਿਚੋਂ ਲੰਘ ਕੇ ਦੂਜੀ ਮੁਸੀਬਤ ਵਿਚ ਫਸ ਗਏ। ਮਈ ਦਾ ਮਹੀਨਾ ਸੀ। ਲੂ ਵਗ ਰਹੀ ਸੀ। ਕੜਾਕੇ ਦੀ ਧੁੱਪ ਸੀ ਤੇ ਤਿੰਨ ਮੀਲ ਲੰਮੀ ਬਰੇਤੀ ਦੀ ਭੱਠੀ ਬਣੀ ਧਰਤੀ ਪਾਰ ਕਰਨੀ ਸੀ। ਸਿੰਘਾਂ ਨੇ ਆਪਣੀਆਂ ਪੱਗਾਂ ਪਾੜ ਕੇ ਪੈਰਾਂ ਉਪਰ ਪੱਟੇ ਬੰਨ੍ਹ ਲਏ ਤਾਂ ਕਿਤੇ ਜਾ ਕੇ ਉਸਨੂੰ ਪਾਰ ਕੀਤਾ।

ਇਸ ਤੋਂ ਪਿੱਛੋਂ ਉਹ ਹਰਗੋਬਿੰਦ ਪੁਰ ਵਿਚੋਂ ਬਿਆਸ ਨਦੀ ਪਾਰ ਕਰਕੇ ਦੁਆਬੇ ਵਿਚ ਜਾ ਪਹੁੰਚੇ ਤੇ ਮੀਰਕੋਟ ਵਿਚ ਜਾ ਡੇਰੇ ਲਾਏ। ਉਹ ਕਈ ਦਿਨਾਂ ਦੇ ਭੁੱਖੇ ਪਿਆਸੇ ਸਨ। ਆਸੇ ਪਾਸੇ ਦੇ ਪਿੰਡਾਂ ਵਿਚੋਂ ਰਸਦ ਇਕੱਠੀ ਕਰਕੇ ਲੰਗਰ ਤਿਆਰ ਕੀਤਾ ਤੇ ਘੋੜੇ ਚਰਨ ਲਈ ਛੱਡ ਦਿੱਤੇ। ਪਰ ਉਹ ਲੰਗਰ ਛਕਣ ਬੈਠੇ ਹੀ ਸਨ ਕਿ ਸੂਹੀਏ ਨੇ ਖਬਰ ਦਿੱਤੀ ਬਈ ਲਖਪਤ ਰਾਏ ਪਿੱਛਾ ਕਰਦਾ ਹੋਇਆ ਆ ਪਹੁੰਚਿਆ ਹੈ। ਉਹਨਾਂ ਸਬਰ ਦਾ ਘੁੱਟ ਭਰਿਆ ਤੇ ਅੱਧੇ-ਭੁੱਖੇ-ਢਿੱਡੀਂ ਭੱਜ ਖੜ੍ਹੇ ਹੋਏ। ਅਲੀਵਾਲ ਪਹੁੰਚ ਕੇ ਸਤਲੁਜ ਪਾਰ ਕੀਤਾ ਤੇ ਮਾਲਵੇ ਵਿਚ ਪ੍ਰਵੇਸ਼ ਕਰ ਗਏ। ਹੁਣ ਉਹ ਖਤਰੇ ਤੋਂ ਬਾਹਰ ਸਨ।

ਇਸ ਲੰਮੇਂ ਸੰਘਰਸ਼ ਵਿਚ ਸੱਤ ਹਜ਼ਾਰ ਦੇ ਲਗਭਗ ਸਿੱਖ ਮਾਰੇ ਗਏ। ਤਿੰਨ ਹਜ਼ਾਰ ਨੂੰ ਫੜ੍ਹ ਕੇ ਲਾਹੌਰ ਲਿਜਾਇਆ ਗਿਆ। ਇਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ, ਚੜਖੜੀਆਂ ਉਤੇ ਚੜ੍ਹਾ ਕੇ, ਨਖਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ

ਗਿਆ। ਉਹਨਾਂ ਦੇ ਧੜਾਂ ਤੇ ਸਿਰਾਂ ਦੇ ਢੇਰ ਲੱਗ ਗਏ। ਫਾਰਸੀ ਵਿਚ ਢੇਰ ਨੂੰ 'ਗੰਜ' ਆਖਦੇ ਹਨ, ਇਸ ਲਈ ਨਖਾਸ ਚੌਂਕ ਦਾ ਨਾਂ 'ਸ਼ਹੀਦ ਗੰਜ' ਪੈ ਗਿਆ। ਵੱਡਾ ਘੱਲੂਘਾਰਾ ਅੱਗੇ ਚੱਲ ਅਹਿਮਦ ਸ਼ਾਹ ਅਬਦਾਲੀ ਦੇ ਹੱਥੀਂ ਹੋਇਆ।

ਇਸ ਘੱਲੂਘਾਰੇ ਪਿੱਛੋਂ ਸਿੱਖ ਏਧਰ ਉਧਰ ਖਿੱਲਰ ਗਏ। ਸੁੱਖਾ ਸਿੰਘ ਜੈਤੋ ਜਾ ਟਿਕਿਆ। ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਬਿੱਜੂ ਕੇ, ਹਰੀ ਸਿੰਘ ਦਿਆਲ ਪੁਰੇ, ਚੜ੍ਹਤ ਸਿੰਘ ਪੱਕੇ ਪਥਰਾਲੇ ਦੇ ਕੁਝ ਹੋਰ ਡਰੌਲੀ ਦੇ ਆਸ-ਪਾਸ ਜਾ ਟਿਕੇ। ਮਤਲਬ ਇਹ ਕਿ ਜਿਧਰ ਜਿਸਦੇ ਸਿੰਗ ਸਮਾਏ, ਉਹ ਉਹ ਉਧਰ ਹੀ ਜਾ ਟਿਕਿਆ।

ਛੇ ਮਹੀਨਿਆਂ ਦੀ ਭੱਜ-ਨੱਠ, ਭੁੱਖ-ਪਿਆਸ ਤੇ ਯੁੱਧ ਦੀਆਂ ਤਕਲੀਫਾਂ ਝਲਣ ਪਿੱਛੋਂ ਉਹ ਫੇਰ ਹਰਕਤ ਵਿਚ ਆ ਗਏ ਤੇ ਸਰਕਾਰ ਦੇ ਵਿਰੁੱਧ ਸੰਘਰਸ਼ ਵਿਚ ਉਤਰ ਆਏ। ਪਹਿਲਾਂ ਪਹਿਲਾਂ ਆਪੋ ਆਪਣੇ ਇਲਾਕਿਆਂ ਵਿਚ ਛਾਪੇ ਮਾਰਨੇ ਸ਼ੁਰੂ ਕੀਤੇ। ਇਸ ਸਮੇਂ ਜੱਸਾ ਸਿੰਘ, ਹਰੀ ਸਿੰਘ, ਚੜ੍ਹਤ ਸਿੰਘ, ਝੰਡਾ ਸਿੰਘ ਤੇ ਗੰਡਾ ਸਿੰਘ ਇਕੱਠੇ ਸਨ ਤੇ ਉਹ ਛਾਪੇ ਮਾਰਨ ਵਿਚ ਇਕ ਦੂਜੇ ਦੀ ਸਹਾਇਤਾ ਕਰਦੇ ਸਨ। ਇਹਨਾਂ ਛਾਪਿਆਂ ਦਾ ਮਕਸਦ ਕਿਸੇ ਸ਼ਹਿਰ ਜਾਂ ਪਿੰਡ ਉੱਤੇ ਕਬਜਾ ਜਮਾਉਣਾ ਨਹੀਂ; ਉਗਰਾਹੀ ਕਰਨਾ, ਨਜ਼ਰਾਨੇ ਲੈਣਾ ਤੇ ਆਪਣੇ ਵਿਰੋਧੀ ਰਾਈਸਾਂ ਤੇ ਜਾਗੀਰਦਾਰਾਂ ਨੂੰ ਲੁੱਟਣਾ ਸੀ। ਸੂਹੀਆਂ ਦੁਆਰਾ ਜੋ ਜਾਣਕਾਰੀ ਪ੍ਰਾਪਤ ਹੁੰਦੀ, ਛਾਪਾ ਮਾਰਨ ਦੀ ਵਿਉਂਤ-ਬੰਦੀ ਉਸੇ ਅਨੁਸਾਰ ਕੀਤੀ ਜਾਂਦੀ।

ਇਹਨੀ-ਦਿਨੀਂ ਬੇਨਾਮ ਸੂਫੀ ਫਕੀਰ ਆਪਣਾ ਘੁੰਗਰੂਆਂ ਵਾਲਾ ਗੋਲ ਕੂਲਾ ਡੰਡਾ ਲਈ ਕਸੂਰ ਵਿਚ ਘੁੰਮ ਰਿਹਾ ਸੀ। ਅਨਾਥ ਬੱਚਿਆਂ ਦੀ ਟੋਲੀ ਹੁਣ ਉਸਦੇ ਨਾਲ ਨਹੀਂ ਸੀ ਹੁੰਦੀ। ਉਹਨਾਂ ਨੂੰ ਉਹ ਸਾਈਂ ਜਹੀਰ ਬਖ਼ਸ਼ ਦੇ ਤਕੀਏ

ਵਿਚ ਛੱਡ ਆਇਆ ਸੀ। ਹੁਣ ਉਹ ਇਕੱਲਾ ਹੁੰਦਾ ਸੀ। ਧਰਤੀ ਉਪਰ ਡੰਡਾ ਮਾਰ ਮਾਰ ਕੇ ਘੁੰਗਰੂਆਂ ਦੀ ਛਣਕਾਰ ਦੇ ਨਾਲ, ਆਪਣੀ ਸੁਰੀਲੀ ਆਵਾਜ਼ ਵਿਚ, ਕਦੀ ਕਬੀਰ ਦੀ ਸਾਖੀ ਤੇ ਕਦੀ ਬੁੱਲ੍ਹੇ ਸ਼ਾਹ ਦੀ ਕਾਫ਼ੀ ਗਾਉਂਦਾ ਤੇ ਇਕੱਠੀ ਹੋਈ ਆਮ ਲੋਕਾਂ ਦੀ ਭੀੜ ਨੂੰ ਆਪਸ ਵਿਚ ਪਿਆਰ ਤੇ ਮੁਹੱਬਤ ਨਾਲ, ਰਲ ਮਿਲ ਕੇ ਰਹਿਣ ਦਾ ਉਪਦੇਸ਼ ਵੀ ਦਿੰਦਾ ਸੀ।

ਇਕ ਵਾਰੀ ਜਦੋਂ ਉਹ ਭੀੜ ਵਿਚੋਂ ਨਿਕਲਿਆ ਕੇ ਅੱਗੇ ਤੁਰ ਗਿਆ ਸੀ ਤੇ ਇਕ ਵਿਸ਼ਾਲ ਇਮਾਰਤ ਦੇ ਸਾਹਮਣੇ ਖਲੋ ਕੇ ਉਸ ਵਿਚ ਆਉਣ ਜਾਣ–ਵਾਲਿਆਂ ਦੀ ਭੀੜ ਵੱਲ ਦੇਖ ਰਿਹਾ ਸੀ ਤਾਂ ਕਿਸੇ ਨੇ ਉਸਦੇ ਕੋਲ ਆ ਕੇ ਕਿਹਾ, “ਭੂਪੇ।”

ਬੇਨਾਮ ਸੂਫੀ ਫਕੀਰ ਆਪਣਾ ਨਾਂਅ ਸੁਣ ਕੇ ਤ੍ਰਭਕਿਆ। ਉਸਦੇ ਸਾਹਵੇਂ ਦਸ ਗਿਆਰਾਂ ਸਾਲ ਦਾ ਇਕ ਮੁੰਡਾ ਖੜ੍ਹਾ ਸੀ। ਉਸਦੇ ਨੀਲੇ ਰੰਗ ਦਾ ਧਾਰੀਦਾਰ ਤਹਿਮਦ ਤੇ ਖੁੱਲ੍ਹੀਆਂ ਬਾਹਾਂ ਵਾਲਾ ਚਿੱਟਾ ਕੁੜਤਾ ਪਾਇਆ ਹੋਇਆ ਸੀ। ਚੌੜਾ ਮੱਥਾ, ਤਿੱਖੀ ਨੱਕ, ਚਿਹਰੇ ਉੱਤੇ ਰੌਣਕ ਤੇ ਅੱਖਾਂ ਵਿਚ ਚਮਕ ਸੀ; ਪਛਾਨਣ ਵਿਚ ਦੇਰ ਨਹੀਂ ਲੱਗੀ। ਉਹ ਉਸਨੂੰ ਇਸ਼ਾਰੇ ਨਾਲ ਇਕ ਗਲੀ ਵਿਚ ਲੈ ਗਿਆ ਤੇ ਉੱਥੇ ਉਸਨੂੰ ਜੱਫੀ ਪਾ ਕੇ ਮੋਹ ਭਿੱਜੀ ਆਵਾਜ਼ ਵਿਚ ਬੋਲਿਆ, “ਵਾਰਿਸ! ਮੇਰਾ ਵਾਰਸ!!”

ਉਹ ਉਸਦੇ ਪਿੰਡ ਦੇ ਗੁਆਂਢੀ ਸੱਯਦ ਕੁਤਬ ਸ਼ਾਹ ਦਾ ਬੇਟਾ, ਵਾਰਿਸ ਸ਼ਾਹ ਸੀ। ਭੂਪ ਸਿੰਘ ਨੂੰ ਪਿੰਡ ਛੱਡਿਆਂ ਛੇ–ਸੱਤ ਵਰ੍ਹੇ ਹੋ ਗਏ ਸਨ। ਇਸ ਦੌਰਾਨ ਉਹ ਕਦੀ ਪਿੰਡ ਨਹੀਂ ਸੀ ਗਿਆ। ਪਿੰਡ ਦੇ ਕਿਸੇ ਬੰਦੇ ਨਾਲ ਉਸਦੀ ਕਦੀ ਮੁਲਾਕਾਤ ਵੀ ਨਹੀਂ ਹੋਈ ਸੀ ਤੇ ਉਹ ਕਿਸੇ ਨਾਲ ਮੁਲਾਕਾਤ ਕਰਨੀ ਵੀ ਨਹੀਂ ਸੀ ਚਾਹੁੰਦਾ। ਵਾਰਿਸ ਦੇ ਪਛਾਣ ਲੈਣ ਨਾਲ ਪਹਿਲਾਂ ਉਸਨੂੰ ਪ੍ਰੇਸ਼ਾਨੀ ਹੋਈ ਪਰ ਫੇਰ ਉਸਦੇ ਖਿੜੇ ਹੋਏ ਚਿਹਰੇ ਵੱਲ ਦੇਖ ਕੇ ਤੇ ਉਸਦੇ ਉਹ ਸ਼ਬਦ ਯਾਦ ਕਰਕੇ ਜਿਹੜੇ ਉਸਨੇ ਜੱਥੇ ਦੀ ਵਿਦਾਈ ਸਮੇਂ ਕਹੇ ਸਨ, “ਮੈਂ ਵੀ ਜਾਵਾਂਗਾ, ਮੈਂ ਵੀ

ਲੜਾਂਗਾ।" ਦੂਜੇ ਪਲ ਹੀ ਉਹ ਬੇਫਿਕਰ ਹੋ ਗਿਆ।

ਨੇੜੇ ਹੀ ਇਕ ਬਗੀਚੀ ਸੀ। ਦੋਏ ਉਸ ਬਗੀਚੀ ਵਿਚ ਚਲੇ ਗਏ ਤੇ ਵੇਲਾਂ ਦੀ ਛਾਂ ਵਿਚ ਬੈਠ ਗਏ।

"ਤੂੰ ਇੱਥੇ ਕਿਵੇਂ?" ਭੂਪ ਸਿੰਘ ਨੇ ਵਾਰਿਸ ਤੋਂ ਪੁੱਛਿਆ।

"ਮੈਂ ਇੱਥੇ ਅਨਾਇਤੁੱਲਾ ਸ਼ਾਹ ਦੇ ਮਕਤਬ ਵਿਚ ਪੜ੍ਹ ਰਿਹਾਂ।" ਵਾਰਿਸ ਨੇ ਉਤਰ ਦਿੱਤਾ।

"ਕਦੋਂ ਦਾ ?"

"ਤਿੰਨ ਸਾਢੇ ਤਿੰਨ ਸਾਲ ਹੋ ਗਏ ਨੇ।"

"ਪਿੰਡ ਤਾਂ ਜਾਂਦਾ ਹੋਏਂਗਾ ?"

"ਹਾਂ। ਅਹਿ ਦੋ ਮਹੀਨੇ ਹੋਏ ਗਿਆ ਸਾਂ।"

"ਮੇਰੀ ਮਾਂ ਦਾ ਕੀ ਹਾਲ ਏ ? ਮੈਨੂੰ ਯਾਦ ਕਰਦੀ ਹੋਏਗੀ ?"

"ਤੂੰ ਜਾਣਦਾ ਈ ਏਂ, ਉਹ ਇਕ ਸਖ਼ਤ ਜਾਨ (ਸਿਰੜੀ ਤੇ ਮਿਹਨਤਕਸ਼–ਅਨੁ.) ਔਰਤ ਏ। ਸ਼ਾਹੀ ਗਰਮੀ ਉਸਨੂੰ ਛੁਹ ਤਕ ਨਹੀਂ ਸਕਦੀ। ਤੈਨੂੰ ਯਾਦ ਜ਼ਰੂਰ ਕਰਦੀ ਹੋਏਗੀ, ਪਰ ਆਪਣੇ ਦਿਲ ਵਿਚ।"

ਸਾਹਮਣੇ ਸ਼ਹਿਤੂਤ ਦਾ ਰੁੱਖ ਸੀ। ਉਸ ਉਪਰ ਹੁਣੇ ਹੁਣੇ ਇਕ ਗੁਟਾਰ ਆ ਕੇ ਬੈਠੀ ਸੀ। ਭੂਪ ਸਿੰਘ ਉਸ ਵੱਲ ਦੇਖਣ ਲੱਗਿਆ ਤੇ ਕੁਝ ਚਿਰ ਚੁੱਪਚਾਪ ਬੈਠਾ ਦੇਖਦਾ ਰਿਹਾ।

"ਤੂੰ ਆਪਣੇ ਘਰ ਦਾ ਹਾਲ ਸੁਣਾ ?" ਉਹ ਫੇਰ ਵਾਰਿਸ ਵੱਲ ਪਰਤਿਆ।

"ਵਾਲਿਦ (ਪਿਤਾ) ਤੇ ਵਾਲਿਦਾ (ਮਾਤਾ) ਦੋਵਾਂ ਦਾ ਇੰਤਕਾਲ (ਮੌਤ) ਹੋ ਗਿਐ।"

"ਓ–ਅ, ਇਹ ਤਾਂ ਬੜੀ ਮਾੜੀ ਖਬਰ ਸੁਣਾਈ।" ਭੂਪ ਸਿੰਘ ਨੇ ਦੁੱਖ ਨਾਲ ਸਿਰ ਹਿਲਾਇਆ।

"ਅੱਲ੍ਹਾ ਦੀ ਮਰਜ਼ੀ। ਉਸ ਅੱਗੇ ਕਿਸੇ ਦਾ ਕੀ ਜ਼ੋਰ ਏ।"

ਕੁਝ ਪਲ ਮੌਨ ਵਿਚ ਬੀਤੇ। ਹੁਣ ਭੂਪ ਸਿੰਘ ਤੇ ਵਾਰਿਸ ਦੋਹੇਂ ਸ਼ਹਿਤੂਰ ਦੇ ਰੁੱਖ ਵੱਲ ਦੇਖ ਰਹੇ ਸਨ। ਗੁਟਾਰ ਉੱਡ ਗਈ ਸੀ, ਪਰ ਉਸ ਟਾਹਣੀ ਉਪਰ ਦੋ ਚਿੜੀਆਂ ਆ ਬੈਠੀਆਂ ਸਨ।

"ਅਨਾਇਤੁੱਲਾ ਸ਼ਾਹ ਦਾ ਮਕਤਬ ਤਾਂ ਬੜਾ ਮਸ਼ਹੂਰ ਏ।" ਭੂਪ ਸਿੰਘ ਨੇ ਵਿਸ਼ਾ ਬਦਲਿਆ।

"ਸਾਡੇ ਉਸਤਾਦ, ਅਨਾਇਤੁੱਲਾ ਸ਼ਾਹ ਪੰਜਾਬੀ ਦੇ ਪਹਿਲੇ ਸ਼ਾਇਰ ਬਾਬਾ ਫਰੀਦ ਦੇ ਖਾਨਦਾਨ ਦੇ ਨੇ। ਇਹ ਮਕਤਬ ਉਸੇ ਸਮੇਂ ਤੋਂ ਚੱਲਦਾ ਆ ਰਿਹੈ।"

"ਬੁੱਲ੍ਹੇ ਸ਼ਾਹ ਵੀ ਇਸੇ 'ਚ ਪੜ੍ਹੇ ਸਨ ਨਾ ?"

"ਹਾਂ, ਬਿਲਕੁਲ। ਜੇ ਜਲਦੀ ਨਾ ਹੋਏ ਤਾਂ ਉਹਨਾਂ ਦੀ ਇਕ ਗੱਲ ਸੁਣਾਵਾਂ ?" ਵਾਰਿਸ ਨੇ ਮੁਸਕਰਾਂਦਿਆਂ ਹੋਇਆਂ ਕਿਹਾ।

"ਹਾਂ, ਸੁਣਾਅ। ਮੈਨੂੰ ਕੋਈ ਜਲਦੀ ਨਹੀਂ।"

ਵਾਰਿਸ ਨੇ ਵੇਲ ਦਾ ਇਕ ਪੱਤਾ ਤੋੜਿਆ। ਉਸਨੂੰ ਹਥੇਲੀਆਂ ਵਿਚਕਾਰ ਰੱਖ ਕੇ ਬੋਲਿਆ,

"ਹਜਰਤ ਬੁੱਲ੍ਹੇ ਸ਼ਾਹ ਨੇ ਜਦੋਂ ਚੂੜੀਆਂ ਪਾ ਕੇ ਔਰਤ ਦੇ ਭੇਸ ਵਿਚ ਨੱਚਣਾ ਗਾਉਣਾ ਸ਼ੁਰੂ ਕਰ ਦਿੱਤਾ ਤਾਂ ਸ਼ੇਖ ਅਨਾਇਤੁੱਲਾ ਉਹਨਾਂ ਨਾਲ ਏਨੇ ਨਾਰਾਜ਼ ਹੋਏ ਕਿ ਆਪਣੇ ਮਕਤਬ ਵਿਚ ਉਹਨਾਂ ਦਾ ਦਾਖਲਾ ਬੰਦ ਕਰ ਦਿੱਤਾ। ਉਹ ਇਸਨੂੰ ਆਪਣੀ ਤਾਲੀਮ ਦੀ ਭੰਡੀ ਸਮਝਦੇ ਸਨ ਪਰ ਇਕ ਦਿਨ ਜਦੋਂ ਸ਼ਾਹ

ਅਨਾਇਤ ਵੀ ਦਰਵੇਸ਼ਾਂ ਦੀ ਮਹਿਫਲ ਵਿਚ ਬੈਠੇ ਹੋਏ ਸਨ, ਬੁੱਲ੍ਹੇ ਨੇ ਵੇਸਵਾ ਦੇ ਭੇਸ ਵਿਚ ਨੱਚ ਗਾ ਕੇ ਅਜਿਹਾ ਸਮਾਂ ਬੰਨ੍ਹਿਆਂ ਕਿ ਸ਼ਾਹ ਅਨਾਇਤ ਉਹਨਾਂ ਦੀਆਂ ਅਦਾਵਾਂ ਤੇ ਹੁਨਰ ਉਪਰ ਮੋਹਿਤ ਹੋ ਗਏ ਤੇ ਬੁੱਲ੍ਹੇ ਵੱਲ ਇਸ਼ਾਰਾ ਕਰਕੇ ਆਪਣੇ ਇਕ ਸੇਵਕ ਨੂੰ ਕਿਹਾ, “ਉਸ ਗਾਉਣ ਵਾਲੀ ਨੂੰ ਬੁਲਾਅ ਕੇ ਮੇਰੇ ਕੋਲ ਲਿਆਓ।” ਸੇਵਕ ਨੇ ਕਿਹਾ, “ਸੱਚ ਬਚਨ।” ਤੇ ਫੇਰ ਬੋਲਿਆ, “ਸ਼ਾਹ ਜੀ ਉਹ ਕੋਈ ਵੇਸਵਾ ਨਹੀਂ, ਤੁਹਾਡਾ ਸ਼ਾਗਿਰਦ ਬੁੱਲ੍ਹਾ ਸ਼ਾਹ ਏ।” ਸ਼ਾਹ ਜੀ ਬੜੇ ਹੈਰਾਨ ਹੋਏ ਤੇ ਉਸਨੂੰ ਕੋਲ ਬੁਲਾ ਕੇ ਪੁੱਛਿਆ, “ਕਿਉਂ ਭਾਈ ਤੂੰ ਬੁੱਲ੍ਹਾ ਏਂ ?” ਬੁੱਲ੍ਹੇ ਸ਼ਾਹ ਨੇ ਉਤਰ ਦਿੱਤਾ, “ਜੀ ਹਾਂ, ਮੈਂ ਭੁੱਲਾ ਹਾਂ। ਮੈਨੂੰ ਬਖ਼ਸ਼ ਦਿਓ ਤੇ ਆਪਣੇ ਚਰਨਾਂ ਵਿਚ ਜਗ੍ਹਾ ਦਿਓ।” ਸ਼ਾਹ ਅਨਾਇਤ ਨੇ ਬੁੱਲ੍ਹੇ ਸ਼ਾਹ ਨੂੰ ਗਲ਼ ਨਾਲ ਲਾ ਲਿਆ ਤੇ ਉਸਨੂੰ ਆਪਣੀ ਦਰਗਾਹ ਵਿਚ ਆਉਣ–ਜਾਣ ਦੀ ਆਗਿਆ ਦੇ ਦਿੱਤੀ।” ਵਾਰਿਸ ਇਹ ਕਿੱਸਾ ਸੁਣਾ ਕੇ ਕੁਝ ਚਿਰ ਚੁੱਪ ਰਿਹਾ, ਤੇ ਫੇਰ ਬੋਲਿਆ, “ਬਾਬਾ ਫਰੀਦ ਤੇ ਸ਼ਾਹ ਅਨਾਇਤ ਦੀ ਸਿੱਖਿਆ ਦਾ ਮੰਤਕ ਇਹ ਹੈ ਕਿ ਇਨਸਾਨ ਖ਼ੁਦਾ ਦਾ ਨੂਰ ਹੈ ਤੇ ਉਹਨਾਂ ਦਾ ਪੈਗ਼ਾਮ ਹੈ ਕਿ ਇਨਸਾਨ, ਇਨਸਾਨਾਂ ਦੇ ਨਾਲ ਪਿਆਰ–ਮੁਹੱਬਤ ਦੇ ਨਾਲ ਰਹਿਣ।” ਜਿਹੜਾ ਪੱਤਾ ਉਸਦੀਆਂ ਹੱਥੇਲੀਆਂ ਵਿਚ ਫੜਿਆ ਹੋਇਆ ਸੀ, ਉਸਨੇ ਮਸਲ ਕੇ ਸੁੱਟ ਦਿੱਤਾ।

“ਬੁੱਲ੍ਹੇ ਸ਼ਾਹ ਦਾ ਪੈਗ਼ਾਮ ਵੀ ਇਹੀ ਸੀ।” ਭੂਪ ਸਿੰਘ ਨੇ ਗੱਲ ਨਾਲ ਗੱਲ ਮੇਲੀ। “ਬੁੱਲ੍ਹੇ ਸ਼ਾਹ ਦਾ ਇਸ਼ਕ ਮਿਜਾਜ਼ੀ, ਇਸ਼ਕ ਹਕੀਕੀ ਤੱਕ ਪਹੁੰਚਣ ਦਾ ਸਾਧਨ ਸੀ,

ਬੰਸੀ ਕਾਹਨ ਅਚਰਜ ਵਜਾਈ।

ਬੰਸੀ ਵਾਲਿਆ ਚਾਕਾ ਰਾਂਝਿਆ, ਤੇਰਾ ਸੁਰ ਹੈ ਸਭ ਨਾਲ ਸਾਂਝਾ।

ਤੇਰੀਆਂ ਮੌਜਾਂ ਸਾਡਾ ਮਾਂਜਾ , ਕੈਸੀ ਬਿਖਰੀ ਖੇਡ ਰਚਾਈ।

ਬੰਸੀ ਕਾਹਨ ਅਚਰਜ ਵਜਾਈ। ”

ਡੰਡਾ ਧਰਤੀ ਉੱਤੇ ਮਾਰ ਮਾਰ ਕੇ, ਘੁੰਗਰੂਆਂ ਦੀ ਛਣਕਾਰ ਦੇ ਨਾਲ ਨਾਲ ਬੁੱਲੇ ਸ਼ਾਹ ਦੇ ਬੋਲ ਦੂਹਰਾਏ ਤੇ ਫੇਰ, "ਤੇਰਾ ਸੁਰ ਹੈ ਸਭ ਦਾ ਸਾਂਝਾ।" ਗਾਉਂਦਿਆਂ ਹੋਇਆਂ ਮਸਤੀ ਭਰੇ ਅੰਦਾਜ਼ ਵਿਚ ਝੂੰਮਣ ਲੱਗ ਪਿਆ, ਜਿਵੇਂ ਭੀੜ ਵਿਚ ਝੂੰਮਦਾ ਹੁੰਦਾ ਸੀ।

ਉਹ ਝੂੰਮ ਰਿਹਾ ਸੀ ਤੇ ਵਾਰਿਸ ਉਸਨੂੰ ਝੂੰਮਦਿਆਂ ਦੇਖ ਕੇ ਮੁਸਕਰਾ ਰਿਹਾ ਸੀ। ਇਸ ਪਿੱਛੋਂ ਉਹ ਬਗੀਚੇ ਵਿਚੋਂ ਬਾਹਰ ਨਿਕਲੇ ਤੇ ਅਲੱਗ-ਅਲੱਗ ਦਿਸ਼ਾਵਾਂ ਵੱਲ ਤੁਰ ਪਏ। ਵਾਰਿਸ ਨੇ ਇਹ ਨਹੀਂ ਪੁੱਛਿਆ ਕਿ ਤੂੰ ਇਹ ਭੇਸ ਕਿਉਂ ਧਾਰਿਆ ਹੋਇਆ ਹੈ। ਉਹ ਸਹਿਜ ਬੁੱਧੀ ਨਾਲ ਸਭ ਕੁਝ ਸਮਝ ਗਿਆ ਸੀ।

ਭੂਪ ਸਿੰਘ ਕਸੂਰ ਤੋਂ ਜਿੰਨੀ ਜਾਣਕਾਰੀ ਲੈ ਕੇ ਪਹੁੰਚਿਆ, ਉਸਦੇ ਆਧਾਰ ਉੱਤੇ ਯੋਗਨਾ ਬਣਾਈ ਗਈ ਤੇ ਸਿੰਘਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਹਮਲਾ ਕੀਤਾ। ਖ਼ਿਆਲ ਸੀ, ਕਾਫੀ ਮਾਲ ਹੱਥ ਲਗੇਗਾ। ਪਰ ਸੋਚੇ ਅਨੁਸਾਰ ਸਫਲਤਾ ਨਹੀਂ ਮਿਲੀ। ਕਾਰਨ ਇਹ ਸੀ ਕਿ ਕਸੂਰ ਦੇ ਅਫਗਾਨ ਸ਼ਾਸਕ, ਜਿਹਨਾਂ ਨੇ ਆਪਣੇ ਆਪ ਨੂੰ ਦਿੱਲੀ ਤੋਂ ਵੱਖ ਤੇ ਸੁਤੰਤਰ ਹੋਣ ਦਾ ਐਲਾਨ ਕੀਤਾ ਹੋਇਆ ਸੀ, ਕਿਸੇ ਵੀ ਹਮਲੇ ਤੋਂ ਆਪਣਾ ਬਚਾਅ ਕਰਨ ਲਈ ਤਿਆਰ-ਬਰ-ਤਿਆਰ ਮਿਲੇ ਸਨ। ਉਹਨਾਂ ਨੇ ਸਿੰਘਾਂ ਨੂੰ ਜਲਦੀ ਹੀ ਸ਼ਹਿਰ ਵਿਚੋਂ ਕੱਢ ਦਿੱਤਾ। ਜਦੋਂ ਲਾਹੌਰ ਇਹ ਖਬਰ ਪਹੁੰਚੀ ਕਿ ਸਿੰਘ ਫੇਰ ਸਿਰ ਚੁੱਕ ਰਹੇ ਨੇ ਤੇ ਜਗ੍ਹਾ-ਜਗ੍ਹਾ ਹਮਲੇ ਕਰ ਰਹੇ ਨੇ ਤਾਂ ਯਹੀਆ ਖਾਂ ਨੇ ਸਰਹਿੰਦ ਦੇ ਦੀਵਾਲ ਲਕਸ਼ਮੀ ਨਾਰਾਇਣ ਨੂੰ ਉਹਨਾਂ ਵਿਰੁੱਧ ਚੜ੍ਹਾਈ ਦਾ ਹੁਕਮ ਦਿੱਤਾ।

ਕੁਝ ਸਿੰਘ ਘਰਾਂ ਨੂੰ ਚਲੇ ਗਏ ਸਨ ਤੇ ਕੁਝ ਇਧਰ ਉਧਰ ਖਿੱਲਰੇ ਹੋਏ ਸਨ। ਜੱਸਾ ਸਿੰਘ ਆਹਲੂਵਾਲੀਆ ਤੇ ਉਸਦੇ ਕੁਝ ਸਾਥੀ ਗੁੱਜਰਵਾਲ ਵਿਚ ਟਿਕੇ ਹੋਏ ਸਨ। ਲਕਸ਼ਮੀ ਨਾਰਾਇਣ ਨੇ ਅਚਾਨਕ ਉਹਨਾਂ ਉਪਰ ਹਮਲਾ ਕਰ ਦਿੱਤਾ।

ਸਿੰਘਾਂ ਦੀ ਗਿਣਤੀ ਬੜੀ ਘੱਟ ਸੀ ਫੇਰ ਵੀ ਉਹ ਜੀਅ ਤੋੜ ਕੇ ਲੜੇ। ਘਮਾਸਾਨ ਦੀ ਲੜਾਈ ਹੋਈ ਤੇ ਲੜਦਿਆਂ-ਲੜਦਿਆਂ ਸ਼ਾਮ ਹੋ ਗਈ। ਲਕਸ਼ਮੀ ਨਾਰਾਇਣ ਦਾ ਪੱਖ ਭਾਰੀ ਪੈ ਰਿਹਾ ਸੀ, ਕਿਉਂਕਿ ਉਸਦੇ ਕੋਲ ਤੋਪਾਂ ਤੇ ਬੰਦੂਕਾਂ ਸਨ ਤੇ ਆਦਮੀ ਵੀ ਬਹੁਤ ਜ਼ਿਆਦਾ ਸਨ। ਰਾਤ ਨੂੰ ਸਿੰਘ ਸਥਿਤੀ ਦਾ ਜਾਹਿਜ਼ਾ ਲੈਣ ਤੇ ਆਪਸ ਵਿਚ ਸਲਾਹ ਕਰਨ ਲਈ ਇਕੱਠੇ ਹੋਏ। ਹਰੇਕ ਪੱਖ ਉਪਰ ਵਿਚਾਰ ਕਰਨ ਪਿੱਛੋਂ ਜੱਸਾ ਸਿੰਘ ਨੇ ਕਿਹਾ, "ਇੱਥੇ ਆਪਾਂ ਕਿਹੜਾ ਕਿਲਾ ਬਣਾਇਆ ਹੋਇਆ ਏ, ਜਿਸ ਉਪਰ ਦੁਸ਼ਮਣ ਕਬਜਾ ਕਰ ਲਏਗਾ। ਸਿਰਫ ਹਾਰ-ਜਿੱਤ ਲਈ ਲੜਨਾ ਨਾ ਬਹਾਦਰੀ ਹੈ ਨਾ ਅਕਲਮੰਦੀ। ਦੁਸ਼ਮਣ ਸੁੱਤਾ ਹੋਇਆ ਏ ਤੇ ਸਾਡੇ ਲਈ ਬਚ ਨਿਕਲਣ ਦਾ ਮੌਕਾ ਹੈ।"

ਇਸ ਸਲਾਹ ਨੂੰ ਸਾਰਿਆਂ ਨੇ ਪਸੰਦ ਕੀਤਾ ਤੇ ਸਿੰਘ ਲਕਸ਼ਮੀ ਨਾਰਾਇਣ ਦੇ ਦੂਜੇ ਹਮਲੇ ਤੋਂ ਪਹਿਲਾਂ ਹੀ ਇਧਰ ਉਧਰ ਚਲੇ ਗਏ, ਸਵੇਰ ਹੋਈ ਮੈਦਾਨ ਖਾਲੀ ਸੀ।

**000**

ਯਹੀਆ ਖਾਂ ਦਾ ਛੋਟਾ ਭਰਾ ਮਿਰਜਾ ਹਯਾਤੁੱਲਾ ਖਾਂ ਜਿਹੜਾ ਫਲੌਰੀ ਖਾਂ ਦੇ ਨਾਂ ਨਾਲ ਪ੍ਰਸਿੱਧ ਸੀ, ਉਸਨੂੰ ਨਾਦਰ ਸ਼ਾਹ ਨੇ ਨਵਾਬ ਦਾ ਖਿਤਾਬ ਦੇ ਕੇ ਮੁਲਤਾਨ ਦਾ ਹਾਕਮ ਬਣਾ ਦਿੱਤਾ ਸੀ। ਉਹ ਯਹੀਆ ਖਾਂ ਦੀ ਜਗ੍ਹਾ ਖ਼ੁਦ ਲਾਹੌਰ ਦਾ ਸੂਬੇਦਾਰ ਬਣਨਾ ਚਾਹੁੰਦਾ ਸੀ। ਲਖਪਤ ਰਾਏ ਜਦੋਂ 10 ਮਾਰਚ ਨੂੰ, ਸੋਮਵਾਰੀ ਮੱਸਿਆ ਵਾਲੇ ਦਿਨ, ਚਕਰੈਲ ਤੇ ਗੁਰਮੁੱਖ ਸਿੱਖਾਂ ਦੀ ਹੱਤਿਆ ਕੀਤੀ ਤੇ ਸਿੰਘਾਂ ਦੇ ਕਤਲੇ ਆਮ ਦਾ ਹੁਕਮ ਦਿੱਤਾ ਸੀ ਤਾਂ ਕੌੜਾ ਮੱਲ ਲਾਹੌਰ ਛੱਡ ਕੇ ਮੁਲਤਾਨ ਚਲਾ ਗਿਆ ਸੀ। ਕੌੜਾ ਮੱਲ ਗੁਰੂ ਨਾਨਕ ਦਾ ਸਹਿਜਧਾਰੀ ਸਿੱਖ ਸੀ ਤੇ ਸਰਕਾਰੀ ਮੁਲਾਜਮ ਹੁੰਦਿਆਂ ਹੋਇਆਂ ਵੀ ਉਸਦੀ ਹਮਦਰਦੀ ਦੇਸ਼ ਤੇ ਧਰਮ ਲਈ ਲੜ ਰਹੇ ਸਿੰਘਾਂ ਨਾਲ ਸੀ। ਲਾਹੌਰ ਤੋਂ ਮੁਲਤਾਨ ਆਉਣ ਦਾ ਉਦੇਸ਼

ਸਿੰਘਾਂ ਦੀ ਯਹੀਆ ਖਾਂ ਤੇ ਲਖਪਤ ਰਾਏ ਤੋਂ ਰੱਖਿਆ ਕਰਨੀ ਸੀ। ਉਹ ਅਸਰ ਰਸੂਖ ਵਾਲਾ ਬੁੱਧੀਮਾਨ ਆਦਮੀ ਸੀ। ਸ਼ਾਹਨਵਾਜ ਨੇ ਉਸਦਾ ਸਵਾਗਤ ਕੀਤਾ ਤੇ ਆਪਣਾ ਸਲਾਹਕਾਰ ਬਣਾ ਲਿਆ।

ਇਧਰ ਯਹੀਆ ਖਾਂ ਤੇ ਲਖਪਤ ਰਾਏ ਨੇ ਆਪਣੀ ਸਾਰੀ ਸ਼ਕਤੀ ਸਿੱਖਾਂ ਵਿਰੁੱਧ ਲੜਨ ਵਿਚ ਲਾਈ ਹੋਈ ਸੀ। ਉਧਰ ਸ਼ਾਹ ਨਵਾਜ ਨੇ ਕੌੜਾ ਮੱਲ ਦੀ ਸਹਾਇਤਾ ਨਾਲ ਚੁੱਪਚਾਪ ਆਪਣੀ ਸ਼ਕਤੀ ਵਧਾਈ ਤੇ **21** ਨਵੰਬਰ **1746** ਨੂੰ ਲਾਮ–ਲਸ਼ਕਰ ਲੈ ਕੇ ਆਪਣੇ ਪਿਤਾ ਦੇ ਮਜਾਰ ਕੋਲ ਸ਼ਾਲੀਮਾਰ ਬਾਗ ਵਿਚ ਆ ਡੇਰੇ ਲਾਏ। ਕੌੜਾ ਮੱਲ ਨਾਲ ਹੀ ਸੀ। ਅਦੀਨਾ ਬੇਗ ਤੇ ਹਸ਼ਮਤੁੱਲਾ ਵੀ ਨਾਲ ਰਲ ਗਏ। ਦੀਵਾਨ ਸੂਰਤ ਸਿੰਘ ਨੂੰ ਆਪਣਾ ਏਲਚੀ ਬਣਾ ਕੇ ਯਹੀਆ ਖਾਂ ਕੋਲ ਭੇਜਿਆ ਗਿਆ ਕਿ ਪਿਤਾ ਦੀ ਸੰਪੱਤੀ ਦਾ ਵੰਡਾਰਾ ਕਰੋ।

ਯਹੀਆ ਖਾਂ ਕੁਝ ਵੀ ਦੇਣ ਲਈ ਤਿਆਰ ਨਹੀਂ ਸੀ ਪਰ ਉਸਨੇ ਇਨਕਾਰ ਵੀ ਨਹੀਂ ਕੀਤਾ। ਗੱਲਬਾਤ ਚੱਲਦੀ ਰਹੀ ਤੇ ਦੋਹਾਂ ਪਾਸਿਆਂ ਦੀ ਸੈਨਾਂ ਵਿਚ ਮਾੜੀਆਂ–ਮੋਟੀਆਂ ਝੜਪਾਂ ਹੁੰਦੀਆਂ ਰਹੀਆਂ। ਇਸ ਦੌਰਾਨ ਯਹੀਆ ਖਾਂ ਨੇ ਆਪਣੇ ਨਵੇਂ–ਪੁਰਾਣੇ ਅਹਿਲਕਾਰਾਂ ਜਿਵੇਂ ਮਾਮਿਨ ਖਾਂ, ਲਖਪਤ ਰਾਏ, ਮੀਰ ਨਿਆਮਤ ਖਾਂ ਤੇ ਅਮੀਨਾ ਬੇਗ ਆਦਿ ਨੂੰ ਇਕੱਠਾ ਕੀਤਾ ਤੇ ਉਹ ਲਾਹੌਰ ਵਿਚੋਂ ਬਾਹਰ ਨਿਕਲ ਆਏ। ਬੜੀ ਜ਼ੋਰਦਾਰ ਲੜਾਈ ਹੋਈ। ਆਪਣਾ ਪੱਖ ਕਮਜ਼ੋਰ ਪੈਂਦਾ ਦੇਖ ਕੇ ਯਹੀਆ ਖਾਂ ਨੇ **6** ਲੱਖ ਰੁਪਏ ਦੇ ਕੇ ਸਮਝੌਤਾ ਕਰ ਲਿਆ। ਸ਼ਾਹ ਨਵਾਜ ਇਹ ਰਕਮ ਲੈ ਕੇ ਬਟਾਲੇ ਵੱਲ ਚਲਾ ਗਿਆ। ਉੱਥੇ ਉਸਨੇ ਯਹੀਆ ਖਾਂ ਦੇ ਕਈ ਜ਼ਿਲਿਆਂ ਉੱਤੇ ਕਬਜਾ ਕਰ ਲਿਆ ਤੇ ਜ਼ਿਲਾ ਅਧਿਕਾਰੀਆਂ ਨੂੰ ਆਪਣੇ ਨਾਲ ਰਲਾ ਲਿਆ। ਯਹੀਆ ਖਾਂ ਨੂੰ ਬੜਾ ਗੁੱਸਾ ਆਇਆ। ਲੜਨ ਦੇ ਸਿਵਾਏ ਕੋਈ ਚਾਰਾ ਨਹੀਂ ਸੀ। **13** ਮਈ **1747** ਨੂੰ ਈਦ ਮੀਲਾਦੇ ਨਬੀ ਵਾਲੇ ਦਿਨ ਤਕੜੀ ਲੜਾਈ ਹੋਈ। ਯਹੀਆ ਖਾਂ ਆਪਣੇ ਸਾਰੇ ਸਾਥੀਆਂ ਨੂੰ ਮਰਵਾ ਕੇ ਰਣਵਾਸ ਵਿਚ ਜਾ ਛੁਪਿਆ। ਸ਼ਾਹ ਨਵਾਜ ਨੇ ਉਸਨੂੰ ਉੱਥੇ ਹੀ ਕੈਦ ਕਰ ਦਿੱਤਾ।

ਸ਼ਾਹ ਨਵਾਜ ਨੇ ਲਾਹੌਰ ਉੱਤੇ ਕਬਜਾ ਕਰਕੇ ਕੌੜਾ ਮੱਲ ਨੂੰ ਆਪਣਾ ਦੀਵਾਨ ਬਣਾਇਆ ਤੇ ਅਦੀਨਾ ਬੇਗ ਨੂੰ ਜਲੰਧਰ, ਦੁਆਬੇ ਦਾ ਹਾਕਮ ਥਾਪ ਦਿੱਤਾ। ਦੀਵਾਨ ਕੌੜਾ ਮੱਲ ਸਿੱਖਾਂ ਦਾ ਹਮਦਰਦ ਸੀ ਤੇ ਅਦੀਨਾ ਬੇਗ ਵੀ ਆਪਣੀ ਨੀਤੀ ਪੱਖੋਂ ਉਹਨਾਂ ਦੇ ਵਿਰੁੱਧ ਨਹੀਂ ਸੀ। ਸਿੱਖਾਂ ਦਾ ਕਤਲੇ–ਆਮ ਬੰਦ ਹੋਇਆ ਤੇ ਉਹਨਾਂ ਨੂੰ ਕੋਈ ਨੌਂ ਸਾਲ ਬਾਅਦ ਸੁੱਖ ਦਾ ਸਾਹ ਮਿਲਿਆ।

ਯਹੀਆ ਖਾਂ ਦਿੱਲੀ ਦੇ ਵਜ਼ੀਰ ਕਮਰੂੱਦੀਨ ਦਾ ਜਵਾਈ ਸੀ। ਉਹ ਕਸੂਰੀ ਪਠਾਨਾ ਦੀ ਮਦਦ ਨਾਲ ਕੈਦ ਵਿਚੋਂ ਭੱਜ ਗਿਆ ਤੇ ਦਿੱਲੀ ਜਾ ਪਹੁੰਚਿਆ। ਸ਼ਾਹ ਨਵਾਜ ਦਿੱਲੀ ਸਰਕਾਰ ਤੋਂ ਮੰਜੂਰੀ ਲੈਣਾ ਚਾਹੁੰਦਾ ਸੀ, ਜਿਹੜੀ ਮਿਲੀ ਨਹੀਂ ¸ ਬਲਕਿ ਕਮਰੂੱਦੀਨ ਨੇ ਉਸਨੂੰ ਧਮਕੀ ਦਿੱਤੀ ਕਿ ਉਹ ਲਾਹੌਰ ਛੱਡ ਕੇ ਮੁਲਤਾਨ ਚਲਾ ਜਾਏ। ਹੁਣ ਯਹੀਆ ਖਾਂ ਦੇ ਦਿੱਲੀ ਦੌੜ ਜਾਣ ਨਾਲ ਉਹ ਡਰ ਗਿਆ ਸੀ ਤੇ ਉਸਨੇ ਆਪਣੀ ਸਹਾਇਤਾ ਲਈ ਅਹਿਮਦ ਸ਼ਾਹ ਅਬਦਾਲੀ ਨੂੰ ਬੁਲਾਅ ਭੇਜਿਆ।

**6** ਜੂਨ **1747** ਨੂੰ ਨਾਦਰ ਸ਼ਾਹ ਦੀ ਹੱਤਿਆ ਕਰ ਦਿੱਤੀ ਗਈ ਸੀ। ਹੁਣ ਉਸਦਾ ਸਭ ਤੋਂ ਯੋਗ ਸੈਨਾਪਤੀ ਅਹਿਮਦ ਸ਼ਾਹ ਅਬਦਾਲੀ, ਜਿਸਨੂੰ ਅਹਿਮਦ ਸ਼ਾਹ ਦੁਰਾਨੀ ਵੀ ਕਿਹਾ ਜਾਂਦਾ ਹੈ, ਬਾਦਸ਼ਾਹ ਸੀ। ਨਾਦਰ ਸ਼ਾਹ ਈਰਾਨੀ ਸੀ। ਅਹਿਮਦ ਸ਼ਾਹ ਅਬਦਾਲੀ ਨੇ ਸੁਤੰਤਰ ਅਫਗਾਨ ਰਾਜ ਦੀ ਨੀਂਹ ਰੱਖੀ ਤੇ ਕਾਬੁਲ ਨੂੰ ਆਪਣੀ ਰਾਜਧਾਨੀ ਬਣਾਇਆ। ਉਸਦੇ ਕਬੀਲੇ ਦੇ ਲੋਕ ਅਬਦਾਲੀ ਕਹਾਉਂਦੇ ਸਨ ਜਿਸ ਦਾ ਅਰਥ ਹੈ 'ਅਲੀ ਦੇ ਸੇਵਕ'। ਉਹ ਸ਼ੁਰੂ ਵਿਚ ਸ਼ੀਆ ਮੱਤ ਦੇ ਸਨ ਪਰ ਪਿੱਛੋਂ ਸੂਨੀ ਬਣ ਗਏ। ਅਹਿਮਦ ਖਾਂ ਜਮਾਂ ਖਾਂ ਦਾ ਬੇਟਾ ਸੀ। ਉਸਦਾ ਵੱਡਾ ਭਰਾ ਨਾਦਰ ਸ਼ਾਹ ਦਾ ਮੁਲਾਜਮ ਸੀ। ਜਦੋਂ ਉਹ ਇਕ ਉੱਚੇ ਪਦ ਉੱਤੇ ਪਹੁੰਚਿਆ ਤਾਂ ਉਸਨੇ ਆਪਣੇ ਛੋਟੇ ਭਰਾ ਅਹਿਮਦ ਖਾਂ ਨੂੰ ਵੀ ਨੌਕਰੀ ਦਿਵਾ ਦਿੱਤੀ। ਆਪਣੀ ਬਹਾਦਰੀ ਤੇ ਸਿਆਣਪ ਨਾਲ ਉਹ ਛੇਤੀ ਨਾਦਰ ਸ਼ਾਹ ਦਾ ਵਿਸ਼ਪਾਤਰ ਬਣ ਗਿਆ। ਜਦੋਂ ਨਾਦਰ ਸ਼ਾਹ ਨੇ ਹਿੰਦੁਸਤਾਨ ਉਪਰ ਹਮਾਲ

ਕੀਤਾ ਤਾਂ ਉਸਦੀ ਛੇ ਹਜ਼ਾਰ ਨਿੱਜੀ ਸੈਨਾ ਦਾ ਪ੍ਰਧਾਨ-ਸੈਨਾਪਤੀ ਅਹਿਮਦ ਸ਼ਾਹ ਅਬਦਾਲੀ ਹੀ ਸੀ। ਕਿਹਾ ਜਾਂਦਾ ਹੈ ਕਿ ਜਦੋਂ ਅਹਿਮਦ ਸ਼ਾਹ ਹੈਦਰਾਬਾਦ ਰਾਜ ਦੇ ਵਿਸਥਾਪਕ ਆਸਿਫ ਸ਼ਾਹ ਨੂੰ ਮਿਲਿਆ, ਜਿਹੜਾ ਚਿਹਰੇ ਪੜ੍ਹ ਲੈਂਦਾ ਸੀ ਤਾਂ ਉਸਨੇ ਭਵਿੱਖਬਾਣੀ ਕੀਤੀ ਸੀ ਕਿ ਅਹਿਮਦ ਸ਼ਾਹ ਇਕ ਦਿਨ ਬਾਦਸ਼ਾਹ ਬਣੇਗਾ। ਉਸਨੇ ਬਾਦਸ਼ਾਹ ਬਣਦਿਆਂ ਹੀ ਆਪਣੇ ਰਾਜ ਦਾ ਵਿਸਥਾਰ ਪੇਸ਼ਾਵਰ ਤਕ ਕਰ ਲਿਆ। ਉਸ ਕੋਲ ਅਫਗਾਨਾਂ ਦੀ ਬੜੀ ਵੱਡੀ ਸੈਨਾ ਸੀ ਪਰ ਤਨਖਾਹ ਦੇਣ ਲਈ ਪੈਸੇ ਨਹੀਂ ਸਨ। ਇਹ ਸਥਿਤੀ ਸੀ ਜਦੋਂ ਸ਼ਾਹ ਨਵਾਜ ਦਾ ਦੂਤ ਉਸ ਕੋਲ ਪਹੁੰਚਿਆ। 'ਅੰਨ੍ਹਾਂ ਕੀ ਭਾਲੇ, ਦੋ ਅੱਖਾਂ', ਹਿੰਦੁਸਤਾਨ ਦੀ ਆਰਥਕ ਖੁਸ਼ਹਾਲੀ ਤੇ ਦਿੱਲੀ ਸਰਕਾਰ ਦੀਆਂ ਕਮਜ਼ੋਰੀਆਂ ਚੰਗੀ ਤਰ੍ਹਾਂ ਜਾਣਦਾ ਸੀ ਉਹ। ਸੋ ਆਪਣੇ ਦਲ-ਬਲ ਦੇ ਨਾਲ ਦਸੰਬਰ 1747 ਵਿਚ ਪੇਸ਼ਾਵਰ ਤੋਂ ਚੱਲ ਪਿਆ।

ਇਸ ਦੌਰਾਨ ਸ਼ਾਹ ਨਵਾਜ ਨੇ ਆਪਣਾ ਰਵੱਈਆ ਬਦਲ ਲਿਆ। ਜਦੋਂ ਵਜ਼ੀਰ ਕਮਰੁੱਦੀਨ ਨੂੰ ਇਹ ਪਤਾ ਲੱਗਿਆ ਕਿ ਸ਼ਾਹ ਨਵਾਜ ਨੇ ਅਬਦਾਲੀ ਨੂੰ ਬੁਲਾਵਾ ਭੇਜ ਦਿੱਤਾ ਹੈ ਤਾਂ ਉਸਨੇ ਸ਼ਾਹ ਨਵਾਜ ਨੂੰ ਨਵਾਬ ਦੀ ਸ਼ਾਹੀ ਸਨਦ ਭੇਜੀ ਤੇ ਨਾਲ ਹੀ ਇਕ ਖੁਸ਼ਾਮਤ ਭਰਿਆ ਖਤ ਵੀ ਲਿਖਿਆ ਜਿਸ ਵਿਚ ਉਸਦੇ ਪਰਵਾਰਕ ਰਿਸ਼ਤਿਆ, ਇੱਜਤ-ਮਾਣ ਤੇ ਬਾਦਸ਼ਾਹ ਪ੍ਰਤੀ ਵਫਾਦਾਰੀ ਦਾ ਵਾਸਤਾ ਪਾਇਆ। ਸ਼ਾਹ ਨਵਾਜ ਨੂੰ ਨਵਾਬੀ ਦੀ ਸਨਦ ਮਿਲ ਗਈ। ਹੋਰ ਉਸਨੂੰ ਕੀ ਚਾਹੀਦਾ ਸੀ? ਜਿਸ ਦੁਸ਼ਮਣ ਨੂੰ ਕੁਝ ਦਿਨ ਪਹਿਲਾਂ ਉਸਨੇ ਬੁਲਾਅ ਭੇਜਿਆ ਸੀ, ਹੁਣ ਉਹ ਉਸਦੇ ਵਿਰੁੱਧ ਹੋ ਗਿਆ ਸੀ।

ਅਹਿਮਦ ਸ਼ਾਹ ਨੇ ਸ਼ਾਹ ਨਵਾਜ ਨੂੰ ਆਪਣੇ ਨਾਲ ਮਿਲਾਉਣ ਦੇ ਪੂਰੇ ਯਤਨ ਕੀਤੇ। ਉਸਨੇ ਪਹਿਲਾਂ ਹਾਰੂਨ ਖਾਂ ਤੇ ਫੇਰ ਸ਼ਬੀਰ ਸ਼ਾਹ ਨੂੰ ਆਪਣਾ ਦੂਤ ਬਣਾ ਕੇ ਲਾਹੌਰ ਭੇਜਿਆ। ਸ਼ਾਹ ਨਵਾਜ ਨੇ ਹਾਰੂਨ ਖਾਂ ਦੀ ਬੇਇੱਜਤੀ ਕਰਕੇ ਉਸਨੂੰ ਵਾਪਸ ਭੇਜ ਦਿੱਤਾ ਤੇ ਸ਼ਬੀਰ ਸ਼ਾਹ ਦੀ ਹੱਤਿਆ ਕਰ ਦਿੱਤੀ। ਸਿੱਟਾ ਇਹ ਕਿ

11 ਜਨਵਰੀ ਨੂੰ ਅਫਗਾਨਾ ਤੇ ਮੁਗਲਾਂ ਵਿਚਕਾਰ ਘਮਾਸਾਨ ਦੀ ਲੜਾਈ ਹੋਈ, ਜਿਸ ਵਿਚ ਸ਼ਾਹ ਨਵਾਜ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਤੇ ਉਹ ਦਿੱਲੀ ਨੱਸ ਗਿਆ।

ਅਬਦਾਲੀ ਨੇ ਲਾਹੌਰ ਦੀਆਂ ਬਸਤੀਆਂ ਤੇ ਖਾਸ ਤੌਰ 'ਤੇ ਮੁਗਲਪੁਰਾ ਨੂੰ, ਜਿਹੜੀ ਸਭ ਤੋਂ ਅਮੀਰ ਬਸਤੀ ਸੀ, ਲੁੱਟ ਲਿਆ। ਸ਼ਹਿਰ ਦੇ ਲੋਕਾਂ ਨੇ 30 ਲੱਖ ਰੁਪਏ ਤਾਵਾਨ (ਹਰਜਾਨਾ) ਦੇ ਕੇ ਆਪਣੇ ਆਪ ਨੂੰ ਲੁੱਟ ਤੋਂ ਬਚਾਇਆ। ਸ਼ਾਹ ਨਵਾਜ ਦੀ ਸੈਨਾ ਦਾ ਸਾਰਾ ਸਾਮਾਨ ਤੋਪਾਂ, ਹਾਥੀ, ਉਠ ਤੇ ਘੋੜੇ ਉਸਦੇ ਹੱਥ ਲੱਗੇ। ਇਸ ਨਾਲ ਉਸਦੀ ਸੈਨਾ ਦੀ ਸ਼ਕਤੀ ਹੋਰ ਮਜਬੂਤ ਹੋ ਗਈ। ਉਹ ਲਗਭਗ ਡੇਢ ਮਹੀਨਾ ਲਾਹੌਰ ਵਿਚ ਟਿਕਿਆ ਰਿਹਾ। ਆਪਣੇ ਨਾਂ ਦਾ ਸਿੱਕਾ ਚਲਾਇਆ ਤੇ ਪੀਰਾਂ ਫਕੀਰਾਂ ਨੂੰ ਖੈਰਾਤ ਵੰਡੀ।

ਜਦੋਂ ਸ਼ਾਹ ਨਵਾਜ ਭੱਜ ਕੇ ਦਿੱਲੀ ਪਹੁੰਚਿਆ, ਉਦੋਂ ਕਿਤੇ ਜਾ ਕੇ ਰੰਗ–ਰਲੀਆਂ ਵਿਚ ਡੁੱਬੇ ਬਹਾਦਰ ਸ਼ਾਹ ਰੰਗੀਲੇ ਦੀ ਨੀਂਦ ਟੁੱਟੀ। ਉਸਨੇ ਵਜ਼ੀਰ ਕਮਰੂੱਦੀਨ ਨੂੰ ਛੇ ਲੱਖ ਸੈਨਾ ਨਾਲ ਅਹਿਮਦ ਸ਼ਾਹ ਅਬਦਾਲੀ ਦੇ ਮੁਕਾਬਲੇ ਲਈ ਭੇਜ ਦਿੱਤਾ। ਜਦੋਂ ਕਮਰੂਦੀਨ ਸਰਹਿੰਦ ਪਹੁੰਚਿਆ ਤਾਂ ਉਸਨੂੰ ਇਹ ਜਾਣ ਕੇ ਬੜਾ ਦੁੱਖ ਹੋਇਆ ਕਿ ਸਰਹਿੰਦ ਦਾ ਸੂਬੇਦਾਰ ਅਲੀ ਮੁਹੰਮਦ, ਜਿਹੜਾ ਖੁਦ ਅਫਗਾਨ ਸੀ, ਆਪਣੇ ਅਫਗਾਨ ਭਰਾਵਾਂ ਨਾਲ ਲੜਨ ਦੇ ਬਜਾਏ ਬਰੇਲੀ ਵੱਲ ਭੱਜ ਗਿਆ ਹੈ। ਕਮਰੂੱਦੀਨ ਆਪਣਾ ਗੋਲਾ–ਬਾਰੂਦ, ਫਾਲਤੂ ਸਾਮਾਨ ਤੇ ਹਰਮ ਦੀਆਂ ਔਰਤਾਂ ਨੂੰ ਇਕ ਹਜ਼ਾਰ ਸਿਪਾਹੀਆਂ ਦੀ ਨਿਗਰਾਨੀ ਵਿਚ ਛੱਡ ਕੇ ਅੱਗੇ ਵਧਿਆ।

ਉਸਨੇ ਪਹਿਲੀ ਗਲਤੀ ਇਹ ਕੀਤੀ ਕਿ ਸਤਲੁਜ ਨੂੰ ਸਿੱਧਾ ਲੁਧਿਆਣੇ ਤੋਂ ਪਾਰ ਕਰਨ ਦੇ ਬਜਾਏ ਉਤਰ ਪੂਰਬ ਵੱਲ ਵੀਹ ਕੋਹ ਦਾ ਚੱਕਰ ਕੱਟ ਕੇ ਮਾਛੀਵਾੜੇ ਵਿਚੋਂ ਪਾਰ ਕੀਤਾ ਤੇ ਦੂਜੀ ਗਲਤੀ ਇਹ ਕੀਤੀ ਕਿ ਦੁਸ਼ਮਣ ਦੀਆਂ

ਗਤੀਵਿਧੀਆਂ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਕੀਤੀ। ਪਰ ਦੁਸ਼ਮਣ ਬੜਾ ਚਾਲਾਕ ਸੀ। ਉਹ ਜਦੋਂ ਲਾਹੌਰ ਤੋਂ ਤੁਰਿਆ ਤਾਂ ਕਿਸ ਰਸਤੇ ਕਿੱਧਰ ਜਾਏਗਾ ਇਸਦੀ ਭਿਣਕ ਤੱਕ ਨਹੀਂ ਕੱਢੀ। ਲੁਧਿਆਣੇ ਪਹੁੰਚ ਕੇ ਬਿਨਾਂ ਕਿਸੇ ਵਿਰੋਧ ਦੇ ਸਤਲੁਜ ਪਾਰ ਕੀਤਾ ਤੇ ਰਾਤੋ-ਰਾਤ ਪੰਜਾਹ ਕੋਹ ਦਾ ਪੈਂਡਾ ਕਰਕੇ 2 ਮਾਰਚ ਦੀ ਸਵੇਰ ਨੂੰ ਹੀ ਸਰਹਿੰਦ ਦੇ ਕਿਲੇ ਉੱਤੇ, ਗੋਲਾ-ਬਾਰੂਦ, ਰਸਦ ਤੇ ਸਾਰੀਆਂ ਔਰਤਾਂ ਉੱਤੇ ਕਬਜਾ ਕਰ ਲਿਆ। ਉੱਥੇ ਜਿਹੜੇ ਇਕ ਹਜ਼ਾਰ ਸੈਨਕ ਸਨ, ਉਹਨਾਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ।

ਅਬਦਾਲੀ ਨੇ ਸਰਹਿੰਦ ਨੂੰ ਆਪਣਾ ਡੇਰਾ ਬਣਾਇਆ।

ਸਰਹਿੰਦ ਉਪਰ ਅਬਦਾਲੀ ਦੇ ਕਬਜੇ ਦੀ ਖਬਰ ਸੁਣ ਕੇ ਮੁਗਲ ਘਬਰਾ ਗਏ ਤੇ ਮਾਛੀਵਾੜੇ ਤੋਂ ਜਲਦੀ ਜਲਦੀ ਮਾਣੂਪੁਰ ਪਹੁੰਚੇ। ਦੁਸ਼ਮਣ ਦਾ ਮੁਕਾਬਲਾ ਕਰਨ ਲਈ ਉੱਥੇ ਮੋਰਚੇ ਪੁੱਟੇ ਗਏ ਤੇ 11 ਮਾਰਚ ਦੀ ਸਵੇਰ ਨੂੰ ਜਦੋਂ ਵਜ਼ੀਰ ਕਮਰੁੱਦੀਨ ਅਫਗਾਨਾ ਨਾਲ ਲੜਨ ਲਈ ਨਿਕਲਿਆ ਤਾਂ ਤੋਪ ਦਾ ਇਕ ਗੋਲਾ ਵੱਜਣ ਕਾਰਨ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਉਸਨੇ ਆਪਣੇ ਬੇਟੇ ਮੁਈਨੁਲ ਮੁਲਕ ਨੂੰ ਜਿਹੜਾ ਮੀਰ ਮੰਨੂੰ ਦੇ ਨਾਂ ਨਾਲ ਮਸ਼ਹੂਰ ਹੈ, ਆਪਣੇ ਕੋਲ ਬੁਲਾਅ ਕੇ ਕਿਹਾ, "ਬੇਟਾ ਮੇਰਾ ਬਚਣਾ ਮੁਸ਼ਕਲ ਏ। ਮੇਰੇ ਮਰਨ ਦੀ ਖ਼ਬਰ ਫੈਲਣ ਤੋਂ ਪਹਿਲਾਂ ਘੋੜਿਆਂ ਉਪਰ ਸਵਾਰ ਹੋ ਜਾਓ ਤੇ ਜਬਰਦਸਤ ਹਮਲਾ ਕਰੋ। ਮੇਰੀ ਫਿਕਰ ਪਿੱਛੋਂ ਕਰਨਾ।"

ਏਨਾ ਕਹਿ ਕੇ ਵਜ਼ੀਰ ਨੇ ਦਮਤੋੜ ਦਿੱਤਾ। ਮੰਨੂੰ ਨੇ ਪਿਤਾ ਦੀ ਲਾਸ਼ ਨੂੰ ਹਾਥੀ ਉਪਰ ਇੰਜ ਬਿਠਾਇਆ ਜਿਵੇਂ ਉਹ ਜਿਉਂਦੇ ਹੋਣ। ਖੁਦ ਝੰਡਾ ਲੈ ਕੇ ਹਾਥੀ ਉਪਰ ਸਵਾਰ ਹੋਇਆ ਤੇ ਹਮਲੇ ਦੀ ਅਗਵਾਈ ਕੀਤੀ। ਸ਼ਹਿਜਾਦਾ ਅਹਿਮਦਸ਼ਾਹ ਦੇ ਨਾਲ ਮੰਨੂੰ ਅੱਗੇ ਸੀ। ਉਸਦੇ ਸੱਜੇ ਪਾਸੇ ਸਫਦਰ ਜੰਗ ਤੇ ਖੱਬੇ ਪਾਸੇ ਈਸ਼ਵਰੀ ਸਿੰਘ ਸੀ। ਅਬਦਾਲੀ ਦੇ ਦਾਅ ਪੇਚ ਹੈਰਾਨ ਕਰ ਦੇਣ ਵਾਲੇ ਸਨ। ਉਸਨੇ ਇਕ ਹਜ਼ਾਰ ਘੋੜ ਸਵਾਰ ਸੱਜਿਓਂ, ਖੱਬਿਓਂ ਤੇ ਸਾਹਮਣਿਓਂ

ਆਉਂਦੇ ਹੋਏ ਯਕਦਮ ਹਮਲਾ ਕਰਦੇ, ਗੋਲਾ–ਬਾਰੀ ਕਰਦੇ ਤੇ ਫੇਰ ਪਿੱਛੇ ਹਟ ਜਾਂਦੇ। ਉਹਨਾਂ ਦੀ ਜਗ੍ਹਾ ਓਨੇਂ ਹੀ ਤਾਜਾ–ਦਮ ਘੋੜ–ਸਵਾਰ ਆ ਜਾਂਦੇ। ਖੱਬੇ ਪਾਸੇ ਈਸ਼ਵਰੀ ਸਿੰਘ ਦੀ ਹਾਲਤ ਖਰਾਬ ਸੀ। ਉਸਦੇ ਬਹੁਤ ਸਾਰੇ ਸੈਨਕ ਮਾਰੇ ਗਏ ਸਨ। ਵਿਚਕਾਰ ਘਮਸਾਨ ਦਾ ਯੁੱਧ ਹੋ ਰਿਹਾ ਸੀ। ਮੰਨੂੰ ਪ੍ਰੇਸ਼ਾਨ ਸੀ। ਉਸਦੇ ਛੋਟੇ ਭਰਾ ਦੇ ਪੈਰ ਵਿਚ ਗੋਲੀ ਲੱਗੀ। ਅਦੀਨਾ ਬੇਗ ਦੋ ਵਾਰੀ ਫੱਟੜ ਹੋਇਆ। ਕਈ ਵੱਡੇ ਅਫਸਰ ਮਾਰੇ ਗਏ। ਸੱਜੇ ਪਾਸੇ ਸਫਦਰਜੰਗ ਬਹਾਦਰੀ ਨਾਲ ਲੜਿਆ ਤੇ ਅਫਗਾਨਾ ਨੂੰ ਪਿੱਛੇ ਧਰੀਕ ਕੇ ਮੰਨੂੰ ਦੀ ਮਦਦ ਲਈ ਆ ਪਹੁੰਚਿਆ।

ਸਬੱਬ ਨਾਲ ਉਦੋਂ ਅਬਦਾਲੀ ਦੇ ਅਸਲੇ–ਬਾਰੂਦ ਨੂੰ ਅੱਗ ਲੱਗ ਗਈ। ਉਸਦੇ ਇਕ ਹਜ਼ਾਰ ਸੈਨਕ ਥਾਵੇਂ ਢੇਰ ਹੋ ਗਏ। ਅਫਗਾਨਾ ਵਿਚ ਭਗਦੜ ਜਿਹੀ ਮੱਚ ਗਈ। ਅਬਦਾਲੀ ਜਾਨ ਬਚਾ ਕੇ ਭੱਜ ਖੜ੍ਹਾ ਹੋਇਆ।

ਮਾਣੂਪੁਰ ਦੀ ਜਿੱਤ ਦਾ ਸਿਹਰਾ ਮੀਰ ਮੰਨੂੰ ਦੇ ਸਿਰ ਵੱਝਿਆ।

ਬੋਲੇ ਸੋ ਨਿਹਾਲ (ਭਾਗ–2) ਹੰਸਰਾਜ ਰਹਿਬਰ

ਅਬਦਾਲੀ ਨੇ ਸਰਹਿੰਦ ਵੱਲ ਜਾਂਦਿਆਂ ਇਕ ਰਾਤ ਨੂਰ ਮਹਿਲ ਦੀ ਸਰਾਂ ਵਿਚ ਬਿਤਾਈ। ਸਿੰਘ ਗੁਰੀਲਿਆਂ ਨੇ ਅਚਾਨਕ ਧਾਵਾ ਬੋਲ ਕੇ ਉਸਦੀ ਰਸਦ, ਕੁਝ ਘੋੜੇ ਤੇ ਹਥਿਆਰ ਲੁੱਟ ਲਏ। ਅਬਦਾਲੀ ਕੋਲ ਉਹਨਾਂ ਦਾ ਪਿੱਛਾ ਕਰਨ ਦੀ ਫੁਰਸਤ ਨਹੀਂ ਸੀ। ਨਾਲੇ, ਜਦੋਂ ਉਹ ਨਾਦਰ ਸ਼ਾਹ ਨਾਲ ਆਇਆ ਸੀ, ਉਦੋਂ ਹੀ ਦੇਖ ਚੁੱਕਿਆ ਸੀ ਕਿ ਕੰਡੇਦਾਰ ਝਾੜੀਆਂ ਵਾਲੇ ਸੰਘਣੇ ਜੰਗਲ ਵਿਚ ਖਾਲਸੇ ਦਾ ਪਿੱਛਾ ਕਰਨਾ ਆਸਾਨ ਨਹੀਂ।

ਮੁਗਲਾਂ ਤੇ ਅਫਗਾਨਾ ਦੀ ਲੜਾਈ ਸਮੇਂ ਸਿੰਘ ਨਿਰਪੱਖ ਰਹੇ ਕਿਉਂਕਿ ਉਹਨਾਂ

ਲਈ ਦੋਹੇਂ ਵਿਦੇਸ਼ੀ ਤੇ ਉਹਨਾਂ ਦੇ ਦੁਸ਼ਮਣ ਸਨ। ਮਾਣੂਪੁਰ ਦੀ ਹਾਰ ਤੋਂ ਪਿੱਛੋਂ ਅਬਦਾਲੀ ਛੇਤੀ ਤੋਂ ਛੇਤੀ ਲਾਹੌਰ ਪਹੁੰਚਿਆ ਤੇ ਉੱਥੋਂ ਜਿੰਨਾਂ ਸਾਮਾਨ ਸਮੇਟ ਸਕਿਆ, ਸਮੇਟ ਕੇ ਕੰਧਾਰ ਵੱਲ ਤੁਰ ਪਿਆ। ਸਿੰਘਾਂ ਨੂੰ ਉਸਦੀ ਗਤੀਵਿਧੀ ਬਾਰੇ ਰਾਈ ਰਾਈ ਦੀ ਜਾਣਕਾਰੀ ਮਿਲ ਰਹੀ ਸੀ। ਜਦੋਂ ਤਕ ਅਬਦਾਲੀ ਪੰਜਾਬ ਵਿਚ ਸੀ, ਉਹ ਚੁੱਪ ਬੈਠੇ ਰਹੇ ਤੇ ਜਿਵੇਂ ਹੀ ਪੰਜਾਬ ਵਿਚੋਂ ਬਾਹਰ ਨਿਕਲਿਆ ਸਿੰਘਾਂ ਨੇ ਪੱਚੀ–ਪੱਚੀ, ਤੀਹ–ਤੀਹ ਦੇ ਗੁਰੀਲਾ ਦਸਤੇ ਬਣਾ ਕੇ ਉਸਦੀ ਫੌਜ ਦੇ ਪਿੱਛੇ ਭਾਗ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਉਸਦੇ ਚਨਾਬ ਤਕ ਪਹੁੰਚਦਿਆਂ ਪਹੁੰਚਦਿਆਂ ਉਸਦਾ ਬਹੁਤ ਸਾਰਾ ਸਾਮਾਨ, ਹਥਿਆਰ ਤੇ ਘੋੜੇ ਖੋਹ ਲਏ। ਚਤੁਰ ਸਿੰਘ ਸ਼ੁਕਰਚੱਕੀਆ ਦੁਰਾਨੀਆਂ ਦਾ ਰੁਕ ਰੁਕ ਕੇ ਪਿੱਛਾ ਕਰਦਾ ਰਿਹਾ ਤੇ ਅਟਕ ਦੇ ਇਸ ਪੂਰੇ ਇਲਾਕੇ ਵਿਚ ਉਸਦੀ ਬਹਾਦਰੀ ਦੀ ਧਾਕ ਬੈਠ ਗਈ।

ਇਕ ਚਤੁਰ ਸਿੰਘ ਹੀ ਨਹੀਂ ਖਾਲਸਾ ਪੰਥ ਨੇ ਇਕ ਤੋਂ ਇਕ ਵਧਕੇ ਯੋਧੇ ਪੈਦਾ ਕੀਤੇ। ਘਰਾਂ ਵਿਚ, ਖੇਤਾਂ ਵਿਚ ਤੇ ਸੱਥਾਂ ਵਿਚ ਉਹਨਾਂ ਦੀ ਬਹਾਦਰੀ ਦੇ ਚਰਚੇ ਸਨ। ਜਿਹੜਾ ਵੀ ਸੁਣਦਾ ਦੰਦਾਂ ਹੇਠ ਉਂਗਲ ਨੱਪ ਬਹਿੰਦਾ।

“ਪਤਾ ਨਹੀਂ ਕਿਸ ਮਿੱਟੀ ਦੇ ਬਣੇ ਨੇ, ਮੌਤ ਤੋਂ ਵੀ ਨਹੀਂ ਡਰਦੇ !”

“ਮਿੱਟੀ ਤਾਂ ਸਾਡੀ ਤੁਹਾਡੀ ਤੇ ਉਹਨਾਂ ਦੀ ਇੱਕੋ ਏ...ਫਰਕ ਇਹ ਹੈ ਕਿ ਉਹਨਾਂ ਮੌਤ ਦਾ ਭੈ ਮਨ ਵਿਚੋਂ ਕੱਢ ਦਿੱਤਾ ਏ ਤੇ ਅਸੀਂ ਚੂਹੇ ਬਣ ਕੇ ਖੁੱਡਾਂ ਵਿਚ ਵੜ ਜਾਂਦੇ ਆਂ।”

“ਮੈਂ ਤਾਂ ਸਮਝਦਾਂ ਬਈ ਖੰਡੇ–ਬਾਟੇ ਦੇ ਅੰਮ੍ਰਿਤ ਵਿਚ ਈ ਕੋਈ ਅਜਿਹੀ ਕਰਾਮਾਤ ਏ, ਜਿਹੜੀ ਚੂਹਿਆਂ ਨੂੰ ਸ਼ੇਰ ਬਣਾ ਦਿੰਦੀ ਏ। ਬਾਜ ਨਾਲ ਚਿੜੀਆਂ ਲੜਾ ਦਿੰਦੀ ਏ। ਮੁਗਲਾਂ ਤੇ ਅਫਗਾਨਾ ਦੇ ਛੱਕੇ ਛੁਡਾਅ ਦਿੰਦੀ ਏ।”

“ਛੱਕ ਲੈ ਤੂੰ ਵੀ ਖੰਡੇ–ਬਾਟੇ ਦਾ ਅੰਮ੍ਰਿਤ ਫੇਰ ਤੇ ਬਣ ਜਾਅ ਸ਼ੇਰ। ਚੂਹਾ ਬਣ ਕੇ

ਜਿਉਣਾ ਵੀ ਕੋਈ ਜਿਉਣਾ ਏਂ?"

ਆਮ ਲੋਕਾਂ ਨੇ ਅੱਖੀਂ ਦੇਖਿਆ ਸੀ ਕਿ ਜਦੋਂ ਜਦੋਂ ਵੀ ਸਰਕਾਰ ਨੇ ਦਾਅਵਾ ਕੀਤਾ ਕਿ ਅਸੀਂ ਸਿੱਖਾਂ ਨੂੰ ਖਤਮ ਕਰ ਦਿੱਤਾ ਹੈ; ਉਦੋਂ ਉਦੋਂ ਹੀ ਜਿਵੇਂ ਬਰਸਾਤ ਵਿਚ ਖੁੰਬਾਂ ਉਗਦੀਆਂ ਨੇ, ਸਿੱਖਾਂ ਨੇ ਇਧਰੋਂ ਉਧਰੋਂ ਉਭਰ ਕੇ ਸਰਕਾਰ ਦੇ ਦਾਅਵੇ ਨੂੰ ਝੂਠਾ ਸਾਬਤ ਕਰ ਦਿੱਤਾ ਸੀ। ਉਹ ਖ਼ੁਦ ਨਹੀਂ ਰਹੇ ਪਰ ਉਹਨਾਂ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਦੀਆਂ ਅਜਿਹੀਆਂ ਕਹਾਣੀਆਂ ਬਣੀਆਂ, ਜਿਹੜੀਆਂ ਬੱਚੇ ਬੱਚੇ ਦੀ ਜਬਾਨ 'ਤੇ ਚੜ੍ਹ ਗਈਆਂ। ਜਦੋਂ ਤਕ ਇਹ ਜਨਤਾ–ਜਨਾਰਧਨ ਸਲਾਮਤ ਹੈ, ਇਹ ਪੰਜਾਬ ਜਿਉਂਦਾ ਹੈ, ਆਦਮੀਂ ਦੇ ਮਨ ਵਿਚ ਮਾਣ–ਸਨਮਾਣ ਨਾਲ ਜਿਉਣ ਦੀ ਤਾਂਘ ਜਿਉਂਦੀ ਹੈ, ਇਹ ਕਹਾਣੀਆਂ ਵੀ ਜਿਉਂਦੀਆਂ ਰਹਿਣ ਗੀਆਂ।

ਪਿੱਛੇ ਸੱਤ–ਅੱਠ ਮਹੀਨਿਆਂ ਵਿਚ ਜਦੋਂ ਦੀ ਸਰਕਾਰ ਦੀ ਸਖਤੀ ਕੁਝ ਘੱਟ ਹੋਈ ਸੀ, ਸਿੱਖ ਯੋਧੇ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲ ਕੇ ਆਪਣੇ ਘਰੀਂ ਆ ਗਏ ਸਨ। ਉਹ ਜਿੱਥੇ ਜਿੱਥੇ ਵੀ ਪਹੁੰਚੇ ਲੋਕਾਂ ਨੇ ਉਹਨਾਂ ਦਾ ਸਵਾਗਤ ਕੀਤਾ। ਉਹਨਾਂ ਕਿਹਨਾਂ ਹਾਲਤਾਂ ਵਿਚ ਕਿਵੇਂ ਦਿਨ ਬਿਤਾਏ ਤੇ ਕਿਸ ਤਰ੍ਹਾਂ ਦੁਸ਼ਮਣ ਦਾ ਮੁਕਾਬਲਾ ਕੀਤਾ, ਇਹ ਸਭ ਕੁਝ ਉਹਨਾਂ ਦੀ ਆਪਣੀ ਜ਼ੁਬਾਨੀ ਸੁਣ ਕੇ ਲੋਕਾਂ ਦੇ ਚਿਹਰੇ ਖਿੜ ਜਾਂਦੇ। ਨਿੱਜੀ ਸਾਹਸ ਤੇ ਬਹਾਦਰੀ ਦੀਆਂ ਇਹ ਘਟਨਾਵਾਂ ਇਤਿਹਾਸ ਦਾ ਅੰਗ–ਸੰਗ ਬਣ ਗਈਆਂ। ਲੋਕ ਆਪਣੇ ਨਿੱਜੀ ਮਸਲਿਆਂ ਵਿਚ ਉਹਨਾਂ ਦੀ ਸਲਾਹ ਲੈਂਦੇ ਤੇ ਨਿੱਜੀ ਝਗੜਿਆਂ ਦੇ ਫੈਸਲਿਆਂ ਲਈ ਉਹਨਾਂ ਨੂੰ ਪੰਚ ਬਣਾਉਂਦੇ। ਦੱਬੇ ਹੋਏ ਲੋਕਾਂ, ਔਰਤਾਂ ਤੇ ਮਰਦਾਂ ਦੀ, ਜਿਹੜੇ ਇਸ ਲੁੱਟ–ਖਸੁੱਟ ਵਿਚ ਲੁੱਟੇ–ਪੱਟੇ ਗਏ ਸਨ, ਮਦਦ ਕਰਨ ਲਈ ਉਹ ਆਪ ਜਾਂਦੇ। ਆਂਢ–ਗੁਆਂਢ ਵਿਚ ਕਿਸੇ ਦੇ ਦੁਖੀ ਜਾਂ ਬਿਮਾਰ ਹੋਣ ਦਾ ਪਤਾ ਲੱਗਦਾ ਤਾਂ ਉਹ ਉਹਨਾਂ ਦੀ ਸਹਾਇਤਾ ਕਰਨ ਲਈ ਜਾ ਪਹੁੰਚਦੇ। ਇਸ ਗੱਲ ਨੂੰ ਉਹ ਆਪਣੇ ਵਤੀਰੇ ਨਾਲ ਸਿੱਧ ਕਰਦੇ ਕਿ ਗਰੀਬ ਤੇ ਲੋੜਮੰਦ ਦੀ ਮਦਦ ਕਰਨਾ ਹੀ ਗੁਰੂ

ਦੀ ਸਿੱਖਿਆ ਹੈ। ਉਹ, ਜਿਹਨਾਂ ਨੌਜਵਾਨਾ ਨਾਲ ਬਚਪਨ ਬਿਤਾਇਆ ਸੀ, ਉਹਨਾਂ ਨਾਲ ਕੁਸ਼ਤੀ, ਕਬੱਡੀ, ਗੁੱਲੀ ਡੰਡਾ ਖੇਡਦੇ ਤੇ ਬੰਦੂਕ ਮੋਢੇ ਉਪਰ ਰੱਖ ਕੇ ਸ਼ਿਕਾਰ ਖੇਡਣ ਜਾਂਦੇ। ਲੋਕਾਂ ਦੇ ਮਨ ਵਿਚ ਆਪਣੇ ਆਪ ਇਹ ਵਿਚਾਰ ਪੈਦਾ ਹੁੰਦਾ ਕਿ ਇਕੱਲਾ ਆਦਮੀ ਕੁਝ ਨਹੀਂ ਕਰ ਸਕਦਾ, ਤਾਕਤ ਏਕੇ ਵਿਚ ਹੈ। ਨਤੀਜਾ ਇਹ ਕਿ ਸਿੱਖ ਧਰਮ ਇਕ ਲੋਕ ਅੰਦੋਲਨ ਬਣ ਗਿਆ। ਜਦੋਂ ਇਹ ਸਿੱਖ ਯੋਧੇ ਅੰਮ੍ਰਿਤਸਰ ਜਾਂ ਕਿਸੇ ਹੋਰ ਜਗ੍ਹਾ ਸਤਸੰਗ ਵਿਚ ਜਾਂਦੇ, ਪਿੰਡਾਂ ਦੇ ਕਈ ਨੌਜਵਾਨ ਉਹਨਾਂ ਦੇ ਨਾਲ ਤੁਰ ਪੈਂਦੇ ਜੋ ਅੰਮ੍ਰਿਤ ਛਕ ਕੇ ਸਿੱਖ ਧਰਮ ਵਿਚ ਸ਼ਾਮਲ ਹੋ ਜਾਂਦੇ।

**000**

ਭੂਪ ਸਿੰਘ ਇਹਨੀਂ ਦਿਨੀਂ ਖਾਸਾ ਰੁੱਝਿਆ ਹੋਇਆ ਸੀ। ਅਬਦਾਲੀ ਜਦੋਂ ਸ਼ਾਹ ਨਵਾਜ ਨੂੰ ਹਰਾ ਕੇ ਲਾਹੌਰ ਪਹੁੰਚਿਆ ਉਦੋਂ ਉਹ ਲਾਹੌਰ ਵਿਚ ਸੀ ਤੇ ਜਦੋਂ ਅਬਦਾਲੀ ਮਾਨੂ ਪੁਰ ਵਿਚ ਹਾਰ ਕੇ ਵਾਪਸ ਪਰਤਿਆ, ਉਦੋਂ ਵੀ ਉਹ ਲਾਹੌਰ ਵਿਚ ਹੀ ਸੀ। ਉਹ ਕਬੀਰ ਦੇ ਦੋਹੇ ਤੇ ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਦੇ ਇਲਾਵਾ ਅਰਬੀ ਵਿਚ ਕੁਰਾਨ ਦੀਆਂ ਆਇਤਾਂ ਤੇ ਫਾਰਸੀ ਵਿਚ ਸ਼ੇਖ ਸਾਦੀਕ ਦੇ ਸ਼ੇਅਰ ਦੇ ਸ਼ੁੱਧ ਉਚਾਰਨ ਨਾਲ ਗਾਉਂਦਾ ਸੀ। ਵੈਸੇ ਵੀ ਪੀਰਾਂ ਫਕੀਰਾਂ ਵਿਚ ਲੋਕਾਂ ਦੀ ਸ਼ਰਧਾ ਸੀ। ਕਿਸੇ ਨੂੰ ਵੀ ਉਸਦੇ ਜਾਸੂਸ ਹੋਣ ਦਾ ਸ਼ੱਕ ਨਹੀਂ ਸੀ ਹੋਇਆ। ਅਬਦਾਲੀ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਉਸੇ ਦੁਆਰਾ ਪੰਥ ਨੂੰ ਪਹੁੰਚਦੀ ਸੀ ਤੇ ਉਸ ਦੇ ਆਧਾਰ 'ਤੇ ਹੀ ਉਹ ਯੋਜਨਾਵਾਂ ਬਣਾਉਂਦੇ ਸਨ।

ਭੂਪ ਸਿੰਘ ਆਪਣੇ ਪਿੰਡ ਜੰਡਿਆਲਾ ਸ਼ੇਰ ਖਾਂ ਉਦੋਂ ਆਇਆ ਜਦੋਂ ਅਬਦਾਲੀ ਵਾਪਸ ਕਾਬੁਲ ਪਹੁੰਚ ਗਿਆ। ਸਤਵੰਤ ਕੌਰ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਉਸਨੇ ਪੁੱਤਰ ਦਾ ਮੱਥਾ ਚੁੰਮਿਆਂ, ਪਿਆਰ ਦਿੱਤਾ ਤੇ ਕਈ ਪਲ ਤਕ ਉਸਨੂੰ ਸਿਰ ਤੋਂ ਪੈਰਾਂ ਤਕ ਦੇਖਦੀ ਰਹੀ। ਉਹ ਹੁਣ ਜਵਾਨ ਹੋ ਗਿਆ ਸੀ ਤੇ ਉਸਦੀ ਦਿੱਖ ਆਪਣੇ ਪਿਓ ਵਰਗੀ ਲੱਗਣ ਲੱਗ ਪਈ ਸੀ। ਭੂਪ ਸਿੰਘ ਦੇ ਘਰ

ਆਉਣ ਦੀ ਖਬਰ ਤੁਰੰਤ ਸਾਰੇ ਪਿੰਡ ਵਿਚ ਫੈਲ ਗਈ। ਦੇਖਦੇ ਦੇਖਦੇ ਤੀਵੀਂਆਂ –ਮਰਦ, ਨਿਆਣੇ–ਬਜੁਰਗ ਇਕੱਠੇ ਹੋ ਗਏ ਤੇ ਸਤਵੰਤ ਕੌਰ ਨੂੰ ਮੁੰਡੇ ਦੇ ਰਾਜੀਖੁਸ਼ੀ ਘਰ ਪਰਤ ਆਉਣ ਦੀਆਂ ਵਧਾਈਆਂ ਦਿੱਤੀਆਂ ਜਾਣ ਲੱਗੀਆਂ।

"ਤੁਹਾਨੂੰ ਸਾਰਿਆਂ ਨੂੰ ਵੀ ਲੱਖ ਲੱਖ ਵਧਾਈ।" ਸੁਤਵੰਤ ਕੌਰ ਖੁਸ਼ੀਆਂ ਭਰੀ ਆਵਾਜ਼ ਵਿਚ ਕਿਹਾ ਤੇ ਫੇਰ ਆਪਣੇ ਪੁੱਤਰ ਦੇ ਸਿਰ ਉੱਤੇ ਹੱਥ ਫੇਰ ਕੇ ਬੋਲੀ, "ਜੁਗ ਜੁਗ ਜੀਵੇ ਮੇਰਾ ਪੁੱਤਰ। ਮੈਂ ਤਾਂ ਇਸਦੀ ਉਡੀਕ ਵਿਚ ਅੱਧੀ ਰਹਿ ਗਈ। ਜਦੋਂ ਸਾਰੇ ਲੋਕ ਆ ਗਏ ਤੇ ਇਹ ਨਾ ਆਇਆ ਤਾਂ ਮੈਂ ਸੋਚਿਆ ਕਿਤੇ ਮੈਨੂੰ ਭੁੱਲ ਤਾਂ ਨਹੀਂ ਗਿਆ।"

"ਆਦਮੀ ਜੇ ਆਦਮੀ ਦਾ ਪੁੱਤਰ ਹੋਏ ਤਾਂ ਆਪਣੀ ਮਾਂ ਤੇ ਮਾਤਭੂਮੀ ਨੂੰ ਕਦੀ ਨਹੀਂ ਭੁੱਲ ਸਕਦਾ। ਮੈਂ ਕਿੰਜ ਦੱਸਾਂ ਕਿ ਮਾਂ ਨਾਲ ਤੇ ਤੁਹਾਡੇ ਸਾਰਿਆਂ ਨਾਲ ਮਿਲ ਕੇ ਮੈਨੂੰ ਕਿੰਨੀ ਖੁਸ਼ੀ ਹੋਈ ਏ।" ਭੂਪ ਸਿੰਘ ਨੇ ਉਤਰ ਦਿੱਤਾ।

ਇਕੱਠੇ ਹੋਏ ਲੋਕਾਂ ਨੇ ਉਸਦੇ ਇਕ ਇਕ ਸ਼ਬਦ ਨੂੰ ਬੜੇ ਧਿਆਨ ਤੇ ਬੜੀ ਉਤਸੁਕਤਾ ਨਾਲ ਸੁਣਿਆ। ਉਹ ਆਪਣੇ ਪਿੰਡ ਵਿਚ ਪਲਿਆ ਕੋਈ ਸਧਾਰਨ ਜਵਾਨ ਮੁੰਡਾ ਨਹੀਂ ਬਲਕਿ ਯੁੱਧ ਖੇਤਰ ਵਿਚੋਂ ਪਰਤਿਆ ਅਸਧਾਰਨ ਆਦਮੀ ਸੀ ਤੇ ਜਿਸਨੂੰ ਦੇਖਣ ਸੁਣਨ ਵਿਚ ਅਸਧਾਰਨ ਆਨੰਦ ਪ੍ਰਾਪਤ ਹੁੰਦਾ ਸੀ।

"ਅੱਛਾ ਪੁੱਤਰ, ਇਹ ਦਸੋ ਬਈ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਹੁਰੀਂ ਅੱਜ ਕੱਲ੍ਹ ਕਿੱਥੇ ਨੇ?" ਇਕ ਬਜ਼ੁਰਗ ਕਿਸਾਨ ਨੇ ਪੁੱਛਿਆ।

"ਉਹ ਜੀ, ਅੰਮ੍ਰਿਤਸਰ ਵਿਚ ਨੇ। ਮੈਂ ਉਹਨਾਂ ਕੋਲੋਂ ਹੀ ਆਇਆਂ।"

"ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆਂ ਵੀ ਉੱਥੇ ਈ ਹੋਣੈ?"

"ਹਾਂ ਜੀ, ਉਹ ਵੀ ਉੱਥੇ ਈ ਸਨ।"

“ਅਫਗਾਨਾ ਨਾਲ ਲੜਦਿਆਂ ਹੋਇਆਂ ਉਹਨਾਂ ਵਿਚੋਂ ਕਿਸੇ ਨੂੰ ਕੋਈ ਸੱਟ–ਫੇਟ ਤਾਂ ਨਹੀਂ ਲੱਗੀ?”

“ਨਹੀਂ, ਬਿਲਕੁਲ ਨਹੀਂ ਜੀ। ਉਹ ਤਾਂ ਅਫਗਾਨਾ ਉਪਰ ਅਚਾਨਕ ਹਮਲਾ ਕਰਦੇ ਤੇ ਉਹਨਾਂ ਦੇ ਘੋੜੇ, ਹਥਿਆਰ ਤੇ ਦੂਜਾ ਸਾਮਾਨ ਖੋਹ ਕੇ ਹਰਨ ਹੋ ਜਾਂਦੇ ਸਨ ਜੀ।”

“ਇਸ ਦਾ ਮਤਲਬ ਏ ਕਿ ਸਿੱਖਾਂ ਨੇ ਉਸਨੂੰ ਖ਼ੂਬ ਮੁੱਛਿਆ?” ਕਈ ਆਵਾਜ਼ਾਂ ਇਕੱਠੀਆਂ ਆਈਆਂ ਤੇ ਭੀੜ ਵਿਚ ਹਾਸੜ ਪੈ ਗਈ।

“ਇਸਨੂੰ ਖ਼ੂਬ ਮੁੱਛਿਆ ਤਾਂ ਨਹੀਂ ਕਹਿ ਸਕਦੇ।” ਭੂਪ ਸਿੰਘ ਨੇ ਗੰਭੀਰ ਤੇ ਸਿੱਥਲ ਆਵਾਜ਼ ਵਿਚ ਕਿਹਾ। ਫੇਰ ਮੁਸਕਰਾਉਂਦਾ ਹੋਇਆ ਬੋਲਿਆ, “ਹਾਂ ਉਹ ਕਹਾਵਤ ਹੈ ਨਾ 'ਜਾਂਦੇ ਚੋਰ ਦੀ ਪੱਗ ਹੀ ਸਹੀ'। ਜੋ ਕੁਝ ਖੋਹ ਲਿਆ ਉਹ ਭੱਜੇ ਜਾਂਦੇ ਚੋਰ ਦੀ ਪੱਗ ਹੀ ਕਹੀ ਜਾ ਸਕਦੀ ਹੈ। ਹੋਣਾ ਇਹ ਚਾਹੀਦਾ ਸੀ ਕਿ ਹਾਰ ਕੇ ਭੱਜੇ ਜਾ ਰਹੇ ਦੁਸ਼ਮਣ ਦਾ ਉਧਰੋਂ ਮੁਗਲ ਪਿੱਛਾ ਕਰਦੇ ਤੇ ਇਧਰੋਂ ਸਿੰਘ ਰਸਤਾ ਰੋਕ ਲੈਂਦੇ। ਉਹ, ਉਠ–ਘੋੜੇ ਤੇ ਹੋਰ ਸਾਮਾਨ ਜਿਹੜਾ ਨਾਲ ਲੈ ਕੇ ਆਇਆ ਸੀ, ਸਭ ਇੱਥੇ ਹੀ ਰਹਿ ਜਾਂਦਾ। ਖ਼ੁਦ ਅਹਿਮਦ ਸ਼ਾਹ ਅਬਦਾਲੀ ਤੇ ਉਸਦੇ ਸਿਪਾਹੀ ਵੀ ਇੱਥੇ ਹੀ ਦਫਨ ਹੁੰਦੇ। ਮਜ਼ਾ ਫੇਰ ਸੀ ਕਿ ਇਕ ਵੀ ਵਾਪਸ ਨਾ ਜਾਂਦਾ ਤੇ ਅੱਗੇ ਤੋਂ ਸਾਡੇ ਇਸ ਦੇਸ਼ ਉੱਤੇ ਕਿਸੇ ਦੀ ਹਮਲਾ ਕਰਨ ਦੀ ਹਿੰਮਤ ਨਾ ਪੈਂਦੀ।” ਇਕੱਠੇ ਹੋਏ ਲੋਕ ਉਸਦੀ ਗੱਲ ਮੰਤਰ–ਮੁਗਧ ਹੋ ਕੇ ਸੁਣ ਰਹੇ ਸਨ। ਸਤਵੰਤ ਕੌਰ ਨੇ ਪੁੱਤਰ ਵੱਲ ਬੜੇ ਮਾਣ ਨਾਲ ਦੇਖਿਆ। “ਪਰ...” ਉਹ ਫੇਰ ਬੋਲਿਆ, “ਅਬਦਾਲੀ ਮਾਣੂਪਰ ਵਿਚੋਂ ਹਾਰ ਕੇ ਭੱਜਿਆ ਤਾਂ ਮੁਗਲ ਉਸਦਾ ਪਿੱਛਾ ਕਰਨ ਦੇ ਬਜਾਏ ਸਰਹਿੰਦ ਪਰਤ ਗਏ ਤੇ ਹੁਣ ਉੱਥੇ ਬੈਠੇ ਆਪਣੀ ਜਿੱਤ ਦਾ ਜਸ਼ਨ ਮਨਾ ਰਹੇ ਨੇ। ਇਸ ਹਮਲੇ ਨਾਲ ਪੰਜਾਬ 'ਤੇ ਕੀ ਬੀਤੀ, ਤੁਹਾਡੇ ਲੋਕਾਂ 'ਤੇ ਕੀ ਬੀਤੀ, ਕਿੰਨੀ ਤਬਾਹੀ ਤੇ ਬਰਬਾਦੀ ਹੋਈ, ਇਸਦੀ ਉਹਨਾਂ ਨੂੰ ਕੁਝ

ਵੀ ਫਿਕਰ ਨਹੀਂ।”

ਦੋ ਢਾਈ ਘੰਟੇ ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਫੇਰ ਵੀ ਇੰਜ ਲੱਗਦਾ ਸੀ, ਅਜੇ ਸੁਨਣ ਵਾਲਿਆਂ ਦਾ ਜੀਅ ਨਹੀਂ ਭਰਿਆ। ਉਹ ਚਾਹੁੰਦੇ ਸਨ ਕਿ ਭੂਪ ਸਿੰਘ ਬੋਲਦਾ ਰਹੇ ਤੇ ਉਹ ਸੁਣਦੇ ਰਹਿਣ। ਪਰ ਬੋਲਣ ਤੇ ਸੁਨਣ ਦੀ ਵੀ ਇਕ ਹੱਦ ਹੁੰਦੀ ਹੈ। ਸਤਵੰਤ ਕੌਰ ਨੇ ਇਸ ਹੱਦ ਨੂੰ ਮਹਿਸੂਸ ਕੀਤਾ ਤੇ ਆਪਣੇ ਪੁੱਤਰ ਦੀ ਜਗ੍ਹਾ ਆਪ ਬੋਲੀ,

“ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ। ਹੁਣ ਭੂਪਾ ਆਰਾਮ ਕਰੇਗਾ।” ਤੇ ਫੇਰ ਐਲਾਨ ਕੀਤਾ ਕਿ ਉਸਦੇ ਆਉਣ ਦੀ ਖੁਸ਼ੀ ਵਿਚ ਕੱਲ੍ਹ ਸਾਰੀ ਰਾਤ ਉਹਨਾਂ ਦੇ ਘਰ ਜਗਰਾਤਾ ਤੇ ਤ੍ਰਿਜਣ ਹੋਏਗਾ। ਉਸਨੇ ਸਭਨਾਂ ਨੂੰ ਸੱਦਾ ਦਿੱਤਾ ਕਿ ਉਹ ਵੀ ਉਸ ਵਿਚ ਸ਼ਾਮਲ ਹੋਣ। 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਦੀ ਫਤਿਹ' ਗਜਾਅ ਕੇ ਸਭਨਾਂ ਨੂੰ ਵਿਦਾਅ ਕੀਤਾ ਗਿਆ।

ਅਗਲੇ ਦਿਨ ਭੂਪ ਸਿੰਘ ਕੇ ਘਰ ਤ੍ਰਿਜਣਾ ਦਾ ਜਗਰਾਤਾ ਸੀ। ਸਬੱਬ ਨਾਲ ਅੱਸੂ ਦੀ ਪੁੰਨਿਆਂ ਸੀ। ਨਾ ਸਰਦੀ, ਨਾ ਗਰਮੀ। ਚੰਦ ਚਾਨਣੀ ਖਿੱਲਰੀ ਹੋਈ ਸੀ। ਸਾਰੇ ਪਿੰਡ ਦੀਆਂ ਸੁਆਣੀਆਂ ਆਪੋ ਆਪਣੇ ਚਰਖੇ ਲੈ ਕੇ ਹੱਸਦੀਆਂ ਮੁਸਕਰਾਂਦੀਆਂ ਹੋਈਆਂ ਸਤਵੰਤ ਕੌਰ ਕੇ ਖੁੱਲ੍ਹੇ ਵਿਹੜੇ ਵਿਚ ਆ ਬੈਠੀਆਂ। ਤ੍ਰਿਜਣਾ ਦੇ ਅਜਿਹੇ ਮੌਕੇ ਕਦੀ ਕਦੀ ਹੀ ਹੱਥ ਆਉਂਦੇ ਨੇ, ਜਿਸ ਵਿਚ ਪੰਜਾਬਣਾ ਮਿਲ-ਜੁਲ ਕੇ ਚਰਖਾ ਕੱਤਦੀਆਂ ਤੇ ਖੁਸ਼ੀ ਦੇ ਗੀਤ ਗਾਉਂਦੀਆਂ ਹੋਈਆਂ ਆਪਣੀ ਸੁਭਾਵਿਕ ਜਿੰਦਾ-ਦਿਲੀ ਦਾ ਸਬੂਤ ਦਿੰਦੀਆਂ ਨੇ। ਸਤਵੰਤ ਕੌਰ ਨੇ ਇਸ ਮੌਕੇ ਲਈ ਮਿੱਠੀਆਂ ਤੇ ਨਮਕੀਨ ਮੱਠੀਆਂ ਕੱਢ ਲਈਆਂ ਸਨ, ਗੁਲਗੁਲੇ ਪਕਾਏ ਸਨ ਤੇ ਭੱਠੀ ਤੋਂ ਮੱਕੀ ਤੇ ਛੋਲਿਆਂ ਦੇ ਦਾਣੇ ਭੁੰਨਾਅ ਲਿਆਂਦੇ ਸਨ। ਇਹ ਸਭ ਕੁਝ ਚਰਖਿਆਂ ਦੀਆਂ ਕਤਾਰਾਂ ਵਿਚਕਾਰ ਟੋਕਰੀਆਂ ਵਿਚ ਪਾ ਕੇ ਰੱਖ ਦਿੱਤਾ ਗਿਆ ਸੀ।

ਜਦੋਂ ਸੁਆਣੀਆਂ ਆਪੋ ਆਪਣੀ ਜਗ੍ਹਾ ਪੀੜ੍ਹੀਆਂ ਉੱਤੇ ਬੈਠ ਗਈਆਂ ਤਾਂ ਇਸ਼ਾਰਾ ਮਿਲਦਿਆਂ ਹੀ ਚਰਖੇ ਦੀ ਘੂਕ ਦੇ ਨਾਲ, ਇਕ ਉਚੀ ਆਵਾਜ਼ ਗੂੰਜੀ...:

"ਚਰਖਾ ਚੰਦਨ ਦਾ

ਮੈਂ ਕੱਤਾਂ ਪ੍ਰੀਤਾਂ ਨਾਲ।"

ਇਹ ਕੱਤਣ ਦਾ ਮੁਕਾਬਲਾ ਸੀ। ਜਿਹੜੀ ਸੁਆਣੀ ਸਵੇਰ ਤਕ ਸਭ ਤੋਂ ਵੱਧ ਗਲੋਟੇ ਲਾਹੇਗੀ, ਉਹ ਜਿੱਤ ਜਾਏਗੀ। ਵੱਧ ਦੇ ਨਾਲ ਨਾਲ ਸੂਤ ਬਰੀਕ ਤੇ ਸੋਹਣਾ ਹੋਣ ਦੀ ਸ਼ਰਤ ਵੀ ਸੀ। ਇਸ ਲਈ ਹੱਥ ਤੇਜ਼ ਚੱਲ ਰਹੇ ਸਨ ਤੇ ਬੜੀ ਸਫਾਈ ਨਾਲ ਲੰਮੇ ਤੇ ਬਰੀਕ ਤੰਦ ਖਿੱਚ ਰਹੇ ਸਨ। ਜੇ ਕਦੀ ਤੰਦ ਟੁੱਟ ਜਾਂਦਾ ਤਾਂ ਉਸਨੂੰ ਝੱਟ ਜੋੜ ਕੇ ਹੱਥ ਫੇਰ ਤੇਜ਼ ਤੇਜ਼ ਚੱਲਣ ਲਗਦਾ ਤੇ ਆਵਾਜ਼ਾਂ ਵਿਚ ਆਵਾਜ਼ ਰਲਦੀ...:

"ਚਰਖਾ ਚੰਦਨ ਦਾ

ਮੈਂ ਕੱਤਾਂ ਪ੍ਰੀਤਾਂ ਨਾਲ।"

ਵਿਚ ਵਿਚ ਕੁਝ ਚਿਰ ਲਈ ਆਰਾਮ ਦਾ ਸਮਾਂ ਹੁੰਦਾ। ਜਿਸ ਵਿਚ ਉਹ ਗਿੱਧਾ ਪਾਉਂਦੀਆਂ, ਨੱਚਦੀਆਂ, ਮਾਹੀਆ ਗਾਉਂਦੀਆਂ ਤੇ ਮੱਠੀਆਂ, ਗੁਲਗੁਲੇ, ਮੱਕੀ ਤੇ ਛੋਲਿਆਂ ਦੇ ਭੁੱਜੇ ਹੋਏ ਦਾਣੇ, ਆਪਣੀ ਇੱਛਾ ਅਨੁਸਾਰ ਰੱਜ ਕੇ ਖਾਂਦੀਆਂ।

ਤ੍ਰਿਜਣਾ ਦੇ ਏਸ ਮੇਲੇ ਨੇ ਜੋ ਸਮਾਂ ਬੰਨ੍ਹਿਆਂ ਉਹ ਇਸ ਗੱਲ ਦਾ ਸਬੂਤ ਹੈ ਕਿ ਜ਼ਖ਼ਮਾਂ ਨਾਲ ਨਿਢਾਲ ਹੋਇਆ ਪੰਜਾਬ, ਚੀਕਾਦਾ–ਕੂਕਦਾ ਨਹੀਂ, ਨੱਚਦਾ–ਗਾਉਂਦਾ ਹੈ। ਪਤਾ ਨਹੀਂ ਕਿੰਨੇ ਹਮਲਾਵਰਾਂ ਦੇ ਵਾਰ ਉਸਨੇ ਆਪਣੀ ਹਿੱਕ ਉਤੇ ਝੱਲੇ, ਪਰ ਇਹ ਵਾਰ ਉਸਦੀ ਆਤਮਾਂ ਨੂੰ ਉਸਤੋਂ ਵੱਖ ਨਹੀਂ ਕਰ ਸਕੇ। ਉਸਦਾ ਪਾਣੀ ਮਰਿਆ ਨਹੀਂ ਤੇ ਉਸਦੀ ਆਨ–ਸ਼ਾਨ ਨਾਲ ਜਿਉਣ ਵਾਲੀ ਜਿੰਦਾ–

ਦਿਲੀ ਹਰ ਹਾਲ ਵਿਚ ਜਿਵੇਂ ਦੀ ਤਿਵੇਂ ਸਲਾਮਤ ਰਹੀ।

ਭੂਪ ਸਿੰਘ ਪਿੰਡ ਦੇ ਲੋਕਾਂ ਵਿਚ ਬੜੀ ਛੇਤੀ ਘੁਲ ਮਿਲ ਗਿਆ। ਉਹ ਜਿੱਥੇ ਕੁਸਤੀ ਤੇ ਕਬੱਡੀ ਵਿਚ ਹਿੱਸਾ ਲੈਂਦਾ ਸੀ, ਉੱਥੇ ਆਪਣੀ ਸੁਰੀਲੀ ਆਵਾਜ਼ ਵਿਚ ਕਬੀਰ ਦੇ ਦੋਹੇ ਤੇ ਬੁੱਲ੍ਹੇ ਦੀਆਂ ਕਾਫੀਆਂ ਸੁਣਾ ਕੇ ਉਹਨਾਂ ਦਾ ਮਨ ਪ੍ਰਚਾਵਾ ਵੀ ਕਰਦਾ ਸੀ। ਬੇਨਾਮ ਸੂਫੀ ਫਕੀਰ ਦੇ ਭੇਸ ਵਿਚ 'ਕਬੀਰ ਇਕ ਇਨਸਾਨ, ਨਾ ਹਿੰਦੂ ਤੇ ਨਾ ਮੁਸਲਮਾਨ', 'ਇਨਸਾਨ ਖ਼ੁਦਾ ਦਾ ਨੂਰ ਹੈ, ਇਸ ਲਈ ਇਨਸਾਨ ਨੂੰ ਇਨਸਾਨ ਨਾਲ ਪਿਆਰ ਮੁਹੱਬਤ ਨਾਲ ਪੇਸ਼ ਆਉਣਾ ਚਾਹੀਦਾ'। ਦੁਹਰਾਂਦਿਆਂ ਦੁਹਰਾਂਦਿਆਂ ਉਸਨੂੰ ਵਿਸ਼ਵਾਸ ਹੋ ਗਿਆ ਸੀ ਕਿ ਜਾਤ ਤੇ ਧਰਮ ਦਾ ਭੇਦ-ਭਾਵ ਭੁੱਲ ਕੇ ਲੋਕਾਂ ਨੂੰ ਪਿਆਰ ਮੁਹੱਬਤ ਨਾਲ ਰਹਿਣਾ ਚਾਹੀਦਾ ਹੈ। ਸਿੱਖ ਧਰਮ ਦਾ ਵੀ ਇਹੀ ਉਪਦੇਸ਼ ਸੀ ਤੇ ਆਮ ਲੋਕ ਇਸੇ ਕਰਕੇ ਇਸਨੂੰ ਪਸੰਦ ਕਰਦੇ ਸਨ। ਪਸੰਦ ਹੀ ਨਹੀਂ ਸਨ ਕਰਦੇ, ਬਲਕਿ ਪਿਆਰ ਮੁਹੱਬਤ ਨਾਲ ਰਹਿੰਦੇ ਵੀ ਸਨ। ਦੀਵਾਲੀ ਵਾਲੇ ਦਿਨ ਹਿੰਦੂ-ਸਿੱਖ ਆਤਿਸ਼ਬਾਜੀ ਦਾ ਜਿਹੜਾ ਸਾਮਾਨ ਵਰਤਦੇ ਸਨ, ਉਸਨੂੰ ਬਨਾਉਂਦੇ ਮੁਸਲਮਾਨ ਹੀ ਸਨ। ਪਤੰਗ ਜਿਹੜੇ ਬਸੰਤ ਪੰਚਮੀ ਦੇ ਮਹੀਨੇ ਉਡਾਏ ਜਾਂਦੇ, ਉਹ ਵੀ ਮੁਸਲਮਾਨ ਕਾਰੀਗਰ ਹੀ ਬਨਾਉਂਦੇ। ਕਪੜਾ ਮੁਸਲਮਾਨ ਜੁਲਾਹੇ ਬਣਾਉਂਦੇ ਸਨ। ਭਾਂਡੇ ਬਨਾਉਣ ਵਾਲੇ ਘੁਮਿਆਰ ਵੀ ਲਗਭਗ ਮੁਸਲਮਾਨ ਹੀ ਸਨ। ਹਕੀਮ, ਮੁਸਲਮਾਨ ਸਨ ਜਿਹਨਾਂ ਤੋਂ ਹਰੇਕ ਧਰਮ ਤੇ ਜਾਤ ਦੇ ਲੋਕ ਇਲਾਜ ਕਰਵਾਉਂਦੇ ਸਨ। ਹਿੰਦੂ-ਸਿੱਖ ਜੱਟਾਂ ਤੇ ਮੁਸਲਮਾਨ ਜੱਟਾਂ ਦੇ ਖੇਤਾਂ ਤੇ ਖਾਲਿਆਂ ਦੀਆਂ ਵੱਟਾਂ ਸਾਂਝੀਆਂ ਸਨ ਤੇ ਉਹ ਲੋਕ ਵੇਲੇ-ਕੁਵੇਲੇ ਇਕ ਦੂਜੇ ਦੀ ਮਦਦ ਕਰਦੇ ਸਨ। ਉਹਨਾਂ ਦੀਆਂ ਇਹਨਾਂ ਆਰਥਕ ਲੋੜਾਂ-ਥੁੜਾਂ ਦੇ ਰਿਸ਼ਤੇ, ਭਾਈਚਾਰਕ ਸੰਬੰਧਾਂ ਭਾਵ ਚਾਚਾ-ਤਾਇਆ, ਭੈਣਾ-ਭਰਾਵਾ, ਯਾਰਾ-ਮਿੱਤਰਾ ਆਦਿ ਸਭਿਆਚਰ ਸ਼ਬਦਾਵਲੀ ਵਿਚ ਵਟ ਗਏ। ਇਕ ਪਿੰਡ ਦਾ ਦੂਜੇ ਪਿੰਡ ਨਾਲ ਕਬੱਡੀ ਜਾਂ ਕੁਸ਼ਤੀ ਦਾ ਮੁਕਾਬਲਾ ਹੁੰਦਾ ਸੀ ਤਾਂ ਸਾਰੇ ਪਿੰਡ ਵਾਲੇ ਜਾਤ, ਧਰਮ ਦੇ ਪਾੜੇ ਨੂੰ

ਭੁੱਲ ਕੇ ਆਪਣੇ ਪਿੰਡ ਦੀ ਜਿੱਤ ਚਾਹੁੰਦੇ ਸਨ ਤੇ ਜਿੱਤ ਪਿੱਛੋਂ ਸਾਂਝੀ ਖੁਸ਼ੀ ਮਨਾਉਂਦੇ ਸਨ।

ਭੂਪ ਸਿੰਘ ਵਾਰਿਸ ਨੂੰ ਮਿਲਣਾ ਚਾਹੁੰਦਾ ਸੀ, ਪਰ ਉਹ ਇਹਨੀਂ ਦਿਨੀਂ ਕਸੂਰ ਵਿਚ ਸੀ। ਮਾਂ ਨੇ ਉਸਨੂੰ ਦੱਸਿਆ ਕਿ ਅੱਠ ਦਸ ਦਿਨ ਪਹਿਲਾਂ ਆਇਆ ਸੀ, ਘਰ ਆ ਕੇ ਉਸਦੀ ਸੁਖ–ਸਾਂਦ ਪੁੱਛੀ ਸੀ ਤੇ ਉਸ ਬਾਰੇ ਵੀ ਪੁੱਛਿਆ ਸੀ। ਭੂਪ ਸਿੰਘ ਇਹ ਜਾਣ ਕੇ ਮਨ ਹੀ ਮਨ ਖੁਸ਼ ਹੋਇਆ ਕਿ ਉਸਨੇ ਕਸੂਰ ਦੀ ਮੁਲਾਕਾਤ ਤੇ ਉਸਦੇ ਬੇਨਾਮ ਫਕੀਰ ਦੇ ਭੇਸ ਦਾ ਜ਼ਿਕਰ ਮਾਂ ਕੋਲ ਨਹੀਂ ਸੀ ਕੀਤਾ। ਗਿਆਰਾਂ ਸਾਲ ਦੀ ਉਮਰ ਵਿਚ ਹੀ ਇਹ ਉਸਦੇ ਵਿਅਕਤੀਤਵ ਦੀ ਗਹਿਰਾਈ ਤੇ ਸੂਝ–ਬੂਝ ਦਾ ਸਬੂਤ ਸੀ।

**000**

**1747** ਤੋਂ ਅੰਮ੍ਰਿਤਸਰ ਦਾ ਹਾਕਮ ਸਲਾਮਤ ਖਾਂ ਸੀ। ਉਸਨੇ ਸਰੋਵਰ ਦੇ ਚਾਰੇ ਪਾਸੇ ਚਾਰ ਬੁਰਜ ਬਣਵਾ ਦਿੱਤੇ ਸਨ ਤਾਂ ਕਿ ਸਰੋਵਰ ਵਿਚ ਇਸ਼ਨਾਨ ਕਰਨ ਆਉਣ ਵਾਲੇ ਸਿੰਘਾਂ ਉੱਤੇ ਨਜ਼ਰ ਰੱਖੀ ਜਾ ਸਕੇ। ਇਹਨਾਂ ਬੁਰਜਾਂ ਵਿਚ ਹਥਿਆਰ–ਬੰਦ ਸਿਪਾਹੀ ਚੌਵੀ ਘੰਟੇ ਬੈਠੇ ਰਹਿੰਦੇ ਸਨ। ਉਹਨਾਂ ਨੂੰ ਹੁਕਮ ਸੀ ਕਿਸੇ ਕਿ ਕਿਸੇ ਸਿੱਖ ਨੂੰ ਹਰਿਮੰਦਰ ਜਾਂ ਸਰੋਵਰ ਆਉਂਦਿਆਂ ਦੇਖਣ ਤਾਂ ਗੋਲੀ ਮਾਰ ਦੇਣ। ਇਸ ਦੇ ਬਾਵਜੂਦ ਮਨਚਲੇ ਸਿੰਘ ਤੁਰਕਾਂ ਜਾਂ ਮੁਗਲਾਂ ਦਾ ਭੇਸ ਬਣਾ ਕੇ ਆਉਂਦੇ ਸਨ ਤੇ ਸਰੋਵਰ ਵਿਚ ਟੁੱਭੀ ਲਾ ਕੇ ਚਲੇ ਜਾਂਦੇ ਸਨ। ਕਦੀ ਕਦੀ ਉਹ ਚਾਰ–ਚਾਰ, ਪੰਜ–ਪੰਜ ਦੀਆਂ ਟੋਲੀਆਂ ਵਿਚ ਆਉਂਦੇ ਤੇ ਉੱਥੋਂ ਦੇ ਸਿਪਾਹੀਆਂ ਨਾਲ ਦੋ–ਦੋ ਹੱਥ ਕਰਨ ਤੋਂ ਵੀ ਨਹੀਂ ਸਨ ਯਕਦੇ। ਉਹ ਇਕ ਸੁਰ ਵਿਚ,

"ਸਾਡਾ ਸਿੱਖੀ ਸਿਦਕ ਨਾ ਜਾਵੇ,

ਸਿਰ ਜਾਵੇ ਤਾਂ ਜਾਵੇ।"

ਗਾਉਂਦੇ ਹੋਏ ਫ਼ੌਜ ਦੀਆਂ ਟੁਕੜੀਆਂ ਨਾਲ ਭਿੜ ਜਾਂਦੇ ਸਨ...ਤੇ ਭਿੜੰਤ ਵਿਚ ਸ਼ਹੀਦ ਹੋ ਜਾਣ ਨੂੰ ਗੁਰੂ ਦਾ ਵਰਦਾਨ ਸਮਝਦੇ ਸਨ।

ਇਸ ਸਮੇਂ ਲਾਹੌਰ ਦਾ ਨਵਾਬ ਜੱਲੇ ਖਾਂ ਦੇ ਦੀਵਾਨ ਲਖਪਤ ਰਾਏ ਸੀ ਜਿਹਨਾਂ ਨੂੰ ਅਬਦਾਲੀ ਨੇ ਅਹੁਦੇ ਦਿੱਤੇ ਸਨ। ਉਹਨਾਂ ਦਾ ਭਵਿੱਖ ਕੀ ਹੈ ਇਹ ਉਹਨਾਂ ਨੂੰ ਆਪ ਨੂੰ ਵੀ ਨਹੀਂ ਸੀ ਪਤਾ। ਦਿੱਲੀ ਨੇ ਇਸ ਸਿਲਸਿਲੇ ਵਿਚ ਅਜੇ ਤਕ ਕੋਈ ਫੈਸਲਾ ਨਹੀਂ ਸੀ ਲਿਆ। ਛਿਛੋਪੰਜ ਦੇ ਇਹਨਾਂ ਹਾਲਾਤਾਂ ਵਿਚ ਖਾਲਸਾ ਪੰਥ ਨੇ ਅੰਮ੍ਰਿ²ਤਸਰ ਨੂੰ ਆਜ਼ਾਦ ਕਰਵਾਉਣ ਦਾ ਗੁਰਮਤਾ ਪਾਸ ਕੀਤਾ। ਨਵਾਬ ਕਪੂਰ ਸਿੰਘ ਹੁਣ ਬੁੱਢੇ ਹੋ ਚੁੱਕੇ ਸਨ। ਹਮਲੇ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪੀ ਗਈ।

ਜੱਸਾ ਸਿੰਘ ਨੇ ਝਟਪਟ ਹਮਲੇ ਦੀ ਯੋਜਨਾ–ਬੰਦੀ ਕੀਤੀ ਤੇ ਅੰਮ੍ਰਿਤਸਰ ਨੂੰ ਜਾ ਘੇਰਿਆ। ਸਲਾਬਤ ਖਾਂ ਵੀ ਬਹਾਦਰ ਰਾਜਪੂਤ ਸੀ। ਉਹ ਆਪਣੀ ਸੈਨਾ ਲੈ ਕੇ ਮੈਦਾਨ ਵਿਚ ਉਤਰ ਆਇਆ। ਸਿੱਖ ਜਿਹਨਾਂ ਦਾ ਜੀਵਨ ਹੀ ਲੜਦਿਆਂ ਬੀਤਿਆ ਸੀ ਤੇ ਸਿਰਾਂ ਉਪਰ ਕਫ਼ਨ ਬੰਨ੍ਹੇ ਹੋਏ ਸਨ...ਭਾੜੇ ਦੇ ਸੈਨਕ ਉਹਨਾਂ ਸਾਹਵੇਂ ਕਿੰਜ ਟਿਕ ਸਕਦੇ ਸਨ ਭਲਾਂ? ਸਲਾਬਦ ਖਾਂ ਨੇ ਜਦੋਂ ਆਪਣੇ ਜਵਾਨਾ ਦੇ ਪੈਰ ਉਖੜਦੇ ਦੇਖੇ ਤਾਂ ਉਹ ਉਹਨਾਂ ਦਾ ਦਿਲ ਰੱਖਣ ਲਈ, "ਸ਼ਾਬਾਸ਼! ਸ਼ਾਬਾਸ਼!!" ਕਹਿੰਦਾ ਹੋਇਆ ਅੱਗੇ ਆਇਆ।

"ਆ ਖਾਂ ਖਾਨ, ਪਹਿਲਾਂ ਤੇਰੇ ਨਾਲ ਈ ਦੋ ਦੋ ਹੱਥ ਹੋ ਜਾਣ।" ਜੱਸਾ ਸਿੰਘ ਨੇ ਉਸਨੂੰ ਲਲਕਾਰਿਆ।

ਸਲਾਮਤ ਖਾਂ ਨੇ ਉਤਰ ਵਿਚ ਤਲਵਾਰ ਦਾ ਭਰਪੂਰ ਵਾਰ ਕੀਤਾ, ਜਿਸਨੂੰ ਜੱਸਾ ਸਿੰਘ ਨੇ ਆਪਣੀ ਢਾਲ ਉਪਰ ਰੋਕ ਲਿਆ। ਇਸ ਤੋਂ ਪਹਿਲਾਂ ਕਿ ਖਾਨ ਦੂਜਾ ਵਾਰ ਕਰੇ ਜੱਸਾ ਸਿੰਘ ਨੇ ਖੰਡੇ ਦੇ ਇਕੋ ਵਾਰ ਨਾਲ ਉਸਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਸਲਾਬਤ ਖਾਂ ਨੂੰ ਘੋੜੇ ਤੋਂ ਡਿੱਗਦਾ ਦੇਖ ਕੇ ਉਸਦਾ ਭਤੀਜਾ

ਨਜਾਬਤ ਖਾਂ ਜੱਸਾ ਸਿੰਘ ਉਪਰ ਝਪਟਿਆ। ਉਹ ਆਪਣੇ ਨੇਜੇ ਦਾ ਵਾਰ ਕਰਨ ਹੀ ਲੱਗਿਆ ਸੀ ਕਿ ਨਵਾਬ ਕਪੂਰ ਸਿੰਘ ਨੇ ਨਿਸ਼ਾਨਾ ਸਿੰਨ੍ਹ ਕੇ ਇਕ ਤੀਰ ਛੱਡਿਆ ਕਿ ਨਜਾਬਤ ਖਾਂ ਧਰਤੀ ਉੱਤੇ ਪਿਆ ਦਮ ਤੋੜਦਾ ਹੋਇਆ ਨਜ਼ਰ ਆਇਆ। ਚਾਚੇ ਤੇ ਭਤੀਜੇ ਦੀਆਂ ਲਾਸ਼ਾਂ ਨੂੰ ਤੜਫਦਿਆਂ ਦੇਖ ਦੇ ਦੁਸ਼ਮਣ ਸੈਨਾ ਦੇ ਹੌਂਸਲੇ ਢਹਿ ਗਏ ਤੇ ਉਹ ਭੱਜ ਖੜ੍ਹੇ ਹੋਏ।

'ਬੋਲੇ ਸੋ ਨਿਹਾਲ, ਸਤ ਸ੍ਰੀ ਆਕਾਲ' ਤੇ 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ' ਦੇ ਜੈਕਾਰੇ ਗਜਾਉਂਦਿਆਂ ਹੋਇਆਂ ਸਿੰਘਾਂ ਨੇ ਅੰਮ੍ਰਿਤਸਰ 'ਤੇ ਕਬਜਾ ਕਰ ਲਿਆ ਤੇ ਉਹਨਾਂ ਕਈ ਸਾਲ ਬਾਅਦ ਦਰਬਾਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਕੀਤੇ।

ਵਿਸਾਖ ਦਾ ਪਾਵਨ ਪਰਵ ਨੇੜੇ ਸੀ। ਖਿੱਲਰੇ ਹੋਏ ਜੱਥਿਆਂ ਨੂੰ ਇਸ ਜਿੱਤ ਦੀ ਸੂਚਨਾ ਦੇਣ ਲਈ ਚਾਰੇ ਪਾਸੇ ਘੋੜਸਵਾਰ ਦੌੜਾ ਦਿੱਤੇ ਗਏ। ਨਵਾਬ ਕਪੂਰ ਸਿੰਘ, ਤਾਰਾ ਸਿੰਘ ਬਾਹੀਆ, ਚੂਹੜ ਸਿੰਘ ਮਕੇਰੀਆਂ ਤਾਂ ਪਹਿਲਾਂ ਹੀ ਇਸ ਹਮਲੇ ਵਿਚ ਸ਼ਾਮਲ ਸਨ। ਇਹਨਾਂ ਦੇ ਇਲਾਵਾ ਜਿਸ ਕਿਸੇ ਜੱਥੇ ਨੇ ਇਹ ਸ਼ੁਭ ਸਮਾਚਾਰ ਸੁਣਿਆ, ਉਹ ਜਿੱਥੇ ਵੀ ਸੀ ਆਪਣੇ ਜਵਾਨ ਨਾਲ ਲੈ ਕੇ, ਅੰਮ੍ਰਿਤਸਰ ਆ ਪਹੁੰਚਿਆ। ਵਿਸਾਖੀ ਦਾ ਪਰਵ ਧੂੰਮਧਾਮ ਨਾਲ ਮਨਾਇਆ ਗਿਆ। ਸਿੰਘਾਂ ਨੇ ਜੀਅ ਭਰ ਕੇ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਉਸ ਪਿੱਛੋਂ ਦੀਵਾਨ ਸਜਿਆ ਤੇ ਵਿਚਾਰ–ਵਟਾਂਦਰੇ ਸ਼ੁਰੂ ਹੋਏ। ਜੱਸਾ ਸਿੰਘ ਨੇ ਸੁਝਾਅ ਰੱਖਿਆ ਕਿ ਖਾਲਸਾ ਕਦੋਂ ਤਕ ਜੰਗਲ ਵਿਚ ਭੱਜਦਾ ਫਿਰਦਾ ਰਹੇਗਾ ਤੇ ਕਦੋਂ ਤਕ ਲੁਕ ਛੁਪ ਕੇ ਦਿਨ ਬਿਤਾਏਗਾ, ਕਿਉਂ ਨਾ ਇਕ ਕਿਲਾ ਬਣਾ ਲਿਆ ਜਾਏ।

ਇਹ ਸੁਝਾਅ ਸਾਰਿਆਂ ਨੂੰ ਪਸੰਦ ਆਇਆ। ਹੁਣ ਇਸ ਗੱਲ ਉੱਤੇ ਵਿਚਾਰ ਸ਼ੁਰੂ

ਹੋਇਆ ਕਿ ਕਿਲਾ ਕਿਸ ਜਗ੍ਹਾ ਬਣਾਇਆ ਜਾਏ। ਸਰਦਾਰ ਸੁੱਖਾ ਸਿੰਘ ਮਾੜੀ ਕੰਬੋਵਾਲੇ ਤੇ ਹੋਰ ਪ੍ਰਮੁੱਖ ਸਰਦਾਰਾਂ ਨੇ ਕਿਹਾ ਕਿ ਗੁਰੂ ਦੀ ਨਗਰੀ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਕਿਤੇ ਜਾਣ ਦੀ ਕੀ ਲੋੜ ਹੈ। ਕਿਲਾ ਇੱਥੇ ਹੀ ਬਣਾਇਆ ਜਾਏ। ਜੀਵਾਂਗੇ ਤਾਂ ਗੁਰੂ ਦੀ ਗੋਦ ਵਿਚ, ਮਰਾਂਗੇ ਤਾਂ ਹਰਿ ਦੀ ਗੋਦ ਵਿਚ।

ਗੁਰਮਤਾ ਪਾਸ ਹੋਣ ਦੀ ਦੇਰ ਸੀ, ਜਿੱਥੇ ਗੁਰੂ ਨੇ ਖੂਹ ਪੁਟਾਇਆ ਸੀ, ਉੱਥੇ ਕਿਲੇ ਦੀ ਨੀਂਹ ਰੱਖ ਦਿੱਤੀ ਗਈ। ਮਿਸਤਰੀ ਮਜਦੂਰ ਬਾਹਰੋਂ ਮੰਗਵਾਉਣ ਦੀ ਲੋੜ ਨਹੀਂ ਸੀ, ਉਹ ਸਿੱਖਾਂ ਵਿਚ ਹੀ ਸਨ। ਨਾ ਛੋਟੇ ਵੱਡੇ ਦਾ ਫਰਕ ਸੀ, ਨਾ ਸਰਦਾਰੀ ਦੀ ਬੂ ਤੇ ਨਾ ਹੀ ਈਰਖਾ, ਹੀਣਤਾ ਦੀ ਕੋਈ ਭਾਵਨਾ। ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਵੀ ਇੱਟਾਂ-ਗਾਰਾ ਢੋਣ ਵਿਚ ਸੰਕੋਚ ਨਹੀਂ ਸਨ ਕਰ ਰਹੇ। ਚਾਅ ਤੇ ਪ੍ਰੇਮ ਭਾਵ ਨਾਲ ਸਾਰੇ ਵਧ ਚੜ੍ਹ ਕੇ ਸੇਵਾ ਕਰ ਰਹੇ ਸਨ। ਆਪੇ ਪੀਂਹਦੇ, ਆਪੇ ਪਕਾਉਂਦੇ ਤੇ ਚਿਨਾਈ ਮਜਦੂਰੀ ਦੇ ਕੰਮ ਆਪੇ ਚੱਲ ਰਹੇ ਸਨ...:

ਆਪੇ ਰਾਜ ਸਿੰਘ ਆਪ ਮਜੂਰ

ਬੜੇ ਭੁਜੰਗੀ ਦਿਲ ਦੇ ਸੂਰ

ਆਪੇ ਪੀਸੇਂ ਆਪੇ ਪਕਾਵੇਂ

ਤੈ ਤੋ ਬੜੇ ਸਰਦਾਰ ਕਹਾਵੇਂ

ਕੋਈ ਕਰੇ ਨਾ ਕਿਮੀ ਸਰੀਕਾ

ਕੋਈ ਨਾ ਸੁਣਵੇ ਦੁੱਖ ਨਿਜ ਜੀ ਕਾ।

ਕੰਧ ਬਣਾਵੇਂ ਦੌੜ ਦੌੜ

ਜਿਮ ਬੰਦਰ ਪੁਲ ਬੰਧਤ ਛੋੜਾ।

ਕਿਲਾ ਕੁਝ ਦਿਨਾਂ ਵਿਚ ਹੀ ਬਣ ਕੇ ਤਿਆਰ ਹੋ ਗਿਆ। ਕੰਧਾਂ ਉਪਰ ਉੱਚੇ

ਉੱਚੇ ਬੁਰਜ ਬਣਾਏ ਗਏ, ਜਿਹਨਾਂ ਵਿਚ ਖੜ੍ਹੇ ਸੰਤਰੀ ਦੂਰ ਤਕ ਨਿਗਾਹ ਰੱਖ ਸਕਦੇ ਸਨ ਤੇ ਆ ਰਹੇ ਦੁਸ਼ਮਣ ਦੀ ਸੂਚਨਾ ਅਗਾਊਂ ਦੇ ਸਕਦੇ ਸਨ। ਚਾਰੇ ਪਾਸੇ ਚੌੜੀ ਖਾਈ ਪੁੱਟ ਦਿੱਤੀ ਗਈ। ਕਿਲੇ ਦਾ ਨਾਂ ਅੰਮ੍ਰਿਤਸਰ ਨੂੰ ਵਸਾਉਣ ਵਾਲੇ ਗੁਰੂ ਰਾਮਦਾਸ ਦੇ ਨਾਂ 'ਤੇ ਰਾਮ ਰੌਣੀ ਰੱਖਿਆ ਗਿਆ। ਰੌਣੀ ਦਾ ਅਰਥ ਹੈ, ਸਿਰ ਲੁਕੌਣ ਦੀ ਥਾਂ।

ਇਸ ਕਿਲੇ ਵਿਚ ਪੰਜ ਸੌ ਜਵਾਨ ਤੇ ਪੰਜ ਸੌ ਘੋੜੇ ਰੱਖੇ ਜਾ ਸਕਦੇ ਸਨ। ਨੇੜੇ ਹੀ ਪਲਾਸ ਦਾ ਸੰਘਣਾ ਜੰਗਲ ਸੀ। ਇਸ ਵਿਚ ਛੁਪੇ ਤੇ ਨੇੜੇ ਤੇੜੇ ਦੇ ਪਿੰਡਾਂ ਵਿਚ ਟਿਕੇ ਸਿੰਘਾਂ ਨੂੰ ਲੋੜ ਪੈਣ 'ਤੇ ਬੁਰਜਾਂ ਵਿਚੋਂ ਸੰਕੇਤ ਘੱਲ ਕੇ ਬੁਲਾਇਆ ਜਾ ਸਕਦਾ ਸੀ।

ਇਕ ਸਾਲ ਬਾਅਦ **1748** ਨੂੰ ਵਿਸਾਖੀ ਵਾਲੇ ਦਿਨ ਇਕ ਅਜਿਹਾ ਮਹੱਤਵਪੂਰਨ ਫੈਸਲਾ ਲਿਆ ਗਿਆ, ਜਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ **1699** ਦੀ ਵਿਸਾਖੀ ਵਾਲੇ ਦਿਨ ਲਿਆ ਸੀ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖਾਲਸਾ ਰੂਪ ਦਿੱਤਾ ਸੀ ਤੇ ਇਸ ਫੈਸਲੇ ਵਿਚ ਖਾਲਸਾ ਨੂੰ ਦਲ–ਖਾਲਸਾ ਦਾ ਰੂਪ ਦੇ ਦਿੱਤਾ ਗਿਆ। ਇਹ ਦੋਹੇਂ ਇਤਿਹਾਸਕ ਮਹੱਤਵ ਤੇ ਗੁਣਨਾਤਮਕ ਪਰਿਵਰਤਨ ਸਨ।

ਇਸ ਸਮੇਂ ਸਿੱਖ ਜੱਥਿਆਂ ਦੀ ਗਿਣਤੀ **65** ਸੀ। ਇਹਨਾਂ ਜੱਥਿਆਂ ਦੇ ਵੱਖ–ਵੱਖ ਨੇਤਾਵਾਂ ਦੇ ਵੱਖਰੇ–ਵੱਖਰੇ ਝੰਡੇ ਸਨ ਤੇ ਉਹ ਵੱਖੋ–ਵੱਖਰੇ ਖੇਤਰਾਂ ਵਿਚ ਰੁੱਝੇ ਹੋਏ ਸਨ। ਇਹਨਾਂ ਸਾਰਿਆਂ ਨੂੰ ਇਕ ਤਰਤੀਬ ਤੇ ਅਨੁਸ਼ਾਸਨ ਵਿਚ ਕਰਨਾ ਜ਼ਰੂਰੀ ਸੀ। ਵਿਸਾਖੀ ਦੇ ਇਸ ਦਿਹਾੜੇ ਤੇ ਨਵਾਬ ਕਪੂਰ ਸਿੰਘ ਦੇ ਸੁਝਾਅ ਉਪਰ ਇਹਨਾਂ **65** ਜੱਥਿਆਂ ਨੂੰ ਇਕ ਕੜੀ ਵਿਚ ਪਰੋਇਆ ਗਿਆ, ਜਿਸਦਾ ਨਾਂ ਦਲ –ਖਾਲਸਾ ਰੱਖਿਆ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਦਲ–ਖਾਲਸਾ ਦਾ ਪ੍ਰਧਾਨ ਸੈਨਾਪਤੀ ਚੁਣਿਆ ਗਿਆ।

ਦਲ ਖਾਲਸਾ ਦੇ ਅੱਗੇ ਗਿਆਰਾਂ ਭਾਗ ਬਣਾਏ ਗਏ। ਹਰੇਕ ਭਾਗ ਦਾ ਆਪਣਾ ਨੇਤਾ, ਆਪਣਾ ਨਾਂ ਤੇ ਆਪਣਾ ਝੰਡਾ ਸੀ। ਇਹ ਗਿਆਰਾਂ ਭਾਗ, ਗਿਆਰਾਂ ਮਿਸਲਾਂ ਦੇ ਨਾਂ ਨਾਲ ਮਸ਼ਹੂਰ ਹੋਏ, ਜਿਹੜੇ ਇਸ ਤਰ੍ਹਾਂ ਸਨ,

1. ਆਹਲੂਵਾਲੀਆ ਮਿਸਲ, ਜਿਸਦੇ ਨੇਤਾ ਜੱਸਾ ਸਿੰਘ ਆਹਲੂਵਾਲੀਆ ਸਨ।

2. ਭੰਗੀ ਮਿਸਲ, ਜਿਸਦੇ ਨੇਤਾ ਹਰੀ ਸਿੰਘ ਭੰਗੀ ਸਨ।

3. ਡੱਲੇਵਾਲੀਆ ਮਿਸਲ, ਜਿਸਦੇ ਨੇਤਾ ਡੱਲੇਵਾਲ ਦੇ ਗੁਲਾਬ ਸਿੰਘ ਸਨ।

4. ਸਿੰਘਪੁਰੀਆ ਮਿਸਲ, ਜਿਸਦੇ ਨੇਤਾ ਖੁਦ ਕਪੂਰ ਸਿੰਘ ਸਨ।

5. ਕਨ੍ਹਈਆ ਮਿਸਲ, ਜਿਸਦੇ ਨੇਤਾ ਜੈ ਸਿੰਘ ਕਨ੍ਹਈਆ ਸਨ।

6. ਕਰੋੜ ਸਿੰਘੀਆ ਮਿਸਲ, ਜਿਸਦੇ ਨੇਤਾ ਕਰੋੜ ਸਿੰਘ ਸਨ।

7. ਨਕਈ ਮਿਸਲ, ਜਿਸਦੇ ਨੇਤਾ ਹੀਰਾ ਸਿੰਘ ਨਕਈ ਸਨ।

8. ਨਿਸ਼ਾਨ ਵਾਲੀ ਮਿਸਲ, ਜਿਸਦੇ ਨੇਤਾ ਦਸੌਂਧਾ ਸਿੰਘ ਸਨ।

9. ਰਾਏ ਗੜ੍ਹੀਆ ਮਿਸਲ, ਜਿਸਦੇ ਨੇਤਾ ਨੰਦ ਸਿੰਘ ਸੰਘਾਨੀਆਂ ਸਨ।

10. ਸ਼ਹੀਦੀ ਮਿਸਲ, ਜਿਸਦੇ ਨੇਤਾ ਦਲੀਪ ਸਿੰਘ ਸਨ।

11. ਸ਼ੁਕਰਚੱਕੀਆ ਮਿਸਲ, ਜਿਸਦੇ ਨੇਤਾ ਬੋਧ ਸਿੰਘ ਸਨ।

ਸਵਿੰਧਾਨ ਤਿਆਰ ਕੀਤਾ ਗਿਆ ਜਿਸ ਅਨੁਸਾਰ ਗੁਰੂ ਗੋਬਿੰਦ ਸਿੰਘ ਦਾ ਹਰੇਕ ਖਾਲਸਾ, ਖਾਲਸਾ ਦਾਲ ਦਾ ਮੈਂਬਰ ਸੀ ਪਰ ਜਿਸ ਕੋਲ ਆਪਣਾ ਘੋੜਾ ਨਹੀਂ ਹੁੰਦਾ ਸੀ, ਉਸਨੂੰ ਸੈਨਾ ਸੇਵਾ ਵਿਚ ਨਹੀਂ ਰੱਖਿਆ ਜਾਂਦਾ ਸੀ। ਹਰੇਕ ਨੂੰ ਕਿਸੇ ਵੀ ਮਿਸਲ ਦਾ ਮੈਂਬਰ ਬਣਨ ਦੀ ਆਜ਼ਾਦੀ ਸੀ। ਜਦੋਂ ਸਾਰੀਆਂ ਮਿਸਲਾਂ ਲੜਨ ਲਈ ਇਕੱਠੀਆਂ ਹੁੰਦੀਆਂ ਸਨ ਤਾਂ ਉਹਨਾਂ ਨੂੰ ਦਲ–ਖਾਲਸਾ ਕਿਹਾ

ਜਾਂਦਾ ਸੀ ਤੇ ਨੇਤਾ ਜੱਸਾ ਸਿੰਘ ਆਹਲੂਵਾਲੀਆ ਹੁੰਦੇ ਸਨ। ਸਾਰੀਆਂ ਮਿਸਲਾਂ ਦੇ ਸਾਰੇ ਖਾਲਸੇ, ਸਾਲ ਵਿਚ ਦੋ ਵਾਰੀ ਅੰਮ੍ਰਿਤਸਰ ਵਿਚ ਇਕੱਤਰ ਹੁੰਦੇ ਸਨ ਤੇ ਉਹਨਾਂ ਦੀ ਸਭਾ, ਭਾਵ ਦੀਵਾਨ ਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਸੀ।

ਦਲ ਖਾਲਸਾ ਦਾ ਨੇਤਾ ਸਿੱਖ ਧਰਮ ਤੇ ਰਾਜ ਦੋਹਾਂ ਦਾ ਮੁਖੀ ਹੁੰਦਾ ਸੀ। ਹਰੇਕ ਮਿਸਲ ਦਾ ਜੱਥੇਦਾਰ ਆਪਣੀ ਮਿਸਲ ਵਿਚ ਸਰਵੇ–ਸਰਵਾ ਸੀ ਤੇ ਮਿਸਲ ਦੇ ਹਰੇਕ ਮੈਂਬਰ ਨੂੰ ਉਸਦੀ ਆਗਿਆ ਦਾ ਪਾਲਨ ਕਰਨਾ ਪੈਂਦਾ ਸੀ, ਪਰ ਉਸ ਆਗਿਆ ਦਾ ਜਿਹੜੀ ਦਲ ਦੇ ਅਸੂਲਾਂ ਤੇ ਹਿਤਾਂ ਦੇ ਬਾਹਰ ਨਾ ਹੋਏ। ਹਰੇਕ ਜੱਥੇਦਾਰ ਦਾ ਫਰਜ਼ ਸੀ ਕਿ ਉਹ ਆਪਣੇ ਮਿਸਲ ਦੇ ਮੈਂਬਰਾਂ ਦਾ ਪੂਰਾ ਪੂਰਾ ਖ਼ਿਆਲ ਰੱਖੇ ਤੇ ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰੇ।

ਜਦੋਂ ਪੂਰਾ ਦਲ ਲੜਨ ਜਾਂਦਾ ਤਾਂ ਲੁੱਟ ਦਾ ਸਾਰਾ ਮਾਲ ਸਾਰੀਆਂ ਮਿਸਲਾਂ ਵਿਚ ਉਸਦੇ ਮੈਂਬਰਾਂ ਦੀ ਗਿਣਤੀ ਦੇ ਅਨੁਪਾਤ ਨਾਲ ਵੰਡਿਆ ਜਾਂਦਾ ਸੀ। ਜਦੋਂ ਕੋਈ ਮਿਸਲ ਇਕੱਲੀ ਲੜਦੀ ਤਾਂ ਉਹ ਲੁੱਟ ਦਾ ਮਾਲ ਸਿਰਫ ਆਪਣੇ ਮੈਂਬਰਾਂ ਵਿਚ ਵੰਡਦੀ ਸੀ। ਇਸ ਲੁੱਟ ਦੇ ਇਲਾਵਾ ਸਿੱਖ ਸਿਪਾਹੀਆਂ ਨੂੰ ਹੋਰ ਕੋਈ ਤਨਖਾਹ ਨਹੀਂ ਸੀ ਮਿਲਦੀ ਹੁੰਦੀ।

ਦਲ ਖਾਲਸਾ ਦਾ ਗਠਨ ਹੋਣਾ ਸਿੱਖ ਰਾਜ ਦੀ ਸਥਾਪਨਾ ਦੀ ਸ਼ੁਰੂਆਤ ਸੀ। ਖਾਲਸੇ ਨੂੰ ਇਸ ਸਥਿਤੀ ਵਿਚ ਲਿਆਉਣ ਦਾ ਸਿਹਰਾ ਨਵਾਬ ਕਪੂਰ ਸਿੰਘ ਦੇ ਸਿਰ ਸੀ। ਉਹ ਲੰਮੇ ਕੱਦ ਦੇ ਦਿਲਕਸ਼ ਆਦਮੀ ਸਨ ਤੇ ਉਹਨਾਂ ਦੇ ਸਰੀਰ ਉੱਤੇ ਕਿਤੇ ਵੀ ਚਾਰ ਉਂਗਲ ਅਜਿਹੀ ਜਗ੍ਹਾ ਨਹੀਂ ਸੀ ਜਿੱਥੇ ਜ਼ਖ਼ਮ ਦਾ ਨਿਸ਼ਾਨ ਨਾ ਹੋਏ। ਉਹ ਸਿਰਫ ਧਾਰਮਕ ਮਾਮਲਿਆਂ ਵਿਚ ਹੀ ਖਾਲਸੇ ਦੇ ਆਗੂ ਨਹੀਂ ਸਨ, ਯੁੱਧ ਖੇਤਰ ਵਿਚ ਵੀ ਅੱਗੇ ਰਹਿੰਦੇ ਸਨ। ਦੁਸ਼ਮਣ ਸੈਨਾ ਦੇ 500 ਆਦਮੀ ਉਹਨਾਂ ਆਪਣੇ ਹੱਥੀਂ ਮੌਤ ਦੇ ਘਾਟ ਉਤਾਰੇ ਸਨ। ਉਹਨਾਂ ਪੰਥ ਦੀ ਜੋ ਸੇਵਾ ਕੀਤੀ, ਖਾਲਸਾ ਉਸ ਲਈ ਉਹਨਾਂ ਦਾ ਰਿਣੀ ਸੀ। ਨਵਾਬ ਦਾ ਖਿਤਾਬ ਖੁਸ ਜਾਣ ਪਿੱਛੋਂ ਵੀ ਉਹਨਾਂ, ਉਹਨਾਂ ਨੂੰ ਆਪਣੇ ਦਿਲਾਂ ਦਾ ਨਵਾਬ ਬਣਾਈ ਰੱਖਿਆ

ਸੀ। ਹੁਣ ਉਹਨਾਂ ਆਪਣੀ ਵੱਡੀ ਅਵਸਥਾ ਨੂੰ ਮਹਿਸੂਸ ਕਰਦੇ ਹੋਏ ਦਲ ਦੀ ਵਾਗਡੋਰ ਆਪਣੇ ਸੁਯੋਗ ਮੂੰਹ ਬੋਲੇ ਪੁੱਤਰ ਜੱਸਾ ਸਿੰਘ ਦੇ ਹੱਥ ਦੇ ਦਿੱਤੀ ਸੀ, ਨਾਲ ਹੀ...'ਸਤ ਸ੍ਰੀ ਆਕਾਲ' ਦੇ ਜੈਕਾਰਿਆਂ ਵਿਚ ਗੁਰੂ ਗੋਬਿੰਦ ਸਿੰਘ ਦੀ ਫ਼ੌਲਾਦੀ ਤਲਵਾਰ ਵੀ ਸੌਂਪ ਦਿੱਤੀ ਸੀ ਤੇ ਫੇਰ ਸਮਾਪਨ ਭਾਸ਼ਨ ਦਿੱਤਾ ਸੀ, "ਦਲ ਦਾ ਬਣ ਜਾਣਾ ਖਾਲਸਾ ਜੀ ਦੀ ਵਧਦੀ ਹੋਈ ਸ਼ਕਤੀ ਦਾ ਪ੍ਰਮਾਣ ਹੈ ਤੇ ਇਹ ਗੁਰੂ ਦੇ ਸਿੰਘਾਂ ਦੀਆਂ ਸ਼ਹੀਦੀਆਂ ਦਾ ਫਲ ਹੈ। ਗੁਰੂ ਦੇ ਸਿੰਘਾਂ ਨੂੰ ਹਥਿਆਰ ਬੰਦ ਕਰਨ ਦੀ ਸ਼ੁਰੂਆਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਤੋਂ ਸ਼ੁਰੂ ਹੋਈ, ਆਪਣੇ ਧਰਮ-ਕਰਮ ਤੇ ਦੇਸ਼ ਦੀ ਰੱਖਿਆ ਲਈ ਸ਼ਸਤਰਧਾਰੀ ਹੋਣਾ ਜ਼ਰੂਰੀ ਸੀ। ਛੇਵੇਂ ਪਾਤਸ਼ਾਹ ਨੇ ਜਿਹੜੀ ਸੈਨਾ ਬਣਾਈ ਸੀ, ਉਸਦਾ ਨਾਂ 'ਦੁਸ਼ਟ-ਦਮਨ' ਸੈਨਾ ਸੀ। ਦੁਸ਼ਟਾਂ ਤੇ ਜਾਲਮਾਂ ਦਾ ਦਮਨ ਸ਼ਸ਼ਤਰਾਂ ਨਾਲ ਹੀ ਸੰਭਵ ਹੋ ਸਕਦਾ ਹੈ। ਇਸੇ ਮੰਤਵ ਨਾਲ ਦਸ਼ਮ ਪਾਦਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ। ਜੋ ਆਪਣੇ ਆਪ ਨੂੰ 'ਵਾਹਿਗੁਰੂ ਜੀ ਕਾ ਖਾਲਸਾ' ਮੰਨਦਾ, ਵਾਹਿਗੁਰੂ ਦੀ ਖਲਕਤ ਦੀ ਸੇਵਾ ਕਰਦਾ; ਉਸਦੇ ਦੁੱਖਾਂ ਦਾ ਨਿਵਾਰਨ ਕਰਦਾ ਸੀ, ਮਾਨਸਿਕ ਤੇ ਸਰੀਰਕ ਦੋਹਾਂ ਤਰ੍ਹਾਂ ਦੇ ਦੁੱਖ। ਕੁਝ ਦੁੱਖ ਆਪਣੇ ਸਹੇੜੇ ਹੁੰਦੇ ਹਨ। ਕੁਝ ਦੁੱਖ ਕਾਮੀ, ਕਰੋਧੀ, ਦੁਸ਼ਟਾਂ ਤੇ ਅਤਿਆਚਾਰੀਆਂ ਤੋਂ ਮਿਲਦੇ ਹਨ। ਆਪਣੇ ਮਾਨਸਿਕ ਦੁੱਖਾਂ ਤੋਂ ਛੁਟਕਾਰਾ ਗੁਰੂ ਦੀ ਬਾਣੀ ਤੇ ਅਕਾਲ ਪੁਰਖ ਉਪਰ ਅਟੱਲ ਵਿਸ਼ਵਾਸ ਨਾਲ ਮਿਲਦਾ ਹੈ, ਪਰ ਦੁਸ਼ਟਾਂ-ਜਾਲਮਾਂ ਦੁਆਰਾ ਦਿੱਤੇ ਗਏ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਸਰੀਰਕ ਸ਼ਕਤੀ, ਹੌਂਸਲੇ ਤੇ ਨਿਰਭੈ ਹੋਣ ਦੀ ਜ਼ਰੂਰਤ ਹੈ।" 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦਾ ਜੈਕਾਰਾ ਗੂੰਜ ਉਠਿਆ। ਨਵਾਬ ਕਪੂਰ ਸਿੰਘ ਇਕ ਪਲ ਰੁਕੇ ਤੇ ਫੇਰ ਬੋਲੇ, "ਕਾਮ, ਕਰੋਧ, ਲੋਭ, ਮੋਹ ਵਿਚ ਅੰਨ੍ਹੇ-ਬੋਲੇ ਤੇ ਝੱਲੇ ਹੋਏ ਜਾਲਮ ਤਕ ਕੋਈ ਗਿਆਨ ਨਹੀਂ ਪਹੁੰਚਦਾ, ਉਸਨੂੰ ਕਦੀ ਤਰਸ ਨਹੀਂ ਆਉਂਦਾ, ਉਸਨੂੰ ਰੱਬ ਦਾ ਕੋਈ ਭੈ ਨਹੀਂ ਹੁੰਦਾ। ਉਸਨੂੰ ਕਿਸੇ ਦੇ ਦੁਖ-ਸੁਖ ਦੀ ਕੋਈ ਪ੍ਰਵਾਹ ਨਹੀਂ ਹੁੰਦੀ।

ਉਹ ਕੋਈ ਨਿਆਂ ਕਰਨ ਨਹੀਂ ਜਾਣਦਾ। ਸਵੈ ਇੱਛਾ ਦੀ ਪੂਰਤੀ ਹੀ ਉਸਦਾ ਧਰਮ ਤੇ ਈਮਾਨ ਹੁੰਦਾ ਹੈ। ਇੱਛਾ ਪੂਰਤੀ ਲਈ ਵਰਤੇ ਗਏ ਹਰ ਸਾਧਨ ਨੂੰ ਜਾਇਜ਼ ਸਮਝਦਾ ਹੈ। ਅਜਿਹੇ ਸਵੈ ਇੱਛਾਕਾਰੀ ਇਸ ਖਲਕਤ ਨੂੰ ਸੰਸਾਰ ਲਈ ਨਰਕ ਬਣਾ ਦਿੰਦੇ ਨੇ। ਲੋਕਾਂ ਦਾ ਜਿਉਣਾ ਦੁੱਭਰ ਕਰ ਦਿੰਦੇ ਨੇ। ਅਜਿਹੀ ਹਾਲਤ ਵਿਚ ਜੇ ਕਿਸੇ ਦਾ ਦਿਲ ਨਹੀਂ ਪਸੀਜਦਾ, ਦੂਜਿਆਂ ਦਾ ਦੁੱਖ ਵੰਡਾਉਣ ਦੀ ਜਾਂ ਦੂਰ ਕਰਨ ਦੀ ਇੱਛਾ ਪੈਦਾ ਨਹੀਂ ਹੁੰਦੀ, ਹਮਦਰਦੀ ਨਹੀਂ ਜਾਗਦੀ ਤਾਂ ਉਹ ਬੁਜ਼ਦਿਲ ਤੇ ਕਾਇਰ ਹੈ। ਉਸਦੀ ਕਾਇਰਤਾ ਜ਼ਾਲਮ ਨੂੰ ਹੋਰ ਜ਼ੁਲਮ ਕਰਨ ਦੀ ਸ਼ਹਿ ਦਿੰਦੀ ਹੈ। ਅਜਿਹਾ ਕਾਇਰ ਆਦਮੀ ਇਕ ਤਰ੍ਹਾਂ ਨਾਲ ਜ਼ਾਲਮ ਤੇ ਜ਼ੁਲਮ ਦਾ ਹਮਾਇਤੀ ਹੈ, ਖੁਦ ਹਿੱਸੇਦਾਰ ਹੈ। ਅਜਿਹਾ ਆਦਮੀ ਮਨੁੱਖੀ ਸਮਾਜ ਲਈ ਸ਼ਰਮ ਤੇ ਕਲੰਕ ਹੈ; ਲਾਹਨਤ ਹੈ।" ਫਿਰ ਜੈਕਾਰਾ ਗੂੰਜਿਆ ਤੇ ਖਾਲਸਿਆਂ ਦੀਆਂ ਤਲਵਾਰਾਂ ਹਵਾ ਵਿਚ ਲਹਿਰਾਈਆਂ। "ਇਸ ਲਾਹਨਤ ਤੇ ਕਾਇਰਤਾ ਨੂੰ ਦੂਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਕ੍ਰਿਪਾਨ ਬਖ਼ਸ਼ੀ ਤੇ ਉਸਨੂੰ ਧਰਮ ਦਾ ਅੰਗ ਬਣਾਇਆ। ਸਦੀਆਂ ਤੋਂ ਇਸ ਦੇਸ਼ ਦੇ ਲੋਕ ਤਲਵਾਰ ਦੀ ਚਮਕ ਦੇਖ ਕੇ ਸਹਿਮ ਜਾਂਦੇ ਰਹੇ ਸਨ। ਇਹ ਸਿਰਫ ਜਬਰ ਦੀ ਨਿਸ਼ਾਨੀ ਤੇ ਜਾਬਰਾਂ ਦਾ ਹੱਥਿਆਰ ਸਮਝੀ ਜਾਂਦੀ ਰਹੀ ਸੀ ਪਰ ਗੁਰੂ ਗੋਬਿੰਦ ਸਿੰਘ ਨੇ ਇਸਨੂੰ ਹੌਂਸਲੇ ਤੇ ਰੱਖਿਆ ਦਾ ਹੱਥਿਆਰ ਬਣਾ ਦਿੱਤਾ। ਗੁਰੂ ਜੀ ਨੇ ਤਲਵਾਰ ਉਸ ਸਮੇਂ ਹੱਥ ਵਿਚ ਲਈ, ਜਦੋਂ ਉਹਨਾਂ ਲਈ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ। ਅਸਲ ਵਿਚ ਮਨੁੱਖ ਉਹੀ ਬੋਲੀ ਚੰਗੀ ਤਰ੍ਹਾਂ ਸਮਝਦਾ ਹੈ ਜਿਹੜੀ ਉਸਨੇ ਜੀਵਨ ਵਿਚ ਸ਼ੁਰੂ ਤੋਂ ਹੀ ਸੁਣੀ ਤੇ ਵਰਤੀ ਹੋਈ ਹੋਏ। ਜ਼ਾਲਮ, ਜਬਰ ਤੇ ਜ਼ੁਲਮ ਕਰਨਾ ਹੀ ਜਾਂਦਾ ਹੈ, ਇਸ ਲਈ ਉਹ ਤਲਵਾਰ ਦਾ ਪ੍ਰਯੋਗ ਕਰਦਾ ਹੈ, ਕੋਈ ਹੋਰ ਭਾਸ਼ਾ ਨਾ ਉਸਨੇ ਸਿੱਖੀ ਹੁੰਦੀ ਹੈ ਤੇ ਨਾ ਹੀ ਸਮਝ ਸਕਦਾ ਹੈ। ਇਸ ਲਈ ਉਸਨੂੰ ਸਮਝਾਉਣ ਖਾਤਰ, ਕੋਈ ਹੋਰ ਬੋਲੀ ਵਿਅਰਥ ਹੈ। ਉਸਦੀ ਸੋਚ ਬਦਲ ਜਾਏਗੀ, 'ਹਿਰਦਾ-ਪਰੀਵਰਤਨ' ਹੋ ਜਾਏਗਾ...ਇਹ

ਆਸ ਰੱਖਣੀ ਵਿਅਰਥ ਹੈ। ਸਿਰਫ ਉਸੇ ਦੀ ਬੋਲੀ, ਤੇਜ਼ ਤਲਵਾਰ ਦੀ ਬੋਲੀ, ਠੰਡੇ ਲੋਹੇ ਦੀ ਭਾਸ਼ਾ,ਤੇ ਸਿਰਫ ਦੋ ਧਾਰੇ ਖੰਡੇ ਦੇ ਬੋਲ ਹੀ ਉਸਨੂੰ ਸਮਝਾ ਸਕਦੇ ਹਨ। ਇਸੇ ਲਈ ਗੁਰੂ ਗੋਬਿੰਦ ਸਿੰਘ ਨੇ ਸਪਸ਼ਟ ਸ਼ਬਦਾਂ ਵਿਚ ਫੁਰਮਾਇਆ ਹੈ ਕਿ ਜਦੋਂ ਸਮੱਸਿਆ ਦੇ ਹੱਲ ਦਾ ਹੋਰ ਕੋਈ ਉਪਾਅ ਬਾਕੀ ਨਾ ਰਹੇ ਤਾਂ ਤਲਵਾਰ ਚੁੱਕਣੀ ਜਾਇਜ਼ ਹੈ।" ਫੇਰ ਜੈਕਾਰਾ ਗੂੰਜਿਆ ਤੇ ਤਲਵਾਰਾਂ ਹਵਾ ਵਿਚ ਲਹਿਰਾਈਆਂ। "ਪਰ ਗੁਰੂ ਦੀ ਖਾਲਸੇ ਨੂੰ ਬਖ਼ਸ਼ੀ ਹੋਈ ਤਲਵਾਰ..." ਨਵਾਬ ਕਪੂਰ ਸਿੰਘ ਨੇ ਦ੍ਰਿੜ੍ਹ ਤੇ ਸ਼ਾਂਤ ਆਵਾਜ਼ ਵਿਚ ਗੱਲ ਜਾਰੀ ਰੱਖੀ, "ਗਰੀਬਾਂ ਦੀ ਰੱਖਿਆ ਤੇ ਸੇਵਾ ਕਰਨ ਲਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਖਾਲਸਾ ਜੀ ਦੇ ਪਹਿਲੇ ਸੈਨਾਪਤੀ ਬੰਦਾ ਬਹਾਦਰ ਨੇ ਸਰਹਿੰਦ ਤੇ ਪੂਰਬੀ ਪੰਜਾਬ ਦੇ ਕਾਫੀ ਵੱਡੇ ਹਿੱਸੇ ਵਿਚ ਵਿਦੇਸ਼ੀ ਅਤਿਆਚਾਰੀ ਹਕੂਮਤ ਨੂੰ ਖਤਮ ਕਰਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ ਸੀ ਪਰ ਮੁਗਲਾਂ ਦੀ ਵਿਸ਼ਾਲ ਸ਼ਕਤੀ ਦੇ ਵਿਰੁੱਧ ਖਾਲਸਾ ਜੀ ਨੂੰ ਪੂਰੀ ਤੇ ਪੱਕੀ ਸਫਲਤਾ ਪ੍ਰਾਪਤ ਨਹੀਂ ਸੀ ਹੋਈ। ਫੇਰ ਵੀ ਖਾਲਸਾ ਜੀ ਨੇ ਜਿਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਬੋਲੇ ਸੋ ਨਿਹਾਲ, ਸਤ ਸ੍ਰੀ ਆਕਾਲ' ਦਾ ਭੈ ਮੁਕਤ ਕਰਨ ਵਾਲਾ ਜਿਹੜਾ ਨਾਅਰਾ ਦਿੱਤਾ ਸੀ, ਉਸਦੇ ਬਲ ਉੱਤੇ ਸ਼ਹੀਦੀਆਂ ਤੇ ਕੁਰਬਾਨੀਆਂ ਦੀ ਪ੍ਰੰਪਰਾ ਨੂੰ ਜਿਉਂਦਿਆਂ ਰੱਖਿਆ। ਖਾਲਸਾ ਦਲ ਇਸੇ ਸੁੰਦਰ ਪ੍ਰੰਪਰਾ ਦਾ ਸ਼ਕਤੀਮਾਨ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸੰਤ–ਸਿਪਾਹੀ ਦੇ ਅਸਲ ਰੂਪ ਦਾ ਜਿਹੜਾ ਸੁਪਨਾ ਦਿੱਤਾ ਸੀ, ਨਵੇਂ ਸੈਨਾਪਤੀ ਜੱਸਾ ਸਿੰਘ ਦੀ ਅਗਵਾਈ ਹੇਠ ਖਾਲਸਾ ਉਸਨੂੰ ਸਾਕਾਰ ਕਰੇਗਾ।"

'ਬੋਲੇ ਸੋ ਨਿਹਾਲ, ਸਤ ਸ੍ਰੀ ਆਕਾਲ' ਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਦੀ ਕੀ ਫਤਹ' ਦੇ ਨਾਅਰੇ ਤੇ ਜੈਕਾਰੇ ਖਾਸੀ ਦੇਰ ਤਕ ਗੂੰਜਦੇ ਰਹੇ।

**000**

ਮਾਣੂਪੁਰ ਦੇ ਵਿਜੇਤਾ ਮੀਰ ਮੰਨੂੰ ਨੂੰ ਅਪ੍ਰੈਲ 1748 ਵਿਚ ਲਾਹੌਰ ਦਾ ਨਵਾਬ ਬਣਾ ਦਿੱਤਾ ਗਿਆ। ਉਸਦੇ ਸਾਹਮਣੇ ਕਈ ਸਮੱਸਿਆਵਾਂ ਸਨ। ਜ਼ਕਰੀਆ ਖਾਂ ਦੀ ਮੌਤ ਪਿੱਛੋਂ ਉਸਦੇ ਪੁੱਤਰਾਂ ਵਿਚਕਾਰ ਜਿਹੜਾ ਗ੍ਰਹਿ–ਯੁੱਧ ਹੋਇਆ ਸੀ ਉਸ ਨਾਲ ਖਜਾਨਾ ਖਾਲੀ ਹੋ ਗਿਆ ਸੀ। ਫਿਰ ਅਬਦਾਲੀ ਦੇ ਹਮਲੇ ਨੇ ਪੂਰੇ ਰਾਜ ਪ੍ਰਬੰਧ ਵਿਚ ਗੜਬੜ ਕਰ ਦਿੱਤੀ। ਸਿੱਖਾਂ ਨੇ ਇਸਦਾ ਲਾਭ ਉਠਾਇਆ। ਰਾਮ ਰੌਣੀ ਦੁਰਗ (ਕਿਲੇ) ਦੇ ਬੁਰਜ ਉਹਨਾਂ ਦੀ ਵਧਦੀ ਹੋਈ ਤਾਕਤ ਦਾ ਸਬੂਤ ਸੀ। ਇਹਨਾਂ ਸਮੱਸਿਆਵਾਂ ਨਾਲੋਂ ਕਿਤੇ ਵੱਡੀ ਤੇ ਭਿਆਨਕ ਸਮੱਸਿਆ ਇਹ ਸੀ ਕਿ ਈਰਾਨੀ ਦਲ ਤੇ ਤੂਰਾਨੀ ਦਲ ਵਿਚਕਾਰ ਠਣ ਗਈ ਸੀ। ਦੋਹੇਂ ਦਲ ਸੱਤਾ ਹਥਿਆਉਣ ਲਈ ਆਪਸ ਵਿਚ ਲੜਦੇ ਤੇ ਨਿੱਤ ਨਵੀਂਆਂ ਚਾਲਾਂ ਚੱਲਦੇ ਰਹਿੰਦੇ ਸਨ। ਜਿਸ ਦਲ ਦੇ ਹੱਥ ਸੱਤਾ ਆ ਜਾਂਦੀ ਸੀ ਬਾਦਸ਼ਾਹ ਉਸਦੇ ਹੱਥ ਦੀ ਕਠਪੁਤਲੀ ਬਣ ਕੇ ਰਹਿ ਜਾਂਦਾ ਸੀ। ਇਸ ਸਮੇਂ ਦਿੱਲੀ ਦਾ ਵਜ਼ੀਰ ਈਰਾਨੀ ਦਲ ਦਾ ਨੇਤਾ ਸਫਦਰ ਜੰਗ ਸੀ। ਉਹ ਨਹੀਂ ਚਾਹੁੰਦਾ ਸੀ ਕਿ ਪੰਜਾਬ ਤੂਰਾਨੀ ਦਲ ਦੇ ਹੱਥ ਵਿਚ ਰਹੇ, ਇਸ ਲਈ ਉਹ ਮੀਰ ਮੰਨੂੰ ਨੂੰ ਉਖਾੜ ਦੇਣ ਦੀ ਫਿਕਰ ਵਿਚ ਸੀ।

ਮੀਰ ਮੰਨੂੰ ਜਿੰਨਾਂ ਬਹਾਦਰ ਸੀ ਓਨਾਂ ਹੀ ਕੁਸ਼ਲ ਸ਼ਾਸਕ ਵੀ ਸੀ। ਉਹ ਜਾਣਦਾ ਸੀ ਕਿ ਉਸਨੂੰ ਇਹਨਾਂ ਸਾਰੀਆਂ ਸਮੱਸਿਆਵਾਂ ਨਾਲ ਨਿਬੜਨਾ ਪੈਣਾ ਹੈ। ਸਭ ਤੋਂ ਪਹਿਲੀ ਸਮੱਸਿਆ ਸਿੱਖ ਸਨ, ਜਿਹੜੇ ਪੂਰੇ ਬਾਰੀ–ਦੁਆਬੇ ਤੇ ਰਚਨਾ–ਦੁਆਬੇ ਵਿਚ ਛਾ ਗਏ ਸਨ। ਉਹਨਾਂ ਦੇ ਹੁੰਦਿਆਂ ਨਾ ਅਮਨ ਬਹਾਲ ਹੋ ਸਕਦਾ ਸੀ ਤੇ ਨਾ ਹੀ ਲਗਾਨ ਉਗਰਾਹਿਆ ਜਾ ਸਕਦਾ ਸੀ। ਲਾਹੌਰ ਦੇ ਪਹਿਲੇ ਹਾਕਮ ਵਾਂਗ ਉਸਨੇ ਵੀ ਸਿੱਖਾਂ ਨੂੰ ਖਤਮ ਕਰਨ ਦਾ ਫੈਸਲਾ ਕਰ ਲਿਆ। ਮਹੀਨਾ, ਡੇਢ ਮਹੀਨਾ ਤਿਆਰੀਆਂ ਵਿਚ ਲੱਗਿਆ ਰਿਹਾ। ਉਸਨੂੰ ਇਕ ਸੁਗਠਿਤ ਸੈਨਾ ਦੀ ਲੋੜ ਸੀ। ਉਸਨੇ ਵਧੇਰੇ ਮਧ ਤੁਰਕਾਂ (ਸ਼ੀਆ) ਨੂੰ ਭਰਤੀ ਕੀਤਾ। ਉਹ ਉਸਦੀ ਆਪਣੀ ਜਾਤੀ ਦੇ ਲੋਕ ਸਨ ਤੇ ਨਾਦਰ ਸ਼ਾਹ ਦੀ ਸੈਨਾ ਨੂੰ

ਭੰਗ ਕਰ ਦਿੱਤੇ ਜਾਣ ਪਿੱਛੋਂ ਨੌਕਰੀ ਦੀ ਭਾਲ ਵਿਚ ਸਨ ਤੇ ਇਧਰ ਉਧਰ ਭਟਕ ਰਹੇ ਸਨ। ਮਈ ਦੇ ਅੰਤ ਵਿਚ ਉਸਨੇ ਸਾਰੇ ਅਫਸਰਾਂ, ਪਿੰਡਾਂ ਦੇ ਚੌਧਰੀਆਂ ਤੇ ਪਹਾੜੀ ਰਾਜਿਆਂ ਦੇ ਨਾਂ ਹੁਕਮ ਜਾਰੀ ਕਰ ਦਿੱਤਾ ਕਿ ਸਿੱਖਾਂ ਨੂੰ ਫੜੋ ਤੇ ਉਹਨਾਂ ਨੂੰ ਲੋਹੇ ਦੇ ਪਿੰਜਰਿਆਂ ਵਿਚ ਬੰਦ ਕਰਕੇ ਲਾਹੌਰ ਭੇਜ ਦਿਓ। ਗਸ਼ਤੀ ਫੌਜ ਫੇਰ ਉਹਨਾਂ ਦੇ ਪਿੱਛੇ ਲਾ ਦਿੱਤੀ ਗਈ। ਸਿੱਖਾਂ ਨੂੰ ਫੜ-ਫੜ ਕੇ ਲਾਹੌਰ ਲਿਆਂਦਾ ਜਾਣ ਲੱਗਿਆ ਤੇ ਭਾਂਤ-ਭਾਂਤ ਦੇ ਤਸੀਹੇ ਦੇ ਕੇ ਨਖਾਸ ਚੌਂਕ ਵਿਚ ਸ਼ਹੀਦ ਕੀਤਾ ਜਾਣ ਲੱਗਿਆ।

ਸਿੱਖ ਰਚਨਾ-ਦੁਆਬਾ ਤੇ ਬਾਰੀ-ਦੁਆਬਾ ਛੱਡ ਕੇ ਜਲੰਧਰ-ਦੁਆਬੇ ਵੱਲ ਚਲੇ ਗਏ। ਮੀਰ ਮੰਨੂੰ ਨੇ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੂੰ ਹੁਕਮ ਦਿੱਤਾ ਕਿ ਉਹ ਸਿੱਖਾਂ ਦੇ ਖ਼ਿਲਾਫ਼ ਚੜ੍ਹਾਈ ਕਰੇ। ਅਦੀਨਾ ਬੇਗ ਲਾਹੌਰ ਦਾ ਨਵਾਬ ਬਣਨ ਦੇ ਸੁਪਨੇ ਦੇਖ ਰਿਹਾ ਸੀ ਤੇ ਇਸ ਮਕਸਦ ਲਈ ਸਿੱਖਾਂ ਨੂੰ ਇਸਤਮਾਲ ਕਰਨਾ ਚਾਹੁੰਦਾ ਸੀ।

ਅਦੀਨਾਂ ਬੇਗ ਨੇ ਜੱਸਾ ਸਿੰਘ ਆਹਲੂਵਾਲੀਆ ਕੋਲ ਆਪਣਾ ਆਦਮੀ ਭੇਜ ਕੇ ਇਹ ਕਹਿ ਭੇਜਿਆ ਕਿ 'ਮੇਰੇ ਨਾਲ ਮੁਲਾਕਾਤ ਲਈ ਆਓ ਤਾਂ ਕਿ ਆਹਮਣੇ-ਸਾਹਮਣੇ ਬੈਠ ਕੇ ਦਿਲ ਦੀਆਂ ਗੱਲਾਂ ਕਰੀਏ। ਕਿੰਨਾ ਚੰਗਾ ਹੋਏ ਜੇ ਮੁਲਕ ਦੇ ਰਾਜ ਪ੍ਰਬੰਧ ਵਿਚ ਤੁਸੀਂ ਵੀ ਸਾਡਾ ਸਹਿਯੋਗ ਦਿਓ। ਤੁਸੀਂ ਮੂੰਹ ਮੰਗੀਆਂ ਜਾਗੀਰਾਂ ਲੈ ਲਓ, ਜਿਸਦੀ ਮੰਜ਼ੂਰੀ ਮੈਂ ਲਾਹੌਰ ਤੋਂ ਲੈ ਦਿਆਂਗਾ ਤੇ ਬਾਦਸ਼ਾਹ ਵੀ ਖੁਸ਼ ਹੋਏਗਾ। ਨੌਜਵਾਨਾ ਦੇ ਨੁਕਸਾਨ, ਰੱਈਅਤ ਦੀ ਬਰਬਾਦੀ ਤੇ ਬੇਆਰਾਮੀ ਦਾ ਕੀ ਲਾਭ...।'

ਅਦੀਨਾ ਬੇਗ ਅਜਿਹਾ ਆਦਮੀ ਸੀ ਜਿਸ ਉਪਰ ਕਦੰਤ ਭਰੋਸਾ ਨਹੀਂ ਸੀ ਕੀਤਾ ਜਾ ਸਕਦਾ। ਉਹ ਸਿੱਖਾਂ ਦੀ ਦੋਸਤੀ ਦਾ ਦਮ ਭਰਦਾ ਸੀ ਪਰ ਦਿਲ ਦਾ ਚੋਰ ਆਦਮੀ ਵੀ ਸੀ। ਹੋ ਸਕਦਾ ਸੀ ਕਿ ਉਹ ਜੱਸਾ ਸਿੰਘ ਨੂੰ ਗਿਰਫਤਾਰ ਕਰਦੇ ਮੰਨੂੰ ਦੇ ਹਵਾਲੇ ਹੀ ਕਰ ਦਿੰਦਾ।

ਜੱਸਾ ਸਿੰਘ ਨੇ ਉਤਰ ਭੇਜਿਆ ਕਿ 'ਸਾਡੀ ਤੁਹਾਡੀ ਮੁਲਾਕਾਤ ਜੰਗ ਦੇ ਮੈਦਾਨ ਵਿਚ ਹੋਏਗੀ। ਉੱਥੇ ਜਿਹੜੇ ਹਥਿਆਰ ਚੱਲਣਗੇ ਉਹਨਾਂ ਨੂੰ ਦਿੱਲੀ–ਗੱਲਬਾਤ ਸਮਝਣਾ। ਮਿਲਜੁਲ ਕੇ ਰਾਜ ਪ੍ਰਬੰਧ ਵਿਚ ਸਹਿਯੋਗ ਤੋਂ ਤੁਹਾਡਾ ਕੀ ਮਤਲਬ ਹੈ? ਜਿਸਨੂੰ ਮਾਲਕ ਮੁਲਕ ਦੇਵੇ, ਉਹ ਕਿਸੇ ਦੀ ਜਾਗੀਰ ਕਿਉਂ ਲਵੇ? ਜਿਸ ਉਪਰ ਤਿੰਨਾਂ ਜਹਾਨਾਂ ਦਾ ਬਾਦਸ਼ਾਹ ਖੁਸ਼ ਹੋਏ, ਉਸਨੂੰ ਹੋਰ ਕੀ ਚਾਹੀਦਾ ਹੈ? ਬਿਨਾਂ ਨੌਜਵਾਨਾਂ ਦੇ ਨੁਕਸਾਨ ਤੇ ਬੇਆਰਾਮੀ ਦੇ ਕਿਸ ਨੇ ਮੁਲਕਗੀਰੀ ਕੀਤੀ ਹੈ? ਕੋਈ ਮਿਸਾਲ ਹੋਵੇ ਤਾਂ ਦੱਸੋ? ਜਦੋਂ ਮੁਲਕ ਪੂਰੀ ਤਰ੍ਹਾਂ ਸਾਡੇ ਕਬਜੇ ਵਿਚ ਆ ਜਾਏਗਾ, ਅਸੀਂ ਉਸਨੂੰ ਪੂਰੀ ਤਰ੍ਹਾਂ ਆਬਾਦ ਵੀ ਕਰ ਲਵਾਂਗੇ। ਜਦੋਂ ਅਸੀਂ ਤਲਵਾਰ ਚੁੱਕ ਲਈ ਹੈ, ਤੁਸੀਂ ਸੁਲਾਹ ਦੀਆਂ ਗੱਲਾਂ ਕਰਨ ਲੱਗ ਪਏ ਹੋ। ਹੁਣ ਅਸੀਂ ਇਸੇ ਤਲਵਾਰ ਨਾਲ ਮੁਲਕ ਆਜ਼ਾਦ ਕਰਵਾਉਣਾ ਹੈ।'

ਅਦੀਨਾ ਬੇਗ ਨੇ ਤਿੰਨ ਵਾਰੀ ਸੁਨੇਹਾ ਭੇਜਿਆ, ਜੱਸਾ ਸਿੰਘ ਦਾ ਇਕੋ ਜਵਾਬ ਰਿਹਾ,

'ਰਾਜ ਕੇਰੇਗਾ ਖਾਲਸਾ, ਆਕੀ ਰਹੇ ਨਾ ਕੋਇ।

ਖਵਾਰ ਹੋਏ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ।'

ਅਦੀਨਾ ਬੇਗ ਨੇ ਇਹੀ ਸੰਦੇਸ਼, ਅੰਦਰ ਖਾਤੇ, ਸਾਰੇ ਜੱਥਿਆਂ ਦੇ ਜੱਥੇਦਾਰਾਂ ਨੂੰ ਭੇਜੇ ਸਨ ਪਰ ਜੱਸਾ ਸਿੰਘ ਠੋਕਾ ਨੇ, ਜਿਹੜਾ ਬਾਅਦ ਵਿਚ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂ ਨਾਲ ਮਸ਼ਹੂਰ ਹੋਇਆ, ਜਾਗੀਰ ਲੈ ਕੇ ਅਦੀਨਾ ਬੇਗ ਦੀ ਪੇਸ਼ਕਸ਼ ਮੰਨ ਲਈ ਸੀ। ਉਸਦੇ ਚਾਰ ਭਰਾ ਸਨ। ਤਿੰਨ ਉਸਦੇ ਨਾਲ ਗਏ ਪਰ ਸਭ ਤੋਂ ਛੋਟਾ, ਤਾਰਾ ਸਿੰਘ, ਪੰਥ ਦੇ ਨਾਲ ਰਿਹਾ। ਉਸਨੇ ਅਦੀਨਾ ਬੇਗ ਦੀ ਚਾਕਰੀ ਕਰਨੀ ਪਸੰਦ ਨਹੀਂ ਸੀ ਕੀਤੀ।

ਅਦੀਨਾ ਬੇਗ ਨੇ ਮੀਰ ਮੰਨੂੰ ਨੂੰ ਵੀ ਖੁਸ਼ ਕਰਨਾ ਸੀ। ਉਸਨੇ ਸਿੱਖਾਂ ਦੇ ਖ਼ਿਲਾਫ਼

ਚੜ੍ਹਾਈ ਕਰ ਦਿੱਤੀ। ਜੱਸਾ ਸਿੰਘ ਆਹਲੂਵਾਲੀਆ ਆਪਣੇ ਜਵਾਨਾ ਸਮੇਤ ਮੁਕਾਬਲੇ 'ਤੇ ਆ ਡਟੇ ਤੇ ਅਦੀਨਾ ਬੇਗ ਨਾਲ ਤਲਵਾਰ ਦੀ ਧਾਰ ਨਾਲ ਗੱਲ ਕੀਤੀ। ਘਮਸਾਨ ਦੀ ਲੜਾਈ ਹੋਈ। ਦੋਹਾਂ ਧਿਰਾਂ ਦਾ ਕਾਫੀ ਨੁਕਸਾਨ ਹੋਇਆ। ਇਕੱਲੇ ਸਿੱਖਾਂ ਦੇ **600** ਜਵਾਨ ਖੇਤ ਰਹੇ। ਆਖਰ ਦੁਸ਼ਮਣ ਸੈਨਾ ਭੱਜ ਖੜ੍ਹੀ ਹੋਈ। ਅਦੀਨਾ ਬੇਗ ਨੇ ਸਿੱਖਾਂ ਦੀ ਗਿਣਤੀ ਜ਼ਿਆਦਾ ਦੱਸ ਕੇ ਲਾਹੌਰ ਤੋਂ ਮਦਦ ਮੰਗੀ।

ਅਕਤੂਬਰ ਦੇ ਅੰਤ ਵਿਚ ਦੀਵਾਲੀ ਆਈ। ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ। ਦਰਬਾਰ ਸਾਹਿਬ ਦੇ ਦਰਸ਼ਨ ਕੀਤੇ, ਦੀਪਮਾਲਾ ਕੀਤੀ, ਦੀਵਾਨ ਸਜਿਆ ਜਿਸ ਵਿਚ ਆਉਣ ਵਾਲੇ ਹਾਲਾਤ ਉਪਰ ਗੌਰ ਕੀਤਾ ਗਿਆ। ਸਿੱਖਾਂ ਨੂੰ ਹਮਲੇ ਦਾ ਖਤਰਾ ਸੀ। ਉਹਨਾਂ ਰਾਮ-ਰੌਣੀ ਵਿਚ ਦਾਣੇ-ਪਾਣੀ ਤੇ ਨੀਰੇ-ਚਾਰੇ ਦਾ ਪ੍ਰਬੰਧ ਕਰਕੇ ਪੰਜ ਸੌ ਚੁਣੇ ਹੋਏ ਘੋੜਸਵਾਰ ਉਸ ਵਿਚ ਛੱਡ ਦਿੱਤੇ। ਕੁਝ ਦਾਮਸਰ ਦੀਆਂ ਝਾੜੀਆਂ ਤੇ ਪਲਾਸ ਦੇ ਸੰਘਣੇ ਜੰਗਲ ਵਿਚ ਛੁਪ ਕੇ ਬੈਠ ਗਏ ਤਾਂ ਕਿ ਲੋੜ ਸਮੇਂ ਦੁਸ਼ਮਨ ਦਾ ਮੁਕਾਬਲਾ ਕੀਤਾ ਜਾ ਸਕੇ। ਮੀਰ ਮੰਨੂੰ ਇਸ ਮੌਕੇ ਦੀ ਉਡੀਕ ਵਿਚ ਸੀ। ਉਸਨੇ ਇਕ ਜਬਰਦਸਤ ਫੌਜ ਨਾਲ ਚੜ੍ਹਾਈ ਕਰ ਦਿੱਤੀ। ਇਸ ਮੁਹਿੰਮ ਦੀ ਕਮਾਨ ਅਦੀਨਾ ਬੇਗ ਦੇ ਸਪੁਰਦ ਸੀ। ਸਾਦਿਕ ਅਲੀ ਉਸਦੇ ਨਾਲ ਸੀ। ਮੁਗਲ ਸੈਨਾ ਨੇ ਰਾਮ-ਰੌਣੀ ਦੁਰਗ ਨੂੰ ਚਾਰੇ ਪਾਸਿਓਂ ਘੇਰ ਲਿਆ।

ਘੇਰਾਬੰਦੀ ਚਾਰ ਮਹੀਨੇ ਤਕ ਰਹੀ। ਇਸ ਅਰਸੇ ਵਿਚ ਸਿੱਖਾਂ ਦੇ ਛੋਟੇ ਛੋਟੇ ਜੱਥੇ ਵੇਲੇ-ਕੁਵੇਲੇ ਬਾਹਰ ਨਿਕਲਦੇ, ਦੁਸ਼ਮਣ ਸੈਨਾ ਦਾ ਕਾਫੀ ਨੁਕਸਾਨ ਕਰਕੇ, ਰਸਦ ਤੇ ਹੱਥਿਆਰ ਖੋਹ ਕੇ ਫੇਰ ਕਿਲੇ ਵਿਚ ਪਰਤ ਜਾਂਦੇ। ਜੱਥੇਦਾਰ ਜੈ ਸਿੰਘ ਕਨ੍ਹਈਆ ਕੋਲ ਇਕ ਅਜਿਹੀ ਘੋੜੀ ਸੀ, ਜਿਹੜੀ ਛਾਲ ਮਾਰ ਕੇ ਕਿਲੇ ਦੀ ਕੰਧ ਟੱਪ ਜਾਂਦੀ ਸੀ। ਉਹ ਇਸ ਘੋੜੀ ਉੱਤੇ ਸਵਾਰ ਹੋ ਕੇ ਕਿਲੇ ਵਿਚੋਂ ਬਾਹਰ ਜਾਂਦਾ, ਆਪਣੇ ਦੋ ਧਾਰੇ ਖੰਡੇ ਨਾਲ ਦੁਸ਼ਮਣਾ ਉੱਤੇ ਇਧਰ ਉਧਰ ਹਮਲੇ ਕਰਦਾ ਤੇ

ਕਈਆਂ ਨੂੰ ਮੌਤ ਦੇ ਘਾਟ ਉਤਾਰ ਕੇ ਵਾਪਸ ਕਿਲੇ ਵਿਚ ਪਰਤ ਆਉਂਦਾ। ਇਹਨਾਂ ਛਾਪਾ ਮਾਰ ਧਾਵਿਆਂ ਵਿਚ 200 ਦੋ ਸੌ ਸਿੱਖ ਸ਼ਹੀਦ ਹੋ ਗਏ। ਕਿਲੇ ਵਿਚ ਹੁਣ ਉਹਨਾਂ ਦੀ ਗਿਣਤੀ ਸਿਰਫ 300 ਰਹਿ ਗਈ। ਦਾਣੇ–ਪਾਣੀ ਤੇ ਨੀਰੇ–ਪੱਠੇ ਦੀ ਵੀ ਕਮੀ ਪੈਣ ਲੱਗੀ। ਆਪਸ ਵਿਚ ਗੁਰਮਤਾ ਹੋਇਆ ਕਿ 'ਲੜੋ ਜਾਂ ਮਰੋ' ਦੇ ਸਿਵਾਏ ਕੋਈ ਚਾਰਾ ਨਹੀਂ। ਅਰਦਾਸਾ ਸੋਧ ਕੇ ਸਾਰੇ ਕਿਲੇ ਵਿਚੋਂ ਬਾਹਰ ਨਿਕਲਣ ਤੇ ਹੱਲਾ ਬੋਲ ਦੇਣ। ਦੁਸ਼ਮਣ ਦੀਆਂ ਪੰਗਤੀਆਂ ਨੂੰ ਚੀਰ ਕੇ ਜਿਹੜਾ ਨਿਕਲ ਸਕਦਾ ਹੈ, ਨਿਕਲ ਜਾਏ ਜਾਂ ਸ਼ਹੀਦ ਹੋ ਜਾਏ। ਇਸੇ ਸਮੇਂ ਜੱਸਾ ਸਿੰਘ ਆਹਲੂਵਾਲੀਆ ਦੇ ਦਿਮਾਗ ਵਿਚ ਇਕ ਵਿਚਾਰ ਆਇਆ ਤੇ ਉਸਨੇ ਜੱਸਾ ਸਿੰਘ ਰਾਮਗੜ੍ਹੀਏ ਨੂੰ ਜਿਹੜਾ ਆਪਣੇ ਸਵਾਰਾਂ ਨਾਲ ਅਦੀਨਾ ਬੇਗ ਵਲੋਂ ਲੜ ਰਿਹਾ ਸੀ, ਕਰੜੀ ਭਾਸ਼ਾ ਵਿਚ ਇਕ ਖ਼ਤ ਲਿਖਿਆ, 'ਕੀ ਤੁਸੀਂ ਗੁਰੂ ਦੇ ਖਾਲਸੇ ਅਦੀਨਾ ਬੇਗ ਦੇ ਟੁੱਕੜਾਂ ਉੱਤੇ ਪਲਣ ਲਈ ਬਣੇ ਸੌ? ਇਸ ਸਮੇਂ ਪੰਥ ਸੰਕਟ ਵਿਚ ਹੈ। ਕਿਲੇ ਵਿਚ ਬੰਦ 300 ਸਿੰਘ ਸਵਾਰਾਂ ਦੀ ਜਾਨ ਉਪਰ ਆ ਪਈ ਹੈ। ਜੇ ਤੁਸੀਂ ਇਸ ਸਮੇਂ ਵੀ ਪੰਥ ਦੇ ਕੰਮ ਨਾ ਆਏ ਤਾਂ ਕਦੋਂ ਆਓਗੇ?'

ਇਹ ਖ਼ਤ ਜੱਸਾ ਸਿੰਘ ਰਾਮਗੜ੍ਹੀਆ ਨੂੰ ਪਹੁੰਚਾ ਦਿੱਤਾ ਗਿਆ। ਪੜ੍ਹ ਕੇ ਉਸਦਾ ਦਿਲ ਪਸੀਜ ਗਿਆ ਤੇ ਆਪਣੇ ਸਵਾਰ, ਰਸਦ ਤੇ ਹੱਥਿਆਰ ਲੈ ਕੇ ਰਾਤ ਨੂੰ ਚੁੱਪਚਾਪ ਕਿਲੇ ਵਿਚ ਆ ਗਿਆ। ਇਸ ਨਾਲ ਅੰਦਰਲੇ 300 ਸਵਾਰਾਂ ਦਾ ਹੌਂਸਲਾ ਬੱਝਿਆ ਤੇ ਘੇਰਾਬੰਦੀ ਵੀ ਮੋਕਲੀ ਹੋ ਗਈ। ਯਕਦਮ ਹਾਲਾਤ ਬਦਲੇ ਬਾਹਰ ਨਿਕਲਣ ਦੀ ਤਦਬੀਰ ਬਣੀ।

ਇਧਰ ਮੀਰ ਮੰਨੂੰ ਨੇ ਆਪਣੀ ਸਾਰੀ ਤਾਕਤ ਸਿੱਖਾਂ ਨੂੰ ਮਿਟਾਉਣ ਵਿਚ ਲਾਈ ਹੋਈ ਸੀ। ਉਧਰ ਸਫਦਰ ਜੰਗ ਉਸਦੀਆਂ ਜੜਾਂ ਪੁਟਣ ਦਾ ਛੜਯੰਦਰ ਰਚ ਰਿਹਾ ਸੀ।

ਜ਼ਕਰੀਆ ਖਾਂ ਦਾ ਵੱਡਾ ਪੁੱਤਰ ਯਹੀਆ ਖਾਂ ਆਪਣੇ ਛੋਟੇ ਭਰਾ ਸ਼ਾਹ ਨਵਾਜ ਤੋਂ ਹਾਰ ਕੇ ਦਿੱਲੀ ਭੱਜ ਗਿਆ ਸੀ ਤੇ ਸ਼ਾਹ ਨਵਾਜ ਵੀ ਅਹਿਮਦ ਸ਼ਾਹ ਅਬਦਾਲੀ ਤੋਂ ਹਾਰ ਕੇ ਦਿੱਲੀ ਨੱਸ ਆਇਆ ਸੀ। ਯਹੀਆ ਖਾਂ ਨੇ ਰਾਜ–ਪਾਠ ਦੇ ਸੁਪਨੇ ਦੇਖਣੇ ਛੱਡ ਕੇ ਫਕੀਰੀ ਲੈ ਲਈ ਸੀ ਤੇ ਉਹ ਯਹੀਆ ਖਾਂ ਤੋਂ 'ਦਰਵੇਸ਼ ਯਹੀਆ ਸ਼ਾਹ' ਬਣ ਗਿਆ ਸੀ। ਪਰ ਸ਼ਾਹ ਨਵਾਜ ਖਾਂ ਧੁਨ ਦਾ ਪੱਕਾ ਸੀ ਤੇ ਉਹ ਲਾਹੌਰ ਦੀ ਨਵਾਬੀ ਉਪਰ ਆਪਣਾ ਹੱਕ ਸਮਝਦਾ ਸੀ। ਮੁਗਲ ਅਫਸਰਾਂ ਤੇ ਅਮੀਰਾਂ ਵਿਚ ਉਸਦਾ ਅਸਰ–ਰਸੂਖ਼ ਸੀ। ਲਾਹੌਰ ਤੇ ਮੁਲਤਾਨ ਵਿਚ ਉਸਦੇ ਹਮਾਇਤੀ ਮੌਜੂਦ ਸਨ। ਅਦੀਨਾ ਬੇਗ ਵਰਗੇ ਚਾਲਬਾਜ ਆਦਮੀ ਉੱਤੇ ਵੀ ਉਸਨੂੰ ਭਰੋਸਾ ਸੀ। ਸ਼ੁਰੂ ਤੋਂ ਹੀ ਹਰ ਮਾਮਲੇ ਵਿਚ ਉਹ ਉਸਦਾ ਸਲਾਹਕਾਰ ਰਿਹਾ ਸੀ। ਪਹਿਲਾਂ ਯਹੀਆ ਖਾਂ ਦੇ ਖ਼ਿਲਾਫ਼ ਲੜਾਈ ਵਿਚ ਤੇ ਫੇਰ ਅਬਦਾਲੀ ਦੇ ਖ਼ਿਲਾਫ਼ ਲੜਾਈ ਵਿਚ ਉਸਨੇ ਉਸਦਾ ਪੂਰਾ ਪੂਰਾ ਸਾਥ ਦਿੱਤਾ ਸੀ। ਉਸਨੂੰ ਵਿਸ਼ਵਾਸ ਸੀ ਕਿ ਅਦੀਨਾ ਬੇਗ ਉਸਦਾ ਆਦਮੀ ਹੈ ਤੇ ਲੋੜ ਪੈਣ ਉੱਤੇ ਕੰਮ ਆਏਗਾ। ਉਹ ਪਿਤਾ ਦੀ ਵਿਰਾਸਤ ਵਿਚ ਮਿਲੀ ਨਵਾਬੀ ਨੂੰ ਹਾਸਲ ਕਰਨ ਲਈ ਹੀ ਹੱਥ ਪੈਰ ਮਾਰ ਰਿਹਾ ਸੀ।

ਵਜ਼ੀਰ ਸਫਦਰ ਜੰਗ ਵੀ ਇਸ ਮਹੱਤਵਪੂਰਨ ਨੌਜਵਾਨ ਨੂੰ ਆਪਣੇ ਛੜਯੰਤਰ ਵਿਚ ਇਸਤੇਮਾਲ ਕਰਨਾ ਚਾਹੁੰਦਾ ਸੀ। ਮੁਸ਼ਕਲ ਇਹ ਸੀ ਕਿ ਈਰਾਨੀ–ਦਲ ਦੇ ਲੋਕ ਸ਼ੀਆ ਸਨ ਤੇ ਤੂਰਾਨੀ–ਦਲ ਦੇ ਲੋਕ ਸੂਨੀ ਸਨ। ਜ਼ਕਰੀਆ ਖਾਂ ਵੀ ਸੂਨੀ ਸੀ ਤੇ ਉਸਦਾ ਸਬੰਧ ਤੂਰਾਨੀ–ਦਲ ਨਾਲ ਸੀ। ਸਵਾਲ ਇਹ ਸੀ ਕਿ ਕੀ ਸ਼ਾਹ ਨਵਾਜ ਉਸਦੀ ਇਮਦਾਦ ਲੈਣ ਲਈ ਸ਼ੀਆ ਬਣਨਾ ਤੇ ਈਰਾਨੀ–ਦਲ ਵਿਚ ਸ਼ਾਮਲ ਹੋਣਾ ਮੰਨ ਲਏਗਾ? ਸਫਦਰ ਜੰਗ ਨੇ ਆਪਣੀ ਫਿਰੋਜ਼ਾ ਨਾਂ ਦੀ ਦਾਸੀ ਨੂੰ ਭੇਜ ਕੇ ਸ਼ਾਹ ਨਵਾਜ ਨੂੰ ਇਕਾਂਤ ਵਿਚ ਆਪਣੇ ਕੋਲ ਬੁਲਾਇਆ ਤਾਂ ਕਿ ਦਾਣਾ ਸੁੱਟ ਕੇ ਟੋਹ ਲਿਆ ਜਾਏ।

ਸਫਦਰ ਜੰਗ ਸ਼ਾਹ ਨਵਾਜ ਨਾਲ ਬੜੇ ਪਿਆਰ ਤੇ ਅਪਣੱਤ ਨਾਲ ਮਿਲਿਆ ਤੇ

ਉਸਨੂੰ ਆਪਣੇ ਕੋਲ ਬਿਠਾਅ ਕੇ ਗੱਲ ਸ਼ੁਰੂ ਕੀਤੀ, “ਤੇਰੇ ਵਾਲਿਦ ਸਾਹਬ ਮੇਰੇ ਜ਼ਿਗਰੀ ਦੋਸਤ ਸਨ। ਸੋਚਿਆ ਕਿ ਬੁਲਾਅ ਕੇ ਹਾਲਚਾਲ ਈ ਪਤਾ ਕਰ ਲਵਾਂ।”

“ਹਾਲਚਾਲ ਜੋ ਹੈ, ਉਹ ਤਾਂ ਤੁਹਾਨੂੰ ਪਤਾ ਈ ਏ। ਵੱਡਾ ਭਰਾ ਫਕੀਰ ਹੋ ਗਿਐ...”

“ਬਰਖ਼ੁਰਦਾਰ! ਉਹ ਮੈਨੂੰ ਪਤਾ ਏ। ਉਸਦੀ ਗੱਲ ਛੱਡ।” ਵਜ਼ੀਰ ਨੇ ਉਸਨੂੰ ਵਿਚਕਾਰ ਹੀ ਟੋਕ ਦਿੱਤਾ ਤੇ ਅੱਗੇ ਕਿਹਾ, “ਤੂੰ ਆਪਣੇ ਵਾਲਿਦ ਸਾਹਬ ਦੀ ਤਰ੍ਹਾਂ ਹੀ ਬਹਾਦੁਰ ਮਰਦ ਏਂ...ਦੱਸ ਤੇਰੇ ਕੀ ਇਰਾਦੇ ਨੇ?”

ਜਿਵੇਂ ਕਿ ਸਫਦਰ ਜੰਗ ਜਾਣਦਾ ਹੀ ਸੀ ਕਿ ਸ਼ਾਹ ਨਵਾਜ ਲਾਹੌਰ ਦਾ ਨਵਾਬ ਬਣਨ ਲਈ ਹੱਥ ਪੈਰ ਮਾਰ ਰਿਹਾ ਹੈ, ਓਵੇਂ ਹੀ ਸ਼ਾਹ ਨਵਾਜ ਵੀ ਜਾਣਦਾ ਸੀ ਕਿ ਸਫਦਰ ਜੰਗ ਮੁਈਨੁਲ ਮੁਲਕ ਨੂੰ ਉਖਾੜਨ ਦੀ ਫਿਕਰ ਵਿਚ ਹੈ, ਪਰ ਭੋਲਾ ਬਣ ਕੇ ਬੋਲਿਆ, “ਮੇਰੇ ਜੋ ਇਰਾਦੇ ਸਨ, ਸਭ ਖਾਕ ਵਿਚ ਮਿਲ ਚੁੱਕੇ ਨੇ। ਹੁਣ ਮੈਂ ਆਪਣੀ ਹਾਰ ਦੀ ਆਵਾਜ਼ ਹਾਂ। ਹਸਰਤ ਭਰੀਆਂ ਨਜ਼ਰਾਂ ਨਾਲ ਆਸਮਾਨ ਵੱਲ ਵੇਖਦਾ ਹਾਂ, ਜਦ ਕੁਝ ਵੀ ਨਜ਼ਰ ਨਹੀਂ ਆਉਂਦਾ ਤਾਂ ਮੁੜ ਨਜ਼ਰਾਂ ਜ਼ਮੀਨ 'ਤੇ ਟਿਕਾਅ ਲੈਂਦਾ ਹਾਂ।”

“ਜਵਾਨੀ ਹਿੰਮਤ ਦਾ ਨਾਂ ਏਂ। ਖਾਕ ਵਿਚ ਮਿਲੇ ਇਰਾਦਿਆਂ ਨੂੰ ਜੇ ਹਿੰਮਤ ਦੇ ਪਾਣੀ ਨਾਲ ਸਿੰਜਿਆ ਜਾਵੇ ਤਾਂ ਉਹ ਫਲਦਾਰ ਰੁੱਖ ਬਣ ਸਕਦੇ ਨੇ।”

ਸਫਦਰ ਜੰਗ ਸ਼ਾਹ ਨਵਾਜ ਵੱਲ ਦੇਖ ਕੇ ਮੁਸਕਰਾਇਆ। ਇਸ ਮੁਸਕਰਾਹਟ ਨੇ ਉਹ ਸਭ ਕੁਝ ਕਹਿ ਦਿੱਤਾ ਜੋ ਉਹ ਕਹਿਣਾ ਚਾਹੁੰਦਾ ਸੀ ਤੇ ਸ਼ਾਹ ਨਵਾਜ ਸੁਣਨਾ ਚਾਹੁੰਦਾ ਸੀ।

“ਮੇਰੇ ਅਜੀਜ਼! ਆਪਣੀ ਗੱਲ ਮੈਂ ਸਾਫ ਕਰ ਦੇਣਾ ਚਾਹੁੰਦਾ ਹਾਂ।” ਸਫਦਰ ਜੰਗ

ਨੇ ਅਰਥਪੂਰਨ ਢੰਗ ਨਾਲ ਸਿਰ ਹਿਲਾਇਆ ਤੇ ਕੁਝ ਪਲ ਰੁਕ ਕੇ ਅੱਗੇ ਕਿਹਾ, "ਮੈਂ ਤੈਨੂੰ ਲਾਹੌਰ ਦਾ ਨਵਾਬ ਬਣਾ ਸਕਦਾ ਹਾਂ, ਬਸ਼ਰਤ ਏ ਕਿ..."

"ਹਾਂ, ਹਾਂ ਫਰਮਾਓ ਸ਼ਰਤ ਕੀ ਏ?" ਸ਼ਾਹ ਨਵਾਜ ਨੇ ਉਤਸੁਕਤਾ ਨਾਲ ਪੁੱਛਿਆ।

"ਸ਼ਰਤ ਹੈ ਕਿ ਕੀ ਤੈਨੂੰ ਸ਼ੀਆ ਬਣਨਾ ਤੇ ਮੇਰੇ ਦਲ ਵਿਚ ਸ਼ਾਮਲ ਹੋਣਾ ਮੰਜ਼ੂਰ ਹੈ?"

ਸ਼ਾਹ ਨਵਾਜ ਦਾ ਬਾਪ ਸੁੰਨੀ ਸੀ। ਸ਼ੀਆ ਤੇ ਸੁੰਨੀ ਵਿਚ ਕੀ ਫਰਕ ਹੈ ਇਹ ਉਸਨੇ ਕਦੀ ਸੋਚਿਆ ਹੀ ਨਹੀਂ ਸੀ, ਤੇ ਨਾ ਹੀ ਸੋਚਣ ਦੀ ਲੋੜ ਮਹਿਸੂਸ ਕੀਤੀ ਸੀ। ਭਾਵੇਂ ਏਨਾ ਜ਼ਰੂਰ ਸਮਝ ਗਿਆ ਸੀ ਕਿ ਸ਼ੀਆ ਅਤੇ ਸੁੰਨੀ ਦੋ ਦਲ ਹਨ ਜਿਹੜੇ ਸੱਤਾ ਖਾਤਰ ਆਪੋ ਵਿਚ ਲੜਦੇ ਰਹਿੰਦੇ ਹਨ। ਜਿਸ ਦਲ ਦੇ ਹੱਥ ਵਿਚ ਸੱਤਾ ਆ ਜਾਏ ਉਹ ਵਿਰੋਧੀ ਦਲ ਨੂੰ ਨੀਵਾਂ ਦਿਖਾਉਣ ਤੇ ਆਪ ਸੱਤਾ ਵਿਚ ਰਹਿਣ ਲਈ ਕਿਸੇ ਵੀ ਹੱਥ ਕੰਡੇ ਤੋਂ ਕੰਮ ਲੈਣਾ ਜਾਇਜ਼ ਸਮਝਦਾ ਹੈ। ਸ਼ੀਆ ਮਿੱਥਿਆ ਹੈ, ਸੁੰਨੀ ਮਿੱਥਿਆ ਹੈ; ਸੱਤਾ ਹੀ ਸਭ ਕੁਝ ਹੈ।

"ਬੋਲ ਮੰਜ਼ੂਰ ਏ?" ਸ਼ਾਹ ਨਵਾਜ ਨੂੰ ਸੋਚਾਂ ਵਿਚ ਖੁੱਬਿਆਂ ਦੇਖ ਕੇ ਸਫਦਰ ਜੰਗ ਨੇ ਪੁੱਛਿਆ।

"ਮੰਜ਼ੂਰ ਏ।" ਸ਼ਾਹ ਨਵਾਜ ਨੇ ਉਤਰ ਦਿੱਤਾ। ਉਸੇ ਵੇਲੇ ਮਸਜਿਦ ਵਿਚੋਂ ਅਜਾਨ ਦੀ ਆਵਾਜ਼ ਆਈ। ਅਸ਼ਰ (ਆਥਣ) ਦੀ ਨਮਾਜ਼ ਦਾ ਵੇਲਾ ਹੋ ਗਿਆ ਸੀ।

"ਮੈਂ ਕੱਲ੍ਹ ਤੈਨੂੰ," ਅਜਾਨ ਦੀ ਆਵਾਜ਼ ਆਉਣੀ ਬੰਦ ਹੋਈ ਤਾਂ ਸਫਦਰ ਜੰਗ ਨੇ ਆਪਣੀ ਸਕੀਮ ਸਮਝਾਉਣੀ ਸ਼ੁਰੂ ਕੀਤੀ, "ਮੁਲਤਾਨ ਦੀ ਸੂਬੇਦਾਰੀ ਦਾ ਸ਼ਾਹੀ ਫਰਮਾਨ ਦਿਆਂਗਾ, ਫੌਜ ਦਿਆਂਗਾ। ਮੁਲਤਾਨ ਉੱਤੇ ਕਬਜਾ ਕਰਨ ਪਿੱਛੋਂ ਲਾਹੌਰ ਪਹੁੰਚਣਾ ਤੇਰਾ ਕੰਮ ਏ।"

"ਤੁਹਾਡਾ ਇਹ ਅਜੀਜ਼ ਇਸ ਕੰਮ ਨੂੰ ਚੁੱਟਕੀ ਵਿਚ ਕਰ ਦਿਖਾਏਗਾ।"

ਸ਼ਾਹ ਨਵਾਜ ਦੀਆਂ ਬਰਾਛਾਂ ਖਿੜ ਗਈਆਂ। ਇਹ ਸੁਣ ਕੇ ਸਫਦਰ ਜੰਗ ਵੀ ਖਿੜ ਗਿਆ ਸੀ।

ਸ਼ਾਹ ਨਵਾਜ ਸ਼ਾਹੀ ਫਰਮਾਨ ਤੇ ਫੌਜ ਲੈ ਕੇ ਚੁੱਪਚਾਪ ਤੇ ਏਨੀ ਤੇਜ਼ੀ ਨਾਲ ਮੁਲਤਾਨ ਪਹੁੰਚਿਆ ਕਿ ਮੀਰ ਮੰਨੂੰ ਨੂੰ ਉਦੋਂ ਹੀ ਪਤਾ ਲੱਗਿਆ, ਜਦੋਂ ਉਸਦੇ ਆਦਮੀਆਂ ਨੂੰ ਕੁੱਟਮਾਰ ਕਰਕੇ ਉੱਥੋਂ ਭਜਾ ਦਿੱਤਾ ਗਿਆ ਤੇ ਸ਼ਾਹ ਨਵਾਜ ਉੱਥੋਂ ਦਾ ਹਾਕਮ ਬਣ ਬੈਠਾ।

ਇਸ ਸਮਾਚਾਰ ਦੇ ਨਾਲ ਹੀ ਦੂਜਾ ਸਮਾਚਾਰ ਇਹ ਮਿਲਿਆ ਕਿ ਆਪਣੀ ਹਾਰ ਦੀ ਨਮੋਸ਼ੀ ਮਿਟਾਉਣ ਖਾਤਰ ਅਹਿਮਦ ਸ਼ਾਹ ਅਬਦਾਲੀ ਫੇਰ ਆ ਰਿਹਾ ਹੈ।

ਮੀਰ ਮੰਨੂੰ ਮੁਸ਼ਕਲ ਵਿਚ ਫਸ ਗਿਆ। ਉਹ ਅੰਮ੍ਰਿਤਸਰ ਆਇਆ ਤੇ ਸਲਾਹ ਕਰਨ ਲਈ ਯੁੱਧ ਪਰਿਸ਼ਦ ਦੀ ਮੀਟਿੰਗ ਬੁਲਾਈ।

ਜੱਸਾ ਸਿੰਘ ਆਹਲੂਵਾਲੀਆ ਨੇ ਮੀਰ ਮੰਨੂੰ ਦੇ ਦੀਵਾਨ ਕੌੜਾ ਮੱਲ ਨੂੰ ਲਿਖਿਆ ਸੀ ਕਿ ਕਿਲੇ ਵਿਚ ਘੇਰੇ ਹੋਏ ਤਿੰਨ ਸੌ ਜਵਾਨਾ ਦੀ ਜਾਨ ਬਚਾਉਣ ਦਾ ਕੋਈ ਉਪਾਅ ਕਰੇ। ਉਪਾਅ ਹੁਣ ਖੁਦ-ਬ-ਖੁਦ ਸਾਹਮਣੇ ਆ ਗਿਆ।

"ਦੋ ਦੁਸ਼ਮਣ ਦਰਵਾਜ਼ੇ ਉੱਤੇ ਦਸਤਕ ਦੇ ਰਹੇ ਨੇ। ਇਸ ਹਾਲਤ ਵਿਚ ਬਿਹਤਰ ਹੈ ਕਿ ਸਿੱਖਾਂ ਨਾਲ ਸੁਲਾਹ ਕਰ ਲਈ ਜਾਵੇ।" ਦੀਵਾਨ ਕੌੜਾ ਮੱਲ ਨੇ ਮੀਰ ਮੰਨੂੰ ਨੂੰ ਸਲਾਹ ਦਿੱਤੀ।

"ਸਿੱਖਾਂ ਨਾਲ ਸੁਲਾਹ!" ਮੀਰ ਮੰਨੂੰ ਨੇ ਹੈਰਾਨੀ ਪ੍ਰਗਟ ਕੀਤੀ ਤੇ ਅੱਗੇ ਕਿਹਾ, "ਇਹ ਕਿਵੇਂ ਸੰਭਵ ਹੋ ਸਕਦਾ ਹੈ?"

"ਸਿੱਖ ਬਹਾਦਰ ਨੇ, ਸਮੇਂ 'ਤੇ ਕੰਮ ਆਉਣਗੇ।...ਤੇ ਕੌਣ ਨਹੀਂ ਜਾਣਦਾ ਕਿ ਸਮੇਂ ਦੀ ਲੋੜ ਹਰ ਅਸੰਭਵ ਨੂੰ ਵੀ ਸੰਭਵ ਬਣਾ ਦਿੰਦੀ ਏ। ਉਹਨਾਂ ਨੂੰ ਏਨੀ ਜ਼ਮੀਨ ਦੇ ਦਿਓ ਕਿ ਅਮਨ ਤੇ ਆਰਾਮ ਨਾਲ ਰਹਿ ਸਕਣ।"

“ਸਮੇਂ ਦੀ ਲੋੜ ਕੁਝ ਵੀ ਹੋਏ, ਮੈਂ ਸਿੱਖਾਂ ਨਾਲ ਸੁਲਾਹ ਦੇ ਖ਼ਿਲਾਫ਼ ਹਾਂ। ਅਜਮਾਏ ਨੂੰ ਮੁੜ ਅਜਮਾਉਣਾ ਬੇਵਕੂਫੀ ਏ। ਸਿੱਖ ਨਾ ਕਦੀ ਅਮਨ ਨਾਲ ਰਹਿ ਸਕਦੇ ਨੇ ਤੇ ਨਾ ਹੀ ਕਦੀ ਰਹੇ ਨੇ।” ਅਦੀਨਾ ਬੇਗ ਨੇ ਜ਼ੋਰਦਾਰ ਸ਼ਬਦਾਂ ਵਿਚ ਵਿਰੋਧ ਕੀਤਾ।

ਮੀਰ ਮੰਨੂੰ ਅਦੀਨਾ ਬੇਗ ਦੇ ਦੋਹਰੇ ਚਰਿੱਤਰ ਨੂੰ ਖ਼ੂਬ ਸਮਝਦਾ ਸੀ, ਉਹ ਜਾਣਦਾ ਸੀ ਕਿ ਚਾਹੇ ਲੱਖ ਉਪਰੋਂ ਉਸਦਾ ਬਣੇ ਅਸਲ ਵਿਚ ਸ਼ਾਹ ਨਵਾਜ ਨਾਲ ਅੰਦਰੇ-ਅੰਦਰ ਉਸਦਾ ਗੰਢਜੋੜ ਹੈ। ਉਹ ਸਾਨੂੰ ਇਸ ਲਈ ਸਿੱਖਾਂ ਨਾਲ ਉਲਝਾਈ ਰੱਖਣਾ ਚਾਹੁੰਦਾ ਹੈ ਕਿ ਸ਼ਾਹ ਨਵਾਜ ਨੂੰ ਮੁਲਤਾਨ ਵਿਚ ਆਪਣੀ ਸਥਿਤੀ ਮਜਬੂਤ ਕਰਨ ਦਾ ਮੌਕਾ ਮਿਲ ਜਾਏ। ਉਸਦੇ ਵਿਰੋਧ ਕਰਨ ਦਾ ਅਸਰ ਇਹ ਹੋਇਆ ਕਿ ਦੀਵਾਨ ਕੌੜਾ ਮੱਲ ਦੇ ਸੁਝਾਅ ਨੂੰ ਬਲ ਮਿਲਿਆ।

“ਸਾਨੂੰ ਦੀਵਾਨ ਕੌੜਾ ਮੱਲ ਉਪਰ ਪੂਰਾ ਭਰੋਸਾ ਏ। ਉਹ ਜੋ ਕੁਝ ਵੀ ਕਰਦੇ ਨੇ, ਸਰਕਾਰ ਦੇ ਹਿੱਤ ਲਈ ਹੀ ਕਰਦੇ ਨੇ।” ਮੀਰ ਮੰਨੂੰ ਨੇ ਦੀਵਾਨ ਕੌੜਾ ਮੱਲ ਦਾ ਸਮਰਥਨ ਕਰਦਿਆਂ ਹੋਇਆਂ ਅਦੀਨਾ ਬੇਗ ਵੱਲ ਮੁਸਕਰਾ ਕੇ ਦੇਖਿਆ।

“ਨਵਾਬ ਸਾਹਬ ਸੋਚ ਲਓ। ਬਦ ਦੇ ਨਾਲ ਭਲਾਈ ਨੇਕ ਬੰਦਿਆਂ ਨਾਲ ਬੁਰਾਈ ਹੁੰਦੀ ਹੈ।”

ਮੀਰ ਮੰਨੂੰ ਨੇ ਦੀਵਾਨ ਕੌੜਾ ਮੱਲ ਦਾ ਸੁਝਾਅ ਮੰਨ ਲਿਆ। ਸਿੱਖਾਂ ਨੂੰ ਪੱਟੀ ਪਰਗਨਾ ਦਾ ਚੌਥਾ ਹਿੱਸਾ ਲਗਾਨ ਦੇਣਾ ਮੰਜੂਰ ਕਰਕੇ ਉਹ ਲਾਹੌਰ ਪਰਤ ਆਇਆ।

ਰਾਮ ਰੌਣੀ ਦੀ ਘੇਰਾਬੰਦੀ ਹਟ ਜਾਣ ਨਾਲ ਸਿੱਖਾਂ ਨੂੰ ਰਾਹਤ ਮਿਲੀ। ਉਹਨਾਂ ਵਿਚੋਂ ਕੁਝ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਤੇ ਕੁਝ ਨੂੰ ਕੌੜਾ ਮੱਲ ਨੇ ਆਪਣੀ ਫੌਜ ਵਿਚ ਭਰਤੀ ਕਰ ਲਿਆ।

ਅਹਿਮਦ ਸ਼ਾਹ ਅਬਦਾਲੀ 1749 ਦੇ ਦਸੰਬਰ ਵਿਚ ਸਿੰਧ ਨਦੀ ਪਾਰ ਕਰਦੇ ਚਨਾਬ ਦੇ ਸੱਜੇ ਕਿਨਾਰੇ ਕੋਪਰਾ ਵਿਚ ਆ ਪਹੁੰਚਿਆ। ਮੀਰ ਮੰਨੂੰ ਵੀ ਤੁਰੰਤ ਲਾਹੌਰ ਤੋਂ ਚੱਲਿਆ ਤੇ ਚਨਾਬ ਦੇ ਖੱਬੇ ਕਿਨਾਰੇ ਸੋਧਰਾ ਵਿਚ ਜਾ ਕੇ ਰੁਕਿਆ। ਅਬਦਾਲੀ ਨੇ ਮੀਰ ਮੰਨੂੰ ਨੂੰ ਖਤ ਲਿਖ ਕੇ ਚਾਹਾਰ ਮੱਹਲ ਦੇ ਬਕਾਇਆ ਲਗਾਨ ਦੀ ਤੇ ਅੱਗੇ ਤੋਂ ਬਾਕਾਇਦਾ ਲਗਾਨ ਦਿੰਦੇ ਰਹਿਣ ਦੀ ਮੰਗ ਕੀਤੀ। ਚਾਹਾਰ ਮੱਹਲ ਨੂੰ ਨਾਦਰ ਸ਼ਾਹ ਨੇ ਆਪਣੇ ਰਾਜ ਵਿਚ ਮਿਲਾ ਲਿਆ ਸੀ।

ਮੀਰ ਮੰਨੂੰ ਨੂੰ ਆਪਣੀ ਫੌਜੀ ਤਾਕਤ ਦਾ ਪਤਾ ਸੀ। ਉਸਨੇ ਅਬਦਾਲੀ ਦੀ ਮੰਗ ਪੂਰੀ ਕਰ ਦਿੱਤੀ। ਅਬਦਾਲੀ ਵੀ ਆਪਣੇ ਮਾਣੂਪੁਰ ਦੇ ਜੇਤੂ ਦੀ ਸ਼ਕਤੀ ਦਾ ਅੰਦਾਜਾ ਲਾਉਣ ਆਇਆ ਸੀ, ਅੱਗੇ ਵਧਨ ਦਾ ਕੋਈ ਇਰਾਦਾ ਨਹੀਂ ਸੀ ਉਸਦਾ। ਉਹ ਔਰੰਗਾਬਾਦ, ਗੁਜਰਾਤ, ਸਿਆਕੋਟ ਤੇ ਪਸਰੂਰ ਦਾ ਬਕਾਇਆ 14 ਲੱਖ ਰੁਪਈਆ ਲੈ ਕੇ ਕੰਧਾਰ ਪਰਤ ਗਿਆ।

ਇਸ ਦੌਰਾਨ ਸ਼ਾਹ ਨਵਾਜ ਨੇ ਮੁਲਤਾਨ ਵਿਚ ਆਪਣੀ ਸਥਿਤੀ ਮਜ਼ਬੂਤ ਕਰ ਲਈ ਸੀ। ਉਸਨੇ ਆਪਣੀ ਸੈਨਾ ਵਧਾ ਕੇ 15 ਹਜ਼ਾਰ ਕਰ ਲਈ ਤੇ ਮੰਨੂੰ ਨੂੰ ਖਤ ਲਿਖ ਕੇ ਆਪਣੇ ਪਿਤਾ ਦੇ ਮਕਬਰੇ ਦੀ ਜ਼ਿਆਰਤ ਲਈ ਲਾਹੌਰ ਆਉਣ ਦੀ ਇਜਾਜ਼ਤ ਮੰਗੀ। ਮੰਨੂੰ ਨੇ ਸ਼ਾਹ ਨਵਾਜ ਦੇ ਇਰਾਦਿਆਂ ਨੂੰ ਪਹਿਲਾਂ ਹੀ ਤਾੜ ਲਿਆ ਸੀ। ਉਸਨੇ ਉਤਰ ਵਿਚ ਲਿਖ ਭੇਜਿਆ ਕਿ ਤੂੰ ਲਾਹੌਰ ਆ ਸਕਦਾ ਏਂ, ਸ਼ਰਤ ਇਹ ਕਿ ਆਪਣੀ ਫੌਜ ਨਾਲ ਨਾ ਲਿਆਵੇਂ। ਸ਼ਾਹ ਨਵਾਜ ਨੇ ਅਖੱੜਪਨ ਨਾਲ ਕਹਿ ਭੇਜਿਆ, “ਮੈਂ ਵੀ ਆਵਾਂਗਾ ਤੇ ਮੇਰੀ ਫੌਜ ਵੀ ਆਵੇਗੀ। ਦੇਖਾਂਗਾ, ਤੂੰ ਕਿੰਜ ਰੋਕਦਾ ਹੈਂ।”

ਮੀਰ ਮੰਨੂੰ ਨੇ ਲੜਾਈ ਦੀ ਤਿਆਰੀ ਕੀਤੀ ਤੇ ਉਸਦੀ ਸੈਨਾ ਨੇ ਦੀਵਾਨ ਕੌੜਾ ਮੱਲ ਦੀ ਕਮਾਨ ਹੇਠ ਮੁਲਤਾਨ ਉਪਰ ਚੜ੍ਹਾਈ ਕਰ ਦਿੱਤੀ। ਦੂਜੇ ਪਾਸੇ ਦੱਖਣ ਪੱਛਮ ਦੇ ਬਲੋਚ, ਭਾਵਲਪੁਰੀਏ, ਮਨਕੋਰੀਏ ਤੇ ਸਿਆਲਾਂ ਵੀ ਆਪਣੀ ਆਪਣੀ

ਸੈਨਾ ਲੈ ਕੇ ਸ਼ਾਹ ਨਵਾਜ ਦੀ ਮਦਦ ਲਈ ਆ ਪਹੁੰਚੇ। ਉਹਨਾਂ ਸਾਰਿਆਂ ਦੀ ਮਿਲੀ ਜੁਲੀ ਫੌਜ ਨੇ ਕੌੜਾ ਮੱਲ ਨੂੰ ਆ ਰੋਕਿਆ। ਛੋਟੀਆਂ ਛੋਟੀਆਂ ਝੜਪਾਂ ਹੋਈਆਂ। ਵੱਡੀ ਲੜਾਈ ਨਾ ਹੋ ਸਕਣ ਕਾਰਨ ਕੋਈ ਫੈਸਲਾ ਨਾ ਹੋ ਸਕਿਆ। ਮੀਰ ਮੰਨੂੰ ਚਾਹੁੰਦਾ ਸੀ ਕਿ ਉਸਦੀ ਫੌਜ ਅੱਗੇ ਵਧੇ ਤੇ ਮੁਲਤਾਨ ਉਪਰ ਛੇਤੀ ਤੋਂ ਛੇਤੀ ਕਬਜਾ ਕਰ ਲਏ ਪਰ ਸ਼ਕਤੀ ਘੱਟ ਹੋਣ ਕਾਰਨ ਕੌੜਾ ਮੱਲ ਮਜ਼ਬੂਰ ਸੀ।

ਕੌੜਾ ਮੱਲ ਨੇ ਆਪਣਾ ਇਕ ਵਿਸ਼ਵਾਸ ਪਾਤਰ ਜਾਸੂਸ ਤੁਰੰਤ ਅੰਮ੍ਰਿਤਸਰ ਭੇਜਿਆ। ਸਿੱਖਾਂ ਨੇ ਉਸਦਾ ਸਵਾਗਤ ਕੀਤਾ ਤੇ ਜੱਸਾ ਸਿੰਘ ਆਹਲੂਵਾਲੀਆ ਦੀ ਜੱਥੇਦਾਰੀ ਵਿਚ ਦਸ ਹਜ਼ਾਰ ਸਿੱਖ ਕੌੜਾ ਮੱਲ ਦੀ ਸਹਾਇਤਾ ਲਈ ਚੱਲ ਪਏ। ਅੱਠ ਆਨੇ ਰੋਜ਼ ਪਿਆਦਾ, ਇਕ ਰੁਪਈਆ ਘੋੜਸਵਾਰ ਤੇ ਪੰਜ ਰੁਪਏ ਰੋਜ਼ ਫੀ ਸਰਦਾਰ ਦੇਣਾ ਤੈਅ ਹੋਇਆ ਤੇ ਦੋ ਮਹੀਨਿਆਂ ਦਾ ਖਰਚ ਯਕਲਖਤ ਪੇਸ਼ਗੀ ਦੇ ਦਿੱਤਾ ਗਿਆ। ਸਮੇਂ ਦੇ ਰਿਵਾਜ ਅਨੁਸਾਰ ਇਹ ਵੀ ਤੈਅ ਹੋਇਆ ਕਿ ਮੁਹਿੰਮ ਦੌਰਾਨ ਲੁੱਟ ਦਾ ਜਿੰਨਾਂ ਮਾਲ ਸਿੱਖਾਂ ਦੇ ਹੱਥ ਆਏਗਾ, ਉਹਨਾਂ ਦਾ ਹੋਏਗਾ।

ਮੁਲਤਾਨ ਦੇ ਇਧਰ, ਦੋਰਾਣ ਲੰਗਾਣ ਪਿੰਡ ਦੇ ਨੇੜੇ ਲੜਾਈ ਹੋਈ। ਜਾਹਦ ਖਾਂ ਤੇ ਉਸਦੇ ਪੁੱਤਰ ਸੁਜਾ ਖਾਂ ਨੇ ਜ਼ੋਰਦਾਰ ਧਾਵਾ ਬੋਲ ਕੇ ਕੌੜਾ ਮੱਲ ਦੀ ਖਾਸ ਫੌਜ ਨੂੰ ਪਿੱਛੇ ਧਰੀਕ ਦਿੱਤਾ। ਜਦੋਂ ਘਮਸਾਨ ਦਾ ਯੁੱਧ ਹੋ ਰਿਹਾ ਸੀ, ਅਦੀਨਾ ਬੇਗ ਦੇ ਆਦਮੀ ਆਪਣੇ ਦੁਸ਼ਮਣ ਉੱਤੇ ਹਾਵੀ ਹੋ ਰਹੇ ਦਿਖਾਈ ਦਿੱਤੇ। ਸ਼ਾਹ ਨਵਾਜ ਬੜੀ ਬਹਾਦਰੀ ਨਾਲ ਲੜਦਾ ਹੋਇਆ ਕੌੜਾ ਮੱਲ ਵੱਲ ਵਧ ਰਿਹਾ ਸੀ। ਉਸਦੇ ਇਕ ਸੈਨਾਪਤੀ ਖਵਾਜਾ ਸ਼ਾਹ ਦੀ ਫੌਜ ਕੌੜਾ ਮੱਲ ਦੀ ਫੌਜ ਉਪਰ ਭਾਰੀ ਹੁੰਦੀ ਜਾ ਰਹੀ ਸੀ। ਖਵਾਜਾ ਸ਼ਾਹ ਨੇ ਸ਼ਾਹ ਨਵਾਜ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ, "ਮੈਂ ਇਸ ਕਾਫਰ ਨੂੰ ਫੜ੍ਹ ਕੇ ਹੁਣੇ ਤੁਹਾਡੇ ਸਾਹਮਣੇ ਪੇਸ਼ ਕਰਦਾ ਹਾਂ।" ਪਰ ਜਦੋਂ ਖਵਾਜਾ ਸ਼ਾਹ ਨੇ ਕੌੜਾ ਮੱਲ ਨੂੰ ਲਲਕਾਰਿਆ, ਖਾਲਸੇ ਨੇ ਉਦੋਂ ਹੀ ਆਪਣੀਆਂ ਬੰਦੂਕਾਂ ਸ਼ਾਹ ਨਵਾਜ ਉਪਰ ਦਾਗ ਦਿੱਤੀਆਂ। ਉਹ ਬਚਾਅ ਲਈ

ਮੁੜਨਾ ਹੀ ਚਾਹੁੰਦਾ ਸੀ ਕਿ ਇਕ ਗੋਲੀ ਨੇ ਉਸਦਾ ਕੰਮ ਤਮਾਮ ਕਰ ਦਿੱਤਾ। ਭੀਮ ਸਿੰਘ ਨਾਂ ਦੇ ਸਿੱਖ ਸਵਾਰ ਨੇ ਸ਼ਾਹ ਨਵਾਜ ਦੇ ਡਿੱਗਦਿਆਂ ਹੀ ਉਸਦਾ ਸਿਰ ਆਪਣੀ ਤਲਵਾਰ ਨਾਲ ਕੱਟ ਸੁੱਟਿਆ। ਇਸ ਬਹਾਦਰੀ ਲਈ ਭੀਮ ਸਿੰਘ ਨੂੰ ਕੜਿਆਂ ਦੀ ਜੋੜੀ, ਸ਼ਸਤਰ–ਬਸਤਰ ਤੇ ਇਕ ਵਧੀਆ ਘੋੜਾ ਇਨਾਮ ਵਜੋਂ ਮਿਲਿਆ।

ਸ਼ਾਹ ਨਵਾਜ ਦੇ ਮਰਦਿਆਂ ਹੀ ਉਸਦੇ ਹਮਾਇਤੀ ਭੱਜ ਖੜ੍ਹੇ ਹੋਏ। ਸਿੱਖਾਂ ਨੇ ਉਹਨਾਂ ਦਾ ਪਿੱਛਾ ਕਰਕੇ ਰੇੜ੍ਹੇ, ਸਾਮਾਨ ਤੇ ਘੋੜੇ ਆਦਿ ਕਬਜੇ ਵਿਚ ਕਰ ਲਏ। ਕੌੜਾ ਮੱਲ ਦੇ ਸਾਥੀ ਸਰਦਾਰਾਂ ਵਿਚੋਂ ਅਬਦੁੱਲ ਅਜੀਜ਼ ਤੇ ਮਿਰਜ਼ਾ ਇਸਮਤ ਬੇਗ ਮਾਰੇ ਗਏ।

ਲੜਾਈ ਬੰਦ ਹੋਣ ਪਿੱਛੋਂ ਕੌੜਾ ਮੱਲ ਨੇ ਸ਼ਾਹ ਨਵਾਜ ਦੀ ਲਾਸ਼ ਤਲਾਸ਼ ਕਰਵਾਈ ਤੇ ਰਾਜਸੀ ਸਨਮਾਨ ਦੇ ਨਾਲ ਸ਼ਮਸ ਤਬਰੇਜ ਦੇ ਮਕਬਰੇ ਕੋਲ ਉਸਨੂੰ ਦਫਨ ਕਰ ਦਿੱਤਾ।

ਇਸ ਪਿੱਛੋਂ ਦੀਵਾਨ ਕੌੜਾ ਮੱਲ ਸ਼ਹਿਰ ਮੁਲਤਾਨ ਵਿਚ ਦਾਖਲ ਹੋਇਆ ਤੇ ਸੂਬੇ ਉਪਰ ਕਬਜਾ ਕਰ ਲਿਆ।

ਇਸ ਜਿੱਤ ਦੀ ਖੁਸ਼ੀ ਵਿਚ ਮੀਰ ਮੰਨੂੰ ਨੇ ਕੌੜਾ ਮੱਲ ਨੂੰ 'ਮਹਾਰਾਜ' ਦਾ ਖਿਤਾਬ ਦਿੱਤਾ ਤੇ ਮੁਲਤਾਨ ਦਾ ਹਾਕਮ ਥਾਪ ਦਿੱਤਾ।

ਇਸ ਲੜਾਈ ਵਿਚ ਸਿੱਖਾਂ ਵੱਲੋਂ ਜੋ ਸਹਾਇਤਾ ਮਿਲੀ, ਉਸਦਾ ਧੰਨਵਾਦ ਕਰਦਿਆਂ ਹੋਇਆਂ ਦੀਵਾਨ ਕੌੜਾ ਮੱਲ ਨੇ ਤਿੰਨ ਲੱਖ ਰੁਪਏ ਖਰਚ ਕਰਕੇ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੀ ਬਾਲ ਲੀਲ੍ਹਾ ਨਾਮਕ ਗੁਰਦੁਆਰਾ ਬਣਵਾਇਆ ਤੇ ਉਸਦੇ ਨਾਲ ਇਕ ਵੱਡਾ ਸਰੋਵਰ ਵੀ। ਇਸ ਸੇਵਾ ਦੀ ਯਾਦਗਾਰ ਦੇ ਤੌਰ 'ਤੇ ਗੁਰਦੁਆਰੇ ਦੀ ਅੰਦਰਲੀ ਕੰਧ ਉਪਰ ਇਕ ਚਿੱਤਰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਮਹਾਰਾਜ ਕੌੜਾ ਮੱਲ ਹਾਥੀ ਉਪਰ ਸਵਾਰ

ਹਨ ਤੇ ਫੌਜ ਤੇ ਘੋੜਿਆਂ ਨਾਲ ਮੁਹਿੰਮ ਉਪਰ ਜਾ ਰਹੇ ਹਨ।

ਹੁਣ ਸਿੱਖਾਂ ਨੇ 'ਕੌੜਾ ਮੱਲ' ਦੇ ਬਜਾਏ ਉਹਨਾਂ ਨੂੰ 'ਮਿੱਠਾ ਮੱਲ' ਕਹਿਣਾ ਸ਼ੁਰੂ ਕਰ ਦਿੱਤਾ ਸੀ।

ਇਹਨਾਂ ਉਥਲ-ਪੁਥਲ ਦੇ ਪਕੜ-ਪਛਾੜ ਭਰੀਆਂ ਸਥਿਤੀਆਂ ਵਿਚ ਜਿਸ ਮਹਾਂ ਪੰਕਾਰ, ਮੱਕਾਰ ਤੇ ਚਾਲਬਾਜ ਵਿਅਕਤੀ ਦਾ ਵਿਅਕਤੀਤੱਵ ਨਿੱਖੜ ਕੇ ਸਾਹਮਣੇ ਆਇਆ, ਉਹ ਜਲੰਧਰ ਦਾ ਹਾਕਮ ਅਦੀਨਾ ਬੇਗ ਸੀ। ਜਬਾਨ ਦਾ ਮਿੱਠਾ, ਸਰੀਰਕ ਪੱਖੋਂ ਚੁਸਤ-ਦਰੁਸਤ ਅਤੇ ਹਥੇਲੀ ਉੱਤੇ ਸਰੋਂ ਜਮਾਅ ਕੇ ਦਿਖਾਅ ਦੇਣ ਵਾਲਾ ਆਦਮੀ ਸੀ ਉਹ। ਨਾ ਉਹ ਈਰਾਨੀ ਸੀ, ਨਾ ਤੁਰਾਨੀ; ਨਾ ਸ਼ੀਆ ਸੀ, ਨਾ ਸੂਨੀ। ਆਪਣੇ ਤੋਂ ਉਤਲੇ ਨੂੰ ਹੇਠਾਂ ਡੇਗਨ ਦੇ ਆਪ ਉਚਾ ਉਠਣ ਲਈ ਚਾਪਲੂਸੀ, ਛਲ-ਕਪਟ ਤੇ ਧੋਖਾਧੜੀ ਹੀ ਉਸਦਾ ਈਮਾਨ ਸੀ। ਉਸਦੀ ਨਜ਼ਰ ਹਮੇਸ਼ਾ ਉਪਰ ਵੱਲ ਰਹਿੰਦੀ ਸੀ ਤੇ ਉਹ ਹਰ ਵੇਲੇ ਅਸਾਮਾਨ ਨੂੰ ਟਾਕੀ ਲਾਉਣ ਦੀਆਂ ਵਿਉਂਤਾਂ ਘੜਦਾ ਰਹਿੰਦਾ ਸੀ।

ਉਸਦਾ ਜਨਮ ਸ਼ਕਰਪੁਰ ਨਾਂ ਦੇ ਇਕ ਪਿੰਡ ਵਿਚ ਹੋਇਆ ਸੀ। ਜੋ ਲਾਹੌਰ ਤੋਂ ਅੱਠ ਕੁ ਮੀਲ ਦੇ ਫਾਸਲੇ ਉਪਰ, ਰਾਵੀ ਦੇ ਕੰਢੇ ਸੀ। ਉਹ ਜਾਤ ਦਾ ਅਰਾਈ ਸੀ ਤੇ ਉਸਦਾ ਬਚਪਨ ਦਾ ਨਾ ਚੁੰਨੂੰ ਸੀ। ਘਰੇ ਅੰਤਾਂ ਦੀ ਗਰੀਬੀ ਸੀ, ਚੂਹੇ ਖੜਮਸਤੀਆਂ ਕਰਨ ਆ ਜਾਂਦੇ ਸਨ। ਜਦੋਂ ਉਹ ਬਚਪਨ ਲੰਘ ਕੇ ਛੋਹਰ ਅਵਸਥਾ ਵਿਚ ਪਹੁੰਚਿਆ ਤਾਂ ਘਰੋਂ ਨੱਠ ਕੇ ਸ਼ਹਿਰ ਆ ਗਿਆ ਤੇ ਜੀਆ ਬੇਗ ਨਾਂ ਦੇ ਇਕ ਮੁਸਲਮਾਨ ਅਫਸਰ ਦਾ ਘਰੇਲੂ ਨੌਕਰ ਬਣ ਗਿਆ। ਮਿੱਠੀ ਬੋਲੀ ਤੇ ਚਾਪਲੂਸੀ ਨਾਲ ਉਸਨੇ ਅਫਸਰ ਦਾ ਮਨ ਮੋਹ ਲਿਆ। ਵੈਸੇ ਵੀ ਉਹ ਖਾਸਾ ਹੁਸ਼ਿਆਰ ਤੇ ਸਮਝਦਾਰ ਸੀ ਤੇ ਜੀਆ ਬੇਗ ਉਸਦੇ ਕੰਮ ਉੱਤੇ ਖੁਸ਼ ਸੀ। ਪਰ ਚੁੰਨੂੰ ਖੁਸ਼ ਨਹੀਂ ਸੀ, ਉਹ ਘਰੇਲੂ ਨੌਕਰ ਦੇ ਬਜਾਏ ਕੁਝ ਹੋਰ ਬਣਨਾ ਚਾਹੁੰਦਾ

ਸੀ। ਜਦੋਂ ਉਹ ਸਤਾਰਾਂ ਅਠਾਰਾਂ ਸਾਲ ਦਾ ਹੋਇਆ ਤਾਂ ਇਸ ਬੰਧੁਆ ਜੀਵਨ ਤੋਂ ਮੁੱਕਤ ਹੋਣ ਦੀ ਇੱਛਾ ਪਰਬਲ ਹੋ ਉਠੀ। ਇਕ ਦਿਨ ਉਹ ਪੱਕਾ ਇਰਾਦਾ ਕਰਕੇ ਜੀਆ ਬੇਗ ਦੇ ਸਾਹਮਣੇ ਜਾ ਖੜ੍ਹਾ ਹੋਇਆ ਤੇ ਹੱਥ ਜੋੜ ਕੇ ਬੋਲਿਆ, "ਹਜ਼ੂਰ ਮੈਂ ਏਨੇ ਦਿਨ ਮਾ-ਬਦੌਲਤ ਦੀ ਸੇਵਾ ਕੀਤੀ ਏ। ਜੇ ਤੁਹਾਡੀ ਨਜ਼ਰ ਸਵੱਲੀ ਹੋ ਜਾਏ ਤਾਂ ਬੰਦਾ ਕੋਈ ਹੋਰ ਕੰਮ ਕਰਨ ਦੀ ਇੱਛਾ ਜਾਹਰ ਕਰੇ।"

ਜੀਆ ਬੇਗ ਨੇ ਉਸਨੂੰ ਫ਼ੌਜ ਵਿਚ ਭਰਤੀ ਕਰਵਾ ਦਿੱਤਾ। ਅਦੀਨਾ ਬੇਗ ਨੇ ਜੀਵਨ ਫ਼ੌਜੀ ਅਫਸਰਾਂ ਵਿਚਕਾਰ ਬਿਤਾਇਆ ਸੀ। ਉਹਨਾਂ ਦੇ ਰੰਗ-ਢੰਗ ਦੇਖੇ ਸਨ। ਉਸਦੀ ਇੱਛਾ ਫ਼ੌਜੀ ਅਫਸਰ ਬਣਨ ਦੀ ਸੀ। ਪਰ ਕੁਝ ਦਿਨਾਂ ਵਿਚ ਹੀ ਪਤਾ ਲੱਗ ਗਿਆ ਕਿ ਇਕ ਸਾਧਾਰਨ ਸੈਨਕ ਦੇ ਪਦ ਤੋਂ ਅਫਸਰ ਦੇ ਪਦ ਤਕ ਪਹੁੰਚਣਾ ਮੁਸ਼ਕਲ ਹੀ ਨਹੀਂ, ਅਸੰਭਵ ਹੈ। ਇਕ ਸੈਨਕ ਦਾ ਜੀਵਨ, ਘਰੇਲੂ ਨੌਕਰ ਦੇ ਜੀਵਨ ਨਾਲੋਂ ਕਿਸੇ ਵੀ ਪੱਖ ਤੋਂ ਬਿਹਤਰ ਨਹੀਂ। ਉਸਨੇ ਫ਼ੌਜ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਸੁਲਤਾਨ ਜ਼ਿਲੇ ਦੇ ਕਾਂਗ ਵਿਚ ਮਾਲੀਆ ਉਗਰਾਉਣ ਵਾਲੇ ਦਫ਼ਤਰ ਵਿਚ ਮੁਲਾਜਮ ਭਰਤੀ ਹੋ ਗਿਆ। ਮਿੱਠੀ ਜ਼ਬਾਨ, ਚੰਗੀ ਕਾਰਗੁਜਾਰੀ ਤੇ ਪੱਕੇ ਇਰਾਦੇ ਸਦਕਾ ਉਸਨੇ ਛੇਤੀ ਹੀ ਕਈ ਦੋਸਤ ਬਣਾ ਲਏ। ਉਹਨਾਂ ਵਿਚ ਸੁਲਤਾਨ ਪੁਰ ਦਾ ਇਕ ਧਨੱਡ ਸੇਠ ਸ਼੍ਰੀ ਨਿਵਾਸ ਵੀ ਸੀ, ਜਿਸਦਾ ਇਲਾਕੇ ਵਿਚ ਕਾਫੀ ਰਸੂਖ ਸੀ। ਲਾਲਾ ਸ਼੍ਰੀ ਨਿਵਾਸ ਨੇ ਕੁਝ ਸਾਲਾਂ ਵਿਚ ਹੀ ਉਸਨੂੰ ਹਲਕੇ ਦੇ ਪੰਜ ਛੇ ਪਿੰਡਾਂ ਦਾ ਮਾਲੀਆ ਉਗਰਾਉਣ ਦਾ ਠੇਕਾ ਦਿਵਾਅ ਦਿੱਤਾ। ਅਦੀਨਾ ਬੇਗ ਨੇ ਆਪਣੀ ਯੋਗਤਾ ਦਿਖਾਈ ਤੇ ਇਕ ਸਾਲ ਵਿਚ ਹੀ ਇਸ ਇਲਾਕੇ ਦੇ ਸਾਰੇ ਪਿੰਡਾਂ ਦਾ ਮਾਲੀਆ ਉਗਰਾਉਣ ਦਾ ਅਧਿਕਾਰ ਉਸਨੂੰ ਮਿਲ ਗਿਆ।

ਅਦੀਨਾ ਬੇਗ ਹੁਣ ਮਾਮੂਲੀ ਕਰਮਚਾਰੀ ਨਹੀਂ, ਇਕ ਯੋਗ ਅਫਸਰ ਸੀ। ਉਸਦਾ ਪੈਰ ਤਰੱਕੀ ਦੀ ਪੌੜੀ ਉੱਤੇ ਟਿੱਕ ਚੁੱਕਿਆ ਸੀ। ਇਸ ਪਦ ਉੱਤੇ ਪਹੁੰਚ ਕੇ ਉਸਦਾ ਕੰਮ ਕਰਨ ਦਾ ਉਤਸਾਹ ਹੋਰ ਵਧ ਗਿਆ ਤੇ ਉਚਾ ਉਠਣ ਦੀ

ਲਾਲਸਾ ਵੀ ਤੀਬਰ ਹੋ ਗਈ। ਕਾਂਗ ਹਲਕਾ ਸੁਲਤਾਨ ਪੁਰ ਜ਼ਿਲੇ ਦੀ ਇਕ ਇਕਾਈ ਸੀ। ਅਦੀਨਾ ਬੇਗ ਆਪਣਾ ਮਾਲੀਆ ਸੁਲਤਾਨ ਪੁਰ ਲੋਧੀ ਦੇ ਖਜਾਨੇ ਵਿਚ ਜਮ੍ਹਾਂ ਕਰਵਾਉਂਦਾ ਹੁੰਦਾ ਸੀ। ਜ਼ਿਲਾ ਅਫਸਰ ਉਸਦੀ ਇਮਾਨਦਾਰੀ, ਕੰਮ ਕਰਨ ਦੀ ਲਗਨ ਤੇ ਯੋਗਤਾ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਸਨੇ ਉਸਨੂੰ ਸਾਰੇ ਜ਼ਿਲੇ ਦਾ ਲਗਾਨ ਲਾਹੌਰ ਖਜਾਨੇ ਵਿਚ ਜਮ੍ਹਾਂ ਕਰਵਾਉਣ ਲਈ ਭੇਜਣਾ ਸ਼ੁਰੂ ਕਰ ਦਿੱਤਾ। ਅਦੀਨਾ ਬੇਗ ਵਰਗੇ ਜ਼ਬਾਨ ਦੇ ਮਿੱਠੇ ਤੇ ਧੁਨ ਦੇ ਪੱਕੇ ਆਦਮੀ ਲਈ ਲਾਹੌਰ ਦਰਬਾਰ ਵਿਚ ਅਸਰ-ਰਸੂਖ਼ ਪੈਦਾ ਕਰਨ ਦਾ ਇਹ ਸੁਨਹਿਰੀ ਮੌਕਾ ਸੀ।

ਸਬੱਬ ਨਾਲ ਜ਼ਿਲਾ ਅਫਸਰ ਦੀ ਮੌਤ ਹੋ ਗਈ। ਅਦੀਨਾ ਬੇਗ ਝੱਟ ਲਾਹੌਰ ਜਾ ਪਹੁੰਚਿਆ ਤੇ ਲਾਹੌਰ ਦੇ ਖਜਾਨਾ ਅਫਸਰ ਰਾਹੀਂ ਨਵਾਬ ਖਾਨ ਬਹਾਦਰ ਜ਼ਕਰੀਆ ਖਾਂ ਨਾਲ ਜਾ ਮੁਲਾਕਾਤ ਕੀਤੀ। ਜ਼ਕਰੀਆ ਖਾਂ ਉਸਦੀ ਗੱਲਬਾਤ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਸਨੂੰ ਜ਼ਿਲਾ ਅਫਸਰ ਬਨਾਉਣ ਲਈ ਤਿਆਰ ਹੋ ਗਿਆ, ਪਰ ਸ਼ਰਤ ਇਹ ਰੱਖੀ ਕਿ ਕੋਈ ਉਸਦੀ ਜਮਾਨਤ ਦੇ ਦਏ। ਜਮਾਨਤ ਲਾਲਾ ਸ੍ਰੀ ਨਿਵਾਸ ਨੇ ਫੌਰਨ ਦੇ ਦਿੱਤੀ। ਅਦੀਨਾ ਬੇਗ ਨੇ ਵੀ ਲਾਲਾ ਸ੍ਰੀ ਨਿਵਾਸ ਲਈ ਖੁੱਲ੍ਹਦਿਲੀ ਦਿਖਾਈ, ਜ਼ਿਲਾ ਅਫਸਰ ਬਣਦਿਆਂ ਹੀ ਉਸਨੂੰ ਆਪਣਾ ਨਾਇਬ ਤੇ ਉਸਦੇ ਵੱਡੇ ਭਰਾ ਭਵਾਨੀ ਦਾਸ ਨੂੰ, ਜਿਹੜਾ ਫਾਰਸੀ ਜਾਣਦਾ ਸੀ, ਦਫਤਰ ਵਿਚ ਸੁਪਰਡੈਂਟ ਲਾ ਦਿੱਤਾ। ਉਹ ਆਪ ਅਣਪੜ੍ਹ ਸੀ।

ਅਦੀਨਾ ਬੇਗ ਦੇ ਜ਼ਿਲਾ ਅਫਸਰ ਬਣਨ ਤੋਂ ਕੁਝ ਦਿਨਾਂ ਪਿੱਛੋਂ ਹੀ ਨਾਦਰ ਸ਼ਾਹ ਦਾ ਹਮਲਾ ਹੋਇਆ ਤੇ ਈਰਾਨੀ ਫੌਜਾਂ ਲਾਹੌਰ ਤੋਂ ਦਿੱਲੀ ਜਾਂਦੀਆਂ ਹੋਈਆਂ ਸੁਲਤਾਨ ਪੁਰ ਵਿਚੋਂ ਲੰਘੀਆਂ। ਜਿਸ ਨਾਲ ਭਗਦੜ ਮੱਚ ਗਈ। ਅਮਨ ਤੇ ਰਾਜ ਪ੍ਰਬੰਧ ਦੀਆਂ ਚੂਲਾਂ ਹਿੱਲ ਗਈਆਂ। ਖਾਸੀ ਲੁੱਟਮਾਰ ਹੋਈ। ਜਦੋਂ ਨਾਦਰ ਸ਼ਾਹ ਵਾਪਸ ਈਰਾਨ ਪਰਤ ਗਿਆ ਤਾਂ ਅਦੀਨਾ ਬੇਗ ਨੇ ਆਪਣੇ ਜ਼ਿਲੇ ਵਿਚ ਅਮਨ ਬਹਾਲ ਕਰਨ ਦਾ ਕੰਮ ਏਨੀ ਲਗਨ ਤੇ ਮੁਸ਼ਤੈਦੀ ਨਾਲ ਕੀਤਾ ਕਿ ਕੁਝ

ਦਿਨਾਂ ਵਿਚ ਹੀ ਜਨ ਜੀਵਨ ਆਮ ਵਾਂਗ ਹੋ ਗਿਆ। ਖੇਤੀਬਾੜੀ, ਵਪਾਰ ਤੇ ਰੋਜਗਾਰ ਦੇ ਹੋਰ ਧੰਦੇ ਸ਼ਾਂਤਮਈ ਢੰਗ ਨਾਲ ਮੁੜ ਚੱਲਣ ਲੱਗ ਪਏ। ਇਹ ਇਕ ਚਮਤਕਾਰ ਹੀ ਸੀ, ਜਿਸ ਕਰਕੇ ਅਦੀਨਾ ਬੇਗ ਖਾਨ ਬਹਾਦਰ ਜ਼ਕਰੀਆ ਖਾਂ ਦੀ ਨਜ਼ਰ ਵਿਚ ਉਚਾ ਚੜ੍ਹ ਗਿਆ।

ਦੁਆਬਾ ਜਲੰਧਰ ਦੀ ਵਧੇਰੇ ਆਬਾਦੀ ਜੱਟਾਂ ਦੀ ਸੀ ਤੇ ਉਹਨਾਂ ਦੀ ਹਮਦਰਦੀ ਸਿੱਖਾਂ ਨਾਲ ਸੀ। ਜਦੋਂ ਨਾਦਰ ਸ਼ਾਹ ਦੇ ਹਮਲੇ ਨਾਲ ਹਫੜਾ-ਦਫੜੀ ਮੱਚੀ ਤਾਂ ਸਿੱਖਾਂ ਨੇ ਉਸਦਾ ਪੂਰਾ ਲਾਭ ਉਠਇਆ। ਉਹਨਾਂ ਕੋਲ ਨਵਾਬ ਕਪੂਰ ਸਿੰਘ, ਬਾਘ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਵਰਗੇ ਸੁਯੋਗ ਨੇਤਾ ਸਨ। ਉਹ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲ ਕੇ ਪੂਰੇ ਦੁਆਬਾ ਜਲੰਧਰ ਵਿਚ ਫੈਲ ਗਏ। ਹੁਣ ਸਵਾਲ ਇਹ ਸੀ ਸਿੱਖਾਂ ਨਾਲ ਕਿੰਜ ਨਿਬੜਿਆ ਜਾਏ। ਜ਼ਕਰੀਆ ਖਾਂ ਨੂੰ ਲੱਗਿਆ ਕਿ ਅਦੀਨਾ ਬੇਗ ਹੀ ਇਕ ਅਜਿਹਾ ਆਦਮੀ ਹੈ, ਜਿਹੜਾ ਇਸ ਕੰਮ ਨੂੰ ਨੇਫਰੇ ਚਾੜ੍ਹ ਸਕਦਾ ਹੈ। ਉਸਨੇ ਅਦੀਨਾ ਬੇਗ ਨੂੰ ਜਲੰਧਰ ਦਾ ਫੌਜਦਾਰ ਬਣਾ ਦਿੱਤਾ।

ਅਦੀਨਾ ਬੇਗ ਫੌਜਦਾਰ ਦੇ ਅਹੁਦੇ ਉਪਰ ਵੀ ਪੂਰਾ ਸਫਲ ਸਿੱਧ ਹੋਇਆ। ਉਸਨੇ ਦੁਆਬਾ ਜਲੰਧਰ ਵਿਚ ਅਮਨ ਸ਼ਾਂਤੀ ਕਾਇਮ ਕਰ ਦਿੱਤੀ। ਪਰ ਉਸਨੇ ਇਹ ਕੰਮ ਸਿੱਖਾਂ ਨੂੰ ਦਬਾਅ ਦੇ ਨਹੀਂ ਮਿੱਤਰਤਾ ਪੂਰਨ ਢੰਗ ਨਾਲ ਕੀਤਾ। ਉਸਦੀ ਮਿੱਤਰਤਾ ਪਿੱਛੇ ਵੀ ਦੋ ਉਦੇਸ਼ ਛਿਪੇ ਹੋਏ ਸਨ, ਇਕ ਇਹ ਕਿ ਜੇ ਸਿੱਖਾਂ ਨੂੰ ਕੁਚਲ ਦਿੱਤਾ ਗਿਆ ਤਾਂ ਉਸਨੂੰ ਇਸ ਵੱਡੇ ਅਹੁਦੇ ਉਪਰ ਕੌਣ ਰਹਿਣ ਦਏਗਾ। ਦੂਜਾ ਉਹ ਸਿੱਖਾਂ ਦੀ ਮਦਦ ਨਾਲ ਖਾਨ ਬਹਾਦਰ ਜ਼ਕਰੀਆ ਖਾਂ ਦੀ ਥਾਂ ਆਪ ਲਾਹੌਰ ਦਾ ਸੂਬੇਦਾਰ ਬਣਨ ਦਾ ਸੁਪਨਾ ਦੇਖ ਰਿਹਾ ਸੀ। ਇਸ ਲਈ ਦੂਹਰੀ ਨੀਤੀ ਅਪਣਾਈ। ਉਪਰੋਂ ਉਹ ਸਿੱਖਾਂ ਪ੍ਰਤੀ ਦੁਸ਼ਮਣੀ ਦਾ ਨਾਟਕ ਤੇ ਅੰਦਰੋਂ ਉਹਨਾਂ ਦੀ ਮਦਦ ਕਰਦਾ ਰਿਹਾ। ਉਸ ਤੇ ਸਿੱਖ ਸਰਦਾਰਾਂ ਵਿਚਕਾਰ ਇਕ ਅਲਿਖਤ ਸਮਝੌਤਾ ਹੋ ਗਿਆ ਕਿ ਉਹ ਆਪਣੀਆਂ ਬਾਗੀ ਕਾਰਵਾਈਆਂ

ਲਾਹੌਰ ਖੇਤਰ ਭਾਵ ਬਾਰੀ ਦੁਆਬੇ ਵਿਚ ਜਾਰੀ ਰੱਖਣ। ਇਸ ਨਾਲ ਸਿੱਖਾਂ ਦੀ ਸ਼ਕਤੀ ਦਿਨ ਦਿਨ ਵਧੀ। ਉਹ ਬਾਰੀ ਦੁਆਬੇ ਵਿਚ ਜਾ ਕੇ ਲੁੱਟ ਮਾਰ ਕਰਦੇ ਸਨ ਤੇ ਜਲੰਧਰ ਦੁਆਬੇ ਵਿਚ ਪਰਤ ਆਉਂਦੇ ਸਨ।

ਸੁਲਤਾਨ ਪੁਰ ਜ਼ਿਲੇ ਵਿਚ ਅਮਨ ਬਹਾਲ ਹੋਣ ਦਾ ਰਹੱਸ ਵੀ ਇਹੀ ਸੀ ਕਿ ਉਸਨੇ ਸਿੱਖਾਂ ਨਾਲ ਦੋਸਤੀ ਦਰਸਾਈ ਸੀ। ਜਦੋਂ ਸਿੱਖ ਉੱਥੇ ਆਏ ਤਾਂ ਉਸਦੇ ਹਿੰਦੂ ਅਫਸਰਾਂ, ਸ਼੍ਰੀ ਨਿਵਾਸ ਤੇ ਭਵਾਨੀ ਦਾਸ ਨੇ ਉਹਨਾਂ ਦੀ ਸੇਵਾ ਵਿਚ ਹਾਜ਼ਰ ਹੋ ਕੇ ਕਿਹਾ ਕਿ ਸੁਲਤਾਨ ਪੁਰ ਉਹ ਪਵਿੱਤਰ ਭੂਮੀ ਹੈ ਜਿਸ ਉਪਰ ਗੁਰੂ ਨਾਨਕ ਦੇਵ ਜੀ ਨੇ ਤਪਸਿਆ ਕੀਤੀ ਸੀ ਤੇ ਜਿੱਥੇ ਉਹਨਾਂ ਨੂੰ ਗਿਆਨ ਪ੍ਰਾਪਤ ਹੋਇਆ ਸੀ, ਇਸ ਨੂੰ ਬਚਾਓ। ਸਿੱਖ ਫੇਰ ਉੱਥੇ ਨਹੀਂ ਗਏ।

ਜ਼ਕਰੀਆ ਖਾਂ ਦੀ ਮੌਤ ਪਿੱਛੋਂ ਜਦੋਂ ਪ੍ਰਧਾਨ ਮੰਤਰੀ ਕਮਰੂੱਦੀਨ ਨੇ ਆਪਣੇ ਜਵਾਈ ਯਹੀਆ ਖਾਂ ਨੂੰ ਲਾਹੌਰ ਦਾ ਨਵਾਬ ਤੇ ਸ਼ਾਹ ਨਵਾਜ ਨੂੰ ਜਲੰਧਰ ਦਾ ਫੌਜਦਾਰ ਬਣਾਇਆ ਤਾਂ ਅਦੀਨਾ ਬੇਗ ਨੇ ਅਜਿਹਾ ਰਵੱਈਆਂ ਅਪਣਾਇਆ ਕਿ ਉਸ ਨਾਲ ਦੋਹੇਂ ਭਰਾ ਖੁਸ਼ ਰਹਿਣ। ਉਸਨੇ ਸ਼ਾਹ ਨਵਾਜ ਦੇ ਨਾਇਬ ਦੀ ਹੈਸੀਅਤ ਨਾਲ ਜਲੰਧਰ ਦੁਆਬੇ ਵਿਚ, ਜਿਹੜਾ ਪੰਜਾਬ ਦਾ ਸਭ ਤੋਂ ਖੁਸ਼ਹਾਲ ਇਲਾਕਾ ਸੀ, ਯੋਗ ਪ੍ਰਬੰਧ ਬਣਾਈ ਰੱਖਣ ਵਿਚ ਆਪਣੀ ਵਫਾਦਾਰੀ ਦਾ ਸਬੂਤ ਦਿੱਤਾ ਤੇ ਜਦੋਂ ਯਹੀਆ ਖਾਂ ਤੇ ਉਸਦੇ ਦੀਵਾਨ ਲਖਪਤ ਰਾਏ ਨੇ ਸਿੱਖਾਂ ਨੂੰ ਖਤਮ ਕਰਨ ਦੀ ਮੁਹਿੰਮ ਛੇੜੀ ਤਾਂ ਉਸ ਵਿਚ ਪੂਰਾ ਸਹਿਯੋਗ ਦੇ ਕੇ ਆਪਣੀ ਵਫਾਦਾਰੀ ਦਾ ਸਬੂਤ ਦਿੱਤਾ।

ਪਰ ਜਦੋਂ ਸ਼ਾਹ ਨਵਾਜ ਨੇ ਲਾਹੌਰ ਉੱਤੇ ਹਮਲਾ ਕੀਤਾ ਤਾਂ ਉਸਨੇ ਸ਼ਾਲੀਮਾਜ ਬਾਗ ਦੀ ਲੜਾਈ ਵਿਚ ਸ਼ਾਹ ਨਵਾਜ ਦਾ ਸਾਥ ਦਿੱਤਾ ਕਿਉਂਕਿ ਸ਼ਾਹ ਨਵਾਜ ਦੇ ਲਾਹੌਰ ਦਾ ਨਵਾਬ ਬਣਨ ਨਾਲ, ਉਹ ਪਹਿਲਾਂ ਵਾਂਗ ਹੀ, ਜਲੰਧਰ ਦੁਆਬੇ ਦਾ ਫੌਜਦਾਰ ਬਣ ਸਕਦਾ ਸੀ।

ਸ਼ਾਹ ਨਵਾਜ ਦੇ ਹੱਥੋਂ ਯਹੀਆ ਖਾਂ ਦੀ ਹਾਰ ਹੋਈ ਤੇ ਉਸਨੂੰ ਜਲੰਧਰ ਦੀ ਫ਼ੌਜਦਾਰੀ ਇਨਾਮ ਵਿਚ ਮਿਲੀ। ਪਰ ਜਦੋਂ ਪ੍ਰਧਾਨ ਮੰਤਰੀ ਕਮਰੂੱਦੀਨ ਨੇ ਸ਼ਾਹ ਨਵਾਜ ਦੀ ਨਵਾਬੀ ਮੰਜ਼ੂਰ ਕਰਨ ਦੇ ਬਜਾਏ ਉਸਦੇ ਖ਼ਿਲਾਫ਼ ਫ਼ੌਜੀ ਕਾਰਵਾਈ ਕਰਨ ਦੀ ਧਮਕੀ ਦਿੱਤੀ ਤਾਂ ਸ਼ਾਹ ਨਵਾਜ ਘਬਰਾ ਗਿਆ। ਤਦ ਅਦੀਨਾ ਬੇਗ ਨੇ ਉਸਨੂੰ ਅਹਿਮਦ ਸ਼ਾਹ ਅਬਦਾਲੀ ਨੂੰ ਆਪਣੀ ਮਦਦ ਲਈ ਬੁਲਾਉਣ ਦੀ ਸਲਾਹ ਦਿੱਤੀ ਸੀ ਤੇ ਨਾਲ ਹੀ ਚੁੱਪਚਾਪ ਕਮਰੂੱਦੀਨ ਨੂੰ ਵੀ ਖਬਰ ਭੇਜ ਦਿੱਤੀ ਸੀ ਕਿ ਸ਼ਾਹ ਨਵਾਜ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਸੱਦਾ ਭੇਜਿਆ ਹੈ।

ਉਹ ਅਬਦਾਲੀ ਦੇ ਵਿਰੁੱਧ ਸ਼ਾਹ ਨਵਾਜ ਵੱਲੋਂ ਲੜਿਆ ਤੇ ਜਦੋਂ ਸ਼ਾਹ ਨਵਾਜ ਹਾਰ ਕੇ ਦਿੱਲੀ ਆਇਆ ਤਾਂ ਉਹ ਵੀ ਉਸਦੇ ਨਾਲ ਸੀ। ਮਾਣੂਪੁਰ ਦੀ ਲੜਾਈ ਵਿਚ ਉਸਨੇ ਬਹਾਦਰੀ ਦਾ ਸਬੂਤ ਦਿੱਤਾ ਸੀ ਤੇ ਉਸਨੂੰ ਦੋ ਫੱਟ ਵੀ ਲੱਗੇ ਸਨ। ਇਸ ਨਾਲ ਉਹ ਨਵੇਂ ਪ੍ਰਧਾਨ ਮੰਤਰੀ ਸਫਦਰ ਜੰਗ ਤੇ ਲਾਹੌਰ ਦੇ ਫ਼ੌਜਦਾਰ ਮੀਰ ਮੰਨੂੰ ਦੋਹਾਂ ਦੀ ਕਿਰਪਾ ਦਾ ਪਾਤਰ ਬਣ ਗਿਆ। ਉਸਨੂੰ ਜਲੰਧਰ ਦੀ ਫ਼ੌਜਦਾਰੀ ਫੇਰ ਮਿਲ ਗਈ।

ਹੁਣ ਉਹ ਰਾਮ ਰੌਣੀ ਵਿਚ ਘਿਰੇ ਸਿੱਖਾਂ ਨੂੰ ਖਤਮ ਕਰਕੇ ਜਿੱਤ ਦਾ ਸਿਹਰਾ ਪ੍ਰਾਪਤ ਕਰਨਾ ਚਾਹੁੰਦਾ ਸੀ, ਜਿਹੜਾ ਘੇਰਾ ਬੰਦੀ ਹਟਾਅ ਲੈਣ ਨਾਲ ਨਹੀਂ ਸੀ ਪ੍ਰਾਪਤ ਹੋਣਾ।

ਰਾਮ ਰੌਣੀ ਦੁਆਲੇ ਘੇਰੇ ਦੀ ਮੁੱਦਤ ਲੰਮੀਂ ਹੋ ਜਾਣ ਵਿਚ ਉਸਦੀ ਦੂਜੀ ਦਿਲਚਸਪੀ ਇਹ ਸੀ ਕਿ ਮੀਰ ਮੰਨੂੰ ਦੇ ਇਧਰ ਉਲਝਿਆ ਰਹਿਣ ਨਾਲ ਸ਼ਾਹ ਨਵਾਜ ਨੂੰ ਮੁਲਤਾਨ ਵਿਚ ਆਪਣੀ ਸਥਿਤੀ ਮਜ਼ਬੂਤ ਕਰਨ ਦਾ ਮੌਕਾ ਮਿਲ ਜਾਏਗਾ। ਦਿੱਲੀ ਵਿਚ ਈਰਾਨੀ–ਦਲ ਜਾਂ ਤੂਰਾਨੀ–ਦਲ ਜਿਹੜਾ ਵੀ ਸੱਤਾ ਵਿਚ ਹੁੰਦਾ, ਉਹ ਉਸੇ ਦਾ ਹੋ ਜਾਂਦਾ। ਉਸਨੂੰ ਪਤਾ ਸੀ ਸਫਦਰ ਜੰਗ, ਮੀਰ ਮੰਨੂੰ ਨੂੰ ਉਖਾੜਨਾ ਚਾਹੁੰਦਾ ਹੈ। ਜੇ ਸ਼ਾਹ ਨਵਾਜ ਪੂਰੀ ਤਿਆਰੀ ਕਰਕੇ ਲਾਹੌਰ ਉਪਰ ਹਮਲਾ ਕਰਦਾ ਤਾਂ ਜਿਸ ਤਰ੍ਹਾਂ ਯਹੀਆ ਖਾਂ ਦੇ ਵਿਰੁੱਧ ਸ਼ਾਹ ਨਵਾਜ ਦਾ

ਸਾਥ ਦਿੱਤਾ ਸੀ ਹੁਣ ਵੀ ਉਹਨੇ ਖੁੱਲ੍ਹ ਕੇ ਉਸਦਾ ਸਾਥ ਦਿੱਤਾ। ਉਹ ਦੋਹੇਂ ਇਕੋ ਸੁਪਨਾ ਦੇਖ ਰਹੇ ਸਨ। ਸ਼ਾਹ ਨਵਾਜ ਇਹ ਸਮਝਦਾ ਸੀ ਕਿ 'ਮੈਂ ਅਦੀਨਾ ਬੇਗ ਨੂੰ ਇਸਤਮਾਲ ਕਰ ਰਿਹਾ ਹਾਂ'। ਤੇ ਅਦੀਨਾ ਬੇਗ ਇਹ ਸਮਝ ਰਿਹਾ ਸੀ ਕਿ 'ਮੈਂ ਸ਼ਾਹ ਨਿਵਾਜ ਨੂੰ ਵਰਤ ਰਿਹਾ ਹਾਂ'।

ਉਹਨਾਂ ਦਾ ਇਹ ਸੁਪਨਾ ਮੀਰ ਮੰਨੂੰ ਨੂੰ ਉਖਾੜ ਕੇ ਹੀ ਪੂਰਾ ਹੋ ਸਕਦਾ ਸੀ।

ਜਿਵੇਂ ਉੱਲੂ ਤੇ ਚਮਗਿੱਦੜ ਨੂੰ ਚਾਨਣ ਨਾਲੋਂ ਵਧ ਹਨੇਰਾ ਚੰਗਾ ਲੱਗਦਾ ਹੈ, ਅਦੀਨਾ ਬੇਗ ਨੂੰ ਵੀ ਓਵੇਂ ਹੀ ਅਮਨ ਨਾਲੋਂ ਵੱਧ ਉਥਲ–ਪੁਥਲ ਪਸੰਦ ਸੀ। ਇਸ ਲਈ ਸਿੱਖਾਂ ਨਾਲ ਸੁਲਾਹ ਕਰਨ ਵਾਲੇ ਦੀਵਾਨ ਕੌੜਾ ਮੱਲ ਉੱਤੇ ਉਸਨੂੰ ਬੜਾ ਹੀ ਗੁੱਸਾ ਆਇਆ ਤੇ ਉਹ ਮਨ ਹੀ ਮਨ ਵਿਚ ਇਕ ਸੰਕਲਪ ਕੀਤਾ ਤੇ ਬੁੜਬੁੜਾਇਆ, 'ਰਾਹ ਦਾ ਇਹ ਰੋੜਾ ਵੀ ਹਟਾਉਣਾ ਹੀ ਪਏਗਾ।'

ਤੇ ਇਸ ਦਾ ਮੌਕਾ ਵੀ ਉਸਨੂੰ ਛੇਤੀ ਹੀ ਮਿਲ ਗਿਆ।

**000**

ਅਹਿਮਦ ਸ਼ਾਹ ਅਬਦਾਲੀ ਦਸੰਬਰ 1752 ਵਿਚ ਤੀਜੀ ਵਾਰੀ ਫੇਰ ਆਪਣੇ ਪੂਰੇ ਲਾਮ–ਲਸ਼ਕਰ ਨਾਲ ਚੜ੍ਹ ਆਇਆ। ਬਹਾਨਾ ਇਹ ਸੀ ਕਿ ਮੀਰ ਮੰਨੂੰ ਨੇ ਚਾਹਾਰ ਮੱਹਲ ਦਾ ਸਾਲਾਨਾ ਲਗਾਨ ਦੇਣ ਦਾ ਵਾਇਦਾ ਪੂਰਾ ਨਹੀਂ ਸੀ ਕੀਤਾ। ਅਸਲ ਵਿਚ ਉਹ ਮਾਣੂਪਰ ਦੀ ਹਾਰ ਦਾ ਬਦਲਾ ਲੈਣ ਲਈ ਪੂਰੀ ਤਿਆਰੀ ਨਾਲ ਆਇਆ ਸੀ।

ਇਧਰ ਮੀਰ ਮੰਨੂੰ ਨੂੰ ਵੀ ਆਪਣੀ ਤਾਕਤ ਉੱਤੇ ਪੂਰਾ ਭਰੋਸਾ ਸੀ। ਸ਼ਾਹ ਨਵਾਜ ਰੂਪੀ ਕੰਡਾ ਨਿਕਲ ਚੁੱਕਿਆ ਸੀ। ਮੁਲਤਾਨ ਦੀ ਸੈਨਾ ਵੀ ਉਸਦੇ ਨਾਲ ਸੀ ਤੇ ਉਹ ਸਮਝਦਾ ਸੀ ਕਿ ਮੈਂ ਇਕ ਵਾਰ ਫੇਰ ਅਬਦਾਲੀ ਦੇ ਨਾਸੀਂ ਧੂੰਆਂ ਲਿਆ ਦਿਆਂਗਾ ਤੇ ਉਹ ਮੁੜ ਇਧਰ ਮੂੰਹ ਨਹੀਂ ਕਰੇਗਾ।

ਜਦੋਂ ਪਤਾ ਲੱਗਿਆ ਕਿ ਅਬਦਾਲੀ ਆ ਰਿਹਾ ਹੈ, ਲਾਹੌਰ ਵਾਸੀਆਂ ਵਿਚ ਭੈ ਦੀ ਲਹਿਰ ਦੌੜ ਗਈ। ਧਨੱਡ ਲੋਕ ਆਪਣੇ ਪਰਿਵਾਰਾਂ ਸਮੇਤ ਜੰਮੂ ਵੱਲ ਪਲਾਇਨ ਕਰਨ ਲੱਗੇ। ਮੀਰ ਮੰਨੂੰ ਨੇ ਵੀ ਆਪਣਾ ਪਰਿਵਾਰ ਤੇ ਖਜਾਨਾ ਜੰਮੂ ਦੇ ਰਾਜੇ ਰਣਜੀਤ ਦੇਵ ਕੋਲ ਭੇਜ ਦਿੱਤਾ। ਉਸ ਪਿੱਛੋਂ ਉਹ **50,000** ਘੋੜਸਵਾਰ ਤੇ ਪਿਆਦੇ ਤੇ **400** ਤੋਪਾਂ ਲੈ ਕੇ ਲਾਹੌਰ ਵੱਲ ਤੁਰ ਪਿਆ। ਰਾਵੀ ਪਾਰ ਕਰਕੇ ਉਸਨੇ ਲਾਹੌਰ ਤੋਂ **12** ਕੋਹ ਦੂਰ ਸ਼ਾਹ ਦੌਲਾ ਦੇ ਪੁਲ ਉਪਰ ਜਾ ਮੋਰਚਾ ਲਾਇਆ।

ਅਹਿਮਦ ਸ਼ਾਹ ਅਬਦਾਲੀ ਇਕ ਹੁਸ਼ਿਆਰ ਤੇ ਤਜਰਬਾਕਾਰ ਸੈਨਾਪਤੀ ਸੀ। ਉਸਨੇ ਇਹ ਖੇਡ ਖੇਡੀ ਕਿ ਮੀਰ ਮੰਨੂੰ ਦੀ ਸੈਨਾ ਦੇ ਪਿੱਛੇ ਪਿੱਛੇ ਜਾ ਕੇ ਚੁੱਪਚਾਪ ਰਾਵੀ ਪਾਰ ਕੀਤੀ ਤੇ ਸ਼ਾਲੀਮਾਰ ਬਾਗ ਵਿਚ ਆ ਪਹੁੰਚਿਆ।

ਜਦੋਂ ਮੀਰ ਮੰਨੂੰ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਝੱਟ ਵਾਪਸ ਆਇਆ ਤੇ ਲਾਹੌਰ ਦੀ ਸੁਰੱਖਿਆ ਕੰਧ ਦੇ ਬਾਹਰ–ਵਾਰ ਮੋਰਚੇ ਬਣਵਾ ਕੇ ਬੈਠ ਗਿਆ।

ਲਾਹੌਰ ਦੀ ਇਹ ਘੇਰਾਬੰਦੀ ਚਾਰ ਮਹੀਨੇ ਤਕ ਚੱਲੀ। ਅਬਦਾਲੀ ਕੋਲ ਤੋਪਾਂ ਨਹੀਂ ਸਨ। ਇਸ ਲਈ ਉਸਨੇ ਹਮਲਾ ਨਹੀਂ ਕੀਤਾ। ਮੰਨੂੰ ਇਹ ਆਸ ਲਈ ਕਿ ਦਿੱਲੀ ਤੋਂ ਮਦਦ ਆਵੇਗੀ, ਮੋਰਚਾ–ਬੰਦੀ ਕਰੀ ਬੈਠਾ ਰਿਹਾ। ਘੇਰਾ ਬੰਦੀ ਦੇ ਲਮਕਾਅ ਦਾ ਸਿੱਟ ਇਹ ਨਿਕਲਿਆ ਕਿ ਅਫਗਾਨ ਫੌਜਾਂ ਨੇ ਲਾਹੌਰ ਦੇ ਆਲੇ ਦੁਆਲੇ ਚਾਲੀ ਮੀਲ ਤਕ ਦਾ ਇਲਾਕਾ ਉਜਾੜ ਦਿੱਤਾ। ਨੌਬਤ ਇਹ ਆਈ ਇਸ ਇਲਾਕੇ ਰਾਤ ਨੂੰ ਦੀਵਾ ਤਕ ਬਲਨੋਂ ਹਟ ਗਿਆ। ਅਨਾਜ ਤੇ ਚਾਰਾ ਲੱਭਿਆਂ ਨਹੀਂ ਸੀ ਲੱਭਦਾ। ਦੋਹਾਂ ਧਿਰਾਂ ਕੋਲ ਰਸਦ ਦੀ ਭਾਰੀ ਕਿੱਲਤ ਹੋ ਗਈ। ਲਾਹੌਰ ਸ਼ਹਿਰ ਵਿਚ ਅਨਾਜ ਰੁਪਏ ਦਾ ਦੋ ਸੇਰ ਵਿਕਣ ਲੱਗਾ। ਘੋੜਿਆਂ ਨੂੰ ਪੁਰਾਣੀਆਂ ਝੁੱਗੀਆਂ ਝੌਂਪੜੀਆਂ ਢਾਹ ਕੇ, ਉਹਨਾਂ ਦੀਆਂ ਛੱਤਾਂ ਦਾ ਫੂਸ ਤੇ ਸਰਕੰਡਾ ਖਵਾਉਣਾ ਪਿਆ।

ਭੁੱਖ ਹੱਥੋਂ ਪ੍ਰਸ਼ਾਨ ਹੋ ਕੇ ਮੀਰ ਮੰਨੂੰ ਨੇ ਹਮਾਲਾ ਕਰਨ ਦੀ ਸੋਚੀ ਤੇ 4 ਮਾਰਚ 1752 ਨੂੰ ਸਲਾਹ-ਮਸ਼ਵਰਾ ਕਰਨ ਲਈ ਯੁੱਧ-ਪ੍ਰੀਸ਼ਦ ਦੀ ਬੈਠਕ ਬੁਲਾਈ। ਉਸ ਵਿਚ ਦੋ ਰਾਵਾਂ ਸਨ। ਇਕ ਉਹਨਾਂ ਲੋਕਾਂ ਦੀ ਸੀ, ਜਿਹੜੇ ਤੁਰੰਤ ਆਰ-ਪਾਰ ਦੀ ਲੜਾਈ ਦੇ ਹੱਕ ਵਿਚ ਸਨ। ਮੀਰ ਮੰਨੂੰ ਦੀਵਾਨ ਕੌੜਾ ਮੱਲ ਦੀ ਗੱਲ ਦਾ ਸਭ ਤੋਂ ਵੱਧ ਵਿਸ਼ਵਾਸ ਕਰਦਾ ਸੀ, ਉਹ ਲੜਾਈ ਦੇ ਪੱਖ ਵਿਚ ਨਹੀਂ ਸਨ। ਉਹਨਾਂ ਦੀ ਰਾਏ ਸੀ ਕਿ 'ਸਾਡੇ ਵਧੇਰੇ ਸਿਪਾਹੀ ਇਧਰੋਂ ਉਧਰੋਂ ਇਕੱਠੇ ਕੀਤੇ ਹੋਏ ਹਨ। ਉਹ ਜੁਝਾਰੂ ਤੇ ਤਜਰਬਾਕਾਰ ਅਫਗਾਨਾਂ ਦੇ ਸਾਹਵੇਂ ਟਿਕ ਨਹੀਂ ਸਣਗੇ। ਆਸ ਪਾਸ ਦਾ ਸਾਰਾ ਇਲਾਕਾ ਲੁੱਟ-ਖੋਹ ਤੇ ਭੈ ਸਦਕਾ ਉਜਾੜ ਹੋ ਚੁੱਕਿਆ ਹੈ। ਰਸਦ ਦੀ ਕਮੀ ਤੇ ਭੁੱਖਮਰੀ ਦੁਸ਼ਮਣ ਦੇ ਖੇਮੇ ਵਿਚ ਵੀ ਹੋਏਗੀ। ਅਗਲੇ ਦਿਨਾਂ ਵਿਚ ਸ਼ਿੱਦਤ ਦੀ ਗਰਮੀ ਪੈਣ ਲੱਗ ਪਏਗੀ। ਅਬਦਾਲੀ ਦੇ ਸਿਪਾਹੀ ਉਸਨੂੰ ਸਹਾਰ ਨਹੀਂ ਸਕਦੇ, ਤਦ ਜਾਂ ਤਾਂ ਉਹ ਵਾਪਸ ਪਰਤ ਜਾਏਗਾ ਤੇ ਜਾਂ ਫੇਰ ਆਪ ਹੀ ਹਮਲਾ ਕਰੇਗਾ। ਇੰਜ ਸਾਡਾ ਪਲੜਾ ਭਾਰੀ ਹੋਏਗਾ। ਬਿਹਤਰ ਇਹੀ ਹੈ ਕਿ ਤਦ ਤਕ ਇੰਤਜ਼ਾਰ ਕੀਤਾ ਜਾਏ।' ਇਹ ਰਾਏ ਬਿਲਕੁਲ ਦਰੁਸਤ ਸੀ। ਪਰ ਅਦੀਨਾ ਬੇਗ ਨੇ ਹਰ ਹਾਲ ਵਿਚ ਦੀਵਾਨ ਕੌੜਾ ਮੱਲ ਦਾ ਵਿਰੋਧ ਕਰਨਾ ਸੀ ਤੇ ਇਸ ਵਿਰੋਧ ਪਿੱਛੇ ਉਸਦਾ ਆਪਣਾ ਇਕ ਮੰਸ਼ਾ ਸੀ, ਜਿਹੜਾ ਕੌੜਾ ਮੱਲ ਨੂੰ ਰਸਤੇ 'ਚੋਂ ਹਟਾਅ ਕੇ ਤੇ ਮੰਨੂੰ ਨੂੰ ਹਰਾ ਕੇ ਹੀ ਪੂਰਾ ਹੋ ਸਕਦਾ ਸੀ।

“ਮੋਰਚਿਆਂ ਵਿਚ ਬੈਠ ਕੇ ਭੁੱਖੇ ਮਰ ਜਾਣਾ ਨਾ ਅਕਲਮੰਦੀ ਹੈ ਤੇ ਨਾ ਹੀ ਬਹਾਦਰੀ।” ਅਦੀਨਾ ਬੇਗ ਨੇ ਆਪਣਾ ਵਿਰੋਧੀ ਤਰਕ ਪੇਸ਼ ਕੀਤਾ। “ਅਬਦਾਲੀ ਦੀ ਚਾਲ ਵੀ ਇਹੀ ਹੈ ਕਿ ਅਸੀਂ ਭੁੱਖ ਤੋਂ ਤੰਗ ਆ ਕੇ ਹਥਿਆਰ ਸੁੱਟ ਦੇਈਏ। ਉਸ ਵਿਚ ਹੌਂਸਲਾ ਹੁੰਦਾ ਤਾਂ ਹੁਣ ਤਕ ਹਮਲਾ ਨਾ ਕਰ ਦੇਂਦਾ? ਕਿਉਂ ਨਾ ਅਸੀਂ ਦੁਸ਼ਮਣ ਦੀ ਕਮਜ਼ੋਰੀ ਦਾ ਫਾਇਦਾ ਉਠਾਈਏ ਤੇ ਉਸਦੇ ਹਰ ਇਰਾਦੇ ਨੂੰ ਧੂੜ ਵਿਚ ਰਲਾਅ ਦੇਈਏ।”

ਮਾਣੂਪਰ ਦੀ ਲੜਾਈ ਵਿਚ ਅਦੀਨਾ ਬੇਗ ਅਬਦਾਲੀ ਦੇ ਵਿਰੁੱਧ ਬੜੀ ਬਹਾਦਰੀ ਨਾਲ ਲੜਿਆ ਸੀ, ਮੀਰ ਮੰਨੂੰ ਨੂੰ ਇਹ ਗੱਲ ਅਜੇ ਤਕ ਨਹੀਂ ਸੀ ਭੁੱਲੀ। ਉਸਨੂੰ ਆਪਣੀ ਤਾਕਤ ਉੱਤੇ ਮਾਣ ਸੀ ਤੇ ਉਹ ਅਬਦਾਲੀ ਨਾਲ ਦੋ ਦੋ ਹੱਥ ਕਰਨ ਲਈ ਕਾਹਲਾ ਵੀ ਪੈ ਚੁੱਕਿਆ ਸੀ, ਇਸ ਲਈ ਅਦੀਨਾ ਬੇਗ ਦੀਆਂ ਗੱਲਾਂ ਵਿਚ ਆ ਗਿਆ ਤੇ ਉਸਨੇ ਆਪਣੀ ਫੌਜ ਨੂੰ ਮੋਰਚਿਆਂ ਵਿਚੋਂ ਨਿਕਲ ਕੇ ਅੱਗੇ ਵਧਣ ਦਾ ਹੁਕਮ ਦੇ ਦਿੱਤਾ।

ਮਕਬੂਲ ਬੂਟੀ ਦੇ ਨੇੜੇ ਘਮਾਸਾਨ ਦਾ ਯੁੱਧ ਹੋਇਆ। ਜਦੋਂ ਮੀਰ ਮੰਨੂੰ ਭਾਰੀ ਨੁਕਸਾਨ ਖਾ ਕੇ ਪਿੱਛੇ ਹਟ ਰਿਹਾ ਸੀ ਤਾਂ ਦੀਵਾਨ ਕੌੜਾ ਮੱਲ ਉਸਦੀ ਮਦਦ ਲਈ ਆ ਪਹੁੰਚਿਆ ਅਦੀਨਾ ਬੇਗ ਨੇ ਆਪਣੇ ਇਕ ਖਾਸ ਸਰਦਾਰ ਵਾਜਿਦ ਖਾਂ ਕਸੂਰੀ ਨੂੰ ਇਸ਼ਾਰਾ ਕੀਤਾ ਕਿ ਉਸਦਾ ਕੰਮ ਤਮਾਮ ਕਰ ਦਿਓ। ਵਾਜਿਦ ਖਾਂ ਨੇ ਪਿੱਛੋਂ ਦੀ ਗੋਲੀ ਚਲਾਈ। ਕੌੜਾ ਮੱਲ ਧਰਤੀ ਉੱਤੇ ਡਿੱਗ ਕੇ ਥਾਵੇਂ ਢੇਰ ਹੋ ਗਿਆ। ਨਾਲ ਦੀ ਨਾਲ ਅਦੀਨਾ ਬੇਗ ਨੇ ਇਕ ਹੋਰ ਖੇਡ ਖੇਡੀ ਕਿ ਆਪਣੀ ਫੌਜ ਪਿੱਛੇ ਹਟਾਅ ਲਈ। ਸਿੱਟਾ ਇਹ ਹੋਇਆ ਕਿ ਮੁਗਲ ਸੈਨਾ ਵਿਚ ਭਗਦੜ ਮੱਚ ਗਈ। ਮੰਨੂੰ ਲਈ ਹਥਿਆਰ ਸੁੱਟਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਿਹਾ।

ਅਗਲੀ ਦਿਨ ਮੰਨੂੰ ਬੜੀ ਸ਼ਾਨ ਤੇ ਹੌਂਸਲੇ ਨਾਲ ਅਬਦਾਲੀ ਦੇ ਤੰਬੂ ਵਿਚ ਪਹੁੰਚਿਆ। ਉਸਦੇ ਨਾਲ ਸਿਰਫ ਤਿੰਨ ਜਣੇ ਸਨ। ਉਸਨੇ ਆਪਣਾ ਸਾਫਾ ਗਲੇ ਵਿਚ ਲਮਕਾਇਆ ਹੋਇਆ ਸੀ ਜਿਹੜਾ ਹਾਰ ਮੰਨ ਲੈਣ ਦਾ ਪ੍ਰਤੀਕ ਸੀ। ਉਹ ਆਪਣੇ ਨਾਲ ਕੁਝ ਵਧੀਆਂ ਨਸਲ ਦੇ ਘੋੜੇ, ਨਕਦੀ ਤੇ ਖਿਲਅਤ ਦਾ ਤੋਹਫਾ ਵੀ ਲੈ ਕੇ ਗਿਆ ਸੀ।

ਸ਼ਾਹ ਵਲੀ ਖਾਂ ਤੇ ਜਹਾਨ ਖਾਂ ਅਫਗਾਨ ਸਰਦਾਰਾਂ ਨੇ ਉਸਨੂੰ ਅਬਦਾਲੀ ਦੇ ਸਾਹਮਣੇ ਪੇਸ਼ ਕਰ ਦਿੱਤਾ। ਮੰਨੂੰ ਦਾ ਆਤਮ ਵਿਸ਼ਵਾਸ ਉਸਦੇ ਚਿਹਰੇ ਵਿਚ ਝਲਕ ਰਿਹਾ ਸੀ, ਜਿਵੇਂ ਕਹਿ ਰਿਹਾ ਹੋਏ, 'ਹਾਰ ਗਏ ਤਾਂ ਕੀ ਹੋਇਆ,

ਮੁਕਾਬਲਾ ਤਾਂ ਯਾਰਾਂ ਨੇ ਵੀ ਖੂਬ ਕੀਤੈਂ। ਅਬਦਾਲੀ ਉਸਦੇ ਹਾਵ ਭਾਵ ਤੇ ਪ੍ਰਭਾਵਸ਼ਾਲੀ ਤੇਵਰ ਦੇਖ ਕੇ ਬੜਾ ਪ੍ਰਭਾਵਤ ਹੋਇਆ।

“ਤੁਸਾਂ ਪਹਿਲਾਂ ਹਥਿਆਰ ਕਿਉਂ ਨਾ ਸੁੱਟੇ ਬਈ?” ਅਬਦਾਲੀ ਨੇ ਮੰਨੂੰ ਦੇ ਚਿਹਰੇ ਉੱਤੇ ਨਜ਼ਰਾਂ ਗੱਡ ਕੇ ਪੁੱਛਿਆ।

“ਅਸਾਂ ਆਪਣੇ ਆਕਾ ਦੀ ਨੌਕਰੀ ਕਰ ਰਹੇ ਸਾਂ।” ਮੰਨੂੰ ਨੇ ਉਤਰ ਦਿੱਤਾ।

“ਤੁਹਾਡਾ ਆਕਾ ਤੁਹਾਡੀ ਮਦਦ ਲਈ ਕਿਉਂ ਨਹੀਂ ਆਇਆ?”

“ਉਹ ਸਮਝਦੇ ਨੇ, ਤੁਹਾਡੇ ਮੁਕਾਬਲੇ ਲਈ ਉਹਨਾਂ ਦਾ ਇਹ ਖਾਦਿਮ (ਸੇਵਕ) ਹੀ ਕਾਫੀ ਹੈ।”

“ਹੁਣ ਤੁਸੀਂ ਲੋਕ ਮੇਰੇ ਰਹਿਮ ਉੱਤੇ ੳ, ਮੈਂ ਤੁਹਾਡੇ ਨਾਲ ਕੀ ਸਲੂਕ ਕਰਾਂ?”

“ਜੇ ਤੁਸੀਂ ਵਪਾਰੀ ੳ ਤਾਂ ਸਾਨੂੰ ਵੇਚ ਦਿਓ (ਫਿਰੌਤੀ ਲੈ ਲਵੋ), ਜੇ ਕਸਾਈ ੳ ਤਾਂ ਕਤਲ ਕਰ ਦਿਓ ਤੇ ਜੇ ਬਾਦਸ਼ਾਹ ੳ ਤਾਂ ਮੁਆਫ਼ ਕਰ ਦਿਓ।”

“ਤੁਹਾਡੇ ਉਪਰ ਖ਼ੁਦਾ ਦਾ ਫ਼ਜ਼ਲ ਏ। ਜਾਓ ਮੈਂ ਤੁਹਾਨੂੰ ਮੁਆਫ਼ ਕੀਤਾ।”

ਤੇ ਅਬਦਾਲੀ ਨੇ ਉਸਨੂੰ ਗਲ਼ੇ ਲਾ ਲਿਆ। ਫਰਜੰਦ ਖਾਂ ਰੁਸਤਮੇਂ ਹਿੰਦ ਦਾ ਖਿਤਾਬ ਦਿੱਤਾ। ਖਿਲਅਤ ਵਾਪਸ ਕਰ ਦਿੱਤੀ ਤੇ ਜਿਹੜੀ ਪਗੜੀ ਆਪ ਬੰਨ੍ਹੀਂ ਹੋਈ ਸੀ, ਉਸਦੇ ਸਿਰ ਉੱਤੇ ਰੱਖ ਦਿੱਤੀ ਤੇ ਆਪਣੇ ਵੱਲੋਂ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ।

ਮੰਨੂੰ ਨੇ ਅਬਦਾਲੀ ਨੂੰ ਬੇਨਤੀ ਕੀਤੀ ਕਿ ਮੇਰੇ ਸਿਪਾਹੀਆਂ ਨੂੰ ਵੀ ਮੁਆਫ਼ ਕਰ ਦਿਓ ਕਿਉਂਕਿ ਉਹ ਮੇਰੇ ਹੁਕਮ ਨਾਲ ਲੜੇ ਹਨ, ਇਸ ਲਈ ਬੇਕਸੂਰ ਹਨ। ਅਬਦਾਲੀ ਨੇ ਉਸਦੀ ਬੇਨਤੀ ਮੰਜ਼ੂਰ ਕਰ ਲਈ। ਜਿੰਨੇ ਮੁਗਲ ਸੈਨਕ ਕੈਦੀ ਬਣਾਏ ਸਨ, ਸਾਰਿਆਂ ਨੂੰ ਰਿਹਾਅ ਕਰ ਦਿੱਤਾ ਤੇ ਆਪਣੇ ਸਿਪਾਹੀਆਂ ਨੂੰ ਕਿਹਾ

ਸ਼ਹਿਰ ਨੂੰ ਲੁੱਟਿਆ ਨਾ ਜਾਏ।

ਮੰਨੂੰ ਨੇ ਜਿੰਨਾਂ ਰੁਪਈਆਂ ਸੰਭਵ ਹੋ ਸਕਿਆ, ਇਕੱਠਾ ਕਰਕੇ ਅਬਦਾਲੀ ਨੂੰ ਦੇ ਦਿੱਤਾ ਤੇ ਕਿਲੇ ਦੀਆਂ ਚਾਬੀਆਂ ਵੀ ਉਸਦੇ ਹਵਾਲੇ ਕਰ ਦਿੱਤੀਆਂ।

ਫੇਰ ਦੋਹਾਂ ਵਿਚਕਾਰ ਜਿਹੜੀ ਸੰਧੀ ਹੋਈ, ਉਸ ਦੀਆਂ ਸ਼ਰਤਾਂ ਅਨੁਸਾਰ ਲਾਹੌਰ ਤੇ ਮੁਲਤਾਨ ਦੋਹੇਂ ਸੂਬੇ ਦੁਰਾੱਨੀ ਰਾਜ ਵਿਚ ਸ਼ਾਮਲ ਕਰ ਦਿੱਤੇ ਗਏ।

ਅਹਿਮਦ ਸ਼ਾਹ ਅਬਦਾਲੀ ਨੇ ਇਸ ਸੰਧੀ ਨੂੰ ਮੰਜ਼ੂਰ ਕਰਵਾਉਣ ਖਾਤਰ, ਆਪਣੇ ਇਕ ਵਿਸ਼ੇਸ਼ ਦੂਤ ਕਲੰਦਰ ਬੇਗ ਦੇ ਹੱਥ, ਬਾਦਸ਼ਾਹ ਕੋਲ ਦਿੱਲੀ ਭੇਜ ਦਿੱਤਾ। ਬਾਦਸ਼ਾਹ ਨੇ ਉਸ ਉਪਰ ਮੋਹਰ ਲਾ ਦਿੱਤੀ। ਇੰਜ ਲਾਹੌਰ ਤੇ ਮੁਲਤਾਨ, ਦੋ ਮਹੱਤਵ ਪੂਰਨ ਸਰਹੱਦੀ ਇਲਾਕੇ, ਮੁਗਲਾਂ ਦੇ ਹੱਥੋਂ ਨਿਕਲ ਕੇ ਅਬਦਾਲੀ ਦੇ ਹੱਥ ਵਿਚ ਚਲੇ ਗਏ।

ਉਹਨਾਂ ਚਾਰ ਮਹੀਨਿਆਂ ਵਿਚ ਜਦੋਂ ਮੀਰ ਮੰਨੂੰ ਤੇ ਉਸਦੇ ਫੌਜਦਾਰ ਅਹਿਮਦ ਸ਼ਾਹ ਅਬਦਾਲੀ ਨਾਲ ਉਲਝੇ ਹੋਏ ਸਨ, ਸਿੱਖਾਂ ਨੂੰ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਮਿਲਿਆ ਤੇ ਉਹਨਾਂ ਨੇ ਆਪਣੀ ਆਜ਼ਾਦੀ ਲਈ ਯਤਨ ਸ਼ੁਰੂ ਕਰ ਦਿੱਤੇ। ਉਹਨਾਂ ਦੁਆਬਾ-ਬਾਰੀ ਤੇ ਦੁਆਬਾ-ਜਲੰਧਰ ਵਿਚ ਉਥਲ-ਪੁਥਲ ਮਚਾ ਦਿੱਤੀ। ਜਿਹੜੇ ਤਅਸੁਬੀ ਸੱਯਦ ਅਤੇ ਪੀਰਜਾਦੇ ਸਿੱਖਾਂ ਉਪਰ ਜੁਲਮ ਕਰਨ ਦੇ ਜ਼ਿੰਮੇਵਾਰ ਸਨ, ਉਹਨਾਂ ਤੋਂ ਗਿਣ-ਗਿਣ ਕੇ ਬਦਲੇ ਲਏ ਗਏ। ਫੇਰ ਉਹਨਾਂ ਨੇ ਸਤਲੁਜ ਪਾਰ ਕੀਤਾ ਤੇ ਸਰਹਿੰਦ, ਥਾਨੇਸਰ ਤੇ ਜੀਂਦ ਦੇ ਇਲਾਕੇ ਨੂੰ ਬਰਬਾਦ ਕਰਕੇ ਸੋਨੀਪਤ ਤੇ ਪਾਣੀਪਤ ਦੇ ਹਾਕਮ ਕਾਮਗਾਰ ਨਾਲ ਜਾ ਟੱਕਰ ਲਈ। ਕਾਮਗਾਰ ਨੇ ਉਹਨਾਂ ਨੂੰ ਅੱਗੇ ਵਧਣ ਤੋਂ ਰੋਕਿਆ ਤੇ ਕਾਫੀ ਨੁਕਸਾਨ ਪਹੁੰਚਾ ਕੇ ਪਿੱਛੇ ਧਕੇਲ ਦਿੱਤਾ।

ਦਲ ਖਾਲਸਾ ਦਾ ਇਕ ਟੋਲਾ ਚੜ੍ਹਤ ਸਿੰਘ ਸ਼ੁਕਰਚੱਕੀਆ ਦੀ ਕਮਾਨ ਵਿਚ ਦੁਆਬਾ-ਰਚਨਾ ਦੇ ਦੁਆਬਾ-ਚੱਜ ਵਿਚ ਜਾ ਦਾਖਲ ਹੋਇਆ ਤੇ ਉਸ ਨੇ ਜਿਹਲਮ ਪਾਰ ਕਰਕੇ ਸੱਯਦ ਬਸਰਾ ਤਕ ਦੇ ਪੂਰੇ ਇਲਾਕੇ ਨੂੰ ਆਪਣੇ ਕਬਜੇ ਵਿਚ ਕਰ ਲਿਆ। ਗੁਜਰਾਤ ਦੇ ਰਾਕਖੜ ਸਰਦਾਰ ਮਕਰਨ ਨਾਲ ਟੱਕਰ ਲਈ ਤੇ ਆਪਣੇ ਚਨਾਬ ਪਾਰ ਦੇ ਇਲਾਕੇ ਛੱਡ ਦੇਣ ਲਈ ਮਜ਼ਬੂਰ ਕਰ ਦਿੱਤਾ।

ਇੰਜ ਬਹੁਤ ਸਾਰਾ ਧਨ ਸਿੱਖਾ ਦੇ ਹੱਥ ਲੱਗਿਆ ਤੇ ਬਹੁਤ ਸਾਰੇ ਨੌਜਵਾਨ ਦਲ -ਖਾਲਸਾ ਵਿਚ ਭਰਤੀ ਹੋਏ।

ਅਹਿਮਦ ਸ਼ਾਹ ਅਬਦਾਲੀ ਦੇ ਨਾਲ ਸੁਲਾਹ ਹੋ ਜਾਣ ਪਿੱਛੋਂ ਬਾਹਰੀ ਹਮਲੇ ਦਾ ਖਤਰਾ ਟਲ ਗਿਆ ਤੇ ਦਿੱਲੀ ਦਾ ਦਖਲ ਵੀ ਖਤਮ ਹੋ ਗਿਆ। ਪਰ ਸਿੱਖਾਂ ਦਾ ਖਤਰਾ ਵਧ ਗਿਆ ਸੀ। ਮੀਰ ਮੰਨੂੰ ਲਈ ਹੁਣ ਉਹੀ ਸਭ ਤੋਂ ਵੱਡੀ ਤੇ ਸਭ ਤੋਂ ਪਹਿਲੀ ਸਮੱਸਿਆ ਸਨ। ਦੀਵਾਨ ਕੌੜਾ ਮੱਲ ਦੇ ਲੜਾਈ ਵਿਚ ਮਾਰੇ ਜਾਣ ਪਿੱਛੋਂ ਸਿੱਖਾਂ ਦਾ ਕੋਈ ਹਮਦਰਦ ਵੀ ਨਹੀਂ ਸੀ ਰਹਿ ਗਿਆ। ਮੀਰ ਮੰਨੂੰ ਨੂੰ ਉਹਨਾਂ ਦੇ ਪਿੱਛਲੇ ਕਾਰਨਾਮੇ ਯਾਦ ਆਏ ਤੇ ਸਮਝ ਲਿਆ ਕਿ ਉਹਨਾਂ ਲਈ ਜਾਗੀਰ ਦੇ ਲਾਲਚ ਦਾ ਕੋਈ ਮੰਤਕ ਨਹੀਂ। ਉਹਨਾਂ ਦਾ ਮੁੱਖ ਮੰਤਵ ਆਜ਼ਾਦੀ ਪ੍ਰਾਪਤ ਕਰਨਾ ਹੈ ਤੇ ਜਦੋਂ ਤਕ ਆਜ਼ਾਦੀ ਪ੍ਰਾਪਤ ਨਹੀਂ ਕਰ ਲੈਂਦੇ, ਉਹ ਚੁੱਪ ਬੈਠਣ ਵਾਲੇ ਨਹੀਂ। ਪੰਜਾਬ ਵਿਚ ਰਾਜ ਕਰਨਾ ਹੈ ਤਾਂ ਸਿੱਖਾਂ ਨੂੰ ਖਤਮ ਕਰਨਾ ਹੀ ਪਏਗਾ। ਇਹ ਦੋਹਾਂ ਲਈ ਜ਼ਿੰਦਗੀ ਮੌਤ ਦੀ ਲੜਾਈ ਹੈ, ਸੁਲਾਹ ਸਮਝੌਤੇ ਸਭ ਅਸਥਾਈ ਨੇ।

ਮੀਰ ਮੰਨੂੰ ਨੇ ਸਿੱਖਾਂ ਨੂੰ ਦਿੱਤੀ ਹੋਈ ਜਾਗੀਰ ਜਬਤ ਕਰਕੇ 1748 ਵਾਲਾ ਹੁਕਮ ਫੇਰ ਜਾਰੀ ਕਰ ਦਿੱਤਾ ਕਿ ਸਿੱਖ ਜਿੱਥੇ ਵੀ ਮਿਲੇ, ਫੜ੍ਹ ਕੇ ਲਾਹੌਰ ਭੇਜ ਦਿੱਤਾ ਜਾਏ। ਪਿੰਡਾਂ ਦੇ ਚੌਧਰੀਆਂ ਤੇ ਪਹਾੜੀ ਇਲਾਕਿਆਂ ਦੇ ਰਾਜਿਆਂ ਨੂੰ ਸਖਤ ਹਦਾਇਤਾਂ ਕਰ ਦਿੱਤੀਆਂ ਗਈਆਂ ਤੇ ਹਰ ਪਾਸੇ ਗਸ਼ਤੀ ਫੌਜ ਭੇਜ ਦਿੱਤੀ ਗਈ। ਦਮਨ ਦਾ ਮੁਕਾਬਲਾ ਕਰਦੇ ਹੋਏ ਸਿੱਖ ਵੀ ਖਾਸੇ ਹੁਸ਼ਿਆਰ ਤੇ ਚੁਕੰਨੇ ਹੋ

ਚੁੱਕੇ ਸਨ। ਸਰਕਾਰੀ ਗਤੀਵਿਧੀਆਂ ਦੀ ਖਬਰ ਉਹਨਾਂ ਤਕ ਪਹੁੰਚਦੀ ਰਹਿੰਦੀ ਸੀ। ਲਾਹੌਰ ਤੋਂ ਗਸ਼ਤੀ ਫੌਜ ਦੇ ਰਵਾਨਾ ਹੁੰਦਿਆਂ ਹੀ ਸਿੰਘ ਪਿੰਡਾਂ ਵਿਚੋਂ ਨਿਕਲ ਕੇ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਜਾ ਪਹੁੰਚੇ।

ਸਿੰਘਾਂ ਦਾ ਇਹ ਸੱਤਵਾਂ ਕਤਲੇਆਮ ਸੀ। ਪਹਿਲਾ ਬਾਦਸ਼ਾਹ ਬਹਾਦੁਰ ਸ਼ਾਹ ਦੇ ਸਮੇਂ 1710 ਤੋਂ 1712 ਤਕ, ਦੂਜਾ ਫਰੁੱਖਸੀਅਰ ਤੇ ਅਬਦੁੱਲ ਸਮਦ ਦੇ ਸਮੇਂ, ਤੀਜਾ ਨਵਾਬ ਜ਼ਕਰੀਆ ਖਾਂ ਦੇ ਸਮੇਂ 1726 ਤੋਂ 1735 ਤਕ, ਚੌਥਾ ਵੀ ਜ਼ਕਰੀਆ ਖਾਂ ਦੇ ਸਮੇਂ 1739 ਤੋਂ 1745 ਤਕ, ਪੰਜਵਾਂ ਫੇਰ ਜ਼ਕਰੀਆ ਖਾਂ ਦੇ ਸਮੇਂ 1745 ਤੋਂ 1746 ਤਕ, ਛੇਵਾਂ ਮੀਰ ਮੰਨੂੰ ਦੇ ਸਮੇਂ 1748 ਵਿਚ ਤੇ ਹੁਣ ਸੱਤਵਾਂ ਵੀ ਮੀਰ ਮੰਨੂੰ ਦੇ ਹੱਥੋਂ ਸ਼ੁਰੂ ਹੋਇਆ।

ਇਹ ਸੱਤਵਾਂ ਕਤਲੇਆਮ ਪਹਿਲੇ ਛੇ ਕਤਲੇਆਮਾਂ ਨਾਲੋਂ ਕਿਤੇ ਵੱਧ ਭਿਆਨਕ ਤੇ ਬੜਾ ਹੀ ਵਿਸ਼ਾਲ ਸੀ। ਮੰਨੂੰ ਨੇ ਸਿੱਖਾਂ ਦਾ ਬੀਜ ਨਾਸ ਕਰਨ ਦੀ ਧਾਰ ਲਈ ਸੀ। ਇਸ ਕਤਲੇਆਮ ਵਿਚ ਰਾਠ, ਗੁਰਮੁਖ ਤੇ ਚਕਰੈਲ ਦਾ ਭੇਦ ਖਤਮ ਹੋਇਆ ਹੋ ਹੋਇਆ,ਬੁੱਢਿਆਂ, ਬੱਚਿਆਂ ਤੇ ਨਿਰਦੋਸ਼ ਔਰਤਾਂ ਨੂੰ ਵੀ ਨਹੀਂ ਛੱਡਿਆ ਗਿਆ। ਏਨੇ ਸਿੱਖ ਕਤਲ ਕੀਤੇ ਗਏ ਕਿ ਉਹਨਾਂ ਦੇ ਸਿਰਾਂ ਨਾਲ ਕਈ ਖੂਹ ਭਰ ਗਏ। ਇਸ ਕਤਲੇਆਮ ਦੀ ਹੋਰ ਕੋਈ ਉਦਾਹਰਨ ਨਹੀਂ ਮਿਲਦੀ। ਸਿੱਖਾਂ ਦਾ ਜੋ ਪ੍ਰਤੀਕਰਮ ਸੀ, ਉਹ ਵੀ ਆਪਣੇ ਆਪ ਵਿਚ ਇਕ ਉਦਾਹਰਨ ਹੀ ਹੈ,ਉਸਦੀ ਵੀ ਕੋਈ ਹੋਰ ਮਿਸਾਲ ਨਹੀਂ ਮਿਲਦੀ,

'ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।

ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।।'

ਕਿੱਡਾ ਵੱਡਾ ਸਿਰੜ ਸੀ, ਕਿੱਡੇ ਕਿੱਡੇ ਹੌਂਸਲੇ ਸਨ। ਦੁੱਖ ਝੱਲ ਝੱਲ ਕੇ ਦੁੱਖ ਤੇ ਸੁਖ ਦਾ ਅੰਤਰ ਹੀ ਮਿਟ ਗਿਆ ਸੀ। ਉਸਦੀ ਜਗ੍ਹਾ ਮੌਤ ਨਾਲ ਕਲੋਲਾਂ ਕਰਨ ਵਾਲੇ ਹੌਂਸਲੇ ਨੇ ਲੈ ਲਈ ਸੀ। ਸੋਏ ਘਾਹ ਵਾਂਗ ਹੀ ਸਿੰਘਾਂ ਦੀਆਂ ਜੜਾਂ ਜਨਤਾ

ਵਿਚ ਸਨ। ਮੀਰ ਮੰਨੂੰ ਦੀ ਦਾਤਰੀ ਜਿੰਨਾਂ ਉਹਨਾਂ ਨੂੰ ਵੱਢਦੀ, ਉਹ ਓਨਾਂ ਹੀ ਵਧਦੇ ਸਨ। ਅਤਿਆਚਾਰ ਤੋਂ ਤੰਗ ਆਏ ਲੋਕ ਸਿਰਾਂ ਉੱਤੇ ਕਫਨ ਬੰਨ੍ਹ ਕੇ ਖਾਲਸਾ ਦਲ ਵਿਚ ਆ ਰਲਦੇ। ਘਰ ਬਾਰ ਖੁੱਸ ਗਏ ਤਾਂ ਕੀ ਸੀ, ਸ਼ਿਵਾਲਕ ਦੀਆਂ ਪਹਾੜੀਆਂ ਦੀ ਗੋਦ ਤਾਂ ਉਹਨਾਂ ਲਈ ਖੁੱਲ੍ਹੀ ਸੀ। ਉੱਥੇ ਉਹ ਆਜ਼ਾਦੀ ਤੇ ਅਣਖ ਨਾਲ ਵਿਚਰਦੇ ਸਨ। ਜਦੋਂ ਦਾਅ ਲੱਗਦਾ ਸੀ ਜਾਂ ਕੋਈ ਮੁਗਲ ਅਧਿਕਾਰੀਆਂ ਦੇ ਵਿਰੁੱਧ ਫਰਿਆਦ ਲੈ ਕੇ ਆਉਂਦਾ ਸੀ, ਜਾ ਹੱਲਾ ਬੋਲਦੇ ਸਨ। ਇਸ ਨਾਲ ਉਹਨਾਂ ਨੂੰ ਜਨਤਾ ਦੀ ਹਮਦਰਦੀ ਪ੍ਰਾਪਤ ਹੁੰਦੀ ਤੇ ਪਹਾੜਾਂ ਵਿਚ ਦਿਨ ਲੰਘਾਉਣ ਲਈ ਰਸਦ–ਪਾਣੀ ਵੀ ਜੁੜ ਜਾਂਦਾ।

1762 ਦੀ ਬਰਸਾਤ ਖਤਮ ਹੋਈ ਤਾਂ ਮੰਨੂੰ ਦਾ ਇਕ ਅਧਿਕਾਰੀ ਪੂਰਬ ਦੀਆਂ ਪਹਾੜੀ ਰਿਆਸਤਾਂ ਤੋਂ ਲਗਾਨ ਵਸੂਲਣ ਆਇਆ। ਉਸਨੇ ਏਨਾ ਜ਼ਿਆਦਾ ਲਗਾਨ ਮੰਗਿਆ, ਜਿੰਨਾਂ ਉਹ ਦੇ ਨਹੀਂ ਸਨ ਸਕਦੇ...ਤੇ ਫੇਰ ਉਸ ਨੇ ਏਨੀ ਸ਼ਕਤੀ ਵਰਤੀ ਕਤੋਚ, ਹਰੀਪਰ ਤੇ ਮੰਡੀ ਦੇ ਰਾਜਿਆਂ ਦੇ ਵਕੀਲ ਫਰਿਆਦ ਲੈ ਕੇ ਜੱਸਾ ਸਿੰਘ ਆਹਲੂਵਾਲੀਆ ਕੋਲ ਆਣ ਪਹੁੰਚੇ। ਸਿੰਘਾਂ ਨੂੰ ਹੋਰ ਕੀ ਚਾਹੀਦਾ ਸੀ, ਉਹ ਤਾਂ ਅਜਿਹੇ ਮੌਕੇ ਨੂੰ ਉਡੀਕਦੇ ਹੀ ਰਹਿੰਦੇ ਸਨ। ਜੱਸਾ ਸਿੰਘ ਕੁਝ ਹੋਰ ਸਰਦਾਰਾਂ ਨਾਲ ਨਦੌਣ ਆ ਪਹੁੰਚਿਆ, ਜਿੱਥੇ ਮੁਗਲਾਂ ਦੇ ਅਧਿਕਾਰੀ ਨੇ ਡੇਰੇ ਲਾਏ ਹੋਏ ਸਨ। ਉਹ ਵੀ ਅਗੋਂ ਤਿਆਰ ਸੀ। ਪਹਿਲੇ ਦਿਨ ਦੀ ਲੜਾਈ ਵਿਚ, ਛੇਤੀ ਰਾਤ ਪੈ ਜਾਣ ਕਾਰਨ, ਕੋਈ ਫੈਸਲਾ ਨਾ ਹੋ ਸਕਿਆ। ਅਗਲੀ ਸਵੇਰ ਹੁੰਦਿਆਂ ਹੀ ਸਿੰਘਾਂ ਨੇ ਫੇਰ ਉਸਨੂੰ ਜਾ ਲਲਕਾਰਿਆ। ਘਮਾਸਾਨ ਦੀ ਟੱਕਰ ਹੋਈ। ਜੱਸਾ ਸਿੰਘ ਨੇ ਮੁੱਖ ਅਧਿਕਾਰੀ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ। ਉਸਦੇ ਡਿੱਗਦਿਆਂ ਹੀ ਮੁਗਲ ਫੌਜ ਭੱਜ ਖੜ੍ਹੀ ਹੋਈ। ਖਾਲਸੇ ਦੀ ਜਿੱਤ ਹੋਈ ਤੇ ਪਾਹੜੀ ਰਾਜਿਆਂ ਨੂੰ ਸੁਖ ਦਾ ਸਾਹ ਮਿਲਿਆ। ਜੱਸਾ ਸਿੰਘ ਰਾਜਿਆਂ ਦੇ ਸ਼ੁਕਰਾਨੇ, ਨਜ਼ਰਾਨੇ ਲੈ ਕੇ ਆਨੰਦਪੁਰ ਪਰਤ ਆਇਆ।

ਜਦੋਂ ਮੀਰ ਮੰਨੂੰ ਨੂੰ ਨਦੌਣ ਦੀ ਹਾਰ ਦੀ ਖਬਰ ਮਿਲੀ, ਉਹ ਤੜਫ ਉਠਿਆ।

ਉਸਨੇ ਦੁਆਬਾ ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਤਾਕੀਦ ਕੀਤੀ ਕਿ ਉਹ ਸਿੱਖਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰੇ। ਮਕਬੂਲ ਬੂਟੀ ਦੀ ਲੜਾਈ ਵਿਚ ਉਸਦੇ ਗੱਦਾਰੀ ਭਰੇ ਰੱਵਈਏ ਕਾਰਨ ਮੰਨੂ ਦੇ ਦਿਲ ਵਿਚ ਜਿਹੜੀ ਮਾੜੀ ਭਾਵਨਾਂ ਪੈਦਾ ਹੋ ਗਈ ਸੀ, ਅਦੀਨਾ ਬੇਗ ਉਸਨੂੰ ਧੋ ਦੇਣਾ ਚਾਹੁੰਦਾ ਸੀ। ਦੂਜਾ ਸੀਮਾ ਦੇ ਇਲਾਕੇ ਵਿਚ ਸਿੰਘਾਂ ਦੀ ਤਾਕਤ ਦਾ ਵਧਣਾ ਨਾ ਸਿਰਫ ਮੰਨੂ ਲਈ ਬਲਕਿ ਖ਼ੁਦ ਉਸਦੇ ਲਈ ਵੀ ਖਤਰਨਾਕ ਸੀ। ਉਸਨੇ ਸਿੰਘਾਂ ਉਪਰ ਹਮਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ।

**18, 19** ਫਰਬਰੀ **1753** ਨੂੰ ਆਨੰਦਪੁਰ ਵਿਚ ਹੋਲੇ–ਮਹੱਲੇ ਦਾ ਮੇਲਾ ਸੀ। ਸਿੱਖ ਇਸ ਮੇਲੇ ਵਿਚ ਭਾਰੀ ਗਿਣਤੀ ਵਿਚ ਇਕੱਠੇ ਹੋਏ ਸਨ। ਉਹਨਾਂ ਵਿਚ ਬੁੱਢੇ, ਬੱਚੇ ਤੇ ਔਰਤਾਂ ਵੀ ਸਨ ਤੇ ਇਧਰ ਉਧਰ ਖਿੱਲਰੇ ਹੋਏ ਸਨ। ਲੜਾਈ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਮੇਲਾ, ਮੇਲਾ ਸੀ। ਅਦੀਨਾ ਬੇਗ ਤੇ ਸਦੀਕ ਬੇਗ ਨੇ ਅਚਾਨਕ ਹੱਲਾ ਬੋਲ ਦਿੱਤਾ। ਸਿੱਖਾਂ ਵਿਚ ਭਗਦੜ ਮੱਚ ਗਈ। ਜੱਸਾ ਸਿੰਘ ਆਹਲੂਵਾਲੀਆ ਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਨੂੰ ਇਸ ਦਾ ਪਤਾ ਲੱਗਿਆ ਤਾਂ ਉਹ ਮੁਕਾਬਲਾ ਕਰਨ ਆ ਪਹੁੰਚੇ, ਪਰ ਸਿੰਘ ਇਧਰ ਉਧਰ ਭੱਜ ਨਿਕਲੇ ਸਨ। ਉਹਨਾਂ ਨੂੰ ਲੜਾਈ ਲਈ ਇਕੱਠੇ ਕਰਨਾ ਅਸੰਭਵ ਸੀ। ਬਹੁਤ ਸਾਰੇ ਨਿਹੱਥੇ ਸਿੱਖ ਔਰਤਾਂ, ਬੱਚੇ ਤੇ ਬੁੱਢੇ ਸ਼ਹੀਦ ਹੋਏ ਤੇ ਅਨੇਕਾਂ ਫੱਟੜ। ਚੜ੍ਹਤ ਸਿੰਘ ਦੇ ਵੀ ਇਕ ਫੱਟ ਲੱਗਿਆ, ਜਿਹੜਾ ਕਾਫੀ ਡੂੰਘਾ ਸੀ ਪਰ ਛੇਤੀ ਹੀ ਉਹ ਠੀਕ ਹੋ ਗਿਆ।

ਕਸੂਰ ਦੇ ਪਠਾਨਾਂ ਨੇ ਮੀਰ ਮੋਮਿਨ ਖਾਂ ਤੇ ਹੁਸੈਨ ਬੇਗ ਦੀ ਅਗਵਾਨੀ ਵਿਚ ਸਿੱਖਾਂ ਵਿਰੁੱਧ ਦੋ ਮੁਹਿੰਮਾਂ ਚਲਾਈਆਂ। ਇਕ ਵਾਰੀ ਮੀਰ ਮੰਨੂ ਨੂੰ ਪਤਾ ਲੱਗਿਆ ਕਿ ਸਿੰਘ ਬਟਾਲੇ ਵਿਚ ਡੇਰਾ ਲਾਈ ਬੈਠੇ ਹਨ ਤੇ ਉਹਨਾਂ ਨੇ ਆਵਾਜਾਈ ਰੋਕ ਦਿੱਤੀ ਹੈ। ਉਸਦੇ ਹੁਕਮ ਨਾਲ ਸੱਯਦ ਜਮੀਉਲਦੀਨ ਤੇ ਬਖ਼ਸ਼ੀ ਗਾਜੀ ਖਾਂ ਬੇਗ ਨੇ ਉਹਨਾਂ ਦੇ ਖ਼ਿਲਾਫ਼ ਚੜ੍ਹਾਈ ਕਰ ਦਿੱਤੀ। ਸਿੰਘਾਂ ਨੇ

ਰਾਮ–ਰੌਣੀ ਵਿਚ ਜਾ ਸ਼ਰਨ ਲਈ। ਉਹਨਾਂ ਦੀ ਗਿਣਤੀ ਨੌਂ ਸੌ ਦੇ ਲਗਭਗ ਸੀ। ਉਹ ਸਾਰੇ ਦੇ ਸਾਰੇ ਕਤਲ ਕਰ ਦਿੱਤੇ ਗਏ।

ਲਾਹੌਰ ਵਿਚ ਵਾਪਸੀ ਸਮੇਂ ਮੀਰ ਮੰਨੂੰ ਨੇ ਸ਼ਹਿਰ ਤੋਂ ਸੱਤ ਕੋਹ ਦੇ ਫਾਸਲੇ ਉਪਰ ਰਾਵੀ ਕੰਢੇ ਡੇਰਾ ਲਾ ਦਿੱਤਾ। ਖਵਾਜ਼ਾ ਮਿਰਜ਼ਾ ਦੀ ਅਗਵਾਈ ਵਿਚ ਉੱਥੇ ਉੱਥੇ ਸੈਨਕ ਭੇਜੇ ਜਿੱਥੇ ਜਿੱਥੇ ਸਿੰਘਾਂ ਦੇ ਹੋਣ ਦੀ ਖਬਰ ਮਿਲੀ। ਖਵਾਜ਼ਾ ਹਰ ਰੋਜ਼ ਤੀਹ ਕੋਹ ਦੇ ਇਲਾਕੇ ਵਿਚ ਪੁੱਛ ਪੜਤਾਲ ਕਰਦਾ। ਜਿੱਥੇ ਵੀ ਸਿੱਖਾਂ ਦੇ ਹੋਣ ਦੀ ਸੂੰਹ ਮਿਲਦੀ, ਉਹ ਉਹਨਾਂ ਉਪਰ ਝਪਟਦਾ ਤੇ ਕਤਲ ਕਰ ਦਿੰਦਾ। ਜਿਹੜਾ ਵੀ ਸਿੱਖਾਂ ਨੂੰ ਗਿਰਫ਼ਤਾਰ ਕਰਕੇ ਲਿਆਉਂਦਾ, ਸਿਰ ਕੱਟ ਕੇ ਲਿਆਉਂਦਾ ਜਾਂ ਉਹਨਾਂ ਦੇ ਘੋੜੇ ਖੋਹ ਕੇ ਲਿਆਉਂਦਾ, ਉਸਨੂੰ ਇਨਾਮ ਮਿਲਦਾ। ਨਖਾਸ ਚੌਂਕ ਵਿਚ ਸਿੱਖਾਂ ਨੂੰ ਚਰਖੀਆਂ ਉਪਰ ਚੜ੍ਹਾ ਕੇ, ਕੋੜੇ ਮਾਰ ਮਾਰ ਕੇ ਜਾਂ ਕਈ ਕਿਸਮ ਦੇ ਹੋਰ ਤਸੀਹੇ ਦੇ ਕੇ ਮਾਰਿਆ ਜਾਂਦਾ। ਇਹਨਾਂ ਸਾਰੀਆਂ ਸਖਤੀਆਂ ਦਾ ਸਾਹਮਣਾ ਉਹਨਾਂ ਸਿੱਖਾਂ ਨੂੰ ਵੀ ਕਰਨਾ ਪੈਂਦਾ, ਜਿਹਨਾਂ ਨੂੰ ਅਦੀਨਾ ਬੇਗ ਦੁਆਬਾ ਜਲੰਧਰ ਦੇ ਇਲਾਕੇ ਵਿਚੋਂ ਫੜ੍ਹ ਕੇ ਭੇਜਦਾ ਸੀ।

ਸਿੱਖਾਂ ਦੇ ਘਰਾਂ ਨੂੰ ਆਦਮੀਆਂ ਤੋਂ ਖਾਲੀ ਦੇਖ ਕੇ ਔਰਤਾਂ ਤੇ ਬੱਚਿਆਂ ਨੂੰ ਫੜ੍ਹ ਲਿਆ ਜਾਂਦਾ, ਲਾਹੌਰ ਲਿਆਂਦਾ ਜਾਂਦਾ ਤੇ ਨਖਾਸ ਚੌਂਕ ਦੇ ਕੋਲ ਹੀ ਹਨੇਰੀਆਂ ਤੰਗ ਕੋਠੜੀਆਂ ਵਿਚ ਬੰਦਾ ਕਰ ਦਿੱਤਾ ਜਾਂਦਾ। ਖਾਣ ਲਈ ਪੌਣੀ ਰੋਟੀ ਮਿਲਦੀ ਤੇ ਹਰ ਰੋਜ਼ ਸਵਾ ਮਣ ਅਨਾਜ ਪਿਸਵਾਇਆ ਜਾਂਦਾ। ਇਹਨਾਂ ਔਰਤਾਂ ਵਿਚ ਭੂਪੇ ਦੀ ਮਾਂ ਸਤਵੰਤ ਕੌਰ ਵੀ ਸੀ। ਜਦੋਂ ਉਹਨਾਂ ਨੂੰ ਧਰਮ ਬਦਲਣ ਲਈ ਕਿਹਾ ਗਿਆ ਤਾਂ ਸਤਵੰਤ ਕੌਰ ਨੇ ਉਤਰ ਦਿੱਤਾ, "ਅਸੀਂ ਤੁਹਾਡੇ ਉਸ ਮਜਹਬ ਉੱਤੇ ਜਿਹੜਾ ਤੁਹਾਨੂੰ ਜੁਲਮ ਢਾਉਣਾ ਤੇ ਹੱਤਿਆਵਾਂ ਕਰਨਾ ਸਿਖਾਉਂਦਾ ਹੈ,ਥੂਹ–ਥੂਹ,ਸੌ ਵਾਰੀ ਥੁੱਕਦੇ ਹਾਂ।" ਉਹਨਾਂ ਦੇ ਦੁੱਧ ਪੀਂਦੇ ਬੱਚਿਆਂ ਦੇ ਟੋਟੇ–ਟੋਟੇ ਕਰਕੇ ਉਹਨਾਂ ਦੀਆਂ ਝੋਲੀਆਂ ਵਿਚ ਪਾ ਦਿੱਤਾ ਜਾਂਦਾ ਸੀ। ਫੇਰ ਵੀ ਉਹ ਅੜੀਆਂ ਰਹਿੰਦੀਆਂ ਤੇ ਸ਼ਾਂਤ–ਸਿੱਥਲ ਆਵਾਜ਼ ਵਿਚ ਕਹਿੰਦੀਆਂ, "ਅਸੀਂ ਇਹਨਾਂ ਨੂੰ

ਸ਼ਹੀਦ ਹੋਣ ਲਈ ਜੰਮਿਆਂ ਸੀ। ਚੰਗਾ ਹੈ, ਹੁਣੇ ਸ਼ਹੀਦ ਹੋ ਗਏ।"

ਔਰਤਾਂ ਤੇ ਬੱਚਿਆਂ ਉਪਰ ਜੁਲਮ ਹੁੰਦੇ ਦੇਖ ਕੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਭਲੇ ਮੁਸਲਮਾਨਾਂ ਨੇ ਵੀ ਇਸ ਦੇ ਖ਼ਿਲਾਫ਼ ਆਵਾਜ਼ ਉਠਾਈ ਪਰ ਮੰਨੂੰ ਦੇ ਕੰਨ ਉੱਤੇ ਜੂੰ ਨਾ ਸਰਕੀ।

ਸਿੱਖਾਂ ਦਾ ਇਹ ਕਤਲੇਆਮ **1753** ਤਕ ਬੜੇ ਜ਼ੋਰ–ਸ਼ੋਰ ਨਾਲ ਹੁੰਦਾ ਰਿਹਾ ਤੇ ਇਹ ਮੰਨੂੰ ਦੀ ਮੌਤ ਨਾਲ ਹੀ ਖਤਮ ਹੋਇਆ।

ਇਸ ਸਾਲ ਦੀਵਾਲੀ **26** ਅਕਤੂਬਰ ਦੀ ਸੀ। ਸਿੰਘ ਸਰਕਾਰੀ ਮੁਖ਼ਬਰਾਂ ਤੇ ਪਹਿਰੇਦਾਰਾਂ ਦੀ ਅੱਖ ਬਚਾਅ ਕੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਪਹੁੰਚ ਗਏ ਤੇ ਸਰੋਵਰ ਵਿਚ ਇਸ਼ਨਾਨ ਕਰਕੇ ਨੌਂ ਦੋ ਗਿਆਰਾਂ ਹੋ ਗਏ। ਇਹਨੀਂ ਦਿਨੀਂ ਮੀਰ ਮੰਨੂੰ ਖ਼ੁਦ ਫੌਜ ਲੈ ਕੇ ਸਿੱਖਾਂ ਦਾ ਸ਼ਿਕਾਰ ਕਰਨ ਜਾਂਦਾ ਹੁੰਦਾ ਸੀ। ਉਸ ਨੂੰ ਹਲਕਾਰਿਆਂ ਨੇ ਖਬਰ ਦਿੱਤੀ ਕਿ ਮਲਿਕਪੁਰ ਪਿੰਡ ਦੇ ਕੋਲ ਸਿੰਘ ਗੰਨੇ ਦੇ ਖੇਤਾਂ ਵਿਚ ਛੁਪੇ ਬੈਠੈ ਹਨ। ਮੀਰ ਮੰਨੂੰ ਨੇ ਝੱਟ ਉਹਨਾਂ ਉੱਤੇ ਚੜ੍ਹਾਈ ਕਰ ਦਿੱਤੀ ਤੇ ਖੇਤਾਂ ਵਿਚ ਛੁਪੇ ਬੈਠੇ ਸਿੰਘਾਂ ਨੂੰ ਜਾ ਘੇਰਿਆ। ਉੱਥੇ ਸਿੰਘਾਂ ਦੀ ਤਾਦਾਦ ਕਾਫੀ ਸੀ, ਪਰ ਵਧੇਰੇ ਬੁੱਢੇ, ਬੱਚੇ ਤੇ ਔਰਤਾਂ ਸਨ। ਜਦੋਂ ਦੇਖਿਆ ਕਿ ਦੁਸ਼ਮਣ ਸੈਨਾ ਨੇ ਘੇਰ ਲਿਆ ਹੈ ਤਾਂ ਸਿੰਘਾਂ ਨੇ ਆਪਣੇ ਬਚਾਅ ਲਈ ਬਾਹਰ ਵੱਲ ਗੋਲੀਆਂ ਦੀ ਵਾਛੜ ਕਰ ਦਿੱਤੀ। ਮੰਨੂੰ ਦਾ ਘੋੜਾ ਤ੍ਰਭਕ ਕੇ ਸਿੱਧਾ ਖੜ੍ਹਾ ਹੋ ਗਿਆ। ਮੰਨੂੰ ਘੋੜੇ ਤੋਂ ਹੇਠਾਂ ਡਿੱਗ ਪਿਆ, ਪਰ ਉਸਦਾ ਇਕ ਪੈਰ ਰਕਾਬ ਵਿਚ ਫਸਿਆ ਰਹਿ ਗਿਆ। ਘੋੜਾ ਪੂਰੀ ਰਫ਼ਤਾਰ ਨਾਲ ਦੌੜਿਆ ਤੇ ਉਸ ਨੂੰ ਕੰਡਿਆਂ ਝਾੜੀਆਂ ਘਸੀਟਦਾ ਹੋਇਆ ਲੈ ਗਿਆ। ਜਦੋਂ ਘੋੜਾ ਲਾਹੌਰ ਪਹੁੰਚਿਆ ਮੰਨੂੰ ਦਾ 'ਭੌਰ' ਉਡ ਚੁੱਕਿਆ ਸੀ।

ਮੰਨੂੰ ਦੇ ਘੋੜੇ ਤੋਂ ਡਿੱਗ ਕੇ ਮਰ ਜਾਣ ਦੀ ਖਬਰ ਨਾਲ ਸ਼ਹਿਰ ਵਿਚ ਅਫਰਾ–ਤਫਰੀ ਫੈਲ ਗਈ। ਫੌਜੀਆਂ ਨੂੰ ਕਾਫੀ ਚਿਰ ਤੋਂ ਤਨਖਾਹ ਨਹੀਂ ਸੀ ਮਿਲੀ।

ਉਹਨਾਂ ਮੰਨੂੰ ਦੀ ਲਾਸ਼ ਉੱਤੇ ਕਬਜਾ ਕਰ ਲਿਆ ਕਿ ਜਦੋਂ ਤਕ ਸਾਡੀ ਤਨਖਾਹ ਨਹੀਂ ਮਿਲੇਗੀ, ਅਸੀਂ ਵਾਪਸ ਨਹੀਂ ਕਰਾਂਗੇ। ਅਫਰਾ-ਤਫਰੀ ਦੀ ਇਸ ਹਾਲਤ ਵਿਚ ਗੰਨੇ ਦੇ ਖੇਤਾਂ ਵਿਚ ਛੁਪੇ ਸਿੱਖਾਂ ਦਾ ਇਕ ਘੋੜਸਵਾਰ ਜੱਥਾ ਬੜੀ ਤੇਜ਼ੀ ਨਾਲ ਲਾਹੌਰ ਆਇਆ ਤੇ ਨਖਾਸ ਚੌਂਕ ਦੀਆਂ ਹਨੇਰੀਆਂ-ਭੀੜੀਆਂ ਕੋਠੜੀਆਂ ਵਿਚੋਂ ਔਰਤਾਂ ਤੇ ਬੱਚਿਆਂ ਨੂੰ ਘੋੜਿਆਂ ਦੇ ਅੱਗੇ ਪਿੱਛੇ ਬਿਠਾ ਕੇ ਕੱਢ ਕੇ ਲੈ ਗਿਆ।

ਮੀਰ ਮੰਨੂੰ ਦੀ ਮੌਤ ਤੋਂ ਪਿੱਛੋਂ ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਨੇ ਆਪਣੇ ਤਿੰਨ ਸਾਲ ਦੇ ਬੇਟੇ ਮਹਿਮੂਦ ਖਾਂ ਨੂੰ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਤੇ ਮੀਰ ਮੰਨੂੰ ਦੇ ਦੋ ਸਾਲ ਦੇ ਬੇਟੇ ਮੁਹੰਮਦ ਅਮੀਨ ਨੂੰ ਨਾਇਬ ਸੂਬੇਦਾਰ ਨਿਯੁਕਤ ਕਰਕੇ ਰਾਜ ਪ੍ਰਬੰਧ ਮੋਮਿਨ ਖਾਂ ਨੂੰ ਸੌਂਪ ਦਿੱਤਾ। ਮੀਰ ਮੰਨੂੰ ਦੀ ਵਿਧਵਾ ਮੁਰਾਦ ਬੇਗਮ ਜਿਹੜੀ ਬਾਅਦ ਵਿਚ ਮੁਗਲਾਨੀ ਬੇਗਮ ਦੇ ਨਾਂ ਨਾਲ ਮਸ਼ਹੂਰ ਹੋਈ, ਜੋੜ-ਤੋੜ ਵਿਚ ਇਕ ਪ੍ਰਤਿਭਾਸ਼ਾਲੀ ਔਰਤ ਸੀ। 1753 ਦੀ ਸੰਧੀ ਅਨੁਸਾਰ ਲਾਹੌਰ ਤੇ ਮੁਲਤਾਨ ਅਹਿਮਦ ਸ਼ਾਹ ਅਬਦਾਲੀ ਦੇ ਕਬਜੇ ਵਿਚ ਚਲੇ ਗਏ ਸਨ। ਮੁਲਤਾਨੀ ਬੇਗਮ ਨੇ ਦਿੱਲੀ ਦਾ ਦਖਲ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਸੱਤਾ ਆਪਣੇ ਹੱਥ ਵਿਚ ਲੈ ਲਈ। ਅਹਿਮਦ ਸ਼ਾਹ ਅਬਦਾਲੀ ਦੇ ਵਿਰੁੱਧ ਅਫਗਾਨਿਸਤਾਨ ਵਿਚ ਵੀ ਵਿਰੋਧ ਹੋ ਰਹੇ ਸਨ। ਉਹ ਉਹਨਾਂ ਨੂੰ ਦਬਾਉਣ ਵਿਚ ਉਲਝਿਆ ਹੋਇਆ ਸੀ। ਉਸਨੂੰ ਇਧਰ ਧਿਆਨ ਦੇਣ ਦੀ ਵਿਹਲ ਹੀ ਨਹੀਂ ਸੀ ਕਿ ਲਾਹੌਰ ਤੇ ਮੁਲਤਾਨ ਵਿਚ ਕੀ ਹੋ ਰਿਹਾ ਹੈ। ਮੁਲਤਾਨੀ ਬੇਗ਼ਮ ਨੇ ਉਸਤੋਂ ਮੰਜ਼ੂਰੀ ਮੰਗੀ ਜਿਹੜੀ ਉਸਨੇ ਝੱਟ ਦੇ ਦਿੱਤੀ। ਦਿੱਲੀ ਵਿਚ ਈਰਾਨੀ-ਦਲ ਤੇ ਤੂਰਾਨੀ-ਦਲ ਆਪਸ ਵਿਚ ਲੜ-ਝਗੜ ਰਹੇ ਸਨ, ਸਾਜਿਸ਼ਾਂ ਤੇ ਹੱਤਿਆਵਾਂ ਦਾ ਬਾਜ਼ਾਰ ਗਰਮ ਸੀ। ਈਰਾਨੀ-ਦਲ ਦਾ ਨੇਤਾ ਸਫਦਰ ਜੰਗ ਤੇ ਤੂਰਾਨੀ-ਦਲ ਇਮਾਦੁੱਲ ਮੁਲਕ ਸੀ। ਦੋਹਾਂ ਦਲਾਂ ਵਿਚ ਕਈ ਦਿਨਾਂ ਤਕ ਦਿੱਲੀ

ਦੀਆਂ ਗਲੀਆਂ ਵਿਚ ਲੜਾਈ ਹੁੰਦੀ ਰਹੀ। ਇਹਨਾਂ ਲੜਾਈਆਂ ਵਿਚ ਸਫਦਰ ਜੰਗ ਦਾ ਪੱਲਾ ਭਾਰੀ ਸੀ। ਇਮਾਦੁੱਲ ਮੁਲਕ ਨੇ ਮਰਹੱਟਿਆਂ ਦੀ ਮਦਦ ਨਾਲ ਸਫਦਰ ਜੰਗ ਨੂੰ ਦਿੱਲੀ ਵਿਚੋਂ ਬਾਹਰ ਕੱਢ ਦਿੱਤਾ। ਸਫਦਰ ਜੰਗ ਨੇ ਅਵਧ ਵਿਚ ਆਪਣਾ ਸੁਤੰਤਰ ਰਾਜ ਕਾਇਮ ਕਰ ਲਿਆ। ਇਧਰ ਇਮਾਦੁੱਲ ਮੁਲਕ ਤੇ ਬਾਦਸ਼ਾਹ ਅਹਿਮਦ ਸ਼ਾਹ ਵਿਚ ਵੀ ਅਣਬਣ ਹੋ ਗਈ। ਇਮਾਦੁੱਲ ਮੁਲਕ ਨੇ ਅਹਿਮਦ ਸ਼ਾਹ ਦੀਆਂ ਅੱਖਾਂ ਕੱਢਵਾ ਦਿੱਤੀਆਂ ਤੇ ਅਜੀਜੁੱਲ ਦੀਨ ਜਹਾਂ ਨੂੰ ਆਲਮਗੀਰ ਦੂਜਾ ਦੇ ਤੌਰ 'ਤੇ ਤਖ਼ਤ ਉੱਤੇ ਬਿਠਾਅ ਦਿੱਤਾ। ਇਹ ਸਥਿਤੀ ਸੀ ਜਦੋਂ ਅਬਦਾਲੀ ਤੋਂ ਮੰਜ਼ੂਰੀ ਲੈ ਕੇ ਮੁਗਲਾਨੀ ਬੇਗਮ ਸਰਵੇ-ਸਰਵਾ ਬਣ ਗਈ। ਉਸਨੇ ਇਸ ਮੰਜ਼ੂਰੀ ਦਾ ਧੂਮਧਾਮ ਨਾਲ ਜਸ਼ਨ ਮਨਾਇਆ।

ਮੁਗਲਾਨੀ ਬੇਗਮ ਉਚੇ ਕੱਦ ਤੇ ਭਰੇ ਭਰੇ ਸਰੀਰ ਵਾਲੀ ਸੁੰਦਰ ਜਨਾਨੀ ਸੀ। ਸੱਤਾ ਹੱਥ ਵਿਚ ਆਉਂਦਿਆਂ ਹੀ ਉਹ ਖੁੱਲ੍ਹ ਖੇਡੀ। ਉਸਨੇ ਆਪਣੇ ਆਚਰਣ ਨਾਲ ਸਿੱਧ ਕਰ ਦਿੱਤਾ ਕਿ ਵਿਲਾਸਤਾ ਉਪਰ ਸਿਰਫ ਮਰਦਾਂ ਦਾ ਹੀ ਨਹੀਂ, ਔਰਤਾਂ ਦਾ ਵੀ ਹੱਕ ਬਣਦਾ ਹੈ। ਗਾਜੀ ਬੇਗ ਖਾਂ ਬਖ਼ਸ਼ੀ ਦੇ ਨਾਲ ਉਸਦੇ ਨਾਜਾਇਜ ਸਬੰਧ ਤੇ ਰੰਗ-ਰਲੀਆਂ ਦੇ ਕਿੱਸੇ ਛੇਤੀ ਹੀ ਸਾਰੇ ਲਾਹੌਰ ਵਿਚ ਮਸ਼ਹੂਰ ਹੋ ਗਏ। ਉਸਦੇ ਆਸ਼ਕਾਂ ਵਿਚ ਜਾਂ ਇੰਜ ਕਹੋ ਕਿ ਜਿਹਨਾਂ ਉਪਰ ਉਹ ਆਸ਼ਕ ਸੀ, ਇਕ ਸ਼ਾਹ ਨਵਾਜ ਮਸਕੀਨ ਸੀ, ਜਿਸ ਉਪਰ ਉਹ ਦਿਲੋ-ਜਾਨ ਨਾਲ ਮਰ ਮਿਟੀ ਸੀ। ਮੀਆਂ ਖੁਸ਼ ਫਹਿਮ, ਮੀਆਂ ਅਰਜਮੰਦ ਤੇ ਮੀਆਂ ਮੁਹੱਬਤ ਆਦਿ ਖਵਾਜਾ ਸਰਾ (ਖੁਸਰੇ) ਉਸਦੇ ਸਲਾਹਕਾਰ ਸਨ ਤੇ ਹੋਰ ਅਧਿਕਾਰੀ ਡਿਊਢੀ ਵਿਚ ਬੈਠੇ ਉਡੀਕਦੇ ਰਹਿੰਦੇ ਸਨ ਤੇ ਬੇਗਮ ਨਾਲ ਉਦੋਂ ਤਕ ਮੁਲਾਕਾਤ ਸੰਭਵ ਨਹੀਂ ਸੀ ਹੁੰਦੀ ਜਦੋਂ ਤਕ ਇਹਨਾਂ ਖਵਾਜਾ ਸਰਾਵਾਂ ਤੋਂ ਇਜਾਜ਼ਤ ਨਾ ਮਿਲ ਜਾਏ। ਬੇਗਮ ਆਪਣੀਆਂ ਰੰਗ-ਰਲੀਆਂ ਵਿਚ ਤੇ ਇਹ ਸਲਾਕਾਰ ਆਪਣੀਆਂ ਮਸਤੀਆਂ-ਖੜਮਸਤੀਆਂ ਵਿਚ ਰੁੱਝੇ ਰਹਿੰਦੇ ਸਨ ਤੇ ਡਿਊਢੀ ਵਿਚ ਥਿਰਕਦੀਆਂ ਅੱਡੀਆਂ ਤੇ ਤਾੜੀਆਂ ਦੇ ਨਾਲ ਇਹ ਆਵਾਜ਼

ਸੁਣਾਈ ਦਿੰਦੀ ਰਹਿੰਦੀ,

"...ਥਾ–ਥਾ ਥੱਈਆ, ਥਾ–ਥਾ ਥੱਈਆ।

ਨਾਚੇ ਮੇਰਾ ਭਈਆ।

ਲੱਕੜੀ ਕੀ ਗਾਡੀ,

ਲੱਕੜੀ ਕਾ ਪਹੀਆ।

ਨਾਚੇ ਮੇਰਾ ਭਈਆ,

ਥਾ–ਥਾ ਥੱਈਆ।

ਤੇ ਇਹਨਾਂ ਖਵਾਜਾ ਸਰਾਵਾਂ ਵਿਚ ਹਰੇਕ ਆਪਣੇ ਆਪ ਨੂੰ ਹੋਰਾਂ ਨਾਲੋਂ ਸਿਆਣਾ ਸਮਝਦਾ ਸੀ। ਰਾਜ–ਕਾਜ ਦੀ ਕਿਸੇ ਵੀ ਸਮੱਸਿਆ ਉਪਰ ਗੱਲਬਾਤ ਕਰਦਿਆਂ ਹੋਇਆਂ, ਸਹਿਮਤ–ਅਸਹਿਮਤ ਹੋਣਾ ਤਾਂ ਪਾਸੇ ਰਿਹਾ, ਇਹ ਹੋਛੇ ਵਿਅੰਗ–ਵਾਂਕਾਂ ਉਪਰ ਆਉਂਦੇ ਸਨ।

ਮੀਆਂ ਖੁਸ਼ ਫਹਿਮ, "ਤੇਰਾ ਪਿਓ ਤਾਂ ਭੇਡਾਂ ਚਾਰਦਾ ਹੁੰਦਾ ਸੀ ਫੇਰ ਤੂੰ ਸਿਆਸਤ ਨੂੰ ਕੀ ਸਮਝੇਂਗਾ? ਤੈਨੂੰ ਇਹ ਤਾਂ ਪਤਾ ਨਹੀਂ ਬਈ ਬੇਰ ਦਾ ਅੱਗਾ ਕਿਹੜਾ ਤੇ ਪਿੱਛਾ ਕਿੱਧਰ ਹੁੰਦੈ?"

ਮੀਆਂ ਅਰਜਮੰਦ, "ਤੇਰਾ ਪਿਓ ਮੂੰਨੀ ਜਾਨ ਦਾ ਭੜੂਆ ਹੁੰਦਾ ਸੀ। ਸਿਆਸਤ ਦੀਆਂ ਡੀਗਾਂ ਮਰਾਨ ਵਾਲਿਆ ਜ਼ਰਾ ਇਹ ਤਾਂ ਦੱਸ ਬਈ ਸਵੇਰੇ ਮੁਰਗਾ ਹੀ ਬਾਂਗ ਕਿਉਂ ਦਿੰਦੈ, ਕਾਂ ਕਿਉਂ ਨਹੀਂ ਦੇ ਦਿੰਦਾ?"

ਮੀਆਂ ਮੁਹੱਬਤ, "ਓ ਮੀਆਂ ਜੀ, ਮੁਰਗੇ ਨੂੰ ਮੁਰਗਾ ਤੇ ਕਾਂ ਨੂੰ ਕਾਂ ਖ਼ੁਦਾ ਨੇ ਬਣਾਇਆ ਏ। ਤੂੰ ਖ਼ੁਦਾ ਦੇ ਕੰਮਾਂ ਵਿਚ ਦਖਲ ਦੇਣ ਵਾਲ ਕੌਣ ਹੁੰਦੈਂ? ਤੇਰਾ ਕੰਮ

ਏਂ,'ਥਾ–ਥਾ ਥੱਈਆ, ਨਾਚ ਮੇਰੇ ਭਈਆ'।" ਤੇ ਉਹ ਤਿੰਨੇ ਲੱਕ ਹਿਲਾ ਹਿਲਾ ਕੇ ਨੱਚਣ ਲੱਗ ਪੈਂਦੇ। ਰਾਜਨੀਤਕ ਸਮੱਸਿਆ, ਵਿਚਾਰੀ ਹੈਰਾਨੀ ਨਾਲ, ਸਿਲ–ਪੱਥਰ ਹੋਈ ਉਹਨਾਂ ਦੇ ਮੂੰਹ ਵੱਲ ਵਿੰਹਦੀ ਰਹਿ ਜਾਂਦੀ।

ਖਵਾਜਾ ਸਰਾਵਾਂ ਦੀ ਮੌਜ–ਮਸਤੀ ਤੇ ਮੁਗਲਾਨੀ ਬੇਗਮ ਦੀ ਲੱਚਰਤਾ ਦੇ ਕਿੱਸੇ ਇੱਥੋਂ ਤਕ ਮਸ਼ਹੂਰ ਹੋ ਗਏ ਕਿ 'ਹਾਟ ਬਾਜ਼ਾਰ' ਤੇ ਰੰਡੀਖਾਨਿਆਂ ਵਿਚ ਚਰਚਾ ਦਾ ਇਕੋਇਕ ਵਿਸ਼ਾ ਇਹੀ ਹੁੰਦਾ ਸੀ,

"ਓਇ ਮੁੱਛਲਾ, ਤੂੰ ਇੱਥੇ ਕਿਉਂ ਆ ਗਿਐਂ। ਜਾਹ ਮੁਗਲਾਨੀ ਬੇਗਮ ਕੋਲ ਜਾਹ, ਜਿਹੜੀ ਹੁਸਨ ਤੇ ਪੈਸਾ ਖੁੱਲ੍ਹੇ ਹੱਥੀਂ ਲੁਟਾਅ ਰਹੀ ਏ।" ਸ਼ਕੀਲਾ ਜਾਨ ਦੇ ਆਸ਼ਕਾਂ ਵਿਚੋਂ ਇਕ ਨੇ ਦੂਜੇ ਨੂੰ ਕਿਹਾ।

"ਮੂੰਹ ਧੋ ਕੇ ਰੱਖੀਂ। ਮੁਗਲਾਨੀ ਬੇਗਮ ਦਾ ਜਿਸਮ, ਹੁਸਨ ਤੇ ਪੈਸਾ 17, 18 ਸਾਲ ਦੀ ਚੜ੍ਹਦੀ ਜਵਾਨੀ ਦੇ ਚੂਚਿਆਂ ਲਈ ਏ, ਸਾਡੇ ਤੁਹਾਡੇ ਲਈ ਨਹੀਂ। ਆਪਾਂ ਨੂੰ ਤਾਂ ਆਪਣੀ ਸ਼ਕੀਲਾ ਬੇਗਮ ਈ ਗਨੀਮਤ ਏ। ਖ਼ੁਦਾ ਇਸ ਦੀ ਤੰਦਰੁਸਤੀ ਤੇ ਜਵਾਨੀ ਬਰਕਰਾਰ ਰੱਖੇ"

"ਬੇਗਮ ਵੀ ਜਵਾਨ ਤੇ ਤੰਦਰੁਸਤ ਏ। ਕੀ ਪਤੈ, ਉਸਨੂੰ ਤੁਹਾਡੇ ਨਾਲ ਈ ਮੁਹੱਬਤ ਹੋ ਜਾਏ। ਆਖਰ ਤੁਸੀਂ ਵੀ ਤਾਂ ਬਾਂਕੇ ਜਵਾਨ ਓਂ।"

"ਮੁਹੱਬਤ! ਤਾਂ ਤੁਸੀਂ ਸਮਝਦੇ ਓ ਕਿ ਬੇਗਮ ਜਿਹਨਾਂ ਨਾਲ ਰਾਤਾਂ ਗੁਜ਼ਾਰਦੀ ਏ, ਉਹਨਾਂ ਨਾਲ ਉਸਨੂੰ ਮੁਹੱਬਤ ਵੀ ਏ? ਮੀਆਂ ਮੁਹੱਬਤ ਦਾ ਨਾਂ ਬਦਨਾਮ ਨਾ ਕਰੋ। ਕੀ ਅਸੀਂ ਤੁਸੀਂ ਸ਼ਕੀਲਾ ਜਾਨ ਨਾਲ ਮੁਹੱਬਤ ਕਰਦੇ ਹਾਂ ਜਾਂ ਉਹ ਸਾਡੇ ਨਾਲ ਮੁਹੱਬਤ ਕਰਦੀ ਏ? ਨਹੀਂ ਅਸੀਂ ਆਪਣੀ ਅਯਾਸ਼ੀ ਲਈ ਸ਼ਕੀਲਾ ਬੇਗਮ ਦਾ ਜਿਸਮ ਖਰੀਦਦੇ ਹਾਂ...ਤੇ ਪੈਸਾ ਖਰਚ ਕਰਨ ਦੇ ਇਲਾਵਾ ਉਸਦੇ ਨਖਰੇ ਵੀ ਝੱਲਦੇ ਹਾਂ। ਬੇਗਮ, ਬੇਗਮ ਹੈ। ਉਸਨੂੰ ਕਿਸੇ ਦੇ ਨਾਜ਼ ਨਖ਼ਰੇ ਝੱਲਣ

ਦੀ ਜ਼ਰੂਰਤ ਨਹੀਂ। ਉਹ ਆਪਣੀ ਅਯਾਸ਼ੀ ਲਈ ਮਰਦਾਂ ਦੇ ਜਿਸਮ ਖਰੀਦਦੀ ਹੈ। ਸਾਫ ਗੱਲ ਨੂੰ ਉਲਝਾਇਆ ਨਾ ਜਾਏ ਤਾਂ ਅਯਾਸ਼ੀ ਅਯਾਸ਼ੀ ਹੁੰਦੀ ਹੈ, ਮੁਹੱਬਤ ਨਹੀਂ।"

"ਇਹ ਠੀਕ ਹੈ ਕਿ ਅਯਾਸ਼ੀ ਨੂੰ ਮੁਹੱਬਤ ਕਹਿਣਾ ਵਜਾਬ ਨਹੀਂ ਪਰ ਸਾਹਿਬ ਇਹ ਤਾਂ ਹਕੀਕਤ ਹੈ ਕਿ ਬੇਗਮ ਨੂੰ ਗਾਜ਼ੀ ਬੇਗ ਖਾਂ ਨਾਲ ਤੇ ਗਾਜ਼ੀ ਬੇਗ ਖਾਂ ਨੂੰ ਬੇਗਮ ਨਾਲ ਮੁਹੱਬਤ ਹੈ।"

"ਜੇ ਸਾਡੀ ਸ਼ਕੀਲਾ ਜਾਨ ਨੂੰ ਲਾਹੌਰ ਦੀ ਨਵਾਬੀ ਮਿਲ ਜਾਏ ਤਾਂ ਉਹ ਵੀ ਤੁਹਾਡੇ ਨਾਲ ਗਾਜ਼ੀ ਬੇਗ ਖਾਂ ਵਾਂਗ ਹੀ ਮੁਹੱਬਤ ਕਰੇਗੀ। ਨਾ ਤੁਹਾਨੂੰ ਨਾਜ਼–ਨਖ਼ਰੇ ਉਠਾਉਣੇ ਪੈਣਗੇ ਤੇ ਨਾ ਪੈਸੇ ਖਰਚ ਕਰਨੇ ਪੈਣਗੇ। ਤੁਹਾਨੂੰ ਸ਼ਕੀਲਾ ਜਾਨ ਤੇ ਸ਼ਕੀਲਾ ਜਾਨ ਨੂੰ ਤੁਹਾਡੇ ਨਾਲ ਮੁਹੱਬਤ ਹੋਏਗੀ।" ਕੋਈ ਤੀਜਾ ਬੋਲਿਆ ਤੇ ਪਲਟ ਕੇ ਸ਼ਕੀਲਾ ਜਾਨ ਨੂੰ ਪੁੱਛਣ ਲੱਗਾ, "ਮੈਂ ਠੀਕ ਕਹਿ ਰਿਹਾਂ ਨਾ? ਹੋਏਗੀ ਨਾ ਮੁਹੱਬਤ ਉਦੋਂ ਵੀ?"

"ਬੇਕਾਰ ਦੀਆਂ ਗੱਲਾਂ ਦਾ ਕੀ ਲਾਭ?" ਸ਼ਕੀਲਾ ਜਾਨ ਨੇ ਉਤਰ ਦਿੱਤਾ, "ਮੈਨੂੰ ਨਾ ਨਵਾਬੀ ਦੀ ਲੋੜ ਏ, ਨਾ ਮੁਹੱਬਤ ਦੀ। ਮੇਰੇ ਕੋਲ ਜਿਸਮ ਏਂ। ਜਿਸਮ ਵੇਚ ਕੇ ਗੁਜਾਰਾ ਕਰਦੀ ਹਾਂ। ਨਹੀਂ ਵੇਚਾਂਗੀ ਤਾਂ ਗੁਜਾਰਾ ਕਿਵੇਂ ਹੋਏਗਾ?"

ਕਹਾਵਤ ਹੈ, ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਬਦਲਦਾ ਹੈ। ਜਿਸ ਤਰ੍ਹਾਂ ਦਿੱਲੀ ਦਾ ਬਾਦਸ਼ਾਹ ਤੇ ਅਮੀਰ ਉਮਰਾ ਅਯਾਸ਼ੀ ਵਿਚ ਡੁੱਬੇ ਹੋਏ ਸਨ, ਉਸੇ ਤਰ੍ਹਾਂ ਮੁਗਲਾਨੀ ਬੇਗਮ ਦਾ ਅਯਾਸ਼ੀ ਵਿਚ ਡੁੱਬ ਜਾਣਾ ਹੈਰਾਨੀ ਦੀ ਗੱਲ ਨਹੀਂ ਸੀ। ਜਿਸ ਤਰ੍ਹਾਂ ਦਿੱਲੀ ਵਿਚ ਗੁੱਟਬੰਦੀ ਸੀ ਤੇ ਸੱਤਾ ਹਥਿਆਉਣ ਖਾਤਰ ਛੜਯੰਤਰ ਰਚੇ ਜਾ ਰਹੇ ਸਨ, ਉਸੇ ਤਰ੍ਹਾਂ ਲਹੌਰ ਵਿਚ ਵੀ ਗੁੱਟਬੰਦੀ ਦਾ ਹੋਣਾ ਤੇ ਛੜਯੰਤਰ ਰਚੇ ਜਾਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਮਈ 1754 ਵਿਚ ਮੁਗਲਾਨੀ ਬੇਗਮ ਦੇ ਇਕਲੌਤੇ ਤੇ ਤਿੰਨ ਸਾਲ ਦੇ ਪੁੱਤਰ ਦੀ ਮੌਤ ਹੋ

ਗਈ। ਉਸਦੇ ਸਰੀਰ ਉਪਰ ਅਜਿਹੇ ਨਿਸ਼ਾਨ ਸਨ ਜਿਹਨਾਂ ਤੋਂ ਪਤਾ ਲੱਗਦਾ ਸੀ ਕਿ ਉਸਨੂੰ ਜ਼ਹਿਰ ਦਿੱਤਾ ਗਿਆ ਹੈ। ਦਰਬਾਰੀਆਂ ਤੇ ਆਮ ਲੋਕਾਂ ਦਾ ਖਿਆਲ ਸੀ ਕਿ ਸੱਤਾ ਆਪਣੇ ਹੱਥ ਵਿਚ ਲੈਣ ਲਈ ਦੀਵਾਨ ਭਿਖਾਰੀ ਖਾਂ ਨੇ ਆਪਣੇ ਚਹੇਤੇ ਖਵਾਜਾ ਸਰਾ ਜਮੁਰੱਦ ਦੇ ਹੱਥੋਂ ਜ਼ਹਿਰ ਦੁਆ ਕੇ ਬੱਚੇ ਦੀ ਹੱਤਿਆ ਕੀਤੀ ਹੈ। ਭਿਖਾਰੀ ਖਾਂ ਜਿਸ ਨੂੰ ਰੌਸ਼ਨਉਦੌਲਾ ਰੁਸਤਮੇ ਜਮਾਂ ਵੀ ਕਿਹਾ ਜਾਂਦਾ ਸੀ, ਮੀਰ ਮੰਨੂੰ ਦਾ ਖਾਸ ਦੋਸਤ ਤੇ ਸ਼ਕਤੀਸ਼ਾਲੀ ਤੁਰਕ ਸਰਦਾਰ ਸੀ। ਮੁਹੰਮਦ ਅਮੀਨ ਖਾਂ ਦੀ ਹੱਤਿਆ ਦਾ ਲਾਭ ਉਠਾ ਕੇ ਦਿੱਲੀ ਦੇ ਬਾਦਸ਼ਾਹ ਨੇ ਪੰਜਾਬ ਨੂੰ ਆਪਣੇ ਕਬਜੇ ਵਿਚ ਕਰ ਲੈਣ ਦੀ ਕੋਸ਼ਿਸ਼ ਕੀਤੀ ਤੇ ਇਕ ਮੁਗਲ ਸਰਦਾਰ ਮੋਮਿਨ ਖਾਂ ਨੂੰ ਲਾਹੌਰ ਦਾ ਨਵਾਬ ਥਾਪ ਦਿੱਤਾ। ਪਰ ਬੇਗਮ ਨੇ ਦਿੱਲੀ ਦੀ ਇਕ ਨਹੀਂ ਚੱਲਣ ਦਿੱਤੀ। ਖ਼ੁਦ ਭਿਖਾਰੀ ਖਾਂ ਤੇ ਤੁਰਕ ਸਰਦਾਰਾਂ ਦੀ ਮਦਦ ਨਾਲ ਉਸਨੇ ਇਸ ਕੋਸ਼ਿਸ਼ ਨੂੰ ਨਾਕਾਮਯਾਬ ਕਰ ਦਿੱਤਾ।

ਭਿਖਾਰੀ ਖਾਂ ਨੇ ਬੇਗਮ ਦੀ ਮਦਦ ਆਪਣੇ ਸਵਾਰਥ ਵੱਸ ਕੀਤੀ ਸੀ। ਇਕ ਤਾਂ ਉਸਨੇ ਮੁਹੰਮਦ ਅਮੀਨ ਖਾਂ ਦੀ ਹੱਤਿਆ ਦੇ ਦੋਸ਼ ਤੋਂ ਬਚਣਾ ਸੀ, ਦੂਜਾ ਉਹ ਦਿੱਲੀ ਦੀ ਦਖਲ–ਅੰਦਾਜੀ ਦਾ ਵਿਰੋਧ ਕਰਕੇ ਹੀ ਸੱਤਾ ਆਪਣੇ ਹੱਥ ਵਿਚ ਲੈ ਸਕਦਾ ਸੀ। ਥੋੜ੍ਹ ਦਿਨਾਂ ਬਾਅਦ ਉਸਨੇ ਇਹ ਕਹਿ ਕੇ ਬਗਾਵਤ ਕਰ ਦਿੱਤੀ ਕਿ ਬੇਗਮ ਦੀ ਬਦਕਾਰੀ ਮੇਰੇ ਦੋਸਤ ਮੀਰ ਮੰਨੂੰ ਨਾਲ ਬੇਵਫਾਈ ਹੈ ਤੇ ਸਾਰੀ ਤੁਰਕ ਜਾਤੀ ਦੀ ਬਦਨਾਮੀ ਹੈ।

ਬੇਗਮ ਵੀ ਹੁਸ਼ਿਆਰ ਸੀ। ਉਸਨੇ ਤੁਰਕ ਸਰਦਾਰਾਂ ਵਿਚ ਫੁੱਟ ਪਾ ਦਿੱਤੀ। ਕਾਸਿਮ ਖਾਂ ਨਾਂ ਦੇ ਇਕ ਤੁਰਕ ਨੌਜਵਾਨ ਨੂੰ, ਜਿਹੜਾ ਸਿਪਾਹੀ ਤੋਂ ਜਮਾਂਦਾਰ ਬਣਿਆ ਸੀ, ਆਪਣੇ ਕੋਲ ਬੁਲਾਅ ਕੇ ਉਸਦੀ ਪਿੱਠ ਥਾਪੜੀ ਤੇ ਕਿਹਾ, “ਬੇਟਾ, ਤੂੰ ਮੇਰਾ ਬਹਾਦਰ ਬੇਟਾ ਏਂ। ਜਿਗਰ ਦਾ ਟੁਕੜਾ ਏਂ। ਨਮਕ ਹਰਾਮ ਭਿਖਾਰੀ ਖਾਂ ਦੇ ਹੱਥਾਂ 'ਚ ਨਾ ਖੇਡ। ਮੈਂ ਤੈਨੂੰ ਪੱਟੀ ਦਾ ਫੌਜਦਾਰ ਬਣਾ ਦਿਆਂਗੀ।”

ਕਾਸਿਮ ਖਾਂ ਨੇ ਨਾ ਸਿਰਫ ਬਗਾਵਤ ਨੂੰ ਦਬਾਉਣ ਵਿਚ ਮਦਦ ਕੀਤੀ, ਬਲਕਿ

ਭਿਖਾਰੀ ਖਾਂ ਨੂੰ ਗਿਰਫਤਾਰ ਕਰਕੇ ਬੇਗਮ ਦੇ ਹਵਾਲੇ ਕਰ ਦਿੱਤਾ। ਬੇਗਮ ਨੇ ਜਿਹੜੀ ਹੁਣ ਤਕ ਆਪਣੀ ਮਜ਼ਬੂਰੀ ਕਰਕੇ ਚੁੱਪ ਸੀ, ਭਿਖਾਰੀ ਖਾਂ ਤੋਂ ਆਪਣੇ ਪੁੱਤਰ ਦੀ ਹੱਤਿਆ ਦਾ ਬਦਲਾ ਲਿਆ ਤੇ ਉਸਨੂੰ ਖ਼ੂਬ ਤੜਫਾ-ਤੜਫਾ ਕੇ ਮਾਰਿਆ।

"ਇਸ ਭਿਖਾਰੀ ਖਾਂ ਨੂੰ ਰੁਸਤਮੇ ਜੰਗ ਬਣਨ ਦਾ ਸਬਕ ਸਿਖਾਓ।" ਬੇਗਮ ਨੇ ਖਵਾਜਾ ਸਰਾਵਾਂ ਨੂੰ ਹੁਕਮ ਦਿੱਤਾ।

ਖਵਾਜਾ ਸਰਾ ਭਿਖਾਰੀ ਖਾਂ ਨੂੰ ਜੰਜੀਰਾਂ ਵਿਚ ਜਕੜ ਕੇ ਜੁੱਤੀਆਂ ਤੇ ਡੰਡਿਆਂ ਨਾਲ 'ਘੜਣ' ਲੱਗ ਪਏ। ਬੇਗਮ ਸ਼ਰਾਬ ਦਾ ਪਿਆਲਾ ਹੱਥ ਵਿਚ ਫੜ੍ਹੀ ਖੜ੍ਹੀ ਸੀ ਤੇ ਭਿਖਾਰੀ ਖਾਂ ਦੇ ਤੜਾ-ਤੜ ਜੁੱਤੀਆਂ ਤੇ ਡੰਡੇ ਵਰ੍ਹ ਰਹੇ ਸਨ।

"ਹਰਾਮਖੋਰ ਭਿਖਾਰੀਆ, ਪਿਓ ਤੋਂ ਨਾਂ ਤਾਂ ਚੰਗਾ ਰਖਵਾਇਆ ਹੁੰਦਾ।" ਬੇਗਮ ਨੇ ਸ਼ਰਾਬ ਦਾ ਇਕ ਘੁੱਟ ਭਰ ਕੇ ਕਿਹਾ ਤੇ ਖਵਾਜਾ ਸਰਾਵਾਂ ਨੂੰ ਇਸ਼ਾਰਾ ਕੀਤਾ, "ਬਣਾ ਦਿਓ ਇਸ ਨੂੰ ਨਵਾਬ।"

ਫੇਰ ਤਾੜ ਤਾੜ ਸ਼ੁਰੂ ਹੋ ਗਈ ਤੇ ਰੁਸਤਮੇਂ ਜੰਗ ਭਿਖਾਰੀ ਖਾਂ ਦੇ ਮੂੰਹੋਂ 'ਚੂੰ' ਤਕ ਨਹੀਂ ਨਿਕਲੀ।

"ਜਿਸਦੀ ਦੋਸਤੀ ਦਾ ਦਮ ਭਰਦਾ ਏਂ, ਉਸੇ ਦੇ ਬੱਚੇ ਦੀ ਹੱਤਿਆ ਕਰਦਿਆਂ ਸ਼ਰਮ ਨਹੀਂ ਆਈ।" ਬੇਗਮ ਨੇ ਇਕ ਘੁੱਟ ਹੋਰ ਭਰਿਆ ਤੇ ਖਵਾਜਾ ਸਰਾਵਾਂ ਨੂੰ ਇਸ਼ਾਰਾ ਕੀਤਾ, "ਬਣਾਓ ਇਸ ਸੂਰ ਨੂੰ ਲਾਹੌਰ ਦਾ ਨਵਾਬ।"

"ਬੜਾ ਸੱਚਾ-ਸੁੱਚਾ ਬਣਦਾ ਸੈਂ...ਸ਼ਾਇਦ ਜਨੱਤ ਵਿਚ ਜਾਣ ਦੀ ਉਮੀਦ ਵੀ ਹੋਏ।" ਬੇਗਮ ਨੇ ਸ਼ਰਾਬ ਦਾ ਇਕ ਘੁੱਟ ਹੋਰ ਭਰਿਆ ਤੇ ਕਿਹਾ, "ਪਹੁੰਚਾਅ ਦਿਓ ਇਸ ਪਾਜੀ ਨੂੰ ਜਹਨੁੱਮ ਵਿਚ।"

'ਤਾੜ-ਤਾੜ, ਤਾੜ-ਤਾੜ' ਫੇਰ ਸ਼ੁਰੂ ਹੋ ਗਈ। ਬੇਹੋਸ਼ ਹੋ ਗਏ ਭਿਖਾਰੀ ਨੇ

ਜੁੱਤੀਆਂ ਤੇ ਡੰਡਿਆਂ ਦੀ ਮਾਰ ਦੌਰਾਨ ਪਤਾ ਨਹੀਂ ਕਦੋਂ ਦਮ ਤੋੜ ਦਿੱਤਾ।

ਬੇਗਮ ਨੇ ਸ਼ਰਾਬ ਦਾ ਅੰਤਿਮ ਘੁੱਟ ਭਰਿਆ ਤੇ ਖਾਲੀ ਗਿਲਾਸ ਨੂੰ ਅਤਿ ਨਫ਼ਰਤ ਨਾਲ ਭਿਖਾਰੀ ਦੀ ਲਾਸ਼ 'ਤੇ ਦੇ ਮਾਰਿਆ।

ਬੇਗਮ ਨੇ ਆਪਣੇ ਵਾਅਦੇ ਅਨੁਸਾਰ ਕਾਸਮ ਖਾਂ ਨੂੰ ਪੱਟੀ ਪਰਗਨਾ ਦਾ ਫੌਜਦਾਰ ਬਣਾ ਦਿੱਤਾ। ਉਸਨੂੰ ਕਈ ਹਜ਼ਾਰ ਰੁਪਏ ਨਕਦ ਤੇ ਤੋਪਾਂ ਦਿੱਤੀਆਂ। **300** ਬੇਰੁਜ਼ਗਾਰਾਂ ਨੂੰ ਜਿਹੜੇ ਅਹਿ ਇਹਨਾਂ ਦਿਨਾਂ ਵਿਚ ਹੀ ਰੋਜ਼ਗਾਰ ਦੀ ਭਾਲ ਵਿਚ ਪੰਜਾਬ ਆਏ ਸਨ, ਤੋਪਚੀ ਭਰਤੀ ਕੀਤਾ। ਇਸਦੇ ਇਲਾਵਾ ਕਈ ਹਜ਼ਾਰ ਘੋੜਸਵਾਰ ਤੇ ਪੈਦਲ ਸਿਪਾਹੀ ਉਸ ਨਾਲ ਸਨ ਤੇ ਉਹ ਬੜੀ ਸ਼ਾਨ ਨਾਲ ਪੱਟੀ ਵੱਲ ਰਵਾਨਾ ਹੋ ਗਿਆ। ਉਸਦੇ ਨਾਲ ਇਕ ਤਹਿਮਸ ਖਾਂ ਨਾਂ ਦਾ ਮਸਕੀਨ ਵੀ ਸੀ, ਜਿਹੜਾ ਹਰ ਰੋਜ਼ ਡਾਇਰੀ ਲਿਖਦਾ ਹੁੰਦਾ ਸੀ।

ਸ਼ਾਮ ਨੂੰ ਉਸਨੇ ਲਾਹੌਰ ਤੋਂ ਕੋਈ ਚਾਰ ਪੰਜ ਕੋਹ ਉਰੇ ਹੀ ਆਪਣਾ ਪੜਾਅ ਲਾ ਲਿਆ ਤੇ ਨਾਚ–ਗਾਣੇ ਦੀ ਮਹਿਫਲ ਸਜਾਈ। ਉਸੇ ਸਮੇਂ ਸਿੱਖ ਗੁਰੀਲਿਆਂ ਨੇ ਧਾਵਾ ਬੋਲਿਆ ਤੇ ਲੁੱਟ ਮਾਰ ਕਰਕੇ ਪਰਤ ਗਏ। ਲੋਕਾਂ ਨੇ ਬੜਾ ਕਿਹਾ ਕਿ ਸਿੱਖਾਂ ਦਾ ਪਿੱਛਾ ਕੀਤਾ ਜਾਏ, ਪਰ ਕਾਸਮ ਖਾਂ ਦੇ ਕੰਨ 'ਤੇ ਜੂੰ ਨਾ ਸਰਕੀ। ਰਾਤ ਭੈ ਕਾਰਨ ਜਾਗਦਿਆਂ ਹੀ ਬੀਤੀ। ਸਵੇਰੇ ਜਦੋਂ ਉਹ ਚੱਲਣ ਲਈ ਤਿਆਰੀ ਕਰ ਰਹੇ ਸਨ, ਸਿੱਖ ਗੁਰੀਲਿਆਂ ਨੇ ਫੇਰ ਹਮਲਾ ਕਰ ਦਿੱਤਾ ਤੇ ਲੁੱਟਮਾਰ ਕਰਕੇ ਵਾਪਸ ਪਰਤ ਗਏ। ਦੂਜੇ ਦਿਨ ਉਹ ਦਾਮੋਦਰਨ ਨਾਂ ਦੇ ਇਕ ਪਿੰਡ ਵਿਚ ਪਹੁੰਚਿਆ। ਪਿੰਡ ਦੇ ਚੌਧਰੀ ਤੇ ਨੰਬਰਦਾਰ ਸਵਾਗਤ ਲਈ ਆਏ। ਕਾਸਮ ਖਾਂ ਨੇ ਉਹਨਾਂ ਸਾਰਿਆਂ ਨੂੰ ਕੈਦ ਕਰ ਲਿਆ। ਪਿੰਡ ਤੇ ਕਿਲਾ ਲੁੱਟ ਲਿਆ। ਉਹਨਾਂ ਉਪਰ ਦੋਸ਼ ਲਾਇਆ ਗਿਆ ਕਿ ਉਹਨਾਂ ਸਿੱਖਾ ਦੀ ਮਦਦ ਕੀਤੀ ਹੈ, ਹਾਲਾਂਕਿ ਉਹ ਪੂਰਾ ਪਿੰਡ ਮੁਸਲਮਾਨਾਂ ਦਾ ਸੀ ਤੇ ਸਿੱਖ ਉਸ ਉੱਤੇ ਸਵੇਰੇ ਸ਼ਾਮੀਂ ਹਮਲਾ ਕਰਦੇ ਤੇ ਲੁੱਟਮਾਰ ਕਰਦੇ ਰਹਿੰਦੇ ਸਨ।

ਕੁਝ ਦਿਨਾਂ ਬਾਅਦ ਕਾਸਮ ਖਾਂ ਨੂੰ ਖਬਰ ਮਿਲੀ ਕਿ ਸਿੱਖ ਇਕ ਨਾਲ ਵਾਲੇ ਪਿੰਡ ਵਿਚ ਇਕੱਠੇ ਹੋਏ ਹੋਏ ਹਨ। ਉਸਨੇ ਆਪਣੇ ਭਰਾ ਆਲਮ ਬੇਗ ਨੂੰ ਇਕ ਹਜ਼ਾਰ ਘੋੜਸਵਾਰ ਤੇ ਪੈਦਲ ਸੈਨਾ ਨਾਲ ਉਹਨਾਂ ਉੱਤੇ ਹਮਲਾ ਕਰਨ ਲਈ ਭੇਜ ਦਿੱਤਾ। ਸਿੱਖ ਪਹਿਲਾਂ ਹੀ ਤਿਆਰ ਸਨ। ਘਮਾਸਾਨ ਦੀ ਲੜਾਈ ਹੋਈ। ਆਲਮ ਖਾਂ ਤਿੰਨ ਸੌ ਬੇਦੋਸੇ ਸਿਪਾਹੀਆਂ ਦੀ ਬਲੀ ਦੇ ਕੇ ਅਸਫਲ ਵਾਪਸ ਪਰਤ ਆਇਆ।

ਇਸ ਹਾਰ ਦੀ ਖਬਰ ਸੁਣ ਕੇ ਕਾਸਮ ਖਾਂ ਤਿਲਮਿਲਾ ਉਠਿਆ। ਅਗਲੇ ਦਿਨ ਘੋੜੇ ਉੱਤੇ ਸਵਾਰ ਹੋ ਕੇ ਉਸਨੇ ਖ਼ੁਦ ਸਿੱਖਾਂ ਉੱਤੇ ਚੜ੍ਹਾਈ ਕਰ ਦਿੱਤੀ। ਤਹਿਮਸ ਖਾਂ ਮਸਕੀਨ ਵੀ ਉਸਦੇ ਨਾਲ ਸੀ। ਮਸਕੀਨ ਲਿਖਦਾ ਹੈ ਕਿ ਤੀਹ ਸਿੱਖ ਘੋੜਸਵਾਰਾਂ ਨੇ ਕਾਸਮ ਖਾਂ ਦੀ ਫ਼ੌਜ ਵਿਚ ਭਗਦੜ ਮਚਾ ਦਿੱਤੀ।

"ਸਿੱਖ ਬਹਾਦੁਰ ਹਨ। ਉਹਨਾਂ ਨਾਲ ਲੜਨਾ ਠੀਕ ਨਹੀਂ। ਕਿਉਂ ਨਾ ਉਹਨਾਂ ਨਾਲ ਦੋਸਤੀ ਕਰ ਲਈ ਜਾਏ।" ਕਾਸਮ ਖਾਂ ਨੇ ਤਹਿਮਸ ਖਾਂ ਨੂੰ ਕਿਹਾ ਸੀ।

"ਇਸ ਵਿਚ ਸ਼ੱਕ ਨਹੀਂ ਕਿ ਸਿੱਖ ਬਹਾਦੁਰ ਨੇ। ਮੌਤ ਤੋਂ ਨਹੀਂ ਡਰਦੇ।" ਤਹਿਮਸ ਖਾਂ ਨੇ ਉਤਰ ਦਿੱਤਾ ਤੇ ਅੱਗੇ ਕਿਹਾ, "ਪਰ ਸਾਡੇ ਤੇ ਉਹਨਾਂ ਵਿਚਕਾਰ ਦੋਸਤੀ ਹੋ ਸਕਣਾ ਸੰਭਵ ਨਹੀਂ। ਉਹ ਆਪਣੇ ਮੁਲਕ ਦੀ ਆਜ਼ਾਦੀ ਲਈ ਲੜ ਰਹੇ ਨੇ, ਜਦ ਕਿ ਅਸੀਂ ਉਹਨਾਂ ਨੂੰ ਗ਼ੁਲਾਮ ਬਣਾਈ ਰੱਖਣਾ ਚਾਹੁੰਦੇ ਆਂ।"

"ਆਜ਼ਾਦੀ–ਅਜ਼ੂਦੀ ਕੁਝ ਨਹੀਂ ਹੁੰਦੀ। ਮੈਂ ਉਹਨਾਂ ਨੂੰ ਉਹਨਾਂ ਦੀ ਦਲੇਰੀ ਦਾ ਮੁੱਲ ਦਿਆਂਗਾ ਤੇ ਤੂੰ ਦੇਖੀਂ ਉਹ ਖੁਸ਼ੀ ਨਾਲ ਮੇਰਾ ਸਾਥ ਦੇਣਗੇ।" ਉਸਨੇ ਤਹਿਮਸ ਖਾਂ ਦੀ ਇਕ ਨਹੀਂ ਸੁਣੀ। ਅੱਠ ਸੌ ਸਿੱਖ ਆਪਣੀ ਫ਼ੌਜ ਵਿਚ ਭਰਤੀ ਕਰ ਲਏ।

"ਮੈਂ ਇਹਨਾਂ ਸਿੱਖਾਂ ਦੀ ਮਦਦ ਨਾਲ ਪਹਿਲਾਂ ਲਾਹੌਰ ਦਾ ਨਵਾਬ ਬਣਾਗਾ, ਤੇ ਫੇਰ ਦਿੱਲੀ ਫਤਿਹ ਕਰਾਂਗਾ। ਕਿਸ ਦੀ ਹਿੰਮਤ ਹੈ ਕਿ ਮੇਰੇ ਇਹਨਾਂ ਸਿੱਖਾਂ ਦਾ

ਮੁਕਾਬਲਾ ਕਰੇ।" ਉਸਨੇ ਹਿੱਕ ਥਾਪੜ ਕੇ ਬੜੇ ਮਾਣ ਨਾਲ ਕਿਹਾ ਤੇ ਫੇਰ ਖਿੜ –ਖਿੜ ਕਰਕੇ ਹੱਸਦਾ ਹੋਇਆ ਬੋਲਿਆ, "ਹਾ–ਹਾ–ਹਾ ! ਮੈਂ ਦਿੱਲੀ ਦਾ ਬਾਦਸ਼ਾਹ ਹੋਵਾਂਗਾ—ਦਿੱਲੀ ਦਾ ਬਾਦਸ਼ਾਹ!"

ਉਸ ਕੋਲ ਜਿੰਨਾਂ ਪੈਸਾ ਤੇ ਹਥਿਆਰ ਸਨ, ਉਸਨੇ ਸਿੱਖ–ਸਵਾਰਾਂ ਵਿਚ ਵੰਡ ਦਿੱਤੇ ਤੇ ਪੱਟੀ ਜਾਣ ਦੇ ਬਜਾਏ ਲਾਹੌਰ ਵੱਲ ਮੁੜ ਪਿਆ। ਸ਼ਾਮ ਹੋਣ ਦੇ ਨਾਲ ਹੀ ਲਾਹੌਰ ਦੇ ਨੇੜੇ ਜਾ ਪਹੁੰਚਿਆ ਤੇ ਰਾਵੀ ਦੇ ਕਿਨਾਰੇ ਡੇਰਾ ਲਾ ਦਿੱਤਾ। ਸਿੱਖ ਸਰਦਾਰਾਂ ਨਾਲ ਸਲਾਹ ਕਰਕੇ ਅਗਲੇ ਦਿਨ ਹਮਲਾ ਕਰਨ ਦੀ ਯੋਜਨਾ ਬਣਾਈ ਤੇ ਬਾਦਸ਼ਾਹ ਬਣਨ ਦੇ ਸੁਪਨੇ ਦੇਖਦਾ ਹੋਇਆ ਸੌਂ ਗਿਆ। ਸਵੇਰੇ ਉਠ ਦੇ ਦੇਖਿਆ ਤਾਂ ਉੱਥੇ ਇਕ ਵੀ ਸਿੱਖ ਨਹੀਂ ਸੀ। ਉਹ ਰੁਪਏ ਤੇ ਹਥਿਆਰ ਲੈ ਕੇ ਦੌੜ ਗਏ ਸਨ। ਹੁਣ ਉਸਨੂੰ ਮਸਕੀਨ ਦੀ ਗੱਲ ਚੇਤੇ ਆਈ ਕਿ ਸਿੱਖਾਂ ਨਾਲ ਦੋਸਤੀ ਸੰਭਵ ਨਹੀਂ, ਪਰ ਹੁਣ ਪਛਤਾਇਆਂ ਕੀ ਹੋਣਾ ਸੀ ਜਦੋਂ ਚਿੜੀਆਂ ਖੇਤ ਹੀ ਚੁਗ ਗਈਆਂ ਸਨ। ਸਿੱਖਾਂ ਨੂੰ ਪੈਸੇ ਤੇ ਹਥਿਆਰਾਂ ਦੀ ਲੋੜ ਸੀ—ਉਹ, ਉਹਨਾਂ ਉਸਨੂੰ ਉੱਲੂ ਬਣਾ ਕੇ ਹਾਸਲ ਕਰ ਲਏ।

ਉਸ ਕੋਲ ਜਿਹੜਾ ਹਜ਼ਾਰਾਂ ਰੁਪਈਆ ਸੀ, ਉਸਨੇ ਸਿੱਖਾਂ ਨੂੰ ਵੰਡ ਦਿੱਤਾ ਸੀ ਪਰ ਦੂਜੇ ਸੈਨਕਾਂ ਨੂੰ ਤਨਖਾਹ ਵੀ ਨਹੀਂ ਸੀ ਮਿਲੀ। ਜਦੋਂ ਦੇਖਿਆ ਕਿ ਸਿੱਖ ਪੱਤਰੇ ਵਾਚ ਗਏ ਨੇ ਤਾਂ ਉਹਨਾਂ ਵੀ ਬਗ਼ਾਵਤ ਕਰ ਦਿੱਤੀ।

"ਸਾਨੂੰ ਸਾਡੀਆਂ ਤਨਖਾਹਾਂ ਦਿਓ, ਸਾਨੂੰ ਸਾਡੀਆਂ ਤਨਖਾਹਾਂ ਦਿਓ।" ਨਾਅਰੇ ਲਾਉਂਦੇ ਹੋਏ ਸਿਪਾਹੀਆਂ ਨੇ ਉਸਨੂੰ ਆ ਘੇਰਿਆ। ਕੈਂਪ ਦੀਆਂ ਕਿੱਲੀਆਂ ਉਖਾੜ ਦਿੱਤੀਆਂ ਤੇ ਜਿਸ ਤਰ੍ਹਾਂ ਖਵਾਜਾ ਸਰਾਵਾਂ ਨੇ ਭਿਖਾਰੀ ਖਾਂ ਨੂੰ ਕੁੱਟਿਆ ਸੀ, ਜੁੱਤੀਆਂ ਤੇ ਕੈਂਪ ਦੀਆਂ ਕਿੱਲੀਆਂ ਨਾਲ ਉਸਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਉਸਨੂੰ ਘਸੀਟ ਦੇ ਹੋਏ ਬੇਗਮ ਕੋਲ ਲੈ ਆਏ, ਜਿਸ ਨੇ ਉਸਨੂੰ ਜੇਲ ਵਿਚ ਸੁੱਟਵਾ ਦਿੱਤਾ।

**000**

ਉਹ ਦਿਨ ਹੀ ਅਜਿਹੇ ਸਨ ਕਿ ਜਿਹੜੇ ਵਿਦੇਸ਼ੀ ਦੇ ਹੱਥ ਵਿਚ ਤਲਵਾਰ ਆ ਜਾਂਦੀ ਸੀ, ਆਪਣੀ ਆਜ਼ਾਦ ਹਕੂਮਤ ਸਥਾਪਤ ਕਰਨ ਦੇ ਸੁਪਨੇ ਲੈਣ ਲੱਗ ਪੈਂਦਾ ਸੀ। ਮੀਰ ਮੰਨੂੰ ਦੀ ਮੌਤ ਤੋਂ ਬਾਅਦ ਤਿੰਨ ਸਾਲ ਦੇ ਅੰਦਰ-ਅੰਦਰ ਨੌਂ ਨਵਾਬ ਬਣੇ ਤੇ ਬਦਲੇ ਗਏ। ਰਾਜਧਾਨੀ ਲਾਹੌਰ ਵਿਚ ਛੜਯੰਤਰਾਂ, ਹੱਤਿਆਵਾਂ ਤੇ ਜਾਲ-ਸਾਜੀਆਂ ਦਾ ਬਾਜ਼ਾਰ ਗਰਮ ਸੀ। ਬੇਗਮ ਦੀ ਵਿਲਾਸਤਾ ਤੇ ਬਦਕਾਰੀ ਤੋਂ ਤੁਰਕ ਤੇ ਮੁਗਲ ਦੋਹੇਂ ਹੀ ਅੱਕੇ ਹੋਏ ਸਨ ਤੇ ਵਿਦਰੋਹ ਤੇ ਜਾਲ-ਸਾਜੀਆਂ ਨੂੰ ਹਵਾ ਦੇ ਰਹੇ ਸਨ। ਸਿੱਟਾ ਇਹ ਕਿ ਰਾਜ ਦਾ ਪੂਰਾ ਢਾਂਚਾ ਅਸਤ-ਵਿਅਸਤ ਹੋ ਗਿਆ। ਮੁਲਤਾਨ ਦਾ ਸੂਬੇਦਾਰ ਵੱਖਰਾ ਸੀ, ਜਿਹੜਾ ਦਿੱਲੀ ਦੇ ਬਜਾਏ ਕੰਧਾਰ ਦੇ ਅਧੀਨ ਸੀ। ਚਾਹਾਰ ਮਹਿਲ ਦੇ ਫੌਜਦਾਰ ਰੁਸਤਮ ਖਾਂ ਨੂੰ ਵੀ ਅਹਿਮਦ ਸ਼ਾਹ ਅਬਦਾਲੀ ਨੇ ਲਾਇਆ ਸੀ। ਅਦੀਨਾ ਬੇਗ ਜਲੰਧਰ ਤੇ ਸਰਹਿੰਦ ਦਾ ਸੁਤੰਤਰ ਰਾਜ ਬਣਾਈ ਬੈਠਾ ਸੀ। ਛੋਟੇ ਛੋਟੇ ਸਥਾਨਕ ਜ਼ਿਮੀਂਦਾਰ ਵੀ ਆਪਣੀ ਫੌਜ ਭਰਤੀ ਕਰਕੇ ਵੱਖ ਹੁੰਦੇ ਜਾ ਰਹੇ ਸਨ। ਦੁਆਬਾ-ਸਿੰਧ-ਸਾਗਰ ਵਿਚ ਗਕਖਰ; ਮਕਰਬ ਖਾਂ, ਦੁਆਬਾ-ਚੱਜ ਵਿਚ; ਆਕਿਲਦਾਸ ਜੰਡਿਆਲਾ ਵਿਚ; ਰੰਧਾਵਾ ਜ਼ਿਮੀਂਦਾਰ ਬਟਾਲਾ ਵਿਚ; ਕਸੂਰ ਦੇ ਅਫਗਾਨ ਦੁਆਬਾ-ਬਾਰੀ ਵਿਚ; ਰਾਜਪੂਤ ਫਗਵਾੜਾ ਤੇ ਕਪੂਰਥਲੇ ਵਿਚ ਸ਼ਕਤੀਸ਼ਾਲੀ ਸੁਤੰਤਰ ਰਾਜੇ ਬਣ ਬੈਠੇ ਸਨ।

ਜਿਹੜੇ ਪੇਸ਼ਾਵਰ ਵਿਦੇਸ਼ੀ ਸਿਪਾਹੀ ਭਰਤੀ ਕੀਤੇ ਗਏ ਸਨ, ਉਹ ਵੀ ਜਨਤਾ ਨੂੰ ਬੇਰਹਿਮੀ ਨਾਲ ਲੁੱਟਦੇ ਸਨ। ਅਫਰਾ-ਤਫਰੀ ਤੇ ਗੁੰਡਾ-ਗਰਦੀ ਇਸ ਹੱਦ ਤਕ ਵਧ ਗਈ ਸੀ ਕਿ ਭਾਂਤ-ਭਾਂਤ ਦੇ ਚੋਰ-ਉੱਚਕੇ ਪੈਦਾ ਹੋ ਗਏ ਸਨ। ਪੂਰੀ ਸਥਿਤੀ ਨੂੰ ਇਸ ਲੋਕ ਅਖਾਣ ਵਿਚ ਬੰਦ ਕਰ ਦਿੱਤਾ ਗਿਆ ਸੀ—

'ਲੰਡਾ ਲੁੱਚਾ ਚੌਧਰੀ

ਗੁੰਡੀ ਰੰਨ ਪ੍ਰਧਾਨ।'

ਦਿੱਲੀ ਤੇ ਲਾਹੌਰ ਦੀ ਪਿੰਗਲੀ ਸਰਕਾਰ ਖ਼ੁਦ ਆਪਣੀ ਰੱਖਿਆ ਕਰਨ ਤੋਂ ਅਸਮਰਥ ਸੀ, ਉਹ ਕਿਸੇ ਹੋਰ ਦੀ ਕੀ ਰੱਖਿਆ ਕਰ ਸਕਦੀ ਸੀ। ਨਾ ਕਿਸੇ ਦੀ ਜਾਨ–ਮਾਲ ਸੁਰੱਖਿਅਤ ਸੀ ਨਾ ਇੱਜ਼ਤ। ਚਾਰੇ ਪਾਸੇ ਲੁੱਟ ਮੱਚੀ ਹੋਈ ਸੀ। ਇਸ ਅਫਰਾ–ਤਫਰੀ ਵਿਚ ਹਥਿਆਰਬੰਦ ਤੇ ਇਕਮੁੱਠ ਸ਼ਕਤੀ ਸੀ ਤਾਂ ਸਿਰਫ ਦਲ ਖਾਲਸਾ ਹੀ ਸੀ। ਉਸਦਾ ਉਦੇਸ਼ ਸੀ ਪੰਜਾਬ ਨੂੰ ਵਿਦੇਸ਼ੀ ਗ਼ੁਲਾਮੀ ਤੋਂ ਮੁਕਤ ਕਰਕੇ ਉਸਨੂੰ ਖੁਸ਼ੀਆਂ ਤੇ ਖੇੜਿਆਂ ਨਾਲ ਭਰ ਦੇਣਾ। ਉਹਨਾਂ ਦੇ ਸਿਪਾਹੀ ਭਾੜੇ ਦੇ ਟੱਟੂ ਜਾਂ ਤਨਖਾਹੀਏ ਨਹੀਂ ਸਨ। ਦੇਸ਼ ਤੇ ਧਰਮ ਦੀ ਰੱਖਿਆ ਖਾਤਰ ਸਵੈ–ਇੱਛਾ ਨਾਲ ਦਲ–ਖਾਲਸਾ ਵਿਚ ਭਰਤੀ ਹੁੰਦੇ ਸਨ। ਸੇਵਾ, ਤਿਆਗ ਤੇ ਅਨੁਸ਼ਾਸਨ ਉਹਨਾਂ ਦੇ ਤਿੰਨ ਮੁੱਖ ਗੁਣ ਸਨ। ਉਹਨਾਂ ਨੂੰ ਪੰਜਾਬ, ਪੰਜਾਬ ਦੀ ਜਨਤਾ, ਉਸਦੀ ਭਾਸ਼ਾ ਤੇ ਸੰਸਕ੍ਰਿਤੀ ਨਾਲ ਪਿਆਰ ਸੀ। ਉਹਨਾਂ ਦੇ ਵੱਡੇ–ਵਡੇਰੇ ਔਖੇ ਤੋਂ ਔਖੇ ਦਿਨਾਂ ਵਿਚ ਕਣਕਾਂ ਉਗਾਉਂਦੇ, ਭੰਗੜੇ ਪਾਉਂਦੇ ਤੇ ਮਾਹੀਏ ਗਾਉਂਦੇ ਆਏ ਸਨ। ਉਹਨਾਂ ਦੇ ਘਰ ਬਾਰ ਇੱਥੇ ਸਨ। ਗੁਰੂ ਨਾਨਕ ਦੇ ਨਵੇਂ ਧਰਮ ਨੇ 'ਕਿਰਤ ਕਰਨ, ਵੰਡ ਛਕਨ ਤੇ ਨਾਮ ਜਪਨ' ਦਾ ਸੁਨੇਹਾ ਦੇ ਕੇ ਉਹਨਾਂ ਨੂੰ ਮਨਮੁੱਖ ਤੋਂ ਗੁਰਮੁੱਖ ਅਰਥਾਤ ਨਿੱਜੀ ਸਵਾਰਥ ਤੇ ਅੰਧਵਿਸ਼ਵਾਸ ਤੋਂ ਮੁਕਤ ਕੀਤਾ ਸੀ। ਗੁਰੂ ਦੀ ਇਸ ਸਿੱਖਿਆ ਉਪਰ ਚੱਲਦੇ ਹੋਏ ਉਹਨਾਂ ਸੰਘਰਸ਼ ਦਾ ਜਿਹੜਾ ਮਾਰਗ ਅਪਣਾਇਆ ਸੀ, ਉਸਦਾ ਇਕ ਲੰਮਾਂ ਤੇ ਗੌਰਵਮਈ ਇਤਿਹਾਸ ਸੀ।

ਮੀਰ ਮੰਨੂੰ ਦੀ ਮੌਤ ਪਿੱਛੋਂ ਖਾਲਸਾ ਦਲ ਨੇ ਪੰਜਾਬ ਦੇ ਵਧੇਰੇ ਹਿੱਸੇ ਉਪਰ ਆਪਣਾ ਕਬਜਾ ਕਰ ਲਿਆ। ਉਧਰ ਦੁਆਬੇ ਵਿਚ ਕਲਾਨੌਰ, ਬਟਾਲਾ ਤੇ ਅੰਮ੍ਰਿਤਸਰ ਦੇ ਜ਼ਿਲੇ ਉਹਨਾਂ ਦੀ ਸ਼ਕਤੀ ਦਾ ਦ੍ਰਿੜ੍ਹ ਆਧਾਰ ਸਨ। ਉਹਨਾਂ ਰਾਮ ਰੌਣੀ ਕਿਲੇ ਦੀ ਜਿਸਨੂੰ ਮੀਰ ਮੰਨੂੰ ਨੇ ਢਾ ਦਿੱਤਾ ਸੀ, ਫੇਰ ਉਸਾਰੀ ਕੀਤੀ। ਇਹ ਕਿਲਾ ਹੁਣ ਪਹਿਲਾਂ ਨਾਲੋਂ ਜ਼ਿਆਦਾ ਵੱਡਾ ਤੇ ਵਧੇਰੇ ਮਜ਼ਬੂਤ ਬਣਾਇਆ ਗਿਆ

ਸੀ। ਸਿੱਖ ਸਿਪਾਹੀ ਹੁਣ ਇੱਥੇ ਹੀ ਆ ਕੇ ਰਹਿੰਦੇ ਤੇ ਇਧਰ ਉਧਰ ਧਾਵੇ ਬੋਲਦੇ ਸਨ। ਕਾਸਮ ਖਾਂ ਨੂੰ ਲਾਹੌਰ ਤੋਂ ਪੱਟੀ ਜਾਂਦਿਆਂ ਹੋਇਆਂ ਇੱਥੇ ਹੀ ਪ੍ਰੇਸ਼ਾਨ ਕੀਤਾ ਗਿਆ ਸੀ। ਉਸਦੇ ਰੁਪਏ ਤੇ ਹਥਿਆਰ ਲੈ ਕੇ ਉਹ ਫੇਰ ਇੱਥੇ ਹੀ ਆ ਗਏ ਸਨ।

ਹੁਣ ਦਲ–ਖਾਲਸਾ ਇਕ ਰਾਜਨੀਤਕ ਸੱਤਾ ਸੀ। ਉਹ ਦਿਨ ਨਹੀਂ ਸੀ ਰਹੇ ਜਦੋਂ ਉਹਨਾਂ ਨੂੰ ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ ਦੇ ਡਰ ਕਾਰਨ ਪਹਾੜਾਂ ਤੇ ਜੰਗਲਾਂ ਵਿਚ ਜਾ ਕੇ ਛੁਪਣਾ ਪੈਂਦਾ ਸੀ। ਇਸ ਦੇ ਵਪਰੀਤ ਹੁਣ ਦਿੱਲੀ ਤੇ ਲਾਹੌਰ ਦੇ ਲਈ ਦਲ–ਖਾਲਸਾ ਖ਼ੁਦ ਇਕ ਖਤਰਾ ਬਣ ਗਿਆ ਸੀ। ਪਹਿਲਾਂ ਉਹ ਜੰਗਲਾਂ ਤੇ ਪਹਾੜਾਂ ਵਿਚ ਜੀਵਨ ਬਿਤਾਉਣ ਲਈ ਤੇ ਸਰਕਾਰ ਨੂੰ ਚੁਣੌਤੀ ਦੇਣ ਤੇ ਕਮਜ਼ੋਰ ਕਰਨ ਲਈ ਲੁੱਟਮਾਰ ਕਰਦੇ ਸਨ। ਛੋਲਿਆਂ ਨਾਲ ਕਈ ਵਾਰੀ ਘੁਣ ਵੀ ਪੀਸਿਆ ਜਾਂਦਾ ਹੈ। ਵੈਸੇ ਸਿੱਖ ਗੁਰੀਲੇ ਸਰਕਾਰੀ ਅਧਿਕਾਰੀਆਂ ਤੇ ਅਮੀਰ ਲੋਕਾਂ ਨੂੰ ਹੀ ਲੁੱਟਦੇ ਸਨ, ਆਮ ਲੋਕਾਂ ਦਾ ਕੋਈ ਨੁਕਸਾਨ ਨਹੀਂ ਸਨ ਕਰਦੇ। ਹੁਣ ਜਦੋਂ ਉਹ ਖ਼ੁਦ ਰਾਜਨੀਤਕ ਸੱਤਾ ਬਣ ਚੁੱਕੇ ਸਨ, ਆਮ ਲੋਕਾਂ ਦੇ ਜਾਨ–ਮਾਲ ਤੇ ਮਾਣ–ਸਨਮਾਣ ਦੀ ਰੱਖਿਆ ਕਰਨਾ ਉਹਨਾਂ ਦੀ ਜ਼ਿੰਮੇਵਾਰੀ ਹੋ ਗਈ ਸੀ। ਅਮਨ ਤੇ ਦ੍ਰਿੜ ਰਾਜ ਪ੍ਰਬੰਧ ਸਾਥਾਪਤ ਕਰਕੇ ਹੀ ਪੰਜਾਬ ਨੂੰ ਸ਼ਕਤੀਸ਼ਾਲੀ ਤੇ ਖੁਸ਼ਹਾਲ ਬਣਾਇਆ ਜਾ ਸਕਦਾ ਸੀ। ਅਮਨ ਤੇ ਰਾਜ ਪ੍ਰਬੰਧ ਦੇ ਸੁਧਾਰ ਲਈ ਖਾਲਸ ਦਲ ਨੇ 'ਰਾਖੀ ਪ੍ਰਣਾਲੀ' ਲਾਗੂ ਕੀਤੀ ਜਿਹੜੀ ਉਹਨਾਂ ਦੀ ਆਪਣੀ ਕਾਢ ਸੀ।

ਪੰਜਾਬ ਵਿਚ 'ਰਾਖੀ', 'ਰਖਵਾਲੀ' ਨੂੰ ਕਹਿੰਦੇ ਹਨ। ਇੰਜ ਰਾਖੀ ਪ੍ਰਣਾਲੀ ਦਾ ਅਰਥ ਹੋਇਆ, ਲੋਕਾਂ ਦੀ ਰਖਵਾਲੀ ਕਰਨ ਦੇ ਸੁਚੱਜੇ ਢੰਗ ਤਰੀਕੇ। ਜਿਹੜਾ ਪਿੰਡ ਦਲ–ਖਾਲਸਾ ਦੀ ਰਾਖੀ ਪ੍ਰਣਾਲੀ ਦੇ ਵਿਚ ਆਉਣਾ ਮੰਨ ਲੈਂਦਾ, ਦਲ–ਖਾਲਸਾ ਉਸਦੀ ਸਰਕਾਰੀ ਅਤਿਆਚਾਰਾਂ ਤੇ ਹੋਰ ਲੁੱਟ–ਖਸੁੱਟ ਤੋਂ ਰੱਖਿਆ ਕਰਦਾ। ਇਸ ਸੁਰੱਖਿਆ ਦੇ ਬਦਲੇ ਵਿਚ ਪਿੰਡਾਂ ਨੂੰ ਹਾੜ੍ਹੀ ਸੌਣੀ ਦੀ ਫਸਲ ਦਾ

ਪੰਜਵਾਂ ਹਿੱਸਾ ਦਲ ਖਾਲਸਾ ਨੂੰ ਦੇਣਾ ਪੈਂਦਾ ਸੀ। ਅਫਰਾ–ਤਫਰੀ ਦੇ ਇਸ ਯੁੱਗ ਵਿਚ ਪਿੰਡਾਂ ਦੇ ਪਿੰਡ ਤੇ ਸ਼ਹਿਰਾਂ ਦੇ ਸ਼ਹਿਰ ਰਾਖੀ ਪ੍ਰਣਾਲੀ ਵਿਚ ਆਉਣ ਲੱਗੇ। ਛੋਟੇ ਛੋਟੇ ਹਿੰਦੂ ਤੇ ਮੁਸਲਮਾਨ ਜ਼ਿਮੀਂਦਾਰਾਂ ਨੇ ਵੀ ਰਾਖੀ ਪ੍ਰਣਾਲੀ ਵਿਚ ਆਉਣਾ ਠੀਕ ਸਮਝਿਆ। ਦਲ–ਖਾਲਸਾ ਦੀ ਏਨੀ ਧਾਕ ਸੀ ਕਿ ਜੇ ਕੋਈ ਇੰਜ ਰਾਖੀ ਪ੍ਰਣਾਲੀ ਵਿਚ ਆ ਜਾਂਦਾ ਸੀ, ਕਿਸੇ ਨੂੰ ਉਸ ਵੱਲ ਅੱਖ ਚੁੱਕ ਕੇ ਦੇਖਣ ਦਾ ਹੌਂਸਲਾ ਨਹੀਂ ਸੀ ਹੁੰਦਾ।

ਇਸ ਰਾਖੀ ਪ੍ਰਣਾਲੀ ਨਾਲ ਦਲ ਖਾਲਸਾ ਦੀ ਸੱਤਾ ਦਾ ਪ੍ਰਸਾਰ ਬੜੀ ਤੇਜ਼ੀ ਨਾਲ ਹੋਇਆ। ਦਲ ਖਾਲਸਾ ਦੇ ਵੱਖ ਵੱਖ ਜੱਥੇਦਾਰਾਂ ਉਪਰ ਵੱਖ ਵੱਖ ਇਲਾਕਿਆਂ ਦੀ ਰਾਖੀ ਦੀ ਜ਼ਿਮੇਂਵਾਰੀ ਹੁੰਦੀ। ਜਿਹੜੇ ਪਿੰਡ ਉਹਨਾਂ ਨਾਲ ਸ਼ਾਮਲ ਹੁੰਦੇ ਸਨ, ਉਹਨਾਂ ਦੀ ਸੂਚਨਾ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਤੀ ਜਾਂਦੀ। ਜਿਹੜਾ ਪਿੰਡ ਜਿਸ ਜੱਥੇਦਾਰ ਨਾਲ ਪਹਿਲਾਂ ਜੁੜਦਾ, ਉਹਨੂੰ ਕਿਸੇ ਹੋਰ ਜੱਥੇਦਾਰ ਨੂੰ ਆਪਣੇ ਨਾਂ ਹੇਠ ਕਰਨ ਦਾ ਅਧਿਕਾਰ ਨਹੀਂ ਸੀ ਹੁੰਦਾ। ਜਦੋਂ ਕੋਈ ਜੱਥੇਦਾਰ ਕਿਸੇ ਪਿੰਡ ਦਾ ਨਾਂ ਆਪਣੀ ਸੂਚੀ ਵਿਚ ਲਿਖਵਾਉਣ ਆਉਂਦਾ, ਤੇ ਜੱਸਾ ਸਿੰਘ ਇਹ ਕਹਿ ਦਿੰਦਾ ਕਿ ਇਹ ਪਿੰਡ ਤਾਂ ਪਹਿਲਾਂ ਹੀ ਫਲਾਨੇ ਜੱਥੇਦਾਰ ਦੀ ਮਿਸਲ ਵਿਚ ਹੈ ਤਾਂ ਉਹ 'ਸਤ ਬਚਨ ਮਹਾਰਾਜ' ਕਹਿ ਕੇ ਚੁੱਪ ਹੋ ਜਾਂਦਾ ਸੀ।

ਜੱਸਾ ਸਿੰਘ 'ਮਿਸਲ' ਸ਼ਬਦ ਦਾ ਪ੍ਰਯੋਗ ਫਰਦ ਭਾਵ ਸੂਚੀ ਲਈ ਕਰਦਾ ਸੀ। ਪਰ ਜੱਥੇਦਾਰਾਂ ਨੇ ਇਸਨੂੰ ਆਪਣੇ ਇਲਾਕੇ ਤੇ ਆਪਣੇ ਜੱਥੇ ਲਈ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਸੀ। ਇੰਜ ਮਿਸਲਾਂ ਹੋਂਦ ਵਿਚ ਆਈਆਂ। ਫਾਰਸੀ ਵਿਚ ਮਿਸਲ ਸ਼ਬਦ ਸਮਾਨਤਾ ਲਈ ਵੀ ਇਸਤੇਮਾਲ ਹੁੰਦਾ ਹੈ। ਸਾਰੀਆਂ ਮਿਸਲਾਂ ਇਕ ਬਰਾਬਰ ਸਨ। ਉਹਨਾਂ ਵਿਚ ਛੋਟੀ ਵੱਡੀ ਦਾ ਭੇਦ ਭਾਵ ਨਹੀਂ ਸੀ। ਆਪਸ ਵਿਚ ਸਮਾਨਤਾ ਦਾ ਵਰਤਾਰਾ ਹੁੰਦਾ ਸੀ।

ਜਿਹੜਾ ਪਿੰਡ ਜਿਸ ਮਿਸਲ ਵਿਚ ਆ ਜਾਂਦਾ, ਮਿਸਲ ਦਾ ਸਰਦਾਰ ਉਸਦੀ

ਰੱਖਿਆ ਕਰਦਾ ਸੀ। ਜਦੋਂ ਕਿਸੇ ਮਿਸਲ ਦਾ ਸਰਦਾਰ ਇਕੱਲਾ ਰੱਖਿਆ ਨਾ ਕਰ ਸਕਦਾ ਤਾਂ ਦੂਜੀਆਂ ਮਿਸਲਾਂ ਦੇ ਸਰਕਾਰ ਉਸਦੀ ਸਹਾਇਤਾ ਲਈ ਆ ਜਾਂਦੇ ਸਨ। ਰਾਮ–ਰੌਣੀ ਕਿਲੇ ਵਿਚ ਵੀ ਇਕ ਖਾਸ ਫੌਜ ਰਹਿੰਦੀ ਸੀ, ਜਿਹੜੀ ਮੌਕੇ ਉਪਰ ਮਦਦ ਲਈ ਭੇਜੀ ਜਾਂਦੀ ਸੀ। ਜਦੋਂ ਦਲ ਖਾਲਸਾ ਦੀ ਫੌਜ ਰਾਖੀ ਪ੍ਰਣਾਲੀ ਅਧੀਨ ਪੈਂਦੇ ਕਿਸੇ ਪਿੰਡ ਵਿਚੋਂ ਲੰਘਦੀ ਤਾਂ ਉਹ ਇਸ ਗੱਲ ਦਾ ਧਿਆਨ ਰੱਖਦੀ ਕਿ ਉਸ ਪਿੰਡ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪੁੱਜੇ।

ਰਾਖੀ ਪ੍ਰਣਾਲੀ ਨਾਲ ਅਮਨ ਕਾਇਮ ਹੋਇਆ। ਦਮਨ ਦੀ ਚੱਕੀ ਵਿਚ ਪਿਸਦੇ ਆ ਰਹੇ ਲੋਕਾਂ ਨੇ ਸੁਖ ਦਾ ਸਾਹ ਲਿਆ। ਵਪਾਰ, ਖੇਤੀਬਾੜੀ ਤੇ ਦਸਤਕਾਰੀ ਦੀ ਪ੍ਰਗਤੀ ਲਈ ਮਾਹੌਲ ਪੈਦਾ ਹੋਇਆ। ਜੀਵਨ ਵਿਚ ਫੇਰ ਸੁਖ ਤੇ ਸ਼ਾਂਤੀ ਦੀ ਰੌਅ ਦੌੜ ਗਈ। ਦਲ ਖਾਲਸਾ ਦਾ ਸਨਮਾਨ ਵਧਿਆ। ਕਿਸਾਨ ਦਾ ਪੁੱਤਰ ਜਵਾਨ ਹੁੰਦਾ ਹੀ ਆਪਣੇ ਬਾਪੂ ਨੂੰ ਕਹਿੰਦਾ, "ਬਾਪੂ ਜੀ, ਮੈਨੂੰ ਘੋੜਾ ਤੇ ਤਲਵਾਰ ਲੈ ਦਿਓ...ਮੈਂ ਵੀ ਸਿੰਘ ਖਾਲਸਾ ਬਣਾਗਾ।"

ਦਲ ਖਾਲਸਾ ਵਿਚ ਘੋੜਸਵਾਰ ਹੀ ਹੁੰਦੇ ਸਨ। ਪਿਆਦੇ ਪਹਿਰੇਦਾਰੀ ਤੇ ਉਗਰਾਹੀ ਦਾ ਕੰਮ ਹੀ ਕਰਦੇ ਸਨ। ਇਸ ਲਈ ਘੋੜੇ ਦਾ ਬੜਾ ਮਹੱਤਵ ਸੀ। ਸਿੱਖ ਸੈਨਕ ਆਪਣੇ ਘੋੜੇ ਨਾਲ ਏਨਾ ਪਿਆਰ ਕਰਦੇ ਸਨ ਕਿ ਉਹਨਾਂ ਨੂੰ ਆਪਣੇ ਘੋੜੇ ਦੇ ਮਰ ਜਾਣਦਾ ਜਿੰਨਾਂ ਦੁੱਖ ਹੁੰਦਾ ਸੀ, ਓਨਾਂ ਆਪਣੇ ਕਿਸੇ ਸਕੇ ਸਬੰਧੀ ਦੇ ਮਰ ਜਾਣ ਦਾ ਨਹੀਂ ਸੀ ਹੁੰਦਾ ਹੁੰਦਾ। ਸਿੱਖ ਸਰਦਾਰ ਖਾਸ ਤੌਰ 'ਤੇ ਜੱਸਾ ਸਿੰਘ ਆਹਲੂਵਾਲੀਆ ਨਜ਼ਰਾਨੇ ਵਿਚ ਘੋੜੇ ਲੈਣਾ ਵਧੇਰੇ ਪਸੰਦ ਕਰਦੇ ਸਨ ਤਾਂ ਕਿ ਪਿਆਦਿਆਂ ਨੂੰ ਵੀ ਘੋੜਸਵਾਰ ਬਣਾਇਆ ਜਾ ਸਕੇ।

ਨਿਤਾਨਿਆਂ ਲਈ ਰਾਖੀ ਪ੍ਰਣਾਲੀ ਵਰਦਾਨ ਸੀ। ਬਹੁਤ ਸਾਰੇ ਪਿੰਡ ਸਵੈ ਇੱਛਾ ਨਾਲ ਰਾਖੀ ਪ੍ਰਣਾਲੀ ਵਿਚ ਆ ਗਏ। ਸਿੱਟਾ ਇਹ ਕਿ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਦੇ ਪੰਜ ਦੁਆਬਿਆਂ ਵਿਚੋਂ ਚਾਰਾਂ ਵਿਚ ਦਲ–ਖਾਲਸਾ ਦਾ ਬੋਲਬਾਲਾ ਹੋ ਗਿਆ। ਪਹਿਲਾਂ ਪਹਿਲਾਂ ਹਰੇਕ ਮਿਸਲ ਨੇ ਆਪਣਾ ਵਿਸਥਾਰ ਆਸ ਪਾਸ ਦੇ

ਇਲਾਕੇ ਵਿਚ ਕੀਤਾ। ਹੁਣ ਹੋਰ ਅੱਗੇ ਵਧਣ ਲਈ ਉਹਨਾਂ ਨੂੰ ਵੱਖਰੀਆਂ ਵੱਖਰੀਆਂ ਦਿਸ਼ਾਵਾਂ ਵੰਡ ਦਿੱਤੀਆਂ ਗਈਆਂ ਤਾਂ ਕਿ ਸੱਤਾ ਦਾ ਵਿਸਥਾਰ ਵੀ ਹੋਏ ਤੇ ਆਪਸ ਵਿਚ ਰੌਲਾ ਵੀ ਨਾ ਪਏ। ਇਸ ਯੋਜਨਾਂ ਅਨੁਸਾਰ ਕਰੋੜਾ ਸਿੰਘ ਤੇ ਦੀਪ ਸਿੰਘ ਦੀਆਂ ਮਿਸਲਾਂ ਸਤਲੁਜ ਦੇ ਦੱਖਣੀ ਕਿਨਾਰੇ ਵੱਲ ਚਲੀਆਂ ਗਈਆਂ। ਸਿੰਘ ਪੁਰੀਆ ਤੇ ਆਹਲੂਵਾਲੀਆ ਘਾਗਰਾ ਦੇ ਦੋਹੇਂ ਪਾਸੇ ਰਹੇ। ਜੈ ਸਿੰਘ ਕਨ੍ਹਈਆ ਤੇ ਜੱਸਾ ਸਿੰਘ ਰਾਮਗੜ੍ਹੀਆ ਅੰਮ੍ਰਿਤਸਰ ਦੇ ਉਤਰ ਵਿਚ ਰਿਆਰਕੀ ਵੱਲ ਚਲੇ ਗਏ। ਨਕਾਈ ਲਾਹੌਰ ਦੇ ਦੱਖਣ ਵਿਚ ਨੱਕਾ ਖੇਤਰ ਵਿਚ ਚਲੇ ਗਏ। ਰਣਜੀਤ ਸਿੰਘ ਦਾ ਦਾਦਾ ਚੜ੍ਹਤ ਸਿੰਘ ਸ਼ੁਕਰਚੱਕੀਆ ਹਰੀ ਸਿੰਘ ਭੰਗੀ, ਜਿਹਨਾਂ ਦਾ ਜੱਥਾ ਸਭ ਤੋਂ ਵੱਡਾ ਸੀ, ਰਚਨਾ ਤੇ ਚੱਜ ਦੁਆਬੇ ਵੱਲ ਚਲੇ ਗਏ...ਜਿੱਥੇ ਵਧੇਰੇ ਆਬਾਦੀ ਦੁਸ਼ਮਣਾ ਦੀ ਸੀ। ਨਿਸ਼ਾਨ ਵਾਲ ਤੇ ਡੱਲੇ ਵਾਲ ਗੁਰੂ ਦੀ ਨਗਰੀ ਭਾਵ ਅੰਮ੍ਰਿਤਸਰ ਦੀ ਰਾਖੀ ਕਰਦੇ ਸਨ ਤੇ ਲੋੜ ਪੈਣ ਸਮੇਂ ਹੋਰਾਂ ਦੀ ਮਦਦ ਲਈ ਵੀ ਭੇਜੇ ਜਾਂਦੇ ਸਨ। ਸਾਰੇ ਮਿਸਲ ਸਰਦਾਰਾਂ ਨੇ ਛੋਟੇ ਛੋਟੇ ਦੁਰਗ ਬਣਾ ਲਏ ਸਨ ਤੇ ਨਵੇਂ ਰੰਗਰੂਟ ਭਰਤੀ ਕਰਕੇ ਆਪਣੀ ਸੈਨਕ ਸ਼ਕਤੀ ਵਧਾ ਲਈ ਸੀ।

ਛੋਟੀਆਂ ਛੋਟੀਆਂ ਮੁਹਿੰਮਾਂ ਦੇ ਇਲਾਵਾ ਸਿੱਖ ਜੱਥੇਦਾਰ ਵੱਡੀਆਂ ਵੱਡੀਆਂ ਮੁਹਿੰਮਾਂ ਵੀ ਸਰ ਕਰਦੇ ਸਨ। ਦਲ ਖਾਲਸਾ ਹੁਣ ਲਾਹੌਰ ਦੇ ਇਰਦ ਗਿਰਦ ਜਾ ਪਹੁੰਚਿਆ ਸੀ। ਇਕ ਹਨੇਰੀ ਰਾਤ ਵਿਚ **500** ਸਿੱਖ ਸੈਨਕਾਂ ਨੇ ਮੁਸਲਿਮ ਸੈਨਕਾਂ ਦੀਆਂ ਵਰਦੀਆਂ ਪਾ ਕੇ ਚੜ੍ਹਤ ਸਿੰਘ ਤੇ ਜੈ ਸਿੰਘ ਦੀ ਅਗਵਾਨੀ ਹੇਠ ਸ਼ਾਹ ਆਲਮੀ ਦਰਵਾਜ਼ੇ ਵੱਲੋਂ ਪ੍ਰਵੇਸ਼ ਕੀਤਾ ਤੇ ਬੇਗਮਾਂ ਦੇ ਰਣਵਾਸ, ਪਰੀ ਮਹਿਲ ਤੇ ਰੰਗ ਮਹਿਲ ਦੇ ਧਨੱਡ ਦੁਕਾਨਦਾਰਾਂ ਤੇ ਸਰਾਫਾਂ ਨੂੰ ਲੁੱਟ ਲਿਆ। **1754** ਦੇ ਅੰਤ ਵਿਚ **12000** ਸਿੱਖਾਂ ਨੇ ਪਹਿਲਾਂ ਅੰਬਾਲੇ ਜ਼ਿਲੇ ਨੂੰ ਤੇ ਫੇਰ ਸਰਹਿੰਦ ਸ਼ਹਿਰ ਨੂੰ ਜਾ ਲੁੱਟਿਆ ਤੇ ਝਟਪਟ ਠੀਕਰੀਵਾਲ ਪਰਤ ਆਏ। ਬੰਦਾ ਬਹਾਦਰ ਪਿੱਛੋਂ ਉਹਨਾਂ ਪਹਿਲੀ ਵੇਰ ਸਰਹਿੰਦ ਨੂੰ ਲੁੱਟਿਆ ਸੀ।

'ਕੁਤਬ ਖਾਂ ਰੋਹਿਲਾ ਚੜ੍ਹਿਆ ਆ ਰਿਹਾ ਹੈ। ਖਾਲਸਾ ਜੀ ਮੇਰੀ ਮਦਦ ਕਰੋ।' ਅਪਰੈਲ 1754 ਵਿਚ ਜੱਸਾ ਸਿੰਘ ਨੂੰ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਦਾ ਸੁਨੇਹਾ ਮਿਲਿਆ।

ਕੁਤਬ ਖਾਂ ਰੋਹਿਲਾ ਸਰਦਾਰ ਨਜੀਬੁਲ ਦੌਲਾ ਨਾਲ ਬਾਦਸ਼ਾਹ ਦੀ ਫੌਜ ਵਿਚ ਭਰਤੀ ਹੋਇਆ ਸੀ। ਉਹ ਜਾਤ ਦਾ ਰੋਹਿਲਾ ਨਹੀਂ ਸੀ ਪਰ ਰੋਹਿਲਾ ਦਾ ਨੌਕਰ ਹੋਣ ਕਰਕੇ ਉਸਨੂੰ ਵੀ ਰੋਹਿਲਾ ਕਿਹਾ ਜਾਣ ਲੱਗ ਪਿਆ ਸੀ। ਤਨਖਾਹ ਦੇ ਰੂਪ ਵਿਚ ਉਸਨੂੰ ਕੈਰਾਨਾ, ਬਰੋਤ, ਸਰਧਾਨਾ ਤੇ ਕਾਂਧਲਾ ਦੀ ਜਾਗੀਰ ਦਿੱਤੀ ਗਈ ਸੀ। ਜਦੋਂ ਇਮਾਦੁਲ ਮੁਲਕ ਅਰਥਾਤ ਗਾਜੀਉੱਲਦੀਨ ਸਫਦਰ ਜੰਗ ਨੂੰ ਭਜਾ ਕੇ ਵਜ਼ੀਰ ਬਣਿਆ ਤਾਂ ਉਸਨੇ ਇਹ ਜਾਗੀਰ ਮਰਹੱਟਿਆਂ ਨੂੰ ਦੇ ਦਿੱਤੀ। ਜਾਗੀਰ ਖੁੱਸ ਜਾਣ ਕਾਰਨ ਕੁਤਬ ਖਾਂ ਭੜਕ ਉਠਿਆ ਤੇ ਉਸਨੇ ਦਿੱਲੀ ਦੇ ਖ਼ਿਲਾਫ਼ ਬਗ਼ਾਵਤ ਕਰ ਦਿੱਤੀ। ਉਸਨੇ ਸੋਨੀਪਤ, ਪਾਨੀਪਤ, ਕਰਨਾਲ ਤੇ ਅਜੀਮਾਬਾਦ ਦੇ ਇਲਾਕੇ ਲੁੱਟ ਲਏ ਤੇ ਕਰਨਾਲ ਵਿਚ ਸ਼ਾਹੀ ਫੌਜ ਨੂੰ ਹਰਾ ਕੇ ਸਰਹਿੰਦ ਉਪਰ ਹੱਲਾ ਬੋਲ ਦਿੱਤਾ। ਸਰਹਿੰਦ ਦਾ ਸੂਬੇਦਾਰ ਸਾਦਿਕ ਬੇਗ ਸੀ। ਉਸਦੇ ਅਫਗਾਨ ਸਿਪਾਹੀਆਂ ਨੇ ਅਫਗਾਨ ਸਰਦਾਰ ਦੇ ਖ਼ਿਲਾਫ਼ ਲੜਨ ਤੋਂ ਇਨਕਾਰ ਕਰ ਦਿੱਤਾ। ਸਾਦਿਕ ਬੇਗ ਨੱਠ ਕੇ ਜਲੰਧਰ ਆ ਗਿਆ ਤੇ ਅਦੀਨਾ ਬੇਗ ਤੋਂ ਮਦਦ ਮੰਗੀ।

ਅਦੀਨਾ ਬੇਗ ਇਕ ਯੋਗ ਹਾਕਮ ਸੀ। ਉਸ ਕੋਲ 50 ਹਜ਼ਾਰ ਘੋੜਸਵਾਰ ਤੇ ਏਨੇ ਹੀ ਪੈਦਲ ਸੈਨਕ ਸਨ। ਛੋਟੀਆਂ ਵੱਡੀਆਂ ਤੋਪਾਂ ਤੇ ਹਰੇਕ ਕਿਸਮ ਦੇ ਚੰਗੇ ਹਥਿਆਰ ਸਨ। ਉਸਨੇ ਆਪਣੇ ਪੈਰ ਮਜ਼ਬੂਤੀ ਨਾਲ ਗੱਡੇ ਹੋਏ ਸਨ ਪਰ ਦਿੱਲੀ ਦਾ ਬਾਦਸ਼ਾਹ ਤੇ ਵਜ਼ੀਰ ਹੱਥ ਉੱਤੇ ਹੱਥ ਰਖੀ ਬੈਠੇ ਸਨ। ਉਹ ਬਗਾਵਤ ਨੂੰ ਦਬਾਉਣ ਲਈ ਕੋਈ ਹੀਲਾ ਵੀ ਨਹੀਂ ਸਨ ਕਰ ਰਹੇ। ਸਰਹਿੰਦ ਉੱਤੇ ਕਬਜਾ ਹੋ ਜਾਣ ਕਾਰਨ ਕੁਤਬ ਖਾਂ ਦੀ ਤਾਕਤ ਹੋਰ ਵਧ ਗਈ ਸੀ ਤੇ ਹੌਸਲੇ ਵੀ ਖਾਸੇ ਬੁਲੰਦ ਹੋ ਗਏ ਸਨ। ਫੌਜ ਤੇ ਹਥਿਆਰ ਹੁੰਦਿਆਂ ਹੋਇਆਂ ਵੀ ਅਦੀਨਾ ਬੇਗ ਨੂੰ

ਆਪਣੇ ਉੱਤੇ ਭਰੋਸਾ ਨਹੀਂ ਸੀ ਕਿ ਉਹ ਇਕੱਲਾ ਅਫਗਾਨਾ ਦਾ ਮੁਕਾਬਲਾ ਕਰ ਸਕੇਗਾ, ਇਸ ਲਈ ਉਸਨੇ ਦਲ ਖਾਲਸਾ ਤੋਂ ਮਦਦ ਮੰਗੀ।

ਜੱਸਾ ਸਿੰਘ ਆਹਲੂਵਾਲੀਆ ਅਦੀਨਾ ਬੇਗ ਦੇ ਦੂਹਰੇ ਚਰਿੱਤਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਦਲ ਖਾਲਸਾ ਨੂੰ ਆਪਣੇ ਖੇਤਰ ਵਿਚ ਫੈਲਣ ਤੋਂ ਰੋਕ ਵੀ ਰਿਹਾ ਸੀ, ਇਸ ਲਈ ਉਸ ਨਾਲ ਲੁਕਣ ਮੀਟੀ ਚੱਲ ਰਹੀ ਸੀ। ਪਰ ਗੁਆਂਢੀ ਦੀ ਮਦਦ, ਆਪਣੀ ਮਦਦ ਕਰਨ ਬਰਾਬਰ ਸੀ। ਕੁਤਬ ਖਾਂ ਅਦੀਨਾ ਬੇਗ ਲਈ ਹੀ ਨਹੀਂ, ਖਾਲਸਾ ਦਲ ਲਈ ਵੀ ਖਤਰਾ ਸੀ। ਸਿੱਖ ਅਦੀਨਾ ਬੇਗ ਦੀ ਮਦਦ ਲਈ ਗਏ। 11 ਅਪਰੈਲ 1755 ਨੂੰ ਰੋਪੜ ਦੇ ਨੇੜੇ ਘਮਾਸਾਨ ਦਾ ਯੁੱਧ ਹੋਇਆ, ਕੁਤਬ ਖਾਂ ਬੜੀ ਬਹਾਦਰੀ ਨਾਲ ਲੜਿਆ, ਪਰ ਉਹ ਤੇ ਉਸਦੇ ਕਈ ਸਰਦਾਰ ਖੇਤ ਰਹੇ ਤੇ ਅਦੀਨਾ ਬੇਗ ਦੀ ਜਿੱਤ ਹੋਈ।

ਇਸ ਜਿੱਤ ਦੇ ਨਾਲ ਸਰਹਿੰਦ ਦਾ ਰਾਜ ਵੀ ਉਸਦੇ ਕਬਜੇ ਵਿਚ ਆ ਗਿਆ। ਦਿੱਲੀ ਦੇ ਬਾਦਸ਼ਾਹ ਆਲਮਗੀਰ ਦੂਜੇ ਨੇ ਉਸਨੂੰ 'ਸਰਦਾਰ ਜੰਗ ਬਹਾਦਰ' ਦਾ ਖਿਤਾਬ ਦੇ ਦਿੱਤਾ। ਕਾਂਗੜਾ ਦੇ ਸੈਫ ਅਲੀ ਖਾਂ ਸਮੇਤ ਸਾਰੇ ਪਹਾੜੀ ਰਾਜਿਆਂ ਨੇ ਉਸਦੀ ਅਧੀਨਤਾ ਮੰਨ ਲਈ ਤੇ ਉਹ ਉਸਨੂੰ ਰਾਜਸਵ ਦੇਣ ਲੱਗ ਪਏ।

ਸਿੱਖਾਂ ਨੇ ਜਿਹੜੀ ਮਦਦ ਕੀਤੀ ਸੀ, ਉਸਦੇ ਬਦਲੇ ਵਿਚ ਅਦੀਨਾ ਬੇਗ ਨੇ ਕਾਫੀ ਸਾਰਾ ਧਨ ਤੇ ਕਈ ਪਿੰਡ ਉਹਨਾਂ ਨੂੰ ਦੇ ਦਿੱਤੇ। ਪਰ ਅਦੀਨਾ ਬੇਗ ਤੇ ਜੱਸਾ ਸਿੰਘ ਆਹਲੂਵਾਲੀਆ ਵਿਚ ਤਾਂ ਪਹਿਲਾਂ ਹੀ ਠਣੀ ਹੋਈ ਸੀ। ਆਪਸ ਵਿਚ ਝੜਪਾਂ ਹੁੰਦੀਆਂ ਰਹਿੰਦੀਆਂ ਸਨ। ਕਦੀ ਖਾਲਸਾ ਦਲ ਤੇ ਕਦੀ ਅਦੀਨਾ ਬੇਗ ਦਾ ਪੱਲਾ ਭਾਰੀ ਰਹਿੰਦਾ ਸੀ। ਪਰ ਖਾਲਸਾ ਦਾਲ ਦੀ ਸ਼ਕਤੀ ਲਗਾਤਾਰ ਵਧ ਰਹੀ ਸੀ। ਨਵੰਬਰ 1755 ਨੂੰ ਖਦੂਰ ਦੀ ਧਰਤੀ ਉਤੇ ਜੱਸਾ ਸਿੰਘ ਨੇ ਫੈਸਲਾ–ਮੁਕਾਊ ਜਿੱਤ ਪ੍ਰਾਪਤ ਕੀਤੀ। ਅਦੀਨਾ ਬੇਗ ਨੂੰ ਬਿਆਸ ਦੇ ਕਿਨਾਰੇ ਸਥਿਤ ਫਤਿਹਾਬਾਦ ਦਲ ਖਾਲਸਾ ਨੂੰ ਸੌਂਪਣਾ ਪਿਆ।

ਜੱਸਾ ਸਿੰਘ ਜਬਰਦਸਤ ਯੋਧਾ ਸੀ। ਉਸਦੀ ਤਲਵਾਰ ਦਾ ਵਾਰ ਤੇ ਤੀਰ ਦਾ ਨਿਸ਼ਾਨਾ ਹਮੇਸ਼ਾ ਫਿੱਟ ਬੈਠਦਾ ਸੀ। ਹਰ ਮੁਹਿੰਮ ਵਿਚ ਉਹ ਦਲ ਖਾਲਸਾ ਦੀ ਅਗਵਾਈ ਕਰਦਾ ਸੀ। ਜਿੱਥੇ ਵੀ ਲੋੜ ਹੁੰਦੀ ਸੀ ਆਪਣਾ ਘੋੜਾ ਦੌੜਾ ਕੇ ਜਾ ਪਹੁੰਚਦਾ ਸੀ। ਉਹ ਨਵਾਬ ਕਪੂਰ ਸਿੰਘ ਤੋਂ ਬਾਅਦ ਸਿਰਫ ਰਾਜਨੀਤਕ ਨੇਤਾ ਹੀ ਨਹੀਂ, ਧਰਮਕ ਨੇਤਾ ਵੀ ਸੀ। ਸਵੇਰੇ ਸਵਖਤੇ ਉਠ ਕੇ ਦੇਖਦਾ ਕਿ ਗੁਰਬਾਣੀ ਦਾ ਪਾਠ ਹੋ ਰਿਹਾ ਹੈ ਕਿ ਨਹੀਂ। ਬਹੁਤ ਸਾਰੇ ਮੁਸਲਮਾਨ ਕਰਮਚਾਰੀ ਵੀ ਸਨ। ਜੱਸਾ ਸਿੰਘ ਜੇ ਕਿਸੇ ਮੁਸਲਮਾਨ ਨੂੰ ਸੁੱਤਿਆਂ ਦੇਖਦਾ ਤਾਂ ਉਸਨੂੰ ਹਲੂਣ ਕੇ ਜਗਾ ਦਿੰਦਾ ਤੇ ਕਹਿੰਦਾ, “ਉੱਠੋ ਭਾਈ, ਨਮਾਜ਼ ਪੜ੍ਹੋ ਤੇ ਅੱਲ੍ਹਾ ਨੂੰ ਯਾਦ ਕਰੋ।”

ਅਕਤੂਬਰ ਭਾਵ ਕੱਤਕ ਦਾ ਮਹੀਨਾ ਸੀ। ਜੰਡਿਆਲਾ ਸ਼ੇਰ ਖਾਂ ਦੇ ਇਕ ਖੇਤ ਵਿਚ ਦੋ ਆਦਮੀ ਸ਼ਹਿਤੂਤ ਦੇ ਰੁੱਖ ਹੇਠ ਬੈਠੇ ਛੱਲੀਆਂ ਚੱਬ ਰਹੇ ਸਨ ਤੇ ਆਪਸ ਵਿਚ ਗੱਲਾਂ ਕਰ ਰਹੇ ਸਨ। ਚਾਰੇ ਪਾਸੇ ਹਰਿਆਲੀ ਹੀ ਹਰਿਆਲੀ ਸੀ। ਜਿਧਰ ਨਜ਼ਰ ਮਾਰੋ ਉਧਰ ਹੀ ਮੱਕੀ, ਕਪਾਹ, ਗੰਨੇ ਤੇ ਬਾਜਰੇ ਦੀ ਫਸਲ ਲਹਿਰਾ ਰਹੀ ਸੀ। ਲੁੱਟੇ ਪੁੱਟੇ ਪੰਜਾਬ ਵਿਚ ਪਤਾ ਨਹੀਂ ਕਿੰਨੇ ਸਾਲ ਬਾਅਦ ਖੇੜਾ ਆਇਆ ਸੀ ਤੇ ਕਿਸਾਨਾ ਨੂੰ ਆਪਣੀ ਜਨਮ ਭੂਮੀ ਦਾ ਸੁੰਦਰ ਰੂਪ ਦੇਖਣਾ ਨਸੀਬ ਹੋਇਆ ਸੀ। ਡੰਗਰ ਪਸੂ ਚਰ ਰਹੇ ਸਨ ਤੇ ਪਾਲੀ ਉਚੀਆਂ ਹੇਕਾਂ ਵਿਚ ਬੜੇ ਉਤਸਾਹ ਨਾਲ ਗਾ ਰਹੇ ਸਨ—

ਜੱਗਾ ਜੱਟ ਨ੍ਹੀਂ ਕਿਸੇ ਨਾ ਬਣ ਜਾਣਾ,

ਘਰ ਘਰ ਪੁੱਤ ਜੰਮਦੇ।'

ਗੀਤ ਦੇ ਬੋਲ ਕੰਨਾਂ ਵਿਚ ਪਏ ਤਾਂ ਦੋਹੇਂ ਜਣੇ ਛੱਲੀ ਖਾਣਾ ਤੇ ਗੱਲਾਂ ਮਾਰਨੀਆਂ ਬੰਦ ਕਰਦੇ ਇਕ ਦੂਜੇ ਵੱਲ ਦੇਖਣ ਲੱਗ ਪਏ। ਜਦੋਂ ਤਕ ਗੀਤ ਦੇ ਬੋਲ ਹਵਾ

ਵਿਚ ਗੂੰਜਦੇ–ਲਹਿਰਾਉਂਦੇ ਰਹੇ, ਉਹ ਸ਼ਾਂਤ ਤੇ ਅਹਿਲ ਬੈਠੇ ਇਕ ਦੂਜੇ ਵੱਲ ਤੱਕਦੇ ਤੇ ਮੁਸਕਰਾਂਦੇ ਰਹੇ। ਗੀਤ ਦੇ ਬੋਲ ਪੰਜਾਬ ਦੇ ਦਿਲ ਦੀ ਧੜਕਨ ਸੀ ਜਿਹੜੇ ਅਨਿਆਂ ਤੇ ਅਤਿਆਚਾਰ ਸਾਹਵੇਂ ਗਰਦਨ ਝੁਕਾਉਣ ਦੇ ਬਜਾਏ ਉਸਦਾ ਮੁਕਾਬਲਾ ਕਰਨ ਤੇ ਸੂਰਮਾ ਬਣਨ ਦੀ ਪ੍ਰੇਰਨਾ ਦਿੰਦੇ ਸਨ। ਪੰਜਾਬ ਦੇ ਦਿਲ ਦੀ ਇਹ ਧੜਕਨ ਉਹਨਾਂ ਦੋਹਾਂ ਦੇ ਦਿਲ ਦੀ ਧੜਕਨ ਵੀ ਸੀ ਤੇ ਉਹਨਾਂ ਦੀ ਗੱਲਬਾਤ ਦਾ ਵਿਸ਼ਾ ਵੀ ਇਹੀ ਸੀ। ਉਹ ਦੋਹੇਂ, ਭੂਪ ਸਿੰਘ ਤੇ ਵਾਰਿਸ ਸ਼ਾਹ ਸਨ।

“ਮੈਂ ਇਹ ਘਟਨਾ ਕਦੀ ਨਹੀਂ ਭੁੱਲ ਸਕਾਂਗਾ ਤੇ ਇਸ ਨਾਲ ਮੇਰੇ ਦਿਲ ਜੋ ਠੇਸ ਲੱਗੀ, ਉਸਦਾ ਫੱਟ ਕਦੀ ਨਹੀਂ ਭਰ ਸਕੇਗਾ।” ਜਦੋਂ ਗੀਤ ਦੇ ਬੋਲ ਕੰਨਾਂ ਵਿਚ ਪਏ ਸਨ, ਵਾਰਿਸ ਸ਼ਾਹ ਭੂਪ ਸਿੰਘ ਨੂੰ ਇਹ ਗੱਲ ਸੁਣਾ ਰਿਹਾ ਸੀ। ਇਕ ਘਟਨਾ ਜਿਸ ਨੂੰ ਉਹ ਭੁੱਲ ਨਹੀਂ ਸੀ ਸਕਿਆ, ਪਹਿਲਾਂ ਵੀ ਸੁਣਾ ਚੁੱਕਿਆ ਸੀ। ਉਹ ਇੰਜ ਸੀ–

“ਤੈਨੂੰ ਪਤਾ ਏ ਨਾ, ਪਾਕ ਪਟਨ ਸ਼ਰੀਫ ਵਿਚ ਸਾਡੇ ਖਾਨਦਾਨੀ ਪੀਰ ਹਾਫਿਜ਼ ਗ਼ੁਲਾਮ ਮੁਰਤਜਾ ਰਹਿੰਦੇ ਨੇ?” ਵਾਰਿਸ ਨੇ ਪੁੱਛਿਆ।

“ਹਾਂ, ਪਤਾ ਏ।” ਭੂਪ ਸਿੰਘ ਨੇ ਉਤਰ ਦਿੱਤਾ।

“ਤਾਲੀਮ ਹਾਸਲ ਕਰਕੇ ਜਦੋਂ ਮੈਂ ਕਸੂਰ ਤੋਂ ਪਿੰਡ ਵਾਪਸ ਆਇਆ ਤਾਂ ਦਿਲ ਵਿਚ ਖ਼ਿਆਲ ਆਇਆ ਕਿ ਪਾਕ ਪਟਨ ਸ਼ਰੀਫ ਦੀ ਜ਼ਿਆਰਤ ਕਰ ਆਵਾਂ। ਖ਼ਿਆਲ ਆਉਂਦਿਆਂ ਹੀ ਮੈਂ ਘਰੋਂ ਤੁਰ ਪਿਆ। ਰਸਤੇ ਵਿਚ ਠੱਠਾ ਜਾਹਿਦਾ ਨਾਂ ਦਾ ਇਕ ਪਿੰਡ ਪੈਂਦਾ ਏ। ਉੱਥੇ ਪਹੁੰਚਦਿਆਂ ਪਹੁੰਚਦਿਆਂ ਰਾਤ ਪੈ ਗਈ, ਜਿਹੜੀ ਮੈਂ ਉੱਥੇ ਤਕੀਏ ਵਿਚ ਬਿਤਾਈ। ਤਕੀਏ ਦੇ ਨੇੜੇ ਹੀ ਇਕ ਖੂਹ ਸੀ। ਸਵੇਰ ਹੋਈ ਤਾਂ ਪਿੰਡ ਦੀਆਂ ਕੁੜੀਆਂ ਖੂਹ ਤੋਂ ਪਾਣੀ ਭਰਨ ਆਈਆਂ। ਇਹਨਾਂ ਕੁੜੀਆਂ ਦੀ ਟੋਲੀ ਵਿਚ ਇਕ ਕੁੜੀ ਏਡੀ ਬਾਂਕੀ ਮੁਇਆਰ ਸੀ, ਜਿੱਦਾਂ ਹੂਰ

ਜ਼ਮੀਨ ਉਪਰ ਉਤਰ ਆਈ ਹੋਏ। ਦੇਖਦਿਆਂ ਹੀ ਮੈਨੂੰ ਉਸ ਨਾਲ ਇਸ਼ਕ ਹੋ ਗਿਆ।"

"ਕੀ ਨਾਂ ਸੀ ਉਸਦਾ?"

"ਮੈਂ ਨਾਂ ਥੋੜ੍ਹਾ ਈ ਪੁੱਛਿਆ ਸੀ।"

"ਪਿੱਛੋਂ ਤਾਂ ਪਤਾ ਲੱਗ ਈ ਗਿਆ ਹੋਊ?"

"ਹਾਂ, ਪਿੱਛੋਂ ਪਤਾ ਲੱਗ ਗਿਆ ਸੀ, ਉਸਦਾ ਨਾਂ ਭਾਗ ਭਰੀ ਸੀ। ਕਿਸੇ ਨੇ ਦੱਸਿਆ ਕਿ ਉਹ ਅਰਾਈਂ ਵੱਲ ਦੇ ਕਿਸੇ ਜੱਟ ਦੀ ਧੀ ਏ...ਪਰ ਦਿਲ ਨਾ ਜਾਤ ਦੇਖਦਾ ਏ, ਨਾ ਨਾਂ ਪੁੱਛਦਾ ਏ। ਉਹ ਤਾਂ ਬਸ ਸੂਰਤ ਸੀਰਤ ਤੇ ਮਰ ਮਿਟਦਾ ਏ। ਜਿਵੇਂ ਪਰਵਾਨੇ ਨੂੰ ਸ਼ਮਾਂ ਨਾਲ ਇਸ਼ਕ ਹੈ, ਓਵੇਂ ਦਿਲ ਨੂੰ ਹੁਸਨ ਨਾਲ ਇਸ਼ਕ ਹੈ। ਉਹ ਕਿਸੇ ਬੰਨਣ ਨੂੰ ਨਹੀਂ ਮੰਨਦਾ।"

"ਪਰ ਤੂੰ ਤਾਂ ਸਿਰਫ ਸੂਰਤ ਦੇਖ ਕੇ ਮਰ ਮਿਟਿਆ ਸੈਂ, ਸੀਰਤ ਕਦ ਦੇਖੀ?"

"ਦੇਖਣ ਵਾਲੀ ਨਜ਼ਰ ਹੋਏ ਤਾਂ ਸੂਰਤ ਨਾਲ ਹੀ ਸੀਰਤ ਦਿਖ ਪੈਂਦੀ ਏ।"

ਨੇੜੇ ਹੀ ਰੁੱਖਾਂ ਦਾ ਇਕ ਝੁੰਡ ਸੀ। ਉਸ ਉੱਤੇ ਕੋਇਲ ਕੂਕੀ, 'ਕੁ–ਹੂ! ਕੁ–ਹੂ!!'

ਵਾਰਿਸ ਦੀ ਉਮਰ ਇਸ ਸਮੇਂ ਵੀਹ ਸਾਲ ਦੇ ਲਾਗੇ ਸੀ। ਛੋਟੀਆਂ ਛੋਟੀਆਂ ਮੁੱਛਾਂ ਤੇ ਛਿੱਦਰੀ ਦਾੜ੍ਹੀ ਉੱਗ ਆਈ ਸੀ। ਉਹ ਇਕ ਅਜਿਹਾ ਅਲਬੇਲਾ ਨੌਜਵਾਨ ਦੀ ਜਿਸਦਾ ਚਿਹਰਾ ਉਸਦੀ ਆਤਮਾ ਦੇ ਨੂਰ ਨੂੰ ਪ੍ਰਗਟ ਕਰ ਦਿੰਦਾ ਸੀ।

ਭੂਪ ਸਿੰਘ ਕੁਝ ਪਲ ਚੁੱਪ ਬੈਠਾ, ਇਕ ਟੱਕ, ਉਸਦੇ ਚਿਹਰੇ ਵੱਲ ਦੇਖਦਾ ਰਿਹਾ।

"ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਏ," ਵਾਰਿਸ ਨੇ ਫੇਰ ਗੱਲ ਛੋਹੀ, "ਕਹਾਵਤ ਤਾਂ ਸੁਣੀ ਹੋਏਗੀ? ਭਾਗ ਭਰੀ ਦੇ ਦਿਲ ਵਿਚ ਵੀ ਇਸ਼ਕੇ ਦਾ ਤੀਰ ਜਾ

ਵੱਜਿਆ। ਉਹ ਵੀ ਮੇਰੇ ਵਾਂਗ ਜ਼ਖ਼ਮੀ ਹੋ ਗਈ। ਛੁਪ ਛੁਪ ਕੇ ਮੁਲਾਕਾਤਾਂ ਹੋਣ ਲੱਗੀਆਂ।...ਪਰ ਇਸ਼ਕ ਮੁਸ਼ਕ ਛੁਪਾਇਆਂ ਨਹੀਂ ਛੁਪਦਾ। ਸਾਰੇ ਪਿੰਡ ਵਿਚ ਚਰਚੇ ਹੋਣ ਲੱਗੇ। ਭਾਗ ਭਰੀ ਦੇ ਭਰਾਵਾਂ ਨੇ ਭੈਣ ਨੂੰ ਬੜਾ ਸਮਝਾਇਆ, ਧਮਕਾਇਆ ਤੇ ਮਿਲਣ ਤੋਂ ਮਨ੍ਹਾਂ ਕੀਤਾ। ਪਰ ਭਾਗ ਭਰੀ ਨਹੀਂ ਮੰਨੀ...”

“ਯਾਨੀ ਉਹ ਵੀ ਹਠ ਦੀ ਪੂਰੀ ਸੀ।”

“ਬਿਲਕੁਲ ਪੂਰੀ, ਪੱਕੀ। ਹਠ ਦੇ ਬਿਨਾਂ ਇਸ਼ਕ ਦਾ ਪੱਕਾ ਹੋਣਾ ਸੰਭਵ ਹੀ ਨਹੀਂ। ਜਦ ਭਾਗ ਭਰੀ ਨਾ ਮੰਨੀ ਤਾਂ ਉਸਦੇ ਭਰਾਵਾਂ ਨੇ ਮੈਨੂੰ ਕਿਹਾ ਕਿ ਮੈਂ ਤਕੀਆ ਛੱਡ ਕੇ ਚਾਲਾ ਜਾਵਾਂ। ਜਦੋਂ ਭਾਗ ਭਰੀ ਔਰਤ ਹੋ ਕੇ ਸਿਦਕ ਦੀ ਪੱਕੀ ਸੀ ਤਾਂ ਮੈਂ ਮਰਦ ਹੋ ਕੇ ਕਿੰਜ ਡਿੱਗ ਪੈਂਦਾ...ਤਕੀਏ ਵਿਚ ਡੇਰਾ ਜਮਾਈ ਰੱਖਿਆ। ਭਾਗ ਭਰੀ ਨਾਲ ਮੁਲਾਕਤਾਂ ਜਾਰੀ ਰਹੀਆਂ। ਇਕ ਦਿਨ ਉਸਦੇ ਭਰਾਵਾਂ ਮੈਨੂੰ ਏਨਾ ਕੁੱਟਿਆ ਕਿ ਅੱਧ-ਮੋਇਆ ਕਰਕੇ ਸੁੱਟ ਦਿੱਤਾ। ਸ਼ਾਇਦ ਉਹਨਾਂ ਮੈਨੂੰ ਆਪਣੇ ਵੱਲੋਂ ਮਾਰ ਹੀ ਮੁਕਾਇਆ ਸੀ। ਇਸ ਦੇ ਬਾਵਜੂਦ ਮੈਂ ਉੱਥੋਂ ਨਹੀਂ ਟਲਿਆ। ਜੇ ਕਿਸੇ ਨੂੰ ਜਾਨ ਪਿਆਰੀ ਹੋਏ ਤਾਂ ਇਸ਼ਕ ਦੀ ਰਾਹ ਨਾ ਪਏ। ਇਸ਼ਕ ਦੀ ਚਾਲ ਨਿਰਾਲੀ ਤੇ ਉਸਦਾ ਅੰਤਰਾ ਨਿਆਰਾ ਹੁੰਦਾ ਏ। ਮੈਂ ਆਪਣੀਆਂ ਸੱਟਾਂ ਨੂੰ ਪਲੋਸਦਿਆਂ ਹੋਇਆਂ ਕਿਹਾ ਸੀ—

'ਕੰਘੀ ਵਾਂਗ ਚਿਰਾਈਏ ਬਦਨ ਸਾਰਾ

ਤਾਂ ਇਹ ਜੁਲਫ ਮਹਿਬੂਬ ਦੀ ਪਾਈਏ ਜੀ।'”

ਅੰਬ ਦੇ ਰੁੱਖਾਂ ਦੇ ਝੁੰਡ ਵਿਚ ਕੋਇਲ ਫੇਰ ਕੂਕੀ, 'ਕੁ-ਹੂ, ਕੁ-ਹੂ'। ਭੂਪ ਸਿੰਘ ਤੇ ਵਾਰਿਸ ਸ਼ਾਹ ਕੁਝ ਚੁੱਪ ਬੈਠੇ ਇਸ ਕੁਹੂ ਕੁਹੂ ਦੀ ਗੂੰਜ ਸੁਣਦੇ ਰਹੇ।

“ਫੇਰ ਕੀ ਹੋਇਆ?” ਭੂਪ ਸਿੰਘ ਨੇ ਪੁੱਛਿਆ।

“ਫੇਰ ਹੋਇਆ ਇਹ ਕਿ ਭਰਾਵਾਂ ਨੇ ਭਾਗ ਭਰੀ ਦੀ ਸ਼ਾਦੀ ਜਬਰਦਸਤੀ ਕਿਸੇ

ਹੋਰ ਨਾਲ ਕਰ ਦਿੱਤੀ ਤੇ ਇਸ਼ਕ ਦਾ ਗਲ਼ਾ ਘੁੱਟ ਦਿੱਤਾ। ਔਰਤ ਤਾਂ ਬਿਨਾਂ ਸਿੰਗਾਂ ਵਾਲੀ ਗਾਂ ਹੁੰਦੀ ਏ। ਉਸਦਾ ਰੱਸਾ ਭਾਵੇਂ ਕਿਸੇ ਦੇ ਹੱਥ ਫੜਾ ਦਿਓ। ਇਹ ਕਿੱਡਾ ਵੱਡਾ ਜੁਲਮ ਏਂ, ਕਿੱਡੀ ਵੱਡੀ ਬੇਇਨਸਾਫੀ...ਅਸੀਂ ਮਰਦ ਲੋਕ ਇਸਨੂੰ ਮਹਿਸੂਸ ਹੀ ਨਹੀਂ ਕਰ ਸਕਦੇ। ਇਸ ਬਾਰੇ ਸੋਚਦੇ ਤੱਕ ਨਹੀਂ।" ਵਾਰਿਸ ਨੇ ਲੰਮਾਂ ਸਾਹ ਛੱਡਿਆ।

"ਸੋਚਦੇ ਤਾਂ ਹਾਂ।" ਭੂਪ ਸਿੰਘ ਨੇ ਭਾਰੀ ਆਵਾਜ਼ ਵਿਚ ਹੌਲੀ ਜਿਹੀ ਕਿਹਾ ਤੇ ਵਾਰਿਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਜਾਰੀ ਰੱਖੀ, "ਪੰਜਾਬ ਨੇ ਜਦੋਂ ਦਾ ਅਤਿਆਚਾਰ ਤੇ ਜ਼ੁਲਮ ਕੇ ਵਿਰੁੱਧ ਸੰਘਰਸ਼ ਜਾਰੀ ਕੀਤਾ ਏ, ਉਦੋਂ ਤੋਂ ਹੀ ਔਰਤ ਉੱਤੇ ਹੋਣ ਵਾਲੇ ਇਸ ਜੁਲਮ ਨੂੰ ਵੀ ਮਹਿਸੂਸ ਕੀਤਾ ਏ ਤੇ ਇਸ ਦੇ ਖ਼ਿਲਾਫ਼ ਲਿਖਿਆ ਵੀ ਏ। ਤੇਰੀ ਇਸ ਘਟਨਾ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਦੇ ਜ਼ਮਾਨੇ ਵਿਚ ਵੀ ਹੀਰ ਰਾਂਝੇ ਨਾਲ ਬਿਲਕੁਲ ਇਵੇਂ ਹੀ ਵਾਪਰਿਆ ਸੀ। ਉਸ ਸਮੇਂ ਦੇ ਕਵੀ ਦਮੋਦਰ ਨੇ ਇਸ ਘਟਨਾ ਨੂੰ ਆਪਣੇ ਕਿੱਸੇ ਦਾ ਆਧਾਰ ਬਣਾਇਆ। ਉਸਦਾ ਕਹਿਣਾ ਏਂ ਕਿ ਜੋ ਕੁਝ ਮੈਂ ਲਿਖ ਰਿਹਾਂ, ਉਹ ਅੱਖੀਂ ਡਿੱਠਾ ਸੱਚ ਏ। ਫੇਰ ਇਹੀ ਕਿੱਸਾ ਊਧਮ ਤੇ ਮੁਕਬਿਲ ਨੇ ਵੀ ਲਿਖਿਆ...। ਪ੍ਰਤੱਖ ਏ ਕਿ ਇਹ ਇਕ ਨਵੀਂ ਸੋਚ ਸੀ, ਜਿਹੜੀ ਜ਼ਮਾਨੇ ਦੇ ਨਾਲ ਪੈਦਾ ਹੋਈ ਤੇ ਉਸਨੂੰ ਵਾਰੀ ਵਾਰੀ ਦੂਹਰਾਇਆ ਗਿਆ। ਮਨੁੱਖ ਮਰ ਜਾਏ ਪਰ ਸੋਚ ਨਹੀਂ ਮਰਦੀ। ਉਹ ਪੁਸ਼ਤ ਦਰ ਪੁਸ਼ਤ ਜਿਉਂਦੀ ਰਹਿੰਦੀ ਏ। ਧਰਤੀ 'ਚੋਂ ਉੱਗਣ ਵਾਲੇ ਬੂਟੇ ਵਾਂਗ ਵਧਦੀ ਫੁਲਦੀ ਏ।" ਭੂਪ ਸਿੰਘ ਨੇ ਆਪਣੇ ਹੱਥ ਵਿਚਲੀ ਛੱਲੀ ਦੇ ਆਖਰੀ ਸਾਰੇ ਦਾਣੇ ਉਘੇੜ ਕੇ ਉਹਨਾਂ ਦਾ ਫੱਕਾ ਮਾਰਿਆ ਤੇ ਗੁੱਲ ਪਰ੍ਹੇ ਸੁੱਟ ਦਿੱਤਾ।

ਭੂਪ ਸਿੰਘ ਨੇ ਆਪਣਾ ਜੀਵਨ ਇਸੇ ਸੋਚ ਨੂੰ ਜਿਉਂਦਿਆਂ ਰੱਖਣ ਦੇ ਲਈ ਸਮਰਪਤ ਕਰ ਦਿੱਤਾ ਸੀ। ਉਸਦੀ ਆਵਾਜ਼ ਵਿਚ ਦਰਿੜ੍ਹਤਾ ਤੇ ਚਿਹਰੇ ਉਪਰ ਗੰਭੀਰਤਾ ਸੀ। ਵਾਰਿਸ ਨੇ ਵੀ ਆਪਣੀ ਛੱਲੀ ਮੁਕਾਈ ਤੇ ਗੁੱਲ ਪਰ੍ਹੇ ਸੁੱਟ ਦਿੱਤਾ

ਤੇ ਭੂਪ ਸਿੰਘ ਦੇ ਮੂੰਹ ਵੱਲ ਦੇਖਣ ਲੱਗਿਆ। ਕੁਝ ਚਿਰ ਬੈਠਾ ਦੇਖਦਾ ਤੇ ਸੋਚਦਾ ਰਿਹਾ ਤੇ ਫੇਰ ਯਕਦਮ ਤ੍ਰਭਕਿਆ ਜਿਵੇਂ ਉਸਨੇ ਭੂਪ ਸਿੰਘ ਦੇ ਚਿਹਰੇ ਉਪਰ ਲਿਖੇ ਇਤਿਹਾਸ ਨੂੰ ਪੜ੍ਹ ਪਿਆ ਹੋਏ।

"ਲਿਆ ਭੂਪ ਸਿਆਂ ਹੱਥ ਮਿਲਾ।" ਵਾਰਿਸ ਨੇ ਆਪਣਾ ਸੱਜਾ ਹੱਥ ਅੱਗੇ ਵਧਾ ਕੇ ਕਿਹਾ ਤੇ ਭੂਪ ਸਿੰਘ ਨੇ ਉਸਦਾ ਹੱਥ ਸੱਜੇ ਹੱਥ ਵਿਚ ਘੁੱਟ ਲਿਆ।

"ਤੂੰ ਮੇਰਾ ਦੋਸਤ ਹੀ ਨਹੀਂ ਉਸਤਾਦ ਵੀ ਏਂ।" ਵਾਰਿਸ ਨੇ ਗੱਲ ਜਾਰੀ ਰੱਖੀ, "ਅੱਜ ਮੈਂ ਉਹ ਕੁਝ ਸਿੱਖਿਆ ਏ ਜੋ ਮਕਤਬ ਵਿਚ ਵੀ ਨਹੀਂ ਸਿੱਖ ਸਕਿਆ ਸਾਂ। ਬੁੱਲ੍ਹੇ ਸ਼ਾਹ ਠੀਕ ਕਹਿੰਦੇ ਨੇ, 'ਫੜ੍ਹ ਨੁਕਤਾ ਛੱਡ ਕਿਤਾਬਾਂ ਨੂੰ'। ਮੈਂ ਨੁਕਤਾ ਫੜ੍ਹ ਲਿਆ ਏ। ਮੈਂ ਹੀਰ ਦੀ ਕਹਾਣੀ ਇਕ ਵਾਰ ਫੇਰ ਲਿਖਾਂਗਾ। ਅਸਲ ਵਿਚ ਉਹ ਇਸ ਸੋਚ ਦੀ ਕਹਾਣੀ ਹੋਏਗੀ, ਜਿਹੜੀ ਉਥਲ-ਪੁਥਲ ਦੀ ਕੁੱਖ ਵਿਚੋਂ ਪੈਦਾ ਹੋਈ ਏ। ਪਰਵਾਨ ਚੜ੍ਹੀ ਏ। ਯਾਰ ਲੋਕ ਇਸ ਸੋਚ ਦੇ ਕਾਰਨ ਹੀ ਮਜਲਿਸਾਂ 'ਚ ਬੈਠ ਕੇ ਹੀਰ ਦੇ ਇਸ਼ਕ ਦਾ ਮਜ਼ਾ ਲੈਣਗੇ। ਮੈਂ ਇਸ ਕਹਾਣੀ ਨੂੰ ਨਵਾਂ ਰੂਪ ਦਿਆਂਗਾ। ਇਹ ਕਹਾਣੀ ਸਿਰਫ ਕਹਾਣੀ ਨਹੀਂ, ਇਸ ਉਥਲ-ਪੁਥਲ ਵਿਚ ਜਿਉਂ ਰਹੇ ਪੰਜਾਬ ਦੀ ਭਰਪੂਰ ਤਸਵੀਰ ਹੋਏਗੀ।" ਵਾਰਿਸ ਦੇ ਚਿਹਰੇ ਉੱਤੇ ਇਕ ਦਰਿੜ ਸੰਕਲਪ ਉਕਰਿਆ ਹੋਇਆ ਸੀ, ਜਿਸ ਨੂੰ ਦੇਖ ਕੇ ਭੂਪ ਸਿੰਘ ਖਿੜ-ਪੁੜ ਗਿਆ ਤੇ ਉਸਨੇ ਵਾਰਿਸ ਦਾ ਹੱਥ ਚੁੰਮ ਲਿਆ।

ਝੁੰਡ ਵਿਚ ਕੋਇਲ ਫੇਰ 'ਕੁਹੂ-ਕੁਹੂ' ਕੂਕ ਉਠੀ। ਪਤਾ ਨਹੀਂ ਉਹ ਵੀ ਇਸ ਸੰਕਲਪ ਉਪਰ ਖੁਸ਼ ਸੀ ਜਾਂ ਉਸਨੇ ਪੰਜਾਬ ਦੀ ਇਹ ਹਰਿਆਲੀ, ਖੁਸ਼ਹਾਲੀ ਚਿਰਾਂ ਬਾਅਦ ਦੇਖ ਸੀ—ਇਸ ਲਈ ਆਪਣੇ ਮਨ ਦੀ ਖੁਸ਼ੀ ਵਾਰੀ ਵਾਰੀ ਪ੍ਰਗਟ ਕਰ ਰਹੀ ਸੀ।

ਭਾਗ ਭਰੀ ਦੀ ਸ਼ਾਦੀ ਪਿੱਛੋਂ ਵਾਰਿਸ ਰਾਂਝੇ ਵਾਂਗ ਜੋਗੀ ਬਣ ਗਿਆ ਸੀ ਤੇ ਜੋਗੀਆਂ ਵਾਲੇ ਭੇਸ ਵਿਚ ਹੀ ਇਧਰ ਉਧਰ ਘੁੰਮਦਾ ਹੋਇਆ ਆਪਣੇ ਪਿੰਡ

ਆਇਆ ਸੀ ਤੇ ਅਗਲੇ ਦਿਨ ਫੇਰ ਚਲਾ ਗਿਆ ਸੀ।

**000**

"ਪੁੱਤਰ ਤੂੰ ਏਨੇ ਦਿਨਾਂ ਬਾਅਦ ਆਇਆ ਸੈਂ ਤੇ ਤੁਰ ਵੀ ਚੱਲਿਆ ਏਂ...ਮੈਂ ਇਕੱਲੀ ਇੱਥੇ ਕਿੰਜ ਰਹਾਂ? ਸੁੰਨਾ ਘਰ ਖਾਣ ਨੂੰ ਪੈਂਦਾ ਏ। ਦਿਨ ਤਾਂ ਜਿਵੇਂ–ਤਿਵੇਂ ਲੰਘਾ ਲੈਂਦੀ ਆਂ, ਪਰ ਰਾਤ ਕੱਟਣੀ ਔਖੀ ਹੋ ਜਾਂਦੀ ਏ।"

"ਮਾਂ ਤੂੰ ਵੀ ਮੇਰੇ ਨਾਲ ਚੱਲ। ਗੁਰੂ ਦੀ ਨਗਰੀ ਵਿਚ ਪੰਜ ਸੱਤ ਦਿਨ ਰਹੇਂਗੀ ਤਾਂ ਮਨ ਪਰਚ ਜਾਏਗਾ।"

"ਪਰ ਬੱਚੜਾ ਮੈਨੂੰ ਫੇਰ ਇਸੇ ਘਰ ਵਿਚ ਆਉਣਾ ਪਏਗਾ। ਫੇਰ ਇਹੀ ਇਕੱਲਾਪਨ ਵੱਢ ਵੱਢ ਖਾਏਗਾ। ਤੂੰ ਮੇਰੇ ਦਰਦ ਨੂੰ ਸਮਝ, ਮੇਰੇ ਦਿਲ ਦੀ ਥੌਹ ਲੈ। ਹੁਣ ਤੂੰ ਦੁੱਧ ਪੀਂਦਾ ਬੱਚਾ ਨਹੀਂ।"

ਸਤਵੰਤ ਕੌਰ ਦਾ ਗੱਚ ਭਰ ਆਇਆ ਸੀ ਤੇ ਅੱਖਾਂ ਸਿੱਜਲ ਹੋ ਗਈਆਂ ਸਨ। ਪਰ ਉਸਨੇ ਆਪਣੇ ਆਪ ਉੱਤੇ ਕਾਬੂ ਰੱਖਿਆ। ਆਪਣੇ ਅੰਦਰਲੀ ਪੀੜ ਨੂੰ ਹੰਝੂ ਬਣ ਕੇ ਵਹਿਣ ਨਹੀਂ ਦਿੱਤਾ।

ਇਸੇ ਵੇਲੇ ਇਕ ਭੂਰੇ ਰੰਗ ਦੀ ਬਿੱਲੀ ਅੰਦਰ ਆਈ। ਉਸਨੇ ਆਪਣਾ ਸੱਜਰਾ ਜੰਮਿਆਂ ਬਲੂੰਗੜਾ ਮੂੰਹ ਵਿਚ ਚੁੱਕਿਆ ਹੋਇਆ ਸੀ। ਸ਼ਾਇਦ ਹੋਰ ਬੱਚੇ ਵੀ ਸਨ—ਉਹ ਗੁਆਂਢੀਆਂ ਦੇ ਘਰ ਵਿਚ ਸੂਈ ਜਾਪਦੀ ਸੀ ਤੇ ਹੁਣ ਉਹਨਾਂ ਨੂੰ ਇਕ ਇਕ ਕਰਕੇ ਦੂਜੇ ਘਰ ਵਿਚ ਲਿਆ ਰਹੀ ਸੀ, ਜਿਵੇਂ ਉਸਦਾ ਸੁਭਾਅ ਹੁੰਦਾ ਹੈ।

ਮਾਂ ਤੇ ਪੁੱਤਰ ਨੇ ਇਕੱਠਿਆਂ ਬਿੱਲੀ ਵੱਲ ਦੇਖਿਆ...ਉਸਦੀ ਨਜ਼ਰ ਵਿਚ ਭੈ ਨਹੀਂ ਸਨੇਹ ਤੇ ਮਮਤਾ ਸੀ। ਉਹ ਬਿਨਾ ਸੰਕੋਚ ਅੱਗੇ ਵਧੀ ਤੇ ਘਰ ਦੇ ਇਕ ਕੋਨੇ ਵਿਚ ਜਾ ਛੁਪੀ।

"ਮਾਂ ਮੈਂ ਸਭ ਸਮਝਦਾਂ। ਤੇਰੀ ਪੀੜ ਪਛਾਨਦਾਂ। ਪਰ ਤੂੰ ਤਾਂ ਖੁਦ ਮੈਨੂੰ ਪੰਥ ਦੇ ਹਵਾਲੇ ਕਰ ਚੁੱਕੀ ਏਂ। ਮੈਂ ਦਲ-ਖਾਲਸਾ ਦਾ ਇਕ ਸੇਵਕ, ਇਕ ਸਿਪਾਹੀ ਹਾਂ। ਜਦੋਂ ਤਕ ਦਲ ਖਾਲਸਾ ਲਾਹੌਰ ਨੂੰ ਫਤਿਹ ਨਹੀਂ ਕਰ ਲਏਗਾ, ਮੈਂ ਵਿਆਹ ਨਹੀਂ ਕਰਵਾਵਾਂਗਾਂ।" ਭੂਪ ਸਿੰਘ ਨੇ ਦ੍ਰਿੜ ਤੇ ਸਥਿਰ ਆਵਾਜ਼ ਵਿਚ ਕਿਹਾ ਤੇ ਕੁਝ ਪਲ ਰੁਕ ਕੇ ਫੇਰ ਬੋਲਿਆ, "ਤੂੰ ਇਕੱਲੇਪਨ ਨੂੰ ਜਿਵੇਂ ਹੁਣ ਤਕ ਝੱਲਿਆ ਏ, ਕੁਝ ਦਿਨ ਹੋਰ ਝੱਲ ਲੈ, ਬਸ।"

"ਕੁਝ ਦਿਨ ਹੋਰ?"

"ਹਾਂ, ਬਸ ਕੁਝ ਦਿਨ। ਹੁਣ ਉਹ ਦਿਨ ਦੂਰ ਨਹੀਂ ਜਦੋਂ ਲਾਹੌਰ ਉਪਰ ਪੰਥ ਦਾ ਝੰਡਾ ਲਹਿਰਾਏਗਾ।"

ਭੂਪ ਸਿੰਘ ਦੀ ਉਮਰ ਇਸ ਸਮੇਂ 35 ਦੇ ਕਰੀਬ ਸੀ। ਉਸਨੇ ਪਿਛਲੇ ਸਤਾਰਾਂ ਅਠਾਰਾਂ ਸਾਲ ਸੰਘਰਸ਼ ਵਿਚ ਬਿਤਾਏ ਸਨ, ਜਿਸ ਕਰਕੇ ਉਸਦੇ ਵਿਅਕਤੀਤੱਵ ਦਾ ਵਿਕਾਸ ਹੋਇਆ ਸੀ ਤੇ ਉਹ ਆਪਣੇ ਪਿਤਾ ਦਾ ਪ੍ਰਤੀਰੂਪ ਦਿਖਾਈ ਦਿੰਦਾ ਸੀ। ਉਸਦੀ ਆਵਾਜ਼ ਵਿਚ ਵਿਸ਼ਵਾਸ ਸੀ, ਦ੍ਰਿੜਤਾ ਸੀ। ਮਾਂ ਨੇ ਪੁੱਤਰ ਵੱਲ ਦੇਖਿਆ ਤੇ ਮਨ ਹੀ ਮਨ ਵਿਚ ਖੁਸ਼ ਹੋਈ। ਉਹ ਆਪ ਵੀ ਪੰਥ ਲਈ ਸਮਰਪਿਤ ਸੀ ਤੇ ਪੁੱਤਰ ਨੂੰ ਵੀ ਪੰਥ ਨੂੰ ਸਮਰਪਿਤ ਕਰ ਚੁੱਕੀ ਸੀ। ਇਸ ਵਿਚ ਸ਼ੱਕ ਨਹੀਂ ਸੀ ਕਿ ਉਹ ਘਰ ਵਿਚ ਇਕੱਲੀ ਸੀ। ਪਤੀ ਦੇ ਪਿੱਛੋਂ ਸੱਸ ਰਹਿ ਗਈ ਸੀ, ਉਹ ਚੱਲ ਵੱਸੀ ਸੀ। ਸਤਵੰਤ ਕੌਰ ਦੀ ਆਪਣੀ ਉਮਰ ਵੀ ਢਲ ਗਈ ਸੀ। ਉਸਦੀ ਚਿਰਾਂ ਦੀ ਇਹ ਇੱਛਾ ਸੀ ਕਿ ਭੂਪ ਸਿੰਘ ਲਾੜਾ ਬਣੇ, ਬਹੂ ਵਿਆਹ ਕੇ ਘਰ ਲਿਆਏ ਤੇ ਉਸਨੂੰ ਪੋਤੇ ਪੋਤੀਆਂ ਦਾ ਮੂੰਹ ਦੇਖਣਾ ਨਸੀਬ ਹੋਏ। ਭੂਪਾ ਤਿੰਨ ਸਾਲ ਪਿੱਛੋਂ ਘਰ ਆਇਆ ਸੀ। ਮਹੀਨਾ, ਡੇਢ ਮਹੀਨਾ ਮਾਂ ਦੇ ਕੋਲ ਰਿਹਾ ਸੀ ਤੇ ਹੁਣ ਦੀਵਾਲੀ ਮਨਾਉਣ ਅੰਮ੍ਰਿਤਸਰ ਜਾ ਰਿਹਾ ਸੀ...ਤੇ ਪਤਾ ਨਹੀਂ ਫੇਰ ਕਦੋਂ ਪਰਤੇਗਾ। ਇਸ ਲਈ ਉਸਨੇ ਆਪਣੀ ਮਨੋਕਾਮਨਾ ਦੱਸ ਦਿੱਤੀ ਸੀ। ਪੁੱਤਰ ਦਾ

ਉਤਰ ਸੁਣ ਕੇ ਉਹ ਦੁਖੀ ਹੋਣ ਦੇ ਬਜਾਏ ਅੰਦਰੇ–ਅੰਦਰ ਸੰਤੁਸ਼ਟ ਹੋ ਗਈ ਸੀ ਤੇ ਉਸਦੀ ਆਤਮਾ ਖਿੜ ਗਈ ਸੀ। ਲਾਹੌਰ ਉਪਰ ਪੰਥ ਦੀ ਜਿੱਤ ਦਾ ਸੁਪਨਾ ਉਸਦਾ ਆਪਣਾ ਸੁਪਨਾ ਵੀ ਸੀ। ਜਿਸ ਸੁਪਨੇ ਦਾ ਸਾਕਾਰ ਹੋਣਾ ਪੋਤੇ–ਪੋਤੀਆਂ ਦਾ ਮੂੰਹ ਦੇਖਣ ਨਾਲੋਂ ਵਧੇਰੇ ਆਨੰਦਮਈ ਇੱਛਾ ਸੀ। ਉਸਨੇ ਪਿੱਛੇ ਘਰ ਬਾਰ ਸੰਭਾਲਣਾ ਸੀ, ਇਸ ਲਈ ਖੁਸ਼ੀ ਖੁਸ਼ੀ ਪੁੱਤਰ ਨੂੰ ਵਿਦਾਅ ਕੀਤਾ।

ਰਾਖੀ ਪ੍ਰਣਾਲੀ ਕਾਰਨ ਸਿੱਖਾਂ ਦੀ ਆਰਥਕ ਹਾਲਤ ਮਜ਼ਬੂਤ ਹੋ ਗਈ ਸੀ। ਪੰਜਾਬ ਦੇ ਪੰਜ ਦੁਆਬਿਆਂ ਵਿਚੋਂ ਚਾਰ 'ਤੇ ਉਹਨਾਂ ਦਾ ਰਾਜ ਸੀ। ਜਿਹੜਾ ਇਲਾਕਾ ਜਿਸ ਮਿਸਲ ਦੇ ਅਧੀਨ ਸੀ, ਉਸ ਮਿਸਲ ਦਾ ਸਰਦਾਰ ਉਸਦਾ ਪ੍ਰਬੰਧਕ ਹਾਕਮ ਸੀ। ਅਮਨ ਬਹਾਲ ਹੋ ਜਾਣ ਕਾਰਨ ਇਹਨਾਂ ਚਾਰਾਂ ਦੁਆਬਿਆਂ ਵਿਚ ਖੁਸ਼ਹਾਲੀ ਆਈ ਸੀ। ਇਸ ਨੇ ਸਿੱਖਾਂ ਦਾ ਆਤਮ–ਵਿਸ਼ਵਾਸ ਵਧਾਅ ਦਿੱਤਾ ਸੀ ਤੇ ਜਨਤਾ ਵਿਚ ਉਹਨਾਂ ਦੇ ਪ੍ਰਤੀ ਆਦਰ ਭਾਵ ਵੀ ਵਧ ਗਿਆ ਸੀ। 1755 ਦੀ ਦੀਵਾਲੀ ਧੂਮ–ਧਾਮ ਨਾਲ ਮਨਾਈ ਗਈ। ਇਸ ਵਾਰੀ ਅੰਮ੍ਰਿਤਸਰ ਵਿਚ ਜਿੰਨੇ ਲੋਕ ਆਏ ਸਨ, 1748 ਵਿਚ ਜਦੋਂ ਦਲ–ਖਾਲਸਾ ਬਣਿਆ ਸੀ, ਉਦੋਂ ਵੀ ਨਹੀਂ ਸਨ ਆਏ। ਨਵਾਬ ਕਪੂਰ ਸਿੰਘ ਦੋ ਸਾਲ ਪਹਿਲਾਂ ਸਵਰਗਵਾਸ ਹੋ ਚੁੱਕੇ ਸਨ। ਪਰ ਉਹਨਾਂ ਦੇ ਨਾ ਰਹਿਣ ਕਾਰਨ ਜਿਹੜਾ ਸਥਾਨ ਖਾਲੀ ਹੋਇਆ ਸੀ, ਉਸਨੂੰ ਜੱਸਾ ਸਿੰਘ ਆਹਲੂਵਾਲੀਆ ਨੇ ਪੂਰਾ–ਪੂਰਾ ਭਰ ਦਿੱਤਾ ਸੀ। ਜੱਸਾ ਸਿੰਘ ਪੰਥ ਦਾ ਸਰਵੇ–ਸਰਵਾ ਸੀ ਤੇ ਜਨਤਾ ਵਿਚ ਹਰਮਨ ਪਿਆਰਾ ਵੀ ਸੀ। ਮਨਮੋਹਨ ਨਾਂ ਦੇ ਇਕ ਚਿੱਤਰਕਾਰ ਨੇ ਘੋੜੇ ਉਪਰ ਸਵਾਰ ਜੱਸਾ ਸਿੰਘ ਦਾ ਇਕ ਚਿੱਤਰ ਬਣਾਇਆ ਸੀ, ਜਿਹੜਾ ਹਰਿਮੰਦਰ ਤੇ ਸਰੋਵਰ ਦੇ ਵਿਚਕਾਰ ਇਕ ਖੁੱਲ੍ਹੀ ਜਗ੍ਹਾ ਰੱਖਿਆ ਹੋਇਆ ਸੀ ਤੇ ਉਸਨੂੰ ਦੇਖਣ ਵਾਲਿਆਂ ਦੀ ਭੀੜ ਲੱਗੀ ਹੋਈ ਸੀ।

“ਘੋੜੇ ਦੇ ਕੰਨ ਦੇਖੋ, ਹਿਰਨ ਵਾਂਗਰ ਖੜ੍ਹੇ ਨੇ।”

"ਸਿਰ ਉਪਰ ਕਲਗੀ ਵੀ ਹੈ।"

"ਕਲਗੀ ਜੱਸਾ ਸਿੰਘ ਦੇ ਸਿਰ ਉੱਤੇ ਵੀ ਏ।"

"ਉਹਨਾਂ ਦੀਆਂ ਅੱਖਾਂ ਤਾਂ ਦੇਖੋ ਜਿਵੇਂ ਹੁਣੇ ਦੁਸ਼ਮਣ ਉਪਰ ਟੁੱਟ ਪੈਣਗੇ।"

"ਘੋੜੇ ਦੇ ਕੰਨ ਵੀ ਇਸੇ ਕਰਕੇ ਖੜ੍ਹੇ ਨੇ ਜੀ। ਉਹ ਵੀ ਝਪਟਣ ਲਈ ਤਿਆਰ ਹੈ।"

"ਯੁੱਧ ਦਾ ਪੂਰਾ ਨਕਸ਼ਾ ਬੰਨ੍ਹ ਦਿਤੈ।"

"ਹਾਂ, ਬਣਾਉਣ ਵਾਲੇ ਦਾ ਕਮਾਲ ਏ ਜੀ। ਇਕ ਇਕ ਲਕੀਰ ਬੋਲ ਰਹੀ ਏ।"

ਲੋਕ ਦੇਖ ਰਹੇ ਸਨ ਤੇ ਉਤਸਾਹ ਨਾਲ ਆਪੋ ਆਪਣੀ ਪ੍ਰਤੀਕ੍ਰਿਆ ਜਾਹਰ ਕਰ ਰਹੇ ਸਨ।

"ਮਨਮੋਹਨ ਕੌਣ ਏਂ, ਜਿਸਨੇ ਇਹ ਚਿੱਤਰ ਬਣਾਇਆ ਏ?" ਭੂਪ ਸਿੰਘ ਨੇ ਚਿੱਤਰ ਤੋਂ ਨਜ਼ਰਾਂ ਹਟਾਅ ਕੇ ਇੱਧਰ ਉਧਰ ਦੇਖਿਆ।

"ਮੈਂ ਹਾਂ ਜੀ।" ਇਕੱਠੇ ਹੋਏ ਲੋਕਾਂ ਵਿਚੋਂ ਇਕ ਬਾਈ–ਤੇਈ ਸਾਲ ਦਾ ਨੌਜਵਾਨ ਅੱਗੇ ਆਇਆ। ਉਸਦੀਆਂ ਅੱਖਾਂ ਵਿਚ ਚਮਕ ਤੇ ਬੁੱਲ੍ਹਾਂ ਉੱਤੇ ਮੁਸਕਾਨ ਸੀ।

"ਇਹ ਚਿੱਤਰ ਬਣਾਉਣ ਵਿਚ ਤੈਨੂੰ ਕਿੰਨਾਂ ਸਮਾਂ ਲਗਿਐ ਬਈ?" ਭੂਪ ਸਿੰਘ ਨੇ ਨੌਜਵਾਨ ਦੇ ਚਿਹਰੇ ਉੱਤੇ ਨਜ਼ਰਾਂ ਗੱਡ ਕੇ ਪੁੱਛਿਆ।

"ਸਮਝ ਲਓ, ਦੋ ਮਹੀਨੇ।" ਨੌਜਵਾਨ ਨੇ ਜ਼ਰਾ ਸੋਚ ਕੇ ਉਤਰ ਦਿੱਤਾ।

"ਇਹ ਤਾਂ ਬਣਾਉਣ ਦਾ ਸਮਾਂ ਹੋਇਆ, ਸੋਚ ਤਾਂ ਪਹਿਲਾਂ ਦਾ ਰਿਹਾ ਹੋਏਂਗਾ?"

ਚਿੱਤਰਕਾਰ ਇਸ ਸਵਾਲ ਦੀ ਆਸ ਨਹੀਂ ਸੀ, ਉਹ ਕੋਈ ਜਵਾਬ ਨਾ ਦੇ ਸਕਿਆ, ਚੁੱਪ ਹੀ ਰਿਹਾ ਤੇ ਹੈਰਾਨੀ ਭਰੀਆਂ ਅੱਖਾਂ ਨਾਲ ਸਵਾਲ ਕਰਨ ਵਾਲੇ

ਦੇ ਮੂੰਹ ਵੱਲ ਵਿੰਹਦਾ ਰਿਹਾ।

“ਹਾਂ, ਦੱਸ ਸੋਚਣ ਵਿਚ ਕਿੰਨਾਂ ਸਮਾਂ ਲੱਗਿਆ?” ਭੂਪ ਸਿੰਘ ਨੇ ਫੇਰ ਪੁੱਛਿਆ।

“ਇਸ ਦਾ ਕੋਈ ਅੰਦਾਜ਼ਾ ਨਹੀਂ ਜੀ। ਮਨ ਵਿਚ ਇੱਛਾ ਪੈਦਾ ਹੋਈ ਤੇ ਹੌਲੀ ਹੌਲੀ ਪੱਕੀ ਹੁੰਦੀ ਗਈ।” ਨੌਜਵਾਨ ਨੇ ਸਹਿਜ ਭਾਅ ਨਾਲ ਉਤਰ ਦਿੱਤਾ।

“ਇਹ ਸੋਚ ਪ੍ਰਕ੍ਰਿਆ ਹੀ ਕਲਾ ਦੀ ਸਾਧਨਾ ਹੈ, ਜਿਹੜੀ ਤੇਰੇ ਚਿੱਤਰ ਵਿਚ ਦਿਸ ਰਹੀ ਹੈ। ਇਸ ਵਿਚ ਜਿਹੜੇ ਰੰਗ ਵਰਤੇ ਨੇ, ਉਹ ਨਾ ਸਿਰਫ ਦਿਖਾਈ ਦੇ ਰਹੇ ਨੇ, ਬੋਲਦੇ ਵੀ ਨੇ। ਉਹਨਾਂ ਵਿਚ ਕੁਝ ਅਜਿਹਾ ਹੈ, ਜਿਹੜਾ ਦਿਲ ਨੂੰ ਛੂਹ ਲੈਂਦਾ ਹੈ।”

ਹੁਣ ਦਰਸ਼ਕਾਂ ਦੀਆਂ ਨਿਗਾਹਾਂ ਚਿੱਤਰ ਦੇ ਬਜਾਏ ਭੂਪ ਸਿੰਘ ਉਪਰ ਸਨ। ਨੌਜਵਾਨ ਵੀ ਕੀਲਿਆ ਜਿਹਾ ਉਸ ਵੱਲ ਦੇਖ ਰਿਹਾ ਸੀ। ਆਪਣੇ ਚਿੱਤਰ ਦੀ ਇਹ ਪ੍ਰਸੰਸ਼ਾ ਉਸਦੇ ਦਿਲ ਨੂੰ ਛੂਹ ਗਈ।

“ਸਰਦਾਰ ਆਹਲੂਵਾਲੀਆ ਨਾਲ ਮੁਲਾਕਾਤ ਹੋਈ?”

“ਨਹੀਂ ਜੀ।”

“ਆ ਮੇਰੇ ਨਾਲ। ਤੇਰਾ ਇਹ ਚਿੱਤਰ ਉਹਨਾਂ ਨੂੰ ਹੀ ਭੇਂਟ ਕੀਤਾ ਜਾਏਗਾ।”

ਵਤੀਰਾ ਤੇ ਵਿਚਾਰ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਹੁੰਦੇ ਨੇ। ਉਹਨਾਂ ਵਿਚ ਕੋਈ ਛੋਟਾ ਵੱਡਾ ਨਹੀਂ ਹੁੰਦਾ। ਕਰਾਂਤੀਕਾਰੀ ਵਰਤਾਰਾ ਜਿੰਨਾਂ ਉੱਚਾ ਉੱਠਦਾ ਹੈ, ਵਿਚਾਰ ਵੀ ਉੱਚੇ ਉੱਠਦੇ ਜਾਂਦੇ ਨੇ। ਸੰਘਰਸ਼ ਵਿਚ ਸਥੂਲਤਾ ਝੜਦੀ ਤੇ ਸਥਿਰਤਾ ਪੈਦਾ ਹੁੰਦੀ ਹੈ। ਉਸ ਨਾਲ ਸਾਹਿਤ ਤੇ ਕਲਾ ਦਾ ਵਿਕਾਸ ਹੁੰਦਾ ਹੈ। ਪੰਜਾਬ ਵਿਚ ਜਿੱਥੇ ਉਥਲ–ਪੁਥਲ ਸਿਰੇ ਦੀ ਸੀ, ਉੱਥੇ ਸਾਹਿਤ ਤੇ ਕਲਾ ਨੇ ਵੀ ਸਮੇਂ ਦੇ ਸ਼ਿਖਰ ਦੀਆਂ ਟੀਸੀਆਂ ਨੂੰ ਛੂਹਿਆ। ਯੁੱਧ ਵਿਚ ਵਿਨਾਸ਼ ਹੀ ਨਹੀਂ,

ਨਿਰਮਾਣ ਵੀ ਹੁੰਦਾ ਹੈ। ਬਿਨਾਂ ਸੰਘਰਸ਼ ਦੇ ਜੀਵਨ, ਜੀਵਨ ਨਹੀਂ ਸਰਾਪ ਹੈ।

ਅੰਮ੍ਰਿਤਸਰ ਵਿਚ ਖ਼ੂਬ ਚਹਿਲ ਪਹਿਲ ਸੀ। ਆਈਆਂ ਸੰਗਤਾਂ ਨੇ ਦਰਬਾਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਕੀਤੇ। ਲੰਗਰ ਚੱਲ ਰਿਹਾ ਸੀ...ਪੰਗਤ ਵਿਚ ਬੈਠ ਦੇ ਸਮਾਨ ਭਾਵ ਨਾਲ ਪ੍ਰਸ਼ਾਦਾ ਛਕਿਆ। ਫੇਰ ਸੰਗਤ ਵਿਚ ਬੈਠ ਕੇ ਗੁਰਬਾਣੀ ਸੁਣੀ ਤੇ ਅਧਿਆਤਮਕ ਆਨੰਦ ਮਾਣਿਆਂ। 'ਢਿੱਡ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ' ਵਾਲੀ ਕਹਾਵਤ ਅਨੁਸਾਰ ਲੰਗਰ ਛਕ ਲੈਣ ਪਿੱਛੋਂ ਹੀ ਗੁਰਬਾਣੀ ਦਾ ਆਨੰਦ ਮਾਣਿਆਂ ਜਾ ਸਕਦਾ ਹੈ। ਗੁਰੂ ਅਮਰ ਦਾਸ ਨੇ ਲੰਗਰ, ਸੰਗਤ ਤੇ ਪੰਗਤ ਦੀ ਪ੍ਰਥਾ ਡੂੰਘਾ ਸੋਚ ਕੇ ਹੀ ਚਲਾਈ ਸੀ, ਜਿਹੜੀ ਉਥਲ-ਪੁਥਲ ਦੀ ਪ੍ਰਸਥਿਤੀ ਦਾ ਵਸਤੂਗਤ ਧਰਮ ਸੀ।

ਇਸ ਪਿੱਛੋਂ ਦੀਵਾਨ ਸਜਿਆ ਤਾਂ ਏਨੀ ਭੀੜ ਸੀ ਕਿ ਤਿੱਲ ਸੁੱਟਣ ਦੀ ਜਗ੍ਹਾ ਨਹੀਂ ਸੀ ਰਹੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹਾਜ਼ਰ ਸੰਗਤਾਂ ਨੂੰ ਸੰਬੋਧਤ ਕਰਨ ਲਈ ਖੜ੍ਹੇ ਹੋਏ ਤਾਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰਿਆਂ ਨਾਲ ਵਾਤਾਵਰਣ ਗੂੰਜ ਉਠਿਆ। ਜੱਸਾ ਸਿੰਘ ਸੁਰਮਈ ਰੰਗ ਦੀ ਸੈਨਕ ਵਰਦੀ ਵਿਚ ਸਨ। ਉਹਨਾਂ ਦਾ ਦਸਤਾਰ ਬੰਨ੍ਹਣ ਦਾ ਢੰਗ ਮੁਗਲਈ ਸੀ। ਕੁੜਤੇ ਉਪਰ ਘੁੰਡੀਦਾਰ ਅੰਗਰੱਖਾ, ਅੰਗਰੱਖੇ ਉਪਰ ਕਮਰਬੰਦ ਤੇ ਗਾਤਰਾ। ਲੰਮਾਂ ਕਛਹਿਰਾ ਤੇ ਤੰਗ ਮੋਹਰੀ ਦਾ ਚੂੜੀਦਾਰ ਪਾਜਾਮਾ। ਕਮਰਬੰਦ ਤੇ ਗਾਤਰੇ ਵਿਚ ਤੀਰ, ਤਲਵਾਰ ਤੇ ਹੋਰ ਹਥਿਆਰ ਸਨ। ਹਥਿਆਰਾਂ ਵਿਚ ਸਜੇ ਇਸ ਬਹਾਦਰ ਯੋਧੇ ਦਾ ਰੂਪ ਦੇਖਣ ਯੋਗ ਸੀ।

"ਗੁਰੂ ਦੇ ਪਿਆਰਿਓ, ਸੱਜਣੋਂ! ਅਸੀਂ ਲੋਕ ਦੀਵਾਲੀ ਦਾ ਇਹ ਪਵਿੱਤਰ ਤਿਉਹਾਰ ਉਸ ਸਮੇਂ ਵੀ ਮਨਾਉਂਦੇ ਰਹੇ, ਜਦੋਂ ਸਾਡੇ ਸਿਰ ਉੱਤੇ ਭਿਆਨਕ ਖਤਰੇ ਮੰਡਲਾਅ ਰਹੇ ਸਨ। ਰਾਖੀ ਪ੍ਰਣਾਲੀ ਦੀ ਬਦੌਲਤ ਅੱਜ ਪੰਜਾਬ ਦੇ ਬਹੁਤ ਵੱਡੇ ਹਿੱਸੇ ਵਿਚ ਅਮਨ ਚੈਨ ਹੈ। ਲੋਕ ਆਰਾਮ ਨਾਲ ਸੌਂਦੇ ਨੇ। ਉਹਨਾਂ ਨੂੰ ਦੇਸੀ

ਵਿਦੇਸ਼ੀ ਅਤਿਆਚਾਰੀਆਂ ਦਾ ਡਰ ਨਹੀਂ ਹੈ। ਇਸ ਵਿਚ ਖਾਲਸਾ ਦਲ ਨੂੰ ਜੋ ਸਫਲਤਾ ਮਿਲੀ ਹੈ, ਉਸ ਲਈ ਤੁਸੀਂ ਸਾਰੇ ਵਧਾਈ ਦੇ ਪਾਤਰ ਹੋ।" ਜੱਸਾ ਸਿੰਘ ਬੋਲ ਰਹੇ ਸਨ ਤੇ ਇਕੱਤਰ ਹੋਏ ਲੋਕ ਪੂਰੇ ਧਿਆਨ ਨਾਲ ਸੁਣ ਰਹੇ ਸਨ। ਉਹਨਾਂ ਦੇ ਇਕ ਇਕ ਸ਼ਬਦ ਨੂੰ ਅੰਦਰ-ਮਨ ਵਿਚ ਸਮੋਅ ਰਹੇ ਸਨ। "ਪਰ ਡਰ ਅਜੇ ਵੀ ਹੈ। ਅਸੀਂ ਅਜੇ ਵੀ ਬਾਹਰੀ ਤੇ ਅੰਦਰੂਨੀ ਦੁਸ਼ਮਣਾ ਵਿਚਕਾਰ ਘਿਰੇ ਹੋਏ ਹਾਂ। ਉਹਨਾਂ ਦੀ ਤਾਦਾਦ ਵੀ ਜ਼ਿਆਦਾ ਤੇ ਤਾਕਤ ਵੀ ਜ਼ਿਆਦਾ ਹੈ। ਪਰ ਉਹ ਆਪਸ ਵਿਚ ਪਾਟੇ ਹੋਏ ਨੇ। ਉਹ ਨਿੱਤ ਆਪਸ ਵਿਚ ਟਕਾਰਉਂਦੇ ਨੇ। ਉਹ ਆਪਸ ਵਿਚ ਲੜਨਗੇ ਤੇ ਸਾਡੇ ਨਾਲ ਵੀ ਲੜਨਗੇ। ਅੰਤਮ ਜਿੱਤ ਖਾਲਸੇ ਦੀ ਹੋਏਗੀ। ਸਾਡਾ ਇਹ ਦ੍ਰਿੜ ਵਿਸ਼ਵਾਸ ਹੈ।" ਵਾਤਾਵਰਣ ਫੇਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਸਰਦਾਰ ਆਹਲੂਵਾਲੀਆ ਕੁਝ ਚਿਰ ਮੌਨ ਰਹੇ। ਫੇਰ ਬੋਲੇ, "ਜਿੱਤ ਸਕਣਾ ਸਹਿਜ ਨਹੀਂ। ਸਾਨੂੰ ਅਜੇ ਵੀ ਬਹੁਤ ਸਾਰੀਆਂ ਕੁਰਬਾਨੀਆਂ ਦੇਣੀਆਂ ਪੈਂਣਗੀਆਂ। ਜਿੱਤ ਲਈ ਸਾਨੂੰ ਆਪਣੇ ਆਪ ਨੂੰ ਤੇ ਆਪਣੇ ਦੁਸ਼ਮਣ ਨੂੰ ਜਾਚਨਾ -ਪਰਖਨਾ ਪਏਗਾ। ਵਿਅਰਥ ਕੇ ਭਰਮ ਪਾਲ ਲੈਣੇ ਠੀਕ ਨਹੀਂ ਹੁੰਦੇ। ਮੁਗਲਾਨੀ ਬੇਗਮ ਦੀ ਆਪਣੀ ਤਾਕਤ ਭਾਵੇਂ ਕੁਝ ਵੀ ਨਹੀਂ, ਪਰ ਉਸਨੇ ਅਬਦਾਲੀ ਨਾਲ ਰਿਸ਼ਤਾ ਜੋੜਿਆ ਹੋਇਆ ਹੈ ਤੇ ਹੁਣ ਆਪਣੀ ਬੇਟੀ ਉਮਦਾ ਬੇਗਮ ਦੀ ਕੁੜਮਾਈ ਅਬਦਾਲੀ ਦੇ ਬੇਟੇ ਤੈਮੂਰ ਨਾਲ ਕਰਕੇ ਇਹ ਰਿਸ਼ਤਾ ਹੋਰ ਪੀਢਾ ਕਰ ਲਿਆ ਹੈ। ਇਹ ਰਿਸ਼ਤਾ ਸਾਨੂੰ ਵੀ ਚੰਗਾ ਨਹੀਂ ਲਗਦਾ ਤੇ ਦਿੱਲੀ ਦੇ ਵਜ਼ੀਰ ਗਾਜ਼ੀਉੱਲਦੀਨ ਨੂੰ ਵੀ ਪਸੰਦ ਨਹੀਂ। ਗਾਜੀਉੱਲਦੀਨ ਮਰਹੱਟਿਆਂ ਦੇ ਬਲ ਬੂਤੇ ਉਪਰ ਉੱਛਲ ਰਿਹਾ ਹੈ। ਉਸਨੇ ਮਰਹੱਟਿਆਂ ਦੀ ਮਦਦ ਨਾਲ ਸਫਦਰ ਜੰਗ ਨੂੰ ਦਿੱਲੀ ਵਿਚੋਂ ਭਜਾ ਦਿੱਤਾ। ਹੋ ਸਕਦਾ ਹੈ, ਉਹ ਇਸੇ ਬੂਤੇ ਉਪਰ ਮੁਗਲਾਨੀ ਬੇਗਮ ਦੇ ਨੱਕ ਵਿਚ ਵੀ ਨਕੇਲ ਪਾ ਲਏ। ਅਬਦਾਲੀ ਇਸ ਸਮੇਂ ਅੰਦਰੂਨੀ ਬਗਾਵਤਾਂ ਵਿਚ ਘਿਰਿਆ ਹੋਇਆ ਹੈ। ਉਹਨਾਂ ਨਾਲ ਨਿਬੜਨ ਸਾਰ, ਉਹ ਫੇਰ ਹਮਲਾ ਕਰੇਗਾ। ਗਾਜ਼ੀਉੱਲਦੀਨ ਉਸਦੇ ਸਾਹਵੇਂ ਟਿਕ ਨਹੀਂ

ਸਕੇਗਾ। ਜਲੰਧਰ ਤੇ ਸਰਹਿੰਦ ਉਪਰ ਅਦੀਨਾ ਬੇਗ ਕਬਜਾ ਕਰੀ ਬੈਠਾ ਹੈ। ਉਹ ਵੀ ਬੜਾ ਚਾਲਬਾਜ ਤੇ ਜਾਲਸਾਜ ਆਦਮੀ ਹੈ। ਉਹ ਪੰਜਾਬ ਵਿਚ ਪੈਦਾ ਹੋਇਆ ਹੈ। ਜਨਮ ਤੋਂ ਮੁਸਲਮਾਨ ਹੈ, ਪਰ ਉਸਦਾ ਮਜ਼ਹਬ ਸਿਰਫ ਨਿੱਜੀ ਹਕੂਮਤ ਕਾਇਮ ਕਰਨਾ ਹੈ। ਛਲ-ਕਪਟ, ਧੋਖੇ ਜਾਂ ਕੂਫ਼ਰ-ਮੱਕਾਰੀ ਕਿਸੇ ਵੀ ਹੀਲੇ ਨਾਲ ਆਪਣੀ ਹਕੂਮਤ ਕਾਇਮ ਰੱਖੀ ਜਾਏ, ਉਹ ਉਹੀ ਹੀਲਾ ਅਪਣਾਏਗਾ। ਉਹ ਵੀ ਸਾਡੇ ਲਈ ਇਕ ਖਤਰਾ ਹੈ, ਪਰ ਬਹੁਤਾ ਵੱਡਾ ਖਤਰਾ ਨਹੀਂ। ਨਿੱਜੀ ਹਕੂਮਤ ਕਾਇਮ ਕਰਨ ਵਾਲਿਆਂ ਕੋਲੋਂ ਛੋਟੇ ਮੋਟੇ ਖਤਰੇ ਹੋਰ ਵੀ ਨੇ। ਜਿਵੇਂ ਕਸੂਰ ਦੇ ਪਠਾਨ ਤੇ ਈਮਾਨਬਾਦ ਦੇ ਖ਼ਵਾਜਾ ਮਿਰਜ਼ਾ ਦਾ ਖ਼ਤਰਾ। ਖ਼ਵਾਜਾ ਮਿਰਜ਼ਾ ਨੇ ਹੁਣੇ ਕੁਝ ਦਿਨ ਪਹਿਲਾਂ ਹੀ ਆਪਣੀ ਤੁਰਕ ਜਾਤੀ ਦੇ ਛੇ ਹਜ਼ਾਰ ਸੈਨਕ ਭਰਤੀ ਕੀਤੇ ਹਨ। ਖ਼ਵਾਜਾ ਮਿਰਜ਼ਾ ਨੂੰ ਤੇ ਉਸਦੇ ਇਹਨਾਂ ਵਿਦੇਸ਼ੀ ਸੈਨਕਾਂ ਨੂੰ ਨਾ ਇਸ ਦੇਸ਼ ਨਾਲ ਪਿਆਰ ਹੈ ਤੇ ਨਾ ਹੀ ਦੇਸ਼ ਦੇ ਲੋਕਾਂ ਨਾਲ। ਨਿੱਜੀ ਹਕੂਮਤ ਦਾ ਆਧਾਰ ਸਿਰਫ ਲੁੱਟ ਹੁੰਦਾ ਹੈ। ਜਦੋਂ ਲੁੱਟ-ਖਸੁੱਟ ਦਾ ਧੰਦਾ ਨਾ ਚੱਲਿਆ ਤਾਂ ਇਹੀ ਸੈਨਕ ਖ਼ਵਾਜਾ ਮਿਰਜ਼ਾ ਦੀ ਗਰਦਨ ਰੇਤ ਦੇਣਗੇ।" ਦੀਵਾਨ ਵਿਚ ਹਾਸੇ ਦੇ ਗੁਬਾਰੇ ਉੱਡਨ ਲੱਗੇ। "ਸਾਨੂੰ ਇਹਨਾਂ ਖ਼ਵਾਜਿਆਂ ਦੀ ਕਤਈ ਪ੍ਰਵਾਹ ਨਹੀਂ।" ਸਰਦਾਰ ਆਹਲੂਵਾਲੀਆ ਨੇ ਫੇਰ ਬੋਲਣਾ ਸ਼ੁਰੂ ਕੀਤਾ, "ਇਹ ਲੋਕ ਸ਼ਮਸ਼ਾਨ ਘਾਟ ਵਿਚ ਹਵਾਂਕਣ ਵਾਲੇ ਗਿੱਦੜ ਨੇ, ਸਿਰਫ ਇਕੋ ਘੁਰਕੀ ਨਾਲ ਭੱਜ ਖੜ੍ਹੇ ਹੋਣਗੇ। ਸਭ ਤੋਂ ਵੱਡਾ ਖਤਰਾ ਅਬਦਾਲੀ ਹੈ। ਸਾਡੀ ਆਖਰੀ ਟੱਕਰ ਉਸੇ ਨਾਲ ਹੋਏਗੀ। ਪਰ ਅਬਦਾਲੀ ਦਾ ਮਕਸਦ ਵੀ ਲੁੱਟ-ਖਸੁੱਟ ਹੈ । ਲੁੱਟ-ਖਸੁੱਟ ਉਪਰ ਖੜ੍ਹੀ ਤਾਕਤ ਰੇਤ ਦੀ ਕੰਧ ਵਰਗੀ ਹੁੰਦੀ ਹੈ...ਉਸਨੂੰ ਢੈਂਦਿਆਂ ਦੇਰ ਨਹੀਂ ਲੱਗਦੀ। ਖਾਲਸਾ ਦਾਲ ਦਾ ਨਿੱਜੀ ਕੋਈ ਸਵਾਰਥ ਨਹੀਂ ਹੈ। ਅਸੀਂ ਪੂਰੇ ਦੇਸ਼ ਤੇ ਧਰਮ ਦੀ ਆਜ਼ਾਦੀ ਲਈ ਲੜ ਰਹੇ ਹਾਂ। ਖੰਡੇ ਦਾ ਅੰਮ੍ਰਿਤ ਸਾਨੂੰ ਇਕ ਜੁੱਟ ਕਰਦਾ ਹੈ ਤੇ ਸਾਨੂੰ ਮਜ਼ਬੂਤ ਬਣਾਉਂਦਾ ਹੈ। ਫੇਰ ਦੇਸ਼ ਦੇ ਲੋਕ ਸਾਡੇ ਨਾਲ ਨੇ। ਇਸ ਲਈ ਜਿੱਤ ਸਾਡੀ ਹੀ

ਹੋਏਗੀ।”

ਇਸ ਪਿੱਛੋਂ ਅਗਲੀਆਂ ਯੋਜਨਾਵਾਂ ਬਣਾਈਆਂ ਗਈਆਂ ਤੇ ਗੁਰਮਤੇ ਪਾਸ ਹੋਏ। ਲੋਕੀ ਨਵਾਂ ਉਤਸ਼ਾਹ ਤੇ ਨਵੀਆਂ ਆਸਾਂ ਲੈ ਕੇ ਘਰਾਂ ਨੂੰ ਪਰਤੇ।

ਅਲਹੋਲ ਸਿੱਖ ਰਾਖੀ ਪ੍ਰਣਾਲੀ ਅਧੀਨ ਨਹੀਂ, ਲਾਹੌਰ ਸਰਕਾਰ ਦੇ ਅਧੀਨ ਸਨ ਪਰ ਉਹ ਪੂਰੀ ਤਰ੍ਹਾਂ ਸੁਰੱਖਿਅਤ ਸਨ। ਸਾਈਂ ਦੀ ਖ਼ੁਦਾ ਪ੍ਰਸਤੀ ਤੇ ਇਨਸਾਨ ਪ੍ਰਸਤੀ ਦਾ ਪ੍ਰਭਾਵ ਦੂਰ ਦੂਰ ਤਕ ਫੈਲਿਆ ਹੋਇਆ ਸੀ। ਲੋਕੀ ਉਹਨਾਂ ਦੀ ਇੱਜਤ ਕਰਦੇ ਸਨ। ਉਹਨਾਂ ਦੇ ਮਕਬਰੇ ਦੀ ਸਹਾਇਤਾ ਕਰਨਾ ਆਪਣਾ ਧਾਰਮਕ ਫਰਜ਼ ਮੰਨਦੇ ਸਨ। ਉਹਨਾਂ ਦੇ ਮਕਬਰੇ ਵਿਚ ਅਨਾਥ ਬੱਚਿਆਂ ਦੀ ਪਾਲਨਾ ਹੁੰਦੀ ਸੀ। ਆਮ ਲੋਕਾਂ ਨੂੰ ਇਹਨਾਂ ਬੱਚਿਆਂ ਨਾਲ ਦਿਲੀ ਹਮਦਰਦੀ ਸੀ। ਇਸ ਲਈ ਉਹਨਾਂ ਦਾ ਇਹਨਾਂ ਦੀ ਮਦਦ ਕਰਨਾ ਸੁਭਾਵਿਕ ਸੀ। ਉਹ ਲੋਕ ਵੀ ਜਿਹੜੇ ਇਹਨਾਂ ਬੱਚਿਆਂ ਨੂੰ ਅਨਾਥ ਬਣਾਉਣ ਦੇ ਜ਼ਿੰਮੇਵਾਰ ਸਨ, ਇਹਨਾਂ ਦੀਆਂ ਦੁਆਵਾਂ ਨਾਲ ਜੱਨਤ ਜਾਣ ਦੇ ਖਾਹਿਸ਼ਮੰਦ ਸਨ। ਜ਼ਕਰੀਆ ਖਾਂ, ਯਹੀਆ ਖਾਂ ਤੇ ਮੀਰ ਮੰਨੂੰ ਵੀ ਸਾਈਂ ਜਹੀਰ ਬਖ਼ਸ਼ ਦੇ ਮਕਤਬ ਨੂੰ ਆਪਣੇ ਖਜਾਨੇ ਵਿਚੋਂ ਹਮੇਸ਼ਾ ਮਦਦ ਘੱਲਦੇ ਰਹੇ ਸਨ। ਉਹੀ ਮਦਦ ਮੁਗਲਾਨੀ ਬੇਗਮ ਵੀ ਭੇਜ ਰਹੀ ਸੀ। ਹੁਣ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸ਼ਾਹ ਨਵਾਜ ਨੂੰ ਹਰਾ ਕੇ ਲਾਹੌਰ ਆਪਣੇ ਕਬਜੇ ਵਿਚ ਕੀਤਾ ਤੇ ਪੀਰਾਂ ਫਕੀਰਾਂ ਨੂੰ ਖ਼ੈਰਾਤ ਵੰਡੀ ਤਾਂ ਉਸੇ ਖ਼ੈਰਾਤ ਦਾ ਇਕ ਵੱਡਾ ਹਿੱਸਾ ਇਸ ਮਕਤਬ ਨੂੰ ਵੀ ਭੇਜਿਆ। ਜਿਹੜੇ ਭਾਂਤ–ਭਾਂਤ ਦੇ ਡਾਕੂ ਲੁਟੇਰੇ ਪੈਦਾ ਹੋ ਗਏ ਸਨ, ਉਹ ਵੀ ਅਲਹੋਰ ਦੇ ਮਕਤਬ ਵੱਲ ਅੱਖ ਚੁੱਕ ਕੇ ਦੇਖਣ ਦੀ ਹਿੰਮਤ ਨਹੀਂ ਸਨ ਕਰਦੇ। ਬੱਚਿਆਂ ਦੀ ਗਿਣਤੀ ਹੁਣ ਘੱਟ ਹੋ ਗਈ ਸੀ, ਉਹਨਾਂ ਦੀ ਪੜ੍ਹਾਈ ਤੇ ਦੇਖਭਾਲ ਦਾ ਕੰਮ ਜਿਵੇਂ ਦਾ ਤਿਵੇਂ ਚੱਲ ਰਿਹਾ ਸੀ। ਉਸ ਵਿਚ ਜ਼ਰਾ ਵੀ ਫ਼ਰਕ ਨਹੀਂ ਸੀ ਆਇਆ।

ਅੰਮ੍ਰਿਤਸਰ ਵਿਚ ਦੀਵਾਨ ਦੀ ਸਮਾਪਤੀ ਤੋਂ ਬਾਅਦ ਭੂਪ ਸਿੰਘ ਆਪਣੇ ਘਰ ਜਾਣ ਦੇ ਬਜਾਏ ਲਾਹੌਰ ਪਹੁੰਚਿਆ। ਨੀਲੇ ਰੰਗ ਦਾ ਤਹਿਮਦ ਤੇ ਨੀਲੇ ਰੰਗ ਦਾ ਲੰਮਾ ਚੋਲਾ ਪਾ ਕੇ ਉਸਨੇ ਸੂਫੀ ਦਰਵੇਸ਼ ਦਾ ਭੇਸ ਬਣਾਇਆ ਹੋਇਆ ਸੀ। ਇਸ ਵਾਰੀ ਉਸਦੇ ਹੱਥ ਵਿਚ ਘੁੰਗਰੂਆਂ ਵਾਲਾ ਗੋਲ ਕੂਲਾ ਡੰਡਾ ਨਹੀਂ, ਕਬੀਰ ਪੰਥੀ ਲੋਟਾ ਸੀ। ਦਸ ਬਾਰਾਂ ਕੋਹ ਦਾ ਪੈਂਡਾ ਕਰਕੇ ਜਦੋਂ ਉਹ ਲਾਹੌਰ ਪਹੁੰਚਿਆ, ਰਾਤ ਘਿਰ ਆਈ ਸੀ। ਮਕਤਬ ਨੇ ਹਨੇਰੇ ਦੀ ਚਾਦਰ ਲਪੇਟੀ ਹੋਈ ਸੀ। ਸਾਈਂ ਜਹੀਰ ਬਖ਼ਸ਼ ਆਪਣੇ ਕਮਰੇ ਵਿਚ ਇਕੱਲੇ ਬੈਠੇ ਕੋਈ ਧਾਰਮਕ ਪੁਸਤਕ ਪੜ੍ਹ ਰਹੇ ਸਨ। ਉਹਨਾਂ ਦੀ ਉਮਰ ਅੱਸੀ ਸਾਲ ਦੇ ਆਸਪਾਸ ਸੀ। ਭਰਵੱਟਿਆਂ ਤੇ ਪਲਕਾਂ ਦੇ ਵਾਲ ਚਿੱਟੇ ਹੋ ਗਏ ਸਨ, ਪਰ ਨਜ਼ਰ ਅਜੇ ਠੀਕ ਸੀ। ਉਹ ਦੀਵੇ ਦੀ ਰੌਸ਼ਨੀ ਵਿਚ ਵੀ ਆਸਾਨੀ ਨਾਲ ਪੜ੍ਹ ਰਹੇ ਸਨ। ਸੂਫੀ ਦਰਵੇਸ਼ ਨੇ ਅੰਦਰ ਆ ਕੇ ਮੱਥਾ ਟੇਗਿਆ ਤਾਂ ਸਾਈਂ ਜਹੀਰ ਬਖ਼ਸ਼ ਨੇ ਉਸਨੂੰ ਤੁਰੰਤ ਪਛਾਣ ਲਿਆ ਤੇ ਆਪਣੇ ਕੋਲ ਬਿਠਾਅ ਕੇ ਪੁੱਛਿਆ—

"ਸੁਣਾਅ ਭੂਪੇ ਸ਼ਾਹ ਕਿੱਧਰੋਂ ਆਉਣੇ ਹੋਏ?"

"ਅੰਮ੍ਰਿਤਸਰੋਂ ਆ ਰਿਹਾਂ ਜੀ।"

"ਦੀਵਾਲੀ ਮਨਾ ਕੇ ਆਇਆ ਏਂ?"

"ਹਾਂ ਜੀ। ਦੀਵਾਲੀ ਮਨਾ ਕੇ।"

"ਹੁਣ ਕਿੱਧਰ ਦੇ ਇਰਾਦੇ ਨੇ?"

"ਲਾਹੌਰ ਜਾਵਾਂਗਾ ਜੀ।"

"ਲਾਹੌਰ!" ਜਹੀਰ ਬਖ਼ਸ਼ ਨੇ ਸਿਰ ਹਿਲਾਉਂਦਿਆਂ ਹੋਇਆਂ ਦੂਹਰਾਇਆ ਤੇ ਜ਼ਰਾ ਰੁਕ ਕੇ ਅੱਗੇ ਕਿਹਾ, "ਸੁਣਿਆਂ ਏ ਮੁਗਲਾਨੀ ਬੇਗਮ ਨੇ ਆਪਣੀ ਬੇਟੀ ਦੀ ਕੁੜਮਾਈ ਅਬਦਾਲੀ ਦੇ ਬੇਟੇ ਤੈਮੂਰ ਨਾਲ ਕਰਕੇ ਲਾਹੌਰ ਦਾ ਸਬੰਧ ਕੰਧਾਰ

ਨਾਲ ਜੋੜ ਦਿੱਤਾ ਏ।”

“ਸੁਣਿਆਂ ਮੈਂ ਵੀ ਏ।” ਭੂਪ ਸਿੰਘ ਨੇ ਇਕ ਨਜ਼ਰ ਜਹੀਰ ਬਖ਼ਸ਼ ਵੱਲ ਦੇਖਿਆ ਤੇ ਆਪਣੇ ਲੋਟੇ ਉਪਰ ਝੁਕ ਕੇ ਕਿਹਾ, “ਪਰ ਇਸ ਸਬੰਧ ਕੱਚੇ ਧਾਗੇ ਵਿਚ ਵੱਝਿਆ ਹੋਇਆ ਏ, ਛੇਤੀ ਹੀ ਟੁੱਟ ਜਾਏਗਾ।”

“ਠੀਕ ਕਹਿ ਰਿਹੈਂ ਤੂੰ? ਛੇਤੀ ਟੁੱਟ ਜਾਏਗਾ!” ਸਾਈਂ ਦੀਆਂ ਅੱਖਾਂ ਫੈਲ ਗਈਆਂ। ਉਹਨਾਂ ਵਿਚ ਹੈਰਾਨੀ ਵੀ ਸੀ ਤੇ ਚਿੰਤਾ ਦੇ ਆਸਾਰ ਵੀ।

“ਉਮੀਦ ਤਾਂ ਇਹੀ ਏ ਜੀ।” ਭੂਪ ਸਿੰਘ ਨੇ ਉਤਰ ਦਿੱਤਾ ਤੇ ਆਪਣੀ ਗੱਲ ਦੀ ਪੁਸ਼ਟੀ ਲਈ ਦੀਵਾਨ ਵਿਚ ਦਿੱਤੇ ਸਰਦਾਰ ਆਹਲੂਵਾਲੀਆ ਦੇ ਭਾਸ਼ਨ ਦਾ ਸਾਰ ਸੁਣਾਇਆ।

ਸਾਈਂ ਜਹੀਰ ਬਖ਼ਸ਼ ਯਾਨੀਕਿ ਭਾਈ ਗੁਰਬਖ਼ਸ਼ ਸਿੰਘ ਸੁਣ ਕੇ ਸੰਤੁਸ਼ਟ ਹੋਏ। ਕੁਝ ਚਿਰ ਸਰਦਾਰ ਆਹਲੂਵਾਲੀਆ, ਦਲ ਖਾਲਸ ਤੇ ਰਾਖੀ ਪ੍ਰਣਾਲੀ ਬਾਰੇ ਗੱਲਾਂ ਹੁੰਦੀਆਂ ਰਹੀਆਂ। ਇਸ ਪਿੱਛੋਂ ਦੋਹਾਂ ਨੇ ਭੋਜਨ ਕੀਤਾ। ਇਸੇ ਦੌਰਾਨ ਇਕ 17–18 ਸਾਲ ਦਾ ਮੁੰਡਾ, ਜਿਸਦਾ ਰੰਗ ਕਣਕ–ਵੰਨਾ ਸੀ, ਦੋ ਕੰਬਲ ਲੈ ਕੇ ਅੰਦਰ ਆਇਆ।

“ਭੂਪੇ ਸ਼ਾਹ, ਇਹ ਦੱਸ ਬਈ ਤੂੰ ਇਸ ਮੁੰਡੇ ਨੂੰ ਆਪਣੇ ਨਾਲ ਲੈ ਜਾ ਸਕਦਾ ਏਂ?”

“ਤੁਸੀਂ ਹੁਕਮ ਕਰੋ, ਸਿਰਫ ਇਸ ਨੂੰ ਕਿਉਂ, ਦੋ ਚਾਰ ਹੋਰ ਵੀ ਲਿਜਾਅ ਸਕਦਾਂ ਜੀ।” ਭੂਪ ਸਿੰਘ ਨੇ ਉਤਰ ਦਿੱਤਾ ਤੇ ਫੇਰ ਭੌਂ ਕੇ ਮੁੰਡੇ ਨੂੰ ਪੁੱਛਿਆ, "ਕਿਉਂ ਬਈ, ਚੱਲੇਂਗਾ ਸਾਡੇ ਨਾਲ ਲਾਹੌਰ?”

“ਸਾਈਂ ਜੀ ਦੀ ਇਜਾਜ਼ਤ ਹੋਏ ਤਾਂ ਜ਼ਰੂਰ ਚੱਲਾਂਗਾ।” ਮੁੰਡੇ ਨੇ ਨਿਮਰਤਾ ਨਾਲ ਉਤਰ ਦਿੱਤਾ।

“ਤੇਰਾ ਨਾਂ ਕੀ ਏ?”

“ਜੀ, ਮੇਹਰ ਚੰਦ ਉਰਫ਼ ਮੇਹਰ ਅਲੀ।”

“ਕੀ ਮਤਲਬ?”

“ਜੀ, ਜੋ ਵੀ ਤੁਸੀਂ ਸਮਝ ਲਓਂ।”

“ਤੇਰਾ ਘਰ ਕਿੱਥੇ ਈ?”

“ਜਿੱਥੇ ਸਿਰ ਲੁਕੌਣ ਦੀ ਜਗ੍ਹਾ ਮਿਲ ਜਾਏ।”

“ਯਾਨੀ ਇਹ ਮਕਤਬ ਹੀ ਤੇਰਾ ਘਰ ਏ?”

“ਹਾਂ, ਇਸ ਵੇਲੇ ਤਾਂ ਇਹ ਮਕਤਬ ਈ ਮੇਰਾ ਘਰ ਏ।”

“ਸੱਚ ਬੋਲਣਾ ਚੰਗਾ ਹੈ ਜਾਂ ਝੂਠ ਬੋਲਣਾ?”

“ਦੋਹੇਂ ਚੰਗੇ ਨੇ।”

“ਉਹ ਕਿਵੇਂ?”

“ਲੋੜ ਦੀ ਗੱਲ ਏ। ਸੱਚ ਬੋਲਣ ਦੀ ਲੋੜ ਹੋਏ ਤਾਂ ਸੱਚ ਬੋਲਣਾ ਚੰਗਾ ਏ...ਤੇ ਜੇ ਝੂਠ ਬੋਲਣ ਦੀ ਲੋੜ ਹੋਏ ਤਾਂ ਝੂਠ ਬੋਲਣਾ ਚੰਗਾ ਹੁੰਦਾ ਏ। ਦੇਖਣਾ ਇਹ ਹੁੰਦਾ ਏ, ਅਸੀਂ ਕਦੋਂ, ਕਿੱਥੇ ਕਿਹਨਾਂ ਵਿਚਕਾਰ ਕੀ ਬੋਲ ਰਹੇ ਆਂ। ਦੋਸਤਾਂ ਵਿਚਕਾਰ ਬੋਲ ਰਹੇ ਆਂ ਜਾਂ ਦੁਸ਼ਮਣਾ ਵਿਚਕਾਰ ਬੋਲ ਰਹੇ ਆਂ ਤੇ ਕਿਉਂ ਬੋਲ ਰਹੇ ਆਂ।”

“ਸ਼ਾਬਾਸ਼, ਆਪਾਂ ਸਵੇਰੇ ਚੱਲਾਂਗੇ, ਤਿਆਰ ਰਹੀਂ।” ਭੂਪ ਸਿੰਘ ਨੇ ਮੁੰਡੇ ਦੀ ਪਿੱਠ ਥਾਪੜੀ ਤੇ ਜਦੋਂ ਉਹ ਚਲਾ ਗਿਆ ਤਾਂ ਸਾਈਂ ਨੂੰ ਕਿਹਾ, “ਬੜਾ ਹੁਸ਼ਿਆਰ ਮੁੰਡਾ ਏ।”

"ਇਸੇ ਲਈ ਭੇਜ ਰਿਹਾਂ। ਤੇਰੇ ਨਾਲ ਰਹੇਗਾ ਤਾਂ ਬੜਾ ਕੁਝ ਸਿੱਖ ਲਏਗਾ ਤੇ ਘੁੰਮ ਫਿਰ ਆਏਗਾ।"

ਲਾਹੌਰ ਵਿਚ ਭੂਪੇ ਦੇ ਕਈ ਠਿਕਾਣੇ ਸਨ। ਉਹ ਵੱਖ ਵੱਖ ਭੇਸਾਂ ਵਿਚ ਵੱਖ ਵੱਖ ਠਿਕਾਣਿਆਂ 'ਤੇ ਜਾਂਦਾ ਸੀ। ਉਹਨਾਂ ਦਾ ਉਸ ਦੇ ਇਲਾਵਾ ਕਿਸੇ ਹੋਰ ਨੂੰ ਪਤਾ ਨਹੀਂ ਸੀ। ਉਸਦਾ ਇਕ ਠਿਕਾਣਾ ਤਹਿਮਸ ਮਸਕੀਨ ਵੀ ਸੀ। ਮਸਕੀਨ ਦਰਵੇਸ਼ਾਂ ਦਾ ਆਦਰ ਕਰਦਾ ਸੀ ਤੇ ਉਸਨੂੰ ਦਰਸ਼ਨ ਸ਼ਾਸਤਰ ਵਿਚ ਰੂਚੀ ਸੀ। ਭੂਪ ਸਿੰਘ ਉਸ ਕੋਲ ਸੂਫੀ ਫਕੀਰ ਦੇ ਰੂਪ ਵਿਚ ਜਾਂਦਾ ਸੀ। ਉਹਨਾਂ ਵਿਚਕਾਰ ਸੂਫੀ ਮੱਤ ਤੇ ਧਰਮ ਦੇ ਵੱਖ ਵੱਖ ਪਹਿਲੂਆਂ ਉੱਤੇ ਗੱਲਬਾਤ ਹੁੰਦੀ। ਮਸਕੀਨ ਭੂਪੇ ਦੀ ਵਿਦਵਤਾ ਤੋਂ ਕਾਫੀ ਪ੍ਰਭਾਵਤ ਸੀ। ਉਸ ਕੋਲ ਰਹਿਣ ਨਾਲ ਭੂਪੇ ਨੂੰ ਕਾਫੀ ਸਾਰੇ ਭੇਦ ਪਤਾ ਲੱਗ ਜਾਂਦੇ ਸਨ। ਇਸ ਵਾਰੀ ਉਹ ਮੇਹਰ ਚੰਦ ਉਰਫ਼ ਮੇਹਰ ਅਲੀ ਨਾਲ ਉਸਦੇ ਘਰ ਪਹੁੰਚਿਆ। ਮਸਕੀਨ ਨੇ ਖਿੜੇ ਮੱਥੇ ਉਸਦਾ ਸਵਾਗਤ ਕੀਤਾ। ਪਰ ਦੂਜੇ ਹੀ ਪਲ ਮਜ਼ਾਕ ਵਿਚ ਕਿਹਾ, "ਦਰਵੇਸ਼ ਜੀ ਮਹਾਰਾਜ ਨੱਠ ਜਾਓ ਇੱਥੋਂ, ਵਰਨਾ ਮੁਗਲਾਨੀ ਬੇਗਮ ਕੋੜਿਆਂ ਨਾਲ ਕੁਟਵਾ ਕੇ ਸੀਖਾਂ ਪਿੱਛੇ ਸੁਟਵਾ ਦਏਗੀ।"

"ਕਿਉਂ ਸੁਟਵਾ ਦਏਗੀ? ਮੈਂ ਉਸਦਾ ਕੀ ਵਿਗਾੜਿਐ ਜੀ?"

"ਤੁਸਾਂ ਨਹੀਂ ਵਿਗਾੜਿਆ, ਪਰ ਚਾਰ ਦਿਨ ਪਹਿਲਾਂ ਤੁਹਾਡੇ ਵਰਗਾ ਇਕ ਦਰਵੇਸ਼ ਬੇਗਮ ਨਾਲ ਤਕੜੀ ਠੱਗੀ ਮਾਰ ਗਿਐ।"

"ਇਸ ਦਾ ਮਤਲਬ ਇਹ ਏ ਕਿ ਉਹ ਦਰਵੇਸ਼ ਦੇ ਭੇਖ ਵਿਚ ਕੋਈ ਠੱਗ ਸੀ। ਉਸਦੀ ਠੱਗੀ ਦੀ ਸਜ਼ਾ ਸਾਨੂੰ ਮਿਲੇਗੀ ਕਿ?"

"ਕਹਾਵਤ ਏ, ਕਰੇ ਕੋਈ ਭਰੇ ਕੋਈ। ਅਜਿਹੀਆਂ ਵਾਰਦਾਤਾਂ ਨਾਲ ਤਾਂ ਭੇਖ ਬਦਨਾਮ ਹੁੰਦਾ ਏ ਤੇ ਯਕੀਨ ਸਾਰਿਆਂ ਦਾ ਮਾਰਿਆ ਜਾਂਦੈ।"

"ਵਾਰਦਾਤ ਕਿੰਜ ਹੋਈ? ਜ਼ਰਾ ਦਸੋ ਤਾਂ ਸਹੀ।"

"ਵਾਰਦਾਤ ਬੜੀ ਦਿਲਚਸਪ ਏ। ਤੁਸੀਂ ਸੁਣੋਗੇ ਤਾਂ ਖ਼ੂਬ ਹਸੋਗੇ। ਪਰ ਪਹਿਲਾਂ ਤੁਸੀਂ ਕੁਝ ਖਾ-ਪੀ ਲਓ ਤੇ ਆਰਾਮ ਕਰੋ। ਸਭ ਕੁਝ ਦੱਸਾਂਗਾ, ਜਲਦੀ ਕੀ ਏ?"

ਭੂਪੇ ਸ਼ਾਹ ਨੇ ਮੇਹਰ ਚੰਦ ਉਰਫ਼ ਮੇਹਰ ਅਲੀ ਬਾਰੇ ਦੱਸਦਿਆਂ ਹੋਇਆਂ ਉਸਦਾ ਨਾਂ ਸ਼ਾਹ ਅਲੀ ਦੱਸਿਆ ਤੇ ਕਿਹਾ ਕਿ ਉਸਨੇ ਸਾਈਂ ਜਹੀਰ ਬਖ਼ਸ਼ ਦੇ ਮਕਤਬ ਵਿਚ ਤਾਲੀਮ ਹਾਸਲ ਕੀਤੀ ਏ। ਇਸ ਨਾਤੇ ਮੇਰਾ ਗੁਰ ਭਾਈ ਏ। ਦੋਹਾਂ ਨੇ ਗੁਸਲਖਾਨੇ ਵਿਚ ਗਰਮ ਪਾਣੀ ਨਾਲ ਗੁਸਲ (ਇਸ਼ਨਾਨ) ਕੀਤਾ। ਇਸ ਦੌਰਾਨ ਖਾਨਸਾਮਾ (ਰਸੋਈਆ) ਨਾਸ਼ਤਾ ਤਿਆਰ ਕਰ ਲਿਆਇਆ। ਨਾਸ਼ਤੇ ਤੋਂ ਨਿੱਬੜ ਕੇ ਤਿੰਨੇ ਮਸਨਦ (ਆਰਾਮ ਕਰਨ ਵਾਲੀ ਗੱਦੀ ਜਿਸ ਉੱਤੇ ਢੋਅ ਲਾਉਣ ਲਈ ਵੱਡੇ ਗੋਲ ਸਿਰਹਾਣੇ ਰੱਖੇ ਹੁੰਦੇ ਹਨ) ਉਪਰ ਬੈਠ ਗਏ। ਤਹਿਮਸ ਖਾਂ ਮਸਕੀਨ ਨੇ ਹੁੱਕਾ ਭਰਵਾ ਕੇ ਆਪਣੇ ਅੱਗੇ ਰੱਖ ਲਿਆ। ਉਹ ਕਿੱਸੇ ਵੀ ਲਿਖਦਾ ਸੀ ਤੇ ਕਿੱਸਾ ਸੁਣਾਉਣ ਦੀ ਕਲਾ ਦਾ ਮਾਹਰ ਵੀ ਸੀ। ਹੁੱਕੇ ਦਾ ਇਕ ਸੂਟਾ ਲਾ ਕੇ ਉਸਨੇ ਆਪਣੇ ਅੰਦਾਜ਼ ਵਿਚ ਕਿੱਸਾ ਸੁਣਾਉਣਾ ਸ਼ੁਰੂ ਕੀਤਾ—

"ਚਾਰ ਦਿਨ ਪਹਿਲਾਂ ਦੀ ਗੱਲ ਹੈ। ਅਸਾਂ ਚਾਰ ਸੌ ਘੁੜਸਵਾਰ ਭਰਤੀ ਕੀਤੇ ਸਨ। ਸ਼ਹਿਰ ਦੇ ਬਾਹਰਵਾਰ ਕੈਂਪ ਲੱਗਿਆ ਹੋਇਆ ਸੀ। ਮੈਂ ਸਵੇਰ ਤੋਂ ਅੱਧੀ ਰਾਤ ਤਕ ਇਹਨਾਂ ਘੁੜਸਵਾਰਾਂ ਦੀ ਲਿਸਟ ਬਣਾਉਣ ਵਿਚ ਰੁੱਝਿਆ ਰਿਹਾ। ਦਰਬ ਬੇਗ ਤੇ ਮੇਰੇ ਸਿਵਾਏ ਸਾਰੇ ਸੌਂ ਚੁੱਕੇ ਸਨ ਕਿ ਅਚਾਨਕ ਮੁਗਲਾਨੀ ਬੇਗਮ ਮਰਦਵੇਂ ਭੇਸ ਵਿਚ ਕੈਂਪ ਵਿਚ ਆਣ ਵੜੀ।"

"ਮਰਦਾਵੇਂ ਭੇਸ ਵਿਚ?"

"ਹਾਂ, ਮਰਦਾਵੇਂ ਭੇਸ ਵਿਚ। ਲੰਮਾ ਚੋਗਾ ਪਾਇਆ ਹੋਇਆ ਸੀ ਤੇ ਸਿਰ ਉਪਰ ਮੁਗਲਈ ਦਸਤਾਰ ਬੰਨ੍ਹੀ ਹੋਈ ਸੀ। ਮੈਂ ਤੇ ਦਰਬ ਬੇਗ ਦੋਹੇਂ ਤ੍ਰਬਕ ਗਏ। ਪੁੱਛਿਆ ਕਿ ਮਾਜਰਾ ਕੀ ਹੈ। ਬੇਗਮ ਨੇ ਦੱਸਿਆ ਕਿ ਇਕ ਮੁੱਲਾ ਨੇ ਉਹਨਾਂ ਨੂੰ

ਇਕ ਦੱਬਿਆ ਹੋਇਆ ਖਜਾਨਾ ਦੱਸਣ ਦਾ ਵਾਅਦਾ ਕੀਤਾ ਏ। 'ਤੁਸੀਂ ਮੈਨੂੰ ਜਿਹੜਾ ਦੋ ਹਜ਼ਾਰ ਰੁਪਿਆ ਲਿਆ ਕੇ ਦਿੱਤਾ ਸੀ, ਮੈਂ ਉਸ ਮੁੱਲਾ ਨੂੰ ਦੇ ਦਿੱਤਾ ਏ। ਉਹ ਉਹਨਾਂ ਵਿਚੋਂ ਪੰਜ ਸੌ ਰੁਪਏ ਦੀ ਧੂਫ ਬੱਤੀ ਖਰੀਦੇਗਾ, ਪੰਜ ਸੌ ਰੁਪਏ ਦਾ ਕਾਲੇ–ਚਿੱਟੇ ਰੰਗ ਦਾ ਘੋੜਾ ਖਰੀਦੇਗਾ—ਜਿਸਦੀ 'ਕੁਰਬਾਨੀ' ਦਿੱਤੀ ਜਾਏਗੀ। ਮੁੱਲਾ ਨੂੰ ਜੋ ਇਨਾਮ ਮਿਲਣਾ ਹੈ, ਹਜ਼ਾਰ ਰੁਪਿਆ ਉਸ ਵਿਚੋਂ ਪੇਸ਼ਗੀ ਦੇ ਦਿੱਤਾ ਗਿਆ ਹੈ। ਮੁੱਲਾ ਨੇ ਘੋੜੇ ਦੀ ਕੁਰਬਾਨੀ ਦੇਣ ਦਾ ਇਹੀ ਵੇਲਾ ਠੀਕ ਦੱਸਿਆ ਸੀ। ਤੁਸੀਂ ਮੇਰੇ ਨਾਲ ਚੱਲੋ...ਕੁਦਾਲਚੀ, ਮਸ਼ਾਲਚੀ ਬਾਹਰ ਖੜ੍ਹੇ ਇੰਤਜ਼ਾਰ ਕਰ ਰਹੇ ਨੇ।' ਮੈਂ ਸੁਣਿਆਂ ਤਾਂ ਮੱਥਾ ਪਿੱਟ ਲਿਆ। ਮੇਰੇ ਸਾਰੇ ਮਨਸੂਬੇ ਮਿੱਟੀ ਵਿਚ ਮਿਲ ਗਏ। ਮੈਂ ਫੈਜ਼ੁੱਲਾ ਬੇਗ ਨੂੰ ਉਸ ਖੰਡਰ ਵਿਚ ਭੇਜਿਆ, ਜਿੱਥੇ ਖਜਾਨਾ ਦੱਬਿਆ ਦੱਸਿਆ ਗਿਆ ਸੀ...ਤੇ ਜਿੱਥੇ ਕਾਲੇ–ਚਿੱਟੇ ਘੋੜੇ ਦੀ ਕੁਰਬਾਨੀ ਦਿੱਤੀ ਜਾਣੀ ਸੀ। ਉਹਨੂੰ ਹਦਾਇਤ ਕੀਤੀ ਕਿ ਜਾ ਕੇ ਉਸ ਮੁੱਲਾ ਦਾ ਪਤਾ ਕਰੇ। ਫੈਜ਼ੁੱਲਾ ਬੇਗ ਨੇ ਆ ਕੇ ਦੱਸਿਆ ਕਿ ਨਾ ਉੱਥੇ ਮੁੱਲਾ ਹੈ, ਨਾ ਘੋੜਾ। ਖੰਡਰ ਵਿਚ ਮੁਕੰਮਲ ਸੰਨਾਟਾ ਹੈ। ਉਸਨੂੰ ਦਰਬ ਬੇਗ ਨਾਲ ਦੁਬਾਰਾ ਭੇਜਿਆ ਗਿਆ। ਉਹਨਾਂ ਨੂੰ ਉੱਥੇ ਕੋਈ ਚੂਹੀ ਜਾਂ ਚਕਚੂੰਧਰ ਤਕ ਨਜ਼ਰ ਨਹੀਂ ਆਈ। ਇਕ ਆਦਮੀ ਮੁੱਲਾ ਦੇ ਮਕਾਨ ਵੱਲ ਭੇਜਿਆ ਗਿਆ। ਗੁਆਂਢੀਆਂ ਨੇ ਦੱਸਿਆ ਕਿ ਮੁੱਲਾ ਨੇ ਇਹ ਮਕਾਨ ਦਸ ਦਿਨਾਂ ਲਈ ਕਿਰਾਏ 'ਤੇ ਲਿਆ ਸੀ। ਕੱਲ੍ਹ ਸ਼ਾਮੀਂ ਮੁੱਲਾ ਤੇ ਉਸਦੇ ਘਰ ਵਾਲੇ ਇੱਥੋਂ ਚਲੇ ਗਏ ਨੇ। ਬੇਗਮ ਹਿਰਖ ਗਈ ਤੇ ਗੁੱਸੇ ਦੀ ਮਾਰੀ ਆਪੇ 'ਚੋਂ ਬਾਹਰ ਹੋ ਗਈ। ਉਸਨੇ ਮਹਿਲ ਵਿਚ ਜਾ ਕੇ ਉਹਨਾਂ ਨੌਕਰਾਂ ਤੇ ਨੌਕਰਾਣੀਆਂ ਨੂੰ ਖ਼ੂਬ ਕੁਟਾਪਾ ਚਾੜ੍ਹਿਆ, ਜਿਹਨਾਂ ਮੁੱਲਾ ਦੇ ਝਾਂਸੇ ਦਾ ਯਕੀਨ ਦਿਵਾਇਆ ਸੀ।" ਕਿੱਸਾ ਖਤਮ ਕਰਕੇ ਤਹਿਮਸ ਮਸਕੀਨ ਹੁੱਕੇ ਦੇ ਲੰਮੇਂ ਲੰਮੇਂ ਸੂਟੇ ਲਾਉਣ ਲੱਗ ਪਿਆ ਤੇ ਧੂੰਆਂ ਛੱਤ ਵੱਲ ਛੱਡਦਾ ਰਿਹਾ। ਭੂਪਾ ਸ਼ਾਹ ਤੇ ਸ਼ਾਦ ਅਲੀ ਚੁੱਪਚਾਪ ਬੈਠੇ ਉਸ ਵੱਲ ਦੇਖਦੇ ਰਹੇ।

"ਮੈਂ ਜਿਹੜੇ ਰੰਗਰੂਟ ਭਰਤੀ ਕੀਤੇ ਸਨ।" ਮਸਕੀਨ ਫੇਰ ਬੋਲਿਆ, "ਮੇਰੇ ਕੋਲ

www.punjabilibrary.com

ਉਹਨਾਂ ਨੂੰ ਦੇਣ ਲਈ ਪੈਸੇ ਨਹੀਂ ਸਨ। ਉਹ ਵਿਚਾਰੇ ਲੜ-ਝਗੜ ਕੇ ਭੱਜ ਗਏ।" ਤਹਿਮਸ ਨੇ ਹੁੱਕੇ ਦਾ ਸੂਟਾ ਖਿੱਚਿਆ, ਧੂੰਆਂ ਉਪਰ ਵੱਲ ਛੱਡਿਆ ਤੇ ਅੱਗੇ ਕਿਹਾ, "ਠੀਕ ਹੈ ਮੁੱਲਾ ਨੇ ਧੋਖਾ ਦਿੱਤਾ, ਮਾੜਾ ਕੀਤਾ। ਬਹੁਤ ਮਾੜਾ ਕੀਤਾ। ਪਰ ਸਵਾਲ ਇਹ ਹੈ ਕਿ ਬੇਗ਼ਮ ਧੋਖੇ ਵਿਚ ਆਈ ਹੀ ਕਿਉਂ? ਇਸ ਮੂਰਖਤਾ ਦਾ ਕੋਈ ਇਲਾਜ਼ ਹੈ?"

"ਜਿਹੜੇ ਲੋਕ ਦੂਜਿਆਂ ਨੂੰ ਆਪਣਾ ਗ਼ੁਲਾਮ ਬਣਾ ਕੇ ਰੱਖਦੇ ਨੇ, ਇਨਸਾਨਾਂ ਨੂੰ ਵੇਚਦੇ-ਖਰੀਦਦੇ ਨੇ, ਕਹਿਣ ਨੂੰ ਰੱਬ ਦੇ ਨੁਮਾਇੰਦੇ ਬਣਦੇ ਨੇ, ਪਰ ਰੱਬ ਦੇ ਬੰਦਿਆਂ ਨੂੰ ਕੀੜੇ ਮਕੌੜਿਆਂ ਵਾਂਗ ਪੈਰਾਂ ਹੇਠ ਦਰੜ ਕੇ ਲੰਘ ਜਾਂਦੇ ਨੇ, ਅਖੀਰ ਉਹ ਖ਼ੁਦ ਆਪਣੇ ਅੰਧਵਿਸ਼ਵਾਸ ਦੇ ਗ਼ੁਲਾਮ ਬਣ ਜਾਂਦੇ ਨੇ। ਇਹ ਘਟਨਾ ਇਸ ਗੱਲ ਦੀ ਗਵਾਹ ਹੈ।" ਭੂਪੇ ਸ਼ਾਹ ਨੇ ਗੰਭੀਰ, ਸਥਿਰ ਆਵਾਜ਼ ਵਿਚ ਵਿਆਖਿਆ ਕੀਤੀ।

"ਠੀਕ ਫਰਮਾਇਆ।" ਤਹਿਮਸ ਨੇ ਹਾਮੀ ਭਰੀ ਤੇ ਫੇਰ ਹੁੱਕੇ ਦਾ ਸੂਟਾ ਲਾ ਕੇ ਕਿਹਾ, "ਯਾਨੀ ਜਿਸ ਮਜ਼ਹਬ ਦਾ ਜਹੂਰ (ਨਿਕਾਸ, ਜਨਮ) ਇਨਸਾਨ ਦੀ ਭਲਾਈ ਲਈ ਹੋਇਆ ਸੀ, ਅਖੀਰ ਉਹੀ ਉਸਦੇ ਜੀਅ ਦਾ ਜੰਜਾਲ ਬਣ ਗਿਆ!"

"ਪਰ ਇਹ ਮਜ਼ਹਬ ਦਾ ਕਸੂਰ ਨਹੀਂ, ਇਨਸਾਨ ਦਾ ਆਪਣਾ ਕਸੂਰ ਏ।" ਭੂਪੇ ਸ਼ਾਹ ਨੇ ਕਿੰਤੂ ਕੀਤਾ ਤੇ ਗੱਲ ਅੱਗੇ ਵਧਾਈ, "ਵਕਤ ਬਦਲਦਾ ਹੈ ਤਾਂ ਇਨਸਾਨ ਵੀ ਬਦਲਦਾ ਹੈ। ਸੋਚ ਢੰਗ ਤੇ ਮੰਸ਼ੇ ਬਦਲਦੇ ਨੇ ਤਾਂ ਮਾਬੂਦ (ਧਾਰਮਿਕ ਵਿਸ਼ਵਾਸ ਤੇ ਉਸ ਨਾਲ ਜੁੜਿਆ ਈਸ਼ਟ) ਵੀ ਬਦਲਦੇ ਨੇ। ਜਦੋਂ ਇਨਸਾਨ ਤੇ ਉਸਦਾ ਸੋਚ-ਢੰਗ ਵਕਤ ਦੇ ਨਾਲ ਨਾਲ ਨਾ ਬਦਲੇ ਤਾਂ ਪੁਰਾਣੇ ਤੇ ਬਾਸੀ ਹੋ ਚੁੱਕੇ ਵਿਸ਼ਵਾਸ, ਅੰਧ ਵਿਸ਼ਵਾਸ ਭਰੀ ਮੂੜਤਾ ਬਣ ਜਾਂਦੇ ਨੇ।"

"ਵਾਕਈ ਵਕਤ ਦੇ ਨਾਲ ਨਾ ਬਦਲਣਾ ਹੀ ਸਭ ਤੋਂ ਵੱਡੀ ਮੂੜਤਾ ਹੁੰਦੀ ਏ। ਜਿਵੇਂ ਮਹਾਵਤ ਹਾਥੀ ਹੱਕਦਾ ਏ, ਵਕਤ ਇਨਸਾਨ ਨੂੰ ਹੱਕਦਾ ਰਹਿੰਦਾ ਏ।" ਤਹਿਮਸ ਨੇ ਪੁਸ਼ਟੀ ਕੀਤੀ ਤੇ ਉੱਚੀ ਉੱਚੀ ਹੱਸਿਆ।

"ਮੈਂ ਜ਼ਰਾ ਪਾਣੀ ਪਿਆਂਗਾ।" ਭੂਪੇ ਸ਼ਾਹ ਨੇ ਕਿਹਾ।

ਤਹਿਮਸ ਮਸਕੀਨ ਨੇ ਖਾਨਸਾਮੇਂ ਨੂੰ ਇਸ਼ਾਰਾ ਕੀਤਾ। ਉਹ ਗਿਲਾਸ ਵਿਚ ਪਾਣੀ ਲੈ ਆਇਆ। ਭੂਪਾ ਸ਼ਾਹ ਪਾਣੀ ਪੀ ਕੇ ਇਕ ਪਲ ਰੁਕਿਆ, ਫੇਰ ਖੰਘੂਰਾ ਮਾਰ ਕੇ ਗਲ਼ਾ ਸਾਫ ਕੀਤਾ ਤੇ ਬੋਲਿਆ—

"ਤਾਰੀਖ਼ (ਇਤਿਹਾਸ) ਉਪਰ ਨਜ਼ਰ ਮਾਰੋ। ਇਨਸਾਨ ਕਦੀ ਕਬੀਲਿਆਂ ਵਿਚ ਰਹਿੰਦਾ ਸੀ। ਹਰ ਕਬੀਲੇ ਦਾ ਆਪਣਾ ਮਾਬੂਦ (ਈਸ਼ਟ/ਪੈਗੰਬਰ) ਸੀ। ਪੱਥਰਾਂ ਤੇ ਰੁੱਖਾਂ ਦੀ ਪੂਜਾ ਹੁੰਦੀ ਸੀ। ਕਬੀਲੇ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਸਨ, ਜਿਹੜਾ ਹਾਰ ਜਾਂਦਾ ਸੀ ਉਸਦਾ ਮਾਬੂਦ ਵੀ ਹਾਰ ਜਾਂਦਾ ਸੀ। ਵਾਹਿਦਤ (ਇਕ-ਈਸ਼ਵਰ-ਵਾਦ) ਦੇ ਦ੍ਰਿਸ਼ਟੀਕੋਣ ਦੇ ਨਾਲ ਇਕ ਖ਼ੁਦਾ ਦੀ ਹਸਤੀ, ਹੋਂਦ ਵਿਚ ਆਈ ਤਾਂ ਕਬੀਲੇ ਵੀ ਇਕ ਹੋ ਗਏ। ਪਰ ਵਹਿਦਤ ਦਾ ਖ਼ੁਦਾ ਕਾਦਰੇ-ਮੁਤਲਿਕ (ਸਰਭ ਸ਼ਕਤੀਮਾਨ) ਸੀ। ਉਸਦੇ ਹੁਕਮ ਦੇ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ ਸੀ। ਬਾਦਸ਼ਾਹ, ਨਵਾਬ, ਕਾਜੀ ਤੇ ਮੁੱਲਾ ਇਸ ਕਾਦਰੇ ਮੁਤਲਿਕ ਖ਼ੁਦਾ ਦੇ ਨੁਮਾਇੰਦੇ ਸਨ। ਪੈਗੰਬਰ ਦੀ ਤਲਵਾਰ, ਕਸਾਈ ਦੀ ਛੁਰੀ ਬਣ ਗਈ...ਤੇ ਹਾਕਮ ਕਸਾਈ, ਮਹਿਕੂਮ (ਮੁਕੱਦਮ) ਬੁਜਦਿਲ ਦੇ ਗ਼ੁਲਾਮ। ਮੰਸੂਰ ਨੇ ਜਿਹੜਾ 'ਅਨਲ ਹੱਕ' (ਮੈਂ ਖ਼ੁਦਾ ਹਾਂ) ਦਾ ਨਾਅਰਾ ਬੁਲੰਦ ਕੀਤਾ, ਉਹ ਇਹਨਾਂ ਕਸਾਈ ਹਾਕਮਾਂ ਦੇ ਖ਼ਿਲਾਫ਼ ਤੇ ਬਾਦਸ਼ਾਹ ਦੇ ਖ਼ਿਲਾਫ਼ ਬਗਾਵਤ ਦਾ ਨਾਅਰਾ ਸੀ।...ਤੇ ਖ਼ੁਦਾ ਦੇ ਨੁਮਾਇੰਦੇ ਬਾਦਸ਼ਾਹ ਨੇ ਮਨਸੂਰ ਨੂੰ ਫਾਂਸੀ 'ਤੇ ਲਟਕਾਅ ਦਿੱਤਾ, ਪਰ ਇਸ ਨਾਅਰੇ ਨੂੰ ਫਾਂਸੀ ਲਾਉਣੀ ਸੰਭਵ ਨਹੀਂ ਸੀ। ਦੱਸੋ ਕਦੀ ਨਾਅਰਿਆਂ ਨੂੰ ਵੀ ਫਾਂਸੀ ਲਾਇਆ ਜਾ ਸਕਦਾ ਏ? ਕਦੀ ਸੋਚ ਨੂੰ ਵੀ

ਕਤਲ ਕੀਤਾ ਜਾ ਸਕਦਾ ਏ?"

"ਨਹੀਂ ...ਕਦੀ ਨਹੀਂ।" ਮਸਕੀਨ ਨੇ ਦ੍ਰਿੜ ਆਵਾਜ਼ ਵਿਚ ਹਾਮੀਂ ਭਰੀ।

"ਅਨਲ-ਹੱਕ ਸੂਫੀਆਂ ਦਾ ਝੰਡਾ ਵੀ ਸੀ ਤੇ ਹਥਿਆਰ ਵੀ। ਉਹਨਾਂ, ਖ਼ੁਦਾ ਨੂੰ ਬਾਦਸ਼ਾਹ ਤੋਂ ਖੋਹ ਕੇ ਲੋਕਾਂ ਦਾ ਬਣਾਅ ਦਿੱਤਾ। ਇਸ ਨਾਅਰੇ ਨਾਲ ਤੁਫੈਲ ਬੁਜਦਿਲ ਗ਼ੁਲਾਮ, ਬਹਾਦਰ ਬਾਗ਼ੀ ਬਣ ਗਿਆ।"

"ਮੈਂ ਸਿੱਖ ਮਜਹਬ ਦਾ ਕੁਝ ਮੁਤਾਅਲਾ ਕੀਤਾ ਏ। ਮੇਰਾ ਖ਼ਿਆਲ ਏ ਕਿ ਗੁਰੂ ਨਾਨਕ ਦੀ ਤਾਲੀਮ ਵੀ ਇਹੀ ਹੈ ਕਿ ਜਿਸ ਖ਼ਾਲਕ (ਕਰਤਾ) ਦੇ ਤੁਸਾਂ ਮਖ਼ਲੂਕ (ਜੀਵ) ਓ, ਉਹ ਨਿਡਰ ਹੈ। ਤੁਸੀਂ ਵੀ ਨਿਡਰ ਹੋ ਜਾਓ। ਕਿਸੇ ਤੋਂ ਨਾ ਡਰੋ। ਸਿਰ ਹਥੇਲੀ ਉੱਤੇ ਰੱਖ ਕੇ ਮੇਰੇ ਕੋਲ ਆਓ। ਤਦ ਤੁਸੀਂ ਮੇਰੇ ਸੱਚੇ ਸ਼ਾਗਿਰਦ ਹੋ। ਫੇਰ ਤੁਸੀਂ ਅਮਰ ਹੋ। ਕੋਈ ਤੁਹਾਡਾ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ। ਕੀ ਮੈਂ ਠੀਕ ਕਹਿ ਰਿਹਾਂ...?" ਤਹਿਮਸ ਮਸਕੀਨ ਨੇ ਭੂਪੇ ਸ਼ਾਹ ਦੇ ਚਿਹਰੇ ਉੱਤੇ ਨਜ਼ਰਾਂ ਗੱਡ ਕੇ ਪੁੱਛਿਆ।

"ਇਹ ਪੁੱਛਣ-ਦੱਸਣ ਵਾਲੀ ਗੱਲ ਨਹੀਂ, ਦੇਖਣ-ਸਮਝਣ ਵਾਲੀ ਗੱਲ ਏ। ਸਿੱਖਾਂ ਨੇ ਗੁਰੂ ਦੀ ਇਸ ਸਿੱਖਿਆ ਨੂੰ ਜ਼ਿੰਦਗੀ ਵਿਚ ਢਾਲ ਲਿਆ ਹੈ ਤੇ ਉਹ ਅਮਰ ਹੋ ਗਏ ਨੇ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਉਹਨਾਂ ਦਾ ਨਾਅਰਾ ਵੀ ਹੈ ਤੇ ਹਥਿਆਰ ਵੀ। ਅਨਲ ਹੱਕ ਦੇ ਨਾਅਰੇ ਵਾਂਗ ਇਸ ਨਾਅਰੇ ਨੂੰ ਕਤਲ ਕਰਨਾ ਵੀ ਸੰਭਵ ਨਹੀਂ।"

"ਮੈਨੂੰ ਯਕੀਨ ਏਂ।" ਤਹਿਮਸ ਮਸਕੀਨ ਨੇ ਏਧਰ ਉਧਰ ਦੇਖ ਕੇ, ਭੂਪੇ ਵਲ ਝੁਕਦਿਆਂ ਧੀਮੀ ਆਵਾਜ਼ ਵਿਚ ਕਿਹਾ, "ਇਸ ਨੂੰ ਕਤਲ ਕਰਨ ਵਾਲੇ ਖ਼ੁਦ ਕਤਲ ਹੋ ਜਾਣਗੇ।"

"ਜਿਵੇਂ ਪਾਣੀ ਨੂੰ ਜਿਸ ਭਾਂਡੇ ਵਿਚ ਪਾਇਆ ਜਾਏ ਉਹ ਉਸੇ ਰੂਪ ਵਿਚ ਢਲ

ਜਾਂਦਾ ਏ, ਉਵੇਂ ਲਾਲਚੀ ਤੇ ਖ਼ੁਦਗਰਜ਼ ਲੋਕ ਮਜ਼ਹਬ ਨੂੰ ਆਪਣੇ ਲਾਲਚ ਤੇ ਖ਼ੁਦਗਰਜ਼ੀ ਦਾ ਰੂਪ ਦੇ ਬਹਿੰਦੇ ਨੇ। ਨਤੀਜਾ ਇਹ ਕਿ ਆਦਮੀ ਦਾ ਪਤਨ ਸ਼ੁਰੂ ਹੋ ਜਾਂਦਾ ਏ ਤੇ ਉਸਦਾ ਮਜ਼ਹਬ ਵੀ ਲੜਖੜਾ ਜਾਂਦਾ ਹੈ।"

"ਮੈਂ ਸਮਝਦਾਂ, ਇਨਸਾਨ ਦਾ ਸੱਚਾ ਮਜ਼ਹਬ ਖ਼ੁਦਾ ਦੀ ਮਖ਼ਲੂਕ ਇਨਸਾਨ ਨਾਲ ਮੁਹੱਬਤ ਕਰਨਾ ਹੈ।"

"ਕੀ ਪੁੱਛਦਾ ਏਂ ਜਾਤ–ਸਿਫਾਤ ਮੇਰੀ, ਉਹ ਆਦਮ ਵਾਲੀ ਜਾਤ ਮੇਰੀ।" ਭੂਪੇ ਸ਼ਾਹ ਨੇ ਮੁਸਕਰਾਉਂਦਿਆਂ ਹੋਇਆਂ ਬੁੱਲ੍ਹੇ ਸ਼ਾਹ ਦੇ ਬੋਲ ਦੂਹਰਾਏ।

ਉਦੋਂ ਹੀ ਖ਼ਾਨਸਾਮੇਂ ਨੇ ਆ ਕੇ ਪੁੱਛਿਆ, "ਖਾਣੇ ਵਿਚ ਕੀ ਕੁਝ ਬਣਾਵਾਂ, ਸਰਕਾਰ?" ਮਸਕੀਨ ਨੇ ਜਵਾਬ ਦਿੱਤਾ, "ਜੋ ਕੁਝ ਹਰ ਰੋਜ਼ ਬਣਦਾ ਏ, ਉਹੀ ਬਣਾਓ। ਬਸ ਏਨਾ ਖ਼ਿਆਲ ਰੱਖਣਾ ਕਿ ਦੋ ਆਦਮੀ ਹੋਰ ਖਾਣਗੇ।" ਖ਼ਾਨਸਾਮਾਂ ਚਲਾ ਗਿਆ।

"ਮੇਰਾ ਆਪਣਾ ਇਕ ਮਸਲਾ ਏ, ਉਸਦਾ ਕੋਈ ਹੱਲ ਦੱਸੋ।" ਮਸਕੀਨ ਨੇ ਭੂਪੇ ਸ਼ਾਹ ਨੂੰ ਕਿਹਾ।

"ਮਸਲਾ ਕੀ ਏ ਇਹ ਤਾਂ ਦੱਸੋ। ਫੇਰ ਹੱਲ ਸੋਚ ਲਿਆ ਜਾਏਗਾ।"

"ਮਸਲਾ ਇਹ ਹੈ ਕਿ ਮੈਨੂੰ ਕੋਈ ਅਜਿਹਾ ਆਦਮੀ ਮਿਲੇ ਜਿਹੜਾ ਮੇਰੇ ਰੋਜਨਾਮਚੇ ਦੀ ਸਹੀ ਤੇ ਖੁਸ਼ਖ਼ਤ ਨਕਲ ਕਰ ਦਿਆ ਕਰੇ।"

"ਬੱਸ ਏਨੀ ਗੱਲ ਏ!"

"ਗੱਲ ਤਾਂ ਏਨੀ ਈ ਏ। ਹੋ ਸਕਦਾ ਏ ਤੁਹਾਡੇ ਲਈ ਛੋਟੀ ਹੋਏ, ਪਰ ਮੇਰੇ ਲਈ ਬੜੀ ਵੱਡੀ ਏ।"

"ਆਦਮੀ ਤੁਹਾਡੇ ਸਾਹਮਣੇ ਬੈਠਾ ਏ।" ਭੂਪੇ ਨੇ ਸ਼ਾਹ ਅਲੀ ਵੱਲ ਇਸ਼ਾਰਾ

ਕੀਤਾ।

"ਇਹ ਨੌਂਜਵਾਨ ਕਰ ਲਏਗਾ?"

"ਬਿਲਕੁਲ।"

"ਯਾਨੀ ਖ਼ੁਦਾ ਨੇ ਖ਼ੁਦ ਤੁਹਾਡੀ ਮਾਰ੍ਰਫਤ ਇਸਨੂੰ ਮੇਰੇ ਲਈ ਭੇਜ ਦਿੱਤਾ।"

"ਖ਼ੁਦਾ ਬੜਾ ਕਾਰਸਾਜ਼ ਏ।" ਭੂਪਾ ਮੁਸਕਰਾਇਆ, ਮਸਕੀਨ ਤੇ ਨੌਂਜਵਾਲ ਵੀ ਮੁਸਕਰਾਏ।

ਸਫਦਰ ਜੰਗ ਨੂੰ ਭਜਾ ਕੇ ਇਮਾਦੁੱਲ ਮੁਲਕ ਯਾਨੀ ਗਾਜ਼ੀਉੱਦੀਨ ਦਿੱਲੀ ਦਾ ਵਜ਼ੀਰ ਬਣਿਆ ਤਾਂ ਥੋੜ੍ਹੇ ਦਿਨਾਂ ਬਾਅਦ ਹੀ ਉਸ ਤੇ ਬਾਦਸ਼ਾਹ ਵਿਚਕਾਰ ਠਣ ਗਈ। ਗਾਜ਼ੀਉੱਦੀਨ ਨੇ ਅਹਿਮਦ ਸ਼ਾਹ ਦੀਆਂ ਅੱਖਾਂ ਕਢਵਾ ਦਿੱਤੀਆਂ ਤੇ ਸ਼ਹਿਜਾਦਾ ਇਜੀਬੂਦੀਨ ਜਹਾਂਦਾਰ ਸ਼ਾਹ ਨੂੰ ਆਲਮਗੀਰ ਦੂਜੇ ਤੇ ਤੌਰ 'ਤੇ ਦਿੱਲੀ ਦੇ ਤਖ਼ਤ ਉਪਰ ਬਿਠਾਅ ਦਿੱਤਾ—ਪਰ ਇਸ ਆਲਮਗੀਰ ਦੂਜੇ ਦੀ ਹਕੂਮਤ ਦਿੱਲੀ ਤੇ ਉਸਦੇ ਆਸਪਾਸ ਦੇ ਇਲਾਕਿਆਂ ਵਿਚ ਸੀਮਤ ਸੀ। ਬੰਗਾਲ ਵਿਚ ਅਲੀਵਰਦੀ ਖਾਂ ਦਾ ਸੁਤੰਤਰ ਰਾਜ ਸੀ। ਹੁਣ ਅਵਧ ਵਿਚ ਸਫਦਰ ਜੰਗ, ਦੱਖਣ ਵਿਚ ਨਿਜਾਮੁੱਲ ਮੁਲਕ ਤੇ ਗੁਜਰਾਤ ਤੇ ਮਾਲਵਾ ਵਿਚ ਮਰਹੱਟੇ ਕਾਬਜ ਸਨ। ਮਰਹੱਟੇ ਸਰਦਾਰ ਹਰ ਜਗ੍ਹਾ ਚੌਥ ਤੇ ਸਰਦੇਸ਼–ਮੁੱਖ ਵਸੂਲਦੇ ਸਨ। ਪੰਜਾਬ ਤੇ ਮੁਲਤਾਨ ਨੂੰ ਅਬਦਾਲੀ ਨੇ ਮਕਕੂਲ ਬੂਟੀ ਦੀ ਜਿੱਤ ਤੋਂ ਬਾਅਦ ਆਪਣੇ ਰਾਜ ਵਿਚ ਮਿਲਾ ਲਿਆ ਸੀ। ਖਜਾਨਾ ਖਾਲੀ ਸੀ। ਗਾਜ਼ੀਉੱਦੀਨ ਪ੍ਰੇਸ਼ਾਨ ਸੀ। ਉਸਨੂੰ ਸਮਝ ਨਹੀਂ ਸੀ ਆ ਰਿਹਾ ਕਿ ਕਰੇ ਤਾਂ ਕੀ ਕਰੇ? ਜਦੋਂ ਕੁਤਬ ਖਾਂ ਰੋਹੀਲਾ ਨੇ ਬਗ਼ਾਵਤ ਕੀਤੀ ਸੀ ਉਦੋਂ ਵੀ ਉਹ ਹੱਥ 'ਤੇ ਹੱਥ ਰੱਖ ਕੇ ਬੈਠਾ ਰਿਹਾ ਸੀ। ਉਸ ਤੋਂ ਕੁਝ ਵੀ ਨਹੀਂ ਸੀ ਹੋ ਸਕਿਆ। ਕੀ ਉਹ ਸਿਰਫ ਨਾਂ

ਦਾ ਵਜ਼ੀਰ ਬਣ ਕੇ ਰਹਿ ਜਾਏਗਾ? ਇਹ ਚਿੰਤਾ ਖਾ ਰਹੀ ਸੀ ਉਸਨੂੰ।

ਇਸੇ ਸਮੇ ਮੁਗਲਾਨੀ ਬੇਗਮ ਦੇ ਸਲਾਹਕਾਰ ਲਾਹੌਰ ਤੋਂ ਭੱਜ ਕੇ ਦਿੱਲੀ ਆਏ। ਉਹਨਾਂ ਵਜ਼ੀਰ ਕੋਲ ਸ਼ਿਕਾਇਤ ਕੀਤੀ, "ਬੇਗਮ ਦੀ ਅਯਾਸ਼ੀ ਨੇ ਮੁਗਲਈ ਵਕਾਰ ਨੂੰ ਮਿੱਟੀ ਵਿਚ ਮਿਲਾ ਦਿੱਤਾ ਏ। ਖੁਸਰਿਆਂ ਨੂੰ ਆਪਣੇ ਸਲਾਹਕਾਰ ਬਣਾਇਆ ਹੋਇਆ ਏ। ਉਹ ਵੱਡੇ ਤੋਂ ਵੱਡੇ ਅਹਿਲਕਾਰ ਨਾਲ ਗੁਸਤਾਖੀ ਨਾਲ ਪੇਸ਼ ਆਉਂਦੇ ਨੇ। ਇਹ ਬੇਇੱਜਤੀ ਬਰਦਾਸ਼ਤ ਦੀ ਹੱਦ ਤੋਂ ਬਾਹਰ ਹੋ ਗਈ ਏ। ਸਭ ਨਾਲੋਂ ਦੁਖਦਾਈ ਗੱਲ ਇਹ ਹੈ ਕਿ ਸਾਡੇ ਸਮਝਾਉਣ ਦੇ ਬਾਵਜੂਦ ਬੇਗਮ ਨੇ ਆਪਣੀ ਬੇਟੀ ਉਮਦਾ ਬੇਗਮ ਦੀ ਮੰਗਣੀ ਅਬਦਾਲੀ ਦੇ ਬੇਟੇ ਤੈਮੂਰ ਨਾਲ ਕਰ ਦਿੱਤੀ ਏ।"

"ਉਮਦਾ ਬੇਗਮ ਦੀ ਮੰਗਣੀ ਤੈਮੂਰ ਨਾਲ? ਉਹ ਕਿਉਂ? ਮੇਰੇ ਮਾਮੂ ਮੁਈਨੁਲ ਮੁਲਕ ਨੇ ਆਪਣੇ ਜਿਉਂਦੇ ਜੀਅ ਹੀ ਉਮਦਾ ਬੇਗਮ ਦੀ ਮੰਗਣੀ ਮੇਰੇ ਨਾਲ ਕਰ ਦਿੱਤੀ ਸੀ।" ਗਾਜ਼ੀਉੱਦੀਨ ਦੀ ਆਵਾਜ਼ ਵਿਚ ਹਿਰਖ ਸੀ। ਉਸ ਦੀਆਂ ਤਿਊੜੀਆਂ ਚੜ੍ਹ ਗਈਆਂ ਸਨ।

"ਅਸੀਂ ਬੇਗਮ ਨੂੰ ਚੇਤੇ ਕਰਵਾਇਆ ਸੀ, ਪਰ ਉਸਨੇ ਸਾਡੀ ਇਕ ਨਹੀਂ ਸੁਣੀ।"

"ਉਹ ਸ਼ੈਤਾਨ ਦੀ ਖ਼ਾਲਾ (ਮਾਸੀ) ਇੰਜ ਨਹੀਂ ਮੰਨਣ ਵਾਲੀ। ਲੱਤਾ ਦੇ ਭੂਤ, ਗੱਲਾਂ ਨਹੀਂ ਸਮਝਦੇ ਹੁੰਦੇ। ਉਸਦੀ ਅਕਲ ਠਿਕਾਣੇ ਮੈਂ ਲਿਆਵਾਂਗਾ।" ਉਸਨੇ ਹਿੱਕ ਉਤੇ ਹੱਥ ਮਾਰ ਕੇ ਕਿਹਾ। ਲਾਹੌਰ ਤੋਂ ਆਏ ਅਹਿਲਕਾਰ ਸੰਤੁਸ਼ਟ ਹੋ ਗਏ।

ਗਾਜ਼ੀਉੱਦੀਨ ਦੀ ਸ਼ਾਦੀ ਗੁੰਨਾ ਬੇਗਮ ਨਾਲ ਹੋ ਚੁੱਕੀ ਸੀ। ਗੁੰਨਾ ਬੇਗਮ ਅਲੀ ਕੁਲੀ ਖਾਂ ਦੀ ਬੇਟੀ ਸੀ। ਉਹ ਆਲਮਗੀਰ ਦੂਜੇ ਦੇ ਦਰਬਾਰ ਵਿਚ ਸੱਤ ਹਜ਼ਾਰੀ ਅਫਸਰ ਸੀ। ਗੁੰਨਾ ਬੇਗਮ ਆਪਣੇ ਸਮੇਂ ਦੀ ਹੁਸੀਨ ਮੁਟਿਆਰ ਸੀ। ਗੁਲਾਬ ਦੀਆਂ ਪੰਖੜੀਆਂ ਵਰਗੇ ਪਤਲੇ ਪਤਲੇ ਕੋਮਲ ਬੁੱਲ੍ਹ, ਅੱਖਾਂ ਮੋਟੀਆਂ ਤੇ ਭਵਾਂ ਕਮਾਨ ਵਾਂਗ ਤਣੀਆਂ ਹੋਈਆਂ ਜਿਸਮ। ਅਵਧ ਦਾ ਨਵਾਬ

ਸ਼ੁਜਾਉੱਲਦੌਲਾ, ਭਰਤ ਪੁਰ ਦਾ ਰਾਜਾ ਜਵਾਹਰ ਸਿੰਘ ਤੇ ਦਿੱਲੀ ਦਾ ਪ੍ਰਧਾਨ ਮੰਤਰੀ ਗਾਜ਼ੀਉੱਦੀਨ ਉਸ ਉੱਤੇ ਜਾਨ ਛਿੜਕਦੇ ਸਨ। ਉਹ ਤਿੰਨੇ ਉਸਨੂੰ ਆਪਣੀ ਪਟਰਾਨੀ ਬਨਾਉਣ ਦੇ ਇੱਛਕ ਸਨ। ਸਫਲਤਾ ਗਾਜ਼ੀਉੱਦੀਨ ਨੂੰ ਮਿਲੀ। ਉਮਦਾ ਬੇਗਮ ਵੀ ਆਪਣੀ ਜਗ੍ਹਾ ਇਕ ਚੀਜ਼ ਸੀ। ਮੋਤੀਆਂ ਵਿਚ ਇਕ ਅਨਮੋਲ ਮੋਤੀ। ਪਰ ਗਾਜ਼ੀਉੱਦੀਨ ਗੁੰਨਾ ਬੇਗਮ ਨੂੰ ਹਾਸਲ ਕਰਕੇ ਉਸ ਪਾਸਿਓਂ ਲਾਪ੍ਰਵਾਹ ਹੋ ਗਿਆ ਸੀ। ਸੋਚ ਲਿਆ ਕਿ ਦੂਜੀ ਸ਼ਾਦੀ ਜਦੋਂ ਹੋਏਗੀ, ਹੋ ਜਾਏਗੀ। ਪਰ ਜਦੋਂ ਸੁਣਿਆਂ ਕਿ ਉਮਦਾ ਬੇਗਮ ਦੀ ਮੰਗਣੀ ਤੈਮੂਰ ਨਾਲ ਹੋ ਗਈ ਹੈ ਤਾਂ ਉਸਦੇ ਸਵੈਮਾਨ ਨੂੰ ਠੇਸ ਲੱਗੀ। ਪੰਜਾਬ ਪਹਿਲਾਂ ਹੀ ਹੱਥੋਂ ਨਿਕਲ ਚੁੱਕਿਆ ਸੀ। ਉਸਦਾ ਦੁੱਖ ਕੋਈ ਘੱਟ ਨਹੀਂ ਸੀ ਤੇ ਹੁਣ ਮੰਗੇਤਰ ਵੀ ਹੱਥੋਂ ਜਾ ਰਹੀ ਸੀ। ਹੁਣ ਮੌਕਾ ਸੀ ਆਪਣੀ ਮੰਗ ਨੂੰ ਲੈ ਆਏ ਤੇ ਪੰਜਾਬ ਨੂੰ ਵੀ ਦਿੱਲੀ ਦੇ ਅਧੀਨ ਕਰਕੇ ਤੂਰਾਨੀ ਪਾਰਟੀ ਦਾ ਦਬਦਬਾ ਬਹਾਲ ਕਰੇ। ਦਿੱਲੀ ਦੇ ਅਹਿਲ ਕਾਰ ਨਾਲ ਸਨ ਤੇ ਉਸਨੂੰ ਅਦੀਨਾ ਬੇਗ ਦੀ ਮਦਦ ਉੱਤੇ ਵੀ ਭਰੋਸਾ ਸੀ।

ਉਸਨੇ ਲਾਹੌਰ ਉੱਤੇ ਚੜ੍ਹਾਈ ਕਰਨ ਦਾ ਰੌਲਾ ਨਹੀਂ ਪਾਇਆ, ਬਲਕਿ ਬਹਾਨਾ ਬਣਾਇਆ ਕਿ ਮੈਂ ਹਾਂਸੀ ਤੇ ਹਿਸਾਰ ਦੇ ਜੰਗਲਾਂ ਵਿਚ ਸ਼ਿਕਾਰ ਖੇਡਨ ਜਾ ਰਿਹਾ ਹਾਂ। ਉਹ ਸ਼ਹਿਜਾਦਾ ਅਲੀ ਗੌਹਰ ਨੂੰ ਨਾਲ ਲੈ ਕੇ 15 ਜਨਵਰੀ 1756 ਨੂੰ ਦਿੱਲੀ ਤੋਂ ਰਵਾਨਾ ਹੋਇਆ। ਉਸਦੇ ਨਾਲ ਦਸ ਹਜ਼ਾਰ ਫੌਜੀ ਸਨ। 7 ਫਰਬਰੀ ਨੂੰ ਸਰਹਿੰਦ ਪਹੁੰਚਿਆ। ਉੱਥੇ ਅਦੀਨਾ ਬੇਗ ਦਾ ਏਲਚੀ ਉਸਦਾ ਇੰਤਜ਼ਾਰ ਕਰ ਰਿਹਾ ਸੀ। ਅਦੀਨਾ ਬੇਗ ਨਹੀਂ ਚਾਹੁੰਦਾ ਸੀ ਕਿ ਦਿੱਲੀ ਦੀ ਫੌਜ ਉਸਦੇ ਇਲਾਕੇ ਵਿਚ ਦਾਖਲ ਹੋਏ। ਇਸ ਲਈ ਗਾਜ਼ੀਉੱਦੀਨ ਨੂੰ ਉਸ ਨੇ ਇਹ ਸੁਨੇਹਾ ਭੇਜਿਆ ਸੀ, “ਤੁਸੀਂ ਬਰਾਏ ਮਿਹਰਬਾਨੀ ਸਰਹਿੰਦ ਵਿਚ ਹੀ ਰੁਕਣਾ। ਦੋ ਜਾਂ ਤਿੰਨ ਹਜ਼ਾਰ ਦੀ ਫੌਜ ਨਾਲ ਆਪਣਾ ਇਕ ਖਵਾਜਾ ਸਰਾ ਮੇਰੇ ਕੋਲ ਭੇਜ ਦੇਣਾ। ਮੈਂ ਉਸ ਨਾਲ ਆਪਣੀ ਫੌਜ ਰਲਾ ਕੇ ਇਕ ਅਜਿਹੀ ਚਾਲ ਚੱਲਾਂਗਾ ਕਿ ਲਾਹੌਰ ਆਸਾਨੀ ਨਾਲ ਤੁਹਾਡੇ ਕਬਜੇ ਵਿਚ ਆ ਜਾਏਗਾ, ਵਰਨਾ ਲਾਹੌਰ ਵਿਚ ਵੀ

ਫ਼ੌਜ ਹੈ। ਤੁਸੀਂ ਉੱਥੇ ਜਾਓਗੇ ਤਾਂ ਬੇਕਾਰ ਵਿਚ ਖ਼ੂਨ ਖਰਾਬਾ ਹੋਏਗਾ ਤੇ ਬਗ਼ਾਵਤ ਵੀ ਹੋ ਸਕਦੀ ਏ।"

ਗਾਜ਼ੀਉੱਦੀਨ ਬੇਗ ਨੇ ਅਦੀਨਾ ਬੇਗ ਦਾ ਇਹ ਸੁਝਾਅ ਮੰਨ ਲਿਆ। ਉਸਨੇ ਤਿੰਨ ਚਾਰ ਹਜ਼ਾਰ ਫ਼ੌਜੀਆਂ ਸਮੇਤ ਖਵਾਜ਼ਾ ਸਰਾ ਨਸੀਮ ਖਾਂ ਨੂੰ ਜਲੰਧਰ ਭੇਜ ਦਿੱਤਾ ਤੇ ਆਪ ਸਤਲੁਜ ਦੇ ਕਿਨਾਰੇ ਮਾਛੀਵਾੜੇ ਵਿਚ ਡੇਰੇ ਲਾ ਲਏ। ਅਦੀਨਾ ਬੇਗ ਨੇ ਆਪਣੀ ਦਸ ਹਜ਼ਾਰ ਫ਼ੌਜ ਦੇ ਕੇ ਸਾਦਿਕ ਬੇਗ ਨੂੰ ਖਵਾਜ਼ਾ ਸਰਾ ਨਸੀਮ ਖਾਂ ਨਾਲ ਲਾਹੌਰ ਵੱਲ ਰਵਾਨਾ ਕਰ ਦਿੱਤਾ। ਕੁਝ ਦਿਨਾਂ ਬਾਅਦ ਜਦੋਂ ਉਹ ਲਾਹੌਰ ਪਹੁੰਚੇ ਤਾਂ ਉਹਨਾਂ ਨੂੰ ਸ਼ਾਹ ਗੰਜ ਵਿਚ ਠਹਿਰਾਇਆ ਗਿਆ। ਅਗਲੇ ਦਿਨ ਉਹ ਬਾਜੇ-ਗਾਜੇ ਤੇ ਬੜੀ ਧੂਮਧਾਮ ਨਾਲ ਬੇਗਮ ਦੀ ਖ਼ਿਦਮਤ ਵਿਚ ਹਾਜ਼ਰ ਹੋਏ ਤੇ ਸ਼ਾਹੀ ਢੰਗ ਨਾਲ ਸਲਾਮ ਕਰਕੇ ਵਜ਼ੀਰ ਗਾਜ਼ੀਉੱਦੀਨ ਦਾ ਖ਼ਤ ਉਸਨੂੰ ਦਿੱਤਾ। ਖ਼ਤ ਵਿਚ ਬੇਗਮ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਆਪਣੀ ਬੇਟੀ ਉਮਦਾ ਬੇਗਮ ਨੂੰ ਉਸ ਕੋਲ ਭੇਜ ਦਏ। ਬੇਗਮ ਨੇ ਕਿਸੇ ਤਰ੍ਹਾਂ ਦੀ ਹੀਲ ਹੁੱਜਤ ਨਹੀਂ ਕੀਤੀ। ਉਸਨੇ ਖੁਸ਼ੀ ਖੁਸ਼ੀ ਬੇਟੀ ਨੂੰ ਦੁਲਹਨ ਬਣਾ ਕੇ ਹੀਰੇ-ਜਵਾਹਰ ਦਹੇਜ਼ ਵਿਚ ਦੇ ਕੇ, ਗੋਲੀਆਂ ਦਾਸੀਆਂ, ਖਵਾਜ਼ਾ ਸਰਾਵਾਂ ਤੇ 3000 ਫ਼ੌਜ ਨਾਲ ਰਵਾਨਾ ਕਰ ਦਿੱਤਾ। ਦੁਲਹਨ 4 ਮਾਰਚ 1756 ਨੂੰ ਵਜ਼ੀਰ ਕੋਲ ਮਾਛੀਵਾੜੇ ਪਹੁੰਚ ਗਈ।

ਹੁਣ ਵਜ਼ੀਰ ਦਾ ਦੂਜਾ ਕਰਮ ਇਹ ਸੀ ਕਿ ਲਾਹੌਰ ਉੱਤੇ ਕਬਜਾ ਕੀਤਾ ਜਾਏ। ਇਸ ਮਕਸਦ ਖਾਤਰ ਉਸਨੇ ਸੱਯਦ ਜ਼ਮੀਲੂਦੀਨ ਖਾਂ, ਨਿਸਾਰ ਮੁਹੰਮਦ ਖਾਂ ਸ਼ੇਰ ਜੰਗ, ਹਕੀਮ ਇਬਰਾਹੀਮ ਖਾਂ ਤੇ ਖਵਾਜ਼ਾ ਸਾਦਤ ਯਾਰ ਖਾਂ ਨੂੰ ਅਦੀਨਾ ਬੇਗ ਕੋਲ ਭੇਜਿਆ ਤਾਂ ਕਿ ਮੁਗਲਾਨੀ ਬੇਗਮ ਨੂੰ ਵੀ ਉਸਦੇ ਕੈਂਪ ਵਿਚ ਮਾਛੀਵਾੜੇ ਲਿਆਂਦਾ ਜਾਏ।

ਇਹ ਅਫਸਰ ਅਦੀਨਾ ਬੇਗ ਦੀ ਫ਼ੌਜ ਨਾਲ ਲੈ ਕੇ, ਬਿਨਾਂ ਕਿਤੇ ਰੁਕਿਆਂ, ਡੇਢ ਸੌ ਮੀਲ ਦਾ ਪੰਧ ਕਰਕੇ, ਦਿਨ ਰਾਤ ਤੁਰਦੇ ਹੋਏ, ਸਵੇਰੇ ਸਵਖਤੇ ਹੀ ਲਾਹੌਰ ਜਾ

ਪਹੁੰਚੇ। ਮੁਗਲਾਨੀ ਬੇਗਮ ਸਾਰੀ ਰਾਤ ਅਯਾਸ਼ੀ ਕਰਦੀ ਰਹੀ ਸੀ ਤੇ ਹੁਣ ਉਹ ਘੂਕ ਸੁੱਤੀ ਹੋਈ ਸੀ। ਉਸ ਖਾਤਰ ਜਿਹੜਾ ਜਾਲ ਵਿਛਾਇਆ ਗਿਆ ਸੀ, ਉਹ ਉਸਦੇ ਸੁਪਨੇ ਵਿਚ ਵੀ ਨਹੀਂ ਸੀ। ਖਵਾਜ਼ਾ ਸਰਾਵਾਂ ਨੂੰ ਭੇਜ ਕੇ ਉਸਨੂੰ ਜਗਾਇਆ ਗਿਆ ਤੇ ਫੇਰ ਵਜ਼ੀਰ ਦੇ ਆਦਮੀ ਉਸਨੂੰ ਪਾਲਕੀ ਵਿਚ ਸੁੱਟ ਕੇ, ਸ਼ਹਿਰੋਂ ਬਾਹਰ, ਆਪਣੇ ਕੈਂਪ ਵਿਚ ਲੈ ਆਏ। ਉਸਦੀ ਸਾਰੀ ਸੰਪਤੀ ਤੇ ਖਜਾਨਾ ਜਬਤ ਕਰ ਲਿਆ ਗਿਆ। 28 ਮਾਰਚ ਨੂੰ ਉਸਨੂੰ ਮਾਛੀਵਾੜੇ ਵਾਲੇ ਕੈਂਪ ਵਿਚ ਪਹੁੰਚਾ ਦਿੱਤਾ ਗਿਆ। ਵਜ਼ੀਰ ਗਾਜ਼ੀਉੱਦੀਨ ਉਸਦੇ ਸਵਾਗਤ ਲਈ ਆਇਆ। ਉਹ ਗੁੱਸੇ ਨਾਲ ਭਰੀ ਹੋਈ ਸੀ, ਉਚੀ ਉਚੀ ਚੀਕਣ ਕੂਕਣ ਤੇ ਗਾਲ੍ਹਾਂ ਕੱਢਣ ਲੱਗ ਪਈ, “ਕੁੱਤਿਆ, ਬੇਈਮਾਨਾਂ...ਮੇਰੇ ਨਾਲ ਇਹ ਸਲੂਕ ਕਰਦਿਆਂ ਤੇਨੂੰ ਸ਼ਰਮ ਨਾ ਆਈ? ਤੂੰ ਆਪਣੀ ਤਬਾਹੀ ਨੂੰ ਦਾਅਵਤ ਦਿੱਤੀ ਏ। ਆਪਣੀ ਤਬਾਹੀ, ਦਿੱਲੀ ਦੀ ਤਬਾਹੀ, ਮੁਗਲ ਸਲਤਨਤ ਦੀ ਤਬਾਹੀ। ਅਹਿਮਦ ਸ਼ਾਹ ਅਬਦਾਲੀ ਤੁਹਾਨੂੰ ਸਾਰਿਆਂ ਨੂੰ ਇਸ ਸਾਜਿਸ਼ ਤੇ ਮੇਰੇ ਨਾਲ ਕੀਤੀ ਬਦਸਲੂਕੀ ਦਾ ਮਜ਼ਾ ਚਖਾਏਗਾ।"

“ਮਾਮੀ ਜਾਨ!” ਵਜ਼ੀਰ ਨੇ ਮੁਸਕਰਾਉਂਦਿਆਂ ਹੋਇਆਂ ਕੁਸੈਲ ਜਿਹੀ ਨਾਲ ਕਿਹਾ, “ਤੁਸੀਂ ਵੀ ਕੋਈ ਘੱਟ ਸ਼ਰਮਨਾਕ ਹਰਕਤ ਨਹੀਂ ਕੀਤੀ। ਆਪਣਿਆਂ ਨਾਲੋਂ ਨਾਤਾ ਤੋੜ ਕੇ ਅਫਗਾਨਾਂ ਨਾਲ ਨਾਤਾ ਜਾ ਜੋੜਿਆ। ਇਕ ਔਰਤ ਹੋ ਕੇ ਬੇਹਜਾਈ ਦੀ ਰਾਹ ਅਪਣਾਈ। ਖ਼ੁਦਾ ਤਕ ਦਾ ਖ਼ੌਫ ਦਿਲ ਵਿਚੋਂ ਕੱਢ ਸੁੱਟਿਆ। ਹੁਣ ਮੇਰੇ ਨਾਲ ਦਿੱਲੀ ਚੱਲੋ। ਮੈਂ ਤੁਹਾਨੂੰ ਇਕ ਇੱਜ਼ਤਦਾਰ ਖਾਨਦਾਨ ਦੀ ਸ਼ਰੀਫ ਔਰਤ ਬਣ ਕੇ ਰਹਿਣਾ ਸਿਖਾਵਾਂਗਾ।”

ਦਿੱਲੀ ਸਰਕਾਰ ਦਾ ਢਾਂਚਾ ਹਿੱਲ ਚੁੱਕਿਆ ਸੀ। ਉਸ ਵਿਚ ਜਗ੍ਹਾ ਜਗ੍ਹਾ ਤਰੇੜਾਂ ਪੈ ਚੁੱਕੀਆਂ ਸਨ। ਇਸ ਢੈ–ਢੇਰੀ ਹੋਣ ਵਾਲੀ ਇਮਾਰਤ ਨੂੰ ਡਿੱਗਣ ਤੋਂ ਬਚਾਅ ਸਕਣਾ, ਗਾਜ਼ੀਉੱਦੀਨ ਦੇ ਵੱਸ ਦਾ ਰੋਗ ਨਹੀਂ ਸੀ। ਜਿਹਨਾਂ ਕਦੀ ਸਾਥ ਦਿੱਤਾ

ਸੀ, ਹੁਣ ਉਹ ਵੀ ਨਾਲ ਨਹੀਂ ਸਨ। ਬਾਦਸ਼ਾਹ ਵੀ ਉਸ ਉੱਤੇ ਨਾਰਾਜ਼ ਸੀ। ਮੁਗਲਾਨੀ ਬੇਗਮ ਨੂੰ ਉਸਨੇ ਨਜ਼ਰਬੰਦ ਕਰ ਦਿੱਤਾ ਸੀ ਤੇ ਉਸ ਉਪਰ ਸਖਤ ਨਿਗਰਾਨੀ ਰੱਖੀ ਜਾ ਰਹੀ। ਪਰ ਉਹ ਬੜੀ ਚਲਾਕ ਔਰਤ ਸੀ। ਉਸਨੇ ਅਹਿਮਦ ਸ਼ਾਹ ਅਬਦਾਲੀ ਨੂੰ ਖ਼ਤ ਲਿਖਿਆ—'ਮੀਰ ਮੋਮਿਨ ਖਾਂ, ਅਦੀਨਾ ਬੇਗ ਖਾਂ ਤੇ ਸੱਯਦ ਜਮੀਲੂਦੀਨ ਨੇ ਮੇਰੇ ਨਾਲ ਜਬਰਦਸਤ ਧੋਖਾ ਕੀਤਾ ਹੈ। ਮੈਨੂੰ ਕੱਖ ਦਾ ਨਹੀਂ ਛੱਡਿਆ। ਕਰੋੜਾ ਰੁਪਏ ਦਾ ਸਾਮਾਨ ਤੇ ਨਕਦੀ ਮੇਰੇ ਮਰਹੂਮ ਸਹੁਰੇ ਵਜ਼ੀਰ (ਕਰਮੂਦੀਨ) ਦੇ ਮਹਿਲ ਵਿਚ ਨੱਪਿਆ ਹੋਇਆ ਹੈ, ਜਿਸ ਦਾ ਸਿਰਫ ਮੈਨੂੰ ਪਤਾ ਹੈ। ਇਸ ਦੇ ਇਲਾਵਾ ਢੇਰ ਸਾਰਾ ਸੋਨਾ ਤੇ ਚਾਂਦੀ ਲੋਕਾਂ ਨੇ ਘਰਾਂ ਦੀਆਂ ਛੱਤਾਂ ਵਿਚ ਨੱਪੇ ਹੋਏ ਨੇ। ਬਾਦਸ਼ਾਹ ਆਲਮਗੀਰ ਸਾਨੀ ਤੇ ਉਸਦੇ ਵਜ਼ੀਰਾਂ ਦੀ ਜ਼ਰਾ ਨਹੀਂ ਬਣਦੀ। ਉਹਨਾਂ ਵਿਚਕਾਰ ਕੁੱਤੇ ਬਿੱਲੀ ਦਾ ਵੈਰ ਹੈ। ਜੇ ਤੁਸੀਂ ਇਸ ਸਮੇਂ ਹਿੰਦੁਸਤਾਨ ਉਪਰ ਹਮਲਾ ਕਰੋਂ ਤਾਂ ਦਿੱਲੀ ਦੀ ਸਰਕਾਰ ਬਿਨਾਂ ਕੋਈ ਖਤਰਾ ਉਠਇਆਂ ਤੁਹਾਡੇ ਸਾਹਵੇਂ ਗੋਡੇ ਟੇਕ ਦਏਗੀ। ਕਰੋੜਾਂ ਦੀ ਦੌਲਤ ਤੁਹਾਡਾ ਇੰਤਜ਼ਾਰ ਕਰ ਰਹੀ ਹੈ।' ਇਹ ਖ਼ਤ ਉਸਨੇ ਆਪਣੇ ਮਾਮੂ ਖਵਾਜ਼ਾ ਅਬਦੁੱਲ ਖਾਂ ਦੇ ਹੱਥ ਭੇਜਿਆ।

ਅਫਗਾਨਾਂ ਦਾ ਇਕ ਕਬੀਲਾ ਰੋਹੀਲੇ ਕਹਾਉਂਦਾ ਸੀ। ਪੇਸ਼ਾ ਸੀ ਸਿਪਾਹੀ ਗਿਰੀ। ਇਹ ਲੋਕ ਅਫਗਾਨਸਤਾਨ ਵਿਚੋਂ ਨਿਕਲ ਕੇ ਹਿੰਦੁਸਤਾਨ ਵਿਚ ਆ ਵੱਸੇ। ਇੱਥੋਂ ਦੇ ਹਾਕਮਾਂ ਦੀ ਫੌਜ ਵਿਚ ਮਦਦ ਕਰਕੇ ਉਹਨਾਂ ਕਾਫੀ ਮਹੱਤਵ ਪ੍ਰਾਪਤ ਕਰ ਲਿਆ ਤੇ ਹੁੰਦੇ ਹੁੰਦੇ ਗੰਗਾ ਦੇ ਪੂਰਬੀ ਤਟ ਦੇ ਇਕ ਹਿੱਸੇ ਉੱਤੇ ਆਪਣਾ ਕਬਜਾ ਜਮਾ ਲਿਆ। ਫੇਰ ਅਵਧ ਦੇ ਨਾਲ ਨਾਲ ਪਹਾੜਾਂ ਤਕ ਫੈਲ ਗਏ। ਇਸ ਖੇਤਰ ਦਾ ਨਾਂ ਰੋਹੇਲ ਖੰਡ ਪੈ ਗਿਆ। ਉਹਨਾਂ ਦਾ ਸਰਦਾਰ ਸ਼ਹਾਬੂਦੀਨ ਖਾਂ ਰੋਹੇਲਾ ਸੀ। ਉਸਦੇ ਦੋ ਪੁੱਤਰ ਸਨ ਹੁਸੈਨ ਤੇ ਸਾਹ ਆਲਮ ਖਾਂ। ਇਹ ਲੋਕ ਪੀੜ੍ਹੀ ਦਰ ਪੀੜ੍ਹੀ ਇਸ ਦੇਸ਼ ਵਿਚ ਰਹਿਣ ਪਿੱਛੋਂ ਵੀ ਇਸ ਦੇਸ਼ ਦੇ ਨਹੀਂ ਬਣੇ। ਉਹਨਾਂ ਦੀ ਹਮਦਰਦੀ ਅਫਗਾਨਾਂ ਨਾਲ ਸੀ। ਨਜੀਬ ਖਾਂ ਜਿਹੜਾ

www.punjabilibrary.com

ਕਦੀ ਸਫਦਰ ਜੰਗ ਦੀ ਫੌਜ ਵਿਚ ਜਮਾਂਦਾਰ ਹੁੰਦਾ ਸੀ, ਹੁਣ ਇਸ ਕਬੀਲੇ ਦਾ ਪ੍ਰਮੁੱਖ ਸਰਦਾਰ ਬਣ ਗਿਆ ਸੀ। ਉਸਨੇ ਵੀ ਹੁਣ ਅਬਦਾਲੀ ਨੂੰ ਲਿਖਿਆ, 'ਮੈਂ ਇਸ ਮੁਲਕ ਵਿਚ ਆਪਣੇ ਗਿਰਦ 25000 ਪਠਾਣ ਜਮ੍ਹਾਂ ਕਰ ਲਏ ਹਨ। ਗੰਗਾਪੁਰ ਦੇ ਪਠਾਨਾਂ ਨੂੰ ਵੀ ਆਪਣੀ ਮਦਦ ਦੇ ਲਈ ਤਿਆਰ ਕਰ ਲਿਆ ਹੈ। ਉਹਨਾਂ ਦੀ ਗਿਣਤੀ 40,000 ਹੈ। ਤੁਸੀਂ ਬੇਧੜਕ ਹੋ ਕੇ ਇੱਥੇ ਆਓ। ਇਮਾਦੁੱਲ ਮੁਲਕ ਦੀ ਇਹ ਤਾਕਤ ਨਹੀਂ ਕਿ ਤੁਹਾਡਾ ਮੁਕਾਬਲਾ ਕਰ ਸਕੇ। ਮੈਂ ਉਸਦਾ ਸਭ ਤੋਂ ਵੱਡਾ ਮਦਦਗਾਰ ਹੁੰਦਾ ਸਾਂ। ਹੁਣ ਜਦੋਂ ਮੈਂ ਹੀ ਤੁਹਾਡਾ ਵਫਾਦਾਰ ਬਣ ਗਿਆ ਹਾਂ, ਉਸਦਾ ਸਾਥ ਦੇਣ ਵਾਲਾ ਰਹਿ ਹੀ ਕੌਣ ਗਿਆ ਹੈ?...'

ਖ਼ੁਦ ਬਾਦਸ਼ਾਹ ਆਲਮਗੀਰ ਨੇ ਅਬਦਾਲੀ ਨੂੰ ਸੱਦਾ ਭੇਜਿਆ। ਉਹ ਵੀ ਆਪਣੇ ਆਪ ਨੂੰ ਇਮਾਦੁੱਲ ਮੁਲਕ ਦੇ ਪੰਜੇ ਵਿਚੋਂ ਮੁਕਤ ਕਰਨਾ ਚਾਹੁੰਦਾ ਸੀ।

ਬਿੱਲੀ ਦੇ ਭਾਗੀਂ ਛਿੱਕਾ ਟੁੱਟਿਆ। ਅਬਦਾਲੀ ਤਾਂ ਇਸ ਗੱਲ ਦੇ ਇੰਤਜ਼ਾਰ ਵਿਚ ਹੀ ਸੀ। ਮੱਧ ਏਸ਼ੀਆ ਦਾ ਸਭ ਤੋਂ ਮਜ਼ਬੂਤ ਕਿਲੇ ਵਰਗਾ ਹਿੱਸਾ, ਉਸ ਕੋਲ ਸੀ। ਉਸਦੀ ਸੈਨਾ ਮੱਧ ਏਸ਼ੀਆ ਦੀ ਤਕੜੀ ਸੈਨਾ ਕਹੀ ਜਾਂਦੀ ਸੀ। ਉਹ ਖ਼ੁਦ ਮੱਧ ਏਸ਼ੀਆ ਦਾ ਸਭ ਤੋਂ ਵੱਡਾ ਜਰਨੈਲ ਸੀ। ਕਮੀ ਸੀ ਤਾਂ ਪੈਸੇ ਦੀ ਤੇ ਪੈਸਾ ਖ਼ੁਦ ਉਸਨੂੰ ਬੁਲਾਅ ਰਿਹਾ ਸੀ।

ਅਹਿਮਦ ਸ਼ਾਹ ਅਬਦਾਲੀ ਨਵੰਬਰ 1756 ਵਿਚ ਪੇਸ਼ਾਵਰ ਪਹੁੰਚ ਗਿਆ ਤੇ ਫੇਰ 20 ਦਸੰਬਰ ਨੂੰ ਸਿੰਧ ਨਦੀ ਪਾਰ ਕਰਕੇ ਬਿਨਾਂ ਕਿਸੇ ਰੋਕ ਟੋਕ ਦੇ ਲਾਹੌਰ ਵਿਚ ਦਾਖਲ ਹੋਇਆ। ਉੱਥੇ ਉਹ ਦੋ ਹਫਤੇ ਰੁਕਿਆ, ਸਥਾਨਕ ਅਮੀਰਾਂ ਤੇ ਅਹਿਲਕਾਰਾਂ ਤੋਂ ਖਰਾਜ ਵਸੂਲ ਕੀਤਾ ਤੇ ਫੇਰ ਲੰਮੇਂ ਪੈਰੀਂ ਦਿੱਲੀ ਵੱਲ ਤੁਰ ਪਿਆ। ਰਸਤੇ ਵਿਚ ਕਿਸੇ ਕਿਸਮ ਦਾ ਵਿਰੋਧ ਨਹੀਂ ਹੋਇਆ। ਚਿੜੀਆਂ ਨੇ ਚੂੰ ਤਕ ਨਹੀਂ ਕੀਤੀ। ਹਰੇਕ ਜਗ੍ਹਾ ਮੁਰਦਘਾਟ ਵਰਗੀ ਚੁੱਪ ਵਾਪਰੀ ਹੋਈ ਸੀ। ਪ੍ਰਧਾਨ ਮੰਤਰੀ ਇਮਾਦੁੱਲ ਮੁਲਕ ਭਾਵ ਗਾਜ਼ੀਉੱਦੀਨ ਸਰਵੇ–ਸਰਵਾ ਨਿਰੰਕੁਸ਼

ਹਾਕਮ ਸੀ। ਜਦੋਂ ਉਸਨੇ ਕੋਈ ਕਦਮ ਨਾ ਚੁੱਕਿਆ; ਹਮਲਾਵਰ ਦਾ ਮੁਕਾਬਲਾ ਕਰਨ ਲਈ ਸਰਹਿੰਦ ਜਾਣ ਤੋਂ ਇਨਕਾਰ ਕਰ ਦਿੱਤਾ ਤਾਂ ਹੋਰ ਕੌਣ ਵਿਰੋਧ ਕਰਦਾ? ਫੌਜ ਦਾ ਸਹਾਰਾ ਲੈਣ ਦੇ ਬਜਾਏ ਪ੍ਰਧਾਨ ਮੰਤਰੀ ਨੇ ਸਿਰਫ ਏਨਾ ਕੀਤਾ ਕਿ ਦਰਵੇਸ਼ਾਂ ਨੂੰ ਬੁਲਾਅ ਕੇ ਪੁੱਛਿਆ—"ਕੀ ਤੁਹਾਡੀਆਂ ਦੁਆਵਾਂ ਵਿਚ ਏਨਾ ਅਸਰ ਹੈ ਕਿ ਦੁਸ਼ਮਣ ਉਪਰ ਬਿਨਾਂ ਲੜੇ ਕਾਬੂ ਕੀਤਾ ਜਾ ਸਕੇ?"

ਇਧਰ ਦੁਆਵਾਂ ਮੰਗੀਆਂ–ਦਿੱਤੀਆਂ ਜਾ ਰਹੀਆਂ ਸਨ, ਉਧਰ ਅਬਦਾਲੀ ਵਧਦਾ ਆ ਰਿਹਾ ਸੀ। ਨਜੀਬ ਖਾਂ ਰੋਹੇਲਾ ਦਿੱਲੀ ਤੋਂ ਵੀਹ ਕੋਹ ਦੇ ਫਾਸਲੇ ਉਪਰ ਨਰੇਲਾ ਵਿਚ ਅਬਦਾਲੀ ਨਾਲ ਆ ਰਲਿਆ। ਉਸ ਨੇ **28** ਜਨਵਰੀ **1757** ਨੂੰ ਦਿੱਲੀ ਵਿਚ ਪ੍ਰਵੇਸ਼ ਕੀਤਾ। ਉੱਥੇ ਪਹਿਲਾਂ ਹੀ ਉਸ ਖਾਤਰ ਦਸਤਰਖਾਨ ਵਿਛਿਆ ਹੋਇਆ ਸੀ।

ਭੁੱਖੇ ਬਘਿਆੜ ਜਿਵੇਂ ਭੇਡ ਬੱਕਰੀਆਂ ਦੇ ਇੱਜੜ ਉਪਰ ਝਪਦੇ ਹਨ, ਅਫਗਾਨ ਸਿਪਾਹੀ ਨਿਆਸਰੇ ਦਿੱਲੀ ਵਾਸੀਆਂ ਉਪਰ ਝਪਟੇ। ਹਿੰਦੂ ਮੁਸਲਮਾਨ ਦਾ ਭੇਦ ਵੀ ਨਹੀਂ ਸੀ ਰੱਖਿਆ। ਅੰਨ੍ਹੀ ਲੁੱਟ ਮੱਚੀ। ਧਨ ਦੌਲਤ ਦਾ ਤਾਂ ਜ਼ਿਕਰ ਹੀ ਕੀ ਇੱਜਤ ਤੇ ਇਸਮਤ ਵੀ ਖ਼ੂਬ ਲੁੱਟੀ ਗਈ। ਅਫਗਾਨ ਸਿਪਾਹੀ ਲੋਕਾਂ ਦੀਆਂ ਨੂੰਹਾਂ ਧੀਆਂ ਨੂੰ ਘਸੀਟ ਘਸੀਟ ਕੇ ਘਰਾਂ ਵਿਚੋਂ ਕੱਢ ਰਹੇ ਸਨ। ਜ਼ੁਲਮ ਤੇ ਜਬਰ ਦੀ ਹੱਦ ਹੀ ਨਹੀਂ ਸੀ ਰਹੀ। ਫਰਿਆਦ ਕੌਣ ਕਰੇ ਤੇ ਕਿਸ ਕੋਲ ਕਰੇ? ਹਾਕਮ ਬੋਲੇ ਹੋਏ ਹੋਏ ਸਨ ਤੇ ਖ਼ੁਦਾ ਵੀ ਬੋਲਾ ਹੋ ਗਿਆ ਜਾਪਦਾ ਸੀ।

ਖ਼ੁਦ ਅਹਿਮਦ ਸ਼ਾਹ ਅਬਦਾਲੀ ਸਲਤਨਤ ਦੇ ਵੱਡੇ ਵੱਡੇ ਅਮੀਰਾਂ ਤੇ ਅਹਿਲਕਾਰਾਂ ਨੂੰ ਬੇਦਰਦੀ ਨਾਲ ਲੁੱਟ ਰਿਹਾ ਸੀ। ਉਹਨਾਂ ਦੇ ਘਰਾਂ ਦੇ ਫਰਸ਼ ਉਖਾੜੇ ਜਾ ਰਹੇ ਸਨ, ਛੱਤਾਂ ਪੁੱਟੀਆਂ ਜਾ ਰਹੀਆਂ ਸਨ। ਔਰਤਾਂ ਦੇ ਤਨ ਦਾ ਇਕ ਇਕ ਜੇਵਰ ਲਾਹ ਲਿਆ ਗਿਆ ਸੀ। ਮੁਗਲਾਨੀ ਬੇਗਮ ਉਸਦੀ ਸਲਾਹਕਾਰ ਬਣੀ ਹੋਈ ਸੀ ਤੇ ਅੱਗੇ ਅੱਗੇ ਤੁਰੀ ਫਿਰਦੀ ਸੀ। ਪੂਰੇ ਵਿਸ਼ਵਾਸ

ਨਾਲ ਦੱਸ ਰਹੀ ਸੀ ਕਿ ਕਿੰਨਾਂ ਧਨ ਕਿੱਥੇ ਪਿਆ ਹੈ ਤੇ ਕਿਸ ਹਰਮ ਵਿਚ ਕਿੰਨੀਆਂ ਹੁਸੀਨਾਂ ਹਨ। ਇਮਾਦੁੱਲ ਮੁਲਕ ਦੀ ਸਾਰੀ ਸੰਪਤੀ ਖੋਹ ਲਈ ਗਈ। ਅਬਦਾਲੀ ਨੇ ਖੁੱਲ੍ਹੇਆਮ ਉਸਨੂੰ ਬੇਇੱਜਤ ਕਰਦਿਆਂ ਕਿਹਾ, "ਏਨਾ ਵੀ ਨਹੀਂ ਸਰਿਆ ਕਿ ਇੱਜਤ ਤੇ ਅਣਖ ਲਈ ਹੀ ਲੜਾਂ—ਚੁੱਪਚਾਪ ਗੋਡੇ ਟੇਕ ਦਿੱਤੇ। ਇਸ ਪਾਜੀ ਦਾ ਮੂੰਹ ਕਾਲਾ ਕਰਕੇ, ਗਧੇ ਉੱਤੇ ਬਿਠਾਅ ਕੇ ਪੂਰੇ ਸ਼ਹਿਰ ਵਿਚ ਘੁਮਾਇਆ ਜਾਏ।" ਉਸਦੇ ਹੁਕਮ ਦੀ ਪਾਲਨਾ ਕੀਤੀ ਗਈ।

ਇੰਤਜਾਮੂਦੌਲਾ ਨੇ ਆਪਣੀ ਇਕ ਇਕ ਚੀਜ਼ ਅਬਦਾਲੀ ਦੇ ਹਵਾਲੇ ਕਰ ਕੇ ਕਿਹਾ, "ਹੁਣ ਮੇਰੇ ਕੋਲ ਇਸ ਅੰਗੂਠੀ ਦੇ ਇਲਾਵਾ ਹੋਰ ਕੁਝ ਵੀ ਨਹੀਂ।"

"ਜੇ ਕੁਝ ਹੋਰ ਨਿਕਲ ਆਇਆ ਫੇਰ?" ਅਬਦਾਲੀ ਨੇ ਅੱਖਾਂ ਦਿਖਾਈਆਂ।

ਇੰਤਜਾਮੂਦੌਲਾ ਕੰਬ ਗਿਆ ਤੇ ਉਸਦਾ ਰੰਗ ਪੀਲਾ ਪੈ ਗਿਆ। ਥਿੜਕਦੀ ਆਵਾਜ਼ ਵਿਚ ਬੋਲਿਆ, "ਮੇਰੇ ਵਾਲਿਦ ਸਾਹਬ ਦੀ ਦੌਲਤ ਕਿੱਥੇ ਹੈ, ਇਸ ਦਾ ਪਤਾ ਮੇਰੀ ਵਾਲਿਦਾ ਸਾਹਿਬਾ ਬੇਗਮ ਸ਼ੋਲਾਪੁਰੀ ਨੂੰ ਏ।"

ਸ਼ੋਲਾਪੁਰੀ ਬੇਗਮ ਨੂੰ ਬੁਲਾਇਆ ਗਿਆ। ਉਸਨੂੰ ਚੂੰ–ਚਰਾਂ ਕੀਤੀ ਤਾਂ ਅਬਦਾਲੀ ਨੇ ਧਮਕੀ ਦਿੱਤੀ ਕਿ ਇਸਦੇ ਨੌਂਹਾਂ ਵਿਚ ਕਿੱਲ ਠੋਕ ਦਿਓ। ਬੁਲਬੁਲ ਵਰਗੀ ਬੇਗਮ ਸੁਣ ਕੇ ਹੀ ਬੇਹੋਸ਼ ਹੋ ਗਈ ਤੇ ਜਦੋਂ ਹੋਸ਼ ਵਿਚ ਆਈ ਤਾਂ ਸਾਰੇ ਭੇਦ ਉਗਲ ਦਿੱਤੇ।

ਇਸ ਪਿੱਛੋਂ ਅਬਦਾਲੀ ਨੇ ਹੁਕਮ ਦਿੱਤਾ ਕਿ ਅਮੀਰ ਹੋਏ ਚਾਹੇ ਗਰੀਬ ਹਰੇਕ ਘਰ ਤੋਂ ਤਾਵਾਨ ਵਸੂਲ ਕੀਤਾ ਜਾਏ। ਕਿਸੇ ਨੂੰ ਵੀ ਛੱਡਿਆ ਨਹੀਂ ਗਿਆ।

ਇਸ ਮਕਸਦ ਅਧੀਨ ਸ਼ਹਿਰ ਨੂੰ ਵਾਰਡਾਂ ਵਿਚ ਵੰਡ ਦਿੱਤਾ ਗਿਆ ਤੇ ਹਰੇਕ ਵਾਰਡ ਵਿਚ ਅਫਗਾਨ ਸਿਪਾਹੀਆਂ ਦੀ ਡਿਊਟੀ ਲਾ ਦਿੱਤੀ ਗਈ। ਔਰਤਾਂ ਤੇ ਮਰਦਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਕੁੱਟਮਾਰ ਤੇ ਕਤਲ ਕਰ ਦੇਣਾ

ਮਾਮੂਲੀ ਗੱਲ ਸੀ। ਬਹੁਤ ਸਾਰੇ ਲੋਕਾਂ ਤੋਂ ਇਹ ਜੁਲਮ ਸਹਾਰੇ ਨਾ ਗਏ। ਉਹਨਾਂ ਨੇ ਜਹਿਰ ਖਾ ਕੇ ਜਾਂ ਖੂਹ ਵਿਚ ਛਾਲ ਮਾਰ ਕੇ ਅਤਮ–ਹੱਤਿਆ ਕਰ ਲਈ। 4 ਫਰਬਰੀ ਤੋਂ 5 ਮਾਰਚ ਤਕ ਪੂਰਾ ਇਕ ਮਹੀਨਾ ਲੁੱਟਮਾਰ, ਬਲਾਤਕਾਰ ਤੇ ਕਤਲੋਗਾਰਤ ਦਾ ਇਹ ਸਿਲਸਿਲਾ ਜ਼ਾਰੀ ਰਿਹਾ। ਦਿੱਲੀ ਨੌਂ ਵਾਰੀ ਵੱਸੀ ਤੇ ਨੌਂ ਵਾਰੀ ਉੱਜੜੀ, ਪਰ ਉਸਦੀ ਜਿਹੜੀ ਹਾਲਤ ਇਸ ਵਾਰੀ ਹੋਈ, ਪਹਿਲਾਂ ਕਦੀ ਨਹੀਂ ਸੀ ਹੋਈ। ਅਬਦਾਲੀ ਨੇ ਮੁਗਲ ਸੱਤਾ ਦੀ ਦਰੜ–ਦਰੜ ਕੇ ਮਿੱਝ ਕੱਢ ਦਿੱਤੀ ਸੀ।

ਮਥਰਾ ਤੇ ਬਿੰਦਰਾਬਨ ਨੂੰ ਵੀ ਇੰਜ ਹੀ ਲੁੱਟਿਆ ਗਿਆ। ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਬੇਟੇ ਤੈਮੂਰ ਦੀ ਸ਼ਾਦੀ ਬਾਦਸ਼ਾਹ ਆਲਮਗੀਰ ਸਾਨੀ ਦੀ ਬੇਟੀ ਜੌਹਰ ਬੇਗਮ ਨਾਲ ਕਰ ਦਿੱਤੀ ਤੇ ਲੁੱਟ ਦਾ ਸਾਰਾ ਮਾਲ ਉਸਨੂੰ ਦੇ ਕੇ ਲਾਹੌਰ ਰਵਾਨਾ ਕਰ ਦਿੱਤਾ ਤਾਂ ਕਿ ਉੱਥੋਂ ਇਹ ਮਾਲ ਅਫਗਾਨਿਸਤਾਨ ਭੇਜ ਦਿੱਤਾ ਜਾਏ। ਫੇਰ ਆਪਣੀ ਸ਼ਾਦੀ ਮਰਹੂਮ (ਸਵਰਗੀ) ਬਾਦਸ਼ਾਹ ਮੁਹੰਮਦ ਸ਼ਾਹ ਦੀ ਬੇਟੀ ਹਜਰਤ ਬੇਗਮ ਨਾਲ ਕਰਵਾਈ। ਹਜਰਤ ਬੇਗਮ ਦੀ ਉਮਰ ਸਿਰਫ 16 ਸਾਲ ਦੀ ਸੀ ਤੇ ਤੈਅ ਸੀ ਕਿ ਉਸਦਾ ਵਿਆਹ ਆਲਮਗੀਰ ਸਾਨੀ ਨਾਲ ਹੋਏਗਾ। ਜਦੋਂ ਨਿਕਾਹ ਪੜ੍ਹਿਆ ਜਾ ਰਿਹਾ ਸੀ, ਉਹ ਰੋ ਰੋ ਕੇ ਬੇਹਾਲ ਹੁੰਦੀ ਜਾ ਰਹੀ ਸੀ ਤੇ ਵਾਰੀ ਵਾਰੀ ਆਲਮਗੀਰ ਸਾਨੀ ਵੱਲ ਦੇਖ ਰਹੀ ਸੀ।

"ਜਹਾਂਪਨਾਹ।" ਆਲਮਗੀਰ ਸਾਨੀ ਨੇ ਕੁਰਲਾ ਕੇ ਕਿਹਾ, "ਸ਼ਰ੍ਹਾ ਦੇ ਮੁਤਾਬਿਕ ਨਿਕਾਹ ਵਿਚ ਦੁਲਹਨ ਦੀ ਰਜ਼ਾਮੰਦੀ ਵੀ ਜ਼ਰੂਰੀ ਹੈ।"

"ਭੋਲੇ ਬਾਦਸ਼ਾਹ।" ਅਬਦਾਲੀ ਨੇ ਮੁਸਕਰਾ ਕੇ ਕਿਹਾ, "ਜਿਹੜਾ ਨਿਕਾਹ ਤਲਵਾਰ ਦੀ ਨੋਕ ਉਪਰ ਕੀਤਾ ਜਾਏ, ਉਸ ਵਿਚ ਕੋਈ ਸ਼ਰ੍ਹਾ ਨਹੀਂ ਹੁੰਦੀ।"

ਅਬਦਾਲੀ ਆਪਣੀ ਇਸ ਦੁਲਹਨ ਦੇ ਨਾਲ ਸ਼ਾਹੀ ਹਰਮ ਦੀਆਂ 17 ਰਖੇਲਾਂ ਤੇ 400 ਦਾਸੀਆਂ ਨੂੰ ਵੀ ਆਪਣੇ ਕੈਂਪ ਵਿਚ ਲੈ ਗਿਆ।

ਇਤਫਾਕ ਨਾਲ ਅਫਗਾਨ ਫੌਜ ਵਿਚ ਹੈਜਾ ਫੈਲ ਗਿਆ। ਲਗਭਗ ਡੇਢ ਸੌ ਸਿਪਾਹੀ ਹਰ ਰੋਜ਼ ਮਰਨ ਲੱਗੇ। ਇਸ ਕਾਰਨ ਉਸਨੂੰ ਦਿੱਲੀ ਛੱਡਨੀ ਪਈ। ਨਜੀਬ ਖਾਂ ਨੂੰ ਨਜੀਬੂਦੌਲਾ ਦਾ ਖਿਤਾਬ ਦੇ ਕੇ ਉਸਨੂੰ ਹਿੰਦੁਸਤਾਨ ਦਾ ਮੀਰ ਬਖਸ਼ੀ ਭਾਵ ਆਪਣਾ ਮੁਖਤਿਆਰ ਬਣਾ ਕੇ ਉਹ 2 ਅਪਰੈਲ 1757 ਨੂੰ ਲੁੱਟ ਦੇ ਮਾਲ ਨਾਲ ਮਾਲਾ-ਮਾਲ ਹੋ ਕੇ ਵਾਪਸ ਪਰਤ ਪਿਆ।

ਸਿੱਖਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦਾ ਵਿਰੋਧ ਨਹੀਂ ਕੀਤਾ ਸੀ। ਅਫਗਾਨਾਂ ਦੇ ਟਿੱਡੀ ਦਲ ਦਾ ਸਿੱਧਾ ਮੁਕਾਬਲਾ ਕਰਨ ਦੀ ਅਜੇ ਉਹਨਾਂ ਦੀ ਸ਼ਕਤੀ ਨਹੀਂ ਸੀ ਬਣੀ, ਪਰ ਅਬਦਾਲੀ ਦੇ ਹਮਲੇ ਨਾਲ ਜਿਹੜੀ ਹਫੜਾ-ਦਫੜੀ ਮੱਚੀ ਉਸਦਾ ਉਹਨਾਂ ਪੂਰਾ ਲਾਭ ਉਠਾਇਆ। ਆਪਣੀ ਰਾਖੀ-ਪ੍ਰਣਾਲੀ ਦਾ ਵਿਸਥਾਰ ਕਰਕੇ ਆਪਣੀ ਸ਼ਕਤੀ ਵਧਾਈ। ਹੁਣ ਸਿੱਖ ਜੱਥੇ ਇੱਥੇ-ਉੱਥੇ ਘਾਤ ਲਾਈ ਬੈਠੇ ਸਨ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਪਰਤਣ ਦੀ ਉਡੀਕ ਕਰ ਰਹੇ ਸਨ। ਜਾਸੂਸੀ ਦਾ ਪ੍ਰਬੰਧ ਏਨਾ ਚੰਗਾ ਸੀ ਕਿ ਉਹਨਾਂ ਦੇ ਸੂਹੀਏ ਦਿੱਲੀ ਦੀ ਰਾਈ-ਰਾਈ ਦੀ ਖਬਰ ਲਿਆ ਰਹੇ ਸਨ। ਸ਼ਹਿਜਾਦਾ ਤੈਮੂਰ ਮਾਰਚ 1757 ਦੇ ਤੀਜੇ ਹਫਤੇ ਦਿੱਲੀ ਤੋਂ ਲਾਹੌਰ ਵੱਲ ਤੁਰਿਆ ਤਾਂ ਸਰਦਾਰ ਆਹਲੂਵਾਲੀਆ ਨੂੰ ਇਸ ਸਿਲਸਿਲੇ ਵਿਚ ਇਕ ਰੁੱਕਾ ਮਿਲਿਆ। ਲਿਖਿਆ ਸੀ-

'ਕੀ ਦੱਸੀਏ ਅਕਲ ਹੈਰਾਨ ਹੈ। ਕੁੱਕੜਾਂ ਦੀਆਂ ਲੜਾਈਆਂ ਤਾਂ ਬਥੇਰੀਆਂ ਦੇਖੀਆਂ ਸਨ ਪਰ ਕੱਲ੍ਹ ਇੱਥੇ ਇਕ ਕੁੱਕੜ ਕੁੱਕੜੀ ਦਾ ਵਿਆਹ ਹੋਇਆ। ਕਫਨ ਚੋਰ ਮਾਲਾ ਮਾਲ ਹੈ, ਸ਼ਰੀਫ ਲੋਕਾਂ ਦਾ ਬੁਰਾ ਹਾਲ ਹੈ। ਵੱਡੇ ਮੀਆਂ ਤੇ ਛੋਟੇ ਮੀਆਂ ਵਿਚਕਾਰ ਬਾਰਾਂ ਆਨੇ ਤੇ ਚਾਰ ਆਨੇ ਦੀ ਪੱਤੀ ਹੋ ਗਈ ਹੈ। ਵੱਡੇ ਮੀਆਂ ਅਜੇ ਰੁਕਣਗੇ, ਪਰ ਛੋਟੇ ਮੀਆਂ ਲਾਹੌਰ ਲਈ ਚੱਲ ਪਏ ਨੇ।' ਮ.ਅ.।

ਰੁੱਕਾ ਸੰਕੇਤ ਭਾਸ਼ਾ ਵਿਚ ਸੀ ਤੇ ਮ.ਅ. ਵੀ ਰੁੱਕਾ ਲਿਖਣ ਵਾਲੇ ਦਾ ਸੰਕੇਤ ਭਾਸ਼ਾ ਵਿਚ ਨਾਂ ਸੀ। ਮੁਲਤਾਨੀ ਬੇਗਮ ਦਿੱਲੀ ਗਈ ਤਾਂ ਤਹਿਮਸ ਖਾਂ ਮਸਕੀਨ ਵੀ ਦਿੱਲੀ ਗਿਆ ਤੇ ਉਸਦੇ ਨਾਲ ਰੋਜਨਾਮਚੇ ਦੀ ਨਕਲ ਕਰਨ ਲਈ ਸ਼ਾਦ ਅਲੀ ਯਾਨੀ ਮੇਹਰ ਅਲੀ ਉਰਫ਼ ਮੇਹਰ ਚੰਦ ਵੀ ਗਿਆ। ਇਹ ਰੁੱਕਾ ਉਸਦਾ ਲਿਖਿਆ ਹੋਇਆ ਸੀ। ਉਸਨੇ ਇਹ ਲਾਲ ਕਿਲੇ ਦੇ ਬਾਹਰ ਇਕ ਦਰਵੇਸ਼ ਨੂੰ ਫੜਾ ਦਿੱਤਾ ਤੇ ਫੇਰ ਹੱਥੋ ਹੱਥ ਝਟਪਟ ਸਰਦਾਰ ਆਹਲੂਵਾਲੀਆ ਕੋਲ ਪਹੁੰਚ ਗਿਆ। ਦਿੱਲੀ ਦੀ ਹਾਲਤ ਬਿਆਨ ਕਰਨ ਦੇ ਨਾਲ ਦੱਸਿਆ ਗਿਆ ਸੀ ਕਿ ਸ਼ਹਿਜਾਦਾ ਤੈਮੂਰ ਲਾਹੌਰ ਵੱਲ ਤੁਰ ਪਿਆ ਹੈ। ਉਸਦੇ ਨਾਲ ਇਕ ਚੌਥਾਈ ਫੌਜ ਹੈ ਤੇ ਤਿੰਨ ਚੌਥਾਈ ਫੌਜ ਅਹਿਮਦ ਸ਼ਾਹ ਅਬਦਾਲੀ ਨਾਲ ਦਿੱਲੀ ਵਿਚ ਰਹੇਗੀ।

ਤੈਮੂਰ ਨੇ ਅਜੇ ਸਰਹਿੰਦ ਪਾਰ ਕੀਤਾ ਹੀ ਸੀ ਕਿ ਸਿੱਖ ਗੁਰੀਲੇ ਉਸ ਉੱਤੇ ਝਪਟ ਪਏ। ਪਹਿਲਾਂ ਆਲਾ ਸਿੰਘ ਨੇ ਦੂਜੇ ਜੱਥਿਆਂ ਦੀ ਮਦਦ ਨਾਲ ਅੰਬਾਲੇ ਤੇ ਪਟਿਆਲੇ ਵਿਚਕਾਰ ਸਨੂਰ ਕੋਲ ਉਹਨਾਂ ਦਾ ਰਸਤਾ ਆ ਰੋਕਿਆ। ਅਚਾਨਕ ਹੋਏ ਹਮਲੇ ਕਾਰਨ ਅਫਗਾਨ ਸੈਨਾ ਘਬਰਾ ਗਈ। ਜਿਹੜਾ ਲੁੱਟ ਦਾ ਮਾਲ ਤੇ ਖਜਾਨਾ ਲਾਹੌਰ ਲਿਜਾਅ ਰਹੇ ਸਨ, ਸਿੱਖਾਂ ਨੇ ਲਗਭਗ ਅੱਧਾ ਖੋਹ ਲਿਆ। ਤੈਮੂਰ ਅਗੇ ਵਧਿਆ ਤਾਂ ਸਿੱਖਾਂ ਦੇ ਦੂਜੇ ਜੱਥੇ ਨੇ ਉਸਨੂੰ ਮਲੇਰਕੋਟਲੇ ਵਿਚ ਫੇਰ ਆ ਘੇਰਿਆ ਤੇ ਅਜਿਹੀ ਮਾਰ ਮਾਰੀ ਕਿ ਉਹਨਾਂ ਦੀ ਬਹਾਦਰੀ ਦੇ ਕਿੱਸੇ ਬਣ ਗਏ। ਲੋਕਾਂ ਦਾ ਸੁਭਾਅ ਹੈ ਕਿ ਉਹ ਜਿਸ ਗੱਲ ਨੂੰ ਪਸੰਦ ਕਰਦੇ ਨੇ, ਉਸਨੂੰ ਵਧਾਅ–ਚੜ੍ਹਾਅ ਕੇ ਬਿਆਨ ਕਰਦੇ ਨੇ ਤੇ ਆਪਣੀ ਕਲਪਨਾ ਨਾਲ ਉਸਨੂੰ ਅੱਤ–ਕੱਥਨੀ ਦਾ ਰੂਪ ਦੇ ਦਿੰਦੇ ਨੇ।...ਤੇ ਜਿਸਨੂੰ ਪਸੰਦ ਨਹੀਂ ਕਰਦੇ, ਉਸਨੂੰ ਵੀ ਅੱਤ–ਕੱਥਨੀ ਦਾ ਰੂਪ ਦੇ ਦਿੰਦੇ ਨੇ। ਇਹ ਅਫਵਾਹ ਫੈਲ ਗਈ ਕਿ ਤੈਮੂਰ ਨੂੰ ਸਿੱਖਾਂ ਨੇ ਗਿਰਫਤਾਰ ਕਰ ਲਿਆ ਹੈ ਤੇ ਕਿਤੇ ਕਿਤੇ ਇਹ ਵੀ ਕਿਹਾ ਜਾਣ ਲੱਗਿਆ ਕਿ ਤੈਮੂਰ ਦਾ ਸਭ ਕੁਝ ਖੋਹ ਕੇ ਉਸਨੂੰ ਕਤਲ ਕਰ ਦਿੱਤਾ ਗਿਆ ਹੈ।

ਫੇਰ ਜਦੋਂ ਅਹਿਮਦ ਸ਼ਾਹ ਅਬਦਾਲੀ ਅਫਗਾਨਿਸਤਾਨ ਵੱਲ ਪਰਤਿਆ ਤਾਂ ਸਿੱਖਾਂ ਨੇ ਦਿੱਲੀ ਤੋਂ ਲੈ ਕੇ ਚਨਾਬ ਤਕ ਪੈਰ ਪੈਰ 'ਤੇ ਛਾਪੇ ਮਾਰੇ ਤੇ ਲੁੱਟ ਦੇ ਜਿਸ ਮਾਲ ਨਾਲ ਉਹ ਮਾਲੋ-ਮਾਲ ਹੋ ਕੇ ਚੱਲਿਆ ਸੀ, ਉਸਦਾ ਕਾਫੀ ਹਿੱਸਾ ਖੋਹ ਲਿਆ।

ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦੇ ਇਹਨਾਂ ਹਮਲਿਆਂ ਕਾਰਨ ਪਿੱਟ ਉੱਠਿਆ। ਉਹ ਮੱਧ ਏਸ਼ੀਆ ਦਾ ਸਭ ਤੋਂ ਵੱਡਾ ਜਰਨੈਲ ਸੀ, ਆਪਣੀ ਇਹ ਹੱਤਕ ਕਿੰਜ ਸਹਾਰ ਸਕਦਾ ਸੀ? ਉਹ ਆਪਣੀ ਇਸ ਹੱਤਕ ਦਾ ਬਦਲਾ ਲੈਣ ਲਈ ਕਾਫੀ ਸਮੇਂ ਤਕ ਲਾਹੌਰ ਵਿਚ ਰੁਕਿਆ ਰਿਹਾ। ਸਿੱਖਾਂ ਦੇ ਖ਼ਿਲਾਫ਼ ਮੁਹਿੰਮਾਂ ਲਾਮਬੰਦ ਕੀਤੀਆ, ਪਤਾ ਨਹੀਂ ਕਿੰਨਿਆਂ ਨੂੰ ਕਤਲ ਕੀਤਾ ਗਿਆ। ਅੰਮ੍ਰਿਤਸਰ ਸ਼ਹਿਰ ਨੂੰ ਲੁੱਟ ਲਿਆ। ਹਰਿਮੰਦਰ ਸਾਹਿਬ ਢਾਅ ਦਿੱਤਾ ਤੇ ਸਰੋਵਰ ਨੂੰ ਗੋਹੇ, ਗੰਦਗੀ, ਪਸ਼ੂਆਂ ਦੇ ਮਨੁੱਖਾਂ ਦੀਆਂ ਹੱਡੀਆਂ ਨਾਲ ਪੂਰਾ ਭਰ ਦਿੱਤਾ ਗਿਆ। ਸਿੱਖ ਲਾਹੌਰ ਤੇ ਅੰਮ੍ਰਿਤਸਰ ਦੇ ਆਸਪਾਸ ਦਾ ਇਲਾਕਾ ਛੱਡ ਕੇ ਸੰਦਲ ਬਾਰ ਵੱਲ ਚਲੇ ਗਏ ਤੇ ਜੰਮੂ ਦੀਆਂ ਪਹਾੜੀਆਂ ਵਿਚ ਜਾ ਛੁਪੇ, ਜਿੱਥੇ ਉਹਨਾਂ ਦਾ ਪਿੱਛਾ ਕਰਨਾ ਆਸਾਨ ਨਹੀਂ ਸੀ। ਅਬਦਾਲੀ ਬਹੁਤ ਝੁੰਜਲਾਇਆ ਹੋਇਆ ਸੀ ਤੇ ਅਬਦੁੱਲ ਸਮਦ, ਜ਼ਕਰੀਆ ਖਾਂ ਤੇ ਮੀਰ ਮੰਨੂੰ ਵਾਂਗ ਹੀ ਸਿੱਖਾਂ ਦਾ ਨਾਂ ਨਿਸ਼ਾਨ ਮਿਟਾਉਣ ਉੱਤੇ ਤੁਲਿਆ ਹੋਇਆ ਸੀ ਪਰ ਮਈ ਜੂਨ ਦੀ ਲੂ ਤੇ ਗਰਮੀ ਉਸ ਤੋਂ ਤੇ ਉਸਦੀ ਸੈਨਾ ਤੋਂ ਸਹਾਰੀ ਨਹੀਂ ਸੀ ਜਾ ਰਹੀ। ਨਾਲ ਉਸਦੀ ਗੈਰਹਾਜ਼ਰੀ ਕਾਰਨ ਅਫਗਾਨਿਸਤਾਨ ਵਿਚ ਬਗ਼ਾਵਤ ਫੁੱਟ ਪਈ ਸੀ, ਇਸ ਲਈ ਸਿੱਖਾਂ ਨੂੰ ਕੁਚਲਨ ਦੀ ਹਸਰਤ ਮਨ ਵਿਚ ਲੈ ਕੇ ਆਪਣੇ ਦੇਸ਼ ਪਰਤ ਜਾਣਾ ਪਿਆ। ਜਾਣ ਤੋਂ ਪਹਿਲਾਂ ਉਸਨੇ ਲਾਹੌਰ ਦਾ ਪ੍ਰਬੰਧ ਇੰਜ ਕੀਤਾ ਕਿ ਆਪਣੇ ਬੇਟੇ ਤੈਮੂਰ ਨੂੰ ਪੰਜਾਬ ਦਾ ਸੂਬੇਦਾਰ ਬਣਾ ਦਿੱਤਾ ਤੇ ਆਪਣੇ ਪ੍ਰਧਾਨ ਸੈਨਾਪਤੀ ਜਹਾਨ ਖਾਂ ਨੂੰ ਉਸਦਾ ਨਾਇਬ ਤੇ ਸਰਪ੍ਰਸਤ ਬਣਾ ਦਿੱਤਾ। ਆਪਣੀ ਨਿੱਜੀ ਫੌਜ ਦੇ ਚੁਣੇ ਹੋਏ ਦਸ ਹਜ਼ਾਰ ਸੈਨਕ ਲਾਹੌਰ ਵਿਚ ਤੈਮੂਰ ਸ਼ਾਹ ਦੇ ਕੋਲ

ਰਹਿਣ ਦਿੱਤੇ ਤੇ ਉਸਨੂੰ ਹੁਕਮ ਦਿੱਤਾ ਕਿ ਉਹ ਹਿੰਦੁਸਤਾਨ ਵਿਚ ਪੈਦਾ ਹੋਏ ਤੁਰਕ, ਈਰਾਨੀ ਤੇ ਅਫਗਾਨ ਸਿਪਾਹੀ ਭਰਤੀ ਕਰਕੇ ਹੋਰ ਫ਼ੌਜ ਵੀ ਬਣਾ ਸਕਦਾ ਹੈ। ਮਤਲਬ ਇਹ ਕਿ ਉਸਨੂੰ ਵਿਦੇਸ਼ੀ ਨਸਲ ਦੇ ਤੁਰਕਾਂ, ਈਰਾਨੀਆਂ ਤੇ ਅਫਗਾਨਾਂ ਉਪਰ ਹੀ ਭਰੋਸਾ ਸੀ। ਹਿੰਦੁਸਤਾਨੀ ਮੁਸਲਮਾਨ ਵੀ ਭਰੋਸੇ ਯੋਗ ਨਹੀਂ ਸਨ। ਇਹ ਗੱਲ ਠੀਕ ਵੀ ਸੀ। ਵਿਦੇਸ਼ੀ ਨਸਲ ਦੇ ਇਹ ਲੋਕ ਭਾਸ਼ਾ, ਸਭਿਆਚਾਰ ਤੇ ਬਹਾਦਰੀ ਆਦਿ ਹਰੇਕ ਗੱਲ ਵਿਚ ਆਪਣੇ ਹਿੰਦੁਸਤਾਨੀ ਮੁਸਲਮਾਨਾਂ ਨਾਲੋਂ ਚੰਗੇ ਸਮਝੇ ਜਾਂਦੇ ਸਨ ਤੇ ਉਹਨਾਂ ਨਾਲ ਨਫਰਤ ਕਰਦੇ ਸਨ। ਇਸ ਲਈ ਭਰੋਸਾ ਕਿਵੇਂ ਹੋਏ। ਅਬਦਾਲੀ ਜਾਣਦਾ ਸੀ ਕਿ ਜਿਸਨੂੰ ਆਪਣੇ ਦੇਸ਼ ਨਾਲ ਪਿਆਰ ਹੈ, ਉਹ ਉਸਦਾ ਸਾਥ ਨਹੀਂ ਦਏਗਾ।

ਫੇਰ ਵੀ ਅਬਦਾਲੀ ਨੇ ਜੰਮੂ ਦੇ ਰਾਜੇ ਰਣਜੀਤ ਦੇਵ ਨਾਲ ਦੋਸਤੀ ਗੰਢੀ ਤਾਂਕਿ ਉਹ ਸਿੱਖਾਂ ਨੂੰ ਉਹਨਾਂ ਦੇ ਪਹਾੜੀ ਠਿਕਾਣਿਆਂ ਵਿਚੋਂ ਕੱਢੇ ਤੇ ਤੈਮੂਰ ਨੂੰ ਉਸਦਾ ਸਹਿਯੋਗ ਪ੍ਰਾਪਤ ਹੋਏ। ਇਸ ਦੋਸਤੀ ਦੇ ਬਦਲੇ ਵਿਚ ਸਿਆਲਕੋਟ ਜ਼ਿਲੇ ਦੇ ਜਫਰਵਾਰ, ਸਨਖਤਰਾ ਤੇ ਫੈਰੋਜਾਬਾਦ ਪਰਗਨੇ ਰਣਜੀਤ ਦੇਵ ਨੂੰ ਦੇ ਦਿੱਤੇ।

ਲਾਹੌਰ ਦੇ ਇਸ ਪ੍ਰਬੰਧ ਉਪਰ ਮੁਗਲਾਨੀ ਬੇਗਮ ਚਿੜ ਗਈ। ਉਸਨੇ ਅਬਦਾਲੀ ਨੂੰ ਬੁਲਾਇਆ ਸੀ ਤੇ ਆਪਣੇ ਵਾਅਦੇ ਅਨੁਸਾਰ ਦਿੱਲੀ ਨੂੰ ਲੁੱਟਣ ਵਿਚ ਉਸਦੀ ਮਦਦ ਕੀਤੀ ਸੀ। ਉਹ ਪੰਜਾਬ ਦੀ ਨਵਾਬੀ ਉਪਰ ਆਪਣਾ ਹੱਕ ਸਮਝਦੀ ਸੀ ਤੇ ਇਸ ਲਈ ਅਬਦਾਲੀ ਦੀ ਚਾਪਲੂਸੀ ਕਰਦੀ ਹੋਈ ਉਸਦੇ ਨਾਲ ਦਿੱਲੀ ਤੋਂ ਲਾਹੌਰ ਆਈ ਸੀ। ਜਦੋਂ ਅਬਦਾਲੀ ਨੇ ਤੈਮੂਰ ਨੂੰ ਸੂਬੇਦਾਰ ਬਣਾ ਦਿੱਤਾ, ਬੇਗਮ ਦੇ ਹੱਥਾਂ ਦੇ ਤੋਤੇ ਉੱਡ ਗਏ। "ਇਹ ਤੁਸੀਂ ਕੀ ਕੀਤਾ!" ਉਹ ਅੱਖਾਂ ਵਿਚ ਅੱਥਰੂ ਭਰ ਕੇ ਬੋਲੀ, "ਮੈਂ ਤੁਹਾਨੂੰ ਆਪਣਾ ਬਣਾਇਆ। ਤੁਸੀਂ ਮੇਰਾ ਹੱਕ ਮੈਨੂੰ ਦਿਓ।"

ਅਬਦਾਲੀ ਬੜਾ ਹੰਡਿਆ ਵਰਤਿਆ ਤੇ ਹਸਮੁਖ ਆਦਮੀ ਸੀ। ਮੁਸਕਰਾ ਕੇ

ਬੋਲਿਆ, "ਤੂੰ ਮੇਰੀ ਬੇਟੀ ਏਂ, ਸੋ ਤੈਮੂਰ ਤੇਰਾ ਛੋਟਾ ਭਰਾ ਏ। ਤੂੰ ਹੋਈ ਜਾਂ ਤੇਰੀ ਜਗ੍ਹਾ ਤੈਮੂਰ ਹੋਇਆ ਇਕੋ ਗੱਲ ਏ। ਸਿਆਸਤ ਦੇ ਪੰਗਿਆਂ ਵਿਚ ਪੈਣਾ, ਖਾਹਮਖਾਹ ਦੀ ਸਿਰਦਰਦੀ ਮੁੱਲ ਲੈਣਾ ਹੁੰਦਾ ਏ। ਮੈਂ ਤੇਰੀ ਪੈਂਸ਼ਨ ਬੰਨ੍ਹ ਦਿੱਤੀ ਏ...ਲਾਹੌਰ ਵਿਚ ਰਹਿ ਤੇ ਆਪਣੀ ਐਸ਼ ਕਰ।"

ਅਬਦਾਲੀ ਨੇ ਸ਼ਾਹ ਵਲੀ ਖਾਂ ਤੇ ਜਹਾਨ ਖਾਂ ਨੂੰ ਕਿਹਾ ਕਿ ਉਹ ਬੇਗਮ ਨੂੰ ਸਮਝਾਉਣ, ਪਰ ਬੇਗਮ ਉੱਤੇ ਸਮਝਾਉਣ-ਬੁਝਾਉਣ ਦਾ ਕੋਈ ਅਸਰ ਨਹੀਂ ਹੋਇਆ। ਉਹ ਹਾੜ੍ਹੇ-ਮਿੰਨਤਾਂ ਕਰਦੀ ਜੇਹਲਮ ਤਕ ਅਬਦਾਲੀ ਦੇ ਨਾਲ ਗਈ। ਅਬਦਾਲੀ ਟੱਸ ਤੋਂ ਮੱਸ ਨਾ ਹੋਇਆ, ਬੇਗਮ ਨਿਰਾਸ਼ ਪਰਤੀ।

ਲਾਹੌਰ ਦੀ ਸਰਾਏ ਹਕੀਮਾ ਵਿਚ ਉਸਦੀ ਰਹਾਇਸ਼ ਸੀ। ਉਸ ਵਿਚ ਸਿਰਫ ਦੋ ਕਮਰੇ ਸਨ। ਬਾਕੀ ਸਾਰੀ ਇਮਾਰਤ ਖੰਡਰ ਹੋਈ ਪਈ ਸੀ। ਖੰਡਰ ਵਿਚ ਚਮਗਿੱਦੜਾਂ ਦਾ ਵਾਸਾ ਸੀ ਤੇ ਅਰਮਾਨਾ ਦੀ ਧੂੜ ਉੱਡਦੀ ਸੀ।

ਬੇਗਮ ਨੂੰ ਤੀਹ ਹਜ਼ਾਰ ਰੁਪਏ ਸਾਲਾਨਾ ਪੈਂਸ਼ਨ ਮਿਲਦੀ ਸੀ। ਮਸਕੀਨ ਹੁਣ ਵੀ ਉਸਦਾ ਨਿੱਜੀ ਸਕੱਤਰ ਸੀ।

**000**

ਬਾਬਾ ਦੀਪ ਸਿੰਘ ਇਕ ਭਲੇ-ਪੁਰਖ ਸਨ। ਹੁਣ ਉਹ ਬੁੱਢੇ ਹੋ ਗਏ ਸਨ ਤੇ ਉਹਨਾਂ ਸ਼ਸ਼ਤਰ ਸੰਘਰਸ਼ ਤੋਂ ਤਿਆਗ ਲੈ ਲਿਆ ਸੀ। ਤਲਵੰਡੀ ਭਾਵ ਦਮਦਮੇ ਵਿਚ ਉਹਨਾਂ ਦੀ ਗੜ੍ਹੀ ਸੀ। ਉਹ ਉੱਥੇ ਆਰਾਮ ਨਾਲ ਰਹਿੰਦੇ ਸਨ ਤੇ ਗ੍ਰੰਥ ਸਾਹਿਬ ਦੀਆਂ ਨਕਲਾਂ ਤਿਆਰ ਕਰ ਰਹੇ ਸਨ। ਜਦੋਂ ਸੁਣਿਆਂ ਕਿ ਅਫਗਾਨਾਂ ਨੇ ਹਰਿਮੰਦਰ ਤੇ ਸਰੋਵਰ ਦਾ ਅਪਮਾਨ ਕੀਤਾ ਹੈ ਤੇ ਅੰਮ੍ਰਿਤਸਰ ਜਾਣ ਉਪਰ ਪਾਬੰਦੀ ਲਾ ਦਿੱਤੀ ਹੈ ਤਾਂ ਉਹਨਾਂ ਦਾ ਠੰਡਾ ਖ਼ੂਨ ਵੀ ਉਬਾਲੇ ਖਾਣ ਲੱਗਿਆ। ਉਹਨਾਂ ਪ੍ਰਣ ਕੀਤਾ ਕਿ ਉਹ ਦੀਵਾਲੀ ਅੰਮ੍ਰਿਤਸਰ ਵਿਚ ਮਨਾਉਣਗੇ ਤੇ ਆਪਣਾ ਸਿਰ ਦਰਬਾਰ ਸਾਹਬ ਨੂੰ ਭੇਂਟ ਕਰਨਗੇ।

ਉਹਨਾਂ ਗੜ੍ਹੀ ਆਪਣੇ ਭਤੀਜੇ ਸਦਾ ਸਿੰਘ ਦੇ ਹਵਾਲੇ ਕੀਤੀ ਤੇ ਖ਼ੁਦ ਭਾਈ ਹੀਰਾ ਸਿੰਘ, ਨੱਥਾ ਸਿੰਘ ਤੇ ਗੁਰਬਖ਼ਸ਼ ਸਿੰਘ ਨੂੰ ਨਾਲ ਲੈ ਕੇ ਨਿਕਲ ਪਏ। ਜਾਗਾ, ਬਰਹਯਨ, ਨਾਹਨ ਵਾਲਾ, ਬੰਝੋਕੇ, ਗੁਰੂ ਚੌਂਤਰਾ, ਫੂਲਾ ਭੇਦਰਾਜ ਤੇ ਪਰਾਜ ਆਦਿ ਪਿੰਡਾਂ ਵਿਚੋਂ ਲਗਭਗ ਇਕ ਹਜ਼ਾਰ ਆਦਮੀ ਨਾਲ ਲਏ, ਜਿਹੜੇ ਧਰਮ ਦੇ ਨਾਂ ਉੱਤੇ ਮਰ-ਮਿਟਣ ਲਈ ਤਿਆਰ ਸਨ। ਉਹ ਸਾਰੇ ਅੰਮ੍ਰਿਤਸਰ ਪਹੁੰਚ ਕੇ ਦੀਵਾਲੀ ਮਨਾਉਣ ਲਈ ਤੁਰ ਪਏ। ਤਰਨਤਾਰਨ ਪਹੁੰਚ ਕੇ ਰੁਕੇ ਉੱਥੇ ਉਹਨਾਂ ਆਪਣੇ ਡੌਲਿਆਂ ਉਪਰ ਆਨੰਦੀ ਪੱਟੀਆਂ ਬੰਨ੍ਹੀਆਂ ਤੇ ਸਿਰਾਂ 'ਤੇ ਕੇਸਰ ਛਿੜਕਿਆ। ਮਤਲਬ ਇਹ ਕਿ ਉਹ ਜਾਨ ਉਪਰ ਖੇਡ ਜਾਣ ਲਈ ਤਿਆਰ ਹਨ। ਪਿੱਛੋਂ ਉਹ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦਾ ਜੈਕਾਰਾ ਲਾ ਕੇ ਅੰਮ੍ਰਿਤਸਰ ਵੱਲ ਤੁਰ ਪਏ।

ਜਹਾਨ ਖਾਂ ਕੋਲ ਖ਼ਬਰ ਪਹੁੰਚੀ ਕਿ ਚੱਕ ਗੁਰੂ ਵਿਚ ਬਹੁਤ ਸਾਰੇ ਸਿੱਖ ਇਕੱਠੇ ਹੋ ਗਏ ਹਨ। ਉਹ ਸਾਰੇ ਹਥਿਆਰਬੰਦ ਹਨ ਤੇ ਅੰਮ੍ਰਿਤਸਰ ਜਾ ਰਹੇ ਹਨ। ਹਾਜੀ ਅਤਾਰਾ ਖਾਂ ਦੀ ਕਮਾਨ ਵਿਚ ਅਫਗਾਨ ਫੌਜ ਦਾ ਇਕ ਦਸਤਾ ਅੰਮ੍ਰਿਤਸਰ ਦੇ ਆਸ-ਪਾਸ ਘੁੰਮ ਰਿਹਾ ਸੀ ਤਾਂਕਿ ਸਿੱਖਾਂ ਦਾ ਸਫਾਇਆ ਕਰਕੇ ਅਮਨ ਕਾਇਮ ਕੀਤਾ ਜਾਏ। ਜਹਾਨ ਖਾਂ ਨੇ ਖ਼ਤ ਲਿਖ ਕੇ ਹਾਜੀ ਅਤਾਰਾ ਖਾਂ ਨੂੰ ਹੁਕਮ ਦਿੱਤਾ ਕਿ ਉਹ ਆਪਣੀ ਫੌਜ ਦੇ ਨਾਲ ਝਟਪਟ ਫਲਾਂਨੇ ਦਿਨ ਚਕਗੁਰੂ ਪਹੁੰਚ ਜਾਏ ਤੇ ਉਹ ਵੀ ਉਸੇ ਦਿਨ ਉੱਥੇ ਪਹੁੰਚ ਰਿਹਾ ਹੈ ਤਾਂਕਿ ਇਹਨਾਂ ਸਿੱਖਾਂ ਨੂੰ ਜਹਨੁਮ-ਰਸੀਦ ਕੀਤਾ (ਨਰਕਾਂ ਵਿਚ ਭੇਜਿਆ) ਕੀਤਾ ਜਾ ਸਕੇ।

ਜਹਾਨ ਖਾਂ ਨੇ ਲਾਹੌਰ ਸ਼ਹਿਰ ਵਿਚ ਮਨਿਆਦੀ ਕਰਵਾ ਦਿੱਤੀ ਕਿ ਜਿਸ ਦੇ ਕੋਲ ਘੋੜਾ ਹੈ, ਉਹ ਭਾਵੇਂ ਸਰਕਾਰੀ ਮੁਲਾਜਮ ਹੋਏ, ਭਾਵੇਂ ਨਾ ਹੋਏ ਸਿੱਖਾਂ ਨਾਲ ਲੜਨ ਲਈ ਉਸਦੇ ਨਾਲ ਚੱਲ ਸਕਦਾ ਹੈ। ਮੁਲਤਾਨੀ ਬੇਗਮ ਨੇ ਵੀ ਆਪਣੇ ਪੰਦਰਾਂ ਮੁਲਾਜਮ ਤਹਿਮਸ ਮਸਕੀਨ ਦੀ ਅਗਵਾਈ ਵਿਚ ਰਵਾਨਾ ਕਰ ਦਿੱਤੇ। ਜਹਾਨ ਖਾਂ ਨਾਲ ਦੋ ਹਜ਼ਾਰ ਅਫਗਾਨ ਸੈਨਕ ਸਨ। ਉਹ ਸ਼ਾਮ ਹੁੰਦਿਆਂ

www.punjabilibrary.com

ਹੁੰਦਿਆਂ ਲਾਹੌਰ ਤੋਂ ਬਾਰਾਂ ਕੋਹ ਦੇ ਫਾਸਲੇ ਉਪਰ ਖਖਨਾਨ ਪਹੁੰਚ ਗਏ। ਅਗਲੀ ਸਵੇਰ ਉੱਥੋਂ ਚੱਲੇ ਤੇ ਅੰਮ੍ਰਿਤਸਰ ਤੋਂ 6 ਕੋਹ ਇਧਰ ਗੋਲਵਾਲ ਪਿੰਡ ਵਿਚ ਆ ਪਹੁੰਚੇ। ਹਾਜੀ ਅਤਾਰਾ ਖਾਂ ਨੇ ਵੀ ਇੱਥੇ ਹੀ ਆਉਣਾ ਸੀ ਪਰ ਸਖਤ ਹਦਾਇਤ ਦੇ ਬਾਵਜੂਦ ਉਹ ਦਿੱਤੇ ਸਮੇਂ 'ਤੇ ਨਹੀਂ ਪਹੁੰਚ ਸਕਿਆ।

ਸੂਹੀਆਂ ਦੁਆਰਾ ਇਸ ਗੱਲ ਦੀ ਖਬਰ ਬਾਬਾ ਦੀਪ ਸਿੰਘ ਨੂੰ ਮਿਲੀ ਤਾਂ ਉਹਨਾਂ ਨੇ ਆਪਣੇ ਸਾਥੀਆਂ ਨੂੰ ਕਿਹਾ, "ਦੇਖਦੇ ਕੀ ਓ, ਹੱਲਾ ਬੋਲ ਕੇ ਅਫਗਾਨਾਂ ਨੂੰ ਦੱਸ ਦਿਓ ਕਿ ਇਕ ਖਾਲਸਾ ਸਵਾ ਲੱਖ ਉੱਤੇ ਭਾਰੀ ਹੈ।"

ਸਿੱਖਾਂ ਨੇ ਅਫਗਾਨਾਂ ਨੂੰ ਚਾਰੇ ਪਾਸਿਓਂ ਘੇਰ ਲਿਆ। ਘਮਾਸਾਨ ਦਾ ਯੁੱਧ ਹੋਇਆ। ਸਿੱਖਾਂ ਨੇ ਆਪਣਾ ਘੇਰਾ ਪਲ ਪਲ ਤੰਗ ਕਰਦਿਆਂ ਹੋਇਆਂ ਏਨੇ ਕਰਾਰੇ ਹੱਥ ਵਿਖਾਏ ਕਿ ਮੁਗਲ ਸੈਨਕਾਂ ਦੇ ਪੈਰ ਉੱਖੜਨ ਲੱਗੇ ਤੇ ਉਹਨਾਂ ਵਿਚੋਂ ਬਹੁਤ ਸਾਰੇ ਭੱਜ ਖੜ੍ਹੇ ਹੋਏ, ਪਰ ਭੱਜਦੇ ਹੋਏ ਅਫਗਾਨਾਂ ਲਈ ਬਚ ਨਿਕਲਨ ਦਾ ਕੋਈ ਰਾਸਤਾ ਨਹੀਂ ਸੀ। ਉਹ ਨਿਰਾਸ਼ ਹੋ ਕੇ ਆਪਣੇ ਸੈਨਾ ਵਿਚ ਪਰਤ ਆਏ। ਜਹਾਨ ਖਾਂ ਚਿੜਚਿੜੇ ਮਜਾਜ਼ ਦਾ ਬੰਦਾ ਸੀ ਉਹ ਹਿਰਖ ਵੱਸ ਆਪੇ 'ਚੋਂ ਬਾਹਰ ਹੋ ਗਿਆ। ਉਸਨੇ ਤਲਵਾਰ ਕੱਢੀ ਤੇ ਇਹ ਕਹਿੰਦਿਆਂ ਹੋਇਆਂ, "ਤੁਸੀਂ ਭੱਜੇ ਕਿਉਂ ਓਇ?" ਆਪਣੇ ਕਈ ਸਿਪਾਹੀਆਂ ਨੂੰ ਜ਼ਖਮੀ ਕਰ ਦਿੱਤਾ। ਅਫਗਾਨ ਸੈਨਕ ਫੇਰ ਇਕੱਠੇ ਹੋ ਗਏ। ਉਹ ਅਣਮੰਨੇ ਮਨ ਨਾਲ ਲੜ ਰਹੇ ਸਨ, ਕਿਉਂਕਿ ਲੜਨ ਦੇ ਸਿਵਾਏ ਹੋਰ ਕੋਈ ਚਾਰਾ ਵੀ ਨਹੀਂ ਸੀ। ਪਰ ਹੌਂਸਲੇ ਟੁੱਟ ਗਏ ਸਨ ਤੇ ਉਹ ਆਪਣੇ ਆਪ ਨੂੰ ਬੇਜਾਨ ਮਹਿਸੂਸ ਕਰ ਰਹੇ ਸਨ। ਉਧਰ ਸਿੱਖਾਂ ਦੇ ਹੌਂਸਲੇ ਬੁਲੰਦ ਸਨ ਤੇ '...ਅਕਾਲ-ਅਕਾਲ' ਦੇ ਨਾਅਰੇ ਜੈਕਾਰੇ ਆਕਾਸ਼ ਵਿਚ ਗੂੰਜ ਰਹੇ ਸਨ।

ਠੀਕ ਉਸੇ ਸਮੇਂ ਹਾਜੀ ਅਤਾਰਾ ਖਾਂ ਆਪਣੀ ਫੌਜ ਨਾਲ ਆ ਪਹੁੰਚਿਆ। ਸਿੱਖ ਜਿਹਨਾਂ ਦੇ ਹੌਂਸਲੇ ਵਧੇ ਹੋਏ ਸਨ, ਹੁਣ ਮੁਸੀਬਤ ਵਿਚ ਘਿਰ ਗਏ। ਅਫਗਾਨਾਂ

ਦੀ ਗਿਣਤੀ ਬੜੀ ਜ਼ਿਆਦਾ ਸੀ ਤੇ ਉਹਨਾਂ ਕੋਲ ਤੋਪਾਂ ਤੇ ਬੰਦੂਕਾਂ ਵੀ ਸਨ। ਸਿੱਖ ਗੋਲੀਆਂ ਦੀ ਵਾਛੜ ਸਾਹਮਣੇ ਵਧੇਰੇ ਦੇਰ ਨਹੀਂ ਟਿਕ ਸਕੇ ਤੇ ਭੱਜ ਖੜ੍ਹੇ ਹੋਏ। ਅਫਗਾਨ ਸੈਨਕਾਂ ਨੇ ਚੱਕਗੁਰੂ ਤਕ ਉਹਨਾਂ ਦਾ ਪਿੱਛਾ ਕੀਤਾ। ਉੱਥੇ ਇਕ ਪਵਿੱਤਰ ਸਥਾਨ ਸੀ, ਜਿੱਥੇ ਗ੍ਰੰਥ ਸਾਹਿਬ ਰੱਖਿਆ ਹੋਇਆ ਸੀ ਤੇ ਪੰਜ ਸਿੱਖ ਸੈਨਕ ਪਹਿਰੇ ਉਪਰ ਸਨ। ਉਹ ਸਿੱਖ ਯੋਧੇ ਉਦੋਂ ਤਕ ਲੜਦੇ ਰਹੇ, ਜਦੋਂ ਤਕ ਦੁਸ਼ਮਣ ਸੈਨਾ ਦੇ ਬਹੁਤ ਸਾਰੇ ਸਿਪਾਹੀਆਂ ਨੂੰ ਤਲਵਾਰ ਦੇ ਘਾਟ ਉਤਾਰ ਕੇ ਸ਼ਹੀਦ ਨਹੀਂ ਹੋ ਗਏ। ਇਸ ਸੰਘਰਸ਼ ਵਿਚ ਮੀਰ ਨਿਯਾਮਤੁੱਲਾ ਨਾਂ ਦਾ ਇਕ ਮਸ਼ਹੂਰ ਅਫਗਾਨ ਜਰਨੈਲ ਵੀ ਮਾਰਿਆ ਗਿਆ।

ਬਾਬਾ ਦੀਪ ਸਿੰਘ ਦੇ ਨਾਲ ਜਿਹੜੇ ਸਿੱਖ ਲੜਦੇ ਹੋਏ ਸ਼ਹੀਦ ਹੋ ਗਏ, ਗੁਰੂ ਦੇ ਬਾਗ ਵਿਚ ਉਹਨਾਂ ਦੀ ਯਾਦਗਾਰ ਬਣਾਈ ਗਈ, ਜਿਸਦਾ ਨਾਂ ਸ਼ਹੀਦ ਗੰਜ ਰੱਖਿਆ ਗਿਆ।

ਇਹ ਗੱਲ ਲੋਕ ਕਥਾ ਬਣ ਗਈ ਹੈ ਕਿ ਜਦੋਂ ਅਫਗਾਨਾਂ ਨੇ ਜ਼ੋਰਦਾਰ ਹੱਲਾ ਬੋਲਿਆ ਤਾਂ ਬਾਬਾ ਦੀਪ ਸਿੰਘ ਦਾ ਸਿਰ ਇਕ ਅਫਗਾਨ ਸੈਨਕ ਦੀ ਤਲਵਾਰ ਨਾਲ ਕੱਟਿਆ ਗਿਆ। ਕੋਲ ਖੜ੍ਹੇ ਇਕ ਸਿੱਖ ਸੈਨਕ ਨੇ ਉਹਨਾਂ ਨੂੰ ਕਿਹਾ, “ਬਾਬਾ ਜੀ, ਤੁਸੀਂ ਤਾਂ ਇਹ ਪ੍ਰਣ ਕਰ ਕੇ ਆਏ ਸੀ ਕਿ ਆਪਣਾ ਸਿਰ ਦਰਬਾਰ ਸਾਹਿਬ ਨੂੰ ਭੇਂਟ ਕਰੋਗੇ!” ਇਹ ਸੁਣਦਿਆਂ ਹੀ ਬਾਬਾ ਦੀਪ ਸਿੰਘ ਨੇ ਆਪਣਾ ਸਿਰ ਹਥੇਲੀ ਉਪਰ ਰੱਖਿਆ ਤੇ ਇਕ ਹੱਥ ਨਾਲ ਖੰਡਾ ਵਾਹੁੰਦੇ ਹੋਏ ਅੱਗੇ ਵਧੇ। ਇਹ ਕੌਤਕ ਦੇਖ ਕੇ ਜ਼ਹਾਨ ਖਾਂ ਦੰਗ ਰਹਿ ਗਿਆ। ਕਿਸੇ ਲਈ ਵੀ ਬਾਬੇ ਨੂੰ ਰੋਕਣਾ ਮੁਸ਼ਕਿਲ ਹੋ ਗਿਆ ਤੇ ਉਹਨਾਂ ਹਰਿਮੰਦਰ ਸਾਹਿਬ ਪਹੁੰਚ ਕੇ ਆਪਣਾ ਸ਼ੀਸ਼ ਭੇਂਟ ਕੀਤਾ।

ਫਿਰ ਇਕ ਹੋਰ ਘਟਨਾ ਇੰਜ ਵਾਪਰੀ ਕਿ ਸਰਹਿੰਦ ਤੋਂ ਆਉਂਦੇ ਹੋਏ ਦੋ ਅਫਗਾਨ ਸੈਨਕਾਂ ਦੀ ਕਰਤਾਰਪੁਰ ਕੋਲ ਹੱਤਿਆ ਹੋ ਗਈ। ਸੁਣਦਿਆਂ ਹੀ ਜ਼ਹਾਨ ਖਾਂ ਦਾ ਪਾਰਾ ਚੜ੍ਹ ਗਿਆ। ਉਸਨੇ ਦੋਸ਼ੀਆਂ ਨੂੰ ਸਜਾ ਦੇਣ ਲਈ

ਨਾਸਿਰ ਅਲੀ ਖਾਂ ਜਲੰਧਰੀ ਦੀ ਕਮਾਨ ਹੇਠ ਸੈਨਾ ਭੇਜੀ। ਸੋਢੀ ਵੱਡਭਾਗ ਸਿੰਘ ਇਕ ਸਤਿਕਾਰਤ ਸਿੱਖ ਤੇ ਇਸ ਇਲਾਕੇ ਦੇ ਚੌਧਰੀ ਸਨ। ਅਫਗਾਨਾਂ ਨੇ ਚੌਧਰੀ ਵੱਡਭਾਗ ਸਿੰਘ ਨੂੰ ਕਿਹਾ ਕਿ ਉਹ ਅਪਰਾਧੀਆਂ ਦੇ ਨਾਂ ਦੱਸਣ ਤੇ ਉਹਨਾਂ ਨੂੰ ਪੇਸ਼ ਕਰਨ। ਉਹਨਾਂ ਦੇ ਕੁਝ ਨਾ ਦੱਸਣ ਉਪਰ ਉਹਨਾਂ ਨੂੰ ਏਨੀ ਕੁੱਟਮਾਰ ਕੀਤੀ ਗਈ ਕਿ ਲੱਗਭੱਗ ਅੱਧ-ਮੋਇਆਂ ਕਰ ਦਿੱਤਾ ਗਿਆ। ਸੋਢੀ ਵੱਡਭਾਗ ਸਿੰਘ ਗੁਰਦੁਆਰਾ ਥੰਮ ਸਾਹਿਬ ਦੇ ਗ੍ਰੰਥੀ ਵੀ ਸਨ। ਉਹ ਰਾਤ ਨੂੰ ਉੱਥੋਂ ਨਿਕਲੇ ਤੇ ਹੁਸ਼ਿਆਰਪੁਰ ਜ਼ਿਲੇ ਦੇ ਬਾਹੀਰੀ ਪਿੰਡ ਵਿਚ ਜਾ ਛੁਪੇ। ਅਫਗਾਨਾਂ ਨੇ ਗੁਰਦੁਆਰਾ ਥੰਮ ਸਾਹਿਬ ਢਾਅ ਦਿੱਤਾ ਤੇ ਉੱਥੇ ਗਊਆਂ ਮਾਰ ਕੇ ਸੁੱਟ ਦਿੱਤੀਆਂ। ਫੇਰ ਉਹਨਾਂ ਕਰਤਾਰਪੁਰ ਸ਼ਹਿਰ ਲੁੱਟਿਆ ਤੇ ਉੱਥੇ ਜਿੰਨੀਆਂ ਵੀ ਹਿੰਦੂ ਸਿੱਖ ਔਰਤਾਂ ਸਨ, ਉਹਨਾਂ ਨੂੰ ਮੁਸਲਮਾਨ ਬਣਾ ਲਿਆ।

ਸਿੱਖਾਂ ਵਿਚ ਜਿਸ ਤਰ੍ਹਾਂ ਭਾਈ ਮਨੀ ਸਿੰਘ ਦੀ ਸ਼ਹਾਦਤ ਪਿੱਛੋਂ ਰੋਸ ਫੈਲਿਆ ਸੀ, ਉਸੇ ਤਰ੍ਹਾਂ ਇਸ ਘਟਨਾ ਪਿੱਛੋਂ ਰੋਸ ਤੇ ਰੋਹ ਫੈਲ ਗਿਆ। ਉਹਨਾਂ ਜ਼ਹਾਨ ਖਾਂ ਤੋਂ ਬਦਲਾ ਲੈਣ ਦੀ ਠਾਣ ਲਈ।

ਸਿੱਖਾਂ ਨੇ ਪੰਜਾਬ ਨੂੰ ਆਜ਼ਾਦ ਕਰਵਾਉਣ ਦੀ ਪੱਕੀ ਧਾਰੀ ਹੋਈ ਸੀ ਤੇ ਉਹ ਮੁਗਲ ਹਾਕਮਾਂ ਲਈ ਚੁਣੌਤੀ ਬਣੇ ਹੋਏ ਸਨ। ਪਰ ਮੁਗਲ ਸੱਤਾ ਸਮਾਪਤ ਹੋਈ ਤਾਂ ਨਾ ਸਿਰਫ ਪੰਜਾਬ ਉਪਰ ਅਬਦਾਲੀ ਦਾ ਕਬਜਾ ਹੋ ਚੁੱਕਿਆ ਸੀ ਬਲਕਿ ਉਸ ਨੇ ਸਰਹਿੰਦ ਨੂੰ ਵੀ ਆਪਣੇ ਅਫਗਾਨ ਰਾਜ ਵਿਚ ਮਿਲਾ ਲਿਆ ਸੀ ਤੇ ਦਿੱਲੀ ਵਿਚ ਵੀ ਨਜੀਬੁਦੌਲਾ ਨੂੰ ਆਪਣਾ ਮੁਖ਼ਤਿਆਰ ਆਮ ਥਾਪ ਦਿੱਤਾ ਸੀ। ਹੁਣ ਸਿੱਖਾਂ ਦੀ ਟੱਕਰ ਅਫਗਾਨਾਂ ਨਾਲ ਸੀ। ਜ਼ਹਾਨ ਖਾਂ ਨੇ ਅੰਮ੍ਰਿਤਸਰ ਤੇ ਕਰਤਾਰਪੁਰ ਵਿਚ ਜਿਹੜੇ ਜੁਲਮ ਢਾਏ ਤੇ ਧਾਰਮਕ ਸਥਾਨਾ ਦੀ ਬੇਅਦਬੀ ਕੀਤੀ ਸੀ; ਉਸ ਉਪਰ ਸਾਰੇ ਸਿੱਖ ਤੇ ਉਹਨਾਂ ਨਾਲ ਹਮਦਰਦੀ ਰੱਖਣ ਵਾਲੇ ਲੋਕ ਭੜਕ ਉਠੇ। ਉਹ ਹੁਸ਼ਿਆਰਪੁਰ ਦੇ ਉਤਰ ਵਿਚ ਸ਼ਿਵਾਲਿਕ ਦੀਆਂ

ਪਹਾੜੀਆਂ ਵਿਚ ਚਲੇ ਗਏ। ਉੱਥੇ ਉਹਨਾਂ ਜ਼ਹਾਨ ਖਾਂ ਉਪਰ ਹਮਲੇ ਦੀ ਯੋਜਨਾ ਬਣਾਈ, ਜਿਸ ਵਿਚ ਹਾਲਾਤ ਤੋਂ ਮਜ਼ਬੂਰ ਹੋ ਕੇ ਅਦੀਨਾ ਬੇਗ ਵੀ ਉਹਨਾਂ ਨਾਲ ਆ ਰਲਿਆ।

ਜਦੋਂ ਅਬਦਾਲੀ ਨੇ ਹਮਲਾ ਕੀਤਾ ਸੀ, ਅਦੀਨਾ ਬੇਗ ਹਾਂਸੀ ਹਿਸਾਰ ਵੱਲ ਭੱਜ ਗਿਆ ਸੀ, ਜਿੱਥੇ ਪਾਣੀ ਵੀ ਔਖ ਨਾਲ ਮਿਲਦਾ ਸੀ। ਕੁਝ ਸਮੇਂ ਬਾਅਦ ਉਹ ਵੀ ਹੁਸ਼ਿਆਰਪੁਰ ਦੇ ਉਤਰ ਵਿਚ ਸਥਿਤ ਪਹਾੜੀਆਂ ਵਿਚ ਚਲਾ ਗਿਆ ਤੇ ਖਲੀ ਬਲਵਾਨ ਦੀ ਪਹਾੜੀ ਉਪਰ ਆਪਣਾ ਕੈਂਪ ਲਾ ਦਿੱਤਾ। ਤੈਮੂਰ ਸ਼ਾਹ ਦਾ ਸਰਪ੍ਰਸਤ ਬਣਨ ਤੋਂ ਬਾਅਦ ਜ਼ਹਾਨ ਖਾਂ ਨੇ ਪੰਜਾਬ ਵਿਚ ਅਮਨ ਬਹਾਲ ਕਰਨਾ ਸੀ ਤਾਂ ਹੀ ਉਹ ਮਾਲੀਆ ਉਗਰਾਹ ਸਕਦਾ ਸੀ ਤੇ ਤਾਂ ਹੀ ਹਕੂਮਤ ਕਰ ਸਕਦਾ ਸੀ, ਪਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਵਿਚ ਸਿੱਖਾਂ ਨੇ ਆਪਣੀਆਂ ਗਤੀ–ਵਿਧੀਆਂ ਤੇਜ਼ ਕਰ ਦਿੱਤੀਆਂ ਸਨ। ਉਹ ਨਿੱਤ ਨਵਾਂ ਇਲਾਕਾ ਆਪਣੀ ਰਾਖੀ–ਪ੍ਰਣਾਲੀ ਵਿਚ ਅਧੀਨ ਕਰਕੇ ਆਪਣੀ ਸ਼ਕਤੀ ਦਾ ਵਿਸਥਾਰ ਕਰ ਰਹੇ ਸਨ। ਨਾਸਿਰ ਅਲੀ ਖਾਂ ਸਿੱਖਾਂ ਉਪਰ ਕਾਬੂ ਪਾਉਣ ਤੋਂ ਅਸਮਰਥ ਰਿਹਾ ਸੀ। ਇਸ ਲਈ ਜ਼ਹਾਨ ਖਾਂ ਨੇ ਅਦੀਨਾ ਬੇਗ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਜਲੰਧਰ ਦੀ ਫੌਜਦਾਰੀ ਸੰਭਾਲ ਲਏ ਤੇ ਸਾਡੇ ਨਾਲ ਸਹਿਯੋਗ ਕਰੇ ਤਾਂ ਉਸਦੇ ਵਿਰੁੱਧ ਕਾਰਵਾਈ ਨਹੀਂ ਕੀਤੀ ਜਾਏਗੀ। ਅਦੀਨਾ ਬੇਗ ਨੇ ਕਹਿ ਭੇਜਿਆ ਕਿ ਉਹ ਜਲੰਧਰ ਦੁਆਬੇ ਦੀ ਫੌਜਦਾਰੀ ਸੰਭਾਲਨ ਤੇ ਸਹਿਯੋਗ ਦੇਣ ਲਈ ਤਿਆਰ ਹੈ, ਸ਼ਰਤ ਇਹ ਹੈ ਕਿ ਉਸਨੂੰ ਇਹ ਛੋਟ ਦਿੱਤੀ ਜਾਏ ਕਿ ਲਾਹੌਰ ਦਰਬਾਰ ਵਿਚ ਪੇਸ਼ ਨਹੀਂ ਹੋਏਗਾ। ਜ਼ਹਾਨ ਖਾਂ ਨੇ ਅਦੀਨਾ ਬੇਗ ਦੀ ਇਹ ਸ਼ਰਤ ਮੰਨ ਲਈ ਤੇ ਤੈਅ ਹੋਇਆ ਕਿ ਉਹ ਜਲੰਧਰ ਦੁਆਬੇ ਦੀ ਫੌਜਦਾਰੀ ਦੇ ਬਦਲੇ ਲਾਹੌਰ ਨੂੰ **36** ਲੱਖ ਰੁਪਏ ਸਾਲਾਨਾ ਲਗਾਨ ਦਏਗਾ।

ਜ਼ਹਾਨ ਖਾਂ ਨੇ ਸੋਚਿਆ ਸੀ ਕਿ ਅਦੀਨਾ ਬੇਗ ਸਿੱਖਾਂ ਨਾਲ ਖ਼ੁਦ ਨਿੱਬੜ ਲਏਗਾ ਤੇ ਉਸਦੀ ਹਕੂਮਤ ਦੇ ਵਿਰੁੱਧ ਕੋਈ ਸਾਜਿਸ਼ ਨਹੀਂ ਕਰੇਗਾ।

ਸਿੱਖ ਇਸ ਸਮੇਂ ਜਲੰਧਰ ਦੁਆਬੇ ਦੇ ਆਸ–ਪਾਸ ਆਪਣੀ ਸ਼ਕਤੀ ਵਧਾ ਰਹੇ ਸਨ। ਇਸ ਲਈ ਕਿਤੇ ਕਿਤੇ ਅਦੀਨਾ ਬੇਗ ਨਾਲ ਝੜਪ ਹੋ ਜਾਣੀ ਸੁਭਾਵਿਕ ਸੀ। ਪਹਿਲੀ ਟੱਕਰ ਉਦੋਂ ਹੋਈ ਜਦੋਂ ਜੱਸਾ ਸਿੰਘ ਆਹਲੂਵਾਲੀਆ ਆਪਣੇ ਜੱਥੇ ਨਾਲ ਤਰਨਤਾਰਨ ਤੋਂ ਫਤਹਾਬਾਦ ਵੱਲ ਜਾ ਰਿਹਾ ਸੀ। ਇਸ ਟੱਕਰ ਵਿਚ ਕੁਤਬ ਖਾਂ ਆਹਲੂਵਾਲੀਆ ਦੇ ਤੀਰ ਨਾਲ ਜ਼ਖ਼ਮੀਂ ਹੋਇਆ ਤੇ ਤਲਵਾਰ ਦੇ ਇਕ ਵਾਰ ਨੇ ਸੱਯਦ ਖਾਂ ਦੀ ਬਾਂਹ ਕੱਟ ਲਈ। ਇੱਥੋਂ ਖਾਨ ਜਲਾਲਾਬਾਦ ਵੱਲ ਭੱਜ ਗਿਆ ਤੇ ਜੱਸਾ ਸਿੰਘ ਨੇ ਫਤਹਾਬਾਦ ਉਪਰ ਕਬਜਾ ਕਰ ਲਿਆ।

ਇੱਥੋਂ ਸਰਦਾਰ ਆਹਲੂਵਾਲੀਆ ਜਲਦੀ ਹੀ ਦੁਆਬੇ ਵਿਚ ਆ ਗਿਆ। ਉਹਨੀਂ ਦਿਨੀਂ ਅਦੀਨਾ ਬੇਗ ਨੇ ਮਾਲੀਏ ਦੀ ਉਗਰਾਈ ਸ਼ੁਰੂ ਕੀਤੀ ਹੋਈ ਸੀ। ਜਦੋਂ ਉਗਰਾਈ ਕਰਨ ਵਾਲੇ ਜੇਡੌਲੀ ਪਿੰਡ ਵਿਚ ਪਹੁੰਚੇ, ਕਿਸਾਨਾ ਨੇ ਮਾਲੀਆ ਦੇਣ ਤੋਂ ਇਨਕਾਰ ਕਰ ਦਿੱਤਾ। ਸ਼ਾਇਦ ਉਥਲ–ਪੁਥਲ ਕਾਰਨ ਫਸਲ ਠੀਕ ਨਹੀਂ ਸੀ ਹੋਈ ਜਾਂ ਸ਼ਾਇਦ ਮੀਹਾਂ ਕਾਰਨ ਕਾਫੀ ਨੁਕਸਾਨ ਹੋ ਗਿਆ ਸੀ। ਮੁੱਕਦੀ ਗੱਲ ਇਹ ਕਿ ਇਸ ਗੱਲ ਉਪਰ ਝਗੜਾ ਹੋ ਗਿਆ। ਦੁਖੀ ਲੋਕਾਂ ਲਈ ਇਕੋ ਚਾਰਾ ਸੀ ਕਿ ਉਹ ਕਿਸੇ ਸਿੱਖ ਸਰਦਾਰ ਦੀ ਰਾਖੀ ਵਿਚ ਚਲੇ ਜਾਣ। ਜੇਡੌਲੀ ਦੇ ਉਤਰ–ਪੱਛਮ ਵਿਚ ਜੱਸਾ ਸਿੰਘ ਆਹਲੂਵਾਲੀਆ ਦਾ ਇਲਾਕਾ ਸੀ। ਪਿੰਡ ਦਾ ਚੌਧਰੀ ਗੈਂਡਾ ਰਾਜਪੂਤ ਜੱਸਾ ਸਿੰਘ ਆਹਲੂਵਾਲੀਆ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਰਾਖੀ ਕਰਨ ਲਈ ਬੇਨਤੀ ਕੀਤੀ। ਜੱਸਾ ਸਿੰਘ ਨੇ ਦੇਵਾ ਸਿੰਘ ਨੂੰ ਆਪਣਾ ਥਾਨੇਦਾਰ ਬਣਾ ਕੇ ਜੇਡੌਲੀ ਭੇਜ ਦਿੱਤਾ ਤੇ ਅਦੀਨਾ ਬੇਗ ਨੂੰ ਕਹਿ ਭੇਜਿਆ ਕਿ ਇਹ ਪਿੰਡ ਸਾਡੀ ਰੱਈਅਤ ਹੈ, ਤੁਸੀਂ ਇੱਥੋਂ ਤੋਂ ਮਾਲੀਆ ਨਹੀਂ ਉਗਰਾਅ ਸਕਦੇ।

ਇਧਰ ਅਦੀਨਾ ਬੇਗ ਨੂੰ ਮਾਲੀਆ ਉਗਰਾਉਣ ਵਿਚ ਪ੍ਰੇਸ਼ਾਨੀ ਹੋ ਰਹੀ ਸੀ ਤੇ ਉਧਰ ਜ਼ਹਾਨ ਖਾਂ ਨੇ ਫੌਰਨ 36 ਲੱਖ ਰੁਪਏ ਭੇਜ ਦੇਣ ਦਾ ਸੁਨੇਹਾ ਘੱਲ ਦਿੱਤਾ ਸੀ। ਅਦੀਨਾ ਬੇਗ ਨੇ ਉਤਰ ਦਿੱਤਾ ਕਿ ਉਸਨੂੰ ਫੌਜਦਾਰੀ ਸੰਭਾਲਿਆਂ ਅਜੇ

ਸਿਰਫ ਦੋ ਮਹੀਨੇ ਹੋਏ ਨੇ। ਪਹਿਲਾਂ ਅਮਨ–ਸ਼ਾਤੀ ਬਹਾਲ ਕਰਨੀ ਹੈ। ਜਦੋਂ ਫਸਲ ਆਏਗੀ, ਲਗਾਨ ਵਸੂਲ ਕੀਤਾ ਜਾਏਗਾ ਤੇ ਸਾਲ ਪੂਰਾ ਹੋਣ ਉਪਰ ਇਹ ਰਕਮ ਭੇਜ ਦਿੱਤੀ ਜਾਏਗੀ। ਜ਼ਹਾਨ ਖਾਂ ਨੇ ਅਦੀਨਾ ਬੇਗ ਦੀ ਇਸ ਦਲੀਲ ਨੂੰ ਨਹੀਂ ਸੁਣਿਆਂ ਤੇ ਉਸਨੂੰ ਲਾਹੌਰ ਦਰਬਾਰ ਵਿਚ ਹਾਜ਼ਰ ਹੋਣ ਦਾ ਹੁਕਮ ਦਿੱਤਾ। ਅਸਲ ਵਿਚ ਜ਼ਹਾਨ ਖਾਂ ਅਦੀਨਾ ਬੇਗ ਉਪਰ ਚਿੜਿਆ ਹੋਇਆ ਸੀ ਤੇ ਉਸਨੂੰ ਲਾਹੌਰ ਦਰਬਾਰ ਵਿਚ ਬੁਲਾਉਣ ਦਾ ਬਹਾਨਾ ਲੱਭ ਰਿਹਾ ਸੀ।

ਅਦੀਨਾ ਬੇਗ ਨੂੰ ਜ਼ਹਾਨ ਖਾਂ ਦੀ ਨੀਅਤ ਉਤੇ ਸ਼ੱਕ ਸੀ—ਉਸਨੇ ਲਾਹੌਰ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ।

ਜ਼ਹਾਨ ਖਾਂ ਚਿੜਚਿੜੇ ਸੁਭਾਅ ਦਾ ਤਾਂ ਸੀ ਹੀ। ਉਸਨੇ ਮੁਰਾਦ ਖਾਂ ਨੂੰ ਇਕ ਵੱਡੀ ਫੌਜ ਦੇ ਕੇ ਭੇਜਿਆ ਕਿ ਉਹ ਅਦੀਨਾ ਬੇਗ ਨੂੰ ਗਿਰਫਤਾਰ ਕਰ ਲਿਆਏ। ਬੁਲੰਦ ਖਾਂ ਨੂੰ ਉਸਦੀ ਸਹਾਇਤਾ ਲਈ ਨਾਲ ਭੇਜਿਆ ਤੇ ਸਰਹਿੰਦ ਦੇ ਨਾਇਬ ਫੌਜਦਾਰ ਸਾਦਿਕ ਬੇਗ ਨੂੰ ਵੀ ਹੁਕਮ ਦਿੱਤਾ ਕਿ ਉਹ ਵੀ ਆਪਣੀ ਫੌਜ ਲੈ ਕੇ ਆ ਜਾਏ।

ਅਦੀਨਾ ਬੇਗ ਵੀ ਪੂਰਾ ਖਰਾਂਟ ਆਦਮੀ ਸੀ। ਉਹ ਜਾਣਦਾ ਸੀ, ਦੁਸ਼ਮਣ ਦੀ ਏਡੀ ਵੱਡੀ ਫੌਜ ਦਾ ਮੁਕਾਬਲਾ ਕਰਨਾ ਸੰਭਵ ਨਹੀਂ। ਉਹ ਫੇਰ ਪਹਾੜਾਂ ਵੱਲ ਚਲਾ ਗਿਆ ਤੇ ਇਕ ਅਜਿਹੀ ਜਗ੍ਹਾ ਮੋਰਚਾ ਬਣਾ ਲਿਆ ਜਿੱਥੋਂ ਹਾਰ ਜਾਣ ਦੀ ਸੂਰਤ ਵਿਚ ਭੱਜ ਕੇ ਜਾਨ ਬਚਾਈ ਜਾ ਸਕਦੀ ਸੀ। ਉਸਨੇ ਸੋਢੀ ਵਡਭਾਗ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਬੇਨਤੀ ਕੀਤੀ ਕਿ ਉਹ ਜ਼ਹਾਨ ਖਾਂ ਦੇ ਵਿਰੁੱਧ ਉਸਦੀ ਮਦਦ ਕਰਨ। ਉਹ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਭਾਲ ਵਿਚ ਸਨ। ਜ਼ਹਾਨ ਖਾਂ ਤੋਂ ਬਦਲਾ ਲੈਣ ਲਈ ਖਾਰ ਖਾਈ ਬੈਠੇ ਸਨ। ਸਾਰਾ ਦਲ–ਖਾਲਸਾ ਲੜਨ ਲਈ ਤਿਆਰ ਹੋ ਗਿਆ।

ਦਸੰਬਰ 1757 ਵਿਚ ਹੁਸ਼ਿਆਰਪੁਰ ਜ਼ਿਲੇ ਦੇ ਮਾਹਲਪੁਰ ਸ਼ਹਿਰ ਲਾਗੇ ਅਫਗਾਨਾਂ ਨਾਲ ਟੱਕਰ ਹੋਈ। ਖਾਲਸੇ ਲਈ ਅਫਗਾਨ ਸਿਪਾਹੀਆਂ ਤੇ ਅਦੀਨਾ ਬੇਗ ਦੇ ਸਿਪਾਹੀਆਂ ਨੂੰ ਵੱਖ ਵੱਖ ਪਛਾਨਣਾ ਮੁਸ਼ਕਲ ਸੀ। ਇਸ ਲਈ ਫੈਸਲਾ ਹੋਇਆ ਕਿ ਅਦੀਨਾ ਬੇਗ ਦੇ ਸਿਪਾਹੀ ਆਪਣੇ ਸਿਰਾਂ ਉਪਰ ਹਰੀ ਘਾਹ ਬੰਨ੍ਹ ਲੈਣ। ਅਫਗਾਨਾਂ ਕੋਲ ਛੋਟੀਆਂ ਤੋਪਾਂ ਸਨ। ਉਹਨਾਂ ਦੀ ਗਿਣਤੀ ਵੀ ਖਾਸੀ ਸੀ ਪਰ ਦ੍ਰਿੜ੍ਹ ਸੰਕਲਪ ਖਾਲਸਾ ਦੇ ਸਾਹਵੇਂ ਉਹ ਟਿਕ ਨਹੀਂ ਸਕੇ। ਬੁਲੰਦ ਖਾਂ ਲੜਦਾ ਹੋਇਆ ਮਾਰਿਆ ਗਿਆ ਤੇ ਮੁਰਾਦ ਖਾਂ ਮੈਦਾਨ ਛੱਡ ਕੇ ਭੱਜ ਗਿਆ। ਅਫਗਾਨ ਫੌਜ ਦੇ ਪੈਰ ਉੱਖੜ ਗਏ। ਖਾਲਸੇ ਦੀ ਜਿੱਤ ਹੋਈ।

ਹੁਣ ਦੁਆਬੇ ਵਿਚ ਸਿੱਖਾਂ ਦਾ ਬੋਲਬਾਲਾ ਸੀ। ਹਰ ਜਗ੍ਹਾ ਜੱਸਾ ਸਿੰਘ ਆਹਲੂਵਾਲੀਆ ਦੀ ਬਹਾਦਰੀ ਦੇ ਚਰਚੇ ਸਨ। ਦੁਆਬੇ ਦੇ ਸਾਰੇ ਜ਼ਿਲਿਆਂ ਵਿਚ ਆਪਣੇ ਵਿਰੋਧੀਆਂ ਨੂੰ ਦਰੜਦੇ ਤੇ ਲੁੱਟਮਾਰ ਕਰਦੇ ਹੋਏ ਸਿੱਖ ਜਲੰਧਰ ਵਿਚ ਜਾ ਪਹੁੰਚੇ। ਖ਼ੁਦ ਅਦੀਨਾ ਬੇਗ ਨੇ ਉਹਨਾਂ ਨੂੰ ਸ਼ਹਿਰ ਲੁੱਟਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ। ਖਾਲਸੇ ਨੇ ਆਪਣੇ ਦੁਸ਼ਮਣਾ ਤੋਂ ਜੀਅ ਭਰ ਕੇ ਬਦਲਾ ਲਿਆ। ਨਾਸਿਰ ਅਲੀ ਖਾਂ ਦਾ, ਜਿਸਨੇ ਕਰਤਾਰਪੁਰ ਦੇ ਸਿੱਖਾਂ ਉਪਰ ਜੁਲਮ ਢਾਏ ਸਨ, ਬੱਚਾ-ਬੱਚੀ ਕਤਲ ਕਰ ਦਿੱਤਾ ਗਿਆ ਤੇ ਉਸਦੇ ਘਰ ਨੂੰ ਲੁੱਟ ਕੇ ਅੱਗ ਲਾ ਦਿੱਤੀ।

ਜ਼ਹਾਨ ਖਾਂ ਨੂੰ ਜਦੋਂ ਮਾਹਲਪੁਰ ਵਿਚ ਅਫਗਾਨ ਫੌਜ ਦੇ ਮਾਤ ਖਾ ਜਾਣ ਦੀ ਖਬਰ ਮਿਲੀ ਤਾਂ ਉਸਨੇ ਸਿਰ ਪਿੱਟ ਲਿਆ। ਉਹ ਤੁਰੰਤ ਲਾਹੌਰ ਤੋਂ ਤੁਰ ਪਿਆ। ਹਾਰੀ ਸੈਨਾ ਉਸਨੂੰ ਬਟਾਲੇ ਵਿਚ ਮਿਲੀ। ਉਸਨੇ ਮੁਰਾਦ ਖਾਂ ਨੂੰ ਦੇਖਿਆ ਤਾਂ ਗੁੱਸੇ ਨਾਲ ਲੋਹਾ ਲਾਖਾ ਹੋ ਕੇ ਹੁਕਮ ਦਿੱਤਾ, "ਇਸ ਸੂਰ ਨੂੰ ਦਰਖ਼ਤ ਨਾਲ ਬੰਨ੍ਹ ਕੇ ਵੀਹ ਬੈਂਤਾਂ ਮਾਰੋ।"

ਅਦੀਨਾ ਬੇਗ ਜ਼ਹਾਨ ਖਾਂ ਨਾਲ ਅਹਮਣੇ-ਸਾਹਮਣੇ ਦੀ ਲੜਾਈ ਲੜਨ ਲਈ ਤਿਆਰ ਨਹੀਂ ਸੀ। ਉਸਦੀ ਫੌਜੀ ਤਾਕਤ ਮਾਹਲਪੁਰ ਦੀ ਲੜਾਈ ਵਿਚ

ਕੰਮਜ਼ੋਰ ਹੋ ਚੁੱਕੀ ਸੀ ਤੇ ਉਸਦੇ ਸਹਾਇਕ ਸਿੱਖ ਦੁਆਬੇ ਵਿਚ ਖਿੱਲਰ ਗਏ ਸਨ। ਉਹ ਫੇਰ ਸ਼ਿਵਾਲਿਕ ਦੀਆਂ ਪਹਾੜੀਆਂ ਵੱਲ ਚਲਾ ਗਿਆ; ਜਿੱਥੇ ਉਸਦਾ ਪਿੱਛਾ ਕਰਨਾ ਆਸਾਨ ਨਹੀਂ ਸੀ। ਜ਼ਹਾਨ ਖਾਂ ਸਰਫਰਾਜ ਖਾਂ ਨੂੰ ਜਲੰਧਰ ਦੁਆਬੇ ਦਾ ਹਾਕਮ ਬਣਾ ਕੇ ਖ਼ੁਦ ਲਾਹੌਰ ਪਰਤ ਗਿਆ। ਸਿੱਖਾਂ ਨੇ ਸਰਫਰਾਜ ਖਾਂ ਨੂੰ ਇਕ ਪਲ ਲਈ ਵੀ ਚੈਨ ਨਹੀਂ ਲੈਣ ਦਿੱਤਾ। ਉਹ ਪਹਾੜਾਂ ਵਿਚੋਂ ਨਿਕਲ ਆਏ ਤੇ ਪੂਰੇ ਦੁਆਬੇ ਵਿਚ ਉਥਲ-ਪੁਥਲ ਮਚਾ ਦਿੱਤੀ। ਇਕ ਮਹੀਨੇ ਤਕ ਸੰਘਰਸ਼ ਜਾਰੀ ਰਿਹਾ। ਉੱਥੇ ਜਿੰਨੇ ਅਫਗਾਨ ਸੈਨਕ ਸਨ, ਖਾਲਸੇ ਨੇ ਮਾਰ ਮਾਰ ਕੇ ਭਜਾ ਦਿੱਤੇ।

ਖਾਲਸਾ ਹੁਣ ਅਫਗਾਨਾਂ ਨੂੰ ਕਿਤੇ ਵੀ ਟਿਕਣ ਨਹੀਂ ਸੀ ਦੇ ਰਿਹਾ। ਲਾਹੌਰ ਤੋਂ ਖ਼ਵਾਜ਼ਾ ਅਬਦੁੱਲਾ ਖਾਂ ਨੂੰ 20 ਹਜ਼ਾਰ ਘੋੜਸਵਾਰ ਦੇ ਕੇ ਭੇਜਿਆ ਗਿਆ। ਖਾਲਸੇ ਦੇ ਹੱਥੋਂ ਉਸਨੂੰ ਵੀ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ। ਅਬਦਾਲੀ ਜਿਹੜੀਆਂ ਤੋਪਾਂ ਲਾਹੌਰ ਛੱਡ ਗਿਆ ਸੀ, ਸਾਰੀਆਂ ਸਿੱਖਾਂ ਦੇ ਹੱਥ ਲੱਗ ਗਈਆਂ ਸਨ।

ਹੁਣ ਸਿੱਖ ਬਿਆਸ ਨਦੀ ਪਾਰ ਕਰਕੇ ਬਾਰੀ ਦੁਆਬੇ ਵਿਚ ਆ ਪਹੁੰਚੇ ਸਨ। ਬਟਾਲਾ ਤੇ ਜਲੰਧਰ ਨੂੰ ਵੀ ਉਹਨਾਂ ਆਪਣੀ ਰਾਖੀ-ਪ੍ਰਣਾਲੀ ਵਿਚ ਸ਼ਾਮਲ ਕਰ ਲਿਆ ਸੀ। ਲਾਹੌਰ ਦੀਆਂ ਬਾਹਰੀ ਬਸਤੀਆਂ ਵੀ ਸੁਰੱਖਿਅਤ ਨਹੀਂ ਸਨ ਰਹੀਆਂ; ਹਰ ਰਾਤ ਹਜ਼ਾਰਾਂ ਸਿੱਖ ਲਾਹੌਰ ਉੱਤੇ ਹੱਲਾ ਬੋਲਦੇ ਤੇ ਇਹਨਾਂ ਬਸਤੀਆਂ ਨੂੰ ਲੁੱਟ ਕੇ ਲੈ ਜਾਂਦੇ। ਉਹਨਾਂ ਦਾ ਪਿੱਛਾ ਕਰਨ ਲਈ ਕੋਈ ਫ਼ੌਜ ਨਹੀਂ ਸੀ ਭੇਜੀ ਜਾਂਦੀ ਤੇ ਸ਼ਹਿਰ ਦੇ ਦਰਵਾਜੇ ਦਿਨ ਦੇ ਛਿਪਾਅ ਤੋਂ ਇਕ ਘੰਟਾ ਬਾਅਦ ਬੰਦ ਕਰ ਦਿੱਤੇ ਜਾਂਦੇ ਸਨ।

ਸਰਕਾਰ ਪੂਰੀ ਤਰ੍ਹਾਂ ਪਿੰਗਲੀ ਹੋ ਗਈ ਜਾਪਦੀ ਸੀ। ਨਵੰਬਰ 1757 ਤੋਂ ਫਰਬਰੀ 1758 ਤਕ ਅਰਾਜਕਤਾ ਦੀ ਸਥਿਤੀ ਬਣੀ ਰਹੀ। ਲੋਕ ਖਾਲਸੇ ਦੇ

ਘੋੜਿਆਂ ਦੀ ਟਾਪ ਸੁਣ ਕੇ ਸਹਿਮ ਜਾਂਦੇ ਸਨ।

ਫੇਰ ਸਿੱਖਾਂ ਦੇ ਹੱਥ ਅਜਿਹਾ ਮੌਕਾ ਆਇਆ ਕਿ ਉਹਨਾਂ ਤੈਮੂਰ ਤੇ ਉਸਦੇ ਸਰਪ੍ਰਸਤ ਜ਼ਹਾਨ ਖਾਂ ਨੂੰ ਵੀ ਲਾਹੌਰ ਵਿਚੋਂ ਭਜਾਅ ਦਿੱਤਾ।

**000**

ਕਿੱਥੇ ਤਾਂ ਅਦੀਨਾ ਬੇਗ ਲਾਹੌਰ ਦੀ ਨਵਾਬੀ ਦੇ ਸੁਪਨੇ ਦੇਖ ਰਿਹਾ ਸੀ ਤੇ ਕਿੱਥੇ ਜਲੰਧਰ ਦੁਆਬੇ ਦੀ ਫੌਜਦਾਰੀ ਵੀ ਉਸਦੇ ਹੱਥੋਂ ਨਿਕਲ ਚੁੱਕੀ ਸੀ। ਭਾਵੇਂ ਉਸਨੇ ਸਿੱਖਾਂ ਦੀ ਮਦਦ ਨਾਲ ਮੁਰਾਦ ਖਾਂ ਤੇ ਬੁਲੰਦ ਖਾਂ ਨੂੰ ਹਰਾ ਦਿੱਤਾ ਸੀ, ਫੇਰ ਵੀ ਉਸਨੂੰ ਇਕ ਪਾਸੇ ਇਹ ਡਰ ਸੀ ਕਿ ਜਦੋਂ ਅਬਦਾਲੀ ਖ਼ੁਦ ਹਮਾਲਾ ਕਰੇਗਾ ਤਾਂ ਉਹ ਅਫਗਾਨਾਂ ਦਾ ਮੁਕਬਲਾ ਨਹੀਂ ਕਰ ਸਕੇਗਾ।...ਤੇ ਦੂਜੇ ਪਾਸੇ ਉਸਨੂੰ ਸਿੱਖਾਂ ਦਾ ਵੀ ਡਰ ਸੀ ਕਿਉਂਕਿ ਸਿੱਖ ਪੰਜਾਬ ਦੇ ਦਾਅਵੇਦਾਰ ਸਨ ਤੇ ਹੁਣ—

'ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ।'

—ਦੇ ਉਸ ਦਿਨ ਦੇ ਇੰਤਜ਼ਾਰ ਵਿਚ ਸਨ।

ਉਹ ਦੇਖ ਰਿਹਾ ਸੀ ਕਿ ਸਿੱਖਾਂ ਦਾ ਜ਼ੋਰ ਦਿਨੋ-ਦਿਨ ਵਧ ਰਿਹਾ ਹੈ। ਇਹ ਸਭ ਸੋਚ ਕੇ ਉਸਨੇ ਆਪਣੇ ਵਕੀਲ ਹਰ ਲਾਲ ਰਾਹੀਂ ਮਰਾਠਿਆਂ ਨਾਲ ਗੰਢ-ਤੁਪ ਕਰਨ ਦੀ ਯੋਜਨਾ ਬਣਾਈ।

ਮਰਾਠਾ ਸਰਦਾਰ ਰਘੁਨਾਥ ਨੇ ਦਿੱਲੀ ਕੋਲ ਡੇਰੇ ਲਾਏ ਹੋਏ ਸਨ। ਹਰ ਲਾਲ ਉਸਦੇ ਕੋਲ ਗਿਆ ਤੇ ਅਦੀਨਾ ਬੇਗ ਵੱਲੋਂ ਇਹ ਸੁਝਾਅ ਰੱਖਿਆ ਕਿ ਜੇ ਉਹ ਪੰਜਾਬ ਉਪਰ ਚੜ੍ਹਾਈ ਕਰਨ ਤਾਂ ਉਹਨਾਂ ਨੂੰ ਕੂਚ ਦੇ ਹਰੇਕ ਦਿਨ ਦਾ ਇਕ ਲੱਖ ਰੁਪਈਆ ਤੇ ਪੜਾਅ ਵਾਲੇ ਦਿਨ ਦਾ ਪੰਜਾਹ ਹਜ਼ਾਰ ਰੁਪਈਆ ਦਿੱਤਾ ਜਾਏਗਾ। ਬਿੱਲੀ ਭਾਣੇ ਛਿੱਕਾ ਟੁੱਟਿਆ। ਮਰਾਠਿਆਂ ਨੂੰ ਹੋਰ ਕੀ ਚਾਹੀਦਾ ਸੀ, ਰੁਪਏ ਵੀ ਮਿਲ ਰਹੇ ਸਨ ਤੇ ਉਹਨਾਂ ਦੀ ਸ਼ਕਤੀ ਦਾ ਵਿਸਥਾਰ ਸਿੰਧ ਤਕ ਹੋ

ਰਿਹਾ ਸੀ।

ਰਘੁਨਾਥ ਨੇ ਆਪਣੀ ਦੋ ਲੱਖ ਫੌਜ ਦੇ ਨਾਲ ਫਰਬਰੀ **1758** ਦੇ ਅਖ਼ੀਰ ਵਿਚ ਪੰਜਾਬ ਵੱਲ ਕੂਚ ਕਰ ਦਿੱਤਾ। ਉਹ ਪੰਜ ਮਾਰਚ ਨੂੰ ਅੰਬਾਲੇ ਦੇ ਨੇੜੇ ਮੁਗਲ ਸਰਾਏ ਪਹੁੰਚ ਗਿਆ। ਉੱਥੋਂ ਚੱਲ ਕੇ **8** ਮਾਰਚ ਨੂੰ ਸਰਾਏ ਬੰਜਾਰਾ ਪਹੁੰਚਿਆ ਤੇ ਹੁਣ ਸਰਹਿੰਦ ਨੇੜੇ ਹੀ ਸੀ।

ਅਦੀਨਾ ਬੇਗ ਨੂੰ ਇਹ ਵਿਸ਼ਵਾਸ ਨਹੀਂ ਸੀ ਕਿ ਮਰਾਠੇ ਮੁੱਖ ਅਫਗਾਨ ਸੈਨਾ ਦਾ ਮੁਕਬਲਾ ਕਰ ਸਕਣਗੇ। ਇਸ ਲਈ ਮਰਾਠਿਆਂ ਨਾਲ ਆਪਣੀ ਸੰਢ–ਗੰਢ ਨੂੰ ਉਸਨੇ ਗੁਪਤ ਹੀ ਰੱਖਿਆ ਸੀ...ਤੇ ਜਿਵੇਂ ਕਿ ਉਸਦੀ ਆਦਤ ਸੀ, ਅਬਦਾਲੀ ਸਰਕਾਰ ਨਾਲ ਸੁਲਾਹ ਦਾ ਦਰਵਾਜ਼ਾ ਵੀ ਖੁੱਲ੍ਹਾ ਰੱਖਿਆ ਸੀ। ਉਸਨੇ ਅੰਬਾਲੇ ਤੋਂ ਤੈਮੂਰ ਸ਼ਾਹ ਤੇ ਜ਼ਹਾਨ ਖਾਂ ਨੂੰ ਚਿੱਠੀ ਲਿਖੀ—'ਮਰਾਠਿਆਂ ਨੇ ਪੰਜਾਬ ਉਪਰ ਅਚਾਨਕ ਚੜ੍ਹਾਈ ਕਰ ਦਿੱਤੀ ਹੈ। ਇਸ ਦੀ ਕੋਈ ਉਮੀਦ ਨਹੀਂ ਸੀ। ਮੈਂ ਹਾਲਾਤ ਨੂੰ ਮੁੱਖ ਰੱਖ ਕੇ ਉਹਨਾਂ ਨਾਲ ਆ ਮਿਲਿਆ ਹਾਂ। ਯਕੀਨ ਰੱਖਣਾ ਕਿ ਮੈਂ ਦੁਰਾਨੀਆਂ ਦਾ ਨਮਕ ਹਲਾਲ ਨੌਕਰ ਹਾਂ ਤੇ ਸਮਾਂ ਆਉਣ 'ਤੇ ਆਪਣੀ ਵਫ਼ਾਦਾਰੀ ਦਾ ਸਬੂਤ ਦਿਆਂਗਾ। ਤੁਸੀਂ ਘੰਟੇ ਭਰ ਦੀ ਵੀ ਦੇਰ ਨਾ ਕਰੋ ਤੇ ਮਰਾਠਿਆਂ ਉਪਰ ਚੜ੍ਹਾਈ ਕਰ ਦਿਓ।'

ਖਾਲਸਾ ਸਰਹਿੰਦ ਦੇ ਖ਼ਿਲਾਫ਼ ਪਹਿਲਾਂ ਹੀ ਦੰਦ ਪੀਹ ਰਿਹਾ ਸੀ। ਉੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬ ਜਾਦਿਆਂ ਨੂੰ ਕੰਧ ਵਿਚ ਚਿਣਵਾਇਆ ਗਿਆ ਸੀ। ਜਿਸ ਤਰ੍ਹਾਂ ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਵਜਾਈ ਸੀ, ਉਹ ਇਕ ਵਾਰੀ ਫੇਰ ਇੱਟ ਨਾਲ ਇੱਟ ਵਜਾ ਦੇਣਾ ਚਾਹੁੰਦਾ ਸਨ। ਉਹ ਅਦੀਨਾ ਬੇਗ ਨਾਲ ਇਸ ਸ਼ਰਤ ਨਾਲ ਰਾਜੀ ਹੋ ਗਏ ਕਿ ਸਰਹਿੰਦ ਉੱਤੇ ਪਹਿਲਾ ਹਮਲਾ ਸਿੱਖਾਂ ਦਾ ਹੋਏਗਾ; ਫੇਰ ਕਿਸੇ ਹੋਰ ਦਾ। ਰਘੁਨਾਥ ਰਾਵ ਸਰਹਿੰਦ ਪਹੁੰਚਿਆ ਤਾਂ ਇਧਰੋਂ ਅਦੀਨਾ ਬੇਗ ਤੇ ਸਿੱਖ ਵੀ ਜਾ ਪਹੁੰਚੇ। ਇਸ

ਸਮੇਂ ਸਰਹਿੰਦ ਦਾ ਫੌਜਦਾਰ ਅਸਦੁੱਸ ਸਮਦ ਮੁਹੰਮਦ ਜਈ ਸੀ, ਜਿਸਨੂੰ ਅਹਿਮਦ ਸ਼ਾਹ ਅਬਦਾਲੀ ਇੱਥੇ ਛੱਡ ਗਿਆ ਸੀ। ਅਬਦੁੱਸ ਸਮਦ ਨੇ ਸਰਹਿੰਦ ਦੀ ਖ਼ੂਬ ਮਜ਼ਬੂਤ ਕਿਲਾ ਬੰਦੀ ਕੀਤੀ ਹੋਈ ਸੀ, ਪਰ ਜਦੋਂ ਦੇਖਿਆ ਕਿ ਉਹ ਦੁਸ਼ਮਣ ਦੀ ਵਿਸ਼ਾਲ ਸੈਨਾ ਦਾ ਮੁਕਾਬਲਾ ਨਹੀਂ ਕਰ ਸਕੇਗਾ ਤਾਂ ਉਹ ਕਿਲਾ ਬੰਦ ਕਰਕੇ ਬੈਠ ਗਿਆ। ਮਰਾਠਿਆਂ, ਸਿੱਖਾਂ ਤੇ ਅਦੀਨਾ ਬੇਗ ਨੇ ਕਿਲੇ ਨੂੰ ਘੇਰ ਲਿਆ। ਕੁਝ ਦਿਨਾਂ ਦੀ ਗੋਲਾਬਾਰੀ ਤੋਂ ਪਿੱਛੋਂ ਅਬਦੁੱਸ ਸਮਦ ਤੇ ਉਸਦਾ ਨਾਇਬ ਜੰਗ ਬਾਜ ਖਾਂ ਭੱਜ ਨਿਕਲੇ। ਮਰਾਠਿਆਂ ਨੇ ਉਹਨਾਂ ਦਾ ਪਿੱਛਾ ਕੀਤਾ ਤੇ ਫੜ੍ਹ ਕੇ ਕੈਦ ਕਰ ਲਿਆ। ਪਹਿਲੇ ਦਿਨ ਸਿੱਖ ਸ਼ਹਿਰ ਵਿਚ ਦਾਖਲ ਹੋਏ ਤੇ ਉਸਨੂੰ ਲੁੱਟਣਾ ਸ਼ੁਰੂ ਕੀਤਾ। ਦੂਜੇ ਦਿਨ ਇਸ ਲੁੱਟ ਵਿਚ ਮਰਾਠੇ ਵੀ ਆ ਸ਼ਾਮਲ ਹੋਏ। ਏਨੀ ਲੁੱਟ ਮੱਚੀ ਕਿ ਕਿਸੇ ਔਰਤ ਮਰਦ ਦੇ ਸਰੀਰ ਉਪਰ ਕੱਪੜਾ ਤਕ ਨਹੀਂ ਛੱਡਿਆ ਗਿਆ। ਦੱਬਿਆ ਹੋਇਆ ਧਨ ਲੱਭਣ ਲਈ ਫਰਸ਼ ਪੁੱਟ ਸੁੱਟੇ ਗਏ, ਛੱਤਾਂ ਉਖਾੜ ਦਿੱਤੀਆਂ ਗਈਆਂ ਤੇ ਘਰਾਂ ਦੇ ਬੂਹੇ ਤਕ ਪੁੱਟ ਸੁੱਟੇ ਗਏ। ਜੋ ਕੁਝ ਵੀ ਜਿਸਦੇ ਹੱਥ ਲੱਗਿਆ, ਲੁੱਟ ਲਿਆ ਗਿਆ।

ਜ਼ਹਾਨ ਖਾਂ ਨੂੰ ਜਦੋਂ ਇਹ ਸਮਾਚਾਰ ਮਿਲਿਆ ਕਿ ਮਰਾਠਿਆਂ ਨੇ ਸਰਹਿੰਦ ਨੂੰ ਘੇਰ ਲਿਆ ਹੈ ਤਾਂ ਉਹ ਤੁਰੰਤ ਦੋ ਹਜ਼ਾਰ ਘੋੜਸਵਾਰ ਨਾਲ ਲੈ ਕੇ ਲਾਹੌਰ ਤੋਂ ਚੱਲ ਪਿਆ, ਪਰ ਜਲੰਧਰ ਵਿਚ ਆ ਕੇ ਰੁਕ ਗਿਆ ਤੇ ਚਾਲ੍ਹੀ ਦਿਨ ਉੱਥੇ ਹੀ ਰੁਕਿਆ ਰਿਹਾ। ਇਹ ਸੁਣ ਕੇ ਕਿ ਮਰਾਠਿਆਂ ਕੋਲ ਕਾਫੀ ਵਿਸ਼ਾਲ ਸੈਨਾ ਹੈ, ਉਸਦਾ ਪਿੱਤਾ ਪਾਣੀ ਹੋ ਗਿਆ ਸੀ। ਉਹ ਲਾਹੌਰ ਪਰਤ ਆਇਆ ਤੇ ਅਫਗਾਨਿਸਤਾਨ ਨੱਸ ਜਾਣ ਦੀ ਤਿਆਰੀ ਕਰਨ ਲੱਗਿਆ।

ਜ਼ਹਾਨ ਖਾਂ ਨੇ **9** ਅਪਰੈਲ **1758** ਨੂੰ ਲਾਹੌਰ ਖਾਲੀ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਰਾਵੀ ਪਾਰ ਸ਼ਾਹਦਰਾ ਵਿਚ ਆਪਦਾ ਕੈਂਪ ਲਾਇਆ। ਸਭ ਤੋਂ ਪਹਿਲਾਂ ਤੈਮੂਰ ਸ਼ਾਹ ਨੇ ਆਪਣੀ ਮਾਂ, ਆਪਣੀਆਂ ਜ਼ਨਾਨੀਆਂ ਤੇ ਹੋਰ ਰਿਸ਼ਤੇਦਾਰਾਂ ਨੂੰ ਉੱਥੇ ਪਹੁੰਚਾ ਦਿੱਤਾ। ਉਸ ਪਿੱਛੋਂ ਦੁਰਾਨੀ ਸਰਦਾਰਾਂ ਨੇ ਸੈਨਕਾਂ ਨੇ ਸਾਮਾਨ

ਛਕੜਿਆਂ ਵਿਚ ਲੱਦ ਕੇ ਉੱਥੇ ਪਹੁੰਚਾਉਣਾ ਸ਼ੁਰੂ ਕੀਤਾ—ਉਹ ਦਿਨ ਰਾਤ ਕਈ ਕਈ ਚੱਕਰ ਲਾਉਂਦੇ ਸਨ। ਜਦੋਂ ਪਤਾ ਲੱਗਿਆ ਕਿ ਮਰਾਠਿਆਂ ਨੇ ਬਿਆਸ ਪਾਰ ਕਰ ਲਿਆ ਹੈ ਤੇ ਉਹ ਤੇਜ਼ੀ ਨਾਲ ਲਾਹੌਰ ਵੱਲ ਵਧ ਰਹੇ ਹਨ ਤਾਂ ਤੈਮੂਰ ਸ਼ਾਹ ਤੇ ਜ਼ਹਾਨ ਖਾਂ ਵੀ ਉਸੇ ਦੁਪਹਿਰ ਰਾਵੀ ਪਾਰ ਕਰਕੇ ਸ਼ਾਹਦਰਾ ਜਾ ਪਹੁੰਚੇ। ਜਿਹੜਾ ਸਾਮਾਨ ਚੁੱਕਿਆ ਨਹੀਂ ਜਾ ਸਕਿਆ, ਅਫਗਾਨ ਸੈਨਾ ਨੇ ਉਸਨੂੰ ਅੱਗ ਲਾ ਦਿੱਤੀ। ਖ਼ਵਾਜ਼ਾ ਸਰਾਵਾਂ ਨੇ ਤੈਮੂਰ ਤੇ ਜ਼ਹਾਨ ਖਾਂ ਦੇ ਪਰਿਵਾਰ ਦੀਆਂ ਔਰਤਾਂ ਨੂੰ ਘੋੜਿਆਂ 'ਤੇ ਉੱਠਾਂ ਉਤੇ ਸਵਾਰ ਕੀਤਾ ਤੇ ਇਹ ਸਾਰਾ ਅਫਗਾਨ ਕਾਰਵਾਂ ਕਾਬੁਲ ਵੱਲ ਤੁਰ ਪਿਆ।

ਜ਼ਹਾਨ ਖਾਂ, ਮੁਗਲਾਨੀ ਬੇਗਮ ਤੇ ਉਸਦੀ ਛੋਟੀ ਕੁਆਰੀ ਬੇਟੀ ਨੂੰ ਵੀ ਸ਼ਾਹਦਰਾ ਕੈਂਪ ਵਿਚ ਨਾਲ ਲੈ ਆਇਆ ਸੀ। ਪਰ ਹੁਣ ਜਦੋਂ ਭੱਜਣ ਦੀ ਅਫਰਾ-ਤਫਰੀ ਮੱਚੀ ਤਾਂ ਬੇਗਮ ਤੇ ਉਸਦੀ ਬੇਟੀ ਦੀ ਕਿਸੇ ਨੂੰ ਸੁੱਧ ਨਾ ਰਹੀ। ਤਹਿਮਸ ਮਸਕੀਨ ਉਹਨਾਂ ਨੂੰ ਇਕ ਰਥ ਵਿਚ ਬਿਠਾਅ ਦੇ ਫੇਰ ਲਾਹੌਰ ਲੈ ਆਇਆ ਤੇ ਉਸ ਹਵੇਲੀ ਵਿਚ ਪਹੁੰਚਾ ਦਿੱਤਾ ਜਿਸ ਵਿਚ ਬੇਗਮ ਨੇ ਕਦੀ ਪੰਜਾਬ ਦੀ ਹਾਕਮ ਦੀ ਹੈਸੀਅਤ ਨਾਲ ਰੰਗ-ਰਲੀਆਂ ਮਨਾਈਆਂ ਸਨ ਤੇ ਜਿਸ ਨੂੰ ਹੁਣ ਤੈਮੂਰ ਸ਼ਾਹ ਛੱਡ ਕੇ ਭੱਜ ਗਿਆ ਸੀ। ਬੇਗਮ ਹਵੇਲੀ ਵਿਚ ਪੈਰ ਰੱਖਦਿਆਂ ਹੀ ਖਿੜ-ਖਿੜ ਕਰਕੇ ਹੱਸਣ ਲੱਗ ਪਈ ਤੇ ਕਾਫੀ ਦੇਰ ਤਕ ਇੰਜ ਹੀ ਹੱਸਦੀ ਰਹੀ ਜਿਵੇਂ ਉਸਨੂੰ ਹਾਸੇ ਦਾ ਦੌਰਾ ਪੈ ਗਿਆ ਹੋਏ।

“ਖਾਲਾ ਜਾਨ ਅੱਜ ਬੜੇ ਖ਼ੁਸ਼ ਓ? ਮੈਂ ਤੁਹਾਨੂੰ ਏਨਾ ਖ਼ੁਸ਼ ਪਹਿਲਾਂ ਕਦੀ ਨਹੀਂ ਦੇਖਿਆ।” ਸ਼ਾਦ ਅਲੀ ਉਰਫ਼ ਮੇਹਰ ਅਲੀ ਨੇ ਉਸਨੂੰ ਪਾਣੀ ਦਾ ਗਲਾਸ ਪੇਸ਼ ਕਰਦਿਆਂ ਹੋਇਆਂ ਕਿਹਾ।

“ਖ਼ੁਸ਼ੀ ਦਾ ਮੌਕਾ ਹੋਏ ਤਾਂ ਇਨਸਾਨ ਨੂੰ ਖ਼ੁਸ਼ ਹੋਣਾ ਹੀ ਚਾਹੀਦਾ ਏ।” ਬੇਗਮ ਨੇ

ਜਵਾਬ ਦਿੱਤਾ ਤੇ ਪਾਣੀ ਦਾ ਘੁੱਟ ਭਰ ਕੇ ਬੋਲੀ, "ਮੋਏ ਅਬਦਾਲੀ ਨੇ ਮੇਰੇ ਅਹਿਸਾਨਾਂ ਦਾ ਬਦਲਾ ਇਹ ਦਿੱਤਾ ਹਵੇਲੀ 'ਚੋਂ ਕੱਢ ਕੇ ਖੰਡਰ ਵਿਚ ਸੁੱਟ ਦਿੱਤਾ। ਜੇ ਕੋਈ ਬੇਗੁਨਾਹ ਦਾ ਦਿਲ ਦੁਖਾਂਦਾ ਏ, ਖ਼ੁਦਾ ਉਸਨੂੰ ਬਖ਼ਸ਼ਦਾ ਨਹੀਂ, ਜ਼ਰੂਰ ਸਜ਼ਾ ਦਿੰਦਾ ਏ। ਪਈ ਨਾ ਇਹਨਾਂ ਅਹਿਸਾਨ ਫਰਾਮੋਸ਼ਾਂ ਨੂੰ ਖ਼ੁਦਾ ਦੀ ਮਾਰ?"

"ਪਈ, ਹਾਂ ਜੀ, ਬੜੀ ਬੁਰੀ ਮਾਰ ਪਈ।" ਸ਼ਾਦ ਅਲੀ ਨੇ ਸਮਰਥਨ ਦਿੱਤਾ।

"ਮੇਰਾ ਹੱਕ ਖੋਹ ਕੇ ਆਪਣੇ ਬੇਟੇ ਨੂੰ ਲਾਹੌਰ ਦਾ ਨਵਾਬ ਬਣਾਅ ਦਿੱਤਾ...ਇਹ ਨਹੀਂ ਸੋਚਿਆ ਕਿ ਮੈਂ ਇਕ ਔਰਤ ਦਾ ਹੱਕ ਖੋਹ ਰਿਹਾਂ। ਮੇਰੇ ਉਪਰ ਵੀ ਕੋਈ ਹੈ। ਲੈ ਲਿਆ ਨਾ ਹਕੂਮਤ ਦਾ ਮਜ਼ਾਅ। ਖ਼ੁਦਾ ਦੇ ਘਰ ਦੇਰ ਤਾਂ ਹੋ ਸਕਦੀ ਏ, ਹਨੇਰ ਨਹੀ ਹੁੰਦਾ। ਪਰ ਅਜੇ ਤਾਂ ਦੇਰ ਵੀ ਨਹੀਂ ਹੋਈ। ਹਾ–ਹਾ–ਹਾ–ਹਾ, ਦੇਰ ਵੀ ਨਹੀਂ ਹੋਈ।" ਉਹ ਫੇਰ ਉੱਚੀ ਉੱਚੀ ਹੱਸੀ ਤੇ ਹੱਸਦੀ ਹੀ ਰਹੀ।

ਸ਼ਾਹ ਅਲੀ ਮਸਕੀਨ ਦਾ ਵਿਸ਼ਵਾਸ ਪਾਤਰ ਤਾਂ ਸੀ ਹੀ, ਉਸਨੇ ਬੇਗਮ ਨਾਲ ਵੀ ਖਾਲਾ ਦਾ ਰਿਸ਼ਤਾ ਜੋੜ ਲਿਆ ਸੀ। ਉਹ ਉਸਨੂੰ ਪੁੱਤਰਾਂ ਵਾਂਗ ਪਿਆਰ ਕਰਦੀ ਸੀ ਤੇ ਉਸ ਦੇ ਸਾਹਮਣੇ ਆਪਣੇ ਦਿਲ ਦੀ ਗੱਲ ਕਹਿਣ ਵਿਚ ਜ਼ਰਾ ਵੀ ਸੰਕੋਚ ਨਹੀਂ ਸੀ ਕਰਦੀ।

"ਇਸ ਹਵੇਲੀ ਨੂੰ ਦੇਖਣ ਲਈ ਮੇਰੀਆਂ ਅੱਖਾਂ ਤਰਸ ਗਈਆਂ ਸਨ। ਕੌਣ ਜਾਣਦਾ ਸੀ ਕਿ ਇਹ ਦਿਨ ਵੀ ਆਏਗਾ! ਹਾ–ਹਾ–ਹਾ–ਹਾ, ਮੇਰੀ ਇਹ ਹਸਰਤ ਵੀ ਪੂਰੀ ਹੋਈ।"

ਇਸੇ ਸਮੇਂ ਮਸਕੀਨ ਅੰਦਰ ਆਇਆ। ਉਸਦੇ ਹੱਥ ਵਿਚ ਦੋ ਬੰਦੂਕਾਂ ਸਨ। ਇਕ ਬੰਦੂਕ ਸ਼ਾਦ ਅਲੀ ਵੱਲ ਵਧਾਅ ਕੇ ਬੋਲਿਆ, "ਲੈ ਬਈ, ਹੁਣ ਤਕ ਤਾਂ ਤੂੰ ਕਲਮ ਚਲਾਈ ਏ, ਹੁਣ ਅਹਿ ਬੰਦੂਕ ਫੜ੍ਹ। ਲੁਟੇਰਿਆਂ ਦਾ ਸ਼ਹਿਰ ਵਿਚ ਘੁਸ

ਆਉਣ ਦਾ ਖ਼ਤਰਾ ਏ...ਅਸੀਂ ਉਹਨਾਂ ਤੋਂ ਲੋਕਾਂ ਦੀ ਹਿਫਾਜ਼ਤ ਕਰਨੀ ਏਂ।"

"ਹਾਂ, ਜਾਓ। ਸਾਰੇ ਜਾਓ ਤੇ ਛੇਤੀ ਜਾਓ। ਹੁਣ ਅਸਾਂ ਸ਼ਹਿਰ ਦੇ ਹਾਕਮ ਹਾਂ ਤੇ ਅਸੀਂ ਆਪ ਆਪਣੀ ਰਿਆਸਤ ਦੀ ਹਿਫ਼ਾਜ਼ਤ ਕਰਨੀ ਏਂ।" ਬੇਗਮ ਨੇ ਇੰਜ ਕਿਹਾ ਜਿਵੇਂ ਸਭ ਕੁਝ ਉਸਦੇ ਹੁਕਮ ਨਾਲ ਹੀ ਹੋ ਰਿਹਾ ਹੋਏ।

ਸ਼ਹਿਰ ਲਾਵਾਰਿਸ ਸੀ। ਸਭ ਪਾਸੇ ਅਫਰਾ-ਤਫਰੀ ਤੇ ਆਤੰਕ ਫੈਲਿਆ ਹੋਇਆ ਸੀ। ਲੁਟੇਰੇ ਤੇ ਚੋਰ-ਉੱਚਕੇ, ਖੁੱਲ੍ਹੇ-ਖੇਡ ਰਹੇ ਸਨ। ਉਹ ਨਿਆਸਰੇ ਲੋਕਾਂ ਤੋਂ ਪੈਸਾ-ਟਕਾ, ਕੱਪੜਾ-ਲੀੜਾ ਤੇ ਹੋਰ ਜੋ ਕੁਝ ਵੀ ਹੱਥ ਲੱਗਦਾ ਖੋਹ ਲੈ ਜਾਂਦੇ। ਮਸਕੀਨ ਨੇ, ਜਿੰਨੇ ਵੀ ਆਦਮੀ ਉਸਦੇ ਨਾਲ ਸਨ, ਉਹਨਾਂ ਨਾਲ ਰਲ ਕੇ ਇਸ ਲੁੱਟ ਨੂੰ ਜਿੱਥੋਂ ਤਕ ਸੰਭਵ ਹੋ ਸਕਿਆ ਰੋਕਣ ਦੀ ਕੋਸ਼ਿਸ਼ ਕੀਤੀ। ਸੂਰਜ ਦੇ ਡੁੱਬਦਿਆਂ ਹੀ ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਤੇ ਪਹਿਰਾ ਸਖ਼ਤ ਕਰ ਦਿੱਤਾ ਜਾਂਦਾ।

ਸ਼ਾਹਦਰ ਵਿਚੋਂ ਭੱਜਣ ਸਮੇਂ ਤੈਮੂਰ ਆਪਣੇ ਕਈ ਹਜ਼ਾਰ ਸਿਪਾਹੀ ਮੀਰ ਹਜਾਰਾ ਖਾਂ ਦੀ ਕਮਾਨ ਵਿਚ ਪਿੱਛੇ ਛੱਡ ਗਿਆ ਸੀ। 10 ਅਪਰੈਲ ਦੀ ਸਵੇਰ ਨੂੰ ਮਰਾਠਿਆਂ ਤੇ ਸਿੱਖਾਂ ਨੇ ਲਾਹੌਰ ਸ਼ਹਿਰ ਉਪਰ ਕਬਜਾ ਕੀਤਾ ਤੇ ਫੇਰ ਰਾਵੀ ਪਾਰ ਕਰਕੇ ਮੀਰ ਹਜਾਰਾ ਖਾਂ ਉਪਰ ਹੱਲਾ ਬੋਲ ਦਿੱਤਾ।

ਹਜਾਰਾ ਖਾਂ ਉਹਨਾਂ ਸਾਹਵੇਂ ਜ਼ਿਆਦਾ ਦੇਰ ਤਕ ਨਹੀਂ ਟਿਕ ਸਕਿਆ। ਥੋੜ੍ਹਾ ਚਿਰ ਲੜਨ ਪਿੱਛੋਂ ਭੱਜ ਖੜ੍ਹਾ ਹੋਇਆ, ਪਰ ਮਰਾਠਿਆਂ ਨੇ ਤੇ ਸਿੱਖਾਂ ਨੇ ਉਸਨੂੰ ਘੇਰ ਲਿਆ। ਹਜਾਰਾ ਖਾਂ ਤੇ ਉਸਦੇ ਸਾਰੇ ਸਿਪਾਹੀ ਫੜ੍ਹੇ ਗਏ।

ਤੈਮੂਰ ਸ਼ਾਹ ਤੇ ਜ਼ਹਾਨ ਖਾਂ ਨੇ ਇਹ ਖ਼ਬਰ ਸੁਣੀ ਤਾਂ ਸਿਰ ਉਤੇ ਪੈਰ ਰੱਖ ਕੇ ਇੰਜ ਭੱਜੇ ਕਿ ਲਾਹੌਰ ਦੇ ਉਤਰ-ਪੱਛਮ ਵਿਚ, ਕੋਈ ਪੰਤਾਲੀ ਕੋਹ ਕੇ ਫਾਸਲੇ 'ਤੇ, ਸਰਾਏ ਕਾਚੀ ਜਾ ਕੇ ਰੁਕੇ। ਮਰਾਠਿਆਂ ਨੇ ਸਿੱਖਾਂ ਨੇ ਉਹਨਾਂ ਦਾ ਪਿੱਛਾ ਕੀਤਾ। ਉਹਨਾਂ ਕੋਲ ਘੇਰਾਬੰਦੀ ਕਰਨ ਦਾ ਸਮਾਂ ਨਹੀਂ ਸੀ। ਜ਼ਹਾਨ ਖਾਂ ਨੇ ਇਸ

ਸਮੇਂ ਦਾ ਲਾਭ ਉਠਾਇਆ ਤੇ ਰਾਤ ਨੂੰ ਹੀ ਉਹ ਲੋਕ ਹਨੇਰੇ ਵਿਚ ਸਰਾਂ ਵਿਚੋਂ ਨਿਕਲ ਕੇ ਭੱਜ ਤੁਰੇ। ਅੱਗੇ ਚਨਾਬ ਦਰਿਆ ਸੀ ਜਿਸਦਾ ਵਹਾਅ ਖਾਸਾ ਤੇਜ਼ ਸੀ, ਪਾਟ ਚੌੜਾ ਤੇ ਪਾਣੀ ਠੰਡਾ। ਤੈਮੂਰ ਸ਼ਾਹ ਤੇ ਜ਼ਹਾਨ ਖਾਂ ਨੇ ਵਜੀਰਾਬਾਦ ਦੇ ਨੇੜਿਓਂ ਚਨਾਬ ਪਾਰ ਕੀਤਾ ਹੀ ਸੀ ਕਿ ਮਰਾਠਿਆਂ ਤੇ ਸਿੱਖਾਂ ਨੇ ਆ ਧਾਵਾ ਬੋਲਿਆ। ਸਾਰਾ ਸਾਮਾਨ, ਅਫਗਾਨ ਸਿਪਾਹੀ ਤੇ ਉਹਨਾਂ ਦੇ ਕੈਂਪ ਦਾ ਸਾਮਾਨ ਅਜੇ ਦਰਿਆ ਦੇ ਪੂਰਬੀ ਕੰਢੇ ਉਪਰ ਹੀ ਸੀ, ਜਿਹੜਾ ਸਿੱਖਾਂ ਤੇ ਮਰਾਠਿਆਂ ਦੇ ਹੱਥ ਆਇਆ। ਅਬਦਾਲੀ ਦਾ ਇਕ ਸਿਪਾਹੀ ਵੀ ਬਚ ਕੇ ਨਹੀਂ ਸੀ ਜਾ ਸਕਿਆ—ਕਈਆਂ ਨੂੰ ਕਤਲ ਕਰ ਦਿੱਤਾ ਗਿਆ ਸੀ ਤੇ ਕਈ ਕੈਦੀ ਬਣਾ ਲਏ ਗਏ ਸਨ।

ਸਿੱਖਾਂ ਨੇ ਜਿਹਨਾਂ ਅਫਗਾਨ ਸਿਪਾਹੀਆਂ ਨੂੰ ਕੈਦੀ ਬਣਾਇਆ ਉਹਨਾਂ ਨੂੰ ਉਹ ਅੰਮ੍ਰਿਤਸਰ ਲੈ ਆਏ। ਜਿਸ ਸਰੋਵਰ ਨੂੰ ਇਨਸਾਨਾਂ ਤੇ ਪਸ਼ੂਆਂ ਦੀਆਂ ਹੱਡੀਆਂ ਨਾਲ ਭਰ ਦਿੱਤਾ ਗਿਆ ਸੀ, ਉਸਨੂੰ ਇਹਨਾਂ ਅਫਗਾਨ ਕੈਦੀਆਂ ਤੋਂ ਹੀ ਸਾਫ ਕਰਵਾਇਆ ਗਿਆ।

**000**

ਪੰਜਾਬ ਉਪਰ ਮਰਾਠਿਆਂ ਦਾ ਕਬਜਾ ਹੋ ਗਿਆ। ਉਹਨਾਂ ਅਦੀਨਾ ਬੇਗ ਨੂੰ ਲਾਹੌਰ ਦਾ ਨਵਾਬ ਥਾਪ ਦਿੱਤਾ ਤੇ ਸਮਝੌਤਾ ਹੋਇਆ ਕਿ ਉਹ ਮਰਾਠਿਆਂ ਨੂੰ 75 ਲੱਖ ਰੁਪਏ ਸਾਲਾਨਾ ਮਾਲੀਆ ਦਏਗਾ।

ਅਦੀਨਾ ਬੇਗ ਨੂੰ ਲਾਹੌਰ ਵਿਚ ਰਹਿਣਾ ਪਸੰਦ ਨਹੀਂ ਸੀ। ਉਸਨੇ ਬਟਾਲੇ ਨੂੰ ਆਪਣਾ ਸਦਰ-ਮੁਕਾਮ (ਰਾਜਧਾਨੀ) ਬਣਾਇਆ। ਉਸਨੇ ਖਵਾਜ਼ਾ ਮਿਰਜ਼ਾ ਜਾਨ ਨੂੰ, ਜਿਹੜਾ ਹੁਣ ਉਸਦਾ ਜਵਾਈ ਵੀ ਸੀ, ਲਾਹੌਰ ਵਿਚ ਆਪਣਾ ਨਾਇਬ ਥਾਪ ਦਿੱਤਾ ਤੇ ਸਰਹਿੰਦ ਦੀ ਫੌਜਦਾਰੀ ਸਾਦਿਕ ਬੇਗ ਨੂੰ ਦੇ ਦਿੱਤੀ। ਮੁਲਤਾਨੀ ਬੇਗਮ ਖਵਾਜਾ ਮਿਰਜ਼ਾ ਖਾਂ ਦੀ ਭਾਣਜੀ ਸੀ, ਪਰ ਉਹ ਉਸਨੂੰ ਲਾਹੌਰ ਵਿਚ

ਰੱਖਣਾ ਨਹੀਂ ਚਾਹੁੰਦਾ ਸੀ। ਇਸ ਲਈ ਉਸਨੇ ਅਦੀਨਾ ਬੇਗ ਨੂੰ ਕਿਹਾ, "ਮੈਨੂੰ ਆਪਣੀ ਇਸ ਭਾਣਜੀ ਤੋਂ ਡਰ ਲੱਗਦਾ ਏ। ਉਸ ਦੇ ਦਿਮਾਗ਼ ਵਿਚ ਹਕੂਮਤ ਦੀ ਬੂ ਏ। ਪਤਾ ਨਹੀਂ ਕੀ ਕੀ ਸਾਜਿਸ਼ ਰਚੇਗੀ ਉਹ? ਬਿਹਤਰ ਹੈ ਜੇ ਤੁਸੀਂ ਉਸਦੀ ਰਹਾਇਸ਼ ਦਾ ਇੰਤਜਾਮ ਕਿੱਧਰੇ ਹੋਰ ਦਿਓ।"

ਅਦੀਨਾ ਬੇਗ ਵੀ ਬੇਗਮ ਦੀ ਤਿਕੜਮਬਾਜੀ ਤੇ ਜੋੜ-ਤੋੜ ਦੀ ਮੁਹਾਰਤ ਬਾਰੇ ਜਾਣਦਾ ਸੀ। ਉਹ ਖਵਾਜ਼ਾ ਮਿਰਜ਼ਾ ਖਾਂ ਨਾਲ ਸਹਿਮਤ ਹੋਇਆ ਸੋ ਮੁਗਲਾਨੀ ਬੇਗਮ ਨੂੰ ਆਪਣੇ ਨਾਲ ਬਟਾਲੇ ਲੈ ਜਾਣ ਦਾ ਫੈਸਲਾ ਕਰ ਲਿਆ।

ਬੇਗਮ ਨੂੰ ਇਸ ਫੈਸਲੇ ਤੋਂ ਜਾਣੂੰ ਕਰਵਾਉਣ ਦਾ ਉਸਨੇ ਜਿਹੜਾ ਢੰਗ ਅਪਣਾਇਆ, ਉਹ ਉਸਦੀ ਆਪਣੀ ਤਿਕੜਮਬਾਜੀ ਦਾ ਸਬੂਤ ਸੀ। ਬੇਗਮ ਨੂੰ ਆਪਣੇ ਕੋਲ ਬੁਲਾਉਣ ਦੀ ਬਜਾਏ ਉਹ ਆਪ ਉਸਦੀ ਖ਼ਿਦਮਤ ਵਿਚ ਜਾ ਹਾਜ਼ਰ ਹੋਇਆ ਤੇ ਬੜੀ ਹੀ ਨਿਮਰਤਾ ਨਾਲ ਗੱਲ ਸ਼ੁਰੂ ਕੀਤੀ, "ਲਾਹੌਰ ਦੇ ਇਸ ਪੁਰਾਣੇ ਸ਼ਹਿਰ ਵਿਚ ਰਹਿਣ ਨੂੰ ਜੀਆ ਨਹੀਂ ਕਰਦਾ। ਇਸ ਲਈ ਮੈਂ ਬਟਾਲੇ ਨੂੰ ਆਪਣਾ ਸਦਰ ਮੁਕਾਮ ਬਣਾਉਣ ਦਾ ਫੈਸਲਾ ਕੀਤਾ ਏ। ਮੇਰਾ ਖ਼ਿਆਲ ਏ ਕਿ ਤੁਸੀਂ ਵੀ ਮੇਰੇ ਨਾਲ ਬਟਾਲੇ ਵਿਚ ਰਹਿਣਾ ਪਸੰਦ ਕਰੋਗੇ। ਤੁਸੀਂ ਮੇਰੇ ਕੋਲ ਰਹੋਗੇ ਤਾਂ ਮੈਂ ਤੁਹਾਡਾ ਹਰ ਤਰ੍ਹਾਂ ਨਾਲ ਖ਼ਿਆਲ ਰੱਖ ਸਕਾਂਗਾ ਤੇ ਤੁਹਾਨੂੰ ਕਿਸੇ ਕਿਸਮ ਦੀ ਔਖ ਨਹੀਂ ਹੋਣ ਦਿੱਤੀ ਜਾਏਗੀ। ਨਾਲੇ ਤੁਹਾਡੇ ਕੋਲ ਰਹਿਣ ਦਾ ਮੈਨੂੰ ਇਹ ਫਾਇਦਾ ਹੋਏਗਾ ਕਿ ਜਦੋਂ ਕਦੀ ਵੀ ਮੈਨੂੰ ਤੁਹਾਡੇ ਨਾਲ ਸਲਾਹ-ਮਸ਼ਵਰਾ ਕਰਨ ਦੀ ਲੋੜ ਪਈ, ਮੈਨੂੰ ਬੜੀ ਅਸਾਨੀ ਰਹੇਗੀ। ਤੁਹਾਡੇ ਸਿਵਾਏ ਹੋਰ ਕੌਣ ਏਂ, ਜਿਸਦੀ ਰਾਏ ਉਪਰ ਮੈਂ ਭਰੋਸਾ ਕਰ ਸਕਾਂ?" ਫੇਰ ਆਪਣੇ ਮੁਲਾਜ਼ਮਾਂ ਨੂੰ ਕਿਹਾ, "ਬੇਗਮ ਸਾਹਿਬਾ ਦੇ ਸਾਡੇ ਨਾਲ ਚੱਲਣ ਦੀ ਤਿਆਰੀ ਕਰੋ।" ਇਹ ਬੇਨਤੀ ਨਹੀਂ ਇਕ ਸਭਿਅ ਹੁਕਮ ਸੀ ਤੇ ਉਸਦੇ ਇਸ ਹੁਕਮ ਦੀ ਪਾਲਨਾਂ ਹੋਈ।

ਅਦੀਨਾ ਬੇਗ ਨੇ ਬਟਾਲੇ ਵਿਚ ਇਕ ਸ਼ਾਨਦਾਰ ਮਹਿਲ ਵਿਚ ਬੇਗਮ ਦੇ ਰਹਿਣ ਦਾ ਇੰਤਜ਼ਾਮ ਕਰ ਦਿੱਤਾ। ਉਸਦੀ ਦੋ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਲਾ ਦਿੱਤੀ ਤੇ ਕਿਚਨ ਲਈ ਪੰਜਾਹ ਰੁਪਏ ਰੋਜ਼ਾਨਾ ਭੱਤਾ ਬੰਨ੍ਹ ਦਿੱਤਾ। ਬੇਗਮ ਨੇ ਆਪਣੇ ਨੌਕਰ ਨੌਕਰਾਨੀਆਂ ਤੇ ਬੇਟੀ ਨੂੰ ਉਸ ਮਹਿਲ ਵਿਚ ਠਹਿਰਾਇਆ ਤੇ ਖ਼ੁਦ ਅਦੀਨਾ ਬੇਗ ਨਾਲ ਉਸਦੇ ਕੈਂਪ ਵਿਚ ਰਹਿਣ ਲੱਗੀ। ਅਦੀਨਾ ਬੇਗ ਨੇ ਉਸਦੇ ਸਾਰੇ ਮੁਲਾਜਮਾਂ ਨਾਲ ਨਰਮੀਂ ਭਰਿਆ ਵਰਤਾਅ ਕੀਤਾ। ਆਪਣੇ ਅਸਤਬਲ ਵਿਚੋਂ ਉਹਨਾਂ ਨੂੰ ਇਕ ਇਕ ਘੋੜਾ ਦਿੱਤਾ ਤੇ ਸਾਰਿਆਂ ਦੀ ਚੰਗੀ ਤਨਖ਼ਾਹ ਬੰਨ੍ਹ ਦਿੱਤੀ ਜਿਹੜੀ ਉਹਨਾਂ ਨੂੰ ਸਮੇਂ ਸਿਰ ਮਿਲਦੀ ਰਹੀ।

ਅਦੀਨਾ ਬੇਗ ਇਕ ਅਰਸੇ ਤੋਂ ਪੰਜਾਬ ਦੀ ਨਵਾਬੀ ਦਾ ਸੁਪਨਾ ਦੇਖ ਰਿਹਾ ਸੀ, ਉਹ ਸਾਕਾਰ ਹੋ ਗਿਆ। ਇਸ ਖ਼ੁਸ਼ੀ ਵਿਚ ਉਸਨੇ ਬਟਾਲੇ ਤੋਂ ਥੋੜ੍ਹੀ ਦੂਰ ਇਕ ਨਵਾਂ ਸ਼ਹਿਰ ਵਸਾਇਆ, ਜਿਸਦਾ ਨਾਂ ਉਸਨੇ ਆਪਣੇ ਨਾਂ ਉਪਰ ਅਦੀਨਾ ਨਗਰ ਰੱਖਿਆ। ਇਹੀ ਨਵਾਂ ਸ਼ਹਿਰ ਉਸਦੀ ਰਾਜਧਾਨੀ ਸੀ। ਨਵਾਬ ਤਾਂ ਭਾਵੇਂ ਉਹ ਬਣ ਗਿਆ, ਪਰ ਜੋ ਹਾਲਾਤ ਸਨ...ਉਹਨਾਂ ਨਾਲ ਜੂਝਨਾਂ ਉਸਦੇ ਵੱਸ ਦਾ ਰੋਗ ਨਹੀਂ ਸੀ।

ਮੁਗਲਾਂ ਦਾ ਦਖਲ ਖਤਮ ਹੋਇਆ, ਹੁਣ ਮਰਾਠੇ ਵਿਚ ਆ ਅੜੇ। ਹੁਣ ਫੇਰ ਪੰਜਾਬ ਦੇ ਤਿੰਨ ਦਾਅਵੇਦਾਰ ਸਨ—ਅਬਦਾਲੀ, ਮਰਾਠੇ ਤੇ ਸਿੱਖ। ਅਸਲ ਸ਼ਕਤੀ ਸਿੱਖਾਂ ਦੀ ਸੀ। ਦਲ ਖਾਲਸਾ ਨਾ ਸਿਰਫ ਇਕ ਹਥਿਆਰ ਬੰਦ ਗੁੱਟ ਸੀ, ਬਲਕਿ ਦੇਸ਼ ਤੇ ਧਰਮ ਦੀ ਆਜ਼ਾਦੀ ਲਈ ਲੜਨ ਵਾਲਾ ਇਕ ਲੋਕਪ੍ਰਿਆ ਅੰਦੋਲਨ ਵੀ ਸੀ। ਹਰੇਕ ਘਰ ਵਿਚੋਂ ਘੱਟੋਘੱਟ ਇਕ ਮੁੰਡਾ ਸਿੱਖ ਜ਼ਰੂਰ ਬਣਦਾ ਸੀ। ਮੰਦਰ ਤੇ ਗੁਰਦੁਆਰੇ ਵਿਚ ਕੋਈ ਭੇਦ ਨਹੀਂ ਸੀ। ਗੀਤਾ ਤੇ ਗ੍ਰੰਥ ਸਾਹਿਬ ਦਾ ਹਰੇਕ ਘਰ ਵਿਚ ਇਕੋ ਜਿਹਾ ਆਦਰ ਕੀਤਾ ਜਾਂਦਾ ਸੀ। ਇਤਿਹਾਸ ਇਕ ਸੀ, ਮਿਥਿਹਾਸ ਇਕ ਸੀ ਤੇ ਕੁਰਬਾਨੀਆਂ ਦੀ ਲੰਮੀ ਪ੍ਰੰਪਰਾ ਨੇ ਬੱਚੇ ਬੱਚੇ ਨੂੰ ਇਕ ਮਜ਼ਬੂਤ ਕੜੀ ਵਿਚ ਪਰੋਅ ਦਿੱਤਾ ਸੀ। ਸੋ ਹੁਣ ਮੁਕਾਬਲਾ ਅਬਦਾਲੀ,

ਮਰਾਠਿਆਂ ਤੇ ਸਿੱਖਾਂ ਨਾਲ ਸੀ। ਅਦੀਨਾ ਬੇਗ ਦੀ ਆਪਣੀ ਹੈਸੀਅਤ ਇਹ ਸੀ ਕਿ ਪਹਿਲਾਂ ਉਹ ਮੁਗਲਾਂ ਦੇ ਖੇਤ ਦੀ ਮੂਲੀ ਸੀ ਤੇ ਹੁਣ ਮਰਾਠਿਆਂ ਦੇ ਖੇਤ ਦੀ ਮੂਲੀ ਬਣਕੇ ਰਹਿ ਗਿਆ ਸੀ। ਖਾਲਸੇ ਇਸ ਮੂਲੀ ਨੂੰ ਇਕੋ ਝਟਕੇ ਵਿਚ ਪੁੱਟ ਕੇ ਸੁੱਟ ਸਕਦੇ ਸਨ, ਪਰ ਅਦੀਨਾ ਬੇਗ ਨੇ ਖਾਲਸੇ ਦੀ ਜੜ੍ਹ ਪੁੱਟਣ ਦੀ ਠਾਣ ਲਈ। ਠਾਣ ਲੈਣਾ ਵੀ ਜ਼ਰੂਰੀ ਸੀ, ਕਿਉਂਕਿ ਉਹਨਾਂ ਦੇ ਹੁੰਦਿਆਂ ਨਾ ਉਹ ਮਾਲੀਆ ਉਗਰਾਅ ਸਕਦਾ ਸੀ ਤੇ ਨਾ ਮਰਾਠਿਆਂ ਨੂੰ 75 ਲੱਖ ਰੁਪਏ ਖਰਾਜ਼ ਦੇ ਸਕਦਾ ਸੀ।

ਅਦੀਨਾ ਬੇਗ ਨੇ ਪਹਿਲਾਂ ਤਾਂ ਦਾਣਾ ਸੁੱਟਿਆ, ਪਰ ਖਾਲਸਾ ਦਾਣੇ ਉਪਰ ਡਿੱਗਣ ਵਾਲਾ ਨਹੀਂ ਸੀ। ਜੱਸਾ ਸਿੰਘ ਆਹਲੂਵਾਲੀਆ ਨੇ ਸਾਫ ਕਹਿ ਦਿੱਤਾ, "ਪੰਜਾਬ ਵਿਚ ਤੂੰ ਰਹੇਂਗਾ ਜਾਂ ਅਸੀਂ ਰਹਾਂਗੇ। ਤੈਥੋਂ ਜਿਹੜਾ ਜ਼ੋਰ ਲੱਗਦਾ ਏ, ਲਾ ਵੇਖ।" ਅਦੀਨਾ ਬੇਗ ਵੀ ਪੰਜਾਬ ਵਿਚ ਪੈਦਾ ਹੋਇਆ ਸੀ ਤੇ ਉਹ ਜਾਣਦਾ ਸੀ ਕਿ ਸਿੱਖਾਂ ਉਪਰ ਕਦੋਂ ਤੇ ਕਿੰਜ ਵਾਰ ਕੀਤਾ ਜਾਏ। ਉਸ ਕੋਲ ਦਸ ਹਜ਼ਾਰ ਘੋੜਸਵਾਰ ਤੇ ਪੈਦਲ ਫੌਜ ਆਪਣੀ ਸੀ। ਫੇਰ ਉਸਨੇ ਉਹ ਸਾਰੇ ਲੋਕ ਆਪਣੇ ਝੰਡੇ ਹੇਠ ਇਕੱਠੇ ਕਰ ਲਏ, ਜਿਹਨਾਂ ਦੇ ਸਵਾਰਥ ਦਲ ਖਾਲਸਾ ਨਾਲ ਟਕਰਾਉਂਦੇ ਸਨ। ਇਹਨਾਂ ਲੋਕਾਂ ਨੇ ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ਆਪੋ ਆਪਣੀਆਂ ਜ਼ਿਮੀਂਦਾਰੀਆਂ ਤੇ ਆਪਣੀਆਂ ਆਪਣੀਆਂ ਹਕੂਮਤਾਂ ਥਾਪ ਰੱਖੀਆਂ ਸਨ। ਜਿਵੇਂ ਸਿੰਧ ਸਾਗਰ ਦੁਆਬੇ ਵਿਚ ਗਖਰ, ਜੰਜੂਆ ਤੇ ਝੇਬਰ ਜ਼ਿਮੀਂਦਾਰ, ਦੁਆਬਾ ਚਜ ਵਿਚ ਚੌਧਰੀ ਰਹਿਮਤ ਖਾਂ ਬਾਰਾਇਚ, ਜੰਮੂ ਦਾ ਰਾਜਾ ਰਣਜੀਤ ਦੇਵ, ਰਚਨਾ ਦੁਆਬੇ ਦਾ ਚੌਧਰੀ ਮੀਰ ਮੁਹੰਮਦ ਚੱਥਾ, ਇੱਜਤ ਬਖ਼ਸ਼ ਭੱਟੀ ਤੇ ਹੋਰ ਜ਼ਿਮੀਂਦਾਰ, ਕਾਦੀਆਂ ਦਾ ਰਾਜਾ ਘਮੰਡ ਚੰਦ, ਨਿਧਾਨ ਸਿੰਘ ਰੰਧਾਵਾ ਤੇ ਮਿਰਜ਼ਾ ਮੁਹੰਮਦ ਅਨਵਰ, ਬਾਰੀ ਦੁਆਬੇ ਵਿਚ ਕਸੂਰ ਦੇ ਅਫਗਾਨ, ਕਪੂਰਥਲੇ ਦੇ ਰਾਏ ਇਬਰਾਹੀਮ ਆਦਿ। ਇਹ ਲੋਕ ਸਿੱਖਾਂ ਉਪਰ ਦੰਦ ਪੀਹ ਰਹੇ ਸਨ, ਹੁਣ ਉਹਨਾਂ ਨਾਲ ਲੜਨ ਲਈ ਅਦੀਨਾ ਬੇਗ ਨਾਲ ਆ

ਰਲੇ। ਕਹਾਵਤ ਹੈ ਕਿ 'ਡੁੱਬਦੇ ਨੂੰ ਤਿਨਕੇ ਦਾ ਸਹਾਰਾ'।

ਹੁਣ ਇਹਨਾਂ ਲੋਕਾਂ ਤੇ ਦਲ-ਖਾਲਸਾ ਵਿਚਕਾਰ ਝੜਪਾਂ ਹੋਣ ਲੱਗੀਆਂ। ਸਿੱਖਾਂ ਦੀ ਤਾਕਤ ਏਨੀ ਹੋ ਗਈ ਸੀ ਕਿ ਹੁਣ ਉਹਨਾਂ ਨੂੰ ਜੰਗਲਾਂ ਤੇ ਪਹਾੜਾਂ ਵਿਚ ਜਾ ਕੇ ਛੁਪਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਹਮਣੇ-ਸਾਹਮਣੇ ਦੀ ਲੜਾਈ ਲੜਦੇ ਸਨ ਤੇ ਪਹਿਲ ਵੀ ਕਰ ਸਕਦੇ ਸਨ।

ਖਾਲਸਾ ਦਲ ਦੇ ਕੁਝ ਮਜ਼ਬੂਤ ਜੱਥਿਆਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਅਦੀਨਾ ਨਗਰ ਉਪਰ ਚੜ੍ਹਾਈ ਕਰ ਦਿੱਤੀ ਤਾਂਕਿ ਅਦੀਨਾ ਬੇਗ ਨੂੰ ਪੰਜੀ ਦਾ ਭੌਣ ਵਿਖਾਇਆ ਜਾਏ। ਪਤਾ ਲੱਗਦਿਆਂ ਹੀ ਅਦੀਨਾ ਬੇਗ ਨੇ ਦੀਵਾਨ ਹੀਰਾ ਮੱਲ ਤੇ ਜੰਡਿਆਲੇ ਦੇ ਗੁਰੂ ਆਕਿਲ ਦਾਸ ਨੂੰ ਉਹਨਾਂ ਦੇ ਵਿਰੁੱਧ ਮੁਕਾਬਲੇ ਲਈ ਰਵਾਨਾ ਕਰ ਦਿੱਤਾ। ਕਾਦੀਆਂ ਵਿਚ ਘਮਾਸਾਨ ਦਾ ਯੁੱਧ ਹੋਇਆ। 'ਧਾਏ ਫਟ' ਗੁਰੀਲਾ ਯੁੱਧ ਦਾ ਤਰੀਕਾ ਸੀ। ਆਹਮਣੇ-ਸਾਹਮਣੇ ਦੀ ਲੜਾਈ ਵਿਚ ਖਾਲਸਾ ਦਲ ਨੇ ਅਹਿਮਦ ਸ਼ਾਹ ਅਬਦਾਲੀ ਵਾਲਾ ਤਰੀਕਾ ਅਪਣਾ ਲਿਆ ਸੀ, ਜਿਸ ਅਨੁਸਾਰ ਦੋ ਸੌ ਘੋੜਸਵਾਰ ਮੈਦਾਨ ਵਿਚ ਆਉਂਦੇ, ਕੁਝ ਚਿਰ ਲੜਦੇ, ਫੇਰ ਬੜੇ ਸਧੇ ਹੋਏ ਢੰਗ ਨਾਲ ਪਿੱਛੇ ਹਟਦੇ ਜਾਂਦੇ ਤੇ ਉਹਨਾਂ ਦੀ ਜਗ੍ਹਾ ਦੂਸਰੇ ਘੋੜਸਵਾਰ ਆ ਜਾਂਦੇ। ਮੈਦਾਨ ਵਿਚੋਂ ਹਟਣ ਵਾਲੇ ਘੋੜਸਵਾਰ ਪਿੱਛੇ ਆ ਕੇ ਆਪਣੇ ਘੋੜਿਆਂ ਨੂੰ ਚਰਨ ਲਈ ਛੱਡਦੇ ਤੇ ਆਪ ਵੀ ਆਰਾਮ ਕਰਦੇ। ਉਹ ਪਾਣੀ ਤੇ ਭੁੱਜੇ ਹੋਏ ਛੋਲੇ ਹਮੇਸ਼ਾ ਆਪਣੇ ਨਾਲ ਰੱਖਦੇ ਸਨ। ਉਹਨਾਂ ਦਾ ਨਾਸ਼ਤਾ ਕਰਦੇ, ਬੰਦੂਕਾਂ ਵਿਚ ਬਰੂਦ ਭਰਦੇ ਤੇ ਇੰਜ ਤਾਜ਼ਾ ਦਮ ਹੋ ਕੇ ਲੜ ਰਹੇ ਸਵਾਰਾਂ ਦੀ ਜਗ੍ਹਾ ਲੈਣ ਲਈ ਮੁੜ ਮੈਦਾਨ ਵਿਚ ਪਰਤ ਆਉਂਦੇ। ਜੱਸਾ ਸਿੰਘ ਆਹਲੂਵਾਲੀਆ ਆਪਣੇ ਜੱਥੇ ਸਮੇਤ ਮੈਦਾਨ ਵਿਚ ਹਾਜ਼ਰ ਰਹਿੰਦੇ, ਜਿੱਥੇ ਕਿੱਧਰੇ ਦੁਸ਼ਮਣ ਦਾ ਦਬਾਅ ਦੇਖਦੇ, ਉੱਥੇ ਹੀ ਆਪਣੇ ਸਵਾਰਾਂ ਨਾਲ ਮਦਦ ਲਈ ਪਹੁੰਚ ਜਾਂਦੇ। ਉਹਨਾਂ ਦੇ ਤੀਰ ਦਾ ਨਿਸ਼ਾਨਾ ਤੇ ਤਲਵਾਰ ਦਾ ਵਾਰ ਅਚੁੱਕ ਸਨ। ਦੁਸ਼ਮਣ ਉਹਨਾਂ ਅੱਗੇ ਪਾਣੀ ਨਹੀਂ ਸੀ ਮੰਗਦਾ। ਦੀਵਾਨ ਹੀਰਾ

ਮੱਲ ਲੜਦਾ ਹੋਇਆ ਮਾਰਿਆ ਗਿਆ। ਗੁਰੂ ਆਕਿਲ ਦਾਸ ਨੇ ਬੜੀ ਮੁਸ਼ਕਲ ਨਾਲ ਜਾਨ ਬਚਾਈ, ਦੁਸ਼ਮਣ ਸੈਨਾ ਵਿਚ ਭਗਦੜ ਮੱਚ ਗਈ। ਯੁੱਧ ਦਾ ਸਾਰਾ ਸਾਮਾਨ ਸਿੱਖਾਂ ਦੇ ਹੱਥ ਲੱਗਿਆ।

ਆਪਣੀ ਇਸ ਹਾਰ ਉਪਰ ਅਦੀਨਾ ਬੇਗ ਸਿਟ–ਪਿਟਾਅ ਗਿਆ। ਉਸਨੇ ਸਾਰੇ ਚੌਧਰੀਆਂ, ਨੰਬਰਦਾਰਾਂ ਤੇ ਜ਼ਿਮੀਂਦਾਰਾਂ ਨੂੰ ਇਕੱਠਾ ਕੀਤਾ ਤੇ ਉਹਨਾਂ ਨੂੰ ਸੌਂਹ ਪਵਾਈ ਕਿ ਉਹ ਸਿੱਖਾਂ ਨੂੰ ਨਸ਼ਟ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਸਨੇ ਹੁਕਮ ਦਿੱਤਾ ਕਿ ਸਿੱਖਾਂ ਨੂੰ ਪੰਜਾਬ ਦੇ ਕਿਸੇ ਵੀ ਜ਼ਿਲੇ ਤੇ ਪਰਗਨੇ ਵਿਚ ਟਿਕਣ ਨਾ ਦਿੱਤਾ ਜਾਏ। ਉਹਨਾਂ ਨੂੰ ਜਾਂ ਤਾਂ ਗਿਰਫਤਾਰ ਕਰਕੇ ਲਿਆਂਦਾ ਜਾਏ ਜਾਂ ਕਤਲ ਕਰ ਦਿੱਤਾ ਜਾਏ। ਮੀਰ ਅਜੀਜ਼ ਖਾਂ ਉਸਦਾ ਇਕ ਭਰੋਸੇ ਯੋਗ ਸਰਦਾਰ ਸੀ। ਅਦੀਨਾ ਬੇਗ ਨੇ ਕਈ ਹਜ਼ਾਰ ਘੋੜਸਵਾਰ ਦੇ ਕੇ ਉਸਨੂੰ ਇਸੇ ਕੰਮ ਉੱਤੇ ਲਾ ਦਿੱਤਾ। ਉਸਨੇ ਇਕ ਹਜ਼ਾਰ ਤਰਖਾਨ ਭਰਤੀ ਕੀਤੇ, ਜਿਹਨਾਂ ਨੂੰ ਕੁਹਾੜੀਆਂ ਤੇ ਆਰਿਆਂ ਨਾਲ ਸੰਘਣੇ ਜੰਗਲ ਕੱਟਣ ਉਪਰ ਲਾ ਦਿੱਤਾ ਗਿਆ ਤਾਂ ਕਿ ਸਿੱਖਾਂ ਦੇ ਛੁਪਣ ਲਈ ਕੋਈ ਜਗ੍ਹਾ ਨਾ ਰਹੇ। ਸਿੱਖ ਰਾਮ–ਰੌਣੀ ਕਿਲੇ ਵਿਚ ਚਲੇ ਗਏ। ਮੀਰ ਅਜੀਜ਼ ਖਾਂ ਨੇ ਕਿਲੇ ਨੂੰ ਘੇਰਾ ਪਾ ਲਿਆ। ਸਿੱਖ ਕਦੀ ਕਦੀ ਬੜੀ ਵੱਡੀ ਗਿਣਤੀ ਵਿਚ ਧਾਵਾ ਬੋਲਦੇ ਸਨ ਤੇ ਦੁਸ਼ਮਣ ਸੈਨਾ ਦੇ ਅਨੇਕਾਂ ਸਿਪਾਹੀਆਂ ਨੂੰ ਮਾਰ ਕੇ, ਉਹਨਾਂ ਦੇ ਹਥਿਆਰ ਤੇ ਰਸਦ ਖੋਹ ਕੇ, ਕਿਲੇ ਵਿਚ ਚਲੇ ਜਾਂਦੇ ਸਨ ਤੇ ਦਰਵਾਜ਼ੇ ਬੰਦ ਕਰ ਲੈਂਦੇ ਸਨ। ਘੇਰਾਬੰਦੀ ਲੰਮਾਂ ਸਮਾਂ ਚੱਲੀ। ਮੀਰ ਅਜੀਜ਼ ਖਾਂ ਖਾਲਸੇ ਦੇ ਹਮਲਿਆਂ ਤੋਂ ਤੰਗ ਆ ਗਿਆ। ਬੜੀਆਂ ਕੋਸ਼ਿਸ਼ਾਂ ਪਿੱਛੋਂ ਇਕ ਰਾਤ, ਉਹ ਕਿਲੇ ਦੀ ਕੰਧ ਢਾਉਣ ਵਿਚ ਸਫਲ ਹੋਇਆ। ਸਿੱਖਾਂ ਕੋਲ ਹੁਣ ਲੜਨ ਦੇ ਸਿਵਾਏ ਕੋਈ ਹੋਰ ਚਾਰਾ ਨਹੀਂ ਸੀ। ਉਹ ਸਾਰੇ ਦੇ ਸਾਰੇ ਇਕੱਠੇ ਬਾਹਰ ਨਿਕਲ ਆਏ। ਘਮਾਸਾਨ ਦੀ ਲੜਾਈ ਵਿਚ ਕੁਝ ਮਾਰੇ ਗਏ, ਕੁਝ ਫੜ੍ਹੇ ਗਏ ਤੇ ਕਾਫੀ ਸਾਰੇ ਬਚ ਨਿਕਲੇ।

ਸਿੱਖ ਸਤਲੁਜ ਪਾਰ ਕਰਕੇ ਮਾਲਵੇ ਵਿਚ ਚਲੇ ਗਏ ਪਰ ਉੱਥੇ ਵੀ ਚੈਨ ਨਹੀਂ

ਸੀ। ਸਰਹਿੰਦ ਦੇ ਹਾਕਮ ਸਾਦਿਕ ਬੇਗ ਨੇ ਉਹਨਾਂ ਉਪਰ ਚੜ੍ਹਾਈ ਕਰ ਦਿੱਤੀ ਤੇ ਆਪਸ ਵਿਚ ਝੜਪਾਂ ਸ਼ੁਰੂ ਹੋ ਗਈਆਂ। ਖਾਲਸੇ ਨੇ ਫੇਰ ਗੁਰੀਲਾ ਯੁੱਧ ਦਾ 'ਧਾਏ ਫਟ' ਤਰੀਕਾ ਵਰਤਿਆ। ਉਹ ਦੁਸ਼ਮਣ ਉੱਤੇ ਤੇਜ਼ੀ ਨਾਲ ਹਮਲਾ ਕਰਦੇ ਤੇ ਝਟਭਟ ਨੱਸ ਜਾਂਦੇ। ਦੁਸ਼ਮਣ ਪਿੱਛਾ ਕਰਦਾ ਤਾਂ ਪਲਟ ਕੇ ਫੇਰ ਵਾਰ ਸ਼ੁਰੂ ਕਰ ਦਿੰਦੇ ਤੇ ਫੇਰ ਭੱਜ ਪੈਂਦੇ। ਇਸ ਭੱਜ-ਦੌੜ ਵਿਚ ਸਾਦਿਕ ਬੇਗ ਦੀਆਂ ਤੋਪਾਂ ਪਿੱਛੇ ਰਹਿ ਜਾਂਦੀਆਂ। ਇੰਜ ਸਿੱਖਾਂ ਨੂੰ ਮੌਕਾ ਮਿਲਦਾ, ਉਹ ਸਾਦਿਕ ਬੇਗ ਦੇ ਸਿਪਾਹੀਆਂ ਦਾ ਸਫਾਇਆ ਕਰਨ ਲਈ ਪਲਟਦੇ...ਕਈਆਂ ਨੂੰ ਮਾਰ ਜਾਂਦੇ, ਕਈਆਂ ਨੂੰ ਫਟੜ ਕਰ ਦਿੰਦੇ ਤੇ ਆਪਣੇ ਫਟੜਾਂ ਨੂੰ ਚੁੱਕ ਕੇ ਨੱਠ ਜਾਂਦੇ।

ਇਹ ਝੜਪਾਂ ਚੱਲ ਹੀ ਰਹੀਆਂ ਸਨ ਕਿ ਅਦੀਨਾ ਬੇਗ ਬਿਮਾਰ ਪੈ ਗਿਆ। ਕਿਸੇ ਲੜਾਈ ਵਿਚ ਉਸਦੀ ਛਾਤੀ ਵਿਚ ਗੋਲੀ ਲੱਗੀ ਸੀ। ਜਖ਼ਮ ਭਾਵੇਂ ਠੀਕ ਹੋ ਗਿਆ ਸੀ, ਫੇਰ ਵੀ ਉਸ ਵਿਚ ਕਦੇ ਕਦੇ ਅਚਾਨਕ ਦਰਦ ਹੋਣ ਲੱਗ ਪੈਂਦਾ ਸੀ। ਖਾਸ ਤੌਰ 'ਤੇ ਬਰਸਾਤ ਦੇ ਦਿਨਾਂ ਵਿਚ, ਜਦੋਂ ਹਵਾ ਵਿਚ ਸਿਲ੍ਹ ਹੁੰਦੀ। ਇਹ ਦਰਦ ਅਤਿ ਡਾਢਾ ਤੇ ਭਿਆਨਕ ਹੁੰਦਾ...ਤੇ ਏਸੇ ਦਰਦ ਨਾਲ 15 ਸਤੰਬਰ 1758 ਨੂੰ ਉਸਦੀ ਮੌਤ ਹੋ ਗਈ।

ਜਿਹੜੇ ਜ਼ਿਮੀਂਦਾਰ ਗੱਖੜ-ਪੱਖੜ, ਰੰਧਾਵੇ-ਸੰਧਾਵੇ ਤੇ ਪਠਾਨ-ਸ਼ਠਾਨ ਅਦੀਨਾ ਬੇਗ ਦੇ ਝੰਡੇ ਹੇਠ ਇਕੱਠੇ ਹੋਏ ਸਨ, ਉਹ ਸਾਰੇ ਆਪੋ ਆਪਣੇ ਖੁੱਡਿਆਂ ਵਿਚ ਜਾ ਲੁਕੇ। ਦਲ-ਖਾਲਸਾ ਨੇ ਫੇਰ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਨੂੰ ਆਪਣੀ ਰਾਖੀ ਵਿਚ ਲੈਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਦੁਸ਼ਮਣਾ ਤੋਂ ਬਦਲੇ ਲਏ। ਖਵਾਜ਼ਾ ਮਿਰਜ਼ਾ ਖਾਂ ਜਿਹੜਾ ਲਾਹੌਰ ਵਿਚ ਅਦੀਨਾ ਬੇਗ ਦਾ ਨਾਇਬ ਸੀ, ਖ਼ੁਦ ਨਵਾਬ ਬਣ ਬੈਠਾ। ਇਧਰ ਸਿੱਖ ਸਨ ਤੇ ਉਧਰ ਪੱਛਮ ਵਿਚ ਅਫਗਾਨਾਂ ਨੇ ਫੇਰ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਸਨ। ਆਪਣੇ ਆਪ ਨੂੰ ਦੋ

ਪਾਸਿਓਂ ਖਤਰੇ ਵਿਚ ਘਿਰਿਆ ਦੇਖ ਕੇ ਖਵਾਜ਼ਾ ਮਿਰਜ਼ਾ ਨੇ ਸਿੱਖਾਂ ਵੱਲ ਸੁਲਾਹ ਦਾ ਹੱਥ ਵਧਾਇਆ। ਉਸਨੇ ਆਪਣੇ ਵਕੀਲ ਦੁਆਰਾ ਉਹਨਾਂ ਨੂੰ ਇਹ ਸੁਨੇਹਾ ਭੇਜਿਆ ਕਿ ਜੇ ਤੁਸੀਂ ਲੋਕ ਅਬਦਾਲੀ ਦੇ ਖ਼ਿਲਾਫ਼ ਮੇਰੀ ਮਦਦ ਕਰੋ ਤਾਂ ਮੈਂ ਤੁਹਾਡੇ ਵਿਰੁੱਧ ਦੁਆਬੇ ਵਿਚ ਕੋਈ ਕਾਰਵਾਈ ਨਹੀਂ ਕਰਾਂਗਾ। ਸੁਲਾਹ ਦੇ ਇਸ ਸੰਦੇਸ਼ ਉਪਰ ਵਿਚਾਰ ਕਰਨ ਲਈ ਸਰਬੱਤ ਖਾਲਸਾ ਦੀ ਬੈਠਕ ਹੋਈ। ਜੱਸਾ ਸਿੰਘ ਆਹਲੂਵਾਲੀਆ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਪਹਿਲਾ ਫਾਇਦਾ ਇਹ ਹੈ ਕਿ ਅਸੀਂ ਦੁਆਬੇ ਤੇ ਮਾਲਵੇ ਵਿਚ ਬੇਧੜਕ ਆਪਣੇ ਪੈਰ ਪੱਕੇ ਕਰ ਸਕਾਂਗੇ ਤੇ ਦੂਰਾਨੀਆਂ ਦਾ ਮੁਕਾਬਲਾ ਕਰਨ ਲਈ ਆਪਣੀ ਤਾਕਤ ਵਧਾਵਾਂਗੇ। ਦੂਜੀ ਗੱਲ ਇਹ ਹੈ ਕਿ ਦੂਰਾਨੀ ਵਿਦੇਸ਼ੀ ਨੇ ਅਬਦਾਲੀ ਹਿੰਦੁਸਤਾਨ ਉੱਤੇ ਆਪਣਾ ਕਬਜਾ ਕਰਨਾ ਚਾਹੁੰਦਾ ਹੈ। ਜੇ ਇੰਜ ਹੋਇਆ ਤਾਂ ਪੰਜਾਬ ਅਫਗਾਨੀ ਰਾਜ ਦਾ ਇਕ ਹਿੱਸਾ ਬਣ ਜਾਏਗਾ। ਇਸ ਦਾ ਮਤਲਬ ਇਹ ਹੋਇਆ ਕਿ ਇਕ ਗ਼ੁਲਾਮੀ ਵਿਚੋਂ ਨਿਕਲ ਕੇ ਦੂਜੀ ਗ਼ੁਲਾਮੀ ਵਿਚ ਚਲਾ ਜਾਏਗਾ। ਅਸੀਂ ਹੁਣ ਤਕ ਜਿੰਨੀਆਂ ਕੁਰਬਾਨੀਆਂ ਦਿੱਤੀਆਂ ਨੇ, ਇਸ ਵਿਦੇਸ਼ੀ ਗ਼ੁਲਾਮੀ ਦੇ ਜੂਲੇ ਨੂੰ ਉਤਾਰ ਸੁੱਟਣ ਲਈ ਦਿੱਤੀਆਂ ਨੇ। ਜੇ ਅਸੀਂ ਦੇਸ਼ ਨੂੰ ਵਿਦੇਸ਼ੀ ਗ਼ੁਲਾਮੀ ਵਿਚ ਜਾਣ ਤੋਂ ਬਚਾਅ ਲਿਆ ਤਾਂ ਇਹ ਖਵਾਜ਼ੇ-ਬਵਾਜ਼ੇ ਕੁਝ ਨਹੀਂ। ਇਹਨਾਂ ਨਾਲ ਅਸੀਂ ਆਸਾਨੀ ਨਾਲ ਨਿੱਬੜ ਲਵਾਂਗੇ।"

ਗੱਲ ਸਭ ਦੇ ਮਨ ਲੱਗੀ ਤੇ ਖਵਾਜ਼ਾ ਮਿਰਜ਼ਾ ਖਾਂ ਦੀ ਮਦਦ ਕਰਨ ਦਾ ਗੁਰਮਤਾ ਪਾਸ ਹੋ ਗਿਆ।

ਅਹਿਮਦ ਸ਼ਾਹ ਅਬਦਾਲੀ ਨੂੰ ਜਦੋਂ ਅਦੀਨਾ ਬੇਗ ਦੀ ਮੌਤ ਦੀ ਖਬਰ ਮਿਲੀ, ਉਹ ਮੀਰ ਨਸੀਰ ਖਾਂ ਦੇ ਸ਼ਹਿਰ ਕਲਾਤ ਦੀ ਘੇਰਾਬੰਦੀ ਕਰੀ ਬੈਠਾ ਸੀ। ਉਸਨੇ ਨੁਰੂਦੀਨ ਵਾਮੇਜਾਈ ਨੂੰ ਫੌਜ ਦੇ ਕੇ ਪੰਜਾਬ ਵੱਲ ਰਵਾਨਾ ਕਰ ਦਿੱਤਾ। ਉਸ ਸਤੰਬਰ ਦੇ ਅੰਤ ਤਕ ਬੜੀ ਆਸਾਨੀ ਨਾਲ ਸਿੰਧ ਨਦੀ ਪਾਰ ਕਰਕੇ ਸਿੰਧ ਸਾਗਰ ਦੁਆਬੇ ਵਿਚ ਆ ਪਹੁੰਚਿਆ। ਡੇਰਾ, ਮੀਆਨੀਅਤ ਤੇ ਚਕਸਾਨੂੰ ਆਦਿ

ਸ਼ਹਿਰਾਂ ਵਿਚ ਲੁੱਟਮਾਰ ਤੇ ਸਾੜ–ਫੂਕ ਕਰਦਾ ਝਨਾਂ ਦੇ ਕੰਢੇ ਆ ਪਹੁੰਚਿਆ। ਖਵਾਜ਼ਾ ਮਿਰਜ਼ਾ ਖਾਂ ਵੀ ਸਿੰਘਾਂ ਨੂੰ ਨਾਲ ਲੈ ਕੇ ਮੁਕਾਬਲੇ ਲਈ ਆ ਡਟਿਆ ਤੇ ਖੂਬ ਲੜਾਈ ਹੋਈ। ਨੁਰੂਦੀਨ ਮੂੰਹ ਦੀ ਖਾ ਕੇ ਪਿੱਛੇ ਪਰਤ ਗਿਆ।

ਖਵਾਜ਼ਾ ਮਿਰਜ਼ਾ ਖਾਂ ਜਦੋਂ ਕਿਸੇ ਮੁਹਿੰਮ ਉੱਤੇ ਜਾਂਦਾ ਸੀ ਤਾਂ ਲਾਹੌਰ ਸ਼ਹਿਰ ਦਾ ਪ੍ਰਬੰਧ ਆਪਣੇ ਭਰਾ ਖਵਾਜ਼ਾ ਮੁਹੰਮਦ ਸਈਦ ਨੂੰ ਸੰਭਲਾ ਕੇ ਜਾਂਦਾ ਸੀ। ਮੁਹੰਮਦ ਸਈਦ ਬੜਾ ਨਿਰਦਈ ਤੇ ਲਾਲਚੀ ਆਦਮੀ ਸੀ। ਉਸਨੇ ਲੋਕਾਂ ਉਪਰ ਬੜੇ ਜ਼ੁਲਮ ਕੀਤੇ ਸਨ। ਵੱਡੇ ਵੱਡੇ ਜ਼ੁਰਮਾਨੇ ਲਾ ਦਿੰਦਾ ਤੇ ਦਹਿਸ਼ਤ ਪੈਦਾ ਕਰਨ ਲਈ ਹਰ ਰੋਜ਼ ਦੋ ਚਾਰ ਜਣਿਆਂ ਨੂੰ ਫਾਂਸੀ ਦਾ ਹੁਕਮ ਸੁਣਾ ਦਿੰਦਾ। ਇੰਜ ਉਸਨੇ ਕੁਝ ਸਿੱਖਾਂ ਨੂੰ ਵੀ ਕਤਲ ਕਰ ਦਿੱਤਾ ਤੇ ਸ਼ਹਿਰ ਦੇ ਸੱਜਣ ਤੇ ਖਾਂਦੇ–ਪੀਂਦੇ ਨਾਗਰਿਕਾਂ ਦੀਆਂ ਤਲਾਸ਼ੀਆਂ ਲੈ ਕੇ ਉਹਨਾਂ ਦੇ ਰੁਪਏ ਪੈਸੇ ਤੇ ਗਹਿਣੇ ਵਗੈਰਾ ਖੋਹ ਲਏ।

ਲੋਕ ਫਰਿਆਦ ਲੈ ਕੇ ਜੱਸਾ ਸਿੰਘ ਆਹਲੂਵਾਲੀਆ ਕੋਲ ਪਹੁੰਚੇ ਤਾਂ ਉਹ ਆਪਣੇ ਜੱਥੇ ਦੇ ਨਾਲ ਲਾਹੌਰ ਆ ਪਹੁੰਚਿਆ ਤੇ ਮਜੰਗ ਵਿਚ ਡੇਰਾ ਲਾ ਲਿਆ। ਮੁਹੰਮਦ ਸਈਦ ਨੂੰ ਪਤਾ ਲੱਗਿਆ ਤਾਂ ਉਹ ਸੁਲਾਹ–ਸਫਾਈ ਦੀ ਗੱਲ ਕਰਨ ਦੇ ਬਜਾਏ ਲੜਨ ਲਈ ਤਿਆਰ ਹੋ ਗਿਆ। ਪਰ 'ਕੀ ਪਿੱਦੀ ਤੇ ਕੀ ਪਿੱਦੀ ਦਾ ਮਾਜਣਾ' ਉਹ ਖਾਲਸੇ ਦੀ ਤਲਵਾਰ ਦੇ ਦੋ ਵਾਰ ਵੀ ਨਹੀਂ ਸਹਿ ਸਕਿਆ। ਭੱਜ ਕੇ ਸ਼ਹਿਰ ਵਿਚ ਆ ਛੁਪਿਆ।

ਖਵਾਜ਼ਾ ਮਿਰਜ਼ਾ ਖਾਂ ਨੇ ਕੁਝ ਬੁੱਕਲ ਦੇ ਸੱਪ ਪਾਲੇ ਹੋਏ ਸਨ। ਇਸ ਗੱਲ ਨਾਲ ਉਹਨਾਂ ਦੀ ਹਿੰਮਤ ਵਧੀ ਤੇ ਉਹਨਾਂ ਮਰਾਠਿਆਂ ਨਾਲ ਗੰਢ–ਤੁੱਪ ਕਰ ਲਈ। ਇਹ ਬੁੱਕਲ ਦੇ ਸੱਪ ਕਿਜਿਲਬਾਸ਼ ਕਬੀਲੇ ਦੇ ਲੋਕ ਸਨ, ਜਿਹਨਾਂ ਨੂੰ ਅਪਰੈਲ 1758 ਵਿਚ ਜਦੋਂ ਤੈਮੂਰ ਭੱਜ ਗਿਆ ਸੀ, ਖਵਾਜ਼ਾ ਮਿਰਜ਼ਾ ਖਾਂ ਨੇ ਚਨਾਬ ਦੇ ਕਿਨਾਰੇ ਗਿਰਫਤਾਰ ਕੀਤਾ ਸੀ। ਇਹਨਾਂ ਦੇ ਨੇਤਾ ਮਿਰਜ਼ਾ ਅਹਿਮਦ ਖਾਂ ਤੇ ਸਾਹਿਲ ਖਾਂ ਸਨ। ਪਿੱਛੋਂ ਇਹਨਾਂ ਨੂੰ ਫੌਜ ਵਿਚ ਭਰਤੀ ਕਰ ਲਿਆ ਗਿਆ ਸੀ।

ਇਹਨਾਂ ਖਵਾਜ਼ਾ ਮਿਰਜ਼ਾ ਖਾਂ ਨੂੰ ਕੈਦ ਕਰ ਲਿਆ ਤੇ ਮੁਹੰਮਦ ਸਈਦ ਨੂੰ ਗਧੇ ਉੱਤੇ ਚੜ੍ਹਾ ਕੇ ਸਾਰੇ ਸ਼ਹਿਰ ਵਿਚ ਘੁਮਾਇਆ। ਉਸ ਦੁਆਰਾ ਸਤਾਏ ਗਏ ਲੋਕਾਂ ਨੇ ਉਸ ਉਪਰ ਗੰਦਗੀ ਸੁੱਟੀ। ਫੇਰ ਜਦੋਂ ਉਸਨੂੰ ਮਰਾਠਾ ਸਰਦਾਰ ਸਾਬਾਜੀ ਪਾਟਿਲ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਨੇ ਕਿਹਾ, "ਤੂੰ ਜਿਹੜੇ ਜ਼ੁਲਮ ਕੀਤੇ ਨੇ, ਇਹ ਉਹਨਾਂ ਦੀ ਸਜ਼ਾ ਮਿਲੀ ਏ ਤੇ ਠੀਕ ਵੀ ਏ। ਹੁਣ ਤੂੰ ਇੱਥੋਂ ਨੱਸ ਜਾ ਤੇ ਫੇਰ ਕਦੀ ਸ਼ਕਲ ਨਾ ਦਿਖਾਈਂ।"

ਹੁਣ ਮਿਰਜ਼ਾ ਅਹਿਮਦ ਖਾਂ ਲਾਹੌਰ ਦਾ ਤੇ ਸਾਹਿਲ ਖਾਂ ਮੁਲਤਾਨ ਦਾ ਸੂਬੇਦਾਰ ਬਣ ਗਿਆ ਪਰ ਅਸਲ ਤਾਕਤ ਸਾਬਾਜੀ ਪਾਟਿਲ ਦੇ ਹੱਥ ਵਿਚ ਸੀ।

ਰਘੁਨਾਥ ਰਾਵ ਨੂੰ ਜਦੋਂ ਅਦੀਨਾ ਬੇਗ ਦੀ ਮੌਤ ਦੀ ਖਬਰ ਮਿਲੀ ਸੀ ਤਾਂ ਉਸਨੇ ਸਾਬਾਜੀ ਪਾਟਿਲ ਨੂੰ ਆਪਣਾ ਪ੍ਰਤੀਨਿਧ ਬਣਾ ਕੇ ਲਾਹੌਰ ਭੇਜਿਆ ਸੀ। ਸਾਬਾਜੀ ਕੁਝ ਸਮੇਂ ਲਈ ਅਮਨ ਕਾਇਮ ਕਰਨ ਵਿਚ ਸਫਲ ਹੋਇਆ। ਇਕ ਵਿਸ਼ਾਲ ਮਰਾਠਾ ਸੈਨਾ ਦਿੱਲੀ ਵਿਚ ਮੌਜੂਦ ਸੀ, ਜਿਹੜੀ ਕਿਸੇ ਸਮੇਂ ਵੀ ਸਾਬਾਜੀ ਦੀ ਮਦਦ ਲਈ ਆ ਸਕਦੀ ਸੀ। ਪੰਜਾਬ ਦੇ ਸਾਰੇ ਜ਼ਿਮੀਂਦਾਰਾਂ ਨੇ ਉਸਦੀ ਅਧੀਨਤਾ ਮੰਨ ਲਈ। ਉਸਨੇ ਸਿੱਖਾਂ ਦੀ ਮਦਦ ਨਾਲ ਜ਼ਹਾਨ ਖਾਂ ਨੂੰ ਵੀ ਹਰਾ ਦਿੱਤਾ। ਨੁਰੂਦੀਨ ਵਾਮੇਜਈ ਦੀ ਹਾਰ ਤੋਂ ਪਿੱਛੋਂ ਅਬਦਾਲੀ ਨੇ ਜ਼ਹਾਨ ਖਾਂ ਨੂੰ ਭੇਜਿਆ ਸੀ। ਉਸਨੇ ਇਕ ਵੱਡੀ ਫੌਜ ਨਾਲ ਸਿੰਧ ਨਦੀ ਪਾਰ ਕੀਤੀ ਸੀ, ਪਰ ਮਰਾਠਿਆਂ ਤੇ ਸਿੱਖਾਂ ਦੀ ਮਿਲੀ ਜੁਲੀ ਫੌਜ ਦਾ ਮੁਕਾਬਲਾ ਉਹ ਵੀ ਨਹੀਂ ਸੀ ਕਰ ਸਕਿਆ। ਉਸਦਾ ਬੇਟਾ ਤੇ ਬਹੁਤ ਸਾਰੇ ਅਫਗਾਨ ਫੌਜੀ ਮਾਰੇ ਗਏ ਸਨ ਤੇ ਉਸਦੇ ਆਪਣੇ ਵੀ ਪੰਜ ਫੱਟ ਲੱਗੇ ਸਨ।

ਮੁਗਲਾਨੀ ਬੇਗਮ ਅਦੀਨਾ ਬੇਗ ਦੀ ਮੌਤ ਪਿੱਛੋਂ ਆਪਣੇ ਮਾਮੂ ਖਵਾਜ਼ਾ ਮਿਰਜ਼ਾ ਖਾਂ ਕੋਲ ਆ ਗਈ ਪਰ ਜਦੋਂ ਖਵਾਜ਼ਾ ਮਿਰਜ਼ਾ ਦੀ ਹਕੂਮਤ ਖੁੱਸ ਗਈ ਤਾਂ ਉਸਨੂੰ ਕੋਈ ਪੁੱਛਣ ਵਾਲਾ ਨਹੀਂ ਰਿਹਾ। ਉਹ ਫੇਰ ਹਕੀਮ ਸਰਾਏ ਵਿਚ ਰਹਿਣ ਲੱਗੀ। ਤਹਿਮਸ ਖਾਂ ਮਸਕੀਨ ਕੁਝ ਗਹਿਣੇ ਤੇ ਗਲੀਚੇ ਵਗੈਰਾ ਵੇਚ ਕੇ ਜਿਹੜੇ

ਰੁਪਏ ਲਿਆਇਆ, ਉਹਨਾਂ ਨਾਲ ਦਿਨ ਕਟੀ ਹੋਣ ਲੱਗੀ। ਬੇਗਮ ਬੜੀ ਉਦਾਸ ਸੀ। ਜ਼ਹਾਨ ਖਾਂ ਦੀ ਹਾਰ ਪਿੱਛੋਂ ਅਬਦਾਲੀ ਦੇ ਹਮਲੇ ਦਾ ਖਤਰਾ ਵਧ ਗਿਆ ਸੀ ਤੇ ਲੋਕ ਭੈਭੀਤ ਸਨ ਪਰ ਮਸਕੀਨ ਇਸ ਹਾਲਤ ਵਿਚ ਵੀ ਆਰਾਮ ਨਾਲ ਬੈਠਾ ਹੁੱਕਾ ਪੀ ਰਿਹਾ ਸੀ।

“ਹੁਣ ਕੀ ਹੋਏਗਾ?” ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਹਰ ਅਲੀ ਨੇ ਪੁੱਛਿਆ।

“ਜੋ ਖ਼ੁਦਾ ਨੂੰ ਮੰਜ਼ੂਰ ਹੋਏਗਾ।”

“ਖ਼ੁਦਾ ਨੂੰ ਕੀ ਮੰਜ਼ੂਰ ਹੋਏਗਾ?”

“ਜੋ ਹੋਏਗਾ, ਉਹੀ ਖ਼ੁਦਾ ਨੂੰ ਮੰਜ਼ੂਰ ਹੀ ਹੋਏਗਾ।” ਮਸਕੀਨ ਨੇ ਜਵਾਬ ਦਿੱਤਾ ਤੇ ਖਿੜਖਿੜ ਕਰਕੇ ਹੱਸ ਪਿਆ। ਹੋਇਆ ਇਹ ਕਿ ਅਕਤੂਬਰ ਦੇ ਅੱਧ ਵਿਚ ਅਫਗਾਨਾਂ ਨੇ ਬੜਾ ਭਾਰੀ ਹਮਲਾ ਕਰ ਦਿੱਤਾ ਤੇ ਜਹਾਨ ਖਾਂ ਬਿਨਾਂ ਕਿਸੇ ਅੜਚਣ–ਅੜਿੱਕੇ ਦੇ ਲਾਹੌਰ ਪਹੁੰਚ ਗਿਆ। ਉਸਨੇ ਸੂਰਤ ਸਿੰਘ ਖੱਤਰੀ ਥਾਂਜੂਲਾ ਨੂੰ ਹੁਕਮ ਦਿੱਤਾ ਕਿ ਤੈਮੂਰ ਸ਼ਾਹ ਦੇ ਨਾਂ ਦਾ ਸਿੱਕਾ ਚਲਾਇਆ ਜਾਏ ਤੇ ਤੈਮੂਰ ਸ਼ਾਹ ਦੇ ਨਾਂ ਨਾਲ ਖੁਤਬਾ ਪੜ੍ਹਿਆ ਜਾਏ। ਉਸਨੇ ਸ਼ਹਿਰ ਵਿਚ ਮੁਨਾਦੀ ਕਰਵਾ ਦਿੱਤੀ ਕਿ ਲੋਕ ਆਪਸ ਵਿਚ ਲੜਨ–ਭਿੜਨ ਨਾ।

ਸਾਬਾਜੀ ਵਿਚ ਅਫਗਾਨਾਂ ਨਾਲ ਲੜਨ ਦੀ ਹਿੰਮਤ ਨਹੀਂ ਸੀ। ਉਹ ਹਮਲੇ ਦੀ ਖਬਰ ਸੁਣਦਿਆਂ ਹੀ ਬਟਾਲੇ ਚਲਾ ਗਿਆ ਤੇ ਬਟਾਲੇ ਤੋਂ ਅਦੀਨਾ ਬੇਗ ਦੀ ਵਿਧਵਾ, ਉਸਦੇ ਪੁੱਤਰ ਤੇ ਸਾਦਿਕ ਬੇਗ ਨਾਲ ਦਿੱਲੀ ਨੱਸ ਆਇਆ।

ਜਦੋਂ ਤੈਮੂਰ ਸ਼ਾਹ ਲਾਹੌਰ ਤੋਂ ਭੱਜ ਕੇ ਕਾਬੂਲ ਪਹੁੰਚਿਆ ਸੀ ਤਾਂ ਅਹਿਮਦ ਸ਼ਾਹ ਗੁੱਸੇ ਨਾਲ ਭਰ ਗਿਆ ਸੀ। ਫੇਰ ਜਦੋਂ ਨੁਰੂਦੀਨ ਵਾਮੇਜਈ ਵੀ ਹਾਰ ਕੇ ਪਰਤਿਆ ਸੀ ਤਾਂ ਇਹ ਗੁੱਸਾ ਹੋਰ ਵੀ ਭੜਕ ਉਠਿਆ ਸੀ। ਉਧਰ ਉਸਨੇ ਖ਼ੁਦ

ਵੱਡੇ ਪੈਮਾਨੇ ਉਪਰ ਤਿਆਰੀ ਕੀਤੀ ਤੇ ਇਧਰ ਆਪਣੇ ਮੁਖ਼ਤਿਆਰ ਨਜੀਬੂਦੌਲਾ ਨੂੰ ਕਹਿ ਭੇਜਿਆ ਕਿ ਉਹ ਵੀ ਤਿਆਰ ਰਹੇ।

ਅਕਤੂਬਰ 1759 ਵਿਚ ਅਬਦਾਲੀ ਨੇ ਇਕ ਵਿਸ਼ਾਲ ਸੈਨਾ ਦੇ ਨਾਲ ਹਿੰਦੁਸਤਾਨ ਵੱਲ ਕੂਚ ਕੀਤਾ। ਉਸਦੇ ਸੈਨਾਪਤੀ ਜਹਾਨ ਖਾਂ ਦਾ ਸਹਿਜੇ ਹੀ ਲਾਹੌਰ ਉੱਤੇ ਕਬਜਾ ਹੋ ਚੁੱਕਿਆ ਸੀ। ਅਬਦਾਲੀ ਨੇ ਆਪਣਾ ਪ੍ਰਧਾਨ ਮੰਤਰੀ ਸ਼ਾਹ ਵਲੀ ਖਾਂ ਦੇ ਭਤੀਜੇ ਜਾਰਚੀ ਕਰੀਮਦਾਦ ਖਾਂ ਨੂੰ ਲਾਹੌਰ ਦਾ ਹਾਕਮ ਬਣਾ ਦਿੱਤਾ ਤੇ ਹਦਾਇਤ ਕੀਤੀ ਕਿ ਉਹ ਉਸਨੂੰ ਅਨਾਜ, ਹਥਿਆਰ ਤੇ ਗੋਲਾ ਬਾਰੂਦ ਭੇਜਦਾ ਰਹੇ। ਕਾਂਗੜੇ ਦੇ ਰਾਜੇ ਘਮੰਡ ਸਿੰਘ ਨੂੰ ਜਲੰਧਰ ਦੁਆਬੇ ਤੇ ਰਾਵੀ ਸਤਲੁਜ ਵਿਚਕਾਰਲੇ ਪਹਾੜੀ ਇਲਾਕੇ ਦਾ ਫੌਜਦਾਰ ਬਣਾਇਆ ਤੇ ਉਸਨੂੰ ਵੀ ਅਨਾਜ, ਹਥਿਆਰ ਤੇ ਗੋਲਾ ਬਾਰੂਦ ਭੇਜਦੇ ਰਹਿਣ ਦੀ ਹਦਾਇਤ ਕੀਤੀ। ਇਸ ਪਿੱਛੋਂ ਅਬਦਾਲੀ ਨੇ ਅਲੀਗੜ੍ਹ ਉਪਰ ਕਬਜਾ ਕੀਤਾ ਤੇ ਉਸਦੇ ਜਾਟ ਰਾਜੇ ਨੂੰ ਆਪਣਾ ਸਹਿਯੋਗੀ ਬਣਾ ਲਿਆ।

ਪੂਨਾ ਦਰਬਾਰ ਵਿਚ ਜਦੋਂ ਅਬਦਾਲੀ ਦੇ ਹਮਲੇ ਦੀ ਖਬਰ ਪਹੁੰਚੀ ਤਾਂ ਪੇਸ਼ਵਾ ਬਾਲਾਜੀ ਬਾਜੀ ਰਾਵ ਵੀ ਉਤਰ ਭਾਰਤ ਵਿਚ ਆਪਣੀ ਸਾਖ ਬਚਾਉਣ ਲਈ ਵੱਡੀ ਪੱਧਰ ਉੱਤੇ ਜੰਗ ਦੀ ਤਿਆਰੀ ਕਰਨ ਲੱਗਿਆ। ਮਈ 1760 ਵਿਚ ਇਕ ਵਿਸ਼ਾਲ ਮਰਾਠਾ ਸੈਨਾ ਨੇ ਸਦਾ ਸ਼ਿਵ ਰਾਵ ਭਾਉ ਦੀ ਕਮਾਨ ਵਿਚ ਉਤਰ ਵੱਲ ਕੂਚ ਕੀਤਾ। ਬਰਸਾਤ ਜਲਦੀ ਸ਼ੁਰੂ ਹੋ ਜਾਣ ਕਰਕੇ ਨਦੀਆਂ ਵਿਚ ਹੜ੍ਹ ਆ ਗਏ ਸਨ। ਫੇਰ ਵੀ ਮਰਾਠਾ ਸੈਨਾ ਚੰਬਲ ਤੇ ਜਮਨਾ ਪਾਰ ਕਰਕੇ 22 ਜੁਲਾਈ ਨੂੰ ਦਿੱਲੀ ਪਹੁੰਚ ਗਈ। ਉਸਨੇ ਸ਼ਹਿਰ ਤੇ ਕਿਲੇ ਉਪਰ ਕਬਜਾ ਕਰ ਲਿਆ। ਇੱਥੇ ਸਦਾ ਸਿਵ ਰਾਵ ਭਾਉ ਦਾ ਆਪਣੇ ਸਮੇਂ ਦਾ ਸਭ ਤੋਂ ਯੋਗ ਨੀਤੀਵਾਨ ਜਾਟ ਰਾਜੇ ਸੂਰਜ ਮੱਲ ਨਾਲ ਝਗੜਾ ਹੋ ਗਿਆ। ਭਾਉ ਤਿੱਖੇ ਸੁਭਾਅ ਦਾ ਨੌਜਵਾਨ ਸੀ। ਉਸਨੇ ਉਦਗੀਰ ਦੀ ਲੜਾਈ ਵਿਚ ਨਿਜਾਮ ਨੂੰ ਹਰਾ ਕੇ ਅਦੱਭੁਤ ਹੌਂਸਲੇ ਤੇ ਬਹਾਦਰੀ ਦਾ ਸਬੂਤ ਦਿੱਤਾ ਸੀ। ਇਸ ਕਾਰਨ

ਮਿਲੀ ਵਾਹਵਾਈ ਨੇ ਉਸਦਾ ਸਿਰ ਫੇਰ ਦਿੱਤਾ ਸੀ। ਅਬਦਾਲੀ ਦਾ ਮੁਕਾਬਲਾ ਕਿੱਥੇ ਤੇ ਕਿਵੇਂ ਕੀਤਾ ਜਾਏ, ਸੂਰਜ ਮੱਲ ਨੇ ਇਸ ਸਿਲਸਿਲੇ ਵਿਚ ਭਾਉ ਸਾਹਮਣੇ ਸੁਝਾਅ ਰੱਖਿਆ ਸੀ। ਭਾਉ ਚਿਣਕ ਕੇ ਬੋਲਿਆ ਸੀ, "ਹੁਣ ਉਠ ਤੇ ਬੱਕਰੀਆਂ ਚਰਾਉਣ ਵਾਲੇ ਜੱਟ-ਬੂਟ ਵੀ ਮੈਨੂੰ ਨੀਤੀ ਸਿਖਾਉਣਗੇ?" ਇਹ ਸਿੱਧਾ ਸੂਰਜ ਮੱਲ ਦਾ ਅਪਮਾਨ ਸੀ। ਉਹ ਭਾਉ ਦਾ ਸਾਥ ਛੱਡ ਕੇ ਆਪਣੀ ਸੈਨਾ ਵਾਪਸ ਲੈ ਗਿਆ। ਭਾਉ ਨੇ ਆਪਣੇ ਇਸ ਖਰਵੇ ਸੁਭਾਅ ਕਾਰਨ ਮਲਹਾਰ ਰਾਵ ਦੁਲਕਰ ਨੂੰ ਵੀ ਨਾਰਾਜ਼ ਕਰ ਦਿੱਤਾ। ਰਾਜਪੂਤ ਤੇ ਪੰਜਾਬ ਦੇ ਸਿੱਖ ਅਬਦਾਲੀ ਦਾ ਮੁਕਾਬਲਾ ਕਰਨ ਵਾਲੀ ਜਬਰਦਸਤ ਸ਼ਕਤੀ ਸਨ। ਅਦੂਰਦਰਸ਼ੀ ਪੇਸ਼ਵਾ ਤੇ ਉਸ ਦੇ ਸੈਨਾ ਪਤੀ ਭਾਉ ਨੇ ਉਹਨਾਂ ਦੀ ਮਦਦ ਲੈਣੀ ਵੀ ਜ਼ਰੂਰੀ ਨਹੀਂ ਸਮਝੀ।

ਉਧਰ ਨਜੀਬੂਦੌਲਾ ਨੇ ਹਿੰਦੂ ਮਰਾਠਾ ਰਾਜ ਦਾ ਡਰ ਦਿਖਾ ਕੇ ਰੋਹੇਲਾ ਸਰਦਾਰਾਂ ਨੂੰ ਤੇ ਅਵਧ ਦੇ ਨਵਾਬ ਸ਼ਜ਼ਾਊਦੌਲਾ ਨੂੰ ਅਬਦਾਲੀ ਦੇ ਪੱਖ ਵਿਚ ਲਿਆ ਖੜ੍ਹਾ ਕੀਤਾ। 23 ਹਜ਼ਾਰ ਘੋੜਸਵਾਰ ਤੇ ਸੱਤ ਹਜ਼ਾਰ ਪੈਦਲ ਅਬਦਾਲੀ ਦੀ ਆਪਣੀ ਸੈਨਾ ਸੀ। ਸੱਤ ਹਜ਼ਾਰ ਘੋੜਸਵਾਰ ਤੇ 23 ਹਜਾਰ ਪੈਦਲ ਸੈਨਾ ਰੋਹੇਲਿਆਂ ਤੇ ਅਵਧਾਂ ਦੀ ਉਸ ਨਾਲ ਆ ਰਲੀ।

ਨਜੀਬੂਦੌਲਾ ਬੜੇ ਮਾਣ ਨਾਲ ਕਹਿ ਰਿਹਾ ਸੀ, "ਇਸ ਬਾਰਾਤ ਦਾ ਲਾੜਾ ਮੈਂ ਹਾਂ। ਫਤਿਹ ਵੀ ਮੇਰੀ ਹੋਏਗੀ ਤੇ ਹਾਰ ਵੀ ਮੇਰੀ।" ਮਰਾਠਿਆਂ ਦੇ ਤੋਪ ਖਾਨੇ ਦਾ ਇੰਚਾਰਜ ਇਬਰਾਹੀਮ ਗਾਰਦੀ ਸੀ। ਨਜੀਬੂਦੌਲਾ ਨੇ ਉਸ ਨੂੰ ਵੀ ਇਹ ਸੰਦੇਸ਼ ਭੇਜਿਆ, 'ਹਿੰਦੁਸਤਾਨ ਦੀਆਂ ਮੁਸਲਮਾਨ ਹਕੂਮਤਾਂ ਖਤਰੇ ਵਿਚ ਹਨ। ਜੇ ਤੁਸੀਂ ਸੱਚੇ ਦੀਨਦਾਰ ਹੋ ਤਾਂ ਹਿੰਦੂ ਕਾਫਿਰਾਂ ਦਾ ਸਾਥ ਛੱਡ ਕੇ ਮੁਸਲਮਾਨਾਂ ਦਾ ਸਾਥ ਦਿਓ।'

ਇਬਰਾਹੀਮ ਗਾਰਦੀ ਦਾ ਜਵਾਬ ਸੀ, 'ਮੈਂ ਜਾਣਦਾ ਹਾਂ ਕਿਹੜਾ ਕਿੱਡਾ ਕੁ

ਮੁਸਲਮਾਨ ਹੈ। ਤੂੰ ਉਸ ਅਹਿਮਦ ਸ਼ਾਹ ਅਬਦਾਲੀ ਨੂੰ ਮੁਸਲਮਾਨ ਦੱਸ ਰਿਹਾ ਹੈਂ, ਜਿਸ ਨੇ ਹਿੰਦੂ ਮੁਸਲਮਾਨ ਦਾ ਭੇਦ ਕੀਤੇ ਬਿਨਾਂ, ਪੂਰੀ ਦਿੱਲੀ ਨੂੰ ਬੜੀ ਬੇਰਹਿਮੀ ਨਾਲ ਲੁੱਟਿਆ ਸੀ। ਤੂੰ ਅਬਦਾਲੀ ਨੂੰ ਮੁਸਲਮਾਨ ਕਹਿ ਰਿਹਾ ਹੈਂ, ਜਿਹੜਾ ਸ਼ਹਿਜਾਦੀਆਂ ਨੂੰ ਜਬਰਦਸਤੀ ਚੁੱਕ ਕੇ ਲੈ ਗਿਆ ਸੀ? ਤੇਰੇ ਵਰਗੇ ਮਤਲਬ ਪ੍ਰਸਤ ਬੰਦੇ ਉਸ ਸਮੇਂ ਵੀ ਅਬਦਾਲੀ ਦੇ ਨਾਲ ਸਨ ਤੇ ਅੱਜ ਵੀ ਅਬਦਾਲੀ ਦੇ ਨਾਲ ਹਨ। ਐਵੇਂ ਇਸਲਾਮ ਦੀ ਦੁਹਾਈ ਕਿਉਂ ਦੇ ਰਿਹਾ ਹੈਂ!'

ਤੇ ਇਬਰਾਹੀਮ ਗਾਰਦੀ ਨੇ ਅਖ਼ੀਰ ਤਕ ਮਰਾਠਿਆਂ ਦਾ ਸਾਥ ਦਿੱਤਾ ਤੇ ਉਹਨਾਂ ਵੱਲੋਂ ਲੜਦਾ ਹੋਇਆ ਮਾਰਿਆ ਗਿਆ।

ਸ਼ਿਵ ਸਦਾ ਰਾਵ ਭਾਉ ਨੇ ਦਿੱਲੀ ਉਪਰ ਕਬਜਾ ਤਾਂ ਕਰ ਲਿਆ ਪਰ ਇਸਦਾ ਉਸ ਨੂੰ ਕੋਈ ਲਾਭ ਨਹੀਂ ਹੋਇਆ। ਉੱਥੇ ਨਾ ਅਨਾਜ, ਨਾ ਚਾਰਾ ਸੀ ਤੇ ਨਾ ਹੀ ਰੁਪਈਆ ਪੈਸਾ। ਜਿਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਆਪਣੇ ਲਈ ਅਨਾਜ, ਹਥਿਆਰ ਤੇ ਗੋਲਾ ਬਾਰੂਦ ਦੀ ਸਪਾਲਾਈ ਦਾ ਪ੍ਰਬੰਧ ਕਰਦਾ ਆਇਆ ਸੀ, ਭਾਉ ਨੇ ਇਸ ਤਰ੍ਹਾਂ ਦਾ ਕੋਈ ਵਸੀਲਾ ਨਹੀਂ ਸੀ ਕੀਤਾ।

ਭਾਉ ਦਿੱਲੀ ਤੋਂ ਅੱਗੇ ਵਧਿਆ ਤੇ 17 ਅਕਤੂਬਰ ਨੂੰ ਕੁੰਜਪੁਰ ਉੱਤੇ ਕਬਜਾ ਕਰ ਲਿਆ। ਇੱਥੇ ਕਾਫੀ ਰਸਦ ਤੇ ਲੁੱਟ ਦਾ ਮਾਲ ਉਸਦੇ ਹੱਥ ਲੱਗਾ। ਦਿੱਲੀ ਤੇ ਕੁੰਜਪੁਰ ਉਪਰ ਕਬਜਾ ਹੋ ਜਾਣ ਕਾਰਨ ਅਬਦਾਲੀ ਨੂੰ ਬੜਾ ਗੁੱਸਾ ਆਇਆ ਤੇ 23 ਅਕਤੂਬਰ ਨੂੰ ਬਾਗਪਤ ਲਾਗਿਓਂ ਜਮਨਾ ਪਾਰ ਕਰਕੇ ਉਹ ਪਾਨੀਪਤ ਪਹੁੰਚ ਗਿਆ। ਭਾਉ ਵੀ ਪਿੱਛੇ ਹਟ ਕੇ ਪਾਨੀਪਤ ਦੇ ਨੇੜੇ ਜਾ ਪਹੁੰਚਿਆ। ਹੁਣ ਦੋਹੇਂ ਸੈਨਾਵਾਂ ਆਹਮਣੇ-ਸਾਹਮਣੇ ਸਨ।

ਦੋ ਢਾਈ ਮਹੀਨੇ ਨਿੱਕੀਆਂ ਨਿੱਕੀਆਂ ਝੜਪਾਂ ਤੇ ਲੜਾਈਆਂ ਹੁੰਦੀਆਂ ਰਹੀਆਂ। ਇਹਨਾਂ ਭਿੜੰਤਾਂ ਦੌਰਾਨ ਅਬਦਾਲੀ ਨੇ ਚੁੱਪ ਸਾਧੀ ਰੱਖੀ। ਇਸ ਦੌਰਾਨ ਉਸ ਨੇ ਜਿਹੜੀ ਚਾਲ ਚੱਲੀ ਸੀ, ਉਹ ਸਫਲ ਹੋਈ। ਅਬਦਾਲੀ ਦੀ ਫ਼ੌਜ ਦੇ ਮੁਕਾਬਲੇ,

ਮਰਾਠਾ ਫੌਜ ਦੀ ਗਿਣਤੀ ਕਾਫੀ ਜ਼ਿਆਦਾ ਸੀ,ਪਰ ਰਸਦ ਦੀ ਸਪਲਾਈ ਦਾ ਕੋਈ ਪ੍ਰਬੰਧ ਨਹੀਂ ਸੀ। ਸਿੱਟਾ ਇਹ ਕਿ ਮਰਾਠਾ ਫੌਜ ਵਿਚ ਭੁੱਖਮਰੀ ਫੈਲ ਗਈ। ਭਾਉ ਨੇ ਪੇਸ਼ਵਾ ਨੂੰ ਲਿਖਿਆ, ਪਰ ਪੂਨੇ ਵਿਚ ਬੈਠਾ ਪੇਸ਼ਵਾ ਏਨੀ ਦੂਰ ਰਸਦ ਦਾ ਕੋਈ ਪ੍ਰਬੰਧ ਨਾ ਕਰ ਸਕਿਆ। ਸ਼ਾਇਦ ਉਸਨੇ ਇਸ ਵੱਲ ਧਿਆਨ ਹੀ ਨਹੀਂ ਸੀ ਦਿੱਤਾ। ਨਿਰਾਸ਼ ਤੇ ਪ੍ਰੇਸ਼ਾਨ ਹੋਏ ਭਾਉ ਨੇ **14** ਜਨਵਰੀ **1761** ਦੀ ਸਵੇਰ ਨੂੰ ਫੌਜ ਨੂੰ ਰਣਭੂਮੀ ਵਿਚ ਉਤਾਰ ਦਿੱਤਾ। ਮੱਧ ਏਸ਼ੀਆ ਦੇ ਸਭ ਤੋਂ ਮਹਾਨ ਜਰਨੈਲ ਅਹਿਮਦ ਸ਼ਾਹ ਅਬਦਾਲੀ ਤੇ ਮੱਧ ਏਸ਼ੀਆ ਵਿਚ ਉਸਦੀ ਸਰਬ-ਸਰੇਸ਼ਟ ਸੈਨਾ ਦਾ ਮੁਕਾਬਲਾ ਅਨੁਭਵਹੀਨ ਭਾਉ ਨਹੀਂ ਕਰ ਸਕਿਆ। ਅਜਿਹੀ ਕਰਾਰੀ ਹਾਰ ਹੋਈ ਕਿ ਉਤਰੀ ਭਾਰਤ ਵਿਚੋਂ ਮਰਾਠਿਆਂ ਦੀ ਸਾਖ ਹਮੇਸ਼ਾ ਲਈ ਮਿਟ ਗਈ।

ਸਾਬਾਜੀ ਦਿੱਲੀ ਭੱਜ ਗਿਆ ਸੀ, ਪਰ ਸਿੱਖਾਂ ਨੇ ਜਨਤਾ ਵਿਚ ਇਹ ਵਿਸ਼ਵਾਸ ਪੈਦਾ ਕਰਨਾ ਸੀ ਕਿ ਅਬਦਾਲੀ ਚਾਹੇ ਕਿੰਨਾਂ ਵੀ ਤਾਕਤਵਰ ਕਿਉਂ ਨਾ ਹੋਏ, ਉਸ ਨਾਲ ਵੀ ਲੜਿਆ ਜਾ ਸਕਦਾ ਹੈ। ਕਿਉਂਕਿ ਬਿਨਾਂ ਲੜੇ ਕੁਝ ਨਹੀਂ ਮਿਲਦਾ। ਉਹਨਾਂ ਦੀ ਜੋ ਲੜਾਈ ਪਹਿਲਾਂ ਮੁਗਲਾਂ ਦੇ ਖ਼ਿਲਾਫ਼ ਸੀ, ਹੁਣ ਅਫਗਾਨਾਂ ਦੇ ਖ਼ਿਲਾਫ਼ ਹੈ।

**20** ਅਕਤੂਬਰ **1759** ਦੀ ਦੀਵਾਲੀ ਸੀ। ਇਸ ਮੌਕੇ ਉਪਰ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ, ਚੜ੍ਹਤ ਸਿੰਘ ਸ਼ੁਕਰਚੱਕੀਆ, ਗੁੱਜਰ ਸਿੰਘ, ਲਹਿਣਾ ਸਿੰਘ ਭੰਗੀ ਤੇ ਕੁਝ ਹੋਰ ਮਿਸਲਾਂ ਦੇ ਸਰਦਾਰ ਅੰਮ੍ਰਿਤਸਰ ਵਿਚ ਮੌਜੂਦ ਸਨ। ਖਬਰ ਮਿਲੀ ਕਿ ਅਬਦਾਲੀ ਅਟਕ ਪਾਰ ਕਰਕੇ ਲਾਹੌਰ ਦੇ ਨੇੜੇ ਪਹੁੰਚ ਗਿਆ ਹੈ। ਅਬਦਾਲੀ ਨਾਲ ਟੱਕਰ ਲੈਣ ਦਾ ਗੁਰਮਤਾ ਪਾਸ ਕਰਕੇ ਉਹਨਾਂ ਜਲਦੀ ਜਲਦੀ ਫੌਜ ਇਕੱਠੀ ਕੀਤੀ ਤੇ ਰਾਤੋ-ਰਾਤ ਸ਼ਾਲੀਮਾਰ ਬਾਗ

ਜਾ ਪਹੁੰਚੇ। ਜਦੋਂ ਦੁਰਾਨੀ ਫੌਜ ਉੱਥੋਂ ਲੰਘ ਰਹੀ ਸੀ ਸਿੱਖਾਂ ਨੇ ਉਸ ਉਪਰ ਅਚਾਨਕ ਧਾਵਾ ਬੋਲ ਦਿੱਤਾ। ਸਿੰਘਾਂ ਨੂੰ ਦੇਖ ਦੁਰਾਨੀ ਭੱਜ ਖੜ੍ਹੇ ਹੋਏ। ਖਾਲਸੇ ਨੇ ਬਾਗਵਾਨ ਪੁਰ ਤੇ ਬੇਗਮਪੁਰਾ ਬਸਤੀਆਂ ਤਕ ਉਹਨਾਂ ਦਾ ਪਿੱਛਾ ਕੀਤਾ। ਘੋੜੇ, ਖੱਚਰ ਤੇ ਹੋਰ ਸਾਮਾਨ ਜੋ ਵੀ ਹੱਥ ਲੱਗਿਆ ਕਾਬੂ ਕਰ ਲਿਆ।

ਜਦੋਂ ਅਬਦਾਲੀ ਨੂੰ ਖਾਲਸਿਆਂ ਦੇ ਇਸ ਹਮਲੇ ਦਾ ਪਤਾ ਲੱਗਿਆ, ਉਸਨੇ ਜਹਾਨ ਖਾਂ ਨੂੰ ਫੌਜ ਦੇ ਕੇ ਮੁਕਾਬਲੇ ਲਈ ਭੇਜ ਦਿੱਤਾ। ਸਿੰਘ ਪਹਿਲਾਂ ਹੀ ਤਿਆਰ ਸਨ। ਦੁਰਾਨੀਆਂ ਦੇ ਆਉਂਦਿਆਂ ਹੀ ਜੱਸਾ ਸਿੰਘ ਨੇ ਸੱਜੇ ਪਾਸਿਓਂ ਤੇ ਚੜ੍ਹਤ ਸਿੰਘ, ਗੁੱਜਰ ਸਿੰਘ ਤੇ ਲਹਿਣਾ ਸਿੰਘ ਨੇ ਖੱਬੇ ਪਾਸਿਓਂ ਹਮਲਾ ਬੋਲ ਦਿੱਤਾ। ਦੁਰਾਨੀ ਸੈਨਾ ਦੋ ਪਸਿਓਂ ਘਿਰ ਗਈ ਤੇ ਮਾਰਕਾਟ ਸ਼ੁਰੂ ਹੋ ਗਈ। ਜਦੋਂ ਦੁਰਾਨੀ ਸਰਦਾਰ ਚੜ੍ਹਤ ਸਿੰਘ ਵੱਲ ਵਧਦੇ , ਜੱਸਾ ਸਿੰਘ ਦਾ ਜੱਥਾ ਪਿੱਛੋਂ ਹੱਲਾ ਬੋਲ ਦਿੰਦਾ ਸੀ ਤੇ ਜਦੋਂ ਦੁਰਾਨੀ ਜੱਸਾ ਸਿੰਘ ਵੱਲ ਵਧਦੇ ਸਨ ਤਾਂ ਚੜ੍ਹਤ ਸਿੰਘ ਹੁਰਾਂ ਦਾ ਜੱਥਾ ਹੱਲਾ ਬੋਲਾ ਦਿੰਦਾ ਸੀ। ਸ਼ਾਮ ਤਕ ਘਮਾਸਾਨ ਦਾ ਯੁੱਧ ਹੋਇਆ, ਜਿਸ ਵਿਚ ਲਗਭਗ ਦੋ ਹਜ਼ਾਰ ਦੁਰਾਨੀ ਖੇਤ ਰਹੇ। ਉਹਨਾਂ ਦਾ ਸੈਨਾਪਤੀ ਜਹਾਨ ਖਾਂ ਵੀ ਜਖ਼ਮੀ ਹੋ ਗਿਆ। ਰਾਤ ਦਾ ਹਨੇਰਾ ਉਤਰ ਆਇਆ ਤਾਂ ਦੋਹੇਂ ਫੌਜਾਂ ਪਿੱਛੇ ਹਟ ਗਈਆਂ। ਖਾਲਸੇ ਦੀ ਹਾਰ–ਜਿੱਤ ਦਾ ਫੈਸਲਾ ਨਹੀਂ ਹੋ ਸਕਿਆ। ਉਹ ਕੋਈ ਫੈਸਲਾ ਕਰਨ ਵੀ ਨਹੀਂ ਸਨ ਆਏ, ਸਿਰਫ ਦੁਰਾਨੀਆਂ ਨੂੰ ਆਪਣੇ ਹੱਥ ਦਿਖਾਉਣ ਆਏ ਸਨ। ਉਹ ਮਾਝੇ ਵਿਚ ਖਿੱਲਰ ਗਏ ਤਾਂ ਕਿ ਜਦੋਂ ਅਬਦਾਲੀ ਕੂਚ ਕਰੇ ਤਾਂ ਜਿੱਥੇ ਕਿਤੇ ਦਾਅ ਲੱਗੇ ਅਚਾਨਕ ਧਾਵਾ ਬੋਲ ਸਕਣ।

ਅਬਦਾਲੀ ਜਾਰਚੀ ਕਰੀਮਦਾਦ ਨੂੰ ਲਾਹੌਰ ਦਾ ਹਾਕਮ ਬਣਾ ਕੇ ਚਲਾ ਗਿਆ। ਉਹ ਬੜਾ ਹੁਸ਼ਿਆਰ ਆਦਮੀ ਸੀ। ਉਸਨੇ ਕਾਫੀ ਹੱਦ ਤਕ ਅਮਨ–ਅਮਾਨ ਬਹਾਲ ਕਰ ਲਿਆ। ਸਿੱਖ ਇਧਰ ਉਧਰ ਘਾਤ ਲਾਈ ਬੈਠੇ ਸਨ। ਜਦੋਂ ਮੌਕਾ ਮਿਲਦਾ ਸੀ, ਅਚਾਨਕ ਧਾਵਾ ਬੋਲਦੇ ਸਨ ਤੇ ਫੇਰ ਛੁਪ ਜਾਂਦੇ ਸਨ। ਦੁਰਾਨੀਆਂ

ਲਈ ਚੈਨ ਦੀ ਨੀਂਦ ਸੌਣਾ ਹਰਾਮ ਹੋ ਗਿਆ ਸੀ।

ਅਬਦਾਲੀ ਨੂੰ ਜਾਰਚੀ ਵਰਗੇ ਯੋਗ ਆਦਮੀ ਦੀ ਮੋਰਚੇ ਉਪਰ ਲੋੜ ਸੀ। ਇਸ ਲਈ ਅਬਦਾਲੀ ਨੇ ਜਾਰਚੀ ਨੂੰ **1760** ਵਿਚ ਭਾਵ ਚਾਰ ਪੰਜ ਮਹੀਨੇ ਬਾਅਦ ਹੀ ਆਪਣੇ ਕੋਲ ਬੁਲਾਅ ਲਿਆ ਤੇ ਪੰਜਾਬ ਵਿਚ ਸਰ ਬੁਲੰਦ ਖਾਂ ਨੂੰ ਹਾਕਮ ਥਾਪ ਦਿੱਤਾ। ਸਰ ਬੁਲੰਦ ਖਾਂ ਵਿਚ ਹੌਂਸਲੇ ਤੇ ਪਹਿਲ ਕਦਮੀਂ ਕਰਨ ਦੀ ਘਾਟ ਸੀ। ਉਹ ਸਿੱਖਾਂ ਦੇ ਡਰ ਕਾਰਨ ਅੱਗੇ ਨਹੀਂ ਵਧਿਆ—ਜਲੰਧਰ ਵਿਚ ਆ ਕੇ ਹੀ ਰੁਕ ਗਿਆ ਤੇ ਜਲੰਧਰ ਨੂੰ ਹੀ ਆਪਣਾ ਸਦਰ ਮੁਕਾਮ ਬਣਾ ਲਿਆ। ਉਸਨੇ ਸਆਦਤ ਖਾਂ ਨੂੰ ਆਪਣਾ ਨਾਇਬ ਬਣਾ ਕੇ ਲਾਹੌਰ ਭੇਜਿਆ ਤੇ ਰੁਸਤਮ ਖਾਂ ਨੂੰ ਚਹਾਰ ਮਹਿਲ ਦਾ ਫੌਜਦਾਰ ਬਣਾ ਦਿੱਤਾ। ਇਹ ਦੋਹੇਂ ਆਦਮੀ ਵੀ ਅਯੋਗ ਆਦਮੀ ਹੀ ਸਨ। ਰਾਜ ਭਾਗ ਚਲਾਉਣਾ ਉਹਨਾਂ ਦੇ ਵੱਸ ਦਾ ਰੋਗ ਨਹੀਂ ਸੀ।

ਅਹਿਮਦ ਸ਼ਾਹ ਅਬਦਾਲੀ ਡੇਢ ਸਾਲ ਹਿੰਦੁਸਤਾਨ ਵਿਚ ਰਿਹਾ। ਉਸਨੇ ਆਪਣੀ ਸਾਰੀ ਸ਼ਕਤੀ ਮਰਾਠਿਆਂ ਦੇ ਖ਼ਿਲਾਫ਼ ਲਾਈ ਹੋਈ ਸੀ। ਇਹ ਉਸ ਲਈ ਮੌਤ ਤੇ ਜ਼ਿੰਦਗੀ ਦਾ ਸਵਾਲ ਸੀ। ਪੰਜਾਬ ਵਿਚ ਉਸਦੇ ਜਿਹੜੇ ਅਫਸਰ ਸਨ, ਉਹਨਾਂ ਦਾ ਮੁੱਖ ਕੰਮ ਸੀ ਮਾਲੀਆ ਉਗਰਾਉਣਾ ਤੇ ਮੋਰਚੇ ਉੱਤੇ ਰਸਦ ਭੇਜਣਾ। ਉਹਨਾਂ ਕੋਲ ਜਿਹੜੀ ਸੈਨਾ ਸੀ, ਮੁੱਖ ਰੂਪ ਵਿਚ ਇਸੇ ਕੰਮ ਲਈ ਇਸਤੇਮਾਲ ਹੁੰਦੀ ਸੀ। ਅੰਦਰੂਨੀ ਅਫਰਾ-ਤਫਰੀ ਤੇ ਗੜਬੜੀ ਦੀ ਖ਼ੁਦ ਅਬਦਾਲੀ ਨੂੰ ਵੀ ਬਹੁਤੀ ਪ੍ਰਵਾਹ ਨਹੀਂ ਸੀ।

ਸਿੱਖਾਂ ਨੂੰ ਇਹ ਮੌਕਾ ਵਾਹਿਗੁਰੂ ਨੇ ਦਿੱਤਾ। ਉਹ ਦੁਰਾਨੀ ਅਫਸਰਾਂ ਦੀ ਕਮਜ਼ੋਰੀ ਤੇ ਸੈਨਕ ਸਾਧਨਾ ਦੀ ਕਮੀ ਕਾਰਨ ਖੁਸ਼ ਸਨ। ਮਿਸਲਾਂ ਦੇ ਸਰਦਾਰਾਂ ਨੇ ਇਸ ਸਥਿਤੀ ਦਾ ਲਾਭ ਤੱਕ ਕੇ ਪੰਜਾਬ ਵਿਚ ਜਗ੍ਹਾ ਜਗ੍ਹਾ ਕਿਲਿਆਂ ਤੇ ਕੋਟਾਂ ਦੀ ਉਸਾਰੀ ਕਰ ਲਈ। ਇਹ ਕਿਲੇ ਉਹਨਾਂ ਵਧੇਰੇ ਕਰਕੇ ਆਪਣੀ ਹਮਦਰਦ ਆਬਾਦੀ ਵਾਲੇ ਇਲਾਕੇ ਵਿਚ ਬਣਾਏ ਸਨ ਤਾਂ ਕਿ ਲੋੜ ਪੈਣ 'ਤੇ ਉਹਨਾਂ ਦੀ

ਸਹਾਇਤਾ ਵੀ ਲਈ ਜਾ ਸਕੇ। ਫੇਰ ਇਹ ਕਿਲੇ ਜਮਨਾ ਤੋਂ ਰਾਵੀ ਤਕ ਹਿਮਾਲਿਆ ਦੀ ਤਲਹੱਟੀ ਵਿਚ ਬਣਾਏ ਗਏ ਸਨ, ਜਿੱਥੇ ਅਬਦਾਲੀ ਉਹਨਾਂ ਦਾ ਪਿੱਛਾ ਨਾ ਕਰ ਸਕੇ। ਇਹਨਾਂ ਕਿਲਿਆਂ ਦੇ ਨਿਰਮਾਣ ਕਾਰਨ ਖਾਲਸੇ ਦੇ ਵਿਰੋਧੀ ਵੀ ਭੈਭੀਤ ਹੋ ਗਏ।

ਚੰਗੀ ਤਰ੍ਹਾਂ ਮਸ਼ਹੂਰ ਹੋਣ ਪਿੱਛੋਂ ਖਾਲਸੇ ਨੇ ਨਵੇਂ ਨਵੇਂ ਪਿੰਡਾਂ ਵਿਚ ਆਪਣੀ ਰਾਖੀ–ਪ੍ਰਣਾਲੀ ਦਾ ਵਿਸਥਾਰ ਕੀਤਾ ਤੇ ਉੱਥੋਂ ਦਾ ਮਾਲੀਆ ਤੇ ਨਜ਼ਰਾਨਾ (ਸੁਗਾਤਾਂ) ਖ਼ੁਦ ਉਗਰਾਉਣਾ ਸ਼ੁਰੂ ਕਰ ਦਿੱਤਾ। ਇਸ ਲਈ ਦੁਰਾਨੀ ਅਫਸਰਾਂ ਨਾਲ ਮੁੱਠਭੇੜ ਹੋਣੀ ਲਾਜ਼ਮੀ ਸੀ। ਅਕਤੂਬਰ 1760 ਵਿਚ ਚਹਾਰ ਮਹਿਲ ਦੇ ਫ਼ੌਜਦਾਰ ਰੁਸਤਮ ਖਾਂ ਨੂੰ ਪਤਾ ਲੱਗਿਆ ਸਿਆਲਕੋਟ ਤੋਂ ਛੇ ਕੋਹ ਦੇ ਫਾਸਲੇ ਉੱਤੇ 50 ਸਿੱਖ ਇਕ ਪਿੰਡ ਵਿਚ ਉਗਰਾਈ ਕਰ ਰਹੇ ਹਨ। ਉਹ ਡੇਢ ਸੌ ਘੋੜਸਵਾਰ ਤੇ ਪੈਦਲ ਨਾਲ ਲੈ ਕੇ ਸਿੱਖਾਂ ਨਾਲ ਲੜਨ ਜਾ ਪਹੁੰਚਿਆ। ਉਸਨੂੰ ਦੇਖਦਿਆਂ ਹੀ ਸਿੱਖ ਮੁਕਾਬਲੇ ਲਈ ਡਟ ਗਏ। ਰੁਸਤਮ ਖਾਂ ਦੇ ਡੇਢ ਸੌ ਭਾੜੇ ਦੇ ਟੱਟੂ ਜਾਨ ਉੱਤੇ ਖੇਡ ਜਾਣ ਵਾਲੇ ਪੰਜਾਹ ਸਿੱਖਾਂ ਦਾ ਕੀ ਖਾ ਕੇ ਮੁਕਾਬਲਾ ਕਰਦੇ? ਜਲਦੀ ਹੀ ਉਹਨਾਂ ਦੇ ਪੈਰ ਉੱਖੜ ਗਏ। ਨੇੜੇ ਹੀ ਇਕ ਪੁਰਾਣਾ ਕਿਲਾ ਸੀ। ਰੁਸਤਮ ਖਾਂ ਭੱਜ ਕੇ ਉਸ ਵਿਚ ਜਾ ਲੁਕਿਆ। ਸਿੱਖਾਂ ਨੇ ਕਿਲੇ ਨੂੰ ਜਾ ਘੇਰਿਆ। ਖਬਰ ਸੁਣ ਕੇ ਆਸੇ ਪਾਸੇ ਦੇ ਕੁਝ ਹੋਰ ਸਿੱਖ ਵੀ ਉਹਨਾਂ ਦੀ ਮਦਦ ਲਈ ਆ ਪਹੁੰਚੇ। ਉਹਨਾਂ ਕਿਲੇ ਉਪਰ ਚੜ੍ਹ ਕੇ ਉਸਦੀ ਕੰਧ ਢਾਅ ਸੁੱਟੀ। ਦੁਸ਼ਮਣ ਫ਼ੌਜ ਬਾਹਰ ਨਿਕਲਣ ਲਈ ਮਜ਼ਬੂਰ ਹੋ ਗਈ। ਖਾਲਸੇ ਨੇ ਰੁਸਤਮ ਖਾਂ ਨੂੰ ਤੇ ਮੁਗਲਾਨੀ ਬੇਗਮ ਦੇ ਕਾਰਦਾਰ ਤਹਿਮਸ ਖਾਂ ਮਸਕੀਨ ਨੂੰ ਜਿਹੜਾ ਹੁਣ ਰੁਸਤਮ ਖਾਂ ਦਾ ਨਾਇਬ ਸੀ, ਗਿਰਫਤਾਰ ਕਰ ਲਿਆ। ਰੁਸਤਮ ਖਾਂ ਨੇ ਜੰਮੂ ਦੇ ਰਾਜੇ ਤੋਂ 20 ਹਜ਼ਾਰ ਰੁਪਏ ਮੰਗਵਾ ਕੇ ਸਿੱਖਾਂ ਨੂੰ ਨਜ਼ਰਾਨੇ ਵਜੋਂ ਦਿੱਤੇ ਤਾਂ ਕਿਤੇ ਜਾ ਕੇ ਉਹ ਦੋਹੇਂ ਰਿਹਾਅ ਕੀਤੇ ਗਏ।

ਦੁਰਾਨੀਆਂ ਦੇ ਲਾਹੌਰ ਵਿਚ ਆਉਂਦਿਆਂ ਹੀ ਮੁਗਲਾਨੀ ਬੇਗਮ ਨੂੰ ਆਪਣੀ

ਪਹਿਲੀ ਪੈਂਸ਼ਨ ਫੇਰ ਮਿਲਨ ਲੱਗ ਪਈ ਸੀ। ਹੁਣ ਉਹ ਫੇਰ ਠਾਠ ਨਾਲ ਰਹਿੰਦੀ ਤੇ ਰੰਗ-ਰਲੀਆਂ ਮਨਾਉਂਦੀ ਸੀ। ਜਦੋਂ ਤਕ ਕਰੀਮਦਾਦ ਖਾਂ ਰਿਹਾ ਤੇ ਮਸਕੀਨ ਵੀ ਉਸਦੇ ਨਾਲ ਸੀ, ਬੇਗਮ ਨੇ ਕਿਸੇ ਹੱਦ ਤਕ ਆਪਣੇ ਆਪ ਉੱਤੇ ਕਾਬੂ ਰੱਖਿਆ ਸੀ...ਪਰ ਜਦੋਂ ਕਰੀਮਦਾਦ ਪਿੱਛੋਂ ਸਆਦਤ ਖਾਂ, ਸਰਬੁਲੰਦ ਖਾਂ ਦਾ ਨਾਇਬ ਬਣ ਕੇ ਲਾਹੌਰ ਆਇਆ ਤੇ ਤਹਿਮਸ ਖਾਂ ਮਸਕੀਨ ਨੂੰ ਰੁਸਤਮ ਖਾਂ ਦਾ ਨਾਇਬ ਬਣਾ ਕੇ ਸਿਆਲਕੋਟ ਭੇਜ ਦਿੱਤਾ ਗਿਆ ਤਾਂ ਬੇਗਮ ਖੁੱਲ੍ਹ ਖੇਡੀ। ਸਆਦਤ ਖਾਂ ਇਕ ਕਮਜ਼ੋਰ ਹਾਕਮ ਹੋਣ ਦੇ ਇਲਾਵਾ ਅਯਾਸ਼ ਆਦਮੀ ਸੀ। ਬੇਗਮ ਨੇ ਉਸਨੂੰ ਆਪਣੇ ਨਾਲ ਹੀ ਰੰਗ ਰਲੀਆਂ ਵਿਚ ਸ਼ਾਮਲ ਕਰ ਲਿਆ। ਸ਼ਾਮ ਨੂੰ ਉਸਦੇ ਨਾਲ ਮਹਿਫਲ ਜਮਾਉਂਦੀ ਤੇ ਜਾਮ ਨਾਲ ਜਾਮ ਟਕਰਾਅ ਕੇ ਕਹਿੰਦੀ, "ਆਓ ਪਿਆਰੇਓ, ਅੱਖਾਂ ਵਿਚ ਅੱਖਾਂ ਪਾ ਕੇ ਗੱਲਾਂ ਕਰੀਏ ਤੇ ਲਾਹੌਰ ਦੀ ਧੁੰਦਲੀ ਸ਼ਾਮ ਨੂੰ ਅਵਧ ਦੀ ਹੁਸੀਨ ਤੇ ਰੰਗੀਨ ਸ਼ਾਮ ਬਣਾਅ ਦੇਈਏ। ਮੈਂ ਤੈਮੂਰ ਦੀ ਭੈਣ ਤੇ ਅਬਦਾਲੀ ਦੀ ਬੇਟੀ, ਤੇਰੀ ਸਿਹਤ ਦਾ ਜਾਮ ਪੀਂਦੀ ਆਂ ਤੇ ਤੁਸੀਂ ਮੇਰੀ ਸਿਹਤ ਦਾ ਜਾਮ ਪੀਓ।" ਦੋ ਜਾਮ ਪੀ ਚੁੱਕਣ ਪਿੱਛੋਂ ਲੋਰ ਵਿਚ ਆ ਕੇ ਬੜਬੜਾਉਂਦੀ, "ਇਹਨਾਂ ਪਾਜੀ ਮਰਹੱਟਿਆਂ ਨੇ ਸ਼ਰੀਫ ਆਦਮੀਆਂ ਦਾ ਜਿਉਣਾ ਹਰਾਮ ਕਰ ਦਿੱਤਾ ਸੀ, ਪਰ ਹੁਣ ਅਬਦਾਲੀ ਦੇ ਆਉਣ ਦੀ ਖਬਰ ਸੁਣੀ ਤਾਂ ਪੂਛਾਂ ਗਿੱਟਿਆਂ 'ਚ ਲੈ ਕੇ ਭੱਜ ਗਏ। ਕਿਉਂ ਬੇਟਾ ਸ਼ਾਦ ਅਲੀ ਦੇਖਿਆ ਸੀ ਨਾ ਤੂੰ, ਪੂਛਾਂ ਦੱਬੀ ਭੱਜੇ ਜਾਂਦਿਆਂ ਨੂੰ?"

"ਹਾਂ ਖਾਲਾਜਾਨ ਦੇਖਿਆ ਸੀ, ਪੂਰੇ ਗੌਰ ਨਾਲ ਦੇਖਿਆ ਸੀ।" ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਰਹ ਅਲੀ ਨੇ ਉਸਦੀ ਹਾਂ ਵਿਚ ਹਾਂ ਮਿਲਾਈ।

ਤਹਿਮਸ ਖਾਂ ਮਸਦੀਨ ਸਿਆਲਕੋਟ ਜਾਂਦਿਆਂ ਹੋਇਆਂ ਸ਼ਾਦ ਅਲੀ ਨੂੰ ਲਾਹੌਰ ਵਿਚ ਹੀ ਛੱਡ ਗਿਆ ਸੀ ਤਾਂ ਕਿ ਉੱਥੇ ਬੈਠਾ ਉਹ ਉਸਦੇ ਰੋਜ਼ਨਾਮਚਿਆਂ ਦੀਆਂ ਨਕਲਾਂ ਉਤਾਰਦਾ ਰਹੇ ਤੇ ਇਹ ਖਿਆਲ ਰੱਖੇ ਕਿ ਮੁਗਲਾਨੀ ਬੇਗਮ ਨੂੰ ਕਿਸੇ ਕਿਸਮ ਦੀ ਕੋਈ ਔਖ ਤਾਂ ਨਹੀਂ। ਉਸਨੂੰ ਜਿਸ ਚੀਜ਼ ਦੀ ਜ਼ਰੂਰਤ ਹੋਏ ਤੁਰੰਤ

ਮੰਗਵਾ ਦਏ। ਸ਼ਾਦ ਅਲੀ ਨੇ ਬੇਗਮ ਦੀ ਸੇਵਾ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਬੇਗਮ ਅੱਧੀ ਰਾਤ ਨੂੰ ਕੋਈ ਹੁਕਮ ਦਿੰਦੀ, ਸ਼ਾਦ ਅਲੀ ਉਸਨੂੰ ਪੂਰਾ ਕਰਨਾ ਆਪਣਾ ਫਰਜ਼ ਸਮਝਦਾ। ਇੱਥੋ ਤਕ ਕਿ ਉਹ ਬੇਗਮ ਨੂੰ ਖਾਲਾ ਜਾਨ ਤੇ ਬੇਗਮ ਉਸਨੂੰ ਬੇਟਾ ਕਹਿਣ ਲੱਗੀ। ਪਰ ਇਸ ਰਿਸ਼ਤੇ ਵਿਚ ਜਿਹੜਾ ਮੋਹ-ਪਿਆਰ ਤੇ ਸ਼ਰਮ-ਲਿਹਾਜ਼ ਹੁੰਦਾ ਹੈ, ਉਸਦੀ ਇੱਥੇ ਗੁੰਜਾਇਸ਼ ਨਹੀਂ ਸੀ। ਇਹ ਇਕ ਸਿੱਧਾ ਸਪਾਟ ਰਿਸ਼ਤਾ ਸੀ, ਜਿਹੜਾ ਹੁਕਮ ਦੇਣ ਤੇ ਹੁਕਮ ਮੰਨ ਲੈਣ ਦੇ ਪ੍ਰਤੀਕਰਮ ਵਜੋਂ ਐਵੇਂ ਹੀ ਪੈਦਾ ਹੋ ਗਿਆ ਸੀ। ਬੇਗਮ, ਸ਼ਾਦ ਅਲੀ ਲਈ ਇਕ ਖੁੱਲ੍ਹੀ ਕਿਤਾਬ ਸੀ। ਉਹ ਉਸਦੀ ਹਰੇਕ ਹਰਕਤ ਦੇਖਦਾ ਤੇ ਹਰੇਕ ਗੱਲ ਸੁਣਦਾ ਸੀ...ਪਰ ਇੰਜ ਘੁੰਨਾ ਬਣਿਆਂ ਰਹਿੰਦਾ ਸੀ ਜਿਵੇਂ ਦੇਖ ਕੇ ਵੀ ਕੁਝ ਨਾ ਦੇਖਿਆ ਹੋਏ ਤੇ ਸੁਣ ਕੇ ਵੀ ਕੁਝ ਨਾ ਸੁਣਿਆਂ ਹੋਏ। ਬੋਲਦਾ ਵੀ ਉਦੋਂ ਸੀ ਜਦੋਂ ਬਿਲਕੁਲ ਹੀ ਨਹੀਂ ਸਰਦਾ ਸੀ—ਵਰਨਾ, ਅੱਖਾਂ ਬੰਦ, ਮੂੰਹ ਬੰਦ ਤੇ ਕੰਨ ਬੰਦ।

ਮੁਗਲਾਨੀ ਬੇਗਮ ਦੀਆਂ ਫਰਮਾਇਸ਼ਾਂ ਪੂਰੀਆਂ ਕਰਨ ਲਈ ਉਹ ਕਿਸੇ ਨੌਕਰ ਜਾਂ ਨੌਕਰਾਣੀ ਨੂੰ ਸ਼ਹਿਰ ਭੇਜਣ ਦੇ ਬਜਾਏ ਖ਼ੁਦ ਸ਼ਹਿਰ ਚਲਾ ਜਾਂਦਾ ਸੀ। ਇਸ ਦੌਰਾਨ ਉਹ ਆਪਣਾ ਉਹ ਫਰਜ਼ ਪੂਰਾ ਕਰਦਾ ਸੀ, ਜਿਸਦੀ ਸਿੱਖਿਆ ਅਲਹੋਲ ਮਕਤਬ ਵਿਚ ਉਸਨੂੰ ਮਿਲੀ ਸੀ ਤੇ ਜਿਸ ਦੇ ਲਈ ਭੂਪਾ ਸ਼ਾਹ ਉਸਨੂੰ ਇੱਥੇ ਛੱਡ ਗਿਆ ਸੀ।

ਬੇਗਮ ਦੇ ਸਆਦਤ ਖਾਂ ਦੀ ਐਸ਼ਪ੍ਰਸਤੀ ਕਾਰਨ ਸ਼ਹਿਰ ਦਾ ਪ੍ਰਬੰਧ ਵਿਗੜ ਗਿਆ ਸੀ। ਚੋਰੀ ਚਕਾਰੀ ਤੇ ਹੇਰਾਫੇਰੀ ਦੀਆਂ ਵਾਰਦਾਤਾਂ ਵਧ ਰਹੀਆਂ ਸਨ। ਸਿੱਖਾਂ ਕੋਲ ਹਰੇਕ ਖਬਰ ਪਹੁੰਚ ਰਹੀ ਸੀ। ਉਹਨਾਂ ਲਾਹੌਰ ਦੇ ਆਸੇ ਪਾਸੇ ਦੀਆਂ ਬਸਤੀਆਂ ਉਪਰ ਧਾਵੇ ਬੋਲਣੇ ਤੇ ਉਗਰਾਈ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਕਾਰਨ ਬੁਲੰਦ ਖਾਂ ਨੇ ਸਆਦਤ ਖਾਂ ਨੂੰ ਹਟਾਅ ਦੇ ਸ਼ਹਿਰ ਦੇ ਇਕ ਪ੍ਰਮੁੱਖ ਸ਼ਾਹੂਕਾਰ ਦੀਵਾਨ ਸੂਰਤ ਸਿੰਘ ਨੂੰ ਆਪਣਾ ਨਾਇਬ ਬਣਾ ਦਿੱਤਾ। ਸ਼ਾਇਦ ਉਸਦਾ ਖ਼ਿਆਲ ਸੀ ਕਿ ਸੂਰਤ ਸਿੰਘ ਸਿੱਖਾਂ ਨੂੰ ਸਮਝਾ ਬੁਝਾ ਕੇ ਧਾਵੇ

ਕਰਨ ਤੋਂ ਰੋਕ ਦਏਗਾ। ਪਰ ਇੰਜ ਨਹੀਂ ਹੋਇਆ ਤੇ ਸੂਰਤ ਸਿੰਘ ਨੇ ਜਲਦੀ ਹੀ ਅਸਤੀਫਾ ਦੇ ਦਿੱਤਾ। ਸਰ ਬੁਲੰਦ ਖਾਂ ਨੇ ਹੁਣ ਮੋਮਿਨ ਖਾਂ ਕਸੂਰੀ ਦੇ ਪੁੱਤਰ ਮੁਹੰਮਦ ਖਾਂ ਨੂੰ ਲਾਹੌਰ ਦਾ ਹਾਕਮ ਬਣਾਇਆ।

ਇਸ ਸਾਲ 7 ਨਵੰਬਰ ਦੀ ਦੀਵਾਲੀ ਸੀ। ਇਸ ਮੌਕੇ ਉਪਰ ਸਿੱਖ ਸਰਦਾਰ ਤੇ ਆਮ ਲੋਕ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਵਿਖੇ ਇਕੱਤਰ ਹੋਏ ਤੇ ਉਤਸਵ ਪੂਰੀ ਧੂਮਧਾਮ ਨਾਲ ਮਨਾਇਆ ਗਿਆ। ਖਾਲਸਾ ਅਬਦਾਲੀ ਨੂੰ ਇਹ ਦੱਸ ਦੇਣਾ ਚਾਹੁੰਦਾ ਸੀ ਕਿ ਉਹ ਚਾਹੇ ਕਿਸੇ ਨੂੰ ਵੀ ਲਾਹੌਰ ਦਾ ਹਾਕਮ ਬਣਾ ਦਏ ਤੇ ਚਾਹੇ ਖ਼ੁਦ ਉੱਥੇ ਆ ਕੇ ਬੈਠ ਜਾਏ, ਉਹ ਪੰਜਾਬ ਉਪਰ ਹਕੂਮਤ ਨਹੀਂ ਕਰ ਸਕਦਾ। ਇਸ ਲਈ ਇਸ ਦੀਵਾਲੀ ਦੇ ਦੀਵਾਨ ਵਿਚ ਇਹ ਗੁਰਮਤਾ ਪਾਸ ਹੋਇਆ ਕਿ ਲਾਹੌਰ ਉਪਰ ਇਕ ਤਕੜਾ ਹਮਲਾ ਕੀਤਾ ਜਾਏ।

ਇਸ ਗੁਰਮਤੇ ਅਨੁਸਾਰ ਦੀਵਾਲੀ ਤੋਂ ਕੁਝ ਦਿਨ ਬਾਅਦ ਖਾਲਸੇ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਲਾਹੌਰ ਉਪਰ ਚੜ੍ਹਾਈ ਕਰ ਦਿੱਤੀ ਤੇ ਉਸ ਦੀਆਂ ਬਾਹਰੀ ਬਸਤੀਆਂ ਉਪਰ ਕਬਜਾ ਕਰ ਲਿਆ। ਮੀਰ ਮੁਹੰਮਦ ਖਾਂ ਨੇ ਸਿੱਖਾਂ ਤੋਂ ਡਰ ਕੇ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ। ਇੰਜ ਸ਼ਹਿਰ ਖ਼ੁਦ ਹੀ ਘੇਰੇ ਵਿਚ ਆ ਗਿਆ। ਅਵਾਜਾਈ ਬੰਦ ਹੋ ਗਈ। ਘੇਰਾਬੰਦੀ ਲਗਾਤਾਰ ਗਿਆਰਾਂ ਦਿਨ ਤਕ ਰਹੀ। ਸ਼ਹਿਰ ਦੇ ਲੋਕ ਤੰਗ ਆ ਗਏ ਤੇ ਮੀਰ ਮੁਹੰਮਦ ਘਬਰਾ ਗਿਆ। ਪਰ ਖਾਲਸੇ ਦਾ ਮਕਸਦ ਲੋਕਾਂ ਨੂੰ ਤੰਗ ਕਰਨਾ ਨਹੀਂ ਸੀ—ਮੀਰ ਮੁਹੰਮਦ ਨੂੰ ਸੰਦੇਸ਼ ਭੇਜਿਆ ਗਿਆ ਕਿ ਜੇ ਤੂੰ ਕੜਾਹ ਪ੍ਰਸ਼ਾਦ ਦੀ ਦੇਗ ਲਈ ਨਜ਼ਰਾਨਾ ਦੇਣਾ ਮੰਜ਼ੂਰ ਕਰੇਂ ਤਾਂ ਖਾਲਸਾ ਘੇਰਾਬੰਦੀ ਹਟਾਅ ਲਏਗਾ। ਮੀਰ ਮੁਹੰਮਦ ਮਜ਼ਬੂਰ ਤੇ ਬੇਵੱਸ ਸੀ, ਪੈਸੇ ਵੀ ਉਸ ਕੋਲ ਜ਼ਿਆਦਾ ਨਹੀਂ ਸਨ। ਉਸਨੇ ਜਿਵੇਂ ਤਿਵੇਂ ਕਰਕੇ ਤੀਹ ਹਜ਼ਾਰ ਰੁਪਏ ਇਕੱਠੇ ਕੀਤੇ ਤੇ ਸ਼ਹਿਰ ਦੇ ਪਤਵੰਤਿਆਂ—ਪੀਰਜਾਦਾ ਗ਼ੁਲਾਮ ਹੁਸੈਨ ਸਰਹਿੰਦੀ, ਮੀਆਂ ਮੁਹੰਮਦ ਤਕੀ, ਮੀਰ ਨੱਨੂੰਸ਼ਾਹ ਤੇ ਹਾਫਿਜ਼ ਕਾਦਿਰ ਬਖ਼ਸ਼ ਦੇ ਹੱਥ ਦੇਗ ਲਈ ਖਾਲਸੇ ਨੂੰ

ਭੇਂਟ ਕੀਤੇ।

ਮਕਸਦ ਹਕੂਮਤ ਨੂੰ ਝੁਕਾਉਣ ਦਾ ਸੀ, ਉਹ ਝੁਕ ਗਈ। ਸਿੰਘ ਅਗਲੇ ਪ੍ਰੋਗਰਾਮ ਉਲੀਕਣ ਲਈ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ।

**000**

ਇਸ ਸਾਲ ਵਿਸਾਖੀ ਦਾ ਤਿਉਹਾਰ **10** ਅਪਰੈਲ ਨੂੰ ਆਇਆ। ਮਾਝੇ ਤੇ ਮਾਲਵੇ ਦਾ ਲਗਭਗ ਪੂਰਾ ਪੈਂਡੂ ਇਲਾਕਾ ਖਾਲਸੇ ਦੀ ਰਾਖੀ ਪ੍ਰਣਾਲੀ ਵਿਚ ਆ ਚੁੱਕਿਆ ਸੀ। ਇਸ ਲਈ ਖੇਤਾਂ ਵਿਚ ਕਣਕ ਲਹਿਰਾ ਰਹੀ ਸੀ। ਜਿਵੇਂ ਮੋਰ ਸਾਵਨ ਦੀ ਘਟਾ ਨੂੰ ਦੇਖ ਕੇ ਨੱਚ ਉਠਦਾ ਹੈ, ਉਵੇਂ ਹੀ ਮਾਝੇ ਮਾਲਵੇ ਦੇ ਕਿਸਾਨ ਕਣਕ ਦੀਆਂ ਬੱਲੀਆਂ ਨੂੰ ਦੇਖ ਕੇ ਮਸਤੀ ਵਿਚ ਆਏ ਹੋਏ ਸਨ ਤੇ ਨੱਚ ਗਾ ਕੇ ਵਿਸਾਖੀ ਦਾ ਤਿਉਹਾਰ ਮਨਾ ਰਹੇ ਸਨ—ਅਸਲ ਵਿਚ ਵਿਸਾਖੀ ਦਾ ਦਿਨ ਹੁੰਦਾ ਹੀ ਨੱਚਣ ਗਾਉਣ ਤੇ ਖੁਸ਼ੀਆਂ ਮਨਾਉਣ ਲਈ ਹੈ। ਇਸ ਪਿੱਛੋਂ ਖੇਤਾਂ ਵਿਚ ਦਾਤੀ ਪੈ ਜਾਂਦੀ ਹੈ। ਦਾਣੇ ਘਰ ਆਉਂਦੇ ਹਨ। ਇਹ ਦਾਣੇ ਜਦੋਂ ਖ਼ੂਨ ਤੇ ਮਾਸ ਵਿਚ ਢਲਦੇ ਹਨ ਤਾਂ ਮਨੁੱਖ ਨੂੰ ਸੁੰਦਰ, ਸੁਡੌਲ ਤੇ ਨਿਡਰ ਵੀ ਬਣਾ ਦਿੰਦੇ ਹਨ। ਨਿਡਰ ਮਨੁੱਖ ਨੱਚਦਾ ਗਾਉਂਦਾ ਵੀ ਹੈ ਤੇ ਆਪਣੇ ਇਹਨਾਂ ਖੁਸ਼ੀਆਂ-ਖੇੜਿਆਂ ਤੇ ਗੀਤਾਂ ਦੇ ਲਈ ਲੜਦਾ ਵੀ ਹੈ। ਜੱਗਾ ਜੱਟ ਪੰਜਾਬੀ ਲੋਕ ਗੀਤਾਂ ਦਾ ਨਾਇਕ ਇਸ ਲਈ ਹੈ ਕਿ ਉਹ ਨਾਚ ਤੇ ਗੀਤਾਂ ਦਾ ਗਲ਼ਾ ਘੁੱਟ ਦੇਣ ਵਾਲੇ ਅਨਿਆਈਆਂ ਤੇ ਅਤਿਆਚਾਰੀਆਂ ਦੇ ਵਿਰੁੱਧ ਲੜਨ ਵਾਲਾ ਇਕ ਯੋਧਾ ਪੁਰਸ਼ ਵੀ ਸੀ। ਜੱਗੇ ਜੱਟ ਦੀ ਨਿਮਰਤਾ ਤੇ ਬੀਰਤਾ ਪੰਜਾਬ ਦੀ ਰੂਹ ਬਣ ਗਈ ਹੈ, ਜਿਹੜੀ ਨੌਜਵਾਨਾਂ ਨੂੰ ਹਲੂਣਦੀ, ਪ੍ਰੇਰਨਾ ਦਿੰਦੀ ਤੇ ਲਹੂ ਦੇ ਉਬਾਲ ਨੂੰ ਕਾਇਮ ਰੱਖਦੀ ਹੈ। ਵਿਸਾਖੀ ਦੇ ਇਸ ਦਿਹਾੜੇ 'ਤੇ ਕਿਸਾਨ ਜਿੱਥੇ ਭੰਗੜੇ ਪਾ ਰਹੇ ਸਨ ਤੇ ਮਾਹੀਏ ਗਾ ਰਹੇ ਸਨ, ਉੱਥੇ ਜੱਗੇ ਜੱਟ ਦੀ ਇਸ ਰਵਾਇਤ ਨੂੰ ਵੀ ਲਹਿਕ-ਲਹਿਕ ਕੇ ਥਿਰਕ-ਥਿਰਕ ਕੇ ਉਚੀਆਂ ਆਵਾਜ਼ਾਂ ਵਿਚ ਗਾਇਆ ਜਾ ਰਿਹਾ

ਸੀ—

'ਜੱਗਾ ਜੱਟ ਨੀਂ ਕਿਸੇ ਬਣ ਜਾਣਾ

ਘਰ ਘਰ ਪੁੱਤ ਜੰਮਣੇ।'

ਕਿਸਾਨ ਨੌਜਵਾਨਾਂ ਨੇ ਝੂੰਮ ਝੂੰਮ ਕੇ ਗਾਇਆ, ਫੇਰ ਸੁਰ ਬਦਲਿਆ—

'ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ

ਇਕ ਦੇ ਦੋ ਜੰਮਦੀ।'

ਗੁਰੂ ਦੀ ਨਗਰੀ ਅੰਮ੍ਰਿਤਸਰ ਵਿਚ ਹਰ ਛੇ ਮਹੀਨੇ ਬਾਅਦ ਦੀਵਾਲੀ ਤੇ ਵਿਸਾਖੀ ਦਾ ਜਿਹੜਾ ਪਰਵ ਮਨਾਇਆ ਜਾਂਦਾ ਸੀ, ਉਹ ਵੀ ਬਹਾਦੁਰੀ ਦੇ ਨਿਮਰਤਾ ਦੀ ਰੀਤ ਨੂੰ ਜਿਉਂਦਿਆਂ ਰੱਖਣ ਦਾ ਪਰਵ ਸੀ। ਸਿਰ ਉੱਚਾ ਕਰਕੇ ਤੁਰਨ ਦੀ ਰੀਤ ਦਾ ਜਸ਼ਨ ਸੀ। ਅੰਮ੍ਰਿਤਸਰ ਦਾ ਅਰਥ ਹੈ, 'ਅਮਰਿਤ ਦਾ ਸਰੋਵਰ'। ਅਮਰ ਉਹੀ ਹੁੰਦਾ ਹੈ, ਜਿਹੜਾ ਦੀਨ-ਧਰਮ ਹੇਤੁ ਲੜਨਾ-ਮਰਨਾ ਜਾਣਦਾ ਹੈ। ਧਰਮ ਦੀ ਰੱਖਿਆ ਗੀਤਾਂ ਤੇ ਖੇੜਿਆਂ ਦੀ ਰੱਖਿਆ ਹੈ। ਬਿਨਾਂ ਖੁਸ਼ੀਆਂ ਖੇੜਿਆਂ ਤੇ ਗੀਤਾਂ ਦੇ ਜਿਊਣ ਨਾਲੋਂ ਮਰ ਜਾਣਾ ਕਿਤੇ ਚੰਗਾ ਹੈ। ਜਿਊਣਾ ਇਨਸਾਨਾਂ ਦਾ ਹੁੰਦਾ ਹੈ ਮੁਰਦਿਆਂ ਦਾ ਨਹੀਂ। ਮਨੁੱਖ ਦੇ ਜੀਵਨ ਵਿਚ ਰੂਹ ਦਾ ਅਹਿਸਾਸ ਜਗਾਉਣ ਲਈ ਹੀ ਛੇ ਮਹੀਨੇ ਬਾਅਦ ਦੀਵਾਲੀ ਦੇ ਵਿਸਾਖੀ ਦੇ ਤਿਉਹਾਰ ਮਨਾਏ ਜਾਂਦੇ ਹਨ।

**10** ਅਪਰੈਲ **1760** ਨੂੰ ਵੀ ਵਿਸਾਖੀ ਦਾ ਇਹੋ ਦਿਹਾੜਾ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਦੀਵਾਨ ਸਜਿਆ ਤੇ ਸਰਬੱਤ ਖਾਲਸਾ ਨੇ ਮਤਾ ਪਾਸ ਕੀਤਾ ਕਿ 'ਅਹਿਮਦ ਸ਼ਾਹ ਅਬਦਾਲੀ ਮਰਾਠਿਆਂ ਨੂੰ ਹਰਾ ਕੇ, ਲੁੱਟਮਾਰ ਕਰਦਾ ਹੋਇਆ ਦਿੱਲੀਓਂ ਪਰਤ ਰਿਹਾ ਹੈ। ਅਸੀਂ ਉਸਦਾ ਹੰਕਾਰ ਭੰਗ ਕਰਨਾ ਹੈ। ਪੰਜਾਬ ਦੀ ਧਰਤੀ ਉੱਤੇ ਪੈਰ ਰੱਖਦਿਆਂ

ਹੀ ਉਸਨੂੰ ਅਹਿਸਾਸ ਕਰਾਉਣਾ ਹੈ ਕਿ ਇਹ ਧਰਤੀ ਪੋਰਸ ਦੀ ਧਰਤੀ ਹੈ। ਜੱਗੇ ਜੱਟ ਦੀ ਧਰਤੀ ਹੈ। ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਤੇ ਬੰਦਾ ਬਹਾਦਰ ਦੀ ਧਰਤੀ ਹੈ। ਮਾਣ–ਮਰਿਆਦਾ ਲਈ ਮਰ ਮਿਟਣ ਵਾਲਿਆਂ ਦੀ ਧਰਤੀ ਹੈ।'

ਇਹ ਗੁਰਮਤਾ ਪਾਸ ਕਰਨ ਪਿੱਛੋਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰੇ ਛੱਡੇ ਜਾ ਰਹੇ ਸਨ ਕਿ ਯਕਦਮ ਇਕ ਰੌਲਾ ਜਿਹਾ ਪੈਣ ਲੱਗ ਪਿਆ ਤੇ ਲੋਕਾਂ ਦੀ ਇਕ ਵੱਡੀ ਭੀੜ ਅੰਦਰ ਆ ਵੜੀ। ਅੱਗੇ ਲੱਗਾ ਆਦਮੀ ਕਹਿ ਰਿਹਾ ਸੀ—

"ਦੁਖੀਆਂ ਦੀ ਫਰਿਆਦ ਵਾਹਿਗੁਰੂ ਦੇ ਦਰਬਾਰ

ਸੁਣੋ ਸੁਣੋ ਜੱਸਾ ਸਿੰਘ ਸਰਦਾਰ

ਤੁਸੀਂ ਕਹੋ ਕਾਗਜ਼ ਦੀ ਲੇਖੀ

ਮੈਂ ਕਹਾਂ ਅੱਖਾਂ ਦੀ ਦੇਖੀ

ਦੁਰਾਨੀਆਂ ਹੱਥੋਂ ਇੱਜਤ ਲੁਟ ਗਈ ਸਰੇ ਬਾਜ਼ਾਰ

ਸੁਣੋ ਸੁਣੋ ਜੱਸਾ ਸਿੰਘ ਸਰਦਾਰ

ਦੁਖੀਆਂ ਦੀ ਫਰਿਆਦ ਵਾਹਿਗੁਰੂ ਜੀ ਦੇ ਦਰਬਾਰ।"

ਆਉਣ ਵਾਲਾ ਆਦਮੀ ਬੇਨਾਮ ਸੂਫੀ ਫਕੀਰ ਸੀ। ਜੱਸਾ ਸਿੰਘ ਉਸਨੂੰ ਜਾਣਦਾ ਸੀ, ਪਰ ਅਣਜਾਣ ਬਣ ਕੇ ਪੁੱਛਿਆ—

"ਸਾਈਂ ਜੀ, ਕੀ ਹੋਇਆ?"

"ਮੈਂ ਇਕ ਫਕੀਰ ਹਾਂ, ਦੁਨੀਆਂਦਾਰੀ ਨਾਲ ਮੈਨੂੰ ਮਤਲਬ ਨਹੀਂ। ਮੇਰਾ ਆਪਣਾ

ਕੋਈ ਦਰਦ ਨਹੀਂ, ਕੋਈ ਤਕਲੀਫ ਨਹੀਂ...ਪਰ ਜਦੋਂ ਦੇਖਿਆ ਕਿ ਦੁਨੀਆਂਦਾਰਾਂ ਉਪਰ, ਬੇਗੁਨਾਹਾਂ–ਲਾਚਾਰਾਂ ਉਪਰ ਜੁਲਮ ਢਾਇਆ ਜਾ ਰਿਹੈ ਤਾਂ ਮੇਰਾ ਦਿਲ ਤੜਫ ਉਠਿਐ, ਕਰਾਹ ਉਠਿਐ। ਤੇ ਮੈਂ ਇਹਨਾਂ ਦੀ ਫਰਿਆਦ ਗੁਰੂ ਦੇ ਦਰਬਾਰ ਵਿਚ ਲੈ ਆਇਆ ਹਾਂ। ਹਾਂ, ਜੋ ਹੋਇਆ ਏ ਇਹਨਾਂ ਲੋਕਾਂ ਨੂੰ ਪੁੱਛ ਲਓ।" ਬੇਨਾਮ ਸੂਫੀ ਫਕੀਰ ਯਾਨੀ ਭੂਪੇ ਸ਼ਾਹ ਨੇ ਆਪਣੇ ਨਾਲ ਆਈ ਲੋਕਾਂ ਦੀ ਭੀੜ ਵਿਚਲੇ ਮਰਦ ਔਰਤਾਂ ਵੱਲ ਇਸ਼ਾਰਾ ਕੀਤਾ।

"ਮੈਂ ਆਪਣੇ ਇਕਲੌਤੇ ਪੁੱਤਰ ਦਾ ਵਿਆਹ ਕੁਝ ਦਿਨ ਪਹਿਲਾਂ ਕੀਤਾ ਸੀ। ਘਰੇ ਬਹੂ ਸੀ ਤੇ ਜਵਾਨ ਧੀ। ਦੁਸ਼ਟ ਅਬਦਾਲੀ ਦੇ ਆਦਮੀ ਉਹਨਾਂ ਦੋਹਾਂ ਨੂੰ ਚੁੱਕ ਕੇ ਲੈ ਗਏ। ਕੋਈ ਸਹਾਰਾ ਨਾ ਦੇਖ ਕੇ, ਮੈਂ ਤੁਹਾਡੇ ਕੋਲ ਫਰਿਆਦ ਲੈ ਕੇ ਆਈ ਹਾਂ। ਮੇਰੀ ਬਹੂ ਤੇ ਧੀ ਨੂੰ ਤੁਸੀਂ ਹੀ ਛੁਡਾਅ ਸਕਦੇ ਹੋ। ਹਾਏ ਮੇਰਾ ਘਰ ਉੱਜੜ ਗਿਐ।" ਇਕ ਬੁੱਢੀ ਨੇ ਰੋਂਦਿਆਂ ਹੋਇਆਂ ਫਰਿਆਦ ਕੀਤੀ।

"ਮੈਂ ਜੀ, ਕਿਸੇ ਦੇ ਲੜਾਈ ਝਗੜੇ ਵਿਚ ਨਹੀਂ ਪੈਂਦਾ, ਇਸ ਸਾਧਾਰਨ ਦੁਕਾਨਦਾਰ ਹਾਂ। ਮੇਰੇ ਦੋ ਪੁੱਤਰ ਕਾਰੋਬਾਰ ਵਿਚ ਮੇਰਾ ਹੱਥ ਵੰਡਾਉਂਦੇ ਸਨ। ਅਬਦਾਲੀ ਦੇ ਆਦਮੀ ਦੋਹਾਂ ਨੂੰ ਫੜ ਕੇ ਲੈ ਗਏ। ਤੁਹਾਡੇ ਤੋਂ ਉਮੀਦ ਹੈ, ਹੁਣ ਤੁਹਾਡੇ ਕੋਲ ਫਰਿਆਦ ਲੈ ਕੇ ਆਇਆਂ।"

ਸਾਂਵਲ ਦਾਸ ਨਾਂ ਦਾ ਵਪਾਰੀ ਕਹਿ ਰਿਹਾ ਸੀ। ਦੁਰਾਨੀਆਂ ਨੇ ਉਸਦੀ ਦੁਕਾਨ ਤੇ ਘਰ ਦਾ ਸਾਰਾ ਮਾਲ–ਸਾਮਾਨ ਲੁੱਟ ਲਿਆ ਸੀ। ਪਰ ਉਸਦਾ ਉਸਨੂੰ ਏਨਾ ਦੁੱਖ ਨਹੀਂ ਸੀ, ਜਿੰਨਾਂ ਪੁੱਤਰਾਂ ਨੂੰ ਫੜ੍ਹ ਕੇ ਲੈ ਜਾਣ ਦਾ ਸੀ।

ਫਰਿਆਦੀਆਂ ਵਿਚ ਜਵਾਨ ਸਿੱਖ ਔਰਤ ਵੀ ਸੀ। ਉਸਦੀਆਂ ਅੱਖਾਂ ਵਿਚ ਅੱਥਰੂ ਸਨ ਪਰ ਚਿਹਰਾ ਗੁੱਸੇ ਕਾਰਨ ਲਾਲ ਹੋਇਆ ਹੋਇਆ ਸੀ। ਉਸ ਨੇ ਜੱਸਾ ਸਿੰਘ ਨੂੰ ਕਿਹਾ–

“ਸਰਦਾਰ ਜੀ, ਮੇਰਾ ਪਤੀ ਤੁਹਾਡੀ ਸੈਨਾ ਦਾ ਹੀ ਇਕ ਬਹਾਦਰ ਸਿਪਾਹੀ ਸੀ। ਸਾਡਾ ਵਿਆਹ ਇਕ ਸਾਲ ਪਹਿਲਾਂ ਹੋਇਆ ਸੀ। ਇਕ ਹਫਤਾ ਹੋਇਆ ਅਸੀਂ ਪਤੀ ਪਤਨੀ ਦੋਹੇਂ ਆਪਣੇ ਘਰ ਬੈਠੇ ਹੋਏ ਸਾਂ ਕਿ ਅਚਾਨਕ ਦੁਰਾਨੀਆਂ ਸਾਨੂੰ ਆ ਘੇਰਿਆ। ਪਤੀ ਨੇ ਮੈਨੂੰ ਤੂੜੀ ਵਾਲੇ ਕੋਠੇ ਵਿਚ ਲੁਕੋਅ ਦਿੱਤਾ ਤੇ ਆਪ ਕਿਰਪਾਨ ਚੁੱਕ ਕੇ ਦੁਸ਼ਮਣਾ ਨਾਲ ਜਾ ਭਿੜਿਆ। ਦੁਰਾਨੀ, ਪੰਜ ਛੇ ਜਣੇ ਸਨ। ਮੇਰਾ ਪਤੀ ਉਹਨਾਂ ਨਾਲ ਲੜਦਾ ਹੋਇਆ ਜਖ਼ਮੀ ਹੋ ਗਿਆ ਤੇ ਉਹ ਉਸਨੂੰ ਫੜ੍ਹ ਕੇ ਲੈ ਗਏ। ਤੁਸੀਂ ਸਾਡੀ ਮਦਦ ਕਰੋ। ਮੈਂ ਵੀ ਤੁਹਾਡੇ ਨਾਲ ਲੜਨ ਲਈ ਜਾਵਾਂਗੀ। ਇਹ ਹੈ ਮੇਰੀ ਕਿਰਪਾਨ ਤੇ ਔਹ ਖੜ੍ਹਾ ਮੇਰਾ ਘੋੜਾ।” ਉਸ ਮੁਟਿਆਰ ਨੇ ਤਲਵਾਰ ਮਿਆਨ ਵਿਚੋਂ ਕੱਢੀ ਤੇ ਬਹਾਰ ਵੱਲ ਇਸ਼ਾਰਾ ਕੀਤਾ ਜਿਧਰ ਘੋੜਾ ਖੜ੍ਹਾ ਸੀ।

ਇਸ ਪਿੱਛੋਂ ਦਰਮਿਆਨੇ ਕੱਦ ਦਾ ਇਕ ਹਿੰਦੁਸਤਾਨੀ ਮੁਸਲਮਾਨ ਆਇਆ। ਉਸਨੇ ਕਿਹਾ, “ਸਰਦਾਰ ਜੀ, ਮੇਰਾ ਨਾਂ ਬਸ਼ੀਰ ਅਹਿਮਦ ਏ। ਪਿੰਡ ਘੌਂਡਾ 'ਚ ਰਹਿੰਦਾ ਹਾਂ ਜੀ। ਇਹ ਵਿਦੇਸ਼ੀ ਮੇਰੀ ਬੀਵੀ ਤੇ ਦੋ ਮਮੇਰੀਆਂ ਭੈਣਾ ਨੂੰ ਚੁੱਕ ਕੇ ਲੈ ਗਏ ਜੀ।”

ਜੱਸਾ ਸਿੰਘ ਆਹਲੂਵਾਲੀਆ ਦੇ ਇਲਾਵਾ ਚੜ੍ਹਤ ਸਿੰਘ, ਜੈ ਸਿੰਘ, ਹਰੀ ਸਿੰਘ, ਹਕੀਕਤ ਸਿੰਘ, ਗੁੱਜਰ ਸਿੰਘ ਆਦਿ ਹੋਰ ਕਈ ਮਿਸਲਾਂ ਦੇ ਸਰਦਾਰ ਵੀ ਉੱਥੇ ਹਾਜ਼ਰ ਸਨ। ਲੋਕਾਂ ਦੀਆਂ ਦਰਦ ਭਰੀਆਂ ਫਰਿਆਦਾਂ ਸੁਣ ਕੇ ਉਹਨਾਂ ਦਾ ਖ਼ੂਨ ਉਬਾਲੇ ਖਾਣ ਲੱਗ ਪਿਆ।

“ਸਰਦਾਰਜੀ, ਕੀ ਦੱਸਾਂ। ਜੋ ਕੁਝ ਦੇਖਿਆ, ਬਿਆਨ ਨਹੀਂ ਹੋ ਸਕਦਾ। ਇਹ ਸਭ ਦੇਖ ਦੇਖ ਕੇ ਅੱਖਾਂ ਪੱਕ ਗਈਆਂ ਨੇ।” ਨੰਦੂ ਨਾਂ ਦਾ ਇਕ ਬਾਜ਼ੁਰਗ ਕੁਹਾਰ ਬੋਲਿਆ, “ਮੈਂ ਕਰਨਾਲ ਵਿਚ ਰਹਿੰਦਾ ਹਾਂ ਜੀ। ਬਾਜ਼ਾਰ ਵਿਚ ਪਿਆਊ ਏ। ਮੈਂ ਪਿਆਊ 'ਤੇ ਬੈਠਾ ਆਉਂਦੇ ਜਾਂਦੇ ਲੋਕਾਂ ਨੂੰ ਪਾਣੀ ਪਿਆਉਂਦਾਂ ਜੀ। ਉਸ

ਦਿਨ ਬੁਲੰਦ ਖਾਂ ਨੇ ਸ਼ਹਿਰ ਦੀਆਂ ਸਾਰੀਆਂ ਜ਼ਨਾਨੀਆਂ ਨੂੰ ਘਰਾਂ 'ਚੋਂ ਕੱਢ ਕੇ ਬਾਜ਼ਾਰ 'ਚ ਲਿਆ ਖਲ੍ਹਾਰਿਆ। ਉਹਨਾਂ 'ਚੋਂ ਜਿਹੜੀ ਜਿਸਨੂੰ ਪਸੰਦ ਆਈ ਚੁਣ ਕੇ ਲੈ ਗਏ। ਮੇਰੀ ਜਵਾਨ ਧੀ ਸੰਤੋ ਨੂੰ ਵੀ ਲੈ ਗਏ ਜੀ।"

"ਕੈਦੀ ਬਣਾਏ ਗਏ ਲੋਕਾਂ ਦੀ ਤਾਦਾਦ ਕਿੰਨੀ ਕੁ ਹੋਏਗੀ?" ਜੱਸਾ ਸਿੰਘ ਨੇ ਬੇਨਾਮ ਸੂਫੀ ਫਕੀਰ ਤੋਂ ਪੁੱਛਿਆ।

"ਪੱਕੀ ਗਿਣਤੀ ਕੋਈ ਨਹੀਂ। ਪਰ ਤਾਦਾਦ ਕਾਫੀ ਸੀ। ਦੋ ਹਜ਼ਾਰ ਤੋਂ ਉਪਰ ਤਾਂ ਸਿਰਫ ਔਰਤਾਂ ਹੀ ਹੋਣੀਆਂ ਨੇ।"

"ਦੋ ਹਜ਼ਾਰ ਤੋਂ ਉਪਰ?"

"ਜੀ, ਦੋ ਹਜ਼ਾਰ ਤੋਂ ਉਪਰ।"

ਜੱਸਾ ਸਿੰਘ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਤਲਵਾਰ ਮਿਆਨ ਵਿਚੋਂ ਖਿੱਚ ਕੇ ਗਰਜਵੀਂ ਆਵਾਜ਼ ਵਿਚ ਬੋਲੇ—

"ਗੁਰੂ ਦੇ ਦਰਬਾਰ ਵਿਚ ਕੀਤੀ, ਦੀਨ ਦੁਖੀਆਂ ਦੀ ਫਰਿਆਦ ਅਣਸੁਣੀ ਨਹੀਂ ਕੀਤੀ ਜਾ ਸਕਦੀ। ਖਾਲਸਾ ਗੁਰੂ ਦਾ ਰੂਪ ਹੈ। ਇਹਨਾਂ ਔਰਤਾਂ ਨੂੰ ਦੁਰਾਨੀ ਦੀ ਕੈਦ ਵਿਚੋਂ ਮੁਕਤ ਕਰਵਾਉਣਾ ਖਾਲਸੇ ਦੀ ਜ਼ਿਮੇਂਵਾਰੀ ਹੈ।" ਫੇਰ ਉਹ ਆਪਣੇ ਸਰਦਾਰ ਸਾਥੀਆਂ ਵੱਲ ਭੌਂ ਗਏ, "ਹੁਣ ਤਕ ਇਸ ਦੁਰਾਨੀ ਫੌਜ ਦੇ ਪਿੱਛਲੇ ਹਿੱਸੇ ਨੂੰ ਲੁੱਟਦੇ ਰਹੇ ਹਾਂ ਤੇ ਹੁਣ ਕੁਝ ਚਿਰ ਪਹਿਲਾਂ ਹੀ ਅਸਾਂ ਉਸਨੂੰ ਫੇਰ ਲੁੱਟਣ ਦਾ ਗੁਰਮਤਾ ਪਾਸ ਕੀਤਾ ਏ। ਪਰ ਹੁਣ ਮੁੱਖ ਮਸਲਾ ਉਹਨਾਂ ਔਰਤਾਂ ਦੀ ਰਿਹਾਈ ਹੈ। ਇਹ ਕੰਮ ਬੜਾ ਕਠਿਨ ਵੀ ਹੈ, ਪਰ ਕੰਮ ਜਿੰਨਾਂ ਕਠਿਨ ਹੈ ਓਨਾਂ ਹੀ ਜ਼ਰੂਰੀ ਵੀ ਹੈ। ਉਸਨੂੰ ਕਰਨਾ ਇਸ ਤੋਂ ਵੀ ਵੱਧ ਜ਼ਰੂਰੀ ਹੈ। ਇਕ ਸੀਤਾ ਦਾ ਹਰਨ ਹੋਇਆ ਤਾਂ ਰਾਮ ਨੇ ਲੰਕਾ ਉਪਰ ਚੜ੍ਹਾਈ ਕਰ ਦਿੱਤੀ...ਸਵਾਲ ਸੀਤਾ ਦੀ ਰਿਹਾਈ ਦਾ ਨਹੀਂ ਸੀ, ਰਘੁਵੰਸ਼ ਦੀ ਇੱਜ਼ਤ ਦਾ ਸੀ। ਹੁਣ ਦੋ ਹਜ਼ਾਰ ਤੋਂ ਵੱਧ

ਔਰਤਾਂ ਦਾ ਹਰਨ ਹੋਇਆ ਏ, ਖਾਲਸੇ ਦੀ ਤੇ ਪੂਰੇ ਦੇਸ਼ ਦੀ ਇੱਜ਼ਤ ਦਾਅ 'ਤੇ ਲੱਗੀ ਹੋਈ ਏ। ਅਸੀਂ ਹਰ ਹਾਲਤ ਵਿਚ ਇਹਨਾਂ ਔਰਤਾਂ ਨੂੰ ਦੁਰਾਨੀ ਦੀ ਕੈਦ ਵਿਚੋਂ ਮੁਕਤ ਕਰਾਉਣਾ ਹੈ।"

ਸਰਬੱਤ ਖਾਲਸਾ ਨੇ ਔਰਤਾਂ ਦੀ ਰਿਹਾਈ ਦਾ ਗੁਰਮਤਾ ਪਾਸ ਕੀਤਾ ਤੇ ਤਿਆਰੀ ਸ਼ੁਰੂ ਹੋ ਗਈ।

ਅਹਿਮਦ ਸ਼ਾਹ ਅਬਦਾਲੀ ਨੇ ਪਾਨੀਪਤ ਦੀ ਜਿੱਤ ਪਿੱਛੋਂ ਆਲਮਗੀਰ ਦੂਜੇ ਨੂੰ ਦਿੱਲੀ ਦਾ ਬਾਦਸ਼ਾਹ ਬਣਾਇਆ ਤੇ 20 ਮਾਰਚ 1761 ਨੂੰ ਉੱਥੋਂ ਤੁਰ ਪਿਆ। 29 ਮਾਰਚ ਨੂੰ ਉਹ ਸਰਹਿੰਦ ਪਹੁੰਚਿਆ। ਜੈਨ ਖਾਂ ਨੂੰ ਸਰਹਿੰਦ ਦਾ ਫੌਜਦਾਰ ਬਣਾਇਆ ਤੇ ਰਸਤੇ ਵਿਚ ਲੁੱਟ–ਮਾਰ ਕਰਦਾ ਹੋਇਆ ਪੰਜਾਬ ਵਲ ਤੁਰ ਪਿਆ। ਉਸਦੀ ਫੌਜ ਲੁੱਟ ਦੇ ਮਾਲ ਨਾਲ ਲੱਦੀ ਹੋਈ ਸੀ। ਕਿਸੇ ਵੀ ਘਰ ਵਿਚ ਛਕੜਾ, ਖੱਚਰ, ਘੋੜਾ ਜਾਂ ਊਠ ਨਹੀਂ ਸੀ ਛੱਡਿਆ ਗਿਆ। ਸਾਰਿਆਂ ਉੱਤੇ ਲੁੱਟ ਦਾ ਮਾਲ ਲੱਦਿਆ ਹੋਇਆ ਸੀ ਤੇ ਕੈਦੀ ਸਨ, ਜਿਹਨਾਂ ਦੀ ਗਿਣਤੀ ਵਧਦੀ ਜਾ ਰਹੀ ਸੀ।

ਬਰਸਾਤ ਦੇ ਦਿਨ ਨਹੀਂ ਸਨ ਫੇਰ ਵੀ ਮੀਂਹ ਖ਼ੂਬ ਵਰ੍ਹਿਆ ਸੀ ਤੇ ਸਤਿਲੁਜ ਵਿਚ ਹੜ੍ਹ ਆਇਆ ਹੋਇਆ ਸੀ। ਇਸ ਲਈ ਅਬਦਾਲੀ ਨੂੰ ਉੱਥੇ ਇਕ ਹਫ਼ਤਾ ਰੁਕਣਾ ਪਿਆ। ਫੇਰ ਸਤਿਲੁਜ ਨੂੰ ਪਾਰ ਕਰਨ ਵਿਚ ਚਾਰ ਦਿਨ ਲੱਗੇ। ਕੁਝ ਬੇੜੀਆਂ ਇਧਰੋਂ ਉਧਰੋਂ ਲਿਆਂਦੀਆਂ ਗਈਆਂ ਤੇ ਕੁਝ ਉਸਦੇ ਆਪਣੇ ਕੈਂਪ ਵਿਚ ਤਿਆਰ ਕੀਤੀਆਂ ਗਈਆਂ। ਹੁਣ ਉਹ ਗੋਇੰਦਵਾਲ ਵੱਲ ਵਧ ਰਿਹਾ ਸੀ ਜਿੱਥੋਂ ਉਸਨੇ ਬਿਆਸ ਨੂੰ ਪਾਰ ਕਰਨਾ ਸੀ। ਸਾਫ ਅਸਮਾਨ ਵਿਚ ਬੱਦਲ ਤੈਰ ਰਹੇ ਸਨ। ਇਸ ਲਈ ਇਹ ਸ਼ੰਕਾ ਸੀ ਕਿਤੇ ਮੀਂਹ ਫੇਰ ਨਾ ਸ਼ੁਰੂ ਹੋ ਜਾਏ। ਗਰਮੀ ਵਧ ਰਹੀ ਸੀ ਤੇ ਉਸਨੂੰ ਆਪਣੇ ਮੁਲਕ ਪਹੁੰਚ ਜਾਣ ਦੀ ਕਾਹਲ ਸੀ।

ਉਸ ਕਾਹਲ ਵਿਚ ਇਕ ਭੈ ਵੀ ਛੁਪਿਆ ਹੋਇਆ ਸੀ। ਉਹ ਸੀ ਸਿੱਖਾਂ ਦਾ ਭੈ ਕਿ ਪਤਾ ਨਹੀਂ ਕਿੱਧਰੋਂ ਤੇ ਕਦੋਂ ਧਾਵਾ ਬੋਲ ਦੇਣ ਤੇ ਪਾਨੀਪਤ ਦੀ ਜਿੱਤ ਦੀ ਸ਼ਾਨ ਧੂੜ ਵਿਚ ਮਿਲਾਅ ਦੇਣ।

ਇਹ ਭੈ ਕਲਪਿਤ ਨਹੀਂ ਇਕ ਯਥਾਰਥ ਸੀ। ਪਹਿਲਾਂ ਨਾਦਰ ਸ਼ਾਹ ਨੂੰ ਤੇ ਫੇਰ ਖ਼ੁਦ ਅਹਿਮਦ ਸ਼ਾਹ ਨੂੰ ਵੀ ਹਰ ਹਮਲੇ ਵਿਚ ਸਿੱਖਾਂ ਨੇ ਆਪਦੇ ਕੌਤਕ ਦਿਖਾਏ ਸਨ। ਇਸ ਵਾਰੀ ਤਾਂ ਉਹਨਾਂ ਨੇ ਚੋਖੀ ਤਿਆਰੀ ਵੀ ਕੀਤੀ ਹੋਈ ਸੀ। ਉਹਨਾਂ ਨੇ ਅਬਦਾਲੀ ਦੀ ਫੌਜ ਉੱਤੇ ਹਮਲੇ ਕਰਕੇ ਸਿਰਫ ਉਸਨੂੰ ਲੁੱਟਣਾ ਹੀ ਨਹੀਂ ਸੀ, ਬਲਕਿ ਉਹਨਾਂ ਔਰਤਾਂ ਤੇ ਮਰਦਾਂ ਨੂੰ ਰਿਹਾਅ ਵੀ ਕਰਵਾਉਣਾ ਸੀ ਜਿਹਨਾਂ ਨੂੰ ਉਹ ਕੈਦੀ ਬਣਾ ਕੇ ਲੈ ਜਾ ਰਿਹਾ ਸੀ। ਇਸ ਮੁਹਿੰਮ ਵਿਚ ਸਾਰੀਆਂ ਮਿਸਲਾਂ ਦੇ ਮਿਸਲਦਾਰ ਸ਼ਾਮਲ ਸਨ ਤੇ ਉਹ ਗੋਇੰਦਵਾਲ ਤੋਂ ਦਸ ਕੋਹ ਦੇ ਫਾਸਲੇ ਉਪਰ ਜੰਗਲ ਵਿਚ ਘਾਤ ਲਾਈ ਬੈਠੇ ਸਨ। ਦਲ ਸੈਨਾ ਨੂੰ ਤਿੰਨ ਭਾਗਾਂ ਵਿਚ ਵੰਡ ਲਿਆ ਗਿਆ ਸੀ। ਇਕ ਭਾਗ ਉਹ ਜਿਹੜਾ ਦੁਰਾਨੀਆਂ ਨਾਲ ਲੜੇਗਾ, ਦੂਜਾ ਭਾਗ ਕੈਦੀਆਂ ਨੂੰ ਮੁਕਤ ਕਰਵਾ ਕੇ ਭਜਾ ਲਿਆਏਗਾ ਤੇ ਤੀਜਾ ਭਾਗ ਮੁਕਤ ਕੈਦੀਆਂ ਨੂੰ ਸੁਰੱਖਿਅਤ ਸਥਾਨ ਉਪਰ ਪਹੁੰਚਾਉਣ ਦਾ ਕੰਮ ਕਰੇਗਾ। ਪਹਿਲੇ ਭਾਗ ਦੀ ਕਮਾਨ ਚੜ੍ਹਤ ਸਿੰਘ ਸ਼ੁਕਰਚਕੀਆ ਨੂੰ ਸੌਂਪੀ ਗਈ, ਦੂਜੇ ਭਾਗ ਦੀ ਕਮਾਨ ਜੈ ਸਿੰਘ ਦੇ ਹੱਥ ਸੀ ਤੇ ਤੀਜੇ ਭਾਗ ਦੀ ਕਮਾਨ ਖ਼ੁਦ ਜੱਸਾ ਸਿੰਘ ਨੇ ਆਪਣੇ ਹੱਥ ਰੱਖੀ ਸੀ। ਜਿਹੜੇ ਭੱਜ ਨਹੀਂ ਸਕਦੇ ਸਨ—ਖਾਸ ਕਰਕੇ ਔਰਤਾਂ,ਬੱਚੇ ਤੇ ਬੁੱਢੇ, ਉਹਨਾਂ ਲਈ ਛਕੜਿਆਂ, ਘੋੜਿਆਂ ਆਦਿ ਖਾ ਖਾਸ ਪ੍ਰਬੰਧ ਕੀਤਾ ਗਿਆ ਸੀ।

ਚੜ੍ਹਤ ਸਿੰਘ ਤੇ ਜੈ ਸਿੰਘ ਆਪੋ-ਆਪਣੀ ਮਿਸਲ ਦੇ ਜੱਥੇਦਾਰ ਸਨ ਤੇ ਜੱਸਾ ਸਿੰਘ ਆਪਣੀ ਮਿਸਲ ਦਾ ਜੱਥੇਦਾਰ ਹੋਣ ਦੇ ਨਾਲ ਨਾਲ ਦਲ-ਖਾਲਸਾ ਦਾ ਜੱਥੇਦਾਰ ਵੀ ਸੀ। ਮੁਹਿੰਮ ਦੀ ਸਫਲਤਾ ਅਸਫਲਤਾ ਦੀ ਪੂਰੀ ਜ਼ਿਮੇਂਵਾਰੀ ਉਸ ਉਪਰ ਸੀ। **1748** ਵਿਚ ਜਦੋਂ ਦਲ-ਖਾਲਸਾ ਦੀ ਸਥਾਪਨਾ ਹੋਈ ਸੀ ਤਾਂ

ਨਵਾਬ ਕਪੂਰ ਸਿੰਘ ਨੇ ਉਸਨੂੰ ਆਪਣਾ ਉਤਰ ਅਧਿਕਾਰੀ ਬਣਾਉਦਿਆਂ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਦੀ ਤਲਵਾਰ ਸੌਂਪਦਿਆਂ ਹੋਇਆਂ ਕਿਹਾ ਸੀ—

"ਜੱਸਾ ਸਿੰਘਾ, ਹੁਣ ਤੂੰ ਪੰਥ ਦਾ ਸਰਦਾਰ ਏਂ। ਪੰਥ ਦੀ ਇੱਜ਼ਤ ਨੂੰ ਆਪਣੀ ਇੱਜ਼ਤ ਸਮਝੀਂ। ਗੁਰੂ ਦੇ ਇਸ ਵਾਕ ਨੂੰ ਹਮੇਸ਼ਾ ਚੇਤੇ ਰੱਖੀਂ 'ਮੇਰਾ ਮੁਝ ਮੇਂ ਕੁਛ ਨਹੀਂ, ਜੋ ਕੁਛ ਹੈ ਸੋ ਤੇਰਾ'। ਜੋ ਕੁਝ ਹੈ ਸਭ ਪੰਥ ਦਾ ਹੈ।"

21 ਅਪਰੈਲ ਦੀ ਸਵੇਰ—ਚਿੜੀਆਂ ਚਹਿਚਿਹਾਅ ਰਹੀਆਂ ਸਨ ਪਰ ਸੂਰਜ ਅਜੇ ਨਿਕਲਿਆ ਨਹੀਂ ਸੀ। ਤੇਜ਼ ਹਵਾ ਚੱਲ ਰਹੀ ਸੀ। ਰੁੱਖਾਂ ਦੇ ਪੁਰਾਣੇ ਪੱਤੇ ਝੜ ਰਹੇ ਸਨ ਤੇ ਨਵੀਂਆ ਕਰੂੰਬਲਾਂ ਫੁੱਟ ਆਈਆਂ ਸਨ। ਜੱਸਾ ਸਿੰਘ ਆਪਣੇ ਕੈਂਪ ਵਿਚ ਇਕੱਲਾ ਬੈਠਾ, ਅਤੀਤ ਦੇ ਲੇਖੇ-ਜੋਖੇ ਵਿਚ ਗਵਾਚਿਆ ਹੋਇਆ ਸੀ। ਨਵਾਬ ਕਪੂਰ ਸਿੰਘ ਨੇ ਜਿਹੜੀ ਜ਼ਿਮੇਂਵਾਰੀ ਉਸਨੂੰ ਸੌਂਪੀ ਸੀ, ਇਸ ਵਿਚ ਸ਼ੱਕ ਨਹੀਂ ਸੀ ਕਿ ਬੜੀ ਵੱਡੀ ਜ਼ਿਮੇਂਵਾਰੀ ਸੀ। ਨਵਾਬ ਕਪੂਰ ਸਿੰਘ ਨੂੰ ਇਹ ਵਿਸ਼ਵਾਸ ਸੀ ਕਿ ਵਿਧਵਾ ਮਾਂ ਦਾ ਇਹ ਇਕਲੌਤਾ ਪੁੱਤਰ ਇਸ ਜ਼ਿਮੇਂਵਾਰੀ ਨੂੰ ਨਿਭਾਏਗਾ ਤਦੇ ਤਾਂ ਉਹਨਾਂ ਉਸਨੂੰ ਆਪਣਾ ਦੱਤਕ (ਮੁਤਬੰਨਾ) ਪੁੱਤਰ ਬਣਾਇਆ ਤੇ ਆਪਣੇ ਹੱਥੀਂ ਪੰਥ ਦਾ ਸਰਦਾਰ ਬਣਾਇਆ ਸੀ। ਜੱਸਾ ਸਿੰਘ ਵੀ ਨਵਾਬ ਦੇ ਇਸ ਵਿਸ਼ਵਾਸ ਉੱਤੇ ਪੂਰਾ ਉਤਰਿਆ ਸੀ। ਉਸਨੇ ਇਸ ਜ਼ਿਮੇਂਵਾਰੀ ਨੂੰ ਜੀਅ-ਜਾਨ, ਆਣ-ਬਾਣ ਨਾ ਨਿਭਾਇਆ ਸੀ ਤੇ ਪੰਥ ਨੂੰ ਹਰ ਕਦਮ ਅੱਗੇ ਵਧਾਇਆ ਸੀ। ਉਸਦੀ ਸ਼ਾਨ ਵੱਲ ਕਦੀ ਉਂਗਲ ਨਹੀਂ ਸੀ ਉਠਣ ਦਿੱਤੀ। ਹੁਣ ਉਸਦੇ ਸਾਹਮਣੇ ਇਕ ਬੜੀ ਵੱਡੀ ਮੁਹਿੰਮ ਸੀ ਜਿਸ ਵਿਚ ਪੰਥ ਦੀ ਮਾਣ-ਮਰਿਆਦਾ ਦਾਅ ਉੱਤੇ ਲੱਗੀ ਹੋਈ ਸੀ। ਹੁਣ ਤਕ ਖਾਲਸਾ ਨੇ ਵਾਪਸ ਪਰਤ ਰਹੇ ਦੁਰਾਨੀ ਨੂੰ ਸਿਰਫ ਲੁੱਟਿਆ ਹੀ ਸੀ। ਇਸ ਵਿਚ ਸ਼ੱਕ ਨਹੀਂ ਕਿ ਉਸਨੂੰ ਲੁੱਟ ਲੈਣਾ ਕੋਈ ਖੇਡ ਨਹੀਂ ਸੀ ਪਰ ਕੈਦੀਆਂ ਨੂੰ ਮੁਕਤ ਕਰਵਾਉਣਾ ਤਾਂ ਲੁੱਟ ਲੈਣ ਨਾਲੋਂ ਵੱਧ ਔਖਾ ਕੰਮ ਸੀ। ਜੱਸਾ ਸਿੰਘ ਨੂੰ ਹਮਲੇ ਦੀ ਅਜਿਹੀ ਯੋਜਨਾ ਬਣਾਉਣੀ ਪੈਣੀ ਸੀ ਕਿ ਸੱਪ ਵੀ ਮਰ ਜਾਏ ਤੇ ਸੋਟੀ ਵੀ ਨਾ ਟੁੱਟੇ। ਭਾਵ ਇਹ

ਕਿ ਘੱਟ ਤੋਂ ਘਟ ਖਤਰਾ ਮੁੱਲ ਲੈ ਕੇ ਕੈਦੀਆਂ ਨੂੰ ਮੁਕਤ ਕਰਵਾਇਆ ਜਾ ਸਕੇ ਤੇ ਉਹਨਾਂ ਦੀ ਪ੍ਰਾਣ–ਰੱਖਿਆ ਵੀ ਹੋ ਸਕੇ। ਇਹ ਯੋਜਨਾ ਤਾਂ ਹੀ ਬਣ ਸਕਦੀ ਸੀ ਜੇ ਦੁਰਾਨੀ ਸੈਨਾ ਬਾਰੇ ਪੂਰੀ ਜਾਣਕਾਰੀ ਮਿਲ ਜਾਂਦੀ ਤੇ ਇਹ ਵੀ ਪਤਾ ਲੱਗ ਜਾਂਦਾ ਕਿ ਦਰਿਆ ਪਾਰ ਕਰਨ ਸਮੇਂ ਕੈਦੀ ਦੁਰਾਨੀ ਦੀ ਸੈਨਾ ਦੇ ਕਿਸ ਹਿੱਸੇ ਵਿਚ ਹੁੰਦੇ ਹਨ ਤੇ ਉਹਨਾਂ ਦੀ ਰੱਖਿਆ ਦਾ ਕੀ ਪ੍ਰਬੰਧ ਹੈ। ਸੂਹੀਏ ਭੇਜ ਦਿੱਤੇ ਗਏ ਸਨ। ਜੱਸਾ ਸਿੰਘ ਨੂੰ ਉਹਨਾਂ ਦੀ ਉਡੀਕ ਵੀ ਸੀ।

“ਸਰਦਾਰਜੀ।” ਤੰਬੂ ਦੇ ਬਾਹਰ ਖੜ੍ਹੇ ਸੰਤਰੀ ਨੇ ਅੰਦਰ ਆ ਕੇ ਖ਼ਬਰ ਦਿੱਤੀ, “ਇਕ ਆਦਮੀ ਬਾਹਰ ਖੜ੍ਹਾ ਏ ਜੀ, ਉਹ ਤੁਹਾਨੂੰ ਮਿਲਣਾ ਚਾਹੁੰਦਾ ਹੈ। ਉਸਨੇ ਆਪਣਾ ਨਾਂ ਨੂਰਾ ਮਲਾਹ ਦੱਸਿਆ ਏ ਤੇ ਅਹਿ ਪਿੱਪਲ ਦਾ ਪੱਤਾ ਵੀ ਦਿੱਤਾ ਏ।”

“ਠੀਕ ਏ। ਉਸਨੂੰ ਅੰਦਰ ਭੇਜ ਦਿਓ।” ਜੱਸਾ ਸਿੰਘ ਨੇ ਪੱਤਾ ਸੰਤਰੀ ਦੇ ਹੱਥੋਂ ਲੈ ਲਿਆ ਸੀ। ਇਹ ਪਤਾ ਆਉਣ ਵਾਲੇ ਦੇ ਸੂਹੀਆ ਹੋਣ ਦੀ ਨਿਸ਼ਾਨੀ ਸੀ।

ਇਕ ਦਰਮਿਆਨੇ ਕੱਦ ਤੇ ਨਰੋਈ ਸਿਹਤ ਦਾ ਆਦਮੀ ਅੰਦਰ ਆਇਆ। ਉਸਨੇ ਛੋਟੀ ਜਿਹੀ ਅੱਧੀਆਂ ਬਾਹਾਂ ਵਾਲੀ ਬੰਡੀ ਪਾਈ ਹੋਈ ਸੀ ਤੇ ਗੋਡਿਆਂ ਤਕ ਉਚੀ ਧੋਤੀ ਬੰਨ੍ਹੀ ਹੋਈ ਸੀ ਜਿਸਦਾ ਲੜ ਪਿੱਛੇ ਟੁੰਗਿਆ ਹੋਇਆ ਸੀ। ਉਸਦੇ ਸਿਰ ਉਪਰ ਇਕ ਮੈਲਾ ਜਿਹਾ ਪਰਨਾ ਲਪੇਟਿਆ ਹੋਇਆ ਸੀ।

“ਨੂਰਾ ਮਲਾਹ?” ਜੱਸਾ ਸਿੰਘ ਨੇ ਉਸਨੂੰ ਸਿਰ ਤੋਂ ਪੈਰਾਂ ਤੀਕ ਦੇਖ ਕੇ ਪੁੱਛਿਆ।

“ਹਾਂ ਜੀ, ਮੈਂ ਈ ਨੂਰਾ ਮਲਾਹ ਆਂ।” ਆਉਣ ਵਾਲੇ ਨੇ ਉਤਰ ਦਿੱਤਾ।

“ਕੀ ਸਮਾਚਾਰ ਏ?”

“ਸਰਦਾਰਜੀ ਦੁੱਰਾਨੀ ਜਦੋਂ ਸਤਿਲੁਜ ਪਾਰ ਕਰ ਰਿਹਾ ਸੀ ਮੈਂ ਉੱਥੇ ਈ ਸਾਂ। ਇਸ ਲਈ ਮੈਂ ਸਭ ਕੁਝ ਆਪਣੀ ਅੱਖੀਂ ਦੇਖਿਆ ਏ ਜੀ।”

"ਕੀ ਦੇਖਿਆ ਏ ਬਈ?"

"ਦੁੱਰਾਨੀ ਸੈਨਾ ਨੂੰ ਦਰਿਆ ਪਾਰ ਕਰਨ ਵਿਚ ਚਾਰ ਦਿਨ ਲੱਗੇ ਜੀ। ਪਹਿਲੇ ਦੋ ਦਿਨਾਂ ਵਿਚ ਅੱਧੀਓਂ ਵੱਧ ਸੈਨਾ ਦੂਜੇ ਕਿਨਾਰੇ ਜਾਂਦੀ ਰਹੀ। ਤੀਜੇ ਦਿਨ ਲੁੱਟ ਦੇ ਮਾਲ ਨਾਲ ਲੱਦੇ ਛਕੜੇ, ਉਠ ਤੇ ਘੋੜੇ ਆਦਿ ਤੇ ਉਹਨਾਂ ਦੇ ਨਿਗਰਾਨ ਸੈਨਕ ਉਸ ਪਾਰ ਭੇਜ ਦਿੱਤੇ ਗਏ—ਅਜੇ ਅਬਦਾਲੀ ਇਸ ਪਾਰ ਹੀ ਸੀ, ਸ਼ਾਮ ਨੂੰ ਉਹ ਵੀ ਉਸ ਪਾਰ ਚਲਾ ਗਿਆ। ਹੁਣ ਇਸ ਪਾਰ ਕੈਦੀ ਔਰਤਾਂ–ਮਰਦ ਤੇ ਨੁਰੂਦੀਨ ਦੀ ਕਮਾਨ ਵਿਚ ਪੰਜ ਸੌ ਸਿਪਾਹੀ ਹੀ ਸਨ, ਜਿਹਨਾਂ ਚੌਥੇ ਦਿਨ ਦਰਿਆ ਪਾਰ ਕੀਤਾ ਜੀ।"

"ਕੀ ਉਹ ਬਿਆਸ ਦਰਿਆ ਵੀ ਇੰਜ ਈ ਪਾਰ ਕਰਨਗੇ?"

"ਖ਼ਿਆਲ ਤਾਂ ਇਹੀ ਏ ਜੀ। ਜੇ ਹੋਰ ਕੋਈ ਬਦਲ ਫੇਰ ਹੋਇਆ ਤਾਂ ਉਸਦੀ ਸੂਚਨਾ ਤੁਹਾਨੂੰ ਭੇਜ ਦਿੱਤੀ ਜਾਏਗੀ।"

ਨੂਰਾ ਮਲਾਹ ਜਿੰਨ੍ਹੀ ਪੈਰੀਂ ਆਇਆ ਓਹਨੀਂ ਪੈਰੀਂ ਮੁੜ ਗਿਆ। ਜੱਸਾ ਸਿੰਘ ਨੇ ਚੜ੍ਹਤ ਸਿੰਘ, ਜੈ ਸਿੰਘ ਤੇ ਹੋਰ ਮਿਸਲਦਾਰਾਂ ਨੂੰ ਆਪਣੇ ਤੰਬੂ ਵਿਚ ਬੁਲਾਅ ਕੇ ਇਹ ਜਾਣਕਾਰੀ ਦਿੱਤੀ। ਫੇਰ ਕਿਹਾ—

"ਅਬਦਾਲੀ ਨੂੰ ਵਧੇਰੇ ਫ਼ਿਕਰ ਲੁੱਟ ਦੇ ਮਾਲ ਦੀ ਜਾਪਦੀ ਏ ਇਸੇ ਲਈ ਉਸਨੇ ਆਪਣਾ ਵਧੇਰੇ ਧਿਆਨ ਤੇ ਤਾਕਤ ਉਸ ਵੱਲ ਲਾਈ ਹੋਈ ਏ। ਕੈਦੀਆਂ ਦੀ ਉਸਨੂੰ ਪ੍ਰਵਾਹ ਹੀ ਨਹੀਂ ਜਾਪਦੀ। ਸ਼ਾਇਦ ਉਹ ਸੋਚਦਾ ਹੋਏ ਕਿ ਅਸੀਂ ਲੋਕ ਉਸਨੂੰ ਲੁੱਟਣ ਲਈ ਹੀ ਹਮਲਾ ਕਰਾਂਗੇ, ਕੈਦੀਆਂ ਨੂੰ ਛੁਡਾਉਣ ਵਾਸਤੇ ਨਹੀਂ। ਜਦੋਂ ਉਸਦੀ ਵਧੇਰੇ ਸੈਨਾ ਤੇ ਲੁੱਟ ਦਾ ਮਾਲ ਉਸ ਪਾਰ ਚਲਾ ਜਾਂਦਾ ਹੈ ਤਾਂ ਅਬਦਾਲੀ ਖ਼ੁਦ ਵੀ ਉਸ ਪਾਰ ਚਲਾ ਜਾਂਦਾ ਹੈ। ਕੈਦੀ ਪਿੱਛੇ ਰਹਿ ਜਾਂਦੇ ਨੇ ਤੇ ਨੁਰੂਦੀਨ ਵਾਮੇਜਈ ਚਾਰ ਪੰਜ ਸੌ ਸੈਨਕਾਂ ਨਾਲ ਉਹਨਾਂ ਦੀ ਨਿਗਰਾਨੀ ਲਈ

ਇਸ ਪਾਰ ਰਹਿ ਜਾਂਦਾ ਹੈ। ਖਾਲਸੇ ਲਈ ਚਾਰਪੰਜ ਸੌ ਦੁਰਾਨੀਆਂ ਨਾਲ ਜੂਝਣਾ ਕੋਈ ਔਖਾ ਨਹੀਂ। ਉਹ ਲੋਕ ਕੱਲ੍ਹ ਗੋਇੰਦਵਾਲ ਪਹੁੰਚ ਰਹੇ ਨੇ। ਜਦੋਂ ਸਿਰਫ਼ ਕੈਦੀ ਇਸ ਪਾਰ ਰਹਿ ਜਾਣਗੇ, ਉਦੋਂ ਅਸੀਂ ਧਾਵਾ ਬੋਲਣਾ ਏਂ...ਤੇ ਧਾਵੇ ਲਈ ਪਹਿਲਾਂ ਹੀ ਤਿਆਰ ਰਹਿਣਾ ਏਂ।"

ਖਾਲਸੇ ਨੇ ਇਸ ਯੋਜਨਾ ਅਨੁਸਾਰ ਸਾਰੀ ਤਿਆਰੀ ਮੁਕੰਮਲ ਕਰ ਲਈ। ਜਦੋਂ ਤੀਜੇ ਦਿਨ ਅਬਦਾਲੀ ਵੀ ਉਸ ਪਾਰ ਚਲਾ ਗਿਆ ਤਾਂ ਚੜ੍ਹਤ ਸਿੰਘ ਤੇ ਜੈ ਸਿੰਘ ਨੇ ਅਚਾਨਕ ਹੱਲਾ ਬੋਲ ਦਿੱਤਾ। 'ਠਾਹ-ਠਾਹ, ਖਚਾ-ਖੱਚ'। ਦੁਸ਼ਮਣ ਸੈਨਾ ਵਿਚ ਭਗਦੜ ਮੱਚ ਗਈ। ਜਿਹੜਾ ਜੱਥਾ ਜੱਸਾ ਸਿੰਘ ਦੀ ਕਮਾਨ ਵਿਚ ਸੀ, ਉਹਨਾਂ ਕੈਦੀਆਂ ਨੂੰ ਮੁਕਤ ਕਰਵਾਇਆ ਤੇ ਸਹਿਜੇ ਹੀ ਭਜਾਅ ਲਿਆਏ।

ਜੱਸਾ ਸਿੰਘ ਨੇ ਮੁਕਤ ਕਰਵਾਏ ਕੈਦੀਆਂ ਨੂੰ ਘਰੋ ਘਰ ਪਹੁੰਚਾਉਣ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਗੁਇੰਦਵਾਲ ਤੋਂ ਦਸ ਕੋਹ ਦੇ ਫਾਸਲੇ ਉਪਰ ਜੰਗਲ ਵਿਚ ਉਹਨਾਂ ਦੇ ਫਰਿਆਦੀ ਰਿਸ਼ਤੇਦਾਰ ਵੀ ਮੌਜੂਦ ਸਨ। ਉਹ ਆਪਣੇ ਪੁੱਤਰਾਂ ਧੀਆਂ ਦੇ ਗਲ਼ੇ ਲੱਗ ਲੱਗ ਮਿਲੇ ਤਾਂ ਉਹਨਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਬਾਈ ਸੌ ਦੇ ਲਗਭਗ ਔਰਤਾਂ ਮੁਕਤ ਕਰਵਾਈਆਂ ਗਈਆਂ ਸਨ, ਉਹਨਾਂ ਵਿਚ ਢਾਈ ਸੌ ਦੇ ਕਰੀਬ ਹਿੰਦੁਸਤਾਨੀ ਮੁਸਲਮਾਨ ਔਰਤਾਂ ਵੀ ਸਨ। ਉਹਨਾਂ ਦੇ ਸਾਕ ਸਬੰਧੀ ਵੀ ਉੱਥੇ ਮੌਜੂਦ ਸਨ। ਉਹਨਾਂ ਅੱਲਾ ਦਾ ਸ਼ੁਕਰ ਅਦਾ ਕੀਤਾ ਤੇ ਖਾਲਸਾ ਜੀ ਦਾ ਲੱਖ ਲੱਖ ਧੰਨਵਾਦ। ਜਿਹਨਾਂ ਮੁਕਤ ਹੋਏ ਕੈਦੀਆਂ ਦੇ ਰਿਸ਼ਤੇਦਾਰ ਉੱਥੇ ਮੌਜੂਦ ਨਹੀਂ ਸਨ, ਉਹ ਉਹਨਾਂ ਨੂੰ ਆਪਣੇ ਘਰ ਲੈ ਗਏ। ਜਿਹੜੇ ਲੋਕ ਖ਼ੁਦਾ ਆਪਣੇ ਘਰੀਂ ਜਾ ਸਕਦੇ ਸਨ, ਉਹ ਆਪ ਚਲੇ ਗਏ ਤੇ ਬਾਕੀਆਂ ਨੂੰ ਪੂਰੀ ਹਿਫ਼ਾਜਤ ਨਾਲ ਉਹਨਾਂ ਦੇ ਘਰੀਂ ਪਹੁਚਾਉਣ ਦਾ ਪ੍ਰਬੰਧ ਕੀਤਾ ਗਿਆ।

ਇਸ ਮੁਹਿੰਮ ਵਿਚ ਭੂਪ ਸਿੰਘ ਵੀ ਖਾਲਸਾ ਸੈਨਕ ਦੀ ਵਰਦੀ ਵਿਚ ਜੱਥੇਦਾਰ ਜੈ ਸਿੰਘ ਦੇ ਜੱਥੇ ਵਿਚ ਸ਼ਾਮਲ ਸੀ। ਉਹ ਦੁਰਾਨੀਆਂ ਤੇ ਕੈਦੀਆਂ ਬਾਰੇ ਬੜਾ

ਕੁਝ ਜਾਣਦਾ ਸੀ। ਇਸ ਲਈ ਉਹਨਾਂ ਨੂੰ ਮੁਕਤ ਕਰਵਾਉਣ ਲਈ ਜੈ ਸਿੰਘ ਦੀ ਮਦਦ ਕਰ ਰਿਹਾ ਸੀ। ਜਿਹਨਾਂ ਕੈਦੀਆਂ ਨੂੰ ਉਹ ਆਪਣੀ ਨਿਗਰਾਨੀ ਵਿਚ ਘਰੋ–ਘਰ ਪਹੁੰਚਾ ਰਹੇ ਸਨ, ਉਹਨਾਂ ਵਿਚ ਸਤਾਰਾਂ ਅਠਾਰ੍ਹਾਂ ਸਾਲ ਦੀ ਇਕ ਹੁਸੀਨ ਕੁੜੀ ਸੀ। ਉਸਦਾ ਨਾਂ ਸਾਵਿਤਰੀ ਸੀ ਪਰ ਘਰਵਾਲੇ ਤੇ ਆਂਢ–ਗੁਆਂਢ ਵਾਲੇ ਉਸਨੂੰ 'ਸਾਬੋ' ਆਖ ਕੇ ਬੁਲਾਂਦੇ ਹੁੰਦੇ ਸਨ। ਉਹ ਕਰਨਾਲ ਦੇ ਇਕ ਪੰਡਿਤ ਘਣਸ਼ਾਮ ਦਾਸ ਦੀ ਧੀ ਸੀ। ਜੱਸਾ ਸਿੰਘ ਨੇ ਉਸ ਨੂੰ ਇਕ ਨਜ਼ਰੇ ਦੇਖਿਆ, ਫੇਰ ਭੂਪ ਸਿੰਘ ਨੂੰ ਆਪਣੇ ਕੋਲ ਬੁਲਾਇਆ ਤੇ ਧੀਮੀ ਆਵਾਜ਼ ਵਿਚ ਪੁੱਛਿਆ—

“ਜਾਣਦੇ ਓ, ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਲੰਗੋਟ ਦਾ ਪੱਕਾ ਰਹਿਣ ਦੀ ਸਿੱਖਿਆ ਦਿੱਤੀ ਏ?”

“ਹਾਂ ਜੀ। ਜਾਣਦਾ ਹਾਂ।”

“ਇਸ ਕੁੜੀ ਨੂੰ ਇਸਦੇ ਘਰ ਤੁਸਾਂ ਪਹੁੰਚਾਉਣਾ ਏਂ।”

“ਸਤ ਬਚਨ ਮਹਾਰਾਜ।” ਭੂਪ ਸਿੰਘ ਨੇ ਦਰਿੜ੍ਹ ਆਵਾਜ਼ ਵਿਚ ਉਤਰ ਦਿੱਤਾ।

ਇਕ ਘੋੜੇ ਉਪਰ ਭੂਪ ਸਿੰਘ ਤੇ ਇਕ ਘੋੜੇ ਉੱਤੇ ਸਾਬੋ ਸਵਾਰ ਹੋ ਗਈ। ਭੂਪ ਸਿੰਘ ਦੇ ਮੋਢੇ ਉਪਰ ਬੰਦੂਕ ਸੀ ਤੇ ਸਹਾਇਕ ਦੇ ਰੂਪ ਵਿਚ ਦੋ ਹੋਰ ਸਵਾਰ ਨਾਲ ਹੋ ਲਏ। ਉਹ ਕਰਨਾਲ ਵਿਚ ਸਾਵਿਤਰੀ ਕੇ ਘਰ ਪਹੁੰਚੇ ਤਾਂ ਉਸਦੇ ਪਿਤਾ ਘਣਸ਼ਾਮ ਨਾਲ ਮੁਲਾਕਾਤ ਹੋਈ। ਉਹਨਾਂ ਦੇ ਮੱਥੇ ਉਪਰ ਚੰਦਨ ਦਾ ਤਿਲਕ ਲੱਗਾ ਹੋਇਆ ਸੀ ਤੇ ਸੱਜੇ ਗੁੱਟ ਉਪਰ ਲਾਲ ਧਾਗਾ ਵੱਝਿਆ ਹੋਇਆ ਸੀ। ਉਹਨਾਂ ਭੂਪ ਸਿੰਘ ਨਾਲ ਸਾਵਿਤਰੀ ਨੂੰ ਖਲੋਤਾ ਦੇਖਿਆ ਤਾਂ ਮੂੰਹ ਦੂਜੇ ਪਾਸੇ ਭੂੰਆਂ ਲਿਆ।

“ਪੰਡਿਤ ਜੀ, ਅਸੀਂ ਤੁਹਾਡੀ ਬੇਟੀ ਨੂੰ ਲੈ ਆਏ ਹਾਂ ਤੇ ਤੁਸੀਂ ਇਧਰ ਦੇਖ ਹੀ ਨਹੀਂ ਰਹੇ!” ਭੂਪ ਸਿੰਘ ਨੇ ਕਿਹਾ।

"ਮੇਰੀ ਕੋਈ ਬੇਟੀ ਨਹੀਂ।" ਘਣਸ਼ਾਮ ਨੇ ਠੰਡੀ ਤੇ ਕਠੋਰ ਆਵਾਜ਼ ਵਿਚ ਉਤਰ ਦਿੱਤਾ।

"ਕੀ ਕਿਹਾ? ਮੈਂ ਤੁਹਾਡੀ ਬੇਟੀ ਨਹੀਂ?" ਸਾਵਿਤਰੀ ਬੋਲੀ।

"ਨਹੀ, ਹੁਣ ਤੂੰ ਮੇਰੀ ਬੇਟੀ ਨਹੀਂ। ਜਿੱਥੋਂ ਆਈ ਏਂ, ਉੱਥੇ ਚਲੀ ਜਾ ਵਾਪਸ।" ਘਣਸ਼ਾਮ ਨੇ ਉਤਰ ਦਿੱਤਾ ਤੇ ਪਿੱਛੇ ਹਟ ਕੇ ਦਰਵਾਜ਼ਾ ਭੀੜਣ ਲੱਗਾ।

"ਜ਼ਰਾ ਰੁਕਣਾ ਪੰਡਿਤ ਜੀ ਤੇ ਮੇਰੀ ਗੱਲ ਸੁਣਨਾ।" ਭੂਪ ਸਿੰਘ ਨੇ ਅਤਿ ਗੰਭੀਰ ਤੇ ਹੈਰਾਨੀ ਭਰੀ ਆਵਾਜ਼ ਵਿਚ ਕਿਹਾ। ਘਣਸ਼ਾਮ ਰੁਕ ਗਿਆ ਤੇ ਇਕ ਕਦਮ ਬਾਹਰ ਵੱਲ ਵੀ ਆ ਗਿਆ। ਭੂਪ ਸਿੰਘ ਫੇਰ ਬੋਲਿਆ, "ਅਹਿ ਸਾਵਿਤਰੀ ਤਾਂ ਆਪਣੇ ਆਪ ਨੂੰ ਤੁਹਾਡੀ ਬੇਟੀ ਕਹਿ ਰਹੀ ਏ ਤੇ ਇਹ ਸਾਨੂੰ ਆਪਣੇ ਘਰ ਤਕ ਲੈ ਆਈ ਏ—ਤੁਸੀਂ ਓ ਕਿ ਇਸਨੂੰ ਆਪਣੀ ਬੇਟੀ ਮੰਨਣ ਤੋਂ ਇਨਕਾਰ ਕਰ ਰਹੇ ਓ?"

"ਸਰਦਾਰਜੀ ਤੁਸੀਂ ਲੋਕ ਸਾਡੇ ਲਈ ਲੜਦੇ ਓ। ਸਾਡੀ ਰਾਖੀ ਕਰਦੇ ਓ, ਇਸ ਲਈ ਮੈਂ ਤੁਹਾਨੂੰ ਧੰਨਵਾਦ ਕਹਿੰਦਾ ਹਾਂ ਤੇ ਤੁਹਾਡਾ ਆਦਰ–ਮਾਣ ਕਰਦਾ ਹਾਂ। ਪਰ ਜਿਹੜੀ ਕੁੜੀ ਏਨੇ ਦਿਨ ਯਵਨਾ (ਤੁਰਕਾਂ) ਕੋਲ ਰਹੀ, ਉਸਨੂੰ ਅਸੀਂ ਆਪਣੇ ਘਰ ਕਿੰਜ ਵਾੜ ਲਈਏ? ਇਹ ਸਾਡੇ ਧਰਮ ਦਾ, ਕੁਲ–ਮਰਿਆਦਾ ਦਾ ਸਵਾਲ ਏ?"

"ਮਤਲਬ ਇਹ ਕਿ ਹੁਣ ਮੈਂ ਤੁਹਾਡੀ ਬੇਟੀ ਨਹੀਂ ਰਹੀ?"

"ਹਾਂ, ਨਹੀਂ ਰਹੀ। ਤੂੰ ਜਿੱਥੇ ਚਾਹੇਂ ਜਾ ਸਕਦੀ ਏਂ।" "ਮੈਂ ਤੁਹਾਡੇ ਧਰਮ ਤੇ ਤੁਹਾਡੀ ਕੁਲ–ਮਰਿਆਦਾ ਉਪਰ ਥੁੱਕਦੀ ਹਾਂ। ਥੂ–ਥੂ–ਥੂ।"

ਸਾਵਿਤਰੀ ਨੇ ਤਿੰਨ ਵਾਰੀ ਧਰਤੀ ਉਪਰ ਥੁੱਕਿਆ ਤੇ ਫੇਰ ਪਲਟ ਕੇ ਭੂਪ ਸਿੰਘ ਨੂੰ ਕਿਹਾ, "ਚੱਲੋ ਭਾ–ਜੀ, ਮੈਂ ਏਸ ਚੰਡਾਲ ਦਾ ਮੂੰਹ ਵੀ ਦੇਖਣਾ ਨਹੀਂ ਚਾਹੁੰਦੀ।"

ਭੂਪ ਸਿੰਘ ਸਾਵਿਤਰੀ ਨੂੰ ਆਪਣੇ ਘਰ ਜੰਡਿਆਲ ਸ਼ੇਰਖ਼ਾਂ ਲੈ ਆਇਆ ਤੇ ਆਪਣੀ ਮਾਂ ਨੂੰ ਕਹਿਣ ਲੱਗਾ—

"ਲੈ ਮਾਂ, ਤੂੰ ਆਪਣੇ ਇਕੱਲੇਪਣ ਤੋਂ ਦੁਖੀ ਸੈਂ ਨਾ—ਬਹੂ ਤਾਂ ਜਦ ਆਏਗੀ ਤਦ ਆਏਗੀ, ਮੈਂ ਤੇਰੇ ਲਈ ਧੀ ਤੇ ਆਪਣੇ ਲਈ ਇਕ ਭੈਣ ਲੈ ਆਂਦੀ ਏ। ਅਸੀਂ ਇਸ ਲਈ ਕੋਈ ਚੰਗਾ ਜਿਹਾ ਮੁੰਡਾ ਲੱਭਾਂਗੇ ਤੇ ਇਸ ਦਾ ਵਿਆਹ ਰਚਾਅ ਦਿਆਂਗੇ। ਮੇਰੀ ਇਸ ਭੈਣ ਦਾ ਨਾਂ ਸਾਬੋ ਏ , ਇਹ ਮੇਰੇ ਗੁੱਟ ਉੱਤੇ ਰੱਖੜੀ ਬੰਨ੍ਹਿਆਂ ਕਰੇਗੀ। ਕਿਉਂ?"

ਸਤਵੰਤ ਕੌਰ ਨੇ ਸਾਵਿਤਰੀ ਨੂੰ ਛਾਤੀ ਨਾਲ ਘੁੱਟ ਲਿਆ ਤੇ ਬੋਲੀ, "ਆ ਮੇਰੀ ਧੀ ਰਾਣੀ, ਸਾਬੋ।" ਤੇ ਉਸਦਾ ਮੱਥਾ ਚੁੰਮ ਲਿਆ।

ਜੱਸਾ ਸਿੰਘ ਨੇ ਪਹਿਲਾਂ ਬੰਧਕਾਂ ਨੂੰ ਨਾਦਿਰ ਸ਼ਾਹ ਤੋਂ ਮੁਕਤ ਕਰਵਾ ਕੇ ਘਰੋ-ਘਰੀ ਪਹੁੰਚਾਇਆ ਸੀ ਤੇ ਹੁਣ ਅਹਿਮਦ ਸ਼ਾਹ ਅਬਦਾਲੀ ਤੋਂ ਮੁਕਤ ਕਰਵਾਇਆ। ਗਲੀਆਂ, ਬਾਜ਼ਾਰਾਂ ਤੇ ਸੱਥਾਂ ਵਿਚ ਏਨੀ ਚਰਚੇ ਹੋਈ ਕਿ ਉਹ ਲੋਕਾਂ ਵਿਚ 'ਬੰਦੀ ਛੋੜ' ਸਰਦਾਰ ਵਜੋਂ ਮਸ਼ਹੂਰ ਹੋ ਗਿਆ।

ਅਹਿਮਦ ਸ਼ਾਹ ਅਬਦਾਲੀ 26 ਅਪਰੈਲ ਨੂੰ ਲਾਹੌਰ ਪਹੁੰਚਿਆ ਤਾਂ ਉਹ ਬੜਾ ਉਖੜਿਆ ਉਖੜਿਆ ਸੀ। ਖਾਲਸਾ ਸਾਰੇ ਕੈਦੀਆਂ ਨੂੰ ਛੁਡਾਅ ਕੇ ਲੈ ਗਿਆ ਸੀ ਤੇ ਉਸਦੀ ਸੈਨਾ ਕੁਝ ਵੀ ਨਹੀਂ ਸੀ ਕਰ ਸਕੀ। ਅਬਦਾਲੀ ਨੂੰ ਇਸ ਗੱਲ ਦਾ ਬੜਾ ਗੁੱਸਾ ਸੀ।

"ਇਹ ਸਭ ਕਿੰਜ ਹੋ ਗਿਆ?" ਉਸਨੇ ਨੂਰੁਦੀਨ ਵਾਮੇਜਈ ਨੂੰ ਬੁਲਾਅ ਕੇ ਪੱਛਿਆ।

"ਜਹਾਂਪਨਾਹ! ਜਦੋਂ ਸਵੇਰੇ ਅਸੀਂ ਅਜੇ ਸੁੱਤੇ ਈ ਹੋਏ ਸਾਂ, ਇਹਨਾਂ ਲੰਮੇ ਲੰਮੇ

ਵਾਲਾਂ ਵਾਲੇ ਵਹਿਸ਼ੀਆਂ ਨੇ ਹਮਲਾ ਕਰ ਦਿੱਤਾ। ਸਾਡੇ ਸਿਪਾਹੀ ਅੱਖਾਂ ਮਲਦੇ ਰਹਿ ਗਏ ਤੇ ਉਹ ਆਪਣਾ ਕੰਮ ਕਰਕੇ ਨੱਠ ਗਏ।"

"ਬੜੀ ਸ਼ਰਮ ਦੀ ਗੱਲ ਏ। ਤੁਹਾਨੂੰ ਤੇ ਸਾਡੇ ਇਹਨਾਂ ਸਿਪਾਹੀਆਂ ਨੂੰ ਚੂਲੀ ਭਰ ਪਾਣੀ ਵਿਚ ਡੁੱਬ ਮਰਨਾ ਚਾਹੀਦਾ ਏ।" ਅਬਦਾਲੀ ਨੇ ਹਿਰਖ ਪਰੁੱਚੀ ਆਵਾਜ਼ ਵਿਚ ਕਿਹਾ। ਵਾਮੇਜਈ ਕੁਝ ਨਾ ਬੋਲਿਆ। ਉਸਦੀ ਗਰਦਨ ਝੁਕ ਗਈ।

"ਨਤੀਜਾ ਕੀ ਰਿਹਾ?"

"ਸਾਡੇ ਡੇਢ ਕੁ ਸੌ ਸਿਪਾਹੀ ਮਾਰੇ ਗਏ। ਦਸ ਬਾਰਾਂ ਸਿੱਖ ਵੀ ਮਾਰੇ ਗਏ ਨੇ ਤੇ ਦਸ ਬਾਰਾਂ ਫੜ੍ਹੇ ਗਏ ਨੇ।"

"ਜਿਹੜੇ ਫੜ੍ਹੇ ਗਏ ਨੇ ਉਹ ਕਿੱਥੇ ਨੇ?"

"ਉਹ ਸਾਡੀ ਕੈਦ ਵਿਚ ਨੇ। ਇਹਨਾਂ ਨੂੰ ਨਖ਼ਾਸ ਚੌਂਕ ਵਿਚ ਚਰਖੀ 'ਤੇ ਚੜ੍ਹਾ ਕੇ ਮੌਤ ਦੇ ਘਾਟ ਉਤਾਰਿਆ ਜਾਏਗਾ।" ਵਾਮੇਜਈ ਨੇ ਗਰਦਨ ਉੱਚੀ ਕਰਕੇ ਕਿਹਾ।

"ਉਹਨਾਂ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਜਾਏ।" ਅਬਦਾਲੀ ਨੇ ਹੁਕਮ ਦਿੱਤਾ।

ਸਿੱਖ ਨੌਜਵਾਨਾ ਨੂੰ ਅਬਦਾਲੀ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਹਨਾਂ ਦੇ ਮਨ ਵਿਚ ਕਿਸੇ ਕਿਸਮ ਦਾ ਭੈ ਨਹੀਂ ਸੀ ਤੇ ਚਿਹਰਿਆਂ ਉੱਤੇ ਉਦਾਸੀ ਦਾ ਨਾਂ ਨਿਸ਼ਾਨ ਤਕ ਨਹੀਂ ਸੀ। ਉਹਨਾਂ ਦੇ ਸਿਰ ਉੱਚੇ ਸਨ ਤੇ ਬੁੱਲ੍ਹਾਂ ਉਪਰ ਬਹਾਦਰਾਂ ਵਾਲੀ ਮੁਸਕਾਨ ਸੀ। ਉਹਨਾਂ ਦਾ ਨੇਤਾ ਬਘੇਲ ਸਿੰਘ ਸਭ ਨਾਲੋਂ ਅੱਗੇ ਖਲੋਤਾ ਸੀ।

"ਗਿਰਫ਼ਤਾਰ ਕਿੰਜ ਹੋਏ ਓ?" ਅਬਦਾਲੀ ਨੇ ਉਹਨਾਂ ਵੱਲ ਦੇਖ ਦੇ ਪੁੱਛਿਆ।

"ਸਾਡੇ ਹਥਿਆਰ ਛੁੱਟ ਗਏ ਸਨ।" ਬਘੇਲ ਸਿੰਘ ਨੇ ਉਤਰ ਦਿੱਤਾ।

“ਹੁਣ ਮੈਂ ਤੁਹਾਡੇ ਨਾਲ ਕੀ ਸਲੂਕ ਕਰਾਂ?”

“ਸਲੂਕ ਦਾ ਤਾਲੁੱਕ ਇਖ਼ਲਾਕ ਨਾਲ ਹੁੰਦਾ ਏ। ਤੁਹਾਡੇ ਇਖ਼ਲਾਕ ਦੀ ਜੋ ਮੰਗ ਏ, ਉਹੀ ਕਰੋ।”

“ਤੁਹਾਡਾ ਲੋਕਾਂ ਦਾ ਆਪਣਾ ਇਖ਼ਲਾਕ ਕੀ ਏ?”

“ਖਾਲਸਾ ਗਿਰਫ਼ਤਾਰ ਕੀਤੇ ਹੋਏ ਸਿਪਾਹੀਆਂ ਨੂੰ ਕਤਲ ਨਹੀਂ ਕਰਦਾ। ਜੇ ਉਹ ਜਖ਼ਮੀ ਹੋਣ ਤਾਂ ਉਹਨਾਂ ਦੇ ਜਖ਼ਮਾਂ ਉਪਰ ਮਲ੍ਹਮ ਲਾਉਂਦਾ ਹੈ।”

“ਜੇ ਮੈਂ ਤੁਹਾਨੂੰ ਕਤਲ ਨਾ ਕਰਾਂ ਤਾਂ ਤੁਸੀਂ ਮੇਰੀ ਗ਼ੁਲਾਮੀ ਕਬੂਲ ਕਰ ਲਓਗੇ?”

“ਨਹੀਂ, ਹਰਗਿਜ਼ ਨਹੀਂ। ਗ਼ੁਲਾਮ ਬਣ ਕੇ ਰਹਿਣਾ ਹੁੰਦਾ ਤਾਂ ਅਸੀਂ ਲੜਦੇ ਈ ਕਿਉਂ?”

“ਲੜਦੇ ਤਾਂ ਤੁਸੀਂ ਲੁੱਟਾਂ ਖੋਹਾਂ ਕਰਨ ਲਈ ਓ।”

“ਗਲਤ। ਕਾਬੁਲ ਦੇ ਬਾਦਸ਼ਾਹ ਗੁਸਤਾਖ਼ੀ ਮੁਆਫ਼। ਲੁੱਟ ਮਾਰ ਕਰਨ ਲਈ ਤਾਂ ਤੁਸੀਂ ਸਾਡੇ ਮੁਲਕ ਉਪਰ ਹਮਲੇ ਕਰਦੇ ਓ। ਅਸੀਂ ਲੋਕ ਤਾਂ ਆਪਣੀ ਆਜ਼ਾਦੀ ਲਈ ਪਹਿਲਾਂ ਮੁਗਲਾਂ ਦੇ ਖ਼ਿਲਾਫ਼ ਲੜਦੇ ਸਾਂ ਤੇ ਹੁਣ ਤੁਹਾਡੇ ਖ਼ਿਲਾਫ਼ ਲੜ ਰਹੇ ਹਾਂ। ...ਤੇ ਉਦੋਂ ਤੀਕ ਲੜਦੇ ਰਹਾਂਗੇ ਜਦੋਂ ਤੀਕ ਸਾਡਾ ਮੁਲਕ ਵਿਦੇਸ਼ੀ ਗ਼ੁਲਾਮੀ ਤੋਂ ਆਜ਼ਾਦ ਨਹੀਂ ਹੋ ਜਾਵੇਗਾ।”

“ਜੇ ਤੁਹਾਨੂੰ ਕਤਲ ਕਰ ਦਿੱਤਾ ਜਾਏ, ਫੇਰ ਕਿੰਜ ਲੜੋਗੇ? ਜਿਉਂਦੇ ਰਹਿਣਾ ਏਂ ਤਾਂ ਕਹੋ, 'ਅਹਿਮਦ ਸ਼ਾਹ ਕਾ ਖਾਲਸਾ, ਅਹਿਮਦ ਸ਼ਾਹ ਕੀ ਫਤਹਿ'।”

ਬਘੇਲ ਸਿੰਘ ਕੁਝ ਚਿਰ ਵਿਅੰਗਮਈ ਮੁਸਕਾਨ ਨਾਲ ਅਹਿਮਦ ਸਾਹ ਵੱਲ ਦੇਖਦਾ ਰਿਹਾ, ਫੇਰ ਬੋਲਿਆ,“ਸਾਥੋਂ ਪਹਿਲਾਂ ਜਿਹੜੇ ਲੋਕ ਸ਼ਹੀਦ ਹੋਏ ਨੇ ਉਹ ਸਾਡੇ ਲਈ ਮਿਸਾਲ ਨੇ ਤੇ ਅਸੀਂ ਸ਼ਹੀਦ ਹੋ ਕੇ ਆਪਣੇ ਪਿੱਛੇ ਆਉਣ ਵਾਲਿਆਂ

ਲਈ ਮਿਸਾਲ ਬਣ ਜਾਵਾਂਗੇ। ਇਹ ਲੜਾਈ ਜਾਰੀ ਰਹੇਗੀ।" ਬਘੇਲ ਸਿੰਘ ਨੇ ਦਰਿੜ੍ਹ ਤੇ ਸਥਿਰ ਆਵਾਜ਼ ਵਿਚ ਉਤਰ ਦਿੱਤਾ ਤੇ ਫੇਰ ਸੱਜੀ ਬਾਂਹ ਉਗਾਸ ਕੇ ਜੈਕਾਰਾ ਛੱਡਿਆ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ..."

ਉਸਦੇ ਕੈਦੀ ਸਾਥੀਆਂ ਨੇ ਵੀ ਬਾਹਾਂ ਉਲਾਰ ਕੇ ਇਕ ਸੁਰ ਵਿਚ ਦੁਹਰਾਇਆ, "ਵਹਿਗੁਰੂ ਕੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।"

"ਇਹ ਲੋਕ ਵਾਕਈ ਬਹਾਦੁਰ ਨੇ।" ਅਬਦਾਲੀ ਨੇ ਵਾਮੇਜਈ ਵੱਲ ਭੌਂ ਕੇ ਕਿਹਾ। ਫੇਰ ਹੁਕਮ ਦਿੱਤਾ, "ਇਹਨਾਂ ਸਾਰਿਆਂ ਨੂੰ ਰਿਹਾਅ ਕਰ ਦਿੱਤਾ ਜਾਏ। ਇਹਨਾਂ ਦੇ ਹਥਿਆਰ ਤੇ ਘੋੜੇ ਵੀ ਇਹਨਾਂ ਨੂੰ ਦੇ ਦਿੱਤੇ ਜਾਣ। ਹੁਣ ਸਾਡੀ ਲੜਾਈ ਇਹਨਾਂ ਲੋਕਾਂ ਨਾਲ ਹੋਏਗੀ ਤੇ ਹਾਰ ਜਿੱਤ ਦਾ ਫੈਸਲਾ ਮੈਦਾਨੇ-ਜੰਗ ਵਿਚ ਹੋਏਗਾ। ਬਹਾਦੁਰਾਂ ਨਾਲ ਲੜਨ ਵਿਚ ਹੀ ਮਜ਼ਾ ਆਉਂਦਾ ਏ।"

ਵਾਮੇਜਈ ਜਿਵੇਂ ਸਿਲ-ਪੱਥਰ ਹੋ ਗਿਆ ਤੇ ਜਿਹੜੇ ਹੋਰ ਲੋਕ ਖੜ੍ਹੇ ਸੁਣ ਰਹੇ ਸਨ, ਉਹ ਵੀ ਦੰਗ ਰਹਿ ਗਏ। ਪਰ ਬਾਦਸ਼ਾਹ ਦਾ ਹੁਕਮ ਸੀ, ਉਸਦੀ ਤੁਰੰਤ ਤਾਮੀਲ ਹੋਈ।

ਅਬਦਾਲੀ ਨੇ ਉਬੇਦ ਖ਼ਾਂ ਨੂੰ ਲਾਹੌਰ ਦਾ ਹਾਕਮ ਨਿਯੁਕਤ ਕੀਤਾ ਤੇ ਘੁਮੰਡ ਚੰਦ ਕਟੋਚੀਏ ਨੂੰ ਦੁਆਬਾ ਬਿਸਤ-ਜਲੰਧਰ ਦਾ ਫ਼ੌਜਦਾਰ ਤੇ ਮੁਗਲਾਨੀ ਬੇਗਮ ਦੇ ਮਾਮੇ ਖਵਾਜ਼ਾ ਮਿਰਜ਼ਾ ਖ਼ਾਂ ਨੂੰ ਚਾਹਾਰ ਮਹਾਲ ਦਾ ਫ਼ੌਜਦਾਰ ਥਾਪ ਦਿੱਤਾ। ਫੇਰ ਤੁਰੰਤ ਅਫਗਾਨਿਸਤਾਨ ਵੱਲ ਪਰਤ ਗਿਆ ਕਿਉਂਕਿ ਉੱਥੇ ਬਗਾਵਤ ਹੋਣ ਦਾ ਖ਼ਤਰਾ ਸੀ।

**000**

ਅਹਿਮਦ ਸ਼ਾਹ ਅਬਦਾਲੀ ਜਦੋਂ ਵਾਪਸ ਅਫਗਾਨਿਸਤਾਨ ਵੱਲ ਜਾ ਰਿਹਾ ਸੀ, ਸਿੱਖਾਂ ਨੇ ਹਮੇਸ਼ਾ ਵਾਂਗ ਉਸਦਾ ਪਿੱਛਾ ਕੀਤਾ ਤੇ ਜਦੋਂ ਉਹ ਸਿੰਧ ਨਦੀ ਪਾਰ ਕਰ

ਰਿਹਾ ਸੀ ਤਾਂ ਉਸਦਾ ਬਹੁਤ ਸਾਰਾ ਸਮਾਨ ਲੁੱਟ ਲਿਆ। ਅਬਦਾਲੀ ਇਸ ਸਥਿਤੀ ਵਿਚ ਨਹੀਂ ਸੀ ਕਿ ਪਲਟ ਕੇ ਸਿੱਖਾਂ ਉਪਰ ਹਮਲਾ ਕਰੇ, ਪਰ ਜਦੋਂ ਸਿੱਖ ਸਿੰਧ ਤੋਂ ਪਰਤ ਰਹੇ ਸਨ ਤਾਂ ਚਾਹਾਰ ਮਹਾਲ ਦੇ ਫੌਜਦਾਰ ਖਵਾਜ਼ਾ ਮਿਰਜ਼ਾ ਖ਼ਾਂ ਨਾਲ ਉਹਨਾਂ ਦੀ ਟੱਕਰ ਹੋ ਗਈ। ਇਸ ਲੜਾਈ ਵਿਚ ਖਵਾਜ਼ਾ ਮਿਰਜ਼ਾ ਖ਼ਾਂ ਦੀ ਹਾਰ ਹੋਈ ਤੇ ਉਹ ਮਾਰਿਆ ਗਿਆ। ਇਸ ਜਿੱਤ ਦਾ ਸਿਹਰਾ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਚੜ੍ਹਤ ਸਿੰਘ ਸ਼ੁਕਰਚੱਕੀਆ ਦੇ ਸਿਰ ਸੀ।

ਚੜ੍ਹਤ ਸਿੰਘ ਨੇ ਲਾਹੌਰ ਦੇ ਉਤਰ ਵਿਚ ਸਿੰਧ ਸਾਗਰ ਦੁਆਬੇ ਦੇ ਕਾਫੀ ਵੱਡੇ ਹਿੱਸੇ ਉਪਰ ਕਬਜਾ ਕਰ ਲਿਆ ਸੀ ਤੇ ਗੁਜਰਾਂਵਾਲਾ ਵਿਚ ਕਾਫੀ ਮਜ਼ਬੂਤ ਕਿਲਾ ਬਣਾ ਲਿਆ ਸੀ। ਇੰਜ ਉਹ ਦੁਰਾਨੀਆਂ ਦੇ ਰਸਤੇ ਵਿਚ ਰੁਕਾਵਟ ਬਣ ਗਿਆ। ਉਹ ਆਉਂਦੀ–ਜਾਂਦੀ ਅਬਦਾਲੀ ਦੀ ਸੈਨਾ ਉਪਰ ਛਾਪੇ ਮਾਰਦਾ ਸੀ ਤੇ ਜੋ ਕੁਝ ਵੀ ਹੱਥ ਲੱਗਦਾ ਸੀ, ਖੋਹ ਖਾਹ ਕੇ ਗੁਜਰਾਂਵਾਲਾ, ਆਪਣੇ ਕਿਲੇ ਵਿਚ ਚਲਾ ਜਾਂਦਾ ਸੀ।

ਦੁਰਾਨੀ ਨੇ ਕੰਧਾਰ ਪਹੁੰਚ ਕੇ ਉਠ ਰਹੇ ਵਿਰੋਧੀ ਸੁਰ ਨੂੰ ਦਬਾਇਆ ਤੇ ਆਪਣੇ ਪੈਰ ਮਜ਼ਬੂਤ ਕੀਤੇ। ਹਿੰਦੁਸਤਾਨ ਵਿਚੋਂ ਪਰਤਦਿਆਂ ਹੋਇਆਂ ਉਸ ਨੇ ਸਿੱਖਾਂ ਹੱਥੋਂ ਜਿਹੜੀਆਂ ਸੱਟਾ ਖਾਧੀਆਂ ਸਨ, ਉਹਨਾਂ ਦੇ ਜ਼ਖ਼ਮ ਅਜੇ ਭਰੇ ਵੀ ਨਹੀਂ ਸਨ ਕਿ ਖਵਾਜ਼ਾ ਮਿਰਜ਼ਾ ਖ਼ਾਂ ਦੀ ਮੌਤ ਦੀ ਖ਼ਬਰ ਨੇ ਉਹਨਾਂ ਉਪਰ ਲੂਣ ਛਿੜਕ ਦਿੱਤਾ। ਉਸਨੇ ਨੁਰੂਦੀਨ ਵਾਮੇਜਈ ਨੂੰ ਬਾਰਾਂ ਹਜ਼ਾਰ ਫੌਜ ਦੇ ਕੇ ਸਿੱਖਾਂ ਦੇ ਵਿਰੁੱਧ ਲੜਨ ਲਈ ਭੇਜਿਆ। ਇੱਧਰ ਚੜ੍ਹਤ ਸਿੰਘ ਵੀ ਤਿਆਰ ਸੀ। ਚਨਾਬ ਕੰਢੇ ਵਜ਼ੀਰਾਬਾਦ ਦੇ ਨੇੜੇ ਜ਼ੋਰਦਾਰ ਲੜਾਈ ਹੋਈ, ਵਾਮੇਜਈ ਸਿੰਘਾਂ ਦੇ ਮੁਕਾਬਲੇ ਅੜ ਨਾ ਸਕਿਆ। ਉਹ ਭੱਜ ਕੇ ਸਿਆਲਕੋਟ ਦੇ ਕਿਲੇ ਵਿਚ ਚਲਾ ਗਿਆ। ਚੜ੍ਹਤ ਸਿੰਘ ਨੇ ਉਸਦਾ ਪਿੱਛਾ ਕੀਤਾ ਤੇ ਕਿਲੇ ਨੂੰ ਜਾ ਘੇਰਿਆ। ਆਸੇ ਪਾਸੇ ਪੂਰੇ ਇਲਾਕੇ ਉਪਰ ਸਿੱਖਾਂ ਦਾ ਕਬਜਾ ਸੀ ਤੇ ਲੋਕਾਂ ਦੀ ਹਮਦਰਦੀ ਵੀ ਉਹਨਾਂ ਦੇ ਨਾਲ ਸੀ। ਚੜ੍ਹਤ ਸਿੰਘ ਨੇ ਘੇਰਾ ਹੌਲੀ ਹੋਲੀ ਤੰਗ ਤੇ ਸਖ਼ਤ ਕਰ

ਦਿੱਤਾ। ਕਿਸੇ ਵੀ ਹੀਲੇ ਰਸਦ ਅੰਦਰ ਜਾਣ ਦੀ ਗੁੰਜਾਇਸ਼ ਨਹੀਂ ਛੱਡੀ। ਕਿਲੇ ਅੰਦਰ ਭੁੱਖਮਰੀ ਫੈਲਦਿਆਂ ਦੇਖ ਕੇ ਵਾਮੇਜਈ ਘਬਰਾ ਗਿਆ ਤੇ ਇਕ ਰਾਤ ਹਨੇਰੇ ਦਾ ਲਾਹਾ ਲੈਂਦਿਆਂ ਆਪਣੀ ਜਾਨ ਬਚਾਅ ਕੇ ਉੱਥੋਂ ਭੱਜ ਗਿਆ। ਜਦੋਂ ਸੈਨਾਪਤੀ ਹੀ ਨਹੀਂ ਰਿਹਾ, ਸੈਨਾ ਨੇ ਹਥਿਆਰ ਸੁੱਟ ਦਿੱਤੇ।

ਗੁਰੂ ਘਰ ਦੀ ਰੀਤ ਅਨੁਸਾਰ ਚੜ੍ਹਤ ਸਿੰਘ ਨੇ ਹਾਰੇ ਹੋਏ ਸੈਨਕਾਂ ਨਾਲ ਨਰਮੀ ਦਾ ਵਿਹਾਰ ਕੀਤਾ। ਉਸਨੇ ਐਲਾਨ ਕਰ ਦਿੱਤਾ, "ਸਿਪਾਹੀ ਆਪਣੇ ਆਪਣੇ ਹਥਿਆਰ ਰੱਖ ਦੇਣ ਤੇ ਬਿਨਾਂ ਰੋਕ ਟੋਕ ਚਲੇ ਜਾਣ। ਖਾਲਸਾ ਨਾ ਉਹਨਾਂ ਨੂੰ ਗਿਰਫ਼ਤਾਰ ਕਰੇਗਾ ਤੇ ਨਾ ਹੀ ਉਹਨਾਂ ਦਾ ਪਿੱਛਾ ਕਰੇਗਾ।"

ਜਿਹਨਾਂ ਅਫ਼ਸਰਾਂ ਤੇ ਸਿਪਾਹੀਆਂ ਨੂੰ ਗਿਰਫ਼ਤਾਰ ਕੀਤਾ ਗਿਆ ਸੀ ਉਹਨਾਂ ਨੂੰ ਵੀ ਨੁਰੂਦੀਨ ਵਾਮੇਜਈ ਕੋਲ ਪਹੁੰਚਾ ਦਿੱਤਾ ਗਿਆ। ਉਸ ਪਿੱਛੋਂ ਚੜ੍ਹਤ ਸਿੰਘ ਵਾਪਸ ਗੁਜਰਾਂਵਾਲਾ ਆ ਗਿਆ।

ਲਾਹੌਰ ਦੇ ਹਾਕਮ ਖਵਾਜ਼ਾ ਉਬੇਦ ਖ਼ਾਂ ਨੂੰ ਜਦੋਂ ਵਾਮੇਜਈ ਦੀ ਹਾਰ ਦੀ ਖ਼ਬਰ ਮਿਲੀ ਤਾਂ ਉਹ ਖਿਝ-ਕਰਿਝ ਗਿਆ। ਉਸਨੇ ਸੋਚਿਆ ਕਿ ਇਹ ਹਾਰ ਲਾਹੌਰ ਹਕੂਮਤ ਦੀ ਹਾਰ ਹੈ। ਅਹਿਮਦ ਸ਼ਾਹ ਅਬਦਾਲੀ ਨੂੰ ਜਦੋਂ ਇਸ ਦਾ ਪਤਾ ਲੱਗੇਗਾ, ਉਹ ਬੜਾ ਨਾਰਾਜ਼ ਹੋਏਗਾ। ਗੁੱਸੇ ਤੇ ਭੈ ਸਦਕਾ ਬੋਖ਼ਲਾ ਕੇ ਉਸਨੇ ਸਿੱਖਾਂ ਉਤੇ ਚੜ੍ਹਾਈ ਕਰ ਦਿੱਤੀ ਤੇ ਗੁਜਰਾਂਵਾਲਾ ਨੂੰ ਜਾ ਘੇਰਿਆ। ਅੱਗੋਂ ਚੜ੍ਹਤ ਸਿੰਘ ਵੀ ਤਿਆਰ ਸੀ। ਮੋਰਚੇ ਲੱਗ ਗਏ। ਉਬੇਦ ਖ਼ਾਂ ਨੇ ਆਪਣੀ ਪੂਰੀ ਸ਼ਕਤੀ ਲੜਾਈ ਵਿਚ ਝੋਂਕ ਦਿੱਤੀ ਸੀ।

ਜੱਸਾ ਸਿੰਘ ਆਹਲੂਵਾਲੀਆ ਨੂੰ ਖ਼ਬਰ ਮਿਲੀ ਉਬੇਦ ਖ਼ਾਂ ਨੇ ਗੁਜਰਾਂਵਾਲਾ ਉੱਤੇ ਚੜ੍ਹਾਈ ਕਰ ਦਿੱਤੀ ਹੈ। ਗੁਜਰਾਂਵਾਲਾ ਸ਼ੁਕਰਚੱਕੀਆ ਮਿਸਲ ਦੀਆਂ ਸਰਗਰਮੀਆਂ ਦਾ ਧੁਰਾ ਸੀ। ਉਸਦਾ ਆਪਣਾ ਇਕ ਭੂਗੋਲਿਕ ਮਹਤੱਵ ਵੀ ਸੀ ਕਿਉਂਕਿ ਉਹ ਲਾਹੌਰ ਤੋਂ ਰਾਵਲਪਿੰਡੀ, ਪੇਸ਼ਾਵਰ, ਜਲਾਲਾਬਾਦ ਤੇ ਕਾਬੁਲ ਜਾਣ

ਵਾਲੀ ਸ਼ਾਹ ਰਾਹ ( ਮੁੱਖ ਸੜਕ ) ਉੱਤੇ ਸਥਿਤ ਸੀ। ਕਾਬੁਲ ਤੋਂ ਲਾਹੌਰ ਤੇ ਲਾਹੌਰ ਤੋਂ ਕਾਬੁਲ ਆਉਂਦਿਆਂ-ਜਾਂਦਿਆਂ ਕਿਸੇ ਵੀ ਆਦਮੀ, ਕਬੀਲੇ ਜਾਂ ਹਮਲਾਵਰ ਨੂੰ ਗੁਜਰਾਂਵਾਲਾ ਵਿਚੋਂ ਲੰਘਣਾ ਪੈਂਦਾ ਸੀ। ਇਸ ਤੋਂ ਕੰਨੀਂ ਕੱਟ ਕੇ ਨਿਕਲ ਜਾਣਾ ਸੰਭਵ ਨਹੀਂ ਸੀ। ਅਬਦਾਲੀ ਜਦੋਂ ਹਮਲਾ ਕਰਦਾ ਸੀ ਤਾਂ ਬਿਨਾਂ ਕਿਸੇ ਅੱੜਿਕੇ ਦੇ ਸਿੱਧਾ ਲਾਹੌਰ ਜਾ ਪਹੁੰਚਦਾ ਹੁੰਦਾ ਸੀ। ਪਰ ਹੁਣ ਗੁਜਰਾਂਵਾਲਾ ਉਸਦੇ ਰਾਹ ਦੀ ਰੁਕਾਵਟ ਬਣ ਗਿਆ ਸੀ। ਗੁਜਰਾਂਵਾਲਾ ਖਾਲਸੇ ਦੀ ਨਵੀਂ ਵਧ ਰਹੀ ਸ਼ਕਤੀ ਦਾ ਪ੍ਰਤੀਕ ਸੀ। ਜਿਸ ਤਰ੍ਹਾਂ ਅੰਮ੍ਰਿਤਸਰ ਵਿਚ ਰਾਮ ਰੌਣੀ ਕਿਲੇ ਦਾ ਨਿਰਮਾਣ ਇਕ ਇਤਿਹਾਸਕ ਘਟਨਾ ਮੰਨੀ ਜਾਂਦੀ ਸੀ, ਗੁਜਰਾਂਵਾਲਾ ਕਿਲਾ ਵੀ ਇਕ ਇਤਿਹਾਸਕ ਘਟਨਾ ਹੀ ਮੰਨੀ ਗਈ। ਹੁਣ ਉਸਦੀ ਰੱਖਿਆ ਉਪਰ ਹੀ ਖਾਲਸੇ ਦਾ ਭਵਿੱਖ ਨਿਰਭਰ ਕਰਦਾ ਸੀ।

ਇਸ ਲਈ ਜੱਸਾ ਸਿੰਘ ਨੇ ਚੜ੍ਹਤ ਸਿੰਘ ਦੀ ਮਦਦ ਲਈ ਜਾਣ ਦਾ ਫੈਸਲਾ ਕਰ ਲਿਆ। ਜਿਸ ਤਰ੍ਹਾਂ ਉਬੇਦ ਖ਼ਾਂ ਨੇ ਆਪਣੀ ਪੂਰੀ ਸ਼ਕਤੀ ਲਾ ਦਿੱਤੀ ਸੀ, ਉਸੇ ਤਰ੍ਹਾਂ ਜੱਸਾ ਸਿੰਘ ਨੇ ਦਲ-ਖਾਲਸਾ ਦੀ ਪੂਰੀ ਸ਼ਕਤੀ ਇਕੱਤਰ ਕਰ ਲਈ। ਜੈ ਸਿੰਘ ਕਨ੍ਹਈਆ, ਹੀਰਾ ਸਿੰਘ ਭੰਗੀ, ਲਹਿਣਾ ਸਿੰਘ, ਸੋਭਾ ਸਿੰਘ, ਗੁਜਰ ਸਿੰਘ ਆਦਿ ਸਰਦਾਰਾਂ ਨੂੰ ਨਾਲ ਲੈ ਕੇ ਜੱਸਾ ਸਿੰਘ ਆ ਪਹੁੰਚਿਆ। ਖਾਲਸੇ ਨੇ ਗੁਜਰਾਂਵਾਲਾ ਤੋਂ ਚਾਰ ਕੋਹ ਦੇ ਫਾਸਲੇ ਉੱਤੇ ਡੇਰੇ ਲਾ ਲਏ। ਹੁਣ ਤਕ ਚੜ੍ਹਤ ਸਿੰਘ ਇਕੱਲਾ ਉਬੇਦ ਖ਼ਾਂ ਦਾ ਮੁਕਾਬਲਾ ਕਰ ਰਿਹਾ ਸੀ। ਕਿਲੇ ਵਿਚ ਰਸਦ ਤੇ ਚਾਰਾ ਪਹਿਲਾਂ ਹੀ ਇਕੱਠਾ ਕਰ ਲਿਆ ਗਿਆ ਸੀ। ਨੁਰੂਦੀਨ ਵਾਮੇਜਈ ਤੋਂ ਖੋਹੇ ਹੋਏ ਹਥਿਆਰ ਵੀ ਕਾਫੀ ਗਿਣਤੀ ਵਿਚ ਸਨ। ਸਿੱਖ ਘੋੜਸਵਾਰ ਸੁਭਾ ਸ਼ਾਮ ਜਾਂ ਫੇਰ ਅੱਧੀ ਰਾਤ ਤੋਂ ਮਗਰੋਂ ਪਤਾ ਨਹੀਂ ਕਦੋਂ ਅਚਾਨਕ ਕਿਲੇ ਵਿਚੋਂ ਨਿਕਲ ਕੇ ਹਮਲਾ ਕਰ ਦਿੰਦੇ ਸਨ—ਚੁਸਤ ਘੋੜਸਵਾਰ, ਤੇਜ਼ ਘੋੜੇ ਤੇ ਤਿੱਖਾ ਹਮਲਾ। ਸਿੱਖ ਉਬੇਦ ਖ਼ਾਂ ਦਾ ਖਾਸਾ ਨੁਕਸਾਨ ਕਰਕੇ ਝੱਟ ਕਿਲੇ ਵਿਚ ਚਲੇ ਜਾਂਦੇ ਸਨ। ਚੜ੍ਹਤ ਸਿੰਘ ਨੇ ਕਿਲੇ ਦੀ ਕੰਧ ਉਪਰ ਜਗ੍ਹਾ ਜਗ੍ਹਾ ਤੋਪਾਂ ਫਿੱਟ

ਕਰਵਾਈਆਂ ਹੋਈਆਂ ਸਨ, ਜਿਹਨਾਂ ਵਿਚੋਂ ਧੜਾਧੜ ਗੋਲੇ ਨਿਕਲਦੇ ਸਨ ਤੇ ਦੁਸ਼ਮਣ ਦੀ ਸੈਨਾ ਉਹਨਾਂ ਦੀ ਮਾਰ ਤੋਂ ਦੂਰ ਰਹਿ ਕੇ ਬਚਣ ਦਾ ਯਤਨ ਕਰਦੀ ਰਹਿੰਦੀ ਸੀ। ਉਬੇਦ ਖ਼ਾਂ ਇਸ ਉਡੀਕ ਵਿਚ ਸੀ ਕਿ ਅੰਦਰਲਾ ਗੋਲਾ ਬਾਰੂਦ ਖ਼ਤਮ ਹੋਵੇ ਜਾਂ ਰਸਦ ਦੀ ਕਮੀ ਪਵੇ ਤਾਂ ਉਹ ਜ਼ੋਰਦਾਰ ਹਮਲਾ ਕਰੇ।

ਪਰ ਜਦੋਂ ਉਸਨੂੰ ਪਤਾ ਲੱਗਿਆ ਕਿ ਜੱਸਾ ਸਿੰਘ ਦੀ ਆਹਲੂਵਾਲੀਆ ਦੀ ਅਗਵਾਈ ਵਿਚ ਦੂਸਰੇ ਸਿੱਖ ਸਰਦਾਰ ਵੀ ਚੜ੍ਹਤ ਸਿੰਘ ਦੀ ਮਦਦ ਲਈ ਆ ਪਹੁੰਚੇ ਹਨ ਤਾਂ ਉਸਨੇ ਖ਼ੁਦ ਆਪਣੇ ਆਪ ਨੂੰ ਘਿਰਿਆ ਹੋਇਆ ਮਹਿਸੂਸ ਕੀਤਾ ਤੇ ਉਸਨੂੰ ਹੱਥਾਂ ਪੈਰਾਂ ਦੀ ਬਣ ਗਈ। ਇਧਰ ਦੀਆਂ ਖ਼ਬਰਾਂ ਉਧਰ ਤੇ ਉਧਰ ਦੀਆਂ ਖ਼ਬਰਾਂ ਇਧਰ ਪਹੁੰਚ ਰਹੀਆਂ ਸਨ। ਸੂਹੀਏ ਨੇ ਆ ਕੇ ਦੱਸਿਆ ਕਿ ਸਿੱਖ ਸਰਦਾਰ ਰਾਤ ਸਮੇਂ ਇਕੱਠੇ ਹਮਲਾ ਕਰਨਗੇ। ਉਬੇਦ ਖ਼ਾਂ ਪਹਿਲਾਂ ਹੀ ਬੌਂਦਲਿਆ ਹੋਇਆ ਸੀ, ਹੋਰ ਘਬਰਾ ਗਿਆ ਤੇ ਸੂਰਜ ਡੁੱਬਣ ਤੋਂ ਕੁਝ ਚਿਰ ਬਾਅਦ ਹੀ ਬਿਨਾਂ ਮੁਕਾਬਲਾ ਕੀਤਿਆਂ ਭੱਜ ਖੜ੍ਹਾ ਹੋਇਆ। ਸਿੱਖਾਂ ਨੂੰ ਉਸਦੇ ਭੱਜ ਜਾਣ ਦੀ ਖ਼ਬਰ ਮਿਲੀ ਤਾਂ ਉਹ ਬਾਕੀ ਸੈਨਾ ਉੱਤੇ ਟੁੱਟ ਪਏ। ਉਹ ਸਭ ਕੁਝ ਮੈਦਾਨ ਵਿਚ ਛੱਡ ਕੇ ਇਧਰ ਉਧਰ ਭੱਜ ਗਏ। ਜਿੱਤ ਖਾਲਸੇ ਦੀ ਹੋਈ ਤੇ ਮੁਫ਼ਤ ਦਾ ਜਿਹੜਾ ਮਾਲ ਹੱਥ ਲੱਗਿਆ, ਉਸ ਵਿਚ ਘੋੜੇ, ਊਠ, ਰਸਦ ਦੇ ਸਟੋਰ, ਕੈਂਪ ਦਾ ਸਮਾਨ ਤੇ ਉਹ ਤੋਪਾਂ ਵੀ ਸਨ, ਜਿਹੜੀਆਂ ਪਾਨੀਪਤ ਦੀ ਲੜਾਈ ਸਮੇਂ ਲਾਹੌਰ ਵਿਚ ਢਾਲੀਆਂ ਗਈਆਂ ਸਨ। ਉਹ ਤਾਂਬੇ ਅਤੇ ਪਿੱਤਲ ਦੀਆਂ ਬਣੀਆਂ ਹੋਈਆਂ ਸਨ ਅਤੇ ਦੂਰ ਤੀਕ ਮਾਰ ਕਰਦੀਆਂ ਸਨ। ਅਜਿਹੀਆਂ ਤੋਪਾਂ ਕਾਬੁਲ ਵਿਚ ਨਹੀਂ ਬਣਦੀਆਂ ਸਨ। ਇਸ ਲਈ ਅਬਦਾਲੀ ਲਾਹੌਰ ਤੋਂ ਦਿੱਲੀ ਵੱਲ ਜਾਂਦਾ ਹੋਇਆ ਹੁਕਮ ਦੇ ਗਿਆ ਸੀ ਕਿ ਦੂਜੇ ਹਥਿਆਰਾਂ ਦੇ ਨਾਲ ਤੋਪਾਂ ਵੀ ਭੇਜੀਆਂ ਜਾਣ। ਉਹ ਲੋਕਾਂ ਦੇ ਘਰਾਂ ਦੇ ਭਾਂਡੇ ਇਕੱਠੇ ਕਰਕੇ ਢਾਲੀਆਂ ਗਈਆਂ ਸਨ।

ਇਹ ਤੋਪਾਂ ਜਦੋਂ ਕਿਲੇ ਅੰਦਰ ਲਿਆਂਦੀਆਂ ਗਈਆਂ, ਸਿੱਖ ਸੈਨਕ ਹੈਰਾਨੀ ਤੇ

ਉਤਸੁਕਤਾ ਨਾਲ ਉਹਨਾਂ ਵੱਲ ਤੱਕਦੇ ਰਹਿ ਗਏ। ਉਹ ਉਹਨਾਂ ਨੂੰ ਛੂੰਹਦੇ, ਟੋਂਹਦੇ-ਟਟੋਲਦੇ ਉਹਨਾਂ ਦੇ ਗਿਰਦ ਚੱਕਰ ਕੱਟ ਰਹੇ ਸਨ ਤੇ ਆਪਸ ਵਿਚ ਗੱਲਾਂ ਕਰ ਰਹੇ ਸਨ—

"ਬਾਰਾਂ ਨੇ।" ਕਿਸੇ ਨੇ ਗਿਣਤੀ ਦੱਸੀ।

"ਹਾਂ, ਪੂਰੀਆਂ ਬਾਰਾਂ।" ਕਿਸੇ ਹੋਰ ਨੇ ਪੁਸ਼ਟੀ ਕੀਤੀ।

"ਸਾਰੀਆਂ ਛੱਡ ਕੇ ਭੱਜ ਗਏ?"

"ਇਹਨਾਂ ਵਿਚ ਉਹਨਾਂ ਦਾ ਕੀ ਏ? ਸਾਡੀਆਂ ਤੋਪਾਂ ਸਨ, ਸਾਡੇ ਹੱਥ ਲੱਗ ਗਈਆਂ ਨੇ।" ਇਸ ਉੱਤੇ ਹਾਸੇ ਦਾ ਫੁਆਰਾ ਛੁੱਟਿਆ।

"ਇਹਨਾਂ ਤੋਪਾਂ ਨਾਲ ਅਬਦਾਲੀ ਨੇ ਮਰਾਠਿਆਂ ਨੂੰ ਹਰਾਇਆ ਸੀ। ਅਸੀਂ ਹੁਣ ਅਬਦਾਲੀ ਨੂੰ ਹਰਾਵਾਂਗੇ।"

"ਹੋਰ ਕੀ।" ਇਕ ਵਾਰੀ ਫੇਰ ਸਾਂਝਾ ਹਾਸਾ ਸੁਣਾਈ ਦਿੱਤਾ। ਜਿੱਤ ਉੱਤੇ ਜਿੱਤ ਹੋ ਰਹੀ ਸੀ। ਦਲ-ਖਾਲਸਾ ਦੀ ਧਾਕ ਬੈਠ ਗਈ।

22 ਅਕਤੂਬਰ 1761 ਦੀ ਦੀਵਾਲੀ ਸੀ। ਸਾਰੀਆਂ ਮਿਸਲਾਂ ਦੇ ਸਰਦਾਰ ਅੰਮ੍ਰਿਤਸਰ ਵਿਚ ਇਕੱਠੇ ਹੋਏ ਤੇ ਸਰਬੱਤ ਖਾਲਸਾ ਨੇ ਅਗਲੇਰੀ ਕਾਰਵਾਈ ਉੱਤੇ ਵਿਚਾਰ ਕੀਤਾ।

"ਹੁਣ ਆਪਾਂ ਲਾਹੌਰ ਫਤਹਿ ਕਰਨਾ ਏਂ। ਜਦੋਂ ਤਕ ਲਾਹੌਰ ਉੱਤੇ ਵਿਦੇਸ਼ੀਆਂ ਦਾ ਕਬਜਾ ਏ, ਪੰਜਾਬ ਨੂੰ ਆਜ਼ਾਦ ਨਹੀਂ ਕਿਹਾ ਜਾ ਸਕਦਾ ਤੇ ਨਾ ਖਾਲਸਾ ਰਾਜ ਕਿਹਾ ਜਾ ਸਕਦਾ ਹੈ।" ਚੜ੍ਹਤ ਸਿੰਘ ਨੇ ਕਿਹਾ।

"ਬਿਲਕੁਲ ਠੀਕ।" ਕਈ ਆਵਾਜ਼ਾਂ ਨੇ ਇਕਸੁਰ-ਸਮਰਥਨ ਕੀਤਾ।

"ਦੂਜਾ ਆਪਾਂ ਨੂੰ ਜੰਡਿਆਲੇ ਵਾਲੇ ਗੁਰੂ ਆਕਿਲ ਦਾਸ ਬਾਰੇ ਵੀ ਸੋਚਣਾ ਪੈਣਾ ਏਂ। ਘਰ ਵਿਚ ਦੁਸ਼ਮਣ ਕਿਉਂ ਬੈਠਾ ਰਹੇ।"

"ਇਹ ਵੀ ਠੀਕ ਏ।" ਫੇਰ ਸਮਰਥਨ ਦਿੱਤਾ ਗਿਆ।

ਪਹਿਲਾਂ ਲਾਹੌਰ ਤੇ ਫੇਰ ਜੰਡਿਆਲੇ ਉਪਰ ਚੜ੍ਹਾਈ ਕਰਨ ਦਾ ਗੁਰਮਤਾ ਪਾਸ ਹੋਇਆ।

ਦਲ ਖਾਲਸਾ ਨੇ ਆਪਣੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ ਨੂੰ ਜਾ ਘੇਰਿਆ। ਆਵਾਜਾਈ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ—ਨਾ ਕੋਈ ਅੰਦਰ ਜਾ ਸਕਦਾ ਸੀ, ਨਾ ਬਾਹਰ ਆ ਸਕਦਾ ਸੀ। ਜਿਵੇਂ ਮੀਰ ਮੁਹੰਮਦ ਦੇ ਸਮੇਂ ਹੋਇਆ ਸੀ ਓਵੇਂ ਹੀ ਹੁਣ ਹੋਇਆ। ਉਬੇਦ ਖ਼ਾਂ ਆਪਣਾ ਤੋਪ-ਖਾਨਾ ਤੇ ਯੁੱਧ ਦਾ ਸਮਾਨ ਗੁਜਰਾਂਵਾਲਾ ਵਿਚ ਛੱਡ ਆਇਆ ਸੀ। ਉਸਦਾ ਦਬਦਬਾ ਵੀ ਖ਼ਤਮ ਹੋ ਚੁੱਕਿਆ ਸੀ। ਸਿੱਖਾਂ ਨਾਲ ਲੜਨ ਜੋਗੀ ਹਿੰਮਤ ਵੀ ਨਹੀਂ ਸੀ ਰਹੀ। ਉਹ ਕਿਲੇ ਵਿਚ ਬੰਦ ਹੋ ਗਿਆ। ਕਿਲੇ ਵਿਚ ਦਾਣਾ ਪਾਣੀ ਇਕੱਠਾ ਕੀਤਾ ਹੋਇਆ ਸੀ। ਉਹ ਵਪਾਰੀਆਂ ਨੂੰ ਲੁੱਟ ਖੋਹ ਵੀ ਲੈਂਦੇ ਸਨ। ਮੁਸੀਬਤ ਸ਼ਹਿਰ ਦੀ ਉਸ ਜਨਤਾ ਦੀ ਆਈ ਜਿਹਨਾਂ ਦੇ ਕਾਰੋਬਾਰ ਸ਼ਹਿਰ ਤੋਂ ਬਾਹਰ ਸਨ ਤੇ ਉਸ ਕਮਾਈ ਦੇ ਆਸਰੇ ਗੁਜ਼ਾਰਾ ਚੱਲਦਾ ਸੀ। ਕਈ ਲੋਕਾਂ ਨੂੰ ਟੱਟੀ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਬਾਹਰ ਜਾਣਾ ਪੈਂਦਾ ਸੀ। ਉਹ ਲੋਕ ਬੇਹੱਦ ਪ੍ਰੇਸ਼ਾਨ ਸਨ ਤੇ ਉਬੇਦ ਖ਼ਾਂ ਦੇ ਖ਼ਿਲਾਫ਼ ਬਗ਼ਾਵਤ ਉਪਰ ਉਤਰ ਆਏ ਸਨ—ਇਹ ਜਾਣਕਾਰੀ ਸਿੰਘਾਂ ਕੋਲ ਪਹੁੰਚ ਰਹੀ ਸੀ।

ਸ਼ਹਿਰ ਦੇ ਮੁਖੀ ਲੋਕ ਜਾਣਦੇ ਸਨ ਕਿ ਮੀਰ ਮੁਹੰਮਦ ਦੇ ਸਮੇਂ ਸਿੱਖ ਨਜ਼ਰਾਨਾ ਲੈ ਕੇ ਵਾਪਸ ਪਰਤ ਗਏ ਸਨ, ਕਿਉਂਕਿ ਉਹਨਾਂ ਦਾ ਇਰਾਦਾ ਸ਼ਹਿਰ ਉੱਤੇ ਕਬਜ਼ਾ ਕਰਨ ਦਾ ਨਹੀਂ ਸੀ ਸਿਰਫ ਦੁਰਾਨੀਆਂ ਨੂੰ ਪ੍ਰੇਸ਼ਾਨ ਕਰਨ ਦਾ ਸੀ। ਪਰ ਇਸ ਵਾਰੀ ਹਾਲਾਤ ਵੱਖਰੇ ਹਨ, ਉਹ ਸ਼ਹਿਰ ਉੱਤੇ ਕਬਜ਼ਾ ਕਰਨ ਆਏ ਹਨ।

ਉਬੇਦ ਖ਼ਾਂ ਵਿਚ, ਜਿਹੜਾ ਸਿੱਖਾਂ ਹੱਥੋਂ ਪਹਿਲਾਂ ਹੀ ਮਾਤ ਖਾ ਚੁੱਕਿਆ ਹੈ, ਸ਼ਹਿਰ ਦਾ ਪ੍ਰਬੰਧ ਸੁਧਾਰਨ ਤੇ ਸਿੱਖਾਂ ਸਾਹਵੇਂ ਡਟ ਜਾਣ ਦੀ ਹਿੰਮਤ ਨਹੀਂ ਸੀ—ਇਸ ਲਈ ਉਸ ਉਪਰ ਜ਼ਰਾ ਵੀ ਭਰੋਸਾ ਨਹੀਂ ਸੀ ਕੀਤਾ ਜਾ ਸਕਦਾ। ਨਾਲੇ ਉਹ ਉਸਦੀ ਹਕੂਮਤ ਤੋਂ ਤੰਗ ਆ ਚੁੱਕੇ ਸਨ। ਉਹਨਾਂ ਜੱਸਾ ਸਿੰਘ ਨਾਲ ਗੱਲ ਚਲਾਈ ਤੇ ਸ਼ਹਿਰ ਦੇ ਦਰਵਾਜ਼ੇ ਖਾਲਸੇ ਲਈ ਖੋਹਲ ਦਿੱਤੇ। ਜੈਤੂ ਸਿੱਖ ਸੈਨਾ 'ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲਾ' ਦੇ ਜੈਕਾਰੇ ਗਜਾਉਂਦੀ ਹੋਈ ਸ਼ਹਿਰ ਵਿਚ ਦਾਖਲ ਹੋਈ।...ਤੇ ਇਹਨਾਂ ਜੈਕਾਰਿਆਂ ਦੇ ਮੋੜ '...ਸਤਿ ਸ੍ਰੀ ਆਕਾਲ' ਦੀ ਗੂੰਜ ਨਾਲ ਉਹਨਾਂ ਦਾ ਭਰਪੂਰ ਸਵਾਗਤ ਹੋਇਆ।

ਹੁਣ ਲਾਹੌਰ ਉੱਤੇ ਦੋ ਧਿਰਾਂ ਦਾ ਰਾਜ ਸੀ—ਸ਼ਹਿਰ ਵਿਚ ਦਲ-ਖਾਲਸਾ ਦਾ ਤੇ ਕਿਲੇ ਵਿਚ ਉਬੇਦ ਖ਼ਾਂ ਦਾ। ਸਿੱਖਾਂ ਨੇ ਕਿਲੇ ਉੱਤੇ ਹਮਲਾ ਕਰ ਦਿੱਤਾ। ਉਹਨਾਂ ਨਾਲ ਜਨਤਾ ਦਾ ਸਹਿਯੋਗ ਵੀ ਸੀ। ਲੜਾਈ ਹੋਈ ਤੇ ਉਬੇਦ ਖ਼ਾਂ ਮਾਰਿਆ ਗਿਆ। ਕਿਲੇ ਉੱਤੇ ਵੀ ਸਿੱਖਾਂ ਦਾ ਕਬਜਾ ਹੋ ਗਿਆ। ਖ਼ੁਸ਼ੀਆਂ-ਖੇੜਿਆਂ ਤੇ ਉਤਸਾਹ ਵੱਸ ਸਾਰਾ ਵਾਤਾਵਰਣ ਝੂੰਮ ਉਠਿਆ। ਇੰਜ ਜੱਸਾ ਸਿੰਘ ਆਹਲੂਵਾਲੀਆ ਨੇ ਪੰਜਾਬ ਦੀ ਰਾਜਧਾਨੀ ਲਾਹੌਰ ਨੂੰ ਫਤਹਿ ਕਰਕੇ ਪੰਥ ਦਾ ਨਾਂਅ ਉੱਚਾ ਕੀਤਾ ਸੀ, ਉਸਦੀ ਸ਼ਾਨ ਨੂੰ ਚਾਰ ਚੰਨ ਲਾਏ ਸਨ। ਜੱਸਾ ਸਿੰਘ ਨੂੰ ਮਾਤਾ ਸੁੰਦਰੀ ਤੇ ਆਪਣੇ ਪ੍ਰਸਿੱਧ ਨੇਤਾ ਨਵਾਬ ਕਪੂਰ ਸਿੰਘ ਦੇ ਉਹ ਸ਼ਬਦ ਯਾਦ ਆ ਗਏ, ਜਿਹੜੇ ਉਹਨਾਂ ਦੇ ਮੂੰਹੋਂ ਸਹਿਜ ਸੁਭਾਅ ਹੀ ਨਿਕਲੇ ਸਨ। ਮਾਤਾ ਸੁੰਦਰੀ ਨੇ ਜੱਸਾ ਸਿੰਘ ਤੇ ਉਸਦੀ ਮਾਂ ਨੂੰ ਦਿੱਲੀ ਤੋਂ ਵਿਦਾਅ ਕਰਨ ਸਮੇਂ ਕਹੇ ਸਨ—"ਤੇਰੇ ਤੇ ਤੇਰੀ ਸੰਤਾਨ ਦੇ ਅੱਗੇ ਚੋਬਦਾਰ ਹੋਇਆ ਕਰਨਗੇ।" ਜਦੋਂ ਜੱਸਾ ਸਿੰਘ ਘੋੜਿਆਂ ਦੀ ਰਾਤਬ ਵੰਡਨ ਵੇਲੇ ਸਿੱਖ ਘੋੜਸਵਾਰਾਂ ਦੇ ਮਜ਼ਾਕ ਤੋਂ ਚਿੜ ਗਿਆ ਸੀ ਤਾਂ ਨਵਾਬ ਕਪੂਰ ਸਿੰਘ ਨੇ ਉਸਨੂੰ ਤਸੱਲੀ ਦਿੰਦਿਆਂ ਕਿਹਾ ਸੀ, "ਮੈਨੂੰ ਇਸ ਗਰੀਬ ਨਿਵਾਜ਼ ਪੰਥ ਨੇ ਨਵਾਬ ਬਣਾ ਦਿੱਤਾ ਹੈ, ਤੈਨੂੰ ਕੀ ਪਤਾ, ਬਾਦਸ਼ਾਹੀ ਹੀ ਬਣਾ ਦੇਣ।" ਦਲ ਖਾਲਸਾ ਨੇ ਖ਼ੁਸ਼ੀ ਦੀ ਇਸ ਘੜੀ ਵਿਚ ਜੱਸਾ

ਸਿੰਘ ਨੂੰ 'ਸੁਲਤਾਨੇ ਕੌਮ' (ਪੰਥ ਦੇ ਬਾਦਸ਼ਾਹ) ਦੀ ਪਦਵੀ ਦੇ ਕੇ ਭਵਿੱਖਬਾਣੀ ਨੂੰ ਯਥਾਰਥ ਰੂਪ ਵਿਚ ਬਦਲ ਦਿੱਤਾ।

ਟਕਸਾਲ ਉਪਰ ਵੀ ਖਾਲਸੇ ਦਾ ਕਬਜਾ ਹੋ ਗਿਆ ਸੀ। ਜਿੱਤ ਦਾ ਜਸ਼ਨ ਮਨਾਉਣ ਤੇ ਸ਼ੁਕਰਾਨਾ ਅਦਾ ਕਰਨ ਲਈ ਦੂਜੀ ਵਾਰੀ ਸਿੱਖ ਰੁਪਿਆ ਜਾਰੀ ਕੀਤਾ ਗਿਆ। ਉਸ ਉਪਰ ਫਾਰਸੀ ਦਾ ਉਹੀ ਬੰਦ ਉਕੇਰਿਆ ਗਿਆ, ਜਿਹੜਾ ਬੰਦਾ ਬਹਾਦਰ ਨੇ 1710 ਵਿਚ ਸਰਹਿੰਦ ਦੀ ਜਿੱਤ ਤੋਂ ਬਾਅਦ ਆਪਣੀ ਮੋਹਰ ਉੱਤੇ ਉਕੇਰਿਆ ਸੀ।

ਦੇਗ, ਤੇਗ ਫਤਹਿ, ਨੁਸਰਤ ਬੇਦਰੰਗ।

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਭਾਵ

ਦੇਗ, ਤੇਗ ਤੇ ਅਟਲ ਫਤਹਿ

ਬਖ਼ਸ਼ਿਸ ਹੈ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੀ।

ਦੀਵਾਨ ਸਜਿਆ। ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋਇਆ। ਉਸ ਪਿੱਛੋਂ ਅਰਦਾਸ ਹੋਈ ਤੇ ਜੱਸਾ ਸਿੰਘ ਆਹਲੂਵਾਲੀਆ ਨੇ ਖਾਲਸਾ ਤੇ ਸ਼ਹਿਰ ਦੇ ਨਾਗਰਿਕਾਂ ਨੂੰ ਸੰਬੋਧਤ ਕਰਕੇ ਕਿਹਾ—"ਲਾਹੌਰ 750 ਸਾਲ ਬਾਅਦ ਵਿਦੇਸ਼ੀ ਗ਼ੁਲਾਮੀ ਤੋਂ ਆਜ਼ਾਦ ਹੋਇਆ ਹੈ। ਇਸਦਾ ਮਤਲਬ ਹੈ ਕਿ ਪੰਜਾਬ ਆਜ਼ਾਦ ਹੋਇਆ ਹੈ। ਆਜ਼ਾਦੀ ਮੁਫ਼ਤ ਵਿਚ ਹੱਥ ਨਹੀਂ ਲੱਗੀ। ਇਸ ਲਈ ਖਾਲਸਾ ਤੇ ਜਨਤਾ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਨੇ ਤੇ ਅਜੇ ਵੀ ਇਸ ਆਜ਼ਾਦੀ ਦੇ ਸਿਰ ਉੱਤੇ ਖ਼ਤਰਾ ਮੰਡਲਾ ਰਿਹਾ ਹੈ। ਅਹਿਮਦ ਸ਼ਾਹ ਅਬਦਾਲੀ ਚੁੱਪ ਬੈਠਣ ਵਾਲਾ ਨਹੀਂ। ਉਸਨੇ ਦਿੱਲੀ ਤਕ ਪੈਰ ਪਸਾਰ ਲਏ ਨੇ। ਆਪਣੇ ਇਹਨਾਂ ਪੈਰਾਂ ਦੀ ਮਜ਼ਬੂਤੀ ਲਈ ਉਹ ਫੇਰ ਹਮਲਾ ਕਰੇਗਾ ਤੇ ਬੜੇ ਜ਼ੋਰ–ਸ਼ੋਰ ਨਾਲ ਕਰੇਗਾ। ਇਸ ਵਾਰ

ਟੱਕਰ ਦੁਰਾਨੀਆਂ ਤੇ ਦਲ–ਖਾਲਸਾ ਵਿਚਕਾਰ ਹੋਏਗੀ। ਇਸ ਟੱਕਰ ਵਿਚ ਚਾਹੇ ਕਿੰਨੀਆਂ ਵੀ ਕੁਰਬਾਨੀਆਂ ਦੇਣੀਆਂ ਪੈਣ, ਮੈਨੂੰ ਵਿਸ਼ਵਾਸ ਹੈ ਕਿ ਜਿੱਤ ਖਾਲਸੇ ਦੀ ਹੋਏਗੀ।"

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!" ਦੇ ਜੈਕਾਰਿਆਂ ਨਾਲ ਆਕਾਸ਼ ਗੂੰਜ ਉਠਿਆ।

ਜਨਵਰੀ **1762** ਦੀ ਗੱਲ ਹੈ ਕਿ ਸਿੱਖਾਂ ਨੇ ਲਾਹੌਰ ਦੀ ਜਿੱਤ ਤੋਂ ਬਾਅਦ ਜੰਡਿਆਲੇ ਉਪਰ ਚੜ੍ਹਾਈ ਕਰ ਦਿੱਤੀ, ਜਿਹੜਾ ਲਾਹੌਰ ਤੋਂ ਕੋਈ ਬਾਰਾਂ ਮੀਲ ਦੇ ਫਾਸਲੇ ਉਪਰ ਸੀ। ਬੀਤੀ ਦੀਵਾਲੀ ਨੂੰ ਉਹਨਾਂ ਦੋ ਗੁਰਮਤੇ ਪਾਸ ਕੀਤੇ ਸਨ, ਉਹਨਾਂ ਵਿਚ ਪਹਿਲਾ ਗੁਰਮਤਾ ਲਾਹੌਰ ਦੀ ਜਿੱਤ ਦਾ ਤੇ ਦੂਜਾ ਲਾਹੌਰ ਦੇ ਮਹੰਤ ਆਕਿਲ ਦਾਸ ਨੂੰ ਸਜ਼ਾ ਦੇਣ ਦਾ ਸੀ। ਆਕਿਲ ਦਾਸ ਸਿੱਖਾਂ ਦੇ ਖ਼ਿਲਾਫ਼ ਲਾਹੌਰ ਦੇ ਮੁਗਲ ਨਵਾਬਾਂ ਦਾ ਸਾਥ ਦਿੰਦਾ ਰਿਹਾ ਸੀ ਤੇ ਹੁਣ ਉਹ ਅਹਿਮਦ ਸ਼ਾਹ ਅਬਦਾਲੀ ਦਾ ਸਾਥ ਦੇ ਰਿਹਾ ਸੀ। ਸਿੱਖਾਂ ਦੀ ਚੜ੍ਹਾਈ ਦੀ ਖਬਰ ਜਦੋਂ ਆਕਿਲ ਦਾਸ ਨੂੰ ਮਿਲੀ ਤਾਂ ਉਸਨੇ ਤੇਜ਼ ਸਾਂਢਨੀ ਸਵਾਰ ਦੇ ਹੱਥ ਅਬਦਾਲੀ ਨੂੰ ਸੁਨੇਹਾ ਭੇਜਿਆ ਕਿ ਉਹ ਸਿੱਖਾਂ ਦੇ ਵਿਰੁੱਧ ਉਸਦੀ ਮਦਦ ਕਰੇ।

ਅਬਦਾਲੀ ਪਹਿਲਾਂ ਹੀ ਸਿੱਖਾਂ ਉਪਰ ਦੰਦ ਪੀਹ ਰਿਹਾ ਸੀ। ਉਹ ਲਾਮ–ਲਸ਼ਕਰ ਨਾਲ ਲੈ ਕੇ ਪੰਜਾਬ ਵੱਲ ਤੁਰ ਪਿਆ। ਆਕਿਲ ਦਾਸ ਦਾ ਸੁਨੇਹਾਂ ਤੇ ਚਿੱਠੀ ਉਸਨੂੰ ਰੋਹਤਾਸ ਵਿਚ ਮਿਲੀ, ਜਿਸ ਦੁਆਰਾ ਉਸਨੂੰ ਸਿੱਖਾਂ ਦੇ ਜੰਡਿਆਲੇ ਦੀ ਘੇਰਾਬੰਦੀ ਕਰਨ ਦਾ ਪਤਾ ਲੱਗਿਆ। ਉਹ ਕੁਝ ਚੁਣੇ ਹੋਏ ਸਿਪਾਹੀ ਨਾਲ ਲੈ ਕੇ ਤੇਜ਼ੀ ਨਾਲ ਜੰਡਿਆਲੇ ਵੱਲ ਵਧਿਆ, ਪਿੱਛੋਂ ਫੌਜ ਵੀ ਆ ਗਈ।

ਜੱਸਾ ਸਿੰਘ ਆਹਲੂਵਾਲੀਆ ਨੂੰ ਜਦੋਂ ਅਬਦਾਲੀ ਦੇ ਆਉਣ ਦੀ ਖਬਰ ਮਿਲੀ

ਤਾਂ ਉਸਨੇ ਦਲ ਦੇ ਸਰਦਾਰਾਂ ਨਾਲ ਰਾਏ–ਮਸ਼ਵਰਾ ਕੀਤਾ। ਰਾਏ ਇਹ ਬਣੀ ਕਿ ਸਾਨੂੰ ਆਪਣੇ ਪਰਿਵਾਰਾਂ ਨੂੰ ਮਾਲਵੇ ਵਿਚ ਸੁਰੱਖਿਅਤ ਸਥਾਨਾਂ ਉਪਰ ਭੇਜ ਦੇਣਾ ਚਾਹੀਦਾ ਹੈ ਤਾਂ ਕਿ ਅਸੀਂ ਦੁਰਾਨੀਆਂ ਦਾ ਬੇਫਿਕਰ ਹੋ ਕੇ ਮੁਕਾਬਲਾ ਕਰ ਸਕੀਏ। ਇਸ ਰਾਏ ਅਨੁਸਾਰ ਉਹਨਾਂ ਨੇ ਜੰਡਿਆਲੇ ਦੀ ਘੇਰਾਬੰਦੀ ਹਟਾਅ ਲਈ ਤੇ ਸਤਿਲੁਜ ਪਾਰ ਚਲੇ ਗਏ।

ਅਬਦਾਲੀ ਜਦੋਂ ਜੰਡਿਆਲੇ ਪਹੁੰਚਿਆ ਤਾਂ ਇਹ ਦੇਖ ਕੇ ਕਿ ਸਿੱਖ ਉੱਥੋਂ ਚਲੇ ਗਏ ਹਨ, ਬੜਾ ਪ੍ਰੇਸ਼ਾਨ ਹੋਇਆ। ਉਸਨੇ ਆਪਣੇ ਆਦਮੀ ਇਹ ਪਤਾ ਕਰਨ ਲਈ ਇਧਰ ਉਧਰ ਦੌੜਾਏ ਕਿ ਉਹ ਕਿੱਥੇ ਹਨ।

ਇਧਰ ਮਲੇਰਕੋਟਲੇ ਦੇ ਪਠਾਨ ਹਾਕਮ ਭੀਖਨ ਖਾਂ ਨੂੰ ਜਸੂਸਾਂ ਨੇ ਆ ਕੇ ਦੱਸਿਆ ਕਿ ਸਿੱਖ ਰਾਏਪੁਰ ਗੁਜਰਾਂਵਾਲਾ ਵਿਚ ਮਲੇਰਕੋਟਲੇ ਤੋਂ ਅੱਠ ਦਸ ਮੀਲ ਦੀ ਦੂਰੀ ਉਪਰ ਹਨ। ਭੀਖਨ ਖਾਂ ਦਾ ਮੱਥਾ ਠਣਕਿਆ ਤੇ ਉਸਨੇ ਸੋਚਿਆ ਕਿ ਸਿੱਖ ਮਲੇਰਕੋਟਲੇ ਉਪਰ ਧਾਵਾ ਬੋਲਣਗੇ। ਸਬੱਬ ਨਾਲ ਸਰਹਿੰਦ ਦਾ ਫੌਜਦਾਰ ਜੈਨ ਖਾਂ ਨੇੜੇ ਹੀ ਦੌਰੇ ਉਪਰ ਆਇਆ ਹੋਇਆ ਸੀ। ਭੀਖਨ ਖਾਂ ਨੇ ਉਸਨੂੰ ਆਪਣੀ ਮਦਦ ਲਈ ਬੁਲਾਅ ਭਜਿਆ ਤੇ ਨਾਲ ਹੀ ਅਹਿਮਦ ਸ਼ਾਹ ਨੂੰ ਖਬਰ ਕਰ ਦਿੱਤੀ ਕਿ ਸਿੱਖ ਇਸ ਪਾਸੇ ਇਕੱਠੇ ਹੋ ਗਏ ਹਨ। ਜੇ ਤੁਸੀਂ ਜਲਦੀ ਪਹੁੰਚ ਜਾਓ ਤਾਂ ਘੇਰਾ ਪਾ ਕੇ ਖਤਮ ਕਰ ਦੇਣਾ ਆਸਾਨ ਹੋਏਗਾ।

ਅਹਿਮਦ ਸ਼ਾਹ ਅਬਦਾਲੀ ਲਈ ਇਸ ਤੋਂ ਚੰਗੀ ਖਬਰ ਹੋਰ ਕੀ ਹੋ ਸਕਦੀ ਸੀ। ਉਸਨੇ 3 ਫਰਬਰੀ ਨੂੰ ਸਵੇਰੇ ਸਵੇਰੇ ਲਾਹੌਰ ਵੱਲ ਕੂਚ ਕਰ ਦਿੱਤਾ। ਦੋ ਦਿਨਾਂ ਤੋਂ ਘੱਟ ਸਮੇਂ ਵਿਚ ਬਿਆਸ ਤੇ ਸਤਿਲੁਜ ਦੋਹੇਂ ਪਾਰ ਕੀਤੇ ਤੇ ਬਿਨਾਂ ਕਿਤੇ ਰੁਕਿਆਂ 150 ਕੋਹ ਦਾ ਪੰਧ ਮੁਕਾਇਆ। ਰਸਤੇ ਵਿਚ 4 ਫਰਬਰੀ ਨੂੰ ਅਬਦਾਲੀ ਨੇ ਆਪਣੇ ਘੋੜਸਵਾਰ ਜੈਨ ਖਾਂ ਵੱਲ ਦੌੜਾਏ ਕਿ ਮੈਂ ਪੰਜ ਫਰਬਰੀ ਦੀ ਸਵੇਰ ਨੂੰ ਸਿੱਖਾਂ ਉਪਰ ਹਮਲਾ ਕਰਾਂਗਾ ਤੇ ਉਸਨੂੰ ਹੁਕਮ ਦਿੱਤਾ ਕਿ ਉਹ ਵੀ ਆਪਣੀ ਸਾਰੀ ਫੌਜ ਲੈ ਕੇ 5 ਫਰਬਰੀ ਨੂੰ ਉੱਥੇ ਪਹੁੰਚ ਜਾਏ ਤੇ ਸਿੱਖਾਂ ਉਪਰ ਅਗਲੇ

ਪਾਸਿਓਂ ਧਾਵਾ ਬੋਲੇ। ਇਹ ਹੁਕਮ ਸੁਣਦਿਆਂ ਹੀ ਜੈਨ ਖਾਂ, ਭੀਖਨ ਖਾਂ, ਲਕਸ਼ਮੀ ਨਾਰਾਇਣ ਤੇ ਹੋਰ ਅਫਸਰ ਸਿੱਖਾਂ ਦੇ ਕਤਲੇਆਮ ਦੀ ਤਿਆਰੀ ਕਰਨ ਲੱਗ ਪਏ।

11 ਰਜਬ 1175 ਭਾਵ 5 ਫਰਬਰੀ 1762 ਦੀ ਸਵੇਰ ਜੈਨ ਖਾਂ ਨੇ ਫੌਜ ਲੈ ਕੇ ਚੜ੍ਹਾਈ ਕਰ ਦਿੱਤੀ ਤੇ ਕਾਸਿਮ ਖਾਂ ਬੜਾਈਚ ਨੂੰ ਸਿੱਖਾਂ ਉਪਰ ਹਮਲਾ ਕਰਨ ਦਾ ਹੁਕਮ ਦਿੱਤਾ। ਉਧਰੋਂ ਅਬਦਾਲੀ ਵੀ ਆ ਪਹੁੰਚਿਆ ਤੇ ਉਸਨੇ ਜੈਨ ਖਾਂ ਨੂੰ ਸੰਦੇਸ਼ ਭੇਜਿਆ ਕਿ ਮੈਂ ਆਪਣੇ ਉਜਬੁਕ ਦਸਤਿਆਂ ਨੂੰ ਹੁਕਮ ਦੇ ਦਿੱਤਾ ਹੈ ਕਿ ਉਹਨਾਂ ਨੂੰ ਜਿੱਥੇ ਕਿਤੇ ਵੀ ਪੰਜਾਬੀ ਭੇਸ ਵਿਚ ਕੋਈ ਆਦਮੀ ਨਜ਼ਰ ਆਏ, ਉਸਨੂੰ ਕਤਲ ਕਰ ਦਿਓ। ਇਸ ਲਈ ਤੂੰ ਆਪਣੇ ਆਦਮੀਆਂ ਨੂੰ ਕਹਿ ਦੇ ਕਿ ਉਹ ਦਰਖਤਾਂ ਦੇ ਹਰੇ ਪੱਤੇ ਜਾਂ ਹਰੀ ਘਾਹ ਸਿਰਾਂ ਉਪਰ ਟੰਗ ਲੈਣ ਤਾਂ ਕਿ ਉਹਨਾਂ ਨੂੰ ਵੱਖ ਪਛਾਣਿਆਂ ਜਾ ਸਕੇ।

ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਹਰ ਅਲੀ ਤਹਿਮਸ ਖਾਂ ਮਸਕੀਨ ਦੇ ਨਾਲ ਲਾਹੌਰ ਵਿਚ ਸੀ। ਉਹ ਦੁਸ਼ਮਣ ਦੀਆਂ ਗਤੀਵਿਧੀਆਂ ਦੀ ਸੂਚਨਾ ਲਗਾਤਾਰ ਪਹੁੰਚਾ ਰਿਹਾ ਸੀ। ਪਰ ਅਹਿਮਦ ਸ਼ਾਹ ਅਬਦਾਲੀ ਨੇ ਇਹ ਹਮਲਾ ਅਚਾਨਕ ਕੀਤਾ ਸੀ ਤੇ ਉਹ ਏਨੀ ਤੇਜ਼ ਗਤੀ ਨਾਲ ਆਇਆ ਸੀ ਕਿ ਸੂਚਨਾ ਪਹੁੰਚਾਉਣ ਦਾ ਮੌਕਾ ਵੀ ਨਹੀਂ ਸੀ ਮਿਲਿਆ। ਇਸ ਕਰਕੇ ਸਿੱਖ ਅਚਾਨਕ ਘਿਰ ਗਏ।

ਅਹਿਮਦ ਸ਼ਾਹ ਅਬਦਾਲੀ ਨੇ ਆਪਣੀ ਸੈਨਾ ਨੂੰ ਤਿੰਨ ਭਾਗਾਂ ਵਿਚ ਵੰਡਿਆ। ਇਕ ਭਾਗ ਉਸਦੀ ਆਪਣੀ ਕਮਾਨ ਵਿਚ, ਦੂਜਾ ਵਜੀਰ ਸ਼ਾਹ ਵਲੀ ਖਾਂ ਦੀ ਕਮਾਨ ਵਿਚ ਤੇ ਤੀਜਾ ਭਾਗ ਜਹਾਨ ਖਾਂ ਦੀ ਕਮਾਨ ਵਿਚ ਸੀ। ਜਿਹੜਾ ਭਾਗ ਵਲੀ ਖਾਂ ਦੀ ਕਮਾਨ ਵਿਚ ਸੀ ਉਸਨੇ ਜੈਨ ਖਾਂ ਨਾਲ ਮਿਲ ਕੇ ਸਿੱਖ ਸੈਨਾ ਉੱਤੇ ਦੋ ਪਾਸਿਆਂ ਤੋਂ ਹਮਲਾ ਕਰਨਾ ਸੀ ਜਦੋਂ ਕਿ ਅਬਦਾਲੀ ਖ਼ੁਦ ਤੇ ਜਹਾਨ ਖਾਂ ਨੇ ਦੂਜੇ ਦੋ ਪਾਸਿਆਂ ਤੋਂ। ਇੰਜ ਸਿੱਖ ਚਹੁੰ–ਤਰਫਾ ਹਮਲੇ ਦੀ ਲਪੇਟ ਵਿਚ ਸਨ।

ਸਿੱਖਾਂ ਦੀ ਆਪਣੀ ਸਥਿਤੀ ਇਹ ਸੀ ਕਿ ਉਹਨਾਂ ਦੇ 50,000 ਆਦਮੀ, ਜਿਹਨਾਂ ਵਿਚ ਸੈਨਕ ਵੀ ਸਨ, ਕੁਪ ਪਿੰਡ ਵਿਚ ਡੇਰਾ ਲਾਈ ਬੈਠੇ ਸਨ। ਜਦੋਂ ਕਿ ਉਹਨਾਂ ਦੀ ਵਹੀਰ ਭਾਵ 5 ਹਜ਼ਾਰ ਔਰਤਾਂ, ਬੱਚੇ, ਬੁੱਢੇ, ਸੇਵਾਦਾਰ, ਘਰ ਦਾ ਸਮਾਨ, ਰਸਦ, ਹਥਿਆਰ ਤੇ ਲੰਗਰ ਦਾ ਸਮਾਨ ਚਾਰ ਕੋਹ ਦੀ ਦੂਰੀ ਉਪਰ 'ਪਿੰਡਗਾਰਮ' ਨਾਂ ਦੇ ਪਿੰਡ ਵਿਚ ਸੀ। ਚੁਣਵੇਂ ਤਜਰਬਾਕਾਰ ਸੈਨਕ ਤੇ ਅਫ਼ਸਰ ਇਸ ਵਹੀਰ ਦੀ ਰਖਵਾਲੀ ਕਰ ਰਹੇ ਸਨ। ਸਿੱਖਾਂ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਆਉਣ ਦਾ ਪਤਾ ਉਦੋਂ ਲੱਗਿਆ ਜਦੋਂ ਉਹ ਮਲੇਰਕੋਟਲੇ ਪਹੁੰਚ ਚੁੱਕਿਆ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਅ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ, ਸ਼ਾਮ ਸਿੰਘ ਕਰੋੜਸਿੰਘੀਆ ਤੇ ਹਰੀ ਸਿੰਘ ਭੰਗੀ ਮੀਟਿੰਗ ਕਰਨ ਬੈਠ ਗਏ।

"ਬੁਰੇ ਫਸੇ।" ਹਰੀ ਸਿੰਘ ਭੰਗੀ ਨੇ ਕਿਹਾ।

"ਫਸ ਤਾਂ ਗਏ, ਹੁਣ ਨਿਕਲਣ ਦੀ ਸੋਚੋ।" ਚੜ੍ਹਤ ਸਿੰਘ ਨੇ ਪਹਿਲਾਂ ਜੱਸਾ ਸਿੰਘ ਤੇ ਫੇਰ ਦੂਜੇ ਸਾਥੀਆਂ ਵੱਲ ਦੇਖ ਕੇ ਕਿਹਾ।

"ਜੇ ਭੱਜੀਏ ਤਾਂ ਵੀ ਬਚਣਾ ਮੁਸ਼ਕਿਲ ਏ। ਲੜਾਂਗੇ ਤਾਂ ਵੀ ਮੁਕਾਬਲਾ ਅਸਾਨ ਨਹੀਂ।" ਹਰੀ ਸਿੰਘ ਫੇਰ ਬੋਲੇ।

"ਜਿਹੜੀ ਸਿਰ 'ਤੇ ਆ ਪਈ ਏ, ਉਸ ਨੂੰ ਝੱਲਣਾ ਪਏਗਾ। ਮੇਰਾ ਖ਼ਿਆਲ ਏ ਕਿ ਅਸੀਂ ਡਟ ਕੇ ਲੜੀਏ। ਜੋ ਹੋਏਗਾ ਦੇਖਿਆ ਜਾਏਗਾ, ਗੁਰੂ ਭਲੀ ਕਰੇਗਾ।" ਸ਼ਾਮ ਸਿੰਘ ਕਰੋੜਸਿੰਘੀਆ ਦੀ ਰਾਏ ਸੀ।

"ਦੋਸਤੋ, ਲੜਨਾ ਹਰ ਹਾਲਤ ਵਿਚ ਹੈ। ਲੜੇ ਬਗ਼ੈਰ ਚਾਰਾ ਨਹੀਂ ਪਰ ਲੜਿਆ ਕਿਵੇਂ ਜਾਏ, ਸੋਚਣ ਵਾਲੀ ਵੱਲ ਇਹ ਹੈ। ਅਸੀਂ ਆਪਣੀ ਰੱਛਿਆ ਵੀ ਕਰਨੀ ਏਂ ਤੇ ਦੁਸ਼ਮਣ ਨਾਲ ਲੜਨਾ ਵੀ ਏ। ਇਸ ਲਈ ਸਾਨੂੰ ਕੋਈ ਨਵਾਂ ਦਾਅ ਵਰਤਣਾ

ਪਏਗਾ। ਮੇਰੀ ਰਾਏ ਇਹ ਹੈ ਕਿ ਸਰਦਾਰ ਹਰੀ ਸਿੰਘ ਔਰਤਾਂ ਤੇ ਬੱਚਿਆਂ–ਬਜ਼ੁਰਗਾਂ ਨੂੰ ਦਲ ਦੇ ਵਿਚਕਾਰ ਰੱਖ ਕੇ ਉਹਨਾਂ ਦੀ ਹਿਫਾਜ਼ਤ ਕਰਨ। ਅਸੀਂ ਤਿੰਨੇ ਦੁਸ਼ਮਣ ਨਾਲ ਲੜਦੇ ਵੀ ਰਹਾਂਗੇ ਤੇ ਹੌਲੀ ਹੌਲੀ ਪਿੱਛੇ ਵੀ ਹਟਦੇ ਰਹਾਂਗੇ। ਕੋਸ਼ਿਸ਼ ਇਹ ਹੋਏਗੀ ਕਿ ਦੁਸ਼ਮਣ ਵਹੀਰ ਤਕ ਨਾ ਪਹੁੰਚ ਸਕੇ।"

ਇਧਰ ਇਹ ਵਿਉਂਤ ਬੰਦੀ ਹੋ ਰਹੀ ਸੀ, ਉਧਰ ਕਾਸਿਮ ਖ਼ਾਂ ਨੇ ਵਹੀਰ ਉਪਰ ਹਮਲਾ ਕਰ ਦਿੱਤਾ। ਸਿੱਖ ਸਰਦਾਰਾਂ ਨੂੰ ਪਤਾ ਲੱਗਿਆ ਤਾਂ ਉਹ ਤੁਰੰਤ ਘੋੜਿਆਂ ਉਪਰ ਸਵਾਰ ਹੋ ਕੇ ਵਹੀਰ ਵਲ ਭੱਜੇ। ਕਾਸਿਮ ਖ਼ਾਂ ਉਹਨਾਂ ਦਾ ਮੁਕਬਲਾ ਨਹੀਂ ਕਰ ਸਕਿਆ। ਉਹ ਬੁਰੀ ਤਰ੍ਹਾਂ ਹਾਰਿਆ ਤੇ ਆਪਣੇ ਬਹੁਤ ਸਾਰੇ ਸੈਨਕ ਮਰਵਾ ਕੇ ਮਲੇਰਕੋਟਲੇ ਪਰਤ ਗਿਆ।

ਸਿੱਖ ਆਪਣੀ ਵਹੀਰ ਨੂੰ ਸੈਨਾ ਦੇ ਐਨ ਵਿਚਕਾਰ ਲੈ ਕੇ ਮਾਲਵੇ ਵਲ ਤੁਰ ਪਏ ਤਾਂ ਕਿ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਨੂੰ ਸੁਰੱਖਿਅਤ ਜਗ੍ਹਾ ਪਹੁੰਚਾ ਦਿੱਤਾ ਜਾਏ। ਅਜੇ ਉਹ ਤਿੰਨ, ਸਵਾ ਤਿੰਨ ਮੀਲ ਗਏ ਹੋਣਗੇ ਕਿ ਵਲੀ ਖ਼ਾਂ ਤੇ ਭੀਖਨ ਖ਼ਾਂ ਉਹਨਾਂ ਉਪਰ ਟੁੱਟ ਪਏ। ਪਰ ਉਹਨਾਂ ਦੀ ਫੌਜ ਸਿੱਖਾਂ ਨੂੰ ਰੋਕਣ ਜਾਂ ਉਹਨਾਂ ਨੂੰ ਤਿੱਤਰ–ਬਿੱਤਰ ਕਰਨ ਵਿਚ ਅਸਫ਼ਲ ਰਹੀ। ਖਾਲਸੇ ਨੇ ਵਹੀਰ ਦੇ ਗਿਰਦ ਗੋਲਾਕਾਰ ਕਿਲੇ ਵਾਂਗ ਕੁੰਡਲ ਮਾਰਿਆ ਹੋਇਆ ਸੀ। ਉਹ ਲੜ ਰਹੇ ਸਨ ਤੇ ਲੜਦੇ–ਲੜਦੇ ਅੱਗੇ ਵਧ ਰਹੇ ਸਨ। ਉਹ ਪਲਟ ਕੇ ਦੁਸ਼ਮਣ ਉਪਰ ਹਮਲਾ ਕਰਦੇ ਤੇ ਉਸਨੂੰ ਪਿਛਾਂਹ ਧਰੀਕ ਕੇ ਫੇਰ ਵਹੀਰ ਨਾਲ ਜਾ ਰਲਦੇ।

ਅਹਿਮਦ ਸ਼ਾਹ ਅਬਦਾਲੀ ਨੇ ਜਦੋਂ ਦੇਖਿਆ ਕਿ ਉਸਦਾ ਵਜੀਰ ਸ਼ਾਹ ਵਲੀ ਖ਼ਾਂ ਸਿੱਖਾਂ ਦਾ ਕੁੰਡਲ ਨਹੀਂ ਤੋੜ ਸਕਿਆ ਤਾਂ ਉਸ ਨੇ ਜਹਾਨ ਖ਼ਾਂ ਨੂੰ ਹੋਰ ਫੌਜ ਦੇ ਕੇ ਭੇਜਿਆ। ਪਰ ਉਹ ਵੀ ਕੁਝ ਨਾ ਕਰ ਸਕਿਆ। ਇਸ ਲਈ ਖਾਲਸੇ ਦੀ ਕਤਾਰ ਨੂੰ ਤੋੜਨ ਲਈ ਹੋਰ ਫੌਜ ਭੇਜੀ ਗਈ, ਪਰ ਸਿੰਘਾਂ ਨੇ ਦੁਰਾਨੀਆਂ ਨੂੰ ਵਹੀਰ ਤਕ ਨਹੀਂ ਪਹੁੰਚਣ ਦਿੱਤਾ। ਉਹਨਾਂ ਦਾ 'ਧਾਏ ਫਟ' ਵਾਲਾ ਤਰੀਕਾ ਏਨਾ ਸਫ਼ਲ

ਸੀ ਕਿ ਦੁਸ਼ਮਣ ਉਹਨਾਂ ਦੇ ਪਲਟ–ਪਲਟ ਕੇ ਕੀਤੇ ਜਾਣ ਵਾਲੇ ਹਮਲਿਆਂ ਨੂੰ ਸਮਝ ਹੀ ਨਹੀਂ ਸੀ ਸਕਦਾ ਤੇ ਨਾ ਉਸ ਸਾਹਵੇਂ ਟਿਕ ਹੀ ਸਕਦਾ ਸੀ। ਜੱਸਾ ਸਿੰਘ ਤੇ ਚੜ੍ਹਤ ਸਿੰਘ ਜਿੱਥੇ ਜਿੱਥੇ ਲੋੜ ਹੁੰਦੀ ਸੀ, ਆਪਣੇ ਘੋੜਿਆਂ ਨੂੰ ਅੱਡੀ ਲਾ ਕੇ ਪਹੁੰਚ ਜਾਂਦੇ ਸਨ। ਸਿੱਖਾਂ ਦੀ ਦਲੇਰੀ ਤੇ ਹੌਸਲੇ ਦੇਖਣ ਵਾਲੇ ਸਨ। ਦੁਸ਼ਮਣ ਦੀਆਂ ਜਿਜ਼ਾਇਰੋਂਆਂ (ਛੋਟੀਆਂ ਤੋਪਾਂ) ਦਾ ਮੁਕਾਬਲਾ ਆਪਣੀਆਂ ਤਲਵਾਰਾਂ, ਖੰਡਿਆਂ ਤੇ ਬਰਛਿਆਂ ਨਾਲ ਕਰ ਰਹੇ ਸਨ। ਉਹ ਦੁਸ਼ਮਣ ਉਪਰ ਬਾਜ ਵਾਂਗ ਝਪਟਦੇ ਤੇ ਝਪਟ ਕੇ ਝੱਟ ਪਰਤ ਆਉਂਦੇ। ਉਹਨਾਂ ਦੇ ਘੋੜੇ ਵੀ ਉਹਨਾਂ ਦਾ ਇੰਜ ਸਾਥ ਦੇ ਰਹੇ ਸਨ, ਜਿਵੇਂ ਬਹਾਦੁਰੀ ਤੇ ਜਿੱਤ ਦਾ ਸਿਹਰਾ ਉਹਨਾਂ ਵੀ ਪ੍ਰਾਪਤ ਕਰਨਾ ਹੋਵੇ ਤੇ ਜਿਵੇਂ ਉਹ ਪਸ਼ੂ ਨਹੀਂ ਰਣ–ਖੇਤਰ ਵਿਚ ਜੂਝ ਰਹੇ ਯੋਧੇ ਹੋਣ। ਉਹ ਮਾੜੇ ਜਿਹੇ ਇਸ਼ਾਰੇ ਨਾਲ ਜਿਸ ਤੇਜ਼ੀ ਨਾਲ ਅੱਗੇ ਵਧਦੇ, ਉਸੇ ਨਾਲ ਪਰਤ ਆਉਂਦੇ। ਉਹਨਾਂ ਦੀ ਹਿਣਹਿਣਾਹਟ ਨਾਲ ਦੁਸ਼ਮਣ ਦਾ ਦਿਲ ਦਹਿਲ ਜਾਂਦਾ।

ਸਿੱਖ ਲੜਦੇ ਰਹੇ ਤੇ ਵਹੀਰ ਨੂੰ ਕੁੰਡਲ ਵਿਚ ਲਈ ਅੱਗੇ ਵਧਦੇ ਰਹੇ। ਅਫ਼ਗਾਨ ਉਹਨਾਂ ਦੀ ਕਤਾਰ ਤੋੜਨ ਵਿਚ ਅਸਫ਼ਲ ਰਹੇ।

ਅਹਿਮਦ ਸ਼ਾਹ ਅਬਦਾਲੀ ਯੁੱਧ ਦੇ 'ਧਾਏ ਫਟ' ਪੈਂਤੜੇ ਤੋਂ ਵਾਕਿਫ਼ ਨਹੀਂ ਸੀ, ਜਦੋਂ ਉਸਨੇ ਦੇਖਿਆ ਕਿ ਇੰਜ ਤੁਰੇ ਜਾ ਰਹੇ ਸਿੱਖਾਂ ਉਪਰ ਕੋਈ ਕਰਾਰੀ ਚੋਟ ਹੋ ਸਕਣੀ ਸੰਭਵ ਨਹੀਂ ਤਾਂ ਉਸਨੇ ਹਿਰਖ ਕੇ ਜੈਨ ਖ਼ਾਂ ਤੇ ਲਕਸ਼ਮੀ ਨਾਰਾਇਣ ਨੂੰ ਸੁਨੇਹਾ ਭੇਜਿਆ ਕਿ ਤੁਸੀਂ ਸਿੱਖਾਂ ਦੀ ਵਹੀਰ ਨੂੰ ਅੱਗੇ ਹੋ ਕੇ ਰੋਕਦੇ ਕਿਉਂ ਨਹੀਂ, "ਜੇ ਤੁਸੀਂ ਰੋਕੋ ਤੇ ਉਹਨਾਂ ਨੂੰ ਅੱਗੇ ਨਾ ਵਧਣ ਦਿਓਂ ਤਾਂ ਕੁਝ ਚਿਰ ਵਿਚ ਹੀ ਇਹਨਾਂ ਦਾ ਸਫਾਇਆ ਕੀਤਾ ਜਾ ਸਕਦਾ ਏ।"

"ਜਹਾਂਪਨਾਹ, ਇਹਨਾਂ ਨੂੰ ਅੱਗੇ ਹੋ ਕੇ ਰੋਕਣਾ ਸੰਭਵ ਨਹੀਂ। ਇਹ ਤਾਂ ਹਨੇਰੀ ਤੇ ਤੂਫ਼ਾਨ ਨੇ।" ਜੈਨ ਖ਼ਾਂ ਨੇ ਉਤਰ ਦਿੱਤਾ। ਹੋਰ ਕੋਈ ਉਪਾਅ ਨਾ ਦੇਖ ਦੇ

ਅਬਦਾਲੀ ਨੇ ਚਾਰ ਚੁਣੇ ਹੋਏ ਦਸਤੇ ਲੈ ਕੇ ਖ਼ੁਦਾ ਧਾਵਾ ਬੋਲ ਦਿੱਤਾ। ਉਸਨੂੰ ਆਪਣੀ ਵੀਰਤਾ ਤੇ ਰਣਨੀਤੀ ਉਪਰ ਮਾਣ ਸੀ ਤੇ ਉਸਨੇ ਮਰਾਠਿਆਂ ਵਾਂਗ ਸਿੱਖਾਂ ਨੂੰ ਵੀ ਨੀਚਾ ਦਿਖਾਉਣ ਦਾ ਫੈਸਲਾ ਕੀਤਾ ਹੋਇਆ ਸੀ। ਪਰ ਸਿੱਖ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਸਨ। ਉਹਨਾਂ ਨੂੰ ਨੀਵਾਂ ਦਿਖਾਉਣਾ ਅਸਾਨ ਨਹੀਂ ਸੀ। ਘਮਸਾਨ ਦੀ ਲੜਾਈ ਹੋਈ। ਜੱਸਾ ਸਿੰਘ ਤੇ ਚੜ੍ਹਤ ਸਿੰਘ ਆਪਣੇ ਘੋੜਿਆਂ ਨੂੰ ਅੱਡੀ ਲਾ ਕੇ ਆਪਣੇ ਉਹਨਾਂ ਭਰਾਵਾਂ ਦੀ ਮਦਦ ਲਈ ਆ ਜਾਂਦੇ ਜਿਹੜੇ ਦੁਰਾਨੀਆਂ ਦੇ ਦਬਾਅ ਵਿਚ ਹੁੰਦੇ ਸਨ। ਉਹਨਾਂ ਦੇ ਘੋੜੇ ਸਿਪਾਹੀਆਂ ਤੇ ਘੋੜਿਆਂ ਦੀਆਂ ਲੋਥਾਂ ਟੱਪਦੇ ਹੋਏ ਜਿਸ ਪਾਸੇ ਇਸ਼ਾਰਾ ਕੀਤਾ ਜਾਂਦਾ ਸੀ, ਉਸੇ ਪਾਸੇ ਅਹੁਲਦੇ ਸਨ। ਉਹਨਾਂ ਦੀਆਂ ਤਲਵਾਰਾਂ 'ਸ਼ਾਂ-ਸ਼ਾਂ' ਇਧਰ-ਉਧਰ ਵਾਰ ਕਰਦੀਆਂ, ਕੱਟਦੀਆਂ-ਵੱਢਦੀਆਂ ਤੇ ਕਹਿਰ ਢਾਉਂਦੀਆਂ ਹੋਈਆਂ ਅੱਗੇ ਵਧ ਰਹੇ ਦੁਸ਼ਮਣ ਨੂੰ ਪਿੱਛੇ ਧਰੀਕ ਦਿੰਦੀਆਂ ਸਨ। ਉਹ ਫੇਰ ਘੋੜਿਆਂ ਨੂੰ ਅੱਡੀ ਲਾ ਉਸ ਜਗ੍ਹਾ ਜਾ ਪਹੁੰਚਦੇ ਜਿੱਥੇ ਆਪਣੀ ਜ਼ਰੂਰਤ ਸਮਝਦੇ। ਇੰਜ ਉਹ ਹਰ ਜਗ੍ਹਾ ਅਗਲੀ ਸਫ ਵਿਚ ਜੂਝਦੇ ਹੋਏ ਦਿਖਾਈ ਦਿੰਦੇ ਤੇ ਨਫ਼ਰਤ ਨਾਲ ਭਰੇ ਪੀਤੇ ਕਹਿੰਦੇ, "ਤੁਸੀਂ ਵਿਦੇਸ਼ੀ ਲੁਟੇਰੇ ਗੁਰੂ ਦੇ ਖਾਲਸੇ ਦਾ ਕੀ ਮੁਕਾਬਲਾ ਕਰੋਗੇ, ਓਇ।"

ਇਸ ਤਰ੍ਹਾਂ ਲੜਦੇ ਹੋਏ ਦੁਸ਼ਮਣ ਦੇ ਹੱਥੋਂ ਆਪਣਾ ਬਚਾਅ ਕਰਦੇ ਤੇ ਮਰਦੇ-ਮਾਰਦੇ ਹੋਏ ਸਿੰਘ ਲਗਾਤਾਰ ਅੱਗੇ ਵਧਦੇ ਰਹੇ। ਵਹੀਰ ਦਾ ਸੁਰੱਖਿਆ ਕੁੰਡਲ ਮੀਲਾਂ ਤਕ ਫੈਲਿਆ ਹੋਇਆ ਸੀ। ਉਹ ਸਭ ਪਾਸਿਓਂ ਮਜ਼ਬੂਤ ਨਹੀਂ ਸੀ ਰਹਿ ਸਕਦਾ। ਜਿੱਥੋਂ ਕਿਤੋਂ ਕੁੰਡਲ ਟੁੱਟ ਜਾਂਦਾ, ਦੁਰਾਨੀ ਵਹੀਰ ਨੂੰ ਨੁਕਸਾਨ ਪਹੁੰਚਾਉਣ ਤੋਂ ਨਹੀਂ ਸੀ ਖੁੰਝਦੇ।

ਇੰਜ ਲੜਦੇ-ਭਿੜਦੇ ਉਹ ਗਹਿਲ ਪਿੰਡ ਵਿਚ ਪਹੁੰਚ ਗਏ, ਜਿੱਥੇ ਦੁਰਾਨੀਆਂ ਨੇ ਕੁੰਡਲ ਤੋੜ ਦਿੱਤਾ। ਸਿੱਖ ਸਵਾਰ ਤੇ ਵਹੀਰ ਇਕ ਦੂਜੇ ਨਾਲੋਂ ਵੱਖ ਹੋ ਗਏ। ਵਹੀਰ ਦੇ ਬਜ਼ੁਰਗ, ਬੱਚੇ ਤੇ ਔਰਤਾਂ ਪਿੰਡ ਵਿਚ ਸ਼ਰਨ ਲੈਣੀ ਚਾਹੁੰਦੇ ਸਨ।

ਲੋਕਾਂ ਦੀ ਹਮਦਰਦੀ ਭਾਵੇਂ ਸਿੱਖਾਂ ਦੇ ਨਾਲ ਸੀ, ਪਰ ਉਹਨਾਂ ਨੇ ਦੁਰਾਨੀ ਦੇ ਡਰ ਕਾਰਨ ਸ਼ਰਨ ਨਹੀਂ ਦਿੱਤੀ ਤੇ ਘਰਾਂ ਦੇ ਦਰਵਾਜ਼ੇ ਬੰਦ ਕਰ ਲਏ। ਸਿੱਟਾ ਇਹ ਕਿ ਕੁਝ ਪਾਥੀਆਂ ਦੇ ਗ੍ਹੀਰਿਆਂ, ਕੁਝ ਛਟੀਆਂ ਤੇ ਫੂਸ ਦੇ ਢੇਰਾਂ ਤੇ ਕੁਝ ਫਟੜਾਂ ਤੇ ਲਾਸ਼ਾਂ ਵਿਚਕਾਰ ਲੁਕ ਗਏ। ਸਿੱਖ ਸੈਨਿਕਾਂ ਨੇ ਅੱਗੇ ਵਧਣਾ ਜਾਰੀ ਰੱਖਿਆ। ਹੁਣ ਉਹਨਾਂ ਦੀ ਰਫ਼ਤਾਰ ਵੀ ਤੇਜ਼ ਹੋ ਗਈ ਸੀ ਕਿਉਂਕਿ ਉਹਨਾਂ ਵਹੀਰ ਦੇ ਸਮਾਨ ਦੀ ਹਿਫ਼ਾਜਤ ਨਹੀਂ ਕਰਨੀ ਸੀ। ਸ਼ਾਮ ਹੁੰਦਿਆਂ ਹੁੰਦਿਆਂ ਉਹ ਪਿੰਡ ਕੁਤਬ ਵਿਚ ਪਹੁੰਚ ਗਏ। ਉੱਥੇ ਪਾਣੀ ਦੀ ਇਕ ਢਾਬ ਸੀ। ਦੁਰਾਨੀ ਪਿਆਸ ਬੁਝਉਣ ਖਾਤਰ ਢਾਬ ਵਲ ਅਹੁਲੇ। ਸਿੱਖ ਵੀ ਸਵੇਰ ਦੇ ਭੁੱਖੇ ਤੇ ਪਿਆਸੇ ਸਨ। ਉਹਨਾਂ ਨੇ ਵੀ ਢਾਬ ਤੋਂ ਪਾਣੀ ਪੀਤਾ। ਇੰਜ ਲੜਾਈ ਰੁਕ ਗਈ ਤੇ ਦੁਬਾਰਾ ਜਾਰੀ ਨਾ ਹੋ ਸਕੀ। ਕਾਰਨ ਇਹ ਕਿ ਹਨੇਰਾ ਲੱਥ ਆਇਆ ਸੀ। ਸਿੱਖ ਮੌਕਾ ਵਿਚਾਰ ਕੇ ਕਾਹਲ ਨਾਲ ਮਾਲਵੇ ਵਲ ਵਧੇ। ਦੁਰਾਨੀਆਂ ਨੇ ਉਹਨਾਂ ਦਾ ਪਿੱਛਾ ਨਹੀਂ ਕੀਤਾ, ਕਿਉਂਕਿ ਉਹ ਥੱਕ ਕੇ ਚੂਰ ਹੋ ਚੁੱਕੇ ਸਨ। ਪਹਿਲਾਂ **36** ਘੰਟਿਆਂ ਵਿਚ **150** ਕੋਹ ਦਾ ਸਫ਼ਰ ਕੀਤਾ ਸੀ ਤੇ ਫੇਰ **10** ਘੰਟੇ ਲਗਾਤਾਰ ਲੜਦੇ ਰਹੇ ਸਨ। ਪਿੱਛਾ ਕਰਨ ਦੀ ਹਿੰਮਤ ਹੀ ਨਹੀਂ ਸੀ ਰਹੀ।

ਰਾਤ ਗੂੜ੍ਹੀ ਹੋ ਗਈ ਸੀ। ਥੱਕੇ ਹੋਏ ਦੁਰਾਨੀ ਘੂਕ ਸੁੱਤੇ ਪਏ ਸਨ। ਖ਼ੁਦ ਅਹਿਮਦ ਸ਼ਾਹ ਅਬਦਾਲੀ ਵੀ ਸੁੱਤਾ ਹੋਇਆ ਸੀ। ਗਹਿਲ ਪਿੰਡ ਵਿਚ ਕੁਝ ਲੋਕ ਮਸ਼ਾਲਾਂ ਤੇ ਪਾਣੀ ਦੇ ਘੜੇ ਚੁੱਕੀ ਲਾਸ਼ਾ ਵਿਚਕਾਰ ਘੁੰਮ ਰਹੇ ਸਨ। ਜਿੱਥੇ ਕਿਧਰੇ ਕਰਾਹੁਣ ਦੀ ਆਵਾਜ਼ ਸੁਣਾਈ ਦਿੰਦੀ, ਉਹ ਉਧਰ ਜਾਂਦੇ ਤੇ ਜਖ਼ਮੀ ਸੈਨਿਕ ਨੂੰ ਪਾਣੀ ਪਿਆਉਂਦੇ ਸਨ—ਚਾਹੇ ਉਹ ਸਿੱਖ ਹੁੰਦਾ ਚਾਹੇ ਦੁਰਾਨੀ। ਰਹਿ ਰਹਿ ਕੇ ਇਹ ਸ਼ਬਦ ਕੰਨਾਂ ਵਿਚ ਪੈਂਦੇ—

'ਕਬੀਰ ਥਾ ਇਕ ਇਨਸਾਨ

ਨ ਹਿੰਦੂ ਔਰ ਨ ਮੁਸਲਮਾਨ'

ਜਿਹੜੇ ਬੱਚੇ, ਔਰਤਾਂ ਤੇ ਬੁੱਢੇ ਏਧਰ ਉਧਰ ਛੁਪੇ ਹੋਏ ਸਨ, ਉਹਨਾਂ ਨੂੰ ਘਰਾਂ ਵਿਚ ਪਹੁੰਚਾਇਆ ਜਾ ਰਿਹਾ ਸੀ। ਲੜਾਈ ਬੰਦ ਸੀ। ਅਬਦਾਲੀ ਤੇ ਉਸਦੇ ਸੈਨਿਕ ਸੁੱਤੇ ਹੋਏ ਸਨ। ਉਹ ਜਖ਼ਮੀਆਂ ਦੀ ਸੇਵਾ ਕਰ ਰਹੇ ਸਨ ਤੇ ਵਹੀਰ ਦੇ ਨਿਆਸਰੇ ਬੱਚਿਆਂ, ਬੁੱਢਿਆਂ ਤੇ ਔਰਤਾਂ ਨੂੰ ਆਪਣੇ ਘਰਾਂ ਵਿਚ ਸ਼ਰਨ ਦੇ ਰਹੇ ਸਨ। ਬੇਨਾਮ ਸੂਫੀ ਫ਼ਕੀਰ ਉਹਨਾਂ ਦਾ ਨੇਤਾ ਸੀ ਤੇ ਉਹਨਾਂ ਸਾਰਿਆਂ ਦੀ ਇਕੋ ਜਾਤ ਸੀ—ਕਬੀਰ ਦੀ ਜਾਤ; ਇਨਸਾਨ ਦੀ ਜਾਤ।

ਇਸ ਇਕ ਦਿਨ ਦੀ ਲੜਾਈ ਵਿਚ 20 ਹਜ਼ਾਰ ਸਿੱਖ ਖੇਤ ਰਹੇ, ਜਿਹਨਾਂ ਵਿਚ ਬੁੱਢੇ, ਬੱਚੇ ਤੇ ਔਰਤਾਂ ਵੀ ਸਨ। ਕਿਸੇ ਇਕ ਲੜਾਈ ਵਿਚ ਸਿੱਖਾਂ ਦਾ ਪਹਿਲਾਂ ਕਦੀ ਏਨਾ ਨੁਕਸਾਨ ਨਹੀਂ ਸੀ ਹੋਇਆ। ਇਸ ਲਈ ਇਸ ਦਾ ਨਾਂ 'ਵੱਡਾ ਘਲੂਘਾਰਾ' ਪੈ ਗਿਆ।

ਕਿਹਾ ਜਾਂਦਾ ਹੈ ਕਿ ਜੱਸਾ ਸਿੰਘ ਆਹਲੂਵਾਲੀਆ ਦਾ ਘੋੜਾ ਜਦੋਂ ਥੱਕ ਕੇ ਚੂਰ ਹੋ ਗਿਆ ਤਾਂ ਉਹ ਇਕ ਜਗ੍ਹਾ ਅੜ ਗਿਆ। ਸਰਦਾਰ ਨੇ ਬੜੀਆਂ ਅੱਡੀਆਂ ਲਾਈਆਂ ਪਰ ਉਹ ਤੁਰਿਆ ਹੀ ਨਹੀਂ। ਇਸ ਲਈ ਉਹਨਾਂ ਦੇ ਨਾਲ ਵਾਲੇ ਗੁਰਮੁਖ ਸਿੰਘ ਨੇ ਘੋੜੇ ਨੂੰ ਮਾਰਨ ਲਈ ਚਾਬੁਕ ਉਗਾਸਿਆ ਪਰ ਜੱਸਾ ਸਿੰਘ ਨੇ ਉਸਨੂੰ ਇਸ਼ਾਰੇ ਨਾਲ ਰੋਕ ਦਿੱਤਾ, "ਚਾਬੁਕ ਨਾ ਮਾਰੀਓ ਸਿੰਘ ਜੀ। ਕਿਤੇ ਕੋਈ ਇੰਜ ਈ ਨਾ ਸਮਝ ਲਏ ਕਿ ਸਰਦਾਰ ਜਾਣ ਕੇ ਘੋੜੇ ਦੇ ਚਾਬੁਕ ਮਰਵਾ ਕੇ ਭੱਜ ਖੜਾ ਹੋਇਆ ਏ।" ਇਸ ਲੜਾਈ ਵਿਚ ਜੱਸਾ ਸਿੰਘ ਨੂੰ ਬਾਈ ਫੱਟ ਲੱਗੇ। ਫੇਰ ਵੀ ਉਹ ਅਗਲੀਆਂ ਸਫਾਂ ਵਿਚ ਰਿਹਾ ਤੇ ਜਿੱਥੇ ਜ਼ਰੂਰਤ ਪਈ, ਦੁਸ਼ਮਣ ਨਾਲ ਜਾ ਭਿੜਿਆ—

'ਜੱਸਾ ਸਿੰਘ ਖਾਈ ਬਾਈ ਘਾਵ

ਤੋ ਭੀ ਸਿੰਘ ਜੀ ਲੜਤੇ ਜਾਈ।'

ਅਹਿਮਦ ਸ਼ਾਹ ਅਬਦਾਲੀ ਸਰਹਿੰਦ ਹੁੰਦਾ ਹੋਇਆ 3 ਮਾਰਚ ਨੂੰ ਲਾਹੌਰ ਪਹੁੰਚਿਆ। ਇਹ ਪਹਿਲਾ ਮੌਕਾ ਸੀ ਜਦੋਂ ਉਸਨੇ ਸਤਿਲੁਜ ਤੇ ਬਿਆਸ ਆਰਾਮ ਨਾਲ ਪਾਰ ਕੀਤੇ। ਸਿੱਖਾਂ ਨੇ ਉਸਨੂੰ ਕਿਤੇ ਵੀ ਪ੍ਰੇਸ਼ਾਨ ਨਹੀਂ ਕੀਤਾ ਤੇ ਉਸਦਾ ਪਿੱਛਾ ਨਹੀਂ ਲੁੱਟਿਆ। ਉਹ ਖ਼ੁਸ਼ ਸੀ ਤੇ ਉਸਨੇ ਆਪਣੇ ਵਜ਼ੀਰ ਵਲੀ ਖ਼ਾਂ ਨੂੰ ਕਿਹਾ, “ਪਤਾ ਨਹੀਂ ਕਿਹੜੀਆਂ ਖੁੱਡਾਂ ਵਿਚ ਜਾ ਲੁਕੇ ਨੇ। ਕਿਤੇ ਇਕ ਵੀ ਸਿੱਖ ਨਜ਼ਰ ਨਹੀਂ ਆਇਆ।” ਉਹ ਇਕ ਛਿਣ ਰੁਕਿਆ ਤੇ ਫੇਰ ਸੁਰ ਬਦਲ ਕੇ ਅੱਗੇ ਕਹਿਣ ਲੱਗਾ, “ਫੇਰ ਵੀ, ਇਹ ਫਤਹਿ ਉਹ ਫਤਹਿ ਨਹੀਂ ਜਿਸਦੀ ਮੈਨੂੰ ਤਮੰਨਾ ਸੀ। ਮੈਂ ਚਾਹੁੰਦਾ ਸਾਂ ਕਿ ਇਹਨਾਂ ਸਿੱਖ ਸਰਦਾਰਾਂ ਦੀਆਂ ਲਾਸ਼ਾਂ ਮੈਦਾਨ ਵਿਚ ਤੜਫਦੀਆਂ ਦਿਖਾਈ ਦੇਂਦੀਆਂ ਜਾਂ ਫੇਰ ਜੰਜੀਰਾਂ ਵਿਚ ਜਕੜੇ ਹੋਏ ਉਹ ਮੇਰੇ ਸਾਹਮਣੇ ਖੜ੍ਹੇ ਹੁੰਦੇ। ਅਗਿਓਂ ਘੇਰਿਆ ਨਹੀਂ ਜਾ ਸਕਿਆ ਤੇ ਨਿਕਲ ਗਏ।”

“ਜਹਾਂਪਨਾਹ! ਉਹਨਾਂ ਦੀ ਬਹਾਦੁਰੀ ਤੇ ਹੌਸਲੇ ਦੀ ਦਾਦ ਦੇਣੀ ਪਏਗੀ। ਲੜਦੇ –ਲੜਦੇ ਭੱਜਣਾ ਤੇ ਭੱਜਦੇ–ਭੱਜਦੇ ਪਲਟ–ਪਲਟ ਕੇ ਲੜਨਾ, ਇਸਦਾ ਵੀ ਜਵਾਬ ਨਹੀਂ।” ਵਜ਼ੀਰ ਨੇ ਜਿਹੜਾ ਖ਼ੁਦ ਇਕ ਬਹਾਦੁਰ ਜਰਨੈਲ ਸੀ, ਗੱਲ ਨਾਲ ਗੱਲ ਮੇਲੀ।

“ਬੇਸ਼ੱਕ, ਬੇਸ਼ੱਕ।” ਅਬਦਾਲੀ ਨੇ ਉਦਾਰ ਭਾਵ ਨਾਲ ਮੁਸਕਰਾ ਕੇ ਸਮਰਥਨ ਕੀਤਾ ਤੇ ਸਿਰ ਹਿਲਾਇਆ। “ਪਰ ਹੁਣ ਅਸੀਂ ਜਵਾਬ ਪੈਦਾ ਕਰਨਾ ਏਂ ਤੇ ਸਿੱਖਾਂ ਨੂੰ ਦੱਸ ਦੇਣਾ ਏਂ ਕਿ ਹੁਣ ਉਹਨਾਂ ਦਾ ਵਾਸਤਾ ਮੁਗਲਾਂ ਨਾਲ ਨਹੀਂ, ਦੁਰਾਨੀ ਨਾਲ ਏ। ਮੈਂ ਜਦ ਤਕ ਜਵਾਬ ਪੈਦਾ ਨਹੀਂ ਕਰ ਲੈਂਦਾ ਤੇ ਇਹਨਾਂ ਜ਼ਹਿਰੀਲੇ ਸੱਪਾਂ ਦਾ ਸਿਰ ਨਹੀ ਫੇਹ ਦੇਂਦਾ, ਇੱਥੋਂ ਵਾਪਸ ਨਹੀਂ ਜਾਵਾਂਗਾ।” ਉਸਨੇ ਤਲਵਾਰ ਦੀ ਮੁੱਠ ਉੱਤੇ ਹੱਥ ਰੱਖਿਆ ਜਿਵੇਂ ਇਰਾਦੇ ਨੂੰ ਅਮਲ ਵਿਚ ਲਿਆਉਣ

ਦੀ ਸੌਂ ਖਾ ਰਿਹਾ ਹੋਏ।

ਵਜ਼ੀਰ ਵਲੀ ਖ਼ਾਂ ਕੁਝ ਚਿਰ ਚੁੱਪ ਬੈਠਾ ਆਪਣੇ ਬਾਦਸ਼ਾਹ ਦੇ ਮੂੰਹ ਵੱਲ ਦੇਖਦਾ ਰਿਹਾ ਤੇ ਫੇਰ ਹੌਲੀ ਜਿਹੀ ਬੋਲਿਆ, "ਪਰ ਉਧਰ ਬਾਲਾ ਹਿਸਾਰ ਵਿਚ ਵੀ ਤੁਹਾਡਾ ਮੌਜੂਦ ਰਹਿਣਾ ਲਾਜ਼ਮੀਂ ਹੈ। ਤੁਹਾਡੀ ਗੈਰ ਮੌਜੂਦਗੀ ਵਿਚ ਕੌਣ ਜਾਣੇ ਉੱਥੇ ਕੀ ਹੋ ਜਾਏ।"

"ਕੋਈ ਫ਼ਿਕਰ ਨਹੀਂ। ਤੁਸੀਂ ਖ਼ਬਰਾਂ ਦਾ ਸਿਲਸਿਲਾ ਮਜ਼ਬੂਤ ਤੇ ਦਰੁਸਤ ਬਣਾਈ ਰੱਖੋ। ਉਧਰ ਜੋ ਹੋਏਗਾ ਦੇਖ ਲਵਾਂਗੇ। ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਸਾਡੇ ਹੱਥ ਵਿਚ ਹੈ। ਇੱਥੋਂ ਦਿੱਲੀ ਤਕ ਇਕ ਬਹੁਤ ਵੱਡੀ ਬਿਸਾਤ ਸਾਡੇ ਸਾਹਮਣੇ ਵਿਛੀ ਹੋਈ ਏ ਤੇ ਸਾਨੂੰ ਇਸ ਉਪਰ ਆਪਣੇ ਮੋਹਰੇ ਇੰਜ ਫਿੱਟ ਕਰਨੇ ਪੈਣੇ ਨੇ ਕਿ ਸੋਨੇ ਦੇ ਆਂਡੇ ਦੇਣ ਵਾਲੀ ਇਸ ਮੁਰਗੀ ਉੱਤੇ ਸਾਡੀ ਪਕੜ ਮਜ਼ਬੂਤ ਬਣੀ ਰਹੇ...ਤੇ ਆਂਡੇ ਕਾਬੁਲ ਪਹੁੰਚਦੇ ਰਹਿਣ। ਬਾਲਾ ਹਿਸਾਰ ਦੀ ਸ਼ਾਨ ਨੂੰ ਚਾਰ ਚੰਦ ਤਦ ਈ ਲੱਗਣਗੇ, ਜਦ ਸਾਡੀ ਜਨਤਾ ਨੂੰ ਐਸ਼ੋ-ਆਰਾਮ ਦਾ ਜੀਵਨ ਮਿਲੇਗਾ, ਤੇ ਫੇਰ ਹੀ ਅਸੀਂ ਬਾਦਸ਼ਾਹ ਅਖਵਾਉਣ ਦੇ ਹੱਕਦਾਰ ਹੋਵਾਂਗੇ।"

ਵਜ਼ੀਰ ਚੁੱਪ ਰਿਹਾ ਤੇ ਅਬਦਾਲੀ ਨੇ ਬਿਸਾਤ ਉਪਰ ਮੋਹਰੇ ਬਿਠਾਉਣ ਦਾ ਕੰਮ ਵਿੱਢ ਦਿੱਤਾ। ਹਿੰਦੁਸਤਾਨ ਵਿਚ ਉਸਦੇ ਜਿੰਨੇ ਬਗਲੀ-ਬੱਚੇ ਸਨ, ਉਹਨਾਂ ਸਾਰਿਆਂ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਆਪਣੇ ਪ੍ਰਤੀਨਿੱਧ ਲਾਹੌਰ ਭੇਜਣ ਤਾਂ ਕਿ ਪ੍ਰਸ਼ਾਸਨੀ ਪ੍ਰਬੰਧ ਨੂੰ ਇਕ ਨਿਯਮਬੱਧ ਰੂਪ ਦਿੱਤਾ ਜਾਏ ਤੇ ਆਰਥਿਕ ਸਾਧਨਾ ਨੂੰ ਮੁੜ ਕੜੀ-ਬੱਧ ਕੀਤਾ ਜਾਏ। ਜੈਨ ਖ਼ਾਂ ਨੂੰ ਪਹਿਲਾਂ ਹੀ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਗਿਆ ਸੀ। ਦਿੱਲੀ ਦੇ ਨੁਮਾਇੰਦੇ ਨਜੀਬੂਦੌਲਾ ਤੇ ਯਾਕੂਬ ਅਲੀ ਖ਼ਾਂ ਨੂੰ ਜਿਹੜੇ ਉਸਦੇ ਨਾਲ ਆਏ ਸਨ, ਉਹਨਾਂ ਨਾਲ ਗੱਲਬਾਤ ਕਰਕੇ ਆਲਮਗੀਰ ਦੂਜੇ ਨੂੰ ਬਾਦਸ਼ਾਹ ਦੀ ਸਨਦ ਦੇ ਦਿੱਤੀ ਗਈ ਤੇ ਸ਼ੁਜਾਊਦੌਲਾ ਨੂੰ ਵਜ਼ੀਰ ਨਿਯੁਕਤ ਕਰ ਦਿੱਤਾ ਗਿਆ। ਤੈਅ ਹੋਇਆ ਕਿ ਦਿੱਲੀ ਕਾਬੁਲ ਨੂੰ

ਚਾਲ੍ਹੀ ਲੱਖ ਰੁਪਏ ਸਾਲਾਨਾ ਰਾਜਸਵ ਦਿਆ ਕਰੇਗੀ। ਫੇਰ ਪੰਜਾਬ ਦੇ ਸਾਰੇ ਰਾਜਿਆਂ, ਨਵਾਬਾਂ ਤੇ ਜਾਗੀਰਦਾਰਾਂ ਨੂੰ ਲਾਹੌਰ ਬੁਲਾਇਆ ਗਿਆ ਤੇ ਉਹਨਾਂ ਨਾਲ ਸਲਾਹ ਮਸ਼ਵਰਾ ਕਰਕੇ ਸਿੱਖਾਂ ਨੂੰ ਕੁਚਲ ਦੇਣ ਦੀ ਯੋਜਨਾ ਤਿਆਰ ਕੀਤੀ ਗਈ।

"ਹਜ਼ੂਰ ਮੇਰੀ ਇਕ ਰਾਏ ਹੈ।" ਯੋਜਨਾ ਬਣ ਜਾਣ ਪਿੱਛੋਂ ਵਜ਼ੀਰ ਵਲੀ ਖ਼ਾਂ ਨੇ ਕਿਹਾ।

"ਕੀ ?"

"ਕਿ ਮਰਾਠਿਆਂ ਵੱਲ ਦੀ ਦੋਸਤੀ ਦਾ ਹੱਥ ਵਧਾਇਆ ਜਾਏ, ਵਰਨਾ ਉਹ ਸਿੱਖਾਂ ਦੀ ਮਦਦ ਕਰ ਸਕਦੇ ਨੇ।"

"ਦਰੁਸਤ ਫਰਮਾਇਆ।" ਦੁਰਾਨੀ ਨੇ, ਜਿਹੜਾ ਇਕ ਕੁਸ਼ਲ ਕੁਟਨੀਤਕ ਸੀ ਤੇ ਦੁਸ਼ਮਣ ਨੂੰ ਵੀ ਦੋਸਤ ਬਣਾਉਣਾ ਜਾਣਦਾ ਸੀ, ਵਜ਼ੀਰ ਦਾ ਸਮਰਥਨ ਕੀਤਾ।

ਬਾਦਸ਼ਾਹ ਨੇ ਆਪਣੇ ਵਜ਼ੀਰ ਦੀ ਸਲਾਹ ਨਾਲ ਖਿਲਅਤ, ਹੀਰੇ-ਜਵਾਹਰ, ਕੁਝ ਘੋੜੇ ਤੇ ਇਕ ਹਾਥੀ ਦੇ ਕੇ ਪੇਸ਼ਵਾ ਕੋਲ ਆਪਣਾ ਦੂਤ ਭੇਜ ਦਿੱਤਾ ਤੇ ਉਸਦੇ ਹੱਥ ਵਿਚ ਪਰਵਾਨਾ ਵੀ ਭੇਜਿਆ, ਜਿਸ ਉਪਰ ਕੇਸਰ ਨਾਲ ਪੰਜੇ ਦਾ ਨਿਸ਼ਾਨ ਲਾ ਕੇ ਮਰਾਠਿਆਂ ਦੀ ਰਾਜਸੱਤਾ ਨੂੰ ਪ੍ਰਵਾਨ ਕੀਤਾ ਗਿਆ ਸੀ। ਸਿੱਟਾ ਇਹ ਕਿ ਦੋਸਤਾਨਾਂ ਸੰਬੰਧ ਕਾਇਮ ਹੋ ਗਏ ਤੇ ਮਰਾਠਿਆਂ ਦਾ ਰਾਜਦੂਤ ਲਾਹੌਰ ਵਿਚ ਰਹਿਣ ਲੱਗ ਪਿਆ।

ਅਬਦਾਲੀ ਦੇ ਲਾਹੌਰ ਪਹੁੰਚਣ ਤੋਂ ਸਵਾ ਮਹੀਨਾ ਬਾਅਦ 10 ਅਪਰੈਲ 1761 ਦੀ ਵਿਸਾਖੀ ਆਈ। ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਜੋੜ ਮੇਲਾ ਭਰਦਾ ਹੁੰਦਾ ਸੀ। ਅਹਿਮਦ ਸ਼ਾਹ ਮੇਲੇ ਤੋਂ ਇਕ ਦਿਨ ਪਹਿਲਾਂ ਹੀ ਬਹੁਤ ਵੱਡੀ ਫੌਜ ਲੈ ਕੇ ਉੱਥੇ ਜਾ ਪਹੁੰਚਿਆ। ਉਸਨੇ ਹਰਿਮੰਦਰ ਤੇ ਉਸ ਦੇ ਆਸੇ ਪਾਸੇ ਬਣੇ ਮਕਾਨਾ

ਨੂੰ ਬਾਰੂਦ ਨਾਲ ਉਡਾ ਦਿੱਤਾ। ਹਰਿਮੰਦਰ ਤੇ ਮਕਾਨਾ ਦੇ ਮਲਬੇ ਨਾਲ ਸਰੋਵਰ ਪੂਰ ਕਰਵਾ ਕੇ ਉਸ ਉਪਰ ਹਲ ਚਲਵਾ ਦਿੱਤਾ।

ਆਪਣਾ ਇਹ ਕਰਿਸ਼ਮਾਂ ਦੇਖ ਕੇ ਅਬਦਾਲੀ ਨੇ ਸੁਖ ਦਾ ਸਾਹ ਲਿਆ ਤੇ ਵਲੀ ਖ਼ਾਂ ਵੱਲ ਦੇਖਦਿਆਂ ਹੋਇਆਂ ਸਥਿਰ ਆਵਾਜ਼ ਵਿਚ ਕਿਹਾ, "ਮੈਂ ਸਿੱਖਾਂ ਦੇ ਈਮਾਨ ਨੂੰ ਮਿੱਟੀ ਵਿਚ ਮਿਲਾ ਦਿੱਤਾ ਏ—ਹੁਣ ਇਹ ਮੰਦਰ ਤੇ ਇਹ ਤਲਾਅ ਮੇਰੀ ਜ਼ਿੰਦਗੀ ਵਿਚ ਦੁਬਾਰਾ ਨਹੀਂ ਬਣ ਸਕਣਗੇ।"

ਕੁਪ ਦੀ ਲੜਾਈ ਵਿਚੋਂ ਜਿਹੜੇ ਸਿੱਖ ਬਚ ਨਿਕਲੇ ਸਨ, ਉਹ ਮਾਲਵੇ ਵਿਚ ਬਠਿੰਡਾ, ਕੋਟਕਪੂਰਾ ਤੇ ਫਰੀਦਕੋਟ ਵੱਲ ਚਲੇ ਗਏ ਸਨ। ਉਹਨਾਂ ਵਿਚ ਕੋਈ ਵੀ ਅਜਿਹਾ ਨਹੀਂ ਸੀ ਜਿਹੜਾ ਜਖ਼ਮੀ ਨਾ ਹੋਏ। ਉਹ ਟੋਲਿਆਂ ਵਿਚ ਵੰਡ ਕੇ ਆਪੋ ਆਪਣੇ ਫੱਟਾਂ ਦੀ ਦੁਆ-ਦਾਰੂ ਕਰ ਰਹੇ ਸਨ। ਜਦੋਂ ਉਹਨਾਂ ਨੂੰ ਹਰਿਮੰਦਰ ਸਾਹਿਬ ਤੇ ਸਰੋਵਰ ਦੀ ਬੇਅਦਬੀ ਦਾ ਸਮਾਚਾਰ ਮਿਲਿਆਂ ਤਾਂ ਉਹਨਾਂ ਦਾ ਖ਼ੂਨ ਉਬਾਲੇ ਖਾਣ ਲੱਗ ਪਿਆ। ਉਹ ਤਲਵਾਰਾਂ ਦੀ ਛਾਂ ਵਿਚ ਪਲੇ ਲੋਕ ਸਨ ਤੇ ਪਿੱਛਲੇ ਪੰਜਾਹ ਵਰ੍ਹਿਆਂ ਵਿਚ ਅਜਿਹੇ ਕਈ ਕਤਲੇਆਮ ਦੇਖ ਚੁੱਕੇ ਸਨ। ਉਹਨਾਂ ਨੂੰ ਆਪਣੇ ਪ੍ਰਾਣਾ ਦੀ ਪ੍ਰਵਾਹ ਨਹੀਂ ਸੀ; ਉਹ ਆਪਣੇ ਧਰਮ ਸਥਾਨ ਦੀ ਬੇ-ਇੱਜਤੀ ਬਰਦਾਸ਼ਤ ਨਹੀਂ ਕਰ ਸਕੇ। ਇਹ ਸਮਾਚਾਰ ਸੁਣਦਿਆਂ ਹੀ ਮੁਕਤਸਰ ਵਿਚ ਇੱਕਠੇ ਹੋਏ। ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਦੀਵਾਨ ਸਜਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਖਾਲਸਾ ਨੂੰ ਸੰਬੋਧਤ ਕਰਦਿਆਂ ਹੋਇਆਂ ਕਿਹਾ, "ਹਰਿਮੰਦਰ ਤੇ ਸਰੋਵਰ ਦੀ ਬੇਅਦਬੀ ਕਰਨ ਵਾਲੇ ਅਹਿਮਦ ਸ਼ਾਹ ਦੁਰਾਨੀ ਨੂੰ ਅਸੀਂ ਦੱਸ ਦੇਣਾ ਏਂ ਕਿ ਜਿਸ ਨੂੰ ਉਹ ਆਪਣੀ ਜਿੱਤ ਸਮਝਦਾ ਏ, ਉਹ ਖਾਲਸੇ ਦੀ ਹਾਰ ਨਹੀਂ। ਖੂੰਖਾਰ ਦੁਸ਼ਮਣ ਦੇ ਅਚਾਨਕ ਹਮਲੇ ਤੇ ਤੋਪਾਂ ਦੇ ਮੂੰਹੋਂ ਬਚ ਕੇ ਨਿਕਲ ਜਾਣਾ ਖਾਲਸੇ ਦੀ ਹਾਰ ਨਹੀਂ, ਜਿੱਤ ਹੈ। ਦੁਸ਼ਮਣ ਤਾਦਾਦ ਵਿਚ ਵੀ ਜ਼ਿਆਦਾ ਸਨ ਤੇ ਉਹਨਾਂ ਕੋਲ ਹਥਿਆਰ ਵੀ ਸਾਥੋਂ ਕਿਤੇ ਵਧੀਆ ਸਨ। ਇਸ ਦੇ ਬਾਵਜੂਦ ਅਸੀਂ ਲੜੇ,

ਜੀ ਤੋੜ ਕੇ ਲੜੇ ਤੇ ਦੁਸ਼ਮਣ ਦੇ ਛੱਕੇ ਛੁਡਾਅ ਦਿੱਤੇ। ਅਸੀਂ ਸਿਰਫ ਲੜਨਾ ਹੀ ਨਹੀਂ ਸੀ ਆਪਣੀ ਵਹੀਰ ਦੀ ਹਿਫ਼ਾਜਤ ਵੀ ਕਰਨੀ ਸੀ। ਜੇ ਵਹੀਰ ਨਾਲ ਨਾ ਹੁੰਦੀ ਤਾਂ ਖਾਲਸਾ ਉਹ ਹੱਥ ਦਿਖਾਉਂਦਾ ਕਿ ਦੁਰਾਨੀ ਮੈਦਾਨ ਛੱਡ ਕੇ ਭੱਜ ਖੜ੍ਹਾ ਹੁੰਦਾ। ਖਾਲਸੇ ਦੇ ਹੱਥ ਉਹ ਹੁਣ ਵੀ ਦੇਖੇਗਾ। ਅਸੀਂ ਉਸ ਤੋਂ ਕੁਪ ਦੇ ਕਤਲੇਆਮ ਤੇ ਦਰਬਾਰ ਸਾਹਿਬ ਦੀ ਬੇਹੁਰਮਤੀ ਦਾ ਬਦਲਾ ਲਵਾਂਗੇ...ਤੇ ਅਜਿਹਾ ਬਦਲਾ ਲਵਾਂਗੇ ਕਿ ਉਹ ਕਾਬੁਲ ਵੱਲ ਦੌੜਿਆ ਜਾਂਦਾ ਨਜ਼ਰ ਆਏਗਾ।"

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!" ਦੇ ਜਿਹੜੇ ਜੈਕਾਰੇ ਲੱਗੇ ਉਹਨਾਂ ਵਿਚ ਰੋਸਾ, ਗੁੱਸਾ ਤੇ ਨਫ਼ਰਤ ਏਨੀ ਸੀ, ਜਿੰਨਾਂ ਹੌਂਸਲਾ ਤੇ ਮਾਣ। ਕੁਪ ਦਾ ਘੱਲੂਘਾਰਾ ਅਜਿਹੀ ਕੁਠਾਲੀ ਸੀ, ਜਿਸ ਵਿਚੋਂ ਖਾਲਸਾ ਕੁੰਦਨ ਬਣ ਕੇ ਨਿਕਲਿਆ ਸੀ। ਇਹੀ ਗੱਲ ਇਕ ਨਿਹੰਗ ਸਿੰਘ ਆਪਣੀ ਭਾਸ਼ਾ ਤੇ ਉੱਚੇ ਸੁਰਾਂ ਵਿਚ ਇੰਜ ਕਹਿ ਰਿਹਾ ਸੀ—

'ਤੱਤ ਖਾਲਸੇ ਸੋ ਰਹਯੋ ਗਯੋ ਜੋ ਖੋਟ ਗੰਵਾਈ।'

(ਖਾਲਸ ਖਾਲਸਾ ਜਿਵੇਂ ਦੀ ਤਿਵੇਂ ਮੌਜੂਦ ਹੈ, ਮੋਹ ਮਾਇਆ ਦੀ ਜਿਹੜੀ ਨਸ਼ਵਰ ਮੂਰਤੀ ਸੀ, ਉਹ ਅਲੋਪ ਹੋ ਗਈ।)

ਘੱਲੂਘਾਰੇ ਦੇ ਤਿੰਨ ਮਹੀਨੇ ਬਾਅਦ ਹੀ ਖਾਲਸੇ ਦੀਆਂ ਗਤੀ ਵਿਧੀਆਂ ਮੁੜ ਚਾਲੂ ਹੋ ਗਈਆਂ। ਗੁਰਮਤਾ ਪਾਸ ਕੀਤਾ ਗਿਆ ਕਿ ਪਹਿਲਾਂ ਸਰਹਿੰਦ ਦੇ ਫ਼ੌਜਦਾਰ ਜੈਨ ਖ਼ਾਂ ਨਾਲ ਨਿਬੜਿਆ ਜਾਏ, ਕਿਉਂਕਿ ਘੱਲੂਘਾਰੇ ਵਿਚ ਉਸਨੇ ਸਿੱਖਾਂ ਨੂੰ ਬੜਾ ਨੁਕਸਾਨ ਪਹੁੰਚਾਇਆ ਸੀ ਤੇ ਉਹ ਨੇੜੇ ਵੀ ਸੀ। ਜਖ਼ਮ ਅਜੇ ਭਰੇ ਨਹੀਂ ਸਨ ਤੇ ਹੋਰ ਅਹਿਮਦ ਸ਼ਾਹ ਲਾਹੌਰ ਵਿਚ ਮੌਜੂਦ ਸੀ। ਇਸ ਦੇ ਬਾਵਜੂਦ ਸਿੱਖਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਮਈ 1762 ਨੂੰ ਸਰਹਿੰਦ ਉੱਤੇ ਅਚਾਨਕ ਹੱਲਾ ਬੋਲ ਦਿੱਤਾ। ਜੈਨ ਖ਼ਾਂ ਨੂੰ ਅਜਿਹੀ

ਕਰਾਰੀ ਹਾਰ ਹੋਈ ਕਿ ਉਸਨੇ ਜਾਨ ਬਚਾਉਣ ਲਈ ਪੰਜਾਹ ਹਜ਼ਾਰ ਰੁਪਏ ਦਾ ਨਜ਼ਰਾਨਾ ਦਿੱਤਾ।

ਸਖ਼ਤ ਗਰਮੀ ਤੇ ਲੂ ਕਰਕੇ ਅਬਦਾਲੀ ਲਾਹੌਰ ਤੋਂ ਕਲਾਨੂਰ ਚਲਾ ਗਿਆ ਸੀ। ਉਹ ਜੈਨ ਖ਼ਾਂ ਦੀ ਮਦਦ ਲਈ ਨਹੀਂ ਆ ਸਕਿਆ। ਜੁਲਾਈ ਤੇ ਅਗਸਤ ਵਿਚ ਬਰਸਾਤਾਂ ਕਰਕੇ ਨਦੀਆਂ ਵਿਚ ਹੜ੍ਹ ਆ ਗਿਆ। ਸਿੱਖਾਂ ਨੇ ਇਸਦਾ ਲਾਭ ਉਠਾਇਆ, ਹਰ ਜਗ੍ਹਾ ਉਥਲ-ਪੁਥਲ ਮਚਾ ਦਿੱਤੀ। ਅਬਦਾਲੀ ਦੀ ਫ਼ੌਜ ਉਹਨਾਂ ਦਾ ਪਿੱਛਾ ਕਰਨ ਵਿਚ ਅਸਮਰਥ ਸੀ। ਪੰਜਾਬ ਵਿਚ ਜਿਹੜੇ ਜ਼ਿਮੀਂਦਾਰ ਸਨ...ਅਵੱਲ ਤਾਂ ਸਿੱਖਾਂ ਨਾਲ ਮੁਕਾਬਲਾ ਕਰਨ ਦਾ ਹੌਸਲਾ ਨਹੀਂ ਸਨ ਕਰਦੇ ਤੇ ਜੇ ਕਿਤੇ ਕਰਦੇ ਵੀ ਸਨ ਤਾਂ ਆਸਾਨੀ ਨਾਲ ਹਰਾ ਦਿੱਤੇ ਜਾਂਦੇ ਸਨ। ਇਧਰ ਸਿੱਖਾਂ ਦੀਆਂ ਸਰਗਰਮੀਆਂ ਵਧ ਰਹੀਆਂ ਸਨ ਉਧਰ ਅਫ਼ਗਾਨ ਸਿਪਾਹੀਆਂ ਨੇ ਲੁੱਟ ਮਚਾਈ ਹੋਈ ਸੀ। ਅਨਾਜ ਦੇ ਭਾਅ ਕਾਫੀ ਵਧ ਗਏ ਸਨ ਤੇ ਲੋਕਾਂ ਦਾ ਜਿਊਣਾ ਬੜਾ ਦੁਭਰ ਹੋ ਗਿਆ ਸੀ।

ਦੁਰਾਨੀ ਬੜਾ ਪ੍ਰੇਸ਼ਾਨ ਹੋਇਆ। ਉਸਨੇ ਆਪਣੇ ਅਫ਼ਗਾਨ ਸਰਦਾਰਾਂ ਨੂੰ ਸਿੱਖਾਂ ਪਿੱਛੇ ਦੌੜਾਇਆ। ਉਸਦੇ ਸਰਦਾਰ ਸਿੱਖਾਂ ਨੂੰ ਹਮਲੇ ਕਰਨ ਤੋਂ ਰੋਕ ਨਹੀਂ ਸਕੇ। ਜੇ ਕਦੀ ਕੋਈ ਸਿੱਖ ਇਕੱਲਾ ਦੁਕੱਲਾ ਇਹਨਾਂ ਦੇ ਹੱਥ ਲੱਗ ਜਾਂਦਾ ਤਾਂ ਉਹ ਉਸਨੂੰ ਹਥਿਆਰ ਸੁੱਟ ਦੇਣ ਲਈ ਕਹਿੰਦੇ ਤੇ ਉਹ ਨਿੱਡਰ ਭਾਵ ਨਾਲ ਉਤਰ ਦੇਂਦਾ, “ਨਹੀਂ ਮੈਂ ਆਪਣੇ ਸ਼ਸਤਰ ਨਹੀਂ ਸੁੱਟਾਂਗਾ। ਸ਼ਸਤਰਾਂ ਸਜਿਆ ਹੋਣਾ ਹੀ ਖਾਲਸੇ ਦੀ ਪਛਾਣ ਹੈ।”

ਲਗਾਤਾਰ ਮਿਲੀਆਂ ਸਫਲਤਾਵਾਂ ਨੇ ਸਿੱਖਾਂ ਦੇ ਹੌਸਲੇ ਵਧਾ ਦਿੱਤੇ ਸਨ। ਜੱਸਾ ਸਿੰਘ ਆਹਲੂਵਾਲੀਆ ਨੇ ਸਾਰੇ ਮਿਸਲਦਾਰਾਂ ਨੂੰ ਇਕੱਠਾ ਕੀਤਾ ਤੇ ਦਲ ਖਾਲਸਾ ਦੁਬਾਰਾ ਜਲੰਧਰ ਉੱਤੇ ਟੁੱਟ ਪਿਆ। ਜਿੰਨਾਂ ਪਿੰਡਾਂ ਨੇ ਦੁਸਮਣ ਦਾ ਸਾਥ ਦਿੱਤਾ ਸੀ, ਸਿੱਖਾਂ ਨੇ ਸਿਰਫ ਉਹਨਾਂ ਨੂੰ ਲੁੱਟਿਆ। ਇਸ ਲੁੱਟ ਵਿਚ ਧਨ, ਘੋੜੇ, ਅਨਾਜ ਤੇ ਬਹੁਤ ਸਾਰਾ ਹੋਰ ਸਾਮਾਨ ਹੱਥ ਲੱਗਿਆ। ਉਹ ਫੇਰ ਮਾਲਵੇ ਦੇ

ਟਿੱਬਿਆਂ ਵੱਲ ਨਿਕਲ ਗਏ।

ਦੀਵਾਲੀ ਨੇੜੇ ਆ ਰਹੀ ਸੀ। ਖਾਲਸੇ ਨੇ ਅੰਮ੍ਰਿਤਸਰ ਜਾ ਕੇ ਮਨਾਉਣ ਦਾ ਫੈਸਲਾ ਕੀਤਾ ਤੇ ਤਿਆਰੀਆਂ ਸ਼ੁਰੂ ਕਰ ਦਿੱਤੀ। ਉਹ ਸਤਲੁਜ ਪਾਰ ਕਰਕੇ ਕਰਨਾਲ ਤੇ ਪਾਨੀਪਤ ਦੇ ਨੇੜੇ ਜਾ ਪਹੁੰਚੇ। **25** ਅਗਸਤ ਤੋਂ **24** ਸਤੰਬਰ ਤਕ ਉੱਥੇ ਹੀ ਰਹੇ। **17** ਅਕਤੂਬਰ ਦੀ ਦੀਵਾਲੀ ਸੀ। ਹਰ ਪਾਸੇ ਸੁਨੇਹੇ ਭੇਜ ਦਿੱਤੇ ਗਏ ਕਿ ਉਸ ਦਿਨ ਸਿੱਖ ਵੱਧ ਤੋਂ ਵੱਧ ਤਾਦਾਦ ਵਿਚ ਅੰਮ੍ਰਿਤਸਰ ਪਹੁੰਚਣ ਤੇ ਸਿਰਾਂ ਉੱਤੇ ਕਫ਼ਨ ਬੰਨ੍ਹ ਕੇ ਆਉਣ, ਕਿਉਂਕਿ ਦੁਰਾਨੀ ਨਾਲ ਦੋ ਦੋ ਹੱਥ ਹੋਣਗੇ।

**24** ਸਤੰਬਰ ਨੂੰ **60** ਹਜ਼ਾਰ ਸਿੱਖ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਉਹਨਾਂ ਵਿਚੋਂ ਵਧੇਰਿਆਂ ਦੇ ਸਰੀਰ ਉੱਤੇ ਕਈ ਕਈ ਜਖਮਾਂ ਦੇ ਨਿਸ਼ਾਨ ਸਨ। ਉਹ ਦੀਵਾਲੀ ਤੋਂ ਇਕ ਦਿਨ ਪਹਿਲਾਂ ਅੰਮ੍ਰਿਤਸਰ ਜਾ ਪਹੁੰਚੇ। ਹਰਿਮੰਦਰ ਦਾ ਮਲਵਾ ਤੇ ਸਰੋਵਰ ਦੀ ਬੇਅਦਬੀ ਦੇਖ ਕੇ ਉਹਨਾਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਮਨੁੱਖ ਸਥੂਲਤਾ ਤੇ ਸੂਖਮਤਾ ਦਾ, ਨੀਚਤਾ ਤੇ ਸ਼ਰੇਸਟਾ, ਬੁਜ਼ਦਿਲੀ ਤੇ ਸਾਹਸ ਦਾ ਮਿਸ਼ਰਣ ਹੈ। ਸਿੱਖਾਂ ਨੇ ਕੂਪ ਦੀ ਹਾਰ ਦਾ ਬਦਲਾ ਲੈਣਾ ਸੀ ਤੇ ਪੰਥ ਦੀ ਆਣ ਤੇ ਸ਼ਾਨ ਦੀ ਖਾਤਰ ਜਾਨ ਉਪਰ ਖੇਡ ਜਾਣਾ ਸੀ। ਦੀਵਾਲੀ ਵਾਲੇ ਦਿਨ ਪੂਰਨ ਸੂਰਜ ਗ੍ਰਹਿਣ ਵੀ ਲੱਗਣਾ ਸੀ। ਦੁਸ਼ਮਣ ਤੋਂ ਬਦਲਾ ਲੈਣ ਤੇ ਪੰਥ ਦੇ ਸਨਮਾਣ ਲਈ ਜਾਨ 'ਤੇ ਖੇਡ ਜਾਣ ਲਈ ਇਹ ਇਕ ਸ਼ੁਭ ਮੌਕਾ ਸੀ। ਖਾਲਸੇ ਨੇ ਸਹੂੰ ਚੁੱਕੀ¸"'ਹੁਣ ਅਬਦਾਲੀ ਨੇ ਹਮਲਾ ਕੀਤਾ ਤਾਂ ਅਸੀਂ ਉਸਦੀ ਫੌਜ ਨੂੰ ਵੱਢ ਦਿਆਂਗੇ। ਇਕ ਅਫ਼ਗਾਨ ਨੂੰ ਜਿਉਂਦਾ ਨਹੀਂ ਰਹਿਣ ਦੇਣਾ।"

ਅਹਿਮਦ ਸ਼ਾਹ ਅਬਦਾਲੀ ਇਸ ਸਮੇਂ ਲਾਹੌਰ ਵਿਚ ਸੀ। ਉਹ ਇਹ ਸਮਾਚਾਰ ਸੁਣ ਕੇ ਹੈਰਾਨ ਰਹਿ ਗਿਆ। ਉਸਨੂੰ ਉੱਕਾ ਹੀ ਉਮੀਦ ਨਹੀਂ ਸੀ ਕਿ ਕੂਪ ਦੀ ਲੜਾਈ ਵਿਚ ਸਿੱਖਾਂ ਨੂੰ ਜਿਹੜੀ ਮਾਰ ਪਈ ਹੈ, ਉਸ ਪਿੱਛੋਂ ਉਹ ਏਨੀ ਛੇਤੀ

ਸੰਭਲ ਜਾਣਗੇ ਤੇ ਏਡੀ ਵੱਡੀ ਗਿਣਤੀ ਵਿਚ ਮੁਕਾਬਲੇ ਲਈ ਆ ਡਟਣਗੇ। ਉਸ ਕੋਲ ਇਸ ਸਮੇਂ ਜਿੰਨੀ ਫ਼ੌਜ ਸੀ, ਉਹ ਬੜੀ ਥੋੜ੍ਹੀ ਸੀ। ਕਾਰਨ ਇਹ ਕਿ ਕੂਪ ਦੀ ਲੜਾਈ ਵਿਚ ਉਸਦੇ ਵੀ ਬਹੁਤ ਸਾਰੇ ਸਿਪਾਹੀ ਮਾਰੇ ਗਏ ਸਨ। ਜਿਹੜੇ ਬਚੇ ਸਨ, ਉਹਨਾਂ ਵਿਚੋਂ ਕੁਝ ਤਾਂ ਪਿੰਡਾਂ ਵਿਚ ਘੁੰਮ ਰਹੇ ਸਨ ਤੇ ਫ਼ੌਜ ਦਾ ਵੱਡਾ ਹਿੱਸਾ ਕਸ਼ਮੀਰ ਦੀ ਮੁਹਿੰਮ ਤੇ ਚਲਾ ਗਿਆ ਸੀ। ਸਮਾਂ ਏਨਾ ਘੱਟ ਸੀ ਕਿ ਮੁਲਤਾਨ, ਜਲੰਧਰ ਤੇ ਸਰਹਿੰਦ ਦੇ ਫ਼ੌਜਦਾਰਾਂ ਨੂੰ ਵੀ ਮਦਦ ਲਈ ਨਹੀਂ ਸੀ ਬੁਲਾਇਆ ਜਾ ਸਕਦਾ। ਅਬਦਾਲੀ ਨੇ ਵਜ਼ੀਰ ਨੂੰ ਸਲਾਹ ਮਸ਼ਵਰੇ ਲਈ ਬੁਲਾਇਆ।

“ਇਹ ਸਿੱਖ ਤਾਂ ਬੜੇ ਸਖ਼ਤ ਜਾਨ ਨੇ ਬਈ...ਏਨੀ ਛੇਤੀ ਫੇਰ ਆ ਧਮਕੇ!” ਅਬਦਾਲੀ ਨੇ ਗੱਲ ਸ਼ੁਰੂ ਕੀਤੀ।

“ਜੀ ਇਸ ਵਿਚ ਕੋਈ ਸ਼ੱਕ ਨਹੀਂ...ਉਹ ਬੜੇ ਸਖ਼ਤ ਜਾਨ ਨੇ।” ਵਜ਼ੀਰ ਨੇ ਉਤਰ ਦਿੱਤਾ।

“ਫੇਰ ਹੁਣ ਕੀ ਕੀਤਾ ਜਾਏ? ਆਪਣੀ ਜੋ ਹਾਲਤ ਏ, ਉਹ ਤਾਂ ਤੁਸੀਂ ਦੇਖ ਈ ਰਹੇ ਓ।”

“ਕੁਝ ਵੀ ਹੋਏ, ਲੜੇ ਬਗ਼ੈਰ ਕੋਈ ਚਾਰਾ ਨਹੀਂ। ਜੇ ਅਸੀਂ ਨਹੀਂ ਲੜਾਂਗੇ ਤਾਂ ਉਹਨਾਂ ਦਾ ਹੌਸਲਾ ਹੋਰ ਵੀ ਵਧੇਗਾ ਤੇ ਉਹ ਲਾਹੌਰ ਉੱਤੇ ਚੜ੍ਹ ਆਉਣਗੇ।”

“ਮੈਂ ਸੋਚ ਰਿਹਾਂ ਕਿ ਮੌਕਾ ਸੰਭਾਲਨ ਲਈ ਆਰਜੀ ਤੌਰ 'ਤੇ ਸਮਝੌਤਾ ਕਰ ਲਿਆ ਜਾਏ।”

“ਸਮਝੌਤਾ ਵੀ ਤਾਂ ਹੀ ਹੋਏਗਾ, ਜੇ ਉਹ ਰਜ਼ਾਮੰਦ ਹੋਣਗੇ। ਇਕ ਹੱਥ ਨਾਲ ਤਾਂ ਤਾੜੀ ਨਹੀਂ ਵੱਜਣੀ।”

“ਯਕੀਨਨ ਤਾੜੀ ਦੋਹਾਂ ਹੱਥਾਂ ਨਾਲ ਹੀ ਵੱਜੇਗੀ ਤੇ ਵੱਜੇਗੀ ਵੀ ਜ਼ਰੂਰ। ਅਸੀਂ

ਉਹਨਾਂ ਸਾਹਵੇਂ ਇਹ ਤਜ਼ਵੀਜ ਰੱਖਾਂਗੇ ਕਿ ਜੇ ਉਹ ਸਾਡੀ ਰਿਆਇਆ ਬਨਣਾ ਮੰਜ਼ੂਰ ਕਰ ਲੈਣ ਤੇ ਸਾਨੂੰ ਖ਼ਿਰਾਜਤ ਭੇਜਦੇ ਰਹਿਣ ਤਾਂ ਅਸੀਂ ਪੰਜਾਬ ਉਹਨਾਂ ਦੇ ਹਵਾਲੇ ਕਰ ਦੇਣ ਲਈ ਤਿਆਰ ਹਾਂ। ਇਸ ਤਰ੍ਹਾਂ ਉਹਨਾਂ ਦੀ ਗੱਲ ਵੀ ਰਹਿ ਜਾਏਗੀ ਤੇ ਸਾਡੀ ਵੀ। ਇਹ ਸੁਲਾਹ ਆਰਜੀ ਨਹੀਂ, ਹਮੇਸ਼ਾ ਲਈ ਪੱਕੀ ਵੀ ਹੋ ਸਕਦੀ ਹੈ।" ਅਬਦਾਲੀ ਨੇ ਇਕ ਇਕ ਸ਼ਬਦ ਉੱਤੇ ਜ਼ੋਰ ਦਿੱਤਾ ਤੇ ਵਜ਼ੀਰ ਦੀ ਰਾਏ ਜਾਨਣ ਲਈ ਨਜ਼ਰਾਂ ਉਸਦੇ ਚਿਹਰੇ ਉੱਤੇ ਗੱਡ ਦਿੱਤੀਆਂ।

ਕੁਝ ਪਲ ਮੌਨ ਵਿਚ ਬੀਤੇ। ਵਲੀ ਖ਼ਾਂ ਗੰਭੀਰ ਭਾਵ ਬੈਠਾ ਕੁਝ ਸੋਚਦਾ ਰਿਹਾ। ਅਖ਼ੀਰ ਉਸਨੇ ਹੌਲੀ ਜਿਹੀ ਸਿਰ ਹਿਲਾ ਕੇ ਕਿਹਾ—

"ਕੋਸ਼ਿਸ਼ ਕਰ ਲਓ...ਪਰ ਉਮੀਦ ਘੱਟ ਹੀ ਹੈ।" ਅਨੁਭਵੀ ਵਜ਼ੀਰ ਸਾਫ ਸਾਫ ਗੱਲ ਕਹਿ ਦੇਣ ਦਾ ਆਦੀ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਸੁਲਾਹ ਦੀ ਗੱਲ ਕਰਨ ਲਈ ਆਪਣਾ ਏਲਚੀ ਅੰਮ੍ਰਿਤਸਰ ਭੇਜਿਆ। ਪਰ ਸਿੱਖ ਕਿਸੇ ਵੀ ਕੀਮਤ 'ਤੇ ਸੁਲਾਹ ਕਰਨ ਲਈ ਤਿਆਰ ਨਹੀਂ ਸਨ। ਹਰਿਮੰਦਰ ਤੇ ਸਰੋਵਰ ਦੀ ਬੇਅਦਬੀ ਨੇ ਉਹਨਾਂ ਦੇ ਕਰੋਧ ਦੀ ਅੱਗ ਨੂੰ ਪ੍ਰਚੰਡ ਕਰ ਦਿੱਤਾ ਸੀ ਤੇ ਉਹ ਅਬਦਾਲੀ ਤੋਂ ਬਦਲਾ ਲੈਣ ਦੀ ਧਾਰੀ ਬੈਠੇ ਸਨ। ਕੁਝ ਸਿੱਖਾਂ ਨੇ ਏਲਚੀ ਤੇ ਉਸਦੇ ਸਾਥੀਆਂ ਦਾ ਮਾਲ ਸਾਮਾਨ ਖੋਹ ਕੇ ਉਹਨਾਂ ਨੂੰ ਉੱਥੋਂ ਭਜਾ ਦਿੱਤਾ।

ਅਬਦਾਲੀ ਲਈ ਹੁਣ ਚੁੱਪ ਬਹਿਣਾ ਮੁਸ਼ਕਲ ਸੀ। ਉਸਨੇ ਤੁਰੰਮ ਅੰਮ੍ਰਿਤਸਰ ਉੱਤੇ ਚੜ੍ਹਾਈ ਕਰ ਦਿੱਤੀ ਤੇ ਦੀਵਾਲੀ ਤੋਂ ਇਕ ਦਿਨ ਪਹਿਲਾਂ 16 ਅਕਤੂਬਰ ਦੀ ਸ਼ਾਮ ਨੂੰ ਸ਼ਹਿਰ ਦੇ ਨੇੜੇ ਡੇਰੇ ਆ ਲਾਏ। ਅਗਲੇ ਦਿਨ ਪਹੁ-ਫੁਟਾਲੇ ਦੇ ਨਾਲ ਹੀ ਸਿੱਖਾਂ ਨੇ ਦੁਸ਼ਮਣ ਉੱਤੇ ਹਮਲਾ ਕਰ ਦਿੱਤਾ। ਅਗੋਂ ਦੁਰਾਨੀ ਵੀ ਲੜਨ ਆਏ ਸਨ, ਘਮਾਸਾਨ ਮੱਚ ਗਿਆ। ਸਿੱਖਾਂ ਨੂੰ ਦੂਹਰਾ ਗੁੱਸਾ ਸੀ। ਇਕ ਘਲੂਘਾਰੇ ਦਾ ਤੇ ਦੂਜਾ ਹਰਿਮੰਦਰ ਦੀ ਬੇਅਦਬੀ ਦਾ। ਲੜਾਈ ਉਹਨਾਂ ਖ਼ੁਦ

ਸਹੇੜੀ ਸੀ ਤੇ ਉਹ ਸ਼ਹੀਦੀਆਂ ਦੇਣ ਲਈ ਸਿਰ ਹੱਥੇਲੀਆਂ ਉੱਤੇ ਰੱਖ ਕੇ ਆਏ ਸਨ। ਅਜਿਹੇ ਜਾਨ 'ਤੇ ਖੇਡ ਜਾਣ ਵਾਲੇ ਸੂਰਿਆਂ ਨਾਲ ਦੁਰਾਨੀਆਂ ਦਾ ਪਹਿਲੀ ਵੇਰ ਟਾਕਰਾ ਹੋਇਆ ਸੀ। ਉਹਨਾਂ ਦੀ ਭੂਤਨੀ ਭੁੱਲ ਗਈ। ਲੜਾਈ ਚੱਲ ਹੀ ਰਹੀ ਸੀ ਕਿ ਪੂਰਣ ਸੂਰਜ ਗ੍ਰਹਿਣ ਲੱਗ ਗਿਆ ਤੇ ਏਨਾ ਹਨੇਰਾ ਹੋ ਗਿਆ ਕਿ ਦਿਨੇ ਤਾਰੇ ਨਿੱਕਲ ਆਏ। ਅੱਗੇ ਰਾਤ ਵੀ ਮੱਸਿਆ ਦੀ ਸੀ। ਹਨੇਰਾ ਹੋਰ ਗੂੜ੍ਹਾ ਹੋ ਗਿਆ ਤੇ ਲੜਾਈ ਬੰਦ ਹੋ ਗਈ। ਦੋਹੇਂ ਸੈਨਾਵਾਂ ਆਪੋ ਆਪਣੇ ਖ਼ੇਮਿਆਂ ਵਿਚ ਚਲੀਆਂ ਗਈਆਂ।

ਸਵੇਰ ਹੋਈ ਤਾਂ ਪਤਾ ਲੱਗਿਆ ਕਿ ਦੁਰਾਨੀ ਰਾਤ ਦੇ ਹਨੇਰੇ ਵਿਚ ਲਾਹੌਰ ਪਰਤ ਗਏ ਹਨ। ਸਿੱਖਾਂ ਨਾਲ ਦੁਬਾਰਾ ਖੁੱਲ੍ਹੀ ਟੱਕਰ ਨਹੀਂ ਹੋ ਸਕੀ।

ਇਸ ਪਿੱਛੋਂ ਅਬਦਾਲੀ ਦੋ ਮਹੀਨੇ ਲਾਹੌਰ ਵਿਚ ਰੁਕਿਆ ਤੇ ਪੰਜਾਬ ਵਿਚ ਆਪਣੀ ਸਥਿਤੀ ਠੀਕ ਕੀਤੀ। ਕਾਂਗੜੇ ਦੇ ਰਾਜੇ ਘੁਮੰਡ ਚੰਦ ਨੂੰ ਰਾਜੇ ਦਾ ਖ਼ਿਤਾਬ ਦਿੱਤਾ ਤੇ ਬਿਆਸ ਤੋਂ ਸਤਲੁਜ ਤਕ ਦੇ ਪਹਾੜੀ ਇਲਾਕੇ ਦਾ ਪ੍ਰਬੰਧ ਉਸਦੇ ਅਧੀਨ ਕਰ ਦਿੱਤਾ। ਸਆਦਤ ਯਾਰ ਖ਼ਾਂ ਨੂੰ ਜਲੰਧਰ ਦੁਆਬੇ ਦਾ ਤੇ ਮੁਰਾਦ ਖ਼ਾਂ ਨੂੰ ਬਾਰੀ ਦੁਆਬੇ ਦਾ ਹਾਕਮ ਥਾਪ ਦਿੱਤਾ। ਜਹਾਨ ਖ਼ਾਂ, ਜਿਹੜਾ ਪੇਸ਼ਾਵਰ ਦਾ ਹਾਕਮ ਸੀ, ਉਸਦੇ ਅਧਿਕਾਰ ਦੀ ਸੀਮਾ ਰਚਨਾ ਦੁਆਬੇ ਤੇ ਸਿੰਧ ਦੁਆਬੇ ਤਕ ਵਧਾ ਦਿੱਤੀ ਗਈ। ਲਾਹੌਰ ਦਾ ਹਾਕਮ ਕਾਬੁਲੀ ਮੱਲ ਨੂੰ ਤੇ ਕਸ਼ਮੀਰ ਦਾ ਨੁਰੂਦੀਨ ਵਾਮੇਜਈ ਨੂੰ ਬਣਾ ਦਿੱਤਾ ਗਿਆ।

ਉਧਰ ਅਫ਼ਗਾਨਿਸਤਾਨ ਵਿਚ ਗੜਬੜੀ ਦੀਆਂ ਖ਼ਬਰਾਂ ਆ ਰਹੀਆਂ ਸਨ। ਬਾਲਾ ਹਿਸਾਰ ਦੀ ਸੁਰੱਖਿਆ ਖ਼ਤਰੇ ਵਿਚ ਸੀ, ਇਸ ਲਈ ਉਸਦਾ ਉੱਥੇ ਪਹੁੰਚਣਾ ਜ਼ਰੂਰੀ ਹੋ ਗਿਆ ਸੀ। ਸੋ **12** ਦਸੰਬਰ **1762** ਨੂੰ ਉਹ ਲਾਹੌਰ ਤੋਂ ਕਾਬੁਲ ਵੱਲ ਹੋ ਗਿਆ।

ਜਦੋਂ ਉਹ ਰਾਵੀ ਪਾਰ ਕਰ ਰਿਹਾ ਸੀ ਤਾਂ ਸਿੱਖਾਂ ਨੇ ਉਸ ਉੱਤੇ ਏਨੇ ਨੇੜੇ ਹੋ ਹੋ ਕੇ

ਹਮਲੇ ਕੀਤੇ ਕਿ ਉਸਨੂੰ ਆਪਣੀ ਮਜ਼ਬੂਰੀ ਉੱਤੇ ਗੁੱਸਾ ਚੜ੍ਹਨ ਲੱਗ ਪਿਆ। ਪਿਸ਼ਾਵਰ ਤੋਂ ਦਿੱਲੀ ਤਕ ਪੱਕੇ ਇੰਤਜ਼ਾਮ ਕਰਨ ਦੀ ਜਿਹੜੀ ਯੋਜਨਾ ਉਸਨੇ ਬਣਾਈ ਸੀ, ਬੋਦੀ ਪੁਰਾਣੀ ਰੱਸੀ ਵਾਂਗ ਟੁੱਟਦੀ ਹੋਈ ਨਜ਼ਰ ਆਈ।

ਹੁਣ ਜਦੋਂ ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਤਾਨ ਵਾਪਸ ਚਲਾ ਗਿਆ ਸੀ, ਸਿੱਖਾਂ ਨੇ ਦੋ ਕੰਮ ਕਰਨੇ ਸਨ—ਇਕ ਸੀ ਅਬਦਾਲੀ ਨੇ ਪੇਸ਼ਾਵਰ ਤੋਂ ਦਿੱਲੀ ਤਕ ਆਪਣੀ ਬਿਸਾਤ ਉੱਤੇ ਜਿਹੜੇ ਮੋਹਰੇ ਬਿਠਾਏ ਸਨ ਉਹਨਾਂ ਨੂੰ ਕੁੱਟਣਾ, ਮਾਰਨਾ ਤੇ ਖਿਲਾਰਣਾ। ਦੂਜਾ ਕੰਮ ਸੀ ਹਰਿਮੰਦਰ ਸਾਹਬ ਦਾ ਨਿਰਮਾਣ ਤੇ ਸਰੋਵਰ ਦੀ ਖ਼ੁਦਾਈ। ਸਰਦਾਰ ਆਹਲੂਵਾਲੀਆ ਨੇ ਦਲ ਖਾਲਸਾ ਦੇ ਸਰਦਾਰਾਂ ਨੂੰ ਸੱਦਾ ਭੇਜਿਆ ਤੇ ਸਰਬਤ ਖਾਲਸਾ ਨੇ ਫੈਸਲਾ ਲਿਆ ਕਿ ਦੁਆਬੇ ਤੇ ਮਾਲਵੇ ਦੀਆਂ ਮਿਸਲਾਂ—ਆਹਲੂਵਾਲੀਆ, ਸਿੰਘ ਪੁਰੀਆ, ਡੱਲੇ ਵਾਲੀਆ, ਕਰੋੜ ਸਿੰਘੀਆ, ਨਿਸ਼ਾਨ ਵਾਲੇ ਤੇ ਸ਼ਹੀਦ, ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਅਬਦਾਲੀ ਦੇ ਮੋਹਰਿਆਂ ਨੂੰ ਉਜਾੜਨ-ਉਖਾੜਨਗੇ ਤੇ ਜਿਸ ਕਿਸੇ ਨੇ ਵੀ ਖਾਲਸੇ ਉਪਰ ਵਾਧਾ ਕੀਤਾ ਸੀ, ਉਸਦੀ ਭਾਜੀ ਮੋੜਨਗੇ ਤਾਂਕਿ ਪੰਜਾਬ ਦੀ ਧਰਤੀ ਤੋਂ ਬਾਹਰੀ ਤੇ ਅੰਦਰੂਨੀ ਦੁਸ਼ਮਣਾ ਦਾ ਸਫਾਇਆ ਕੀਤਾ ਜਾ ਸਕੇ। ਦੂਜੇ ਪਾਸੇ ਮਾਝੇ ਤੇ ਰਿਆੜ ਦੀਆਂ ਮਿਸਲਾਂ—ਰਾਮਗੜ੍ਹੀਆ, ਕਨ੍ਹਈਆ, ਸ਼ੁਕਰ ਚੱਕੀਆ, ਭੰਗੀ ਅਤੇ ਨਕਈ ਹਰੀ ਸਿੰਘ ਭੰਗੀ ਦੀ ਅਗਵਾਈ ਵਿਚ ਹਰਿਮੰਦਰ ਤੇ ਸਰੋਵਰ ਦੇ ਨਿਰਮਾਣ ਦਾ ਕੰਮ ਕਰਨਗੀਆਂ।

**10** ਅਪਰੈਲ **1763** ਦੀ ਵਿਸਾਖੀ ਸੀ। ਇਸ ਸਮੇਂ ਖਾਲਸੇ ਦਾ ਬੋਲਬਾਲਾ ਸੀ। ਰਾਜਨੀਤਕ, ਸਮਾਜਿਕ ਤੇ ਧਾਰਮਿਕ ਮਾਮਲਿਆਂ ਵਿਚ ਉਹ ਸਭ ਦੀ ਫ਼ਰਿਆਦ ਸੁਣਦਾ ਸੀ ਤੇ ਦੀਨ ਦੁਖੀਆਂ ਦੇ ਕੰਮ ਆਉਂਦਾ ਸੀ। ਇਸ ਦਿਨ ਦੀਵਾਨ ਸਜਿਆ ਹੋਇਆ ਸੀ ਤੇ ਹਰੀ ਸਿੰਘ ਭੰਗੀ ਉੱਥੇ ਬੈਠਾ ਸੀ। ਇਕ

ਬ੍ਰਾਹਮਣ ਨੇ ਆ ਕੇ ਫ਼ਰਿਆਦ ਕੀਤੀ ਕਿ ਉਸਮਾਨ ਖ਼ਾਂ ਕਸੂਰੀਆ ਉਸਦੀ ਪਤਨੀ ਨੂੰ ਚੁੱਕ ਕੇ ਲੈ ਗਿਆ ਹੈ। ਹਰੀ ਸਿੰਘ ਬ੍ਰਾਹਮਣ ਦੀ ਮਦਦ ਲਈ ਤਿਆਰ ਹੋ ਗਿਆ, ਪਰ ਕੁਝ ਸਿੱਖਾਂ ਨੇ ਵਿਰੋਧ ਕੀਤਾ...ਤਰਕ ਇਹ ਸੀ ਕਿ ਕਸੂਰ ਦੇ ਪਠਾਨ ਬੜੇ ਤਾਕਤਵਰ ਨੇ; ਉੱਥੇ ਅਨੇਕਾਂ ਗੜ੍ਹੀਆਂ ਬਣੀਆਂ ਹੋਈਆਂ ਨੇ, ਜਿਹਨਾਂ ਵਿਚ ਗੋਲਾ ਬਾਰੂਦ ਤੇ ਹਥਿਆਰ ਭਰੇ ਪਏ ਨੇ, ਦੂਜੇ ਪਠਾਨ ਉਸਦੀ ਮਦਦ ਲਈ ਆ ਜਾਣਗੇ ਜਦਕਿ ਖਾਲਸੇ ਦੀ ਨਫਰੀ ਬੜੀ ਘੱਟ ਹੈ।

ਹਰੀ ਸਿੰਘ ਨੇ ਉਤਰ ਦਿੱਤਾ, "ਇਸ ਬ੍ਰਾਹਮਣ ਨੇ ਗੁਰੂ ਦੇ ਦਰਬਾਰ ਵਿਚ ਪੁਕਾਰ ਕੀਤੀ ਏ। ਇਸ ਲਈ ਇਸਦੀ ਸਹਾਇਤਾ ਕਰਨਾ ਸਾਡਾ ਫ਼ਰਜ਼ ਬਣਦਾ ਹੈ।"

ਚੜ੍ਹਤ ਸਿੰਘ ਨੇ ਤਲਵਾਰ ਮਿਆਨ ਵਿਚੋਂ ਕੱਢ ਕੇ ਕਿਹਾ, "ਸ਼੍ਰੀ ਦਰਬਾਰ ਸਾਹਬ ਵਿਚ ਗ੍ਰੰਥ ਸਾਹਬ ਦੀ ਹਜ਼ੂਰੀ ਵਿਚ ਅਰਦਾਸ ਕਰ ਕੇ ਵਾਕ ਲਿਆ ਜਾਵੇ ਤੇ ਜੋ ਹੁਕਮ ਹੋਵੇ, ਉਸਦੀ ਪਾਲਨਾ ਕੀਤੀ ਜਾਵੇ।"

ਇਹ ਗੱਲ ਸਾਰਿਆਂ ਨੇ ਮੰਨ ਲਈ। ਗ੍ਰੰਥ ਸਾਹਬ ਦੇ ਪੰਨੇ ਉਲਦੇ ਗਏ, ਜਿਹੜਾ ਪੰਨਾ ਖੁੱਲ੍ਹਿਆ ਉਸ ਉੱਤੇ ਪਹਿਲਾ ਵਾਕ ਇਹ ਸੀ—

ਪੰਜੇ ਬੰਧੇ ਮਹਾਬਲੀ ਕਰਿ ਸਚਾ ਢੋਆ

ਆਪਣੇ ਚਰਨ ਜਮਾਈ ਨੁ ਵਿਚ ਦਾਯੁ ਖਾਲੋਆ।

ਰੋਗ ਸੋਗ ਸਭ ਮਿਟ ਗਏ ਨਿਤ ਨਵਾਂ ਨਰੋਆ।

ਦਿਨ ਰੈਣੀ ਨਾਮੁ ਧਿਆਈਆ ਫਿਰਿ ਪਾਈ ਨ ਮੋਆ।

ਜਿਸਤੋਂ ਤੇ ਉਪਜਿਆ ਨਾਨਕ ਸੋਈ ਫਿਰਿ ਹੋਆ।

( ਜਿਸਨੇ ਲੋਭ, ਮੋਹ, ਕਰੋਧ, ਹੰਕਾਰ ਤੇ ਕਾਮ ਵਰਗੇ ਮਹਾਬਲੀਆਂ ਨੂੰ ਜਿੱਤ

ਲਿਆ ਉਸ ਦੇ ਸਭ ਰੋਗ ਮਿਟ ਜਾਂਦੇ ਨੇ ਤੇ ਉਹ ਹਮੇਸ਼ਾ ਸਵਸਥ ਤੇ ਸੁਕੁਸ਼ਲ ਰਹਿੰਦਾ ਹੈ। ਨਾਨਕ ਜਿਹੜਾ ਦਿਨ-ਰਾਤ ਰਾਮ ਨਾਮ ਜਪਦਾ ਹੈ, ਉਹ ਕਦੀ ਮਰਦਾ ਨਹੀਂ, ਜਿਸ ਤੋਂ ਉਪਜਿਆ ਹੈ ਉਸੇ ਵਿਚ ਵਿਲੀਨ ਹੋ ਜਾਂਦਾ ਹੈ।)

ਇਸ ਮਹਾਵਾਕ ਨਾਲ ਖਾਲਸੇ ਦੇ ਸਾਰੇ ਸ਼ੰਕੇ ਮਿਟ ਗਏ। ਉਹਨਾਂ ਤੁਰੰਤ ਕਸੂਰ ਉੱਤੇ ਚੜ੍ਹਾਈ ਕਰ ਦਿੱਤੀ। ਰਸਤੇ ਵਿਚ ਨਾ ਝੰਡੇ ਲਹਿਰਾਏ ਨਾ ਨਗਾਰੇ ਵਜਾਏ ਤੇ ਨਾ ਹੀ ਕਿਸੇ ਨੂੰ ਛੇੜਿਆ। ਦੁਕਾਨਦਾਰਾਂ ਤੇ ਸੁਦਾਗਰਾਂ ਦੇ ਭੇਸ ਵਿਚ ਆਪਣੇ ਕੁਝ ਜਾਸੂਸ ਅੱਗੇ ਭੇਜ ਦਿੱਤੇ ਸਨ। ਰਮਜਾਨ ਦਾ ਮਹੀਨਾ ਸੀ ਤੇ ਅੰਤਾਂ ਦੀ ਗਰਮੀ ਪੈ ਰਹੀ ਸੀ। ਉਹ ਖ਼ਬਰ ਲਿਆਏ ਕਿ ਪਠਾਨ ਭੋਰਿਆਂ ਵਿਚ ਦਿਨ ਗੁਜ਼ਾਰ ਰਹੇ ਨੇ। ਸਿੱਖ ਚੁੱਪਚਾਪ ਤੇ ਅਚਾਨਕ ਸਿਖਰ ਦੁਪਹਿਰੇ ਸ਼ਹਿਰ ਵਿਚ ਜਾ ਦਾਖਲ ਹੋਏ।

ਸ਼ਹਿਰ ਦੇ ਦਰਵਾਜ਼ੇ ਬੰਦ ਕਰਕੇ ਉਹਨਾਂ ਉੱਤੇ ਆਪਣਾ ਪਹਿਰਾ ਬਿਠਾ ਦਿੱਤਾ। ਆਵਾਜਾਈ ਦਾ ਸਿਲਸਿਲਾ ਬੰਦ ਹੋ ਗਿਆ। ਮਾਮੂਲੀ ਜਿਹੀ ਲੜਾਈ ਹੋਈ। ਉਸਮਾਨ ਖ਼ਾਂ ਆਪਣੇ ਪੰਜ ਸੌ ਆਦਮੀਆਂ ਨਾਲ ਮਾਰਿਆ ਗਿਆ। ਬ੍ਰਾਹਮਣ ਦੀ ਪਤਨੀ ਉਸਦੇ ਹਵਾਲੇ ਕਰ ਦਿੱਤੀ ਗਈ। ਉਸਮਾਨ ਖ਼ਾਂ ਦੇ ਭਤੀਜੇ ਹਮੀਦ ਖ਼ਾਂ ਨੇ ਸਰਦਾਰ ਝੰਡਾ ਸਿੰਘ ਦੇ ਪੈਰਾਂ ਉੱਤੇ ਡਿੱਗ ਕੇ ਜਾਨ ਬਖ਼ਸ਼ ਦੇਣ ਦੀ ਅਰਜੋਈ ਕੀਤੀ ਤੇ ਇਸ ਲਈ ਚਾਰ ਲੱਖ ਰੁਪਏ ਨਜ਼ਰਾਨਾ ਦਿੱਤਾ। ਉਸ ਤੋਂ ਬਾਅਦ ਲੁੱਟ ਮੱਚੀ। ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ ਸਨ। ਲੁੱਟ ਵਿਚ ਆਸੇ ਪਾਸੇ ਦੇ ਪਿੰਡਾਂ ਦੇ ਲੋਕ ਵੀ ਸ਼ਾਮਲ ਹੋ ਗਏ। ਇਸ ਲੁੱਟ ਵਿਚ ਏਨਾ ਧਨ ਹੱਥ ਲੱਗਿਆ ਕਿ ਬਹੁਤਿਆਂ ਦੇ ਦਲਿੱਦਰ ਦੂਰ ਹੋ ਗਏ ਤੇ ਕਸੂਰ ਸ਼ਹਿਰ ਬਰਬਾਦ ਹੋ ਗਿਆ।

ਜੱਸਾ ਸਿੰਘ ਆਹਲੂਵਾਲੀਆ ਆਪਣੀ ਡੱਲੇਵਾਲੀਆ ਤੇ ਸਿੰਘ ਪੁਰੀਆ ਮਿਸਲ ਨਾਲ ਜਲੰਧਰ ਦੁਆਬੇ ਵਿਚ ਪਹੁੰਚਿਆ, ਇੱਥੇ ਅਹਿਮਦ ਸ਼ਾਹ ਅਬਦਾਲੀ, ਸਆਦਤ ਖ਼ਾਂ ਨੂੰ ਫੌਜਦਾਰ ਥਾਪ ਕੇ ਗਿਆ ਸੀ। ਸਆਦਤ ਖ਼ਾਂ ਦੀ ਹਿੰਮਤ ਹੀ

ਨਹੀਂ ਪਈ ਕਿਸ ਸਿੰਘਾਂ ਨਾਲ ਟੱਕਰ ਲੈ ਸਕੇ। ਉਹ ਚੁੱਪਚਾਪ ਜਲੰਧਰ ਵਿਚ ਬੈਠਾ ਰਿਹਾ। ਜਿਹੜੇ ਇਲਾਕੇ ਪਹਿਲਾਂ ਸਿੱਖਾਂ ਦੀ ਰਾਖੀ ਪ੍ਰਣਾਲੀ ਦੇ ਅਧੀਨ ਸਨ, ਉਹਨਾਂ ਉਪਰ ਮੁੜ ਕਬਜਾ ਕਰ ਲਿਆ ਗਿਆ।

1763 ਦੀ ਵਿਸਾਖੀ ਨੂੰ ਜੱਸਾ ਸਿੰਘ ਆਨੰਦਪੁਰ ਵਿਚ ਸੀ। ਉੱਥੇ ਗੁਰੂਦਵਾਰਿਆਂ ਦੇ ਦਰਸ਼ਨਾ ਲਈ ਆਏ ਸਿੰਘਾਂ ਨੇ ਦੱਸਿਆ ਕਿ ਕਾਠਗੜ੍ਹ ਦਾ ਗੋਲੇ ਖ਼ਾਂ ਤੇ ਗੜ੍ਹ ਸ਼ੰਕਰ ਦੇ ਰੰਘੜ ਰਸਤੇ ਵਿਚ ਸੰਗਤਾਂ ਨੂੰ ਲੁੱਟ ਲੈਂਦੇ ਹਨ। "ਰੰਘੜਾਂ ਦੀ ਇਹ ਹਿੰਮਤ ਕਿ ਉਸ ਸਾਡੇ ਹੁੰਦਿਆਂ ਸੰਗਤਾਂ ਨੂੰ ਲੁੱਟ ਲੈਣ..." ਜੱਸਾ ਸਿੰਘ ਨੂੰ ਗੁੱਸਾ ਆ ਗਿਆ ਤੇ ਉਸਨੇ ਤੁਰੰਤ ਦੋਹੇਂ ਇਲਾਕੇ ਆਪਣੇ ਕਬਜੇ ਵਿਚ ਲੈ ਲਏ।

ਆਨੰਦਪੁਰ ਤੋਂ ਖਾਲਸਾ ਦਲ ਮਾਲਵੇ ਵਿਚ ਆ ਗਿਆ। ਮਲੇਰਕੋਟਲੀਏ ਭੀਖਨ ਖ਼ਾਂ ਨੇ ਘੱਲੂਘਾਰੇ ਵਿਚ ਅਹਿਮਦ ਸ਼ਾਹ ਅਬਦਾਲੀ ਦਾ ਸਾਥ ਦੇ ਕੇ ਸਿੱਖਾਂ ਨੂੰ ਖਾਸਾ ਨੁਕਸਾਨ ਪੁਚਾਇਆ ਸੀ। ਹੁਣ ਦਲ ਖਾਲਸ ਨੇ ਮਲੇਰਕੋਟਲੇ ਦਾ ਪੂਰਾ ਇਲਾਕਾ ਮਿੱਧ ਸੁੱਟਿਆ ਤੇ ਨਵਾਬ ਭੀਖਨ ਖ਼ਾਂ ਇਕ ਲੜਾਈ ਵਿਚ ਮਾਰਿਆ ਗਿਆ। ਇਸ ਪਿੱਛੋਂ ਦਲ ਖਾਲਸਾ ਨੇ ਸਰਹਿੰਦ ਵਲ ਕੂਚ ਕੀਤਾ ਤੇ ਆਸਪਾਸ ਦਾ ਇਲਾਕਾ ਉਗਰਾ ਲਿਆ।

ਬਰਸਾਤ ਸ਼ੁਰੂ ਹੋਈ ਤਾਂ ਖਾਲਸਾ ਦੁਆਬੇ ਵਿਚ ਪਰਤ ਆਇਆ ਤੇ ਦੋ ਢਾਈ ਮਹੀਨੇ ਆਰਾਮ ਕੀਤਾ।

5 ਮਾਰਚ, 1763 ਦੀ ਦੀਵਾਲੀ ਸੀ। ਸਰਬਤ ਖਾਲਸਾ ਛੇਤੀ ਤੋਂ ਛੇਤੀ ਸਰਹਿੰਦ ਉੱਤੇ ਚੜ੍ਹਾਈ ਕਰਨ ਦੀ ਵਿਉਂਤ ਬੰਦੀ ਕਰ ਰਿਹਾ ਸੀ। ਉਦੋਂ ਹੀ ਗੁਜਰਾਂਵਾਲਾ ਤੋਂ ਚੜ੍ਹਤ ਸਿੰਘ ਦਾ ਸੁਨੇਹਾ ਆਇਆ ਕਿ ਅਹਿਮਦ ਸ਼ਾਹ ਦੁਰਾਨੀ ਦੇ ਜਰਨੈਲ ਜਹਾਨ ਖ਼ਾਂ ਨੇ ਅਟਕ ਪਾਰ ਕਰ ਲਿਆ ਹੈ ਤੇ ਉਹ ਜੰਮੂ ਦੇ ਰਾਜੇ ਰਣਜੀਤ ਦੇਵ ਦੀ ਸਹਾਇਤਾ ਨਾਲ ਸਿੱਖਾਂ ਉੱਤੇ ਹਮਲਾ ਕਰੇਗਾ। ਇਹ ਪਤਾ ਲੱਗਦਿਆਂ ਹੀ

ਜੱਸਾ ਸਿੰਘ ਆਹਲੂਵਾਲੀਆ, ਝੰਡਾ ਸਿੰਘ ਤੇ ਗੁਜਰ ਸਿੰਘ ਚੜ੍ਹਤ ਸਿੰਘ ਨਾਲ ਆ ਮਿਲੇ ਤੇ ਜਹਾਨ ਖ਼ਾਂ ਨੂੰ ਜਾ ਲਲਕਾਰਿਆ। ਲੜਾਈ ਵਿਚ ਜਹਾਨ ਖ਼ਾਂ ਦਾ ਘੋੜਾ ਮਰ ਗਿਆ। ਜਹਾਨ ਖ਼ਾਂ ਭੋਇੰ ਤੇ ਆ ਡਿੱਗਿਆ। ਇਹ ਦੇਖਦਿਆਂ ਹੀ ਸਿੰਘ 'ਮਾਰ ਲਿਆ, ਮਾਰ ਲਿਆ...ਜਹਾਨ ਖ਼ਾਂ ਮਾਰ ਲਿਆ। ਬੋਲੇ ਸੋ ਨਿਹਾਲ, ਸਤ ਸ਼੍ਰੀ ਆਕਾਲ; ਵਾਹਿਗੁਰ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ...” ਦੇ ਜੈਕਾਰੇ ਛੱਡਦੇ ਹੋਏ ਅਫ਼ਗਾਨਾ 'ਤੇ ਟੁੱਟ ਪਏ ਤੇ ਉਹਨਾਂ ਵਿਚ ਭਗਦੜ ਮੱਚ ਗਈ। ਜਹਾਨ ਖ਼ਾਂ ਜਾਨ ਬਚਾਅ ਕੇ ਰੋਹਤਾਸ ਗੜ੍ਹ ਵੱਲ ਭੱਜ ਲਿਆ। ਉਸਦਾ ਇਕ ਹਾਥੀ, ਜੰਗੀ ਸਾਮਾਨ ਤੇ ਪੂਰੇ ਦਾ ਪੂਰਾ ਪਰਵਾਰ ਸਿੱਖਾਂ ਦੇ ਹੱਥ ਲੱਗਿਆ।

ਜਹਾਨ ਖ਼ਾਂ ਦੀ ਬੇਗ਼ਮ ਨੇ ਸਰਦਾਰ ਜੱਸਾ ਸਿੰਘ ਨੂੰ ਅਰਜ ਕੀਤੀ ਕਿ 'ਇਸ ਵੇਲੇ ਸਾਡਾ ਪਰਦਾ ਤੇ ਸਾਡੀ ਇੱਜ਼ਤ ਤੁਹਾਡੇ ਹੱਥ ਵਿਚ ਹੈ।' ਇਹ ਵੀ ਪਤਾ ਲੱਗਿਆ ਕਿ ਜੇਵਰ ਤੇ ਹੋਰ ਬਹੁਤ ਸਾਰਾ ਕੀਮਤੀ ਸਾਮਾਨ ਵੀ ਔਰਤਾਂ ਕੋਲ ਹੈ। ਸਰਦਾਰ ਜੱਸਾ ਸਿੰਘ ਨੇ ਬੇਗ਼ਮ ਨੂੰ ਕਹਿ ਭੇਜਿਆ ਕਿ 'ਤੁਸੀਂ ਜ਼ਰਾ ਵੀ ਫਿਕਰ ਨਾ ਕਰੋ। ਤੁਹਾਡੇ ਨਾਲ ਸਾਡੀ ਕੋਈ ਦੁਸ਼ਮਣੀ ਨਹੀਂ। ਲੜਾਈ, ਲੜਨ ਵਾਲੇ ਨਾਲ ਸੀ। ਤੁਹਾਡੀ ਤੇ ਤੁਹਾਡੇ ਮਾਲ ਦੀ ਹਰ ਤਰ੍ਹਾਂ ਹਿਫਾਜ਼ਤ ਕੀਤੀ ਜਾਏਗੀ। ਜਿੱਥੇ ਤੁਸੀਂ ਜਾਣਾ ਚਾਹੋਂ, ਅਸੀਂ ਤੁਹਾਨੂੰ ਉੱਥੇ ਪਹੁੰਚਾ ਦਿਆਂਗੇ।'

ਬੇਗ਼ਮ ਨੇ ਜੰਮੂ ਜਾਣ ਦੀ ਇੱਛਾ ਪਰਗਟ ਕੀਤੀ ਤੇ ਜੱਸਾ ਸਿੰਘ ਨੇ ਆਪਣੇ ਡੋਲੀ ਬਰਦਾਰਾਂ ਦੇ ਨਾਲ ਉਸਨੂੰ ਉੱਥੇ ਪਹੁੰਚਾ ਦਿੱਤਾ।

ਹੁਣ ਸਰਹਿੰਦ ਦੀ ਵਾਰੀ ਸੀ। ਸਰਹਿੰਦ ਦੀ ਜਿੱਤ ਦਾ ਅਰਥ ਸੀ, ਮਾਲਵੇ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਹਕੂਮਤ ਦਾ ਸਫਾਇਆ। ਜੱਸਾ ਸਿੰਘ ਆਹਲੂਵਾਲੀਆ ਨੂੰ ਇਹ ਸੂਚਨਾ ਮਿਲ ਚੁੱਕੀ ਸੀ ਕਿ ਸਰਹਿੰਦ ਦਾ ਫੌਜਦਾਰ ਜੈਨ ਖ਼ਾਂ ਧਨ ਇਕੱਠਾ ਕਰਨ ਵਿਚ ਰੁੱਝਿਆ ਹੋਇਆ ਹੈ ਤੇ ਉਸਨੇ ਪਹਾੜੀ ਰਾਜਿਆਂ ਨਾਲ ਮਿਲ ਕੇ ਅੰਨ੍ਹੀ ਲੁੱਟ ਮਚਾਈ ਹੋਈ ਹੈ। ਇਸ ਅੰਨ੍ਹੀ ਲੁੱਟ ਹੱਥੋਂ

ਲੋਕ ਦੁਖੀ ਹਨ। ਕਾਰਨ ਇਹ ਕਿ ਉਸਨੇ ਤਨਖਾਹਾਂ ਦੇਣੀਆਂ ਬੰਦ ਕਰ ਦਿੱਤੀਆਂ ਸਨ। ਉਗਰਾਈ ਵਿਚ ਜਿਹੜਾ ਅਨਾਜ ਆਉਂਦਾ, ਉਸਦਾ ਕੁਝ ਹਿੱਸਾ ਅਫ਼ਸਰਾਂ ਤੇ ਸਿਪਾਹੀਆਂ ਨੂੰ ਦੇ ਦਿੱਤਾ ਜਾਂਦਾ ਸੀ ਜਿਹੜਾ ਉਹਨਾਂ ਦੀ ਇਕ ਚੌਥਾਈ ਤਨਖ਼ਾਹ ਦੇ ਬਰਾਬਰ ਵੀ ਨਹੀਂ ਸੀ ਹੁੰਦਾ। ਸਿੱਟਾ ਇਹ ਕਿ ਉਸਦੇ ਕਈ ਅਫ਼ਸਰ ਉਸਦੀ ਨੌਕਰੀ ਛੱਡ ਕੇ ਗੰਗ ਦੁਆਬੇ ਵਿਚ ਨਜੀਬੂਦੌਲਾ ਕੋਲ ਚਲੇ ਗਏ ਸਨ। ਜੈਨ ਖ਼ਾਂ ਨੂੰ ਛੱਡ ਕੇ ਚਲੇ ਜਾਣ ਵਾਲੇ ਅਫ਼ਸਰਾਂ ਵਿਚ ਕਾਸਿਮ ਖ਼ਾਂ, ਮੁਰਤਜਾ ਖ਼ਾਂ ਤੇ ਤਹਿਮਸ ਖ਼ਾਂ ਮਿਸਕੀਨ ਵੀ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਜਦੋਂ ਜੈਨ ਖ਼ਾਂ ਨੂੰ ਸਰਹਿੰਦ ਦਾ ਫੌਜਦਾਰ ਥਾਪਿਆ ਸੀ ਤਾਂ ਤਹਿਮਸ ਖ਼ਾਂ ਉਸਦੀ ਮੁਲਾਜਮਤ ਵਿਚ ਚਲਾ ਗਿਆ ਸੀ। ਜਦੋਂ ਤਕ ਤਹਿਮਸ ਖ਼ਾਂ ਸਰਹਿੰਦ ਵਿਚ ਰਿਹਾ ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਹਰ ਅਲੀ ਵੀ ਉਸਦੇ ਨਾਲ ਸਰਹਿੰਦ ਵਿਚ ਰਿਹਾ। ਪਰ ਜਦੋਂ ਤਹਿਮਸ ਖ਼ਾਂ ਨਵੀਂ ਨੌਕਰੀ ਦੀ ਭਾਲ ਵਿਚ ਗੰਗ ਦੁਆਬੇ ਚਲਾ ਗਿਆ ਤਾਂ ਮੇਹਰ ਚੰਦ ਉਰਫ ਮੇਹਰ ਅਲੀ ਪੰਜਾਬ ਪਰਤ ਆਇਆ ਤੇ ਸਰਦਾਰ ਆਹਲੂਵਾਲੀਆ ਨੂੰ ਇਹ ਜਾਣਕਾਰੀ ਉਸੇ ਤੋਂ ਮਿਲੀ।

ਸਰਬਤ ਖਾਲਸਾ ਨੇ ਅੰਮ੍ਰਿਤਸਰ ਅਕਾਲ ਤਖ਼ਤ ਦੇ ਹਜ਼ੂਰ ਵਿਚ ਅਰਦਾਸ ਕੀਤੀ ਤੇ **13** ਜਨਵਰੀ **1764** ਨੂੰ ਸ਼ੁਕਰਵਾਰ ਵਾਲੇ ਦਿਨ ਸਰਹਿੰਦ ਉੱਤੇ ਚੜ੍ਹਾਈ ਕਰ ਦਿੱਤੀ। ਜੈਨ ਖ਼ਾਂ ਆਪਣੀ ਫੌਜ ਨਾਲ ਪਿੰਡਾਂ ਵਿਚ ਉਗਰਾਈ ਕਰਦਾ ਘੁੰਮ ਰਿਹਾ ਸੀ। ਦਲ ਖਾਲਸੇ ਦੀ ਗਿਣਤੀ ਪੰਜਾ ਹਜ਼ਾਰ ਸੀ। ਜੱਸਾ ਸਿੰਘ ਨੇ ਉਹਨਾਂ ਨੂੰ ਕਿਹਾ, "ਸਾਡੇ ਲਈ ਚੰਗਾ ਮੌਕਾ ਏ ਕਿ ਅਸੀਂ ਜੈਨ ਖ਼ਾਂ ਨੂੰ ਪਿੰਡਾਂ ਵੱਲ ਹੀ ਘੇਰ ਲਈਏ, ਜੇ ਉਹ ਸ਼ਹਿਰ ਪਹੁੰਚ ਕੇ ਕਿਲੇ ਵਿਚ ਵੜ ਗਿਆ ਤਾਂ ਲੜਾਈ ਲੰਮੀ ਹੋ ਜਾਏਗੀ।" ਇਹ ਸਲਾਹ ਸਾਰਿਆਂ ਨੂੰ ਪਸੰਦ ਆਈ। ਬੁੱਢਾ ਦਲ ਨੇ ਜੱਸਾ ਸਿੰਘ ਦੀ ਕਮਾਂਡ ਵਿਚ ਜੈਨ ਖ਼ਾਂ ਨੂੰ ਅੱਗਿਓਂ ਰੋਕਣ ਲਈ ਬਸੀ

ਦੇ ਪੂਰਬ ਵਿਚ ਭਾਗਲਪੁਰ ਜਾ ਮੋਰਚਾ ਲਇਆ ਤੇ ਤਰੁਣਾ ਦਾਲ ਚੜ੍ਹਤ ਸਿੰਘ ਦੀ ਕਮਾਨ ਵਿਚ ਦੱਖਣ ਪੂਰਬ ਵਿਚ ਮਨਹੇੜੀ ਜਾ ਪਹੁੰਚਿਆ। ਜਿਸ ਤਰ੍ਹਾਂ ਸਿੱਖ ਕੁਪ ਵਿਚ ਘਿਰ ਗਏ ਸਨ, ਐਨ ਉਸੇ ਤਰ੍ਹਾਂ ਜੈਨ ਖ਼ਾਂ ਦੋਹੇਂ ਪਾਸਿਓਂ ਘਿਰ ਗਿਆ। ਸਿੰਘਾਂ ਨੇ ਸਾਰੀ ਰਾਤ ਤਿਆਰ ਬਰ ਤਿਆਰ ਘੋੜਿਆਂ ਉੱਤੇ ਬਿਤਾਈ। ਉਧਰ ਜੈਨ ਖ਼ਾਂ ਨੂੰ ਪਤਾ ਲੱਗਿਆ ਤਾਂ ਉਸਨੇ ਵੀ ਰਾਤ ਖੜ੍ਹੇ ਖੜ੍ਹੇ ਹੀ ਲੰਘਾਈ।

24 ਜਨਵਰੀ ਦੀ ਸਵੇਰ ਦੇ ਘੁਸਮੁਸੇ ਵਿਚ ਜੈਨ ਖ਼ਾਂ ਕੁਝ ਸਵਾਰਾਂ ਨੂੰ ਨਾਲ ਲੈ ਕੇ ਮਨਹੇੜੇ ਵੱਲ ਤੁਰ ਪਿਆ ਤਾਂ ਕਿ ਅੱਖ ਬਚਾ ਕੇ ਚੁੱਪਚਾਪ ਨਿਕਲ ਜਾਏ ਤੇ ਸ਼ਹਿਰ ਵਿਚ ਪਹੁੰਚ ਜਾਏ। ਤੋਪਾਂ, ਜੰਬੂਰੇ ਤੇ ਘੋੜੇ ਆਦੀ ਉਸਨੇ ਬਹੀਰ ਕੋਲ ਛੱਡ ਦਿੱਤੇ ਤੇ ਉਹਨਾਂ ਨੂੰ ਧੌਂਸੇ ਤੇ ਨਗਾੜੇ ਵਜਾਉਂਦੇ ਰਹਿਣ ਦਾ ਹੁਕਮ ਦਿੱਤਾ। ਉਸਨੇ ਸੋਚਿਆ ਸੀ ਕਿ ਨਗਾੜਿਆਂ ਦੀ ਆਵਾਜ਼ ਸੁਣ ਕੇ ਖਾਲਸੇ ਦਾ ਧਿਆਨ ਉਧਰ ਹੋ ਜਾਏਗਾ ਤੇ ਉਹ ਸਾਮਾਨ ਲੁੱਟਣ ਲਈ ਟੁੱਟ ਪੈਣਗੇ ਤੇ ਉਸਨੂੰ ਸਰਹਿੰਦ ਪਹੁੰਚ ਕੇ ਕਿਲੇ ਵਿਚ ਮੋਰਚਾ ਲੈਣ ਦਾ ਮੌਕਾ ਮਿਲ ਜਾਏਗਾ।

ਪਰ ਇੰਜ ਨਾ ਹੋ ਸਕਿਆ। ਸਰਦਾਰ ਆਹਲੂਵਾਲੀਆ ਹਰ ਪੱਖ ਤੋਂ ਚੁਕੰਨਾ ਸੀ। ਉਸਨੇ ਸੂਹੀਏ ਛੱਡੇ ਹੋਏ ਸਨ। ਧੌਂਸ ਦੀ ਆਵਾਜ਼ ਸੁਣ ਕੇ ਤਰੁਣਾ ਦਲ ਦੇ ਮਝੈਲ ਬਹੀਰ ਵੱਲ ਦੌੜੇ। ਸੂਹੀਆਂ ਨੇ ਜੱਸਾ ਸਿੰਘ ਨੂੰ ਖ਼ਬਰ ਦਿੱਤੀ ਤਾਂ ਬੁੱਢਾ ਦਾਲ ਨੇ ਜੈਨ ਖ਼ਾਂ ਨੂੰ ਜਾ ਘੇਰਿਆ। ਜੈਨ ਖ਼ਾਂ ਨੇ ਕੁਝ ਫੌਜ ਸਿੱਖ ਦਸਤਿਆਂ ਦੇ ਮੁਕਾਬਲੇ ਲਈ ਭੇਜ ਦਿੱਤੀ ਤੇ ਆਪ ਸ਼ਹਿਰ ਵੱਲ ਵਧਣਾ ਜ਼ਾਰੀ ਰੱਖਿਆ। ਪਰ ਅੱਗੇ ਵੀ ਸਿੱਖ ਮੌਜੂਦ ਸਨ। ਉਹਨਾਂ ਦੀਆਂ ਗੋਲੀਆਂ ਦੀ ਵਾਛੜ ਨਾਲ ਜਖ਼ਮੀ ਹੋ ਕੇ ਜੈਨ ਖ਼ਾਂ ਭੁੰਜੇ ਡਿੱਗ ਪਿਆ। ਉਸਦੇ ਸਾਥੀਆਂ ਵਿਚ ਸ਼ੋਰ ਮੱਚ ਗਿਆ, 'ਬਰਕੁਨ, ਬਰਕੁਨ' ਦੀਆਂ ਆਵਾਜ਼ਾਂ ਸੁਣ ਕੇ ਸਿੱਖ ਸਮਝ ਗਏ ਕਿ ਜੈਨ ਖ਼ਾਂ ਡਿੱਗ ਪਿਆ ਹੈ ਤੇ ਬਹੁਤ ਸਾਰੇ ਸਿੱਖ ਉੱਥੇ ਜਾ ਪਹੁੰਚੇ। ਮਾੜੀ ਦੇ ਤਾਰਾ ਸਿੰਘ ਨੇ ਅੱਗੇ ਵਧ ਕੇ ਜੈਨ ਖ਼ਾਂ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਜੈਨ ਖ਼ਾਂ ਦੇ ਮਾਰੇ ਜਾਣ ਦੀ ਦੇਰ ਸੀ ਕਿ ਅਫ਼ਗਾਨ ਫੌਜ ਭੱਜ ਖੜ੍ਹੀ ਹੋਈ ਤੇ ਮੈਦਾਨ ਖਾਲਸੇ ਦੇ

ਹੱਥ ਰਿਹਾ।

ਜੱਥੇ ਬਾਣ ਲਾਗੀ।

ਤੱਥੇ ਰੋਸ ਜਾਗੀ।।

ਘੱਲੂਕਾਰਾ ਕਾਂਢ ਨੇ ਸਿੱਖਾਂ ਵਿਚ ਭਾਰੀ ਰੋਸ ਪੈਦਾ ਕਰ ਦਿੱਤਾ ਸੀ। ਉਸ ਤੋਂ ਠੀਕ ਦੋ ਸਾਲ ਪਿੱਛੋਂ ਸਰਹਿੰਦ ਫਤਿਹ ਕਰਕੇ ਉਹਨਾਂ ਉਸਦਾ ਬਦਲਾ ਲੈ ਲਿਆ। **14** ਜਨਵਰੀ, **1761** ਨੂੰ ਅਹਿਮਦ ਸ਼ਾਹ ਦੁਰਾਨੀ ਨੇ ਪਾਨੀਪਤ ਵਿਚ ਮਰਾਠਿਆਂ ਨੂੰ ਹਰਾਇਆ ਸੀ। ਉਸ ਤੋਂ ਤਿੰਨ ਸਾਲ ਬਾਅਦ **14** ਜਨਵਰੀ, **1764** ਨੂੰ ਦੁਰਾਨੀਆਂ ਨੂੰ ਸਰਹਿੰਦ ਵਿਚ ਹਰਾ ਕੇ ਖਾਲਸੇ ਨੇ ਸਤਿਲੁਜ ਪਾਰ ਦੇ ਦੱਖਣੀ ਇਲਾਕੇ ਵਿਚੋਂ ਉਹਨਾਂ ਦੀ ਹਕੂਮਤ ਹਮੇਸ਼ਾ ਹਮੇਸ਼ਾ ਲਈ ਖ਼ਤਮ ਕਰ ਦਿੱਤੀ।

ਸਿੱਖਾਂ ਨੇ ਸ਼ਹਿਰ ਵਿਚ ਪ੍ਰਵੇਸ਼ ਕਰਕੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਤਾਂਕਿ ਕਿ ਕੋਈ ਵੀ ਆਦਮੀ ਬਾਹਰ ਨਾ ਜਾ ਸਕੇ। ਕਈ ਕਈ ਸਿੱਖ ਸਿਪਾਹੀ ਹਰ ਘਰ ਵਿਚ ਜਾ ਘੁਸੇ। ਸੋਨਾ, ਚਾਂਦੀ, ਜੇਵਰ ਤੇ ਨਕਦੀ ਸਭ ਖੋਹ ਲਿਆ ਗਿਆ। ਨੱਪਿਆ–ਲੁਕਾਇਆ ਹੋਇਆ ਧਨ ਲੱਭਣ ਲਈ ਮਕਾਨਾ ਦੇ ਫ਼ਰਸ਼ ਤੇ ਛੱਤਾਂ ਉਖਾੜ ਦਿੱਤੀਆਂ ਗਈਆਂ। ਕੁਝ ਮਕਾਨਾ ਨੂੰ ਅੱਗ ਲਾ ਕੇ ਤੇ ਕੁਝ ਦੀ ਇੱਟ ਨਾਲ ਇੱਟ ਵਜਾ ਕੇ ਪੂਰਾ ਸ਼ਹਿਰ ਬਰਬਾਦ ਕਰ ਦਿੱਤਾ ਗਿਆ।

ਇਸ ਪਿੱਛੋਂ ਸਿੰਘਾਂ ਨੇ ਕਿਲੇ ਵਿਚ ਪਰਵੇਸ਼ ਕੀਤਾ। ਉਸਦੀਆਂ ਕੰਧਾਂ ਢਾਅ ਦਿੱਤੀਆਂ ਗਈਆਂ, ਜਿਹਨਾਂ ਵਿਚ ਫੌਜਦਾਰ ਵਜ਼ੀਰ ਖ਼ਾਂ ਨੇ ਦਸੰਬਰ **1705** ਨੂੰ ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜਾਦੇ—ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨੂੰ ਚਿਣਵਾਇਆ ਸੀ। ਉੱਥੇ ਇਕ ਗੁਰੂਦੁਆਰਾ ਬਣਾਇਆ ਗਿਆ, ਜਿਸਦਾ ਨਾਂ ਫਤਿਹ ਗੜ੍ਹ ਰੱਖਿਆ ਗਿਆ।

**000**

ਸਿੰਘ ਅਜੇ ਸਰਹਿੰਦ ਨੂੰ ਮਿਸਲਾਂ ਵਿਚ ਵੰਡਣ ਤੇ ਉਸਦਾ ਪ੍ਰਬੰਧ ਕਰਨ ਵਿਚ ਰੁੱਝੇ ਸਨ ਕਿ ਭਰਤ ਪੁਰ ਦੇ ਰਾਜੇ ਜਵਾਹਰ ਸਿੰਘ ਦੇ ਵਕੀਲ ਗੁਰੂ ਦੇ ਦਰਬਾਰ ਵਿਚ ਫ਼ਰਿਆਦ ਲੈ ਕੇ ਆਏ ਕਿ ਨਜੀਬੂਦੌਲਾ ਰੋਹੇਲਾ ਨੇ ਭਰਤਪੁਰ ਰਾਜ ਵਿਚ ਤਰਥੱਲੀ ਮਚਾਈ ਹੋਈ ਹੈ। ਜਵਾਹਰ ਸਿੰਘ ਸੰਕਟ ਵਿਚ ਹੈ ਤੇ ਉਸਨੇ ਖਾਲਸੇ ਤੋਂ ਮਦਦ ਮੰਗੀ ਹੈ।

ਨਜੀਬੂਦੌਲਾ ਅਹਿਮਦ ਸ਼ਾਹ ਅਬਦਾਲੀ ਦਾ ਖਾਸ ਹਿਮਾਇਤੀ ਤੇ ਮੁੱਖ ਪਿੱਠੂ ਸੀ। ਦਲ ਖਾਲਸਾ ਨੇ ਪਹਿਲਾਂ ਹੀ ਦੇਸ਼ ਦੁਸ਼ਮਣਾ ਤੇ ਪਿੱਠੂਆਂ ਨੂੰ ਖ਼ਤਮ ਕਰਨ ਦੀ ਮੁਹਿੰਮ ਛੇੜੀ ਹੋਈ ਸੀ। ਹੁਣ ਇਹ ਚੰਗਾ ਮੌਕਾ ਹੱਥ ਲੱਗਾ ਸੀ, ਸੋ ਉਹਨਾਂ ਜਵਾਹਰ ਸਿੰਘ ਦੀ ਮਦਦ ਕਰਨਾ ਮੰਨ ਲਿਆ।

ਇਸ ਸਮੇਂ ਸਾਰੀਆਂ ਮਿਸਲਾਂ ਦੇ ਸਰਦਾਰ ਸਰਹਿੰਦ ਵਿਚ ਸਨ ਤੇ ਜਵਾਹਰ ਸਿੰਘ ਦੀ ਮਦਦ ਲਈ ਉਹਨਾਂ ਨੂੰ ਜਮਾਨਾ ਪਾਰ ਕਰਕੇ ਗੰਗ ਦੁਆਬੇ ਜਾਣਾ ਪੈਣਾ ਸੀ, ਪਰ ਪੰਜਾਬ ਪਿੱਛੇ ਰਹਿ ਗਿਆ ਸੀ ਤੇ ਉੱਥੇ ਹਾਲੇ ਅਬਦਾਲੀ ਦੇ ਹਮਾਇਤੀ ਮੌਜੂਦ ਸਨ। ਉਹਨਾਂ ਦਾ ਖਾਤਮਾਂ ਕਰਨਾ ਵੀ ਜ਼ਰੂਰੀ ਸੀ। ਇਸ ਲਈ ਆਹਲੂਵਾਲੀਆ ਨੇ ਆਪਣੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, “ਖਾਲਸਾ ਜੀ, ਅਸੀਂ ਜਵਾਹਰ ਸਿੰਘ ਦੀ ਮਦਦ ਇਸ ਲਈ ਕਰਨੀ ਹੈ ਕਿ ਉਸਦੀ ਮਦਦ ਅਸਲ ਵਿਚ ਸਾਡੀ ਆਪਣੀ ਮਦਦ ਹੋਏਗੀ।...ਤੇ ਮਦਦ ਦਾ ਸਭ ਤੋਂ ਚੰਗਾ, ਵੱਡਾ ਤੇ ਬਿਹਤਰ ਢੰਗ ਇਹ ਹੈ ਕਿ ਅਸੀਂ ਨਜੀਬੂਦੌਲਾ ਦੇ ਇਲਾਕੇ ਉੱਤੇ ਹਮਲਾ ਬੋਲ ਦੇਈਏ। ਇਸ ਨਾਲ ਰੋਹੇਲੇ ਘਬਰਾ ਜਾਣਗੇ। ਉਹ ਜਵਾਹਰ ਸਿੰਘ ਦੇ ਖ਼ਿਲਾਫ਼ ਮੁਹਿੰਮ ਨੂੰ ਛੱਡ ਕੇ ਆਪਣੇ ਘਰ ਦੀ ਸੁਰੱਖਿਆ ਲਈ ਭੱਜਿਆ ਆਏਗਾ।”

ਮਿਸਲ ਦੇ ਸਾਰੇ ਸਰਦਾਰਾਂ ਨੇ 'ਸਤ ਬਚਨ' ਕਹਿ ਕੇ ਇਕ ਸੁਰ ਵਿਚ ਇਸ ਸੁਝਾਅ ਦਾ ਸਮਰਥਣ ਕੀਤਾ। ਜੱਸਾ ਸਿੰਘ ਇਕ ਪਲ ਲਈ ਚੁੱਪ ਰਿਹਾ, ਫੇਰ

ਬੋਲਿਆ, "ਦੂਜੀ ਗੱਲ ਇਹ ਹੈ ਕਿ ਪੰਜਾਬ ਵਿਚ ਅਬਦਾਲੀ ਦੇ ਜਿਹੜੇ ਹਿਮਾਇਤੀ ਅਜੇ ਮੌਜੂਦ ਨੇ, ਅਸੀਂ ਸਭ ਤੋਂ ਪਹਿਲਾਂ ਉਹਨਾਂ ਨੂੰ ਖ਼ਤਮ ਕਰਨਾ ਹੈ...ਤਾਂਕਿ ਅਬਦਾਲੀ ਜਦੋਂ ਹਮਲਾ ਕਰੇ, ਉਸਨੂੰ ਅੰਦਰੋਂ ਕੋਈ ਮਦਦ ਨਾ ਮਿਲ ਸਕੇ। ਇਸ ਲਈ ਮੇਰੀ ਰਾਏ ਇਹ ਹੈ ਕਿ ਬੁੱਢਾ ਦਲ, ਜਵਾਹਰ ਸਿੰਘ ਦੀ ਮਦਦ ਲਈ ਗੰਗ ਦੁਆਬੇ ਜਾਏ ਤੇ ਤਰੁਣਾ ਦਾਲ ਪੰਜਾਬ ਪਰਤ ਕੇ ਉੱਥੇ ਕੋਨੇ ਕੋਨੇ ਵਿਚ ਹੂੰਝਾ ਫੇਰ ਕੇ ਦੁਸ਼ਮਣਾ ਦਾ ਸਫਾਇਆ ਕਰ ਦਏ।"

ਨਵਾਬ ਕਪੂਰ ਸਿੰਘ ਵਾਂਗ ਹੀ ਜੱਸਾ ਸਿੰਘ ਇਕ ਸੂਝਵਾਲ ਤੇ ਦੂਰਦਰਸ਼ੀ ਨੇਤਾ ਸੀ ਤੇ ਦਲ ਨੂੰ ਦਿਸ਼ਾ ਤੇ ਦ੍ਰਿਸ਼ਟੀ ਦੋਹੇਂ ਪ੍ਰਦਾਨ ਕਰਦਾ ਸੀ। ਉਸਦਾ ਇਕ ਇਕ ਸ਼ਬਦ ਦਿਲ ਲੱਗ ਜਾਂਦਾ ਸੀ।

ਅਗਲੇ ਦਿਨ **19** ਜਨਵਰੀ, **1764** ਨੂੰ ਬੁੱਢਾ ਦਲ ਨੇ ਜਮਨਾ ਪਾਰ ਕਰਕੇ ਗੰਗ ਦੁਆਬੇ ਵਿਚ ਪ੍ਰਵੇਸ਼ ਕੀਤਾ ਤੇ ਤਰੁਣਾ ਦਲ ਚੜ੍ਹਤ ਸਿੰਘ ਸ਼ੁਕਰਚਕੀਆ ਦੀ ਅਗਵਾਈ ਵਿਚ ਪੰਜਾਬ ਵੱਲ ਰਵਾਨਾ ਹੋ ਗਿਆ।...ਆਓ ਅਸੀਂ ਵੀ ਤਰੁਣਾ ਦਲ ਨਾਲ ਪੰਜਾਬ ਚੱਲੀਏ ਤੇ ਇਹ ਦੇਖੀਏ ਕਿ ਉਹਨਾਂ ਹੂੰਝਾ ਫੇਰਨ ਦਾ ਕੰਮ ਕਿਸ ਖ਼ੂਬੀ ਨਾਲ ਨੇਫਰੇ ਚਾੜ੍ਹਿਆ। ਉਸ ਪਿੱਛੋਂ ਅਸੀਂ ਬੁੱਢਾ ਦਲ ਦੇ ਕਾਰਨਾਮੇਂ ਦੇਖਣ ਲਈ ਗੰਗ ਦੁਆਬੇ ਚੱਲਾਂਗੇ।

ਜਲੰਧਰ ਦੁਆਬੇ ਦਾ ਫ਼ੌਜਦਾਰ ਸਆਦਤ ਖ਼ਾਂ ਸਰਹਿੰਦ ਵਿਚ ਜੈਨ ਖ਼ਾਂ ਦੀ ਹਾਰ ਤੇ ਮੌਤ ਦੀ ਖ਼ਬਰ ਸੁਣ ਕੇ ਏਨਾ ਡਰਿਆ ਹੋਇਆ ਸੀ ਕਿ ਜਦੋਂ ਉਸਨੂੰ ਤਰੂਣਾ ਦਲ ਦੇ ਇਧਰ ਆਉਣ ਦਾ ਪਤਾ ਲੱਗਿਆ ਤਾਂ ਉਹ ਚੁੱਪਚਾਪ ਭੱਜ ਖੜ੍ਹਾ ਹੋਇਆ। ਇੰਜ ਜਲੰਧਰ ਦੁਆਬੇ ਉੱਤੇ ਸਹਿਜੇ ਹੀ ਖਾਲਸੇ ਦਾ ਕਬਜਾ ਹੋ ਗਿਆ।

ਇਸ ਪਿੱਛੋਂ ਤਰੂਣਾ ਦਲ ਨੇ ਲਾਹੌਰ ਉੱਤੇ ਚੜ੍ਹਾਈ ਕੀਤੀ ਤੇ ਸ਼ਹਿਰ ਦੀ ਘੇਰਾਬੰਦੀ ਕਰਕੇ ਉੱਥੋਂ ਦੇ ਹਾਕਮ ਕਾਬੁਲੀ ਮੱਲ ਨੂੰ ਕਿਹਾ ਕਿ 'ਉਹਨਾਂ

ਕਸਾਈਆਂ ਨੂੰ ਸਜ਼ਾ ਦੇਵੇ, ਜਿਹਨਾਂ ਪਿੱਛਲੇ ਦਿਨੀਂ ਹਿੰਦੂਆਂ ਦਾ ਦਿਲ ਦੁਖਾਉਣ ਲਈ ਤੀਹ ਗਊਆਂ ਦੀ ਸ਼ਰੇਆਮ ਹੱਤਿਆ ਕੀਤੀ ਸੀ।' ਕਾਬੁਲੀ ਮੱਲ ਨੇ ਜਵਾਬ ਦਿੱਤਾ, "ਖਾਲਸਾ ਜੀ, ਮੈਂ ਮੁਸਲਮਾਨ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦਾ ਨੌਕਰ ਹਾਂ। ਮੈਂ ਗਊ ਹੱਤਿਆ ਬੰਦ ਕਰਾਂਗਾ ਤਾਂ ਉਹ ਮੇਰੇ ਉੱਤੇ ਨਰਾਜ਼ ਹੋ ਜਾਏਗਾ।" ਪਰ ਸ਼ਹਿਰ ਨੂੰ ਘੇਰਾ ਪਿਆ ਹੋਇਆ ਸੀ। ਆਵਾਜਾਵੀ ਬੰਦ ਹੋ ਜਾਣ ਕਾਰਨ ਲੋਕੀਂ ਪ੍ਰੇਸ਼ਾਨ ਸਨ। ਇਸ ਲਈ ਕਾਬੁਲੀ ਮੱਲ ਨੇ ਸ਼ਹਿਰ ਦੇ ਪਤਵੰਤੇ ਸੱਜਨਾ ਤੋਂ ਮੰਜ਼ੂਰੀ ਲੈ ਕੇ ਦੋ–ਤਿੰਨ ਕਸਾਈਆਂ ਦੇ ਨੱਕ–ਕੰਨ ਕੱਟ ਕੇ ਉਹਨਾਂ ਨੂੰ ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ। ਇਸ ਤੋਂ ਬਿਨਾਂ ਕਾਫੀ ਵੱਡਾ ਨਜ਼ਰਾਨਾ ਦੇ ਕੇ ਖਾਲਸੇ ਨਾਲ ਸੁਲਾਹ ਕਰ ਲਈ। ਹਰੀ ਸਿੰਘ ਭੰਗੀ ਦੇ ਵਕੀਲ ਟੇਕ ਚੰਦ ਨੂੰ ਦਸ ਰੁਪਏ ਰੋਜ਼ ਦੀ ਤਨਖ਼ਾਹ ਉੱਤੇ ਆਪਣੇ ਕੋਲ ਰੱਖ ਲਿਆ ਤੇ ਸਾਰੇ ਕੰਮ ਉਸਦੀ ਇੱਛਾ ਅਨੁਸਾਰ ਹੋਣ ਲੱਗੇ। ਇੰਜ ਲਾਹੌਰ ਖਾਲਸੇ ਦੀ ਅਧੀਨਤਾ ਵਿਚ ਆ ਗਿਆ।

ਇਸ ਪਿੱਛੋਂ ਤਰੁਣਾ ਦਲ ਨੂੰ ਦੋ ਟੋਲਿਆਂ ਵਿਚ ਵੰਡਿਆ ਗਿਆ—ਇਕ ਹਿੱਸਾ ਚੜ੍ਹਤ ਸਿੰਘ ਸ਼ੁਕਰਚਕੀਆ ਦੀ ਕਮਾਂਡ ਵਿਚ ਉਤਰ ਪੱਛਮ ਵੱਲ ਚਲਾ ਗਿਆ ਤੇ ਦੂਜਾ ਟੋਲਾ ਹਰੀ ਸਿੰਘ ਦੀ ਕਮਾਨ ਵਿਚ ਮੁਲਤਾਨ ਵੱਲ ਰਵਾਨਾ ਹੋ ਗਿਆ। ਚੜ੍ਹਤ ਸਿੰਘ ਰਚਨਾ ਦੁਆਬੇ ਤੇ ਚਜ ਦੁਆਬੇ ਨੂੰ ਦੜਦਾ ਹੋਇਆ ਅੱਗੇ ਵਧਿਆ ਤੇ ਰੋਹਤਾਸ ਦੇ ਪ੍ਰਸਿੱਧ ਕਿਲੇ ਨੂੰ ਜਾ ਘੇਰਾ ਪਾਇਆ। ਕਿਲੇ ਦੇ ਫੌਜਦਾਰ ਨੇ ਦਰਵਾਜ਼ੇ ਬੰਦ ਕਰਕੇ ਕੰਧਾਂ ਉੱਤੇ ਤੋਪਾਂ ਚੜ੍ਹਾ ਲਈਆਂ ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਸਿੱਖਾਂ ਨੇ ਬਿਨਾਂ ਘਬਰਾਏ ਘੇਰਾ ਜਾਰੀ ਰੱਖਿਆ।

ਪਰ ਜਦੋਂ ਚਾਰ ਮਹੀਨਿਆਂ ਦੀ ਘੇਰਾਬੰਦੀ ਪਿੱਛੋਂ ਵੀ ਕਿਲਾ ਸਰ ਹੁੰਦਾ ਨਹੀਂ ਦਿਸਿਆ ਤਾਂ ਸਿੱਖਾਂ ਨੇ ਇਕ ਚਾਲ ਚੱਲੀ। ਉਹਨਾਂ ਅਚਾਨਕ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਅਫ਼ਗਾਨ ਉਹਨਾਂ ਦਾ ਪਿੱਛਾ ਕਰਨ ਲਈ ਤੁਰੰਤ ਕਿਲੇ 'ਚੋਂ ਬਾਹਰ ਨਿਕਲ ਆਏ। ਪਿੱਛੇ ਹਟਣ ਦਾ ਮੰਤਵ ਵੀ ਇਹੋ ਸੀ। ਚੜ੍ਹਤ ਸਿੰਘ ਨੇ ਪਲਟ ਕੇ

ਅਜਿਹਾ ਜ਼ੋਰਦਾਰ ਹਮਲਾ ਕੀਤਾ ਕਿ ਕਿਲੇ ਦੇ ਇਕ ਹਿੱਸੇ ਉੱਤੇ ਜਾ ਕਬਜਾ ਕੀਤਾ। ਏਨੇ ਵਿਚ ਗੁਜਰ ਸਿੰਘ ਭੰਗੀ ਵੀ ਆਪਣੇ ਜੱਥੇ ਸਮੇਤ ਉਹਨਾਂ ਨਾਲ ਆ ਰਲਿਆ। ਅਫ਼ਗਾਨ ਫ਼ੌਜ ਅੱਗੋਂ ਪਿੱਛੋਂ ਘਿਰ ਗਈ। ਬਚ ਨਿਕਲਣ ਦਾ ਕੋਈ ਚਾਰਾ ਨਜ਼ਰ ਨਾ ਆਇਆ ਤਾਂ ਉਹਨਾਂ ਹਥਿਆਰ ਸੁੱਟ ਦਿੱਤੇ। ਸਰਫਰਾਜ਼ ਨੂੰ ਆਪਣੇ ਕੁਝ ਹਮਰਾਹੀਆਂ ਸਮੇਤ ਕਿਲੇ ਵਿਚੋਂ ਨਿਕਲ ਜਾਣ ਦੀ ਛੂਟ ਦੇ ਦਿੱਤੀ ਗਈ।

ਸਰਫਰਾਜ਼ ਖਾਂ ਨੇ ਕਸ਼ਮੀਰ ਦੇ ਫ਼ੌਜਦਾਰ ਸਰਬੁਲੰਦ ਖ਼ਾਂ ਨੂੰ ਆਪਣੀ ਮਦਦ ਲਈ ਬੁਲਾਇਆ ਸੀ, ਪਰ ਉਹ ਉਦੋਂ ਪਹੁੰਚਿਆ ਸੀ ਜਦੋਂ ਕਿਲਾ ਸਰ ਹੋ ਚੁੱਕਿਆ ਸੀ। ਸ਼ਾਇਦ ਉਸਨੂੰ ਪਹਾੜੀ ਰਸਤਿਆਂ ਕਾਰਨ ਦੇਰ ਹੋ ਗਈ ਸੀ। ਉਸ ਨਾਲ **12000** ਘੋੜ ਸਵਾਰ ਤੇ ਪੈਦਲ ਫ਼ੌਜ ਸੀ। ਚੜ੍ਹਤ ਸਿੰਘ ਕਿਲੇ ਦਾ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ, ਪਰ ਜਦੋਂ ਉਸਨੂੰ ਸਰਬੁਲੰਦ ਖ਼ਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਉਸਦਾ ਮੁਕਾਬਲਾ ਕਰਨ ਲਈ ਨਿਕਲ ਪਿਆ।

ਖੋਦੀ ਦਾੜ੍ਹੀ ਤੇ ਚੌੜੇ ਮੱਥੇ ਵਾਲਾ ਚੜ੍ਹਤ ਸਿੰਘ ਇਕ ਅਜਿਹਾ ਯੋਧਾ ਸੀ ਜਿਹੜਾ ਰਣਖੇਤਰ ਵਿਚ ਸ਼ੇਰ ਵਾਂਗ ਝਟਕਦਾ ਤੇ ਦੁਸ਼ਮਣ ਦੇ ਛੱਕੇ ਛੁਡਾਅ ਦੇਂਦਾ ਸੀ। ਅਟਕ ਲਾਗੇ ਲੜਾਈ ਹੋਈ। ਚੜ੍ਹਤ ਸਿੰਘ ਨੇ ਬੜੀ ਦਲੇਰੀ ਨਾਲ ਹਮਲਾ ਕਰਕੇ ਬਹੁਤ ਸਾਰੇ ਅਫ਼ਗਾਨਾ ਨੂੰ ਮਾਰ ਮੁਕਾਇਆ ਤੇ ਉਹਨਾਂ ਦਾ ਸਾਜ–ਸਮਾਨ ਲੁੱਟ ਲਿਆ। ਜਿਹੜੇ ਬਚੇ ਉਹ ਛੇਤੀ ਹੀ ਭੱਜ ਖੜ੍ਹੇ ਹੋਏ ਤੇ ਉਹਨਾਂ ਦਾ ਕਮਾਂਡਰ ਸਰਬੁਲੰਦ ਖ਼ਾਂ ਗਿਰਫਤਾਰ ਕਰ ਲਿਆ ਗਿਆ। ਚੜ੍ਹਤ ਸਿੰਘ ਨੇ ਉਸਨੂੰ ਕਿਲੇ ਵਿਚ ਲਿਆ ਕੇ ਸਨਮਾਨ ਸਹਿਤ ਕੈਦ ਕਰ ਦਿੱਤਾ ਤੇ ਸਾਰੀਆਂ ਸਹੂਲਤਾਂ ਦਿੱਤੀਆਂ।

ਇਸ 'ਤੇ ਖ਼ੁਸ਼ ਹੋ ਕੇ ਸਰਬੁਲੰਦ ਖ਼ਾਂ ਨੇ ਚੜ੍ਹਤ ਸਿੰਘ ਨੂੰ ਕਿਹਾ, “ਜੇ ਕਦੀ ਤੁਸੀਂ ਬਾਦਸ਼ਾਹ ਬਣ ਜਾਓਂ ਤਾਂ ਮੈਂ ਤੁਹਾਡਾ ਫੌਜਦਾਰ ਬਣ ਕੇ ਤੁਹਾਡੀ ਖ਼ਿਦਮਤ ਕਰਨ

ਵਿਚ ਹਮੇਸ਼ਾ ਆਪਣੀ ਖ਼ੁਸ਼ ਨਸੀਬੀ ਸਮਝਾਂਗਾ।"

ਚੜ੍ਹਤ ਸਿੰਘ ਨੇ ਮੁਸਕਰਾਂਦਿਆਂ ਹੋਇਆਂ ਉਤਰ ਦਿੱਤਾ, "ਸਤਿਗੁਰ ਨੇ ਬਾਦਸ਼ਾਹੀ ਤਾਂ ਖਾਲਸੇ ਨੂੰ ਪਹਿਲਾਂ ਹੀ ਬਖ਼ਸ਼ੀ ਹੋਈ ਏ। ਤੁਹਾਨੂੰ ਗਿਰਫ਼ਤਾਰ ਕਰਕੇ ਰੱਖਣ ਦਾ ਮੰਤਕ ਸਿਰਫ ਇਹ ਹੈ ਕਿ ਦੁਨੀਆਂ ਜਹਾਨ ਨੂੰ ਇਹ ਪਤਾ ਲੱਗ ਜਾਏ ਕਿ ਚੜ੍ਹਤ ਸਿੰਘ ਨੇ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦੇ ਚਾਚੇ ਨੂੰ ਕੈਦੀ ਬਣਾ ਕੇ ਰੱਖਿਆ ਹੋਇਆ ਹੈ।"

"ਜੇ ਤੁਸੀਂ ਮੈਨੂੰ ਰਿਹਾਅ ਕਰ ਦਿਓਂ ਤਾਂ ਤੁਹਾਡੀ ਸ਼ੋਹਰਤ ਹੋਰ ਵੀ ਵਧ ਹੋਏਗੀ।"

"ਮੈਂ ਰਿਹਾ ਕਰ ਸਕਦਾ ਹਾਂ, ਪਰ ਤੁਸੀਂ ਇਹ ਦੱਸੋ ਕਿ ਨਜ਼ਰਾਨਾ ਕੀ ਦਿਓਗੇ?"

"ਦੋ ਲੱਖ।"

ਚੜ੍ਹਤ ਸਿੰਘ ਨੇ ਦੋ ਲੱਖ ਰੁਪਏ ਲੈ ਕੇ ਉਸਨੂੰ ਰਿਹਾਅ ਕਰ ਦਿੱਤਾ।

ਜਦੋਂ ਚੜ੍ਹਤ ਸਿੰਘ ਤੇ ਗੁਜਰ ਸਿੰਘ ਰੋਹਤਾਸ ਫਤਿਹ ਕਰਨ ਵਿਚ ਰੁੱਝੇ ਹੋਏ ਸਨ, ਹਰੀ ਸਿੰਘ ਭੰਗੀ ਤੇ ਹੀਰਾ ਸਿੰਘ ਨਕਈ ਦੀ ਕਮਾਂਡ ਵਿਚ ਤਰੁਣਾ ਦਲ ਦਾ ਦੂਜਾ ਟੋਲਾ ਦੱਖਣ ਪੱਛਮ ਵੱਲ ਕੂਚ ਕਰ ਗਿਆ। ਮੁਲਤਾਨ ਫਤਿਹ ਕਰਨ ਪਿੱਛੋਂ ਉਹਨਾਂ ਸਿੰਧ ਨਦੀ ਪਾਰ ਕੀਤੀ ਤੇ ਬਿਨਾਂ ਕਿਸੇ ਵਿਰੋਧ ਦੇ ਡੇਰਾ ਇਸਮਾਈਲ ਖ਼ਾਂ ਤੇ ਡੇਰਾ ਗਾਜ਼ੀ ਖ਼ਾਂ ਤਕ ਜਾ ਪਹੁੰਚੇ।

ਇਸ ਪਿੱਛੋਂ ਹਰੀ ਸਿੰਘ ਤੇ ਹੀਰਾ ਸਿੰਘ ਨੇ ਸਿਆਲ ਤੇ ਝੰਗ ਖੇਤਰ ਉੱਤੇ ਧਾਵਾ ਬੋਲਿਆ। ਸਿਆਲਾਂ ਨੇ ਸਿੱਖਾਂ ਦਾ ਡਟ ਕੇ ਮੁਕਾਬਲਾ ਕੀਤਾ, ਪਰ ਉਹ ਹਾਰ ਗਏ। ਝੰਗ, ਖ਼ੁਸ਼ਾਬ, ਚਿਕੋਟ ਉੱਤੇ ਭੰਗੀ ਮਿਸਲ ਦਾ ਕਬਜਾ ਹੋ ਗਿਆ।

ਤਰੁਣਾ ਦਲ ਨੇ ਖ਼ੂਬ ਹੂੰਝਾ ਫੇਰਿਆ।...ਆਓ ਹੁਣ ਗੰਗ ਦੁਆਬੇ ਵੱਲ ਚੱਲੀਏ ਤੇ ਬੁੱਢਾ ਦਲ ਦੇ ਕਾਰਨਾਮੇ ਦੇਖੀਏ—

ਸਰਦਾਰ ਜੱਸਾ ਸਿੰਘ ਦੀ ਕਮਾਨ ਵਿਚ ਸਰਦਾਰ ਖ਼ੁਸ਼ਹਾਲ ਸਿੰਘ, ਕੌੜਾ ਸਿੰਘ, ਬਘੇਲਾ ਸਿੰਘ, ਤਾਰਾ ਸਿੰਘ ਗੈਬਾ, ਗੁਰਬਖ਼ਸ਼ ਸਿੰਘ, ਕਰਮ ਸਿੰਘ, ਰਾਮ ਸਿੰਘ ਆਦੀ ਨੇ ਚਾਲੀ ਹਜ਼ਾਰ ਘੋੜਸਵਾਰਾਂ ਨਾਲ ਬੁੜੀਘਾਟ ਤੋਂ ਜਮਨਾ ਪਾਰ ਕੀਤੀ ਤੇ 21 ਫਰਬਰੀ ਨੂੰ ਸਹਾਰਨਪੁਰ ਉੱਤੇ ਜਾ ਕਬਜਾ ਕੀਤਾ। ਉੱਥੋਂ ਮਿਸਲ ਸਰਦਾਰ ਵੱਖ ਵੱਖ ਦਿਸ਼ਾਵਾਂ ਵੱਲ ਨਿਕਲ ਪਏ। ਇਹ ਖ਼ਬਰ ਸੁਣਦਿਆਂ ਹੀ ਨਜੀਬ ਖ਼ਾਂ ਦੇ ਹੱਥ ਪੈਰ ਫੁੱਲ ਗਏ। ਕਿੱਥੇ ਤਾਂ ਉਹ ਭਰਤਪੁਰ ਨੂੰ ਜਿੱਤਣ ਗਿਆ ਹੋਇਆ ਸੀ ਤੇ ਕਿੱਥੇ ਆਪਣੇ ਹੀ ਇਲਾਕੇ ਦੀ ਫ਼ਿਕਰ ਪੈ ਗਈ ਸੀ। ਉਹ ਕਾਹਲ ਨਾਲ ਵਾਪਸ ਪਰਤਿਆ, ਪਰ ਉਸ ਤੋਂ ਕੁਝ ਵੀ ਨਹੀਂ ਹੋ ਸਕਿਆ। ਜੇ ਉਹ ਇਕ ਸ਼ਹਿਰ ਵੱਲ ਜਾਂਦਾ ਤਾਂ ਸਿੱਖ ਦੂਜੇ ਉੱਤੇ ਹਮਲਾ ਕਰ ਦਿੰਦੇ। ਜੇ ਉਹ ਉਧਰ ਪਲਟਦਾ ਤਾਂ ਸਿੱਖ ਕਿਸੇ ਤੀਜੇ ਸ਼ਹਿਰ ਉੱਤੇ ਧਾਵਾ ਬੋਲ ਦਿੰਦੇ ਇੰਜ ਖਾਲਸੇ ਨੇ ਥੋੜ੍ਹੇ ਦਿਨਾਂ ਵਿਚ ਹੀ ਸ਼ਾਮਲੀ, ਕਾਂਧਲਾ, ਮੀਰ ਪੁਰ, ਦੇਵਬੰਦ, ਮੁਜ਼ਫ਼ਰਗੜ੍ਹ, ਜਵਾਲਾ ਪੁਰ, ਕਨਖ਼ਲ, ਲੰਡੋਰਾ, ਨਜੀਬਾ ਬਾਦ ਆਦੀ ਉੱਤੇ ਝਪਟੇ ਮਾਰ–ਮਾਰ ਕੇ ਨਜੀਬ ਖ਼ਾਂ ਨੂੰ ਹੈਰਾਨ–ਪ੍ਰੇਸ਼ਾਨ ਤੇ ਸ਼ਹਿਰਾਂ ਨੂੰ ਉਜਾੜ–ਵੀਰਾਨ ਕਰ ਦਿੱਤਾ। ਜਦੋਂ ਬਚਾਅ ਦੀ ਕੋਈ ਸੂਰਤ ਨਜ਼ਰ ਨਹੀਂ ਆਈ ਤਾਂ ਉਸਨੇ ਖਾਲਸੇ ਵੱਲ ਆਪਣੇ ਵਜ਼ੀਰ ਘੱਲੇ ਤੇ ਗਿਆਰਾਂ ਲੱਖ ਰੁਪਏ ਨਜ਼ਰਾਨਾ ਦੇ ਕੇ ਸਮਝੌਤਾ ਕਰ ਲਿਆ।

ਖਾਲਸੇ ਦਾ ਮਕਸਦ ਪੂਰਾ ਹੋ ਗਿਆ। ਉਹਨਾਂ ਨੂੰ ਪੈਸਾ ਵੀ ਮਿਲ ਗਿਆ ਤੇ ਜਵਾਹਰ ਸਿੰਘ ਦੀ ਮਦਦ ਵੀ ਹੋ ਗਈ।

ਇਸ ਨਾਲ ਜਵਾਹਰ ਸਿੰਘ ਦਾ ਹੌਸਲਾ ਵਧ ਗਿਆ। ਉਹ ਨਜੀਬ ਖ਼ਾਂ ਤੋਂ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸਨੇ ਮਲਹਾਰ ਰਾਵ ਹੁਲਕਰ ਨਾਲ ਗੰਢ–ਸੰਢ ਕੀਤੀ ਤੇ ਖਾਲਸੇ ਨੂੰ ਵੀ ਮਦਦ ਕਰਨ ਲਈ ਲਿਖਿਆ। ਨਜੀਬ ਇਸ ਸਮੇਂ ਦਿੱਲੀ ਵਿਚ ਅਹਿਮਦ ਸ਼ਾਹ ਦੁਰਾਨੀ ਵੱਲੋਂ ਥਾਪੇ ਬਾਦਸ਼ਾਹ ਆਲਮ ਸ਼ਾਹ ਦੂਜੇ ਦਾ ਵਕੀਲੇ–ਮੁਤਲਿਕਾ ਭਾਵ

ਕੁਲ ਕਾਰ ਮੁਖਤਿਆਰ ਸੀ। ਇਸ ਲਈ ਜਵਾਹਰ ਸਿੰਘ ਨੇ ਦਿੱਲੀ ਉੱਤੇ ਹਮਲਾ ਕਰ ਦਿੱਤਾ। 15–16 ਨਵੰਬਰ ਨੂੰ ਨਜੀਬ ਖ਼ਾਂ ਨਾਲ ਮੁੱਢਲੀ ਟੱਕਰ ਹੋਈ। ਇਸ ਦੌਰਾਨ ਮਲਹਾਰ ਰਾਵ ਹੁਲਕਰ ਤਮਾਸ਼ਾ ਦੇਖਦਾ ਰਿਹਾ ਤੇ ਉਸਨੇ ਜਵਾਹਰ ਸਿੰਘ ਦੀ ਕੋਈ ਖਾਸ ਮਦਦ ਨਹੀਂ ਕੀਤੀ। ਇਸ ਲਈ ਜਵਾਹਰ ਸਿੰਘ ਦਾ ਮਰਾਠਿਆਂ ਉੱਤੇ ਭਰੋਸਾ ਨਹੀਂ ਰਿਹਾ।

ਜਨਵਰੀ 1765 ਦੇ ਪਹਿਲੇ ਹਫ਼ਤੇ ਜੱਸਾ ਸਿੰਘ ਆਹਲੂਵਾਲੀਆ ਵੀ ਪੰਦਰਾਂ ਹਜ਼ਾਰ ਸਿੰਘਾਂ ਨੂੰ ਨਾਲ ਲੈ ਕੇ ਦਿੱਲੀ ਜਾ ਪਹੁੰਚਿਆ। ਜਦੋਂ ਖਾਲਸਾ ਬਰਾੜੀ ਘਟ 'ਤੇ ਪਹੁੰਚਿਆ ਤਾਂ ਜਵਾਹਰ ਸਿੰਘ ਜਮਨਾ ਪਾਰ ਕਰਕੇ ਉਹਨਾਂ ਨੂੰ ਮਿਲਣ ਆਇਆ। ਯੋਜਨਾ ਇਹ ਬਣੀ ਕਿ ਸਿੱਖ ਸਬਜੀ ਮੰਡੀ ਵਾਲੇ ਪਾਸਿਓਂ ਸ਼ਹਿਰ ਉੱਤੇ ਹੱਲੇ ਕਰਨ ਤੇ ਨਜੀਬ ਖ਼ਾਂ ਦੇ ਇਲਾਕੇ ਨੂੰ ਉਜਾੜਨ ਤਾਂਕਿ ਉਸਨੂੰ ਉਧਰ ਦੀ ਫ਼ਿਕਰ ਹੀ ਪਈ ਰਹੇ। ਖਾਲਸੇ ਦੇ ਇਹਨਾਂ ਹਮਲਿਆਂ ਨੇ ਨਜੀਬ ਖ਼ਾਂ ਨੂੰ ਖਾਸਾ ਪ੍ਰੇਸ਼ਾਨ ਕੀਤਾ, ਪਰ ਖਾਲਸੇ ਕੋਲ ਤੋਪਾਂ ਨਹੀਂ ਸਨ, ਉਸ ਉਪਰ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈ ਸਕਿਆ। ਫੇਰ 4 ਫਰਬਰੀ, 1765 ਨੂੰ ਖਾਲਸੇ ਤੇ ਨਜੀਬੂਦੌਲਾ ਵਿਚਕਾਰ ਘਮਾਸਾਨ ਦੀ ਲੜਾਈ ਹੋਈ, ਜਿਸ ਵਿਚ ਰੋਹੇਲਿਆਂ ਨੂੰ ਹਾਰ ਕੇ ਪਿੱਛੇ ਹਟਣਾ ਪਿਆ।

ਇਸ ਦੌਰਾਨ ਖ਼ਬਰਾਂ ਆਉਣ ਲੱਗ ਪਈਆਂ ਕਿ ਅਹਿਮਦ ਸ਼ਾਹ ਨਜੀਬੂਦੌਲਾ ਦੇ ਸੱਦੇ ਉੱਤੇ ਪੰਜਾਬ ਪਹੁੰਚ ਗਿਆ ਹੈ। ਇਸ ਨਾਲ ਮਰਾਠਿਆਂ ਨੂੰ ਫ਼ਿਕਰ ਪੈ ਗਈ। ਹੁਲਕਰ ਪਹਿਲਾਂ ਹੀ ਨਜੀਬ ਖ਼ਾਂ ਨੂੰ ਨੁਕਸਾਨ ਪਹੁੰਚਾਉਣ ਦੇ ਪੱਖ ਵਿਚ ਨਹੀਂ ਸੀ। ਇਮਾਦੁਲ–ਮੁਲਕ ਗਾਜ਼ੀਉਲਦੀਨ ਵੀ ਸੂਰਜ ਮੱਲ ਦੇ ਸਮੇਂ ਤੋਂ ਭਰਤ ਪੁਰ ਵਿਚ ਸ਼ਰਨਾਰਥੀ ਸੀ। ਉਸਨੇ ਤੇ ਹੁਲਕਰ ਨੇ ਨਜੀਬ ਖ਼ਾਂ ਨਾਲ ਸੁਲਾਹ ਦੀ ਗੱਲ ਤੋਰੀ। ਪਰ ਜਵਾਹਰ ਸਿੰਘ ਸੁਲਾਹ ਦੇ ਪੱਖ ਵਿਚ ਨਹੀਂ ਸੀ, ਪਰ ਜਦੋਂ ਉਹ ਦੋਹੇਂ ਦੁਸ਼ਮਣ ਨਾਲ ਜਾ ਰਲੇ ਤਾਂ ਮਜ਼ਬੂਰਨ ਉਸਨੂੰ ਵੀ ਸੁਲਾਹ ਕਰਨੀ ਪਈ।

ਹੁਣ ਜੱਸਾ ਸਿੰਘ ਆਹਲੂਵਾਲੀਆ ਦੇ ਉੱਥੇ ਰੁਕਣ ਦੇ ਕੋਈ ਅਰਥ ਨਹੀਂ ਸਨ। ਅਹਿਮਦ ਸ਼ਾਹ ਪੰਜਾਬ ਪਹੁੰਚ ਚੁੱਕਿਆ ਸੀ ਤੇ ਖਾਲਸੇ ਦਾ ਉੱਥੇ ਹੋਣਾ ਜ਼ਰੂਰੀ ਸੀ। ਇਸ ਲਈ ਉਹ ਜਲਦੀ ਤੋਂ ਜਲਦੀ ਪੰਜਾਬ ਵੱਲ ਪਰਤ ਗਏ।

ਅਹਿਮਦ ਸ਼ਾਹ ਅਬਦਾਲੀ ਨੂੰ ਪੰਜਾਬ ਦੀਆਂ ਖ਼ਬਰਾਂ ਮਿਲੀਆਂ ਤਾਂ ਉਸਨੇ ਹਿੰਦੁਸਤਾਨ ਉੱਤੇ ਸਤਵੇਂ ਹਮਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਸਨੇ ਕਲਾਤ ਦੇ ਮੀਰ ਨਸੀਰ ਖ਼ਾਂ ਨੂੰ ਲਿਖਿਆ ਕਿ ਉਹ ਮੱਕੇ ਹੱਜ ਲਈ ਜਾਣ ਦੀ ਬਜਾਏ ਉਸਦੇ ਨਾਲ ਸਿੱਖਾਂ ਵਿਰੁੱਧ ਜਿਹਾਦ ਵਿਚ ਸ਼ਾਮਲ ਹੋਵੇ।

ਡੇਰਾ ਇਸਮਾਈਲ ਖ਼ਾਂ ਤੇ ਡੇਰਾ ਗਾਜੀ ਖ਼ਾਂ ਉੱਤੇ ਸਿੱਖਾਂ ਦਾ ਕਬਜਾ ਹੋ ਜਾਣ ਕਾਰਨ ਮੀਰ ਨਸੀਰ ਨੂੰ ਆਪਣੇ ਇਲਾਕੇ ਦੀ ਫ਼ਿਕਰ ਲੱਗੀ ਹੋਈ ਸੀ। ਅਬਦਾਲੀ ਆਪਣੀ ਅਠਾਰਾਂ ਹਜ਼ਾਰ ਅਫ਼ਗਾਨ ਫੌਜ ਲੈ ਕੇ ਈਮਾਨਾਬਾਦ ਪਹੁੰਚ ਗਿਆ ਸੀ। ਮੀਰ ਨਸੀਰ ਖ਼ਾਂ ਵੀ ਆਪਣੀ 12000 ਬਲੋਚ ਸੈਨਾ ਲੈ ਕੇ ਉਸ ਨਾਲ ਆ ਰਲਿਆ।

ਗੰਜਾਬੇ ਦਾ ਕਾਜੀ ਨੂਰ ਮੁਹੰਮਦ ਵੀ ਬਲੋਚ ਸੈਨਾ ਨਾਲ ਆ ਮਿਲਿਆ ਤੇ ਉਸਨੇ ਨਸੀਰ ਖ਼ਾਂ ਨੂੰ ਕਿਹਾ, "ਮੈਂ ਵੀ ਇਸ ਜਿਹਾਦ ਵਿਚ ਤੁਹਾਡੇ ਨਾਲ ਚੱਲਾਂਗਾ। ਉੱਥੋਂ ਵਾਪਸ ਆਉਣ ਪਿੱਛੋਂ ਜੇ ਅਬਦਾਲੀ ਤੁਹਾਨੂੰ ਡੇਰਿਆਂ ਤੇ ਸ਼ਿਕਾਰ ਪੁਰ ਦਾ ਇਲਾਕਾ ਬਖ਼ਸ਼ ਦਏ ਤਾਂ ਮੈਨੂੰ ਇਹਨਾਂ 'ਚੋਂ ਕਿਸੇ ਇਕ ਦਾ ਕਾਜੀ ਬਣਾ ਦੇਣਾ। ਮੈਂ ਇਸ ਜੰਗ ਦਾ ਪੂਰਾ ਹਾਲ ਲਿਖ ਕੇ ਤੁਹਾਡੀ ਖ਼ਿਦਮਤ ਵਿਚ ਪੇਸ਼ ਕਰਾਂਗਾ।"

ਨਸੀਰ ਖ਼ਾਂ ਨੇ ਇਹ ਗੱਲ ਮੰਨ ਲਈ। ਕਾਜੀ ਨੂਰ ਮੁਹੰਮਦ ਨੇ ਜੋ ਕੁਝ ਆਪਣੀ ਅੱਖੀਂ ਦੇਖਿਆ, ਉਸਨੂੰ ਫਾਰਸੀ ਕਵਿਤਾ ਵਿਚ ਲਿਖਿਆ ਤੇ ਆਪਣੀ ਕਿਤਾਬ ਦਾ ਨਾਂ 'ਜੰਗਨਾਮਾ' ਰੱਖਿਆ।

ਅਫ਼ਗਾਨ ਅਤੇ ਬਲੋਚ ਸੈਨਾ ਬਿਨਾਂ ਕਿਸੇ ਵਿਰੋਧ ਦੇ ਲਾਹੌਰ ਪਹੁੰਚ ਗਈ। ਅਬਦਾਲੀ ਨੇ ਰਾਏ ਮਸ਼ਵਰੇ ਲਈ ਯੁੱਧ ਪਰੀਸ਼ਦ ਦੀ ਬੈਠਕ ਬੁਲਾਈ। ਜਦੋਂ ਸਾਰੇ ਸਰਦਾਰ ਇਕੱਠੇ ਹੋ ਗਏ ਤਾਂ ਉਸਨੇ ਕਿਹਾ, “ਸਿੱਖ ਤਾਂ ਕਿਧਰੇ ਨਜ਼ਰ ਹੀ ਨਹੀਂ ਆ ਰਹੇ, ਕੀ ਕਰੀਏ; ਕਿਸ ਨਾਲ ਲੜੀਏ?”

ਉਦੋਂ ਹੀ ਹਰਾਵਲ ਦਸਤੇ ਦਾ ਇਕ ਤੇਜ਼ ਰਿਫ਼ਤਾਰ ਘੋੜ ਸਵਾਰ ਹੌਂਕਦਾ ਹੋਇਆ ਆਇਆ। ਉਸਨੇ ਖ਼ਬਰ ਦਿੱਤੀ ਕਿ ਸਿੱਖਾਂ ਦੇ ਇਕ ਲਸ਼ਕਰ ਨੇ ਦੁਰਾਨੀ ਫ਼ੌਜ ਉੱਤੇ ਹਮਲਾ ਕਰ ਦਿੱਤਾ ਹੈ। ਹਰਾਵਲ ਦਸਤੇ ਦਾ ਬੁਰਾ ਹਾਲ ਹੈ। ਜੇ ਜਲਦੀ ਮਦਦ ਨਾ ਭੇਜੀ ਗਈ ਤਾਂ ਪੂਰਾ ਦਸਤੇ ਦਾ ਸਫਾਇਆ ਹੋ ਜਾਏਗਾ।

ਜਦੋਂ ਅਬਦਾਲੀ ਦੇ ਪਹੁੰਚਣ ਦਾ ਸਮਾਚਾਰ ਮਿਲਿਆ, ਚੜ੍ਹਤ ਸਿੰਘ ਸ਼ੁਕਰਚਕੀਆ ਸਿਆਲਕੋਟ ਵਿਚ ਸੀ। ਉੱਥੇ ਰੁਕਣ ਦੇ ਬਜਾਏ ਉਹ ਝਟਪਟ ਲਾਹੌਰ ਵੱਲ ਤੁਰ ਪਿਆ। ਜਿਸ ਸਿੱਖ ਦਸਤੇ ਨੇ ਬਲੋਚਾਂ ਤੇ ਅਫ਼ਗਾਨਾ ਦੇ ਹਰਾਵਲ ਦਸਤੇ ਉੱਤੇ ਅਚਾਨਕ ਧਾਵਾ ਬੋਲਿਆ ਸੀ ਉਸਦਾ ਨੇਤਾ ਚੜ੍ਹਤ ਸਿੰਘ ਹੀ ਸੀ। ਦੁਸ਼ਮਣ ਹਰਾਵਲ ਦਸਤੇ ਦੀ ਕਮਾਂਡ ਗਹਿਰਾਮ ਖ਼ਾਂ ਮਗਸੀ ਤੇ ਅਹਿਮਦ ਖ਼ਾਂ ਬਲੀਦ ਦੇ ਹੱਥ ਸੀ। ਚੜ੍ਹਤ ਸਿੰਘ ਦਾ ਹਮਲਾ ਏਨਾ ਤੇਜ਼ ਤੇ ਧਾਕੜ ਸੀ ਕਿ ਅਹਿਮਦ ਖ਼ਾਂ ਤੇ ਉਸਦਾ ਬੇਟਾ ਪਹਿਲੀ ਝੜਪ ਵਿਚ ਹੀ ਮਾਰਿਆ ਗਿਆ। ਮੀਰ ਅਬਦੁਲ ਨਬੀ ਤੇ ਮੀਰ ਨਸੀਰ ਖਾਂ ਹਰਾਵਲ ਦਸਤੇ ਦੀ ਮਦਦ ਲਈ ਪਹੁੰਚੇ ਘਮਸਾਨ ਦੀ ਲੜਾਈ ਹੋਈ, ਨਸੀਰ ਖ਼ਾਂ ਦਾ ਘੋੜਾ ਮਰ ਗਿਆ। ਜੇ ਉਸਦਾ ਬੰਦੂਕਚੀ ਨੌਕਰ ਹਮਲਾ ਕਰਨ ਵਾਲੇ ਉੱਤੇ ਗੋਲੀ ਨਾ ਦਾਗ ਦੇਂਦਾ ਤਾਂ ਮੀਰ ਦਾ ਕੰਮ ਵੀ ਤਮਾਮ ਹੋ ਜਾਣਾ ਸੀ। ਰਾਤ ਹੋਣ ਤਕ ਘਮਾਸਾਨ ਦੀ ਲੜਾਈ ਹੁੰਦੀ ਰਹੀ, ਜਿਹੜੀ ਗੂੜ੍ਹਾ ਹਨੇਰਾ ਉਤਰ ਆਉਣ ਪਿੱਛੋਂ ਬੰਦ ਹੋਈ।

ਆਪਣੇ ਲੰਮੇ ਅਨੁਭਵ ਵਿਚੋਂ ਖਾਲਸੇ ਨੇ ਲੜਨ ਦੇ ਨਵੇਂ-ਨਵੇਂ ਢੰਗ-ਤਰੀਕੇ ਕੱਢ ਲਏ ਸਨ। ਇਹਨਾਂ ਤਰੀਕਿਆਂ ਤੇ ਆਪਣੇ ਪਰਬਲ ਹੌਸਲੇ ਸਦਕਾ ਉਹ ਜਬਰਦਸਤ ਦੁਸ਼ਮਣ ਉੱਤੇ ਵੀ ਭਾਰੂ ਹੋ ਨਿਬੜਦੇ ਸਨ। ਇਸ ਲੜਾਈ ਵਿਚ

ਉਹਨਾਂ ਦਾ ਢੰਗ ਇਹ ਸੀ ਕਿ ਪਹਿਲਾਂ ਇਕ ਜੱਥਾ, ਕੁਝ ਦੂਰੀ ਤੋਂ, ਨਿਸ਼ਾਨੇ ਉੱਤੇ ਗੋਲੀਆਂ ਦੀ ਵਾਛੜ ਕਰ ਦਿੰਦਾ ਸੀ ਤੇ ਫੇਰ ਦੁਬਾਰਾ ਬੰਦੂਕਾਂ ਭਰਨ ਲਈ ਪਿੱਛੇ ਹਟ ਜਾਂਦਾ ਸੀ। ਉਸ ਪਿੱਛੋਂ ਦੂਜਾ ਜੱਥਾ ਦੂਜੇ ਪਾਸਿਓਂ ਗੋਲੀਆਂ ਦਾ ਮੀਂਹ ਵਰ੍ਹਾ ਦਿੰਦਾ ਸੀ। ਇੰਜ ਤਿੰਨ ਚਾਰ ਜੱਥੇ ਚਾਰੇ ਪਸਿਓਂ ਗੋਲੀਆਂ ਦੀ ਵਰਖਾ ਕਰਦੇ ਰਹਿੰਦੇ ਤੇ ਦੁਸ਼ਮਣ ਦੇ ਨੱਕ ਵਿਚ ਦਮ ਕਰੀ ਰੱਖਦੇ। ਉਹ ਕਿਸੇ ਪਾਸੇ ਮੂੰਹ ਨਹੀਂ ਮੋੜ ਸਕਦਾ ਸੀ। ਇੰਜ ਸਿੱਖ ਜੱਥੇ ਆਪ ਤਾਂ ਆਰਾਮ ਕਰ ਲੈਂਦੇ ਪਰ ਦੁਸ਼ਮਣ ਨੂੰ ਚੈਨ ਨਹੀਂ ਸਨ ਲੈਣ ਦਿੰਦੇ।

ਨਸੀਰ ਖ਼ਾਂ ਜਦੋਂ ਵਾਪਸ ਆਇਆ ਤਾਂ ਅਬਦਾਲੀ ਨੇ ਉਸਨੂੰ ਬਹਾਦਰੀ ਲਈ ਵਧਾਈ ਦਿੱਤੀ ਤੇ ਕਿਹਾ, “ਸਿੱਖਾਂ ਵਿਰੁੱਧ ਏਨੀ ਤੇਜ਼ੀ ਵਿਖਾ ਕੇ ਫੇਰ ਕਦੀ ਆਪਣੀ ਜਾਨ ਨੂੰ ਖ਼ਤਰੇ ਵਿਚ ਨਾ ਪਾਉਣਾ।”

ਚੜ੍ਹਤ ਸਿੰਘ ਦੁਸ਼ਮਣਾ ਨੂੰ ਆਪਣੇ ਹੱਥ ਵਿਖਾ ਕੇ ਪਿੱਛੇ ਹਟਿਆ ਤੇ ਘਾਤ ਲਾ ਕੇ ਕਿਸੇ ਹੋਰ ਮੌਕੇ ਦੀ ਤਾੜ ਵਿਚ ਬੈਠ ਗਿਆ।

ਅਹਿਮਦ ਸ਼ਾਹ ਨੂੰ ਕਿਸੇ ਨੇ ਖ਼ਬਰ ਦਿੱਤੀ ਕਿ ਸਿੱਖ ਅੰਮ੍ਰਿਤਸਰ ਵੱਲ ਚਲੇ ਗਏ ਹਨ। ਉਹ ਉਧਰ ਤੁਰ ਪਿਆ। ਕਦੀ ਉਹ **150** ਕੋਹ ਦਾ ਇਹ ਸਫ਼ਰ ਕਰਕੇ **36** ਘੰਟਿਆਂ ਵਿਚ ਕੁਪ ਜਾ ਪਹੁੰਚਿਆ ਸੀ ਤੇ ਕਿੱਥੇ ਹੁਣ ਲਾਹੌਰ ਤੋਂ ਅੰਮ੍ਰਿਤਸਰ ਪਹੁੰਚਣ ਵਿਚ ਤਿੰਨ ਦਿਨ ਤੇ ਤਿੰਨ ਰਾਤਾਂ ਲੱਗ ਗਈਆਂ ਸਨ। ਕਾਰਨ ਇਹ ਸੀ ਕਿ ਰਸਤੇ ਵਿਚ ਸਿੱਖ ਗੁਰੀਲਿਆਂ ਨਾਲ ਝੜਪਾਂ ਹੁੰਦੀਆਂ ਰਹੀਆਂ ਸਨ। ਪਹਿਲੀ ਦਸੰਬਰ ਨੂੰ ਜਦੋਂ ਅਹਿਮਦ ਸ਼ਾਹ ਦਰਬਾਰ ਸਾਹਬ ਪਹੁੰਚਿਆ ਤਾਂ ਉਸਨੂੰ ਉੱਥੇ ਕੋਈ ਸਿੱਖ ਦਿਖਾਈ ਨਹੀਂ ਦਿੱਤਾ। ਪਰ ਜਦੋਂ ਅਹਿਮਦ ਸ਼ਾਹ ਵਿਸ਼ਾਲ ਪਰਿਕਰਮਾ ਵਿਚ ਗਿਆ ਤਾਂ ਤੀਹ ਸਿੱਖ ਬੁਰਜਾਂ ਵਿਚੋਂ ਨਿਕਲੇ ਤੇ ਉਸ ਅਫ਼ਗਾਨੀ ਬਲੋਚੀ ਸੈਨਾ ਉੱਤੇ ਟੁੱਟ ਪਏ, ਜਿਹਨਾਂ ਦੀ ਗਿਣਤੀ ਤੀਹ ਹਜ਼ਾਰ ਸੀ। ਉਹ ਉੱਥੇ ਸ਼ਹੀਦ ਹੋ ਜਾਣ ਦੇ ਨਿਹਚੇ ਨਾਲ ਹੀ ਰੁਕੇ ਹੋਏ ਸਨ। ਉਹਨਾਂ ਨੂੰ ਨਾ ਕਤਲ ਹੋ ਜਾਣ ਦਾ ਡਰ ਸੀ ਤੇ ਨਾ ਹੀ ਮੌਤ ਦਾ ਕੋਈ ਭੈ। ਉਹ 'ਜੋ ਲੜੇ ਦੀਨ

ਕੇ ਹੇਤੁ, ਸੂਰਾ ਸੋਈ ' ਅਲਾਪਦੇ ਹੋਏ ਦੁਸ਼ਮਣਾ ਨਾਲ ਟਕਰਾ ਗਏ ਤੇ ਤੀਹ ਦੇ ਤੀਹ ਲੜਦੇ ਹੋਏ ਸ਼ਹੀਦ ਹੋ ਗਏ।

ਸਿੱਖਾਂ ਦੇ ਧਰਮ ਯੁੱਧ ਦੇ ਸਾਹਮਣੇ ਗਾਜ਼ੀਆਂ ਦਾ ਧਰਮ ਯੁੱਧ ਫਿੱਕਾ ਪੈ ਗਿਆ।

ਅਬਦਾਲੀ ਨੇ ਏਧਰ ਉਧਰ ਹੋਰ ਸਿੱਖਾਂ ਦੀ ਭਾਲ ਕੀਤੀ ਪਰ ਉਹ ਕਿਧਰੇ ਨਜ਼ਰ ਨਹੀਂ ਆਏ, ਇਸ ਲਈ ਉਹ ਲਾਹੌਰ ਪਰਤ ਆਇਆ। ਇਕ ਵਾਰੀ ਫੇਰ ਯੁੱਧ ਪਰੀਸ਼ਦ ਦੀ ਬੈਠਕ ਬੁਲਾਈ ਗਈ ਤੇ ਉਸਨੇ ਆਪਣੇ ਸਰਦਾਰਾਂ ਨੂੰ ਪੁੱਛਿਆ, "ਸਿੱਖ ਖੁੱਲ੍ਹੀ ਲੜਾਈ ਵਿਚ ਤਾਂ ਸਾਹਮਣੇ ਆਉਂਦੇ ਨਹੀਂ, ਸਿਰਫ ਝਪਟਾਂ ਮਾਰਦੇ ਨੇ। ਇਹਨਾਂ ਦਾ ਕੀ ਕੀਤਾ ਜਾਏ?"

"ਹਜ਼ੂਰ," ਨਸੀਰ ਖ਼ਾਂ ਨੇ ਕਿਹਾ, "ਅਸੀਂ ਨਜੀਬ ਖ਼ਾਂ ਦੀ ਮਦਦ ਕਰਨੀ ਏਂ। ਉਹ ਦਿੱਲੀ ਵਿਚ ਘਿਰਿਆ ਹੋਇਆ ਏ। ਸਰਹਿੰਦ ਚੱਲ ਕੇ ਉੱਥੋਂ ਦੇ ਹਾਲਾਤਾਂ ਦਾ ਪਤਾ ਲਈਏ...ਜਿਹੋ ਜਿਹੀ ਖ਼ਬਰ ਮਿਲੇਗੀ, ਉਸੇ ਅਨੁਸਾਰ ਅੱਗੋਂ ਦਾ ਫੈਸਲਾ ਲਿਆ ਜਾਏ।"

ਇਹ ਗੱਲ ਅਬਦਾਲੀ ਦੇ ਮਨ ਵੀ ਲੱਗੀ। ਪਰ ਸਿੱਧਾ ਸਰਹਿੰਦ ਜਾਣ ਦੀ ਬਜਾਏ ਉਹ ਬਟਾਲੇ ਪਹੁੰਚਿਆ ਤੇ ਪੂਰੇ ਇਲਾਕੇ ਵਿਚ ਲੁੱਟ ਮਚਾ ਦਿੱਤੀ। ਗੰਨਾ, ਗੁੜ, ਗਊਮਾਸ ਤੇ ਤਿਲ...ਸਰਦਾਰਾਂ, ਸਿਪਾਹੀਆਂ ਤੇ ਨੌਕਰਾਂ ਚਾਕਰਾਂ ਨੇ ਏਨੇ ਖਾਧੇ ਕਿ ਸਭ ਦੇ ਨੱਕ ਮੁੜ ਗਏ। ਬਲੋਚਾਂ ਤੇ ਦੁਰਾਨੀਆਂ ਨੇ ਇਸ ਇਲਾਕੇ ਨੂੰ ਏਦਾਂ ਲੁੱਟਿਆ ਕਿ ਇਸ ਕਹਾਵਤ ਦਾ ਜਨਮ ਹੋਇਆ—

'ਖਾਧਾ ਪੀਤਾ ਲਾਹੇ ਦਾ,

ਰਹਿੰਦਾ ਅਹਿਮਦ ਸ਼ਾਹੇ ਦਾ।'

ਉੱਥੋਂ ਅਬਦਾਲੀ ਬਿਆਸ ਪਾਰ ਕਰਕੇ ਹੁਸ਼ਿਆਰਪੁਰ ਜ਼ਿਲੇ ਵਿਚ ਦਾਖਲ ਹੋਇਆ। ਇੱਥੇ ਸਿੱਖਾਂ ਨੇ ਇਕ ਝਪਟਾ ਮਾਰਿਆ ਤੇ ਜਹਾਨ ਖ਼ਾਂ ਦਾ ਪਿੱਤਾ ਪਾਣੀ

ਕਰਕੇ ਫੇਰ ਜਾ ਛਿਪਣ ਹੋਏ। ਸਤਿਲੁਜ ਪਾਰ ਕਰ ਲੈਣ ਪਿੱਛੋਂ ਖਾਲਸੇ ਨੇ ਦੁਰਾਨੀ ਨੂੰ ਏਨਾ ਪ੍ਰੇਸ਼ਾਨ ਕੀਤਾ ਕਿ ਉਸਦੀ ਸਰਹਿੰਦ ਜਾਣ ਦੀ ਹਿੰਮਤ ਨਹੀਂ ਹੋਈ। ਉਹ ਸਿੱਧਾ ਕੁੰਜਪੁਰ ਵੱਲ ਹੋ ਲਿਆ ਤਾਂ ਕਿ ਉੱਥੇ ਪਹੁੰਚ ਕੇ ਨਜੀਬ ਖ਼ਾਂ ਦੀ ਮਦਦ ਕਰਨ ਦਾ ਕੋਈ ਉਪਾਅ ਸੋਚ ਸਕੇ।

ਅਬਦਾਲੀ ਫਰਬਰੀ 1765 ਦੇ ਅੰਤ ਵਿਚ ਕੁੰਜਪੁਰ ਪਹੁੰਚਿਆ। ਪਤਾ ਲੱਗਿਆ ਕਿ ਜਵਾਹਰ ਸਿੰਘ ਤੇ ਨਜੀਬ ਖਾਂ ਵਿਚਕਾਰ ਸਮਝੌਤਾ ਹੋ ਗਿਆ ਹੈ ਤੇ ਦਿੱਲੀ ਦੀ ਘੇਰਾਬੰਦੀ ਹਟ ਗਈ ਹੈ। ਇਸ ਲਈ ਨਜੀਬ ਖਾਂ ਨੂੰ ਮਦਦ ਦੀ ਹੁਣ ਲੋੜ ਨਹੀਂ ਰਹੀ ਸੀ। ਉਹ ਤਿੰਨ ਚਾਰ ਦਿਨ ਕੁੰਜਪੁਰ ਵਿਚ ਰੁਕੇ ਤੇ ਇਸ ਗੱਲ ਉੱਤੇ ਵਿਚਾਰ ਚਰਚਾ ਹੁੰਦੀ ਰਹੀ ਕਿ ਅਗਾਂਹ ਵਧਿਆ ਜਾਏ ਕਿ ਵਾਪਸ ਚੱਲਿਆ ਜਾਏ।

ਨਸੀਰ ਖ਼ਾਂ ਨੇ ਸੁਝਾਅ ਰੱਖਿਆ, "ਹਜ਼ੂਰ, ਤੁਸੀਂ ਦਿੱਲੀ ਚਲੋ। ਗਰਮੀ ਤੇ ਬਰਸਾਤ ਉੱਥੇ ਲੰਘਾਓ। ਉਸ ਪਿੱਛੋਂ ਨਜੀਬ ਖ਼ਾਂ, ਮੁਗਲ ਬਾਦਸ਼ਾਹ, ਸ਼ਾਹ ਸ਼ੁਜਾਅ, ਫਰੁਖ਼ਾਬਾਦ ਦੇ ਰੁਹੇਲੇ, ਜਾਟਾਂ ਤੇ ਮਰਾਠਿਆਂ ਦੀ ਫੌਜ ਨਾਲ ਲੈ ਕੇ ਸਿੱਖਾਂ ਉਪਰ ਚੜ੍ਹਾਈ ਕਰ ਦੇਣਾ ਤੇ ਉਹਨਾਂ ਨੂੰ ਕੁਚਲ ਸੁੱਟਣਾ।" ਨਸੀਰ ਖ਼ਾਂ ਨੇ ਦੰਦ ਪੀਹ ਕੇ ਸਿੱਖਾਂ ਵਿਰੁੱਧ ਆਪਣੀ ਕੁਸੈਲ ਦਰਸਾਈ।

ਪਰ ਅਫ਼ਗਾਨ ਸਰਦਾਰ ਨਸੀਰ ਖ਼ਾਂ ਦੇ ਇਸ ਮਤ ਨਾਲ ਸਹਿਮਤ ਨਹੀਂ ਸਨ। ਉਹਨਾਂ ਨੂੰ ਹਿੰਦੁਸਤਾਨ ਦੀ ਗਰਮੀ ਤੇ ਬਰਸਾਤ ਦਾ ਕੌੜਾ ਤਜ਼ਰਬਾ ਸੀ। ਇਸ ਦੇ ਇਲਾਵਾ ਸਿੱਖਾਂ ਨਾਲ ਟੱਕਰ ਲੈਂਦਿਆਂ ਦੇ ਨਾਸੀਂ ਧੂੰਆਂ ਆ ਚੁੱਕਿਆ ਸੀ। ਉਹਨਾਂ ਦੇ ਬੁਲਾਰੇ ਜਹਾਨ ਖ਼ਾਂ ਨੇ ਕਿਹਾ, "ਬਾਦਸ਼ਾਹ ਸਲਾਮਤ, ਗਰਮੀ ਸਿਰ 'ਤੇ ਆ ਗਈ ਏ, ਇਸ ਲਈ ਪਰਤ ਜਾਣਾ ਹੀ ਬਿਹਤਰ ਏ। ਤਿਆਰੀ ਕਰਕੇ ਅਗਲੇ ਸਾਲ ਫੇਰ ਆਵਾਂਗੇ।"

ਅਹਿਮਦ ਸ਼ਾਹ ਇਕ ਸੁਲਝਿਆ ਹੋਇਆ, ਸ਼ਾਂਤ ਸੁਭਾਅ ਵਿਅਕਤੀ ਸੀ। ਉਹ

ਦੂਰ ਤਕ ਸੋਚਦਾ ਸੀ, ਭਾਵੁਕਤਾ ਤੇ ਜਲਦਬਾਜੀ ਨੂੰ ਨੇੜੇ ਨਹੀਂ ਸੀ ਫੜਕਣ ਦਿੰਦਾ। ਸਿੱਖਾਂ ਨੂੰ ਉਹ ਉਦੋਂ ਦਾ ਜਾਣਦਾ ਸੀ, ਜਦੋਂ ਉਹ ਨਾਦਿਰ ਸ਼ਾਹ ਨਾਲ ਹਿੰਦੁਸਤਾਨ ਆਇਆ ਸੀ। ਉਸਨੂੰ ਜ਼ਕਰੀਆ ਖ਼ਾਂ ਨੂੰ ਆਖੀ, ਨਾਦਿਰ ਸ਼ਾਹ ਦੀ ਉਹ ਗੱਲ ਚੇਤੇ ਸੀ ਕਿ ਹਕੂਮਤ ਇਹ ਲੰਮੇ ਲੰਮੇ ਵਾਲਾਂ ਵਾਲੇ ਬਾਗ਼ੀ ਕਰਨਗੇ, ਜਿਹਨਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਨੇ। ਪੰਜਾਬ ਵਿਚ ਹੁਣ ਸੱਚਮੁੱਚ ਹੀ ਇਹਨਾਂ ਬਾਗ਼ੀਆਂ ਦੀ ਹਕੂਮਤ ਸੀ। ਉਹਨਾਂ ਨੇ ਅਬਦਾਲੀ ਦੀ ਬਿਸਾਤ ਪਲਟ ਕੇ ਰੱਖ ਦਿੱਤੀ ਸੀ ਤੇ ਏਸ ਬਿਸਾਤ ਉੱਤੇ ਬਿਠਾਏ ਹਰੇਕ ਮੋਹਰੇ ਨੂੰ ਇਕ ਇਕ ਕਰਕੇ ਕੁੱਟਿਆ ਤੇ ਪੁੱਟ ਸੁੱਟਿਆ ਸੀ। ਇਸ ਪਲਟੀ ਹੋਈ ਬਿਸਾਤ ਨੂੰ ਮੁੜ ਸਿੱਧਾ ਕਰਨਾ ਏਨੀ ਆਸਾਨ ਗੱਲ ਨਹੀਂ ਸੀ ਜਿੰਨੀ ਨਸੀਰ ਖ਼ਾਂ ਸਮਝ ਰਿਹਾ ਸੀ।

ਉਸਨੇ ਜਹਾਨ ਖ਼ਾਂ ਨਾਲ ਸਹਿਮਤੀ ਰਲਾਈ ਤੇ ਘਰ ਜਾਣ ਲਈ ਵਾਪਸ ਪਰਤ ਪਿਆ। ਚੁੱਪਚਾਪ ਰੋਪੜ ਨੇੜਿਓਂ ਸਤਿਲੁਜ ਪਾਰ ਕੀਤਾ ਤੇ ਖਾਲਸੇ ਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਬਹੀਰ ਵੀ ਪਾਰ ਲੰਘਾ ਲਈ। ਹੁਣ ਉਹ ਦੁਆਬੇ ਵਿਚ ਸੀ। ਰਾਤ ਨਦੀ ਦੇ ਇਸ ਪਾਰ ਬਿਤਾਈ। ਅਗਲੀ ਸਵੇਰ ਅਜੇ ਉਹ ਥੋੜ੍ਹੀ ਦੂਰ ਹੀ ਗਏ ਸਨ ਕਿ ਖਾਲਸੇ ਨੇ ਅੱਗਾ ਵਲ ਲਿਆ ਤੇ ਲੜਨ ਲਈ ਆ ਲਲਕਾਰਿਆ।

ਅਹਿਮਦ ਸ਼ਾਹ ਨੂੰ ਪਤਾ ਲੱਗਿਆ ਤਾਂ ਉਹ ਲੋਹਾ ਲਾਖਾ ਹੋ ਗਿਆ, “ਹੈਂ, ਇਹਨਾਂ ਸਿੱਖਾਂ ਦੀ ਇਹ ਮਜ਼ਾਲ। ਦੁਨੀਆਂ ਕੀ ਕਹੇਗੀ ਕਿ ਮੇਰੇ ਹੁੰਦਿਆਂ ਮੇਰੇ ਲਸ਼ਕਰ ਉੱਤੇ ਜਗ੍ਹਾ ਜਗ੍ਹਾ ਹਮਲੇ ਹੁੰਦੇ ਰਹੇ!” ਫ਼ੌਜ ਨੂੰ ਹੁਕਮ ਦਿੱਤਾ, “ਗਾਜੀਓ! ਕਰ ਦਿਓ ਚੜ੍ਹਾਈ, ਇਹਨਾਂ ਲਾਹਨਤੀ ਕਾਫ਼ਿਰਾਂ ਉਪਰ। ਇਹ ਦੀਨ ਦੀ ਲੜਾਈ ਏ।” ਉਸਨੇ ਆਪਣੇ ਵੱਡੇ ਵਜ਼ੀਰ ਸ਼ਾਹ ਵਲੀ ਖ਼ਾਂ, ਜਹਾਨ ਖ਼ਾਂ, ਅਜ਼ਲ ਖ਼ਾਂ, ਸ਼ਾਹ ਪਸੰਦ ਖ਼ਾਂ ਤੇ ਹੋਰ ਪ੍ਰਮੁੱਖ ਸਰਦਾਰਾਂ ਨੂੰ ਸੱਜੇ ਹੱਥ ਦੀ ਕਮਾਨ ਸੌਂਪੀ ਤੇ ਮੀਰ ਨਸੀਰ ਖ਼ਾਂ ਬਲੋਚੀ ਨੂੰ ਆਪਣੇ ਖੱਬੇ ਹੱਥ ਰੱਖਿਆ।

ਉਧਰ ਖਾਲਸਾ ਫੌਜ ਦਾ ਆਗੂ, ਪੰਥ ਦਾ 'ਪਾਦਸ਼ਾ' ਜੱਸਾ ਸਿੰਘ ਆਹਲੂਵਾਲੀਆ ਸੀ। ਉਹ ਵਿਚਕਾਰ ਸੀ ਤੇ ਉਸਦੇ ਨਾਲ ਜੱਸਾ ਸਿੰਘ ਰਾਮਗੜ੍ਹੀਆ ਜਚਿਆ ਹੋਇਆ ਸੀ। ਸੱਜੇ ਹੱਥ ਚੜ੍ਹਤ ਸਿੰਘ ਸੀ ਤੇ ਉਸਦੇ ਨਾਲ ਝੰਡਾ ਸਿੰਘ, ਲਹਿਣਾ ਸਿੰਘ ਤੇ ਜੈ ਸਿੰਘ ਸਨ। ਇਹਨਾਂ ਦੇ ਮੁਕਾਬਲੇ ਉਧਰ ਨਸੀਰ ਖ਼ਾਂ ਸੀ। ਖੱਬੇ ਪਾਸੇ ਹਰੀ ਸਿੰਘ, ਰਾਮਦਾਸ, ਗੁਲਾਬ ਸਿੰਘ ਤੇ ਗੁਜਰ ਸਿੰਘ ਸਨ। ਇਹਨਾਂ ਦੇ ਸਾਹਮਣੇ ਵਲੀ ਖ਼ਾਂ, ਜਹਾਨ ਖ਼ਾਂ ਆਦੀ ਸਨ।

ਲੜਾਈ ਸ਼ੁਰੂ ਹੋਈ ਤਾਂ ਹਰੀ ਸਿੰਘ ਨੇ ਅਫ਼ਗਾਨਾ ਦੀ ਸੱਜੀ ਬਾਹੀ ਉਪਰ ਹਮਲਾ ਕਰਕੇ ਉਹਨਾਂ ਨੂੰ ਪਿੱਛੇ ਧਰੀਕ ਦਿੱਤਾ। ਜਦੋਂ ਦੇਖਿਆ ਕਿ ਸ਼ਾਹ ਵਲੀ ਖ਼ਾਂ ਤੇ ਜਹਾਨ ਖ਼ਾਂ ਤੋਂ ਸਿੱਖ ਰੋਕੇ ਨਹੀਂ ਜਾ ਰਹੇ ਤਾਂ ਅਬਦਾਲੀ ਨੇ ਨਸੀਰ ਖ਼ਾਂ ਨੂੰ ਕੋਲ ਬੁਲਾਅ ਕੇ ਕਿਹਾ, "ਸਿੱਖਾਂ ਨੇ ਸਾਡੇ ਸੱਜੇ ਪਾਸੇ ਜ਼ੋਰ ਫੜ੍ਹ ਲਿਆ ਹੈ। ਇਸ ਪਾਸੇ ਦੇ ਗਾਜੀ ਸਿੱਖਾਂ ਦਾ ਪਿੱਛਾ ਕਰਦੇ ਹੋਏ ਅੱਗੇ ਨਿਕਲ ਗਏ ਨੇ। ਇਹ ਬਾਹੀ ਖ਼ਾਲੀ ਦੇਖ ਕੇ ਸਿੱਖ ਇਧਰ ਘੁਸ ਆਏ ਨੇ...ਤੁਸੀਂ ਦੇਖ ਰਹੇ ਓ; ਕਿੰਜ ਤਾਤਾਰੀ ਕਾਫ਼ਿਰਾਂ ਵਾਂਗ ਤੀਰਾਂ ਤੇ ਗੋਲੀਆਂ ਦਾ ਮੀਂਹ ਵਰ੍ਹਾਅ ਰਹੇ ਨੇ? ਕਦੀ ਸੱਜੇ ਥਾਵਾ ਬੋਲਦੇ ਨੇ ਕਦੀ ਖੱਬੇ। ਮੈਂ ਤਾਂ ਇਹਨਾਂ ਦੀ ਦਲੇਰੀ ਦੇਖ ਕੇ ਦੰਗ ਰਹਿ ਗਿਆਂ। ਤੁਸੀਂ ਇਸ ਪਾਸੇ ਜਾ ਦੇ ਇਹਨਾਂ ਨੂੰ ਰੋਕੋ। ਪਰ ਸਿੱਖਾਂ ਨਾਲ ਜੰਗ ਵਿਚ ਜਲਦਬਾਜੀ ਤੋਂ ਕਤਈ ਕੰਮ ਨਾ ਲੈਣਾ। ਤੁਹਾਨੂੰ ਸੌਂਹ ਏਂ ਕਿ ਆਪਣਾ ਪੈਂਤਰਾ ਛੱਡ ਕੇ ਕਤਈ ਅੱਗੇ ਨਾ ਵਧਣਾ। ਦੁਸ਼ਮਣ ਦੇ ਪਿੱਛੇ ਨਹੀਂ ਜਾਣਾ, ਦੁਸ਼ਮਣ ਖ਼ੁਦ ਤੁਹਾਡੇ ਕੋਲ ਆਏਗਾ। ਇਹ ਦੁਸ਼ਮਣ ਬੜੇ ਨਿਡਰ ਨੇ ਤੇ ਜੰਗ ਦੇ ਮੈਦਾਨ ਵਿਚ ਅੱਗ ਵਾਂਗ ਭੜਕ ਉਠਦੇ ਨੇ। ਇਹਨਾਂ ਦੀ ਹੀ ਗੱਲ ਨਹੀਂ, ਇਹਨਾਂ ਦੇ ਪਿਓ–ਦਾਦੇ ਵੀ ਇਵੇਂ ਹੀ ਕਰਦੇ ਸਨ...ਛਾਲਾਂ ਮਾਰਦੇ ਹੋਏ ਯਕਦਮ ਮੈਦਾਨ ਵਿਚ ਕੁੱਦ ਪੈਂਦੇ ਤੇ ਦੁਸ਼ਮਣ ਦੀ ਫੌਜ ਉੱਤੇ ਟੁੱਟ ਪੈਂਦੇ..."

ਇਸ ਨਸੀਹਤ ਦੇ ਬਾਵਜੂਦ ਜਦੋਂ ਸਿੱਖਾਂ ਨੇ ਜ਼ਰਾ ਪਿੱਛੇ ਹਟਣ ਦਾ ਬਹਾਨਾ ਕੀਤਾ, ਨਸੀਰ ਖ਼ਾਂ ਆਪਣੀ ਜਗ੍ਹਾ ਛੱਡ ਕੇ ਅੱਗੇ ਵਧ ਗਿਆ। ਸਿੱਖ ਪਲਟ ਕੇ

ਖਾਲੀ ਜਗ੍ਹਾ ਉੱਤੇ ਆਣ ਕਾਬਜ ਹੋਏ। ਨਸੀਰ ਖ਼ਾਂ ਘੇਰੇ ਵਿਚ ਫਸ ਗਿਆ। ਉਹ ਅਹਿਮਦ ਸ਼ਾਹ ਨਾਲੋਂ ਬਿਲਕੁਲ ਕੱਟਿਆ ਗਿਆ। ਪਰ ਜਲਦੀ ਹੀ ਰਾਤ ਉਤਰ ਆਈ ਤੇ ਨਸੀਰ ਖ਼ਾਂ ਨੇ ਮੁਸ਼ਕਿਲ ਨਾਲ ਆਪਣੀ ਜਾਨ ਬਚਾਈ।

ਦੂਜੇ ਦਿਨ ਸੂਰਜ ਚੜ੍ਹਦਿਆਂ ਹੀ ਅਬਦਾਲੀ ਨੇ ਆਪਣੀ ਫ਼ੌਜ ਨੂੰ ਕੂਚ ਕਰਨ ਦਾ ਹੁਕਮ ਸੁਣਾ ਦਿੱਤਾ। ਪਰ ਉਹ ਅਜੇ ਦੋ ਤਿੰਨ ਕੋਹ ਹੀ ਗਏ ਸਨ ਕਿ ਖਾਲਸੇ ਨੇ ਅੱਗੇ ਆ ਕੇ ਖੱਬੇ ਪਾਸਿਓਂ ਹੱਲਾ ਬੋਲ ਦਿੱਤਾ। ਇਸ ਦਿਨ ਅਬਦਾਲੀ ਨੇ ਆਪਣੀ ਫ਼ੌਜ ਦੀ ਤਰਤੀਬ ਬਦਲੀ ਹੋਈ ਸੀ। ਖੱਬੇ ਵਾਲੇ ਸੱਜੇ ਤੇ ਸੱਜੇ ਵਾਲੇ ਖੱਬੇ ਚਲੇ ਗਏ ਸਨ। ਇੰਜ ਹੀ ਅੱਗੇ ਵਾਲੇ ਪਿੱਛੇ ਤੇ ਪਿੱਛੇ ਵਾਲੇ ਅੱਗੇ ਕਰ ਦਿੱਤੇ ਗਏ ਸਨ।

ਖਾਲਸੇ ਦੇ ਹਮਲਾ ਕਰਨ ਵਾਲੇ ਦਸਤੇ ਛਾਲਾਂ ਮਾਰਦੇ ਹੋਏ ਅੱਗੇ ਆਏ ਲੜਨਾ ਸ਼ੁਰੂ ਕਰ ਦਿੱਤਾ। ਅਬਦਾਲੀ ਦਾ ਅੱਗੇ ਵਧਣਾ ਰੁਕ ਗਿਆ। ਉਸਨੇ ਉੱਥੇ ਹੀ ਝੰਡੇ ਗੱਡ ਦਿੱਤੇ। ਅਹਿਮਦ ਸ਼ਾਹ ਨੇ ਫ਼ੌਜ ਦੇ ਚਾਰੇ ਪਾਸੇ ਘੁੰਮ ਘੁੰਮ ਕੇ ਹਰੇਕ ਨੂੰ ਹਦਾਇਤ ਕੀਤੀ ਕਿ 'ਜਿੱਥੇ ਹੋ,ਬਸ, ਉੱਥੇ ਹੀ ਡਟੇ ਰਹੋ; ਅੱਗੇ ਵਧ ਕੇ ਨਵੀਂ ਜਗ੍ਹਾ ਜਾਣ ਦੀ ਬਿਲਕੁਲ ਕੋਸ਼ਿਸ਼ ਨਹੀਂ ਕਰਨੀ।' ਉਸਨੇ ਨਸੀਰ ਕੋਲ ਜਾ ਕੇ ਕਿਹਾ ਕਿ 'ਬਲੋਚ ਫ਼ੌਜ ਮੇਰੀ ਸੱਜੀ ਬਾਂਹ ਹੈ। ਬਸ, ਇੰਜ ਹੀ ਕੋਹਕਾਫ਼ ਵਾਂਗ ਅਟੱਲ ਖੜ੍ਹੇ ਰਹੋ, ਮੇਰੇ ਹੁਕਮ ਦੇ ਬਗੈਰ ਇਕ ਕਦਮ ਵੀ ਅੱਗੇ ਨਹੀਂਓਂ ਵਧਣਾ।'

ਠੀਕ ਮੌਕਾ ਦੇਖ ਕੇ ਸ਼ਾਹ ਨੇ ਹਮਲਾ ਕਰਨ ਦਾ ਹੁਕਮ ਦਿੱਤਾ ਤੇ ਉਸਦੀ ਫ਼ੌਜ ਬੜੇ ਜੋਸ਼ ਨਾਲ ਅੱਗੇ ਵਧੀ। ਜਦੋਂ ਉਹ ਦੋ ਤਿੰਨ ਕੋਹ ਅੱਗੇ ਵਧੇ ਤਾਂ ਇਕ ਵੀ ਸਿੱਖ ਮੈਦਾਨ ਵਿਚ ਨਜ਼ਰ ਨਹੀਂ ਸੀ ਆਇਆ। ਇਸ ਲਈ ਗਾਜੀ ਵਾਪਸ ਪਰਤ ਪਏ। ਉਹਨਾਂ ਦੇ ਪਿੱਠ ਮੋੜਨ ਦੀ ਦੇਰ ਸੀ ਕਿ ਸਿੰਘ ਪਲਟ ਆਏ ਤੇ ਗਾਜੀਆਂ ਉੱਤੇ ਚਾਰੇ ਪਾਸਿਓਂ ਟੁੱਟ ਪਏ। ਅਹਿਮਦ ਸ਼ਾਹ ਇਕ ਵਾਰੀ ਫੇਰ ਆਪਣੀ ਫ਼ੌਜ ਦੇ ਇਰਦ ਗਿਰਦ ਘੁੰਮ ਘੁੰਮ ਕੇ ਥਾਵੇਂ ਡਟ ਜਾਣ ਦੀਆਂ ਹਦਾਇਤਾਂ ਕਰਦਾ ਨਜ਼ਰ ਆਇਆ—'ਆਪਣੀ ਜਗ੍ਹਾ ਖੜ੍ਹੇ ਰਹੋ; ਦੁਸ਼ਮਣ ਨੂੰ

ਪਿੱਛੇ ਹਟਦਾ ਦੇਖ ਕੇ ਅੱਗੇ ਨਾ ਵਧੋ; ਅੱਗੇ ਵਧਣ ਵਿਚ ਖ਼ਤਰਾ ਹੈ।'

ਸ਼ਾਹ ਦਾ ਕਿਉਂਕਿ ਆਪਣੀ ਫੌਜ ਨੂੰ ਅੱਗੇ ਵਧਣ ਦਾ ਹੁਕਮ ਨਹੀਂ ਸੀ, ਇਸ ਲਈ ਹਮਲੇ ਸਿਰਫ ਸਿੱਖਾਂ ਨੇ ਕੀਤੇ। ਅਫ਼ਗਾਨ ਤੇ ਬਲੋਚ ਸਿਰਫ ਆਪਣਾ ਬਚਾ ਹੀ ਕਰਦੇ ਰਹੇ। ਲੜਾਈ ਸਾਰਾ ਦਿਨ ਇਸੇ ਤਰ੍ਹਾਂ ਚਲਦੀ ਰਹੀ। ਰਾਤ ਹੋਈ ਤਾਂ ਦੋਹੇਂ ਧਿਰਾਂ ਆਪੋ ਆਪਣੇ ਠਿਕਾਣਿਆਂ ਉੱਤੇ ਚਲੀਆਂ ਗਈਆਂ। ਤੀਜੇ ਦਿਨ ਦੀ ਲੜਾਈ ਵੀ ਪਹਿਲੇ ਦੋ ਦਿਨਾਂ ਵਰਗੀ ਹੀ ਸੀ। ਅਫ਼ਗਾਨ ਤੇ ਬਲੋਚ ਸੂਰਜ ਨਿਕਦਿਆਂ ਹੀ ਘੋੜਿਆਂ ਉਪਰ ਸਵਾਰ ਹੋਏ ਤੇ ਅੱਗੇ ਵੱਲ ਕੂਚ ਕੀਤਾ। ਉਹ ਅਜੇ ਪੰਜ ਕੋਹ ਹੀ ਜਾ ਸਕੇ ਸਨ ਕਿ ਸਿੱਖਾਂ ਨੇ ਰਸਤਾ ਆਣ ਰੋਕਿਆ। ਨੂਰ ਮੁਹੰਮਦ ਦੇ ਸ਼ਬਦਾਂ ਵਿਚ—'ਉਹ ਪਹਿਲੇ ਦੋ ਦਿਨਾਂ ਵਾਂਗ ਹੀ ਲੜੇ ਤੇ ਉਹੀ ਦਾਅ-ਪੇਚ ਵਰਤਦੇ ਰਹੇ। ਉਹ ਸ਼ੇਰਾਂ ਵਾਂਗ ਝਪਟਦੇ ਸਨ ਤੇ ਲੂੰਬੜਾਂ ਵਾਂਗ ਝੱਟ ਪਰਤ ਜਾਂਦੇ ਸਨ। ਉਹਨਾਂ ਨੂੰ ਭੱਜਦਿਆਂ ਨੂੰ ਵੀ ਸ਼ਰਮ ਨਹੀਂ ਸੀ ਆਉਂਦੀ! ਮੈਦਾਨ ਵਿਚ ਜੰਮ ਕੇ ਲੜਦੇ ਹੀ ਨਹੀਂ ਸਨ। ਜਰਾ ਫ਼ਾਸਲੇ ਤੋਂ ਗੋਲੀਆਂ ਦੀ ਵਾਛੜ ਕਰਦੇ, ਫੇਰ ਮੈਦਾਨ ਛੱਡ ਕੇ ਭੱਜ ਜਾਂਦੇ। ਉਹਨਾਂ ਕੰਬਖ਼ਤ ਕੁੱਤਿਆਂ ਨੇ ਈਮਾਨ ਦੇ ਰਾਖੇ ਸ਼ਾਹ ਦੀ ਫੌਜ ਦਾ ਪਿੱਛਾ ਕੀਤਾ, ਜਿਵੇਂ ਹੀ ਸ਼ਾਹ ਰੁਕਦਾ ਸੀ ਇਹ ਕਲਮੂੰਹੇ ਕੁੱਤੇ ਉਸ ਉੱਤੇ ਟੁੱਟ ਪੈਂਦੇ ਸਨ।'

ਚੌਥੇ ਦਿਨ ਦੀ ਲੜਾਈ ਕਪੂਰਥਲੇ ਦੇ ਨੇੜੇ ਹੋਈ। ਜਿਸ ਵਿਚ ਦੁਰਾਨੀ ਦੇ ਆਦਮੀਆਂ ਤੇ ਪਸ਼ੂਆਂ ਦਾ ਕਾਫੀ ਨੁਕਸਾਨ ਹੋਇਆ।

ਨੂਰ ਮੁਹੰਮਦ ਨੇ ਪੰਜਵੇਂ ਤੇ ਛੇਵੇਂ ਦਿਨ ਦੀ ਲੜਾਈ ਬਾਰੇ ਕੁਝ ਵੀ ਨਹੀਂ ਲਿਖਿਆ। ਪਰ ਸੱਤਵੇਂ ਦਿਨ ਦੀ ਲੜਾਈ ਦਾ ਵੇਰਵਾ ਇੰਜ ਹੈ, ਜਿਹੜੀ ਬਿਆਸ ਦੇ ਦੱਖਣ ਵਿਚ ਹੋਈ ਤੇ ਜਿਸ ਵਿਚ ਸਿੱਖਾਂ ਦੀ ਗਿਣਤੀ 30 ਹਜ਼ਾਰ ਸੀ। ਨੂਰ ਮੁਹੰਮਦ ਨੇ ਭਾਵੇਂ ਸਿੱਖਾਂ ਲਈ—'ਕੰਬਖ਼ਤ ਕਾਫ਼ਿਰ', 'ਸੂਰ ਖਾਣੇ', 'ਕਲਮੂੰਹੇਂ ਕੁੱਤੇ' ਆਦੀ ਨਫ਼ਰਤ ਭਰੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਪਰ ਉਸਦੀ ਕਿਤਾਬ

'ਜੰਗਨਾਮਾ' ਵਿਚ ਹੀ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਉਹ ਆਪਣੇ ਇਹਨਾਂ ਸ਼ਬਦਾਂ ਦੀ ਵਰਤੋਂ ਉੱਤੇ ਆਪ ਵੀ ਸ਼ਰਮਿੰਦਾ ਹੈ ਤੇ ਖਾਲਸੇ ਦੀ ਬਹਾਦਰੀ ਦਾ ਕਇਲ ਵੀ।

'ਸਿੰਘ ਨੂੰ ਸੰਗ ਨਾ ਕਹੋ ਕਿਉਂਕਿ ਉਹ ਸ਼ੇਰ ਨੇ ਤੇ ਮਰਦਾਨਗੀ ਦੇ ਮੈਦਾਨ ਵਿਚ ਮਰਦਾਂ ਵਾਂਗ ਦਲੇਰ ਨੇ।'

'ਰਣ ਦਾ ਜਿਹੜਾ ਸੂਰਮਾ ਮੈਦਾਨ ਵਿਚ ਸ਼ੇਰ ਵਾਂਗ ਗਰਜਦਾ ਹੈ ਭਲਾ 'ਸੰਗ' ਕਿੰਜ ਹੋ ਸਕਦਾ ਹੈ? ਜੇ ਤੁਹਾਨੂੰ ਲੜਾਈ ਦੇ ਪੈਂਤਰੇ ਸਿੱਖਣ ਦੀ ਇੱਛਾ ਹੈ ਤਾਂ ਆਓ ਰਣਭੂਮੀ ਵਿਚ ਇਹਨਾਂ ਦੇ ਸਾਹਮਣੇ ਖਲੋਵੋ।'

'ਉਹ ਜੰਗ ਦੇ ਤੁਹਾਨੂੰ ਉਹ ਪੈਂਤਰੇ ਦਿਖਾਉਣਗੇ ਕਿ ਸਾਰੇ ਵਾਹ ਵਾਹ ਕਰ ਉਠਣਗੇ।'

ਬਿਆਸ ਪਾਰ ਕਰ ਜਾਣ ਪਿੱਛੋਂ ਖਾਲਸੇ ਨੇ ਅਬਦਾਲੀ ਦਾ ਪਿੱਛਾ ਨਹੀਂ ਕੀਤਾ ਤੇ ਉਹ ਵੀ ਬਿਆਸ ਪਾਰ ਕਰਨ ਪਿੱਛੋਂ ਕਿਤੇ ਨਹੀਂ ਰੁਕਿਆ, ਛੇਤੀ ਤੋਂ ਛੇਤੀ ਅਫ਼ਗਾਨਿਸਤਾਨ ਪਹੁੰਚ ਗਿਆ।

ਪਾਨੀਪਤ ਦੇ ਵਿਜੇਤਾ ਅਹਿਮਦ ਸ਼ਾਹ ਨੂੰ ਖਾਲਸੇ ਨੇ ਅਜਿਹੀ ਕਰਾਰੀ ਹਾਰ ਦਿੱਤੀ ਕਿ ਉਸਦੀ ਦਸਾ 'ਘਰ ਕੇ ਬੁੱਧੂ ਲੌਟ ਕੇ ਆਏ' ਵਾਲੀ ਕਰ ਦਿੱਤੀ ਸੀ।

ਅਹਿਮਦ ਸ਼ਾਹ 1765 ਦੇ ਅੱਧ ਤਕ ਅਫ਼ਗਾਨਿਸਤਾਨ ਪਰਤ ਗਿਆ। ਖਾਲਸੇ ਨੇ 10 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਵਿਸਾਖੀ ਮਨਾਈ। ਵਿਸਾਖੀ ਦਾ ਇਹ ਜੋੜ ਮੇਲਾ ਅਸਲ ਵਿਚ ਫਤਿਹ ਦਿਵਸ ਸੀ ਤੇ ਇਸਦੀ ਸ਼ਾਨ ਹੀ ਨਿਰਾਲੀ ਸੀ। ਦੁਰਾਨੀ ਨੇ ਹਰਿਮੰਦਰ ਢਾਹ ਦਿੱਤਾ ਸੀ ਸਰੋਵਰ ਨੂੰ ਮਲਵੇ ਨਾਲ ਭਰਵਾ ਦਿੱਤਾ। ਇਸ ਦੇ ਬਾਵਜੂਦ ਸ਼ਰਧਾ, ਆਜ਼ਾਦੀ ਤੇ ਖ਼ੁਸ਼ੀਆਂ ਦਾ ਵਾਤਾਵਰਣ ਸੀ। ਜੱਸਾ

ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸ਼ੁਕਰਚਕੀਆ, ਹਰੀ ਸਿੰਘ, ਝੰਡਾ ਸਿੰਘ, ਗੁਜਰ ਸਿੰਘ ਭੰਗੀ, ਜੈ ਸਿੰਘ ਤੇ ਸੋਭਾ ਸਿੰਘ ਕਨ੍ਹਈਆ ਆਦੀ ਸਾਰੇ ਸਰਦਾਰ ਹਾਜ਼ਰ ਸਨ। ਇਕ ਪਾਸੇ ਨੇਜਾ, ਖੰਡਾ, ਧਨੁਸ਼ ਤੇ ਤੀਰ ਤਲਵਾਰ ਆਦੀ ਯੁੱਧ–ਸ਼ਸ਼ਤਰਾਂ ਦੀ ਪ੍ਰਦਰਸ਼ਨੀ ਲਾਈ ਗਈ ਸੀ ਤੇ ਦੂਜੇ ਪਾਸੇ ਮਨਮੋਹਨ ਦੇ ਹੱਥ–ਚਿੱਤਰਾਂ ਦੀ। ਇਹਨਾਂ ਚਿੱਤਰਾਂ ਵਿਚ ਵੀ ਹਥਿਆਰ ਸਨ, ਘੋੜੇ ਸਨ ਤੇ ਮੌਤ ਨੂੰ ਮਸ਼ਕਰੀਆਂ ਕਰਦੇ ਦੁਸ਼ਮਣ ਨਾਲ ਜੂਝਨ ਵਾਲੇ ਬਹਾਦੁਰ ਯੋਧੇ ਸਨ। ਜੱਸਾ ਸਿੰਘ ਆਹਲੂਵਾਲੀਆ ਦੇ ਚਿੱਤਰ ਨਾਲ ਹੀ ਚੜ੍ਹਤ ਸਿੰਘ ਸ਼ੁਕਰਚਕੀਆ ਦਾ ਚਿੱਤਰ ਲੱਗਿਆ ਹੋਇਆ ਸੀ। ਉਸਦੇ ਇਕ ਹੱਥ ਵਿਚ ਧਨੁਸ਼, ਪਿੱਛੇ ਕਮਰਕਸੇ ਵਿਚ ਨੇਜਾ ਤੇ ਤਲਵਾਰ ਤੇ ਘੋੜਾ ਦੁਸ਼ਮਣ ਉੱਤੇ ਝਪਟ ਪੈਣ ਲਈ ਤਿਆਰ ਬਰ ਤਿਆਰ ਨਜ਼ਰ ਆ ਰਿਹਾ ਸੀ। ਤੀਜਾ ਕਲਪਣਾ ਚਿੱਤਰ ਬਾਬਾ ਦੀਪ ਸਿੰਘ ਦਾ ਸੀ—ਇਕ ਹੱਥ ਵਿਚ ਖੰਡਾ ਚੁੱਕੀ ਤੇ ਦੂਜੇ ਉਪਰ ਆਪਣਾ ਕੱਟਿਆ ਹੋਇਆ ਸਿਰ ਰੱਖੀ, ਉਹ ਆਪਣੀ ਸੁੱਖਣਾ ਪੂਰੀ ਕਰਨ ਖਾਤਰ, ਦੁਸ਼ਮਣ ਨਾਲ ਲੜਦਾ ਹੋਇਆ ਦਰਬਾਰ ਸਾਹਿਬ ਵਲ ਵਧ ਰਿਹਾ ਸੀ। ਇਹ ਚਿੱਤਰ ਇਕ ਕਤਾਰ ਵਿਚ ਸਨ ਤੇ ਦੂਜੀ ਕਤਾਰ ਵਿਚ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਦਸਾਂ ਗੁਰੂਆਂ ਦੇ ਚਿੱਤਰ ਰੱਖੇ ਹੋਏ ਸਨ। ਇਹਨਾਂ ਦੋਹਾਂ ਕਤਾਰਾਂ ਦੇ ਵਿਚਕਾਰ ਬੰਦਾ ਬਹਾਦੁਰ ਦਾ ਚਿੱਤਰ ਸੀ। ਹਰੇਕ ਚਿੱਤਰ ਦੀ ਆਪਣੀ ਵਿਸ਼ੇਸ਼ਤਾ ਸੀ।

ਪ੍ਰਦਰਸ਼ਨੀ ਦੇਖਣ ਲਈ ਲੋਕਾਂ ਦੀ ਖਾਸੀ ਭੀੜ ਜੁੜੀ ਹੋਈ ਸੀ, ਜਿਹਨਾਂ ਵਿਚ ਚਿੱਤਰਕਾਰ ਮਨਮੋਹਨ ਆਪ ਵੀ ਸੀ। ਆਏ ਲੋਕ ਚਿੱਤਰ ਦੇਖ ਰਹੇ ਸਨ ਤੇ ਉਹਨਾਂ ਬਾਰੇ ਮਨਮੋਹਨ ਨਾਲ ਗੱਲਬਾਤ ਵੀ ਕਰ ਰਹੇ ਸਨ। ਉਹਨਾਂ ਵਿਚ ਮਨਮੋਹਨ ਦਾ ਪੁਰਾਣਾ ਜਾਣੂ ਭੂਪ ਸਿੰਘ ਵੀ ਸੀ। ਭੂਪ ਸਿੰਘ ਦੇ ਨਾਲ ਇਕ ਹੋਰ ਆਦਮੀ ਵੀ ਨਜ਼ਰ ਆ ਰਿਹਾ ਸੀ, ਜਿਸਨੂੰ ਅਸੀਂ ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਹਰ ਅਲੀ ਦੇ ਨਾਂ ਨਾਲ ਜਾਣਦੇ ਹਾਂ। ਪਰ ਹੁਣ ਉਹ ਨਾ ਸ਼ਾਦ

ਅਲੀ ਸੀ ਤੇ ਨਾ ਹੀ ਮੇਹਰ ਅਲੀ, ਸਿਰਫ ਮੇਹਰ ਚੰਦ ਸੀ।

"ਕੀ ਇਹ ਗੁਰੂਆਂ ਦੇ ਚਿੱਤਰ ਵੀ ਤੁਸਾਂ ਆਪ ਈ ਬਣਾਏ ਨੇ?" ਮੇਹਰ ਚੰਦ ਨੇ ਚਿੱਤਰਕਾਰ ਨੂੰ ਪੁੱਛਿਆ।

"ਨਹੀਂ ਜੀ," ਮਨਮੋਹਨ ਨੇ ਜਵਾਬ ਦਿੱਤਾ, "ਇਹ ਹੋਰ ਕਲਾਕਾਰਾਂ ਦੀਆਂ ਕਿਰਤਾਂ ਨੇ। ਮੈਂ ਤਾਂ ਬਸ ਸੰਗ੍ਰਿਹ ਹੀ ਕੀਤਾ ਏ।"

"ਖ਼ੁਦ ਚਿੱਤਰ ਹੀ ਦੱਸ ਰਹੇ ਨੇ ਬਈ ਇਹ ਇਹਨਾਂ ਦੀ ਕਲਾ–ਕਿਰਤ ਨਹੀਂ," ਭੂਪ ਸਿੰਘ ਨੇ ਇਕ ਨਜ਼ਰ ਗੁਰੂ–ਚਿੱਤਰਾਂ ਵੱਲ ਦੇਖਿਆ। ਫੇਰ ਦੂਜੀ ਕਤਾਰ ਵੱਲ ਨਜ਼ਰ ਭੁਆਂ ਦੇ ਕਿਹਾ, "ਇਹਨਾਂ ਦੀ ਕਲਮ ਦੀ ਤੋਰ ਈ ਵੱਖਰੀ ਏ ਤੇ ਭਾਵਨਾਵਾਂ ਦਾ ਪ੍ਰਗਟਾਅ ਵੀ।" ਭੂਪ ਸਿੰਘ ਨੇ 'ਭਾਵਨਾਵਾਂ' ਉੱਤੇ ਖਾਸਾ ਜ਼ੋਰ ਦਿੱਤਾ ਸੀ।

"ਇੰਜ ਕਹੀਏ ਕਿ ਗੁਰੂਆਂ ਦੇ ਚਿੱਤਰ ਬਨਾਉਣ ਵਾਲੇ ਅਤੀਤ ਦੇ ਚਿਤੇਰੇ ਨੇ ਤੇ ਤੁਸੀਂ ਸਾਡੇ ਇਸ ਯੁੱਗ ਦੇ...ਜਿਸ ਵਿਚ ਯੁੱਧ ਦੀ ਭਾਵਨਾ ਸਰਵਉੱਚ ਤੇ ਪ੍ਰਬਲ ਹੈ?" ਮੇਹਰ ਚੰਦ ਨੇ ਗੱਲ ਨਾਲ ਗੱਲ ਮੇਲੀ।

ਚਿੱਤਰਕਾਰ ਨੇ ਮੁਸਕਰਾਉਂਦਿਆਂ ਹੋਇਆਂ ਆਪਣਾ ਹੱਥ ਮੇਹਰ ਚੰਦ ਵਲ ਵਧਾਅ ਦਿੱਤਾ ਤੇ ਮੇਹਰ ਚੰਦ ਨੇ ਵੀ ਪੂਰੀ ਗਰਮ ਜੋਸ਼ੀ ਨਾਲ ਹੱਥ ਮਿਲਾਇਆ।

"ਮੈਂ ਈਹਦੇ ਨਾਲ ਤੁਹਾਡੀ ਜਾਣ ਪਛਾਣ ਕਰਾ ਦਿਆਂ।" ਭੂਪ ਸਿੰਘ ਨੇ ਮਨਮੋਹਨ ਨੂੰ ਕਿਹਾ।

"ਜ਼ਰੂਰ, ਜ਼ਰੂਰ..."

"ਈਹਦਾ ਨਾਂ ਮੇਹਰ ਚੰਦ ਏ ਤੇ ਇਹ ਮੇਰਾ ਛੋਟਾ ਭਰਾ ਏ।"

"ਮੁਆਫ਼ ਕਰਨਾ, ਇਹਨਾਂ ਦੀ ਸ਼ਕਲ ਤੁਹਾਡੇ ਨਾਲ ਨਹੀਂ ਮਿਲਦੀ।"

ਚਿੱਤਰਕਾਰ ਉਹਨਾਂ ਦੋਹਾਂ ਵੱਲ ਡੂੰਘੀਆਂ ਨਜ਼ਰਾਂ ਨਾਲ ਦੇਖ ਰਿਹਾ ਸੀ।

"ਇਹ ਵੀ ਤੁਸੀਂ ਠੀਕ ਆਖਿਆ," ਭੂਪ ਸਿੰਘ ਨੇ ਉਤਰ ਦਿੱਤਾ, "ਅਸਲ ਵਿਚ ਇਹ ਮੇਰਾ ਗੁਰ ਭਾਈ ਏ। ਅਸੀਂ ਅਲਹੋਲ ਮਕਤਬ ਵਿਚ ਪਲੇ ਹੋਏ ਹਾਂ।"

"ਅਲਹੋਲ ਵਿਚ? ਉੱਥੇ ਤਾਂ ਯਤੀਮ ਬੱਚੇ ਪਲਦੇ ਨੇ?" ਜਿਹੜੇ ਦਰਸ਼ਕ ਉਹਨਾਂ ਦੀਆਂ ਗੱਲਾਂ ਸੁਨਣ ਲਈ ਖਲੋਤੇ ਹੋਏ ਸਨ, ਉਹਨਾਂ ਵਿਚੋਂ ਕਿਸੇ ਨੇ ਕਿਹਾ ਸੀ।

"ਹਾਂ, ਅਸੀਂ ਦੋਹੇਂ ਵੀ ਅਨਾਥ ਸਾਂ...ਪਰ ਹੁਣ ਅਨਾਥ ਨਹੀਂ, ਕਿਉਂਕਿ ਪੰਥ ਸਾਡਾ ਮਾਂ-ਬਾਪ ਏ।" ਭੂਪ ਸਿੰਘ ਖੁੱਲ੍ਹ ਕੇ ਮੁਸਕਰਾਇਆ। ਮੇਹਰ ਚੰਦ, ਮਨਮੋਹਨ ਤੇ ਦਰਸ਼ਕ ਵੀ ਮੁਸਕਰਾਉਣ ਲੱਗੇ।

ਇਸ ਪਿੱਛੋਂ ਗੱਲ ਫੇਰ ਚਿੱਤਰਾਂ ਦੀ ਹੋਣ ਲੱਗੀ। ਭੂਪ ਸਿੰਘ ਤੇ ਮੇਹਰ ਚੰਦ ਇਕ ਗੱਲ ਉੱਤੇ ਇਕ ਮਤ ਸਨ ਕਿ ਮਨਮੋਹਨ ਨੂੰ ਘੋੜਿਆਂ ਦੇ ਹਾਵ ਭਾਵ ਦਰਸ਼ਾਉਣ ਵਿਚ ਪੂਰੀ ਮੁਹਾਰਤ ਹਾਸਿਲ ਹੈ; ਲੱਗਦਾ ਹੈ ਕਿ ਸਵਾਰ ਤੇ ਘੋੜਾ ਇਕ ਮਤ ਹੋ ਕੇ ਬਲਿਦਾਨ ਭਾਵਨਾ ਨਾ ਯੁੱਧ ਖੇਤਰ ਵਿਚ ਉਤਰੇ ਨੇ ਤੇ ਦੋਹੇਂ ਹੌਸਲੇ ਤੇ ਬਹਾਦੁਰੀ ਦੀ ਸਾਕਾਰ ਮੂਰਤ ਨੇ।

ਦੀਵਾਨ ਸਜਿਆ, ਗੁਰਬਾਣੀ ਦਾ ਪਾਠ ਹੋਇਆ, ਅਰਦਾਸ ਹੋਈ ਤੇ ਫੇਰ ਸਰਦਾਰ ਆਹਲੂਵਾਲੀਆ ਨੇ ਸੰਗਤਾਂ ਨੂੰ ਸੰਬੋਧਨ ਕੀਤਾ, "ਖਾਲਸਾ ਜੀ, ਇਹ ਵਿਸਾਖੀ ਦਾ ਦਿਹਾੜਾ ਇਕ ਯਾਦਗਾਰੀ ਦਿਹਾੜਾ ਹੈ। ਵਹਿਗੁਰੂ ਦੀ ਕਿਰਪਾ ਨਾਲ ਸਾਨੂੰ ਇਹ ਜਿੱਤ ਪ੍ਰਾਪਤ ਹੋਈ ਹੈ, ਇਸ ਲਈ ਸਾਨੂੰ ਅਕੱਥ ਕੁਰਬਾਨੀਆਂ ਦੇਣੀਆਂ ਪਈਆਂ ਨੇ। ਅਸਾਂ ਬਹੁਤ ਹੀ ਸ਼ਕਤੀਸ਼ਾਲੀ ਦੁਸ਼ਮਣ ਨੂੰ ਭਾਂਜ ਦਿੱਤੀ ਏ। ਪਰ ਇਸ ਨਾਲ ਸਾਡੇ ਅੰਦਰ ਹੰਕਾਰ ਦੀ ਭਾਵਨਾ ਨਹੀਂ ਪੈਦਾ ਹੋਣੀ ਚਾਹੀਦੀ। ਗੁਰੂ ਦੇ ਵਾਕ 'ਮਨ ਨੀਵਾਂ ਮੱਤ ਉੱਚੀ' ਨੂੰ ਚੇਤੇ ਰੱਖਦਿਆਂ ਹੋਇਆਂ, ਹੁਣ ਸਾਨੂੰ ਆਪਣੀ ਉਸ ਜਨਤਾ ਦੀ ਸੇਵਾ ਕਰਨੀ ਚਾਹੀਦੀ ਹੈ, ਜਿਸ ਨੇ ਸਾਡੀ

ਖਾਤਰ ਦੁੱਖ ਝੱਲੇ ਨੇ; ਕਸ਼ਟ ਭੋਗੇ ਨੇ। ਇਸ ਵਿਚ ਅਸੀਂ ਜਾਤ–ਪਾਤ ਦਾ ਭੇਦ–ਭਾਵ ਨਹੀਂ ਵਰਤਣਾ। ਪੰਜਾਬ ਦੀ ਸਮੁੱਚੀ ਜਨਤਾ ਸਾਡੀ ਆਪਣੀ ਜਨਤਾ ਹੈ। ਅਸਾਂ ਸਾਰਿਆਂ ਨੂੰ ਰਾਹਤ ਪਹੁਚਾਉਣੀ ਹੈ ਤੇ ਸਰਿਆਂ ਦੇ ਜੀਵਨ ਨੂੰ ਸੁਖੀ ਬਨਾਉਣ ਦੇ ਯਤਨ ਕਰਨੇ ਨੇ। ਦਸਮ ਗੁਰੂ ਨੇ ਪੰਜਾਬ ਨੂੰ ਸੁਤੰਤਰ ਕਰਨ ਦਾ ਜਿਹੜਾ ਸੁਪਨਾ ਦੇਖਿਆ ਸੀ...ਉਸ ਸੁਪਨੇ ਤੇ ਉਸ ਆਜ਼ਾਦੀ ਦੇ ਅਰਥ ਸਿਰਫ ਇਹੀ ਸਨ।”

ਦੀਵਾਨ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰਿਆਂ ਨਾਲ ਗੂੰਜ ਉਠਿਆ।

ਜੱਸਾ ਸਿੰਘ ਦੀ ਉਮਰ ਹੁਣ ਪੰਜਾਹ ਦੇ ਲਗਭਗ ਸੀ। ਦਾੜ੍ਹੀ ਦੇ ਸਾਰੇ ਵਾਲ ਚਿੱਟੇ ਹੋ ਚੁੱਕੇ ਸਨ। ਚਿਹਰੇ ਉਪਰ ਇਕ ਅਨੂਠੀ ਆਭਾ ਸੀ, ਜਿਹੜੀ ਸੰਘਰਸ਼ ਦੀ ਭੱਠੀ ਵਿਚ ਤਪ ਕੇ ਆਈ ਸੀ। ਉਹਨਾਂ ਧੀਮੀ ਤੇ ਦਰਿੜ੍ਹ ਆਵਾਜ਼ ਵਿਚ ਆਪਣੀ ਗੱਲ ਜਾਰੀ ਰੱਖੀ, “ਇਸ ਸਮੇਂ ਸਾਡੇ ਸਾਹਮਣੇ ਦੋ ਹੀ ਮੁੱਖ ਕਾਰਜ ਨੇ—ਹਰਿਮੰਦਰ ਤੇ ਸਰੋਵਰ ਦਾ ਮੁੜ ਨਿਰਮਾਣ ਤੇ ਦੂਜਾ, ਲਾਹੌਰ ਨੂੰ ਮੁਕਤ ਕਰਵਾ ਕੇ ਉਸਨੂੰ ਸੁਤੰਤਰ ਪੰਜਾਬ ਦੀ ਸੁਤੰਤਰ ਰਾਜਧਾਨੀ ਬਨਾਉਣਾ।”

ਮਨਮੋਹਨ ਦੇ ਆਪਣੀ ਕਲਾ ਰਾਹੀਂ ਪੰਥ ਦੀ ਜਿਹੜੀ ਸੇਵਾ ਕੀਤੀ ਸੀ, ਉਸਦੀ ਸਲਾਘਾ ਕਰਦਿਆਂ ਹੋਇਆਂ, ਉਸਨੂੰ ਸਰੋਪਾ ਭੇਂਟ ਕੀਤਾ ਗਿਆ।

ਖਾਲਸੇ ਕੋਲ ਧਨ ਦੀ ਕਮੀ ਨਹੀਂ ਸੀ। ਹਰਿਮੰਦਰ ਤੇ ਸਰੋਵਰ ਦੇ ਮੁੜ ਨਿਰਮਾਣ ਕੰਮ ਉਸੇ ਦਿਨ ਆਰੰਭ ਕਰ ਦਿੱਤਾ ਗਿਆ ਤੇ ਗੁਰੂ ਗ੍ਰੰਥ ਸਾਹਿਬ ਦੇ ਰੋਜ਼ਾਨਾ ਪ੍ਰਕਾਸ਼ ਲਈ ਗ੍ਰੰਥੀ ਨਿਯੁਕਤ ਕਰ ਦਿੱਤੇ ਗਏ।

**000**

ਉਸ ਸਮੇਂ ਲਾਹੌਰ ਦਾ ਸੂਬੇਦਾਰ ਕਾਬੁਲੀ ਮੱਲ ਸੀ। ਉਹ ਸ਼ਹਿਰ ਨੂੰ ਆਪਣੇ

ਭਾਣਜੇ ਅਮੀਰ ਸਿੰਘ ਦੇ ਹਵਾਲੇ ਕਰਕੇ ਆਪ ਦੋ ਹਜ਼ਾਰ ਡੋਗਰੇ ਭਰਤੀ ਕਰਨ ਲਈ ਗਿਆ ਹੋਇਆ ਸੀ। ਇਸ ਮੌਕੇ ਦਾ ਲਾਭ ਲੈਂਦਿਆਂ ਜੱਸਾ ਸਿੰਘ, ਜੈ ਸਿੰਘ, ਹਰੀ ਸਿੰਘ ਤੇ ਗੁਜਰ ਸਿੰਘ ਭੰਗੀ, ਦੋ ਹਜ਼ਾਰ ਸਵਾਰਾਂ ਨੂੰ ਨਾਲ ਲੈ ਕੇ, ਰਾਤੋ ਰਾਤ, ਬਾਗਵਾਨ ਪੁਰ ਜਾ ਪਹੁੰਚੇ। ਕਿਲੇ ਵਿਚ ਕੰਮ ਕਰਨ ਵਾਲੇ ਪੂਰਬੀਆਂ ਨਾਲ ਗੱਲਬਾਤ ਕੀਤੀ ਗਈ, ਪਰ ਉਹਨਾਂ ਗਦਾਰਾਂ ਵਾਲੀ ਭੂਮਿਕਾ ਨਿਭਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਮੇਹਰ ਚੰਦ ਵੀ, ਜਿਹੜਾ ਕਿਲੇ ਦੇ ਅੰਦਰ ਬਾਹਰ ਦਾ ਸਾਰਾ ਹਾਲ ਜਾਣਦਾ ਸੀ, ਇਸ ਸਮੇਂ ਇਸ ਮੁਹਿੰਮ ਵਿਚ ਸ਼ਾਮਲ ਸੀ। ਉਸਨੇ ਜੱਸਾ ਸਿੰਘ ਨੂੰ ਕਿਹਾ, “ਬਾਗਵਾਨ ਪੁਰ ਵਿਚ ਗ਼ੁਲਾਮ ਰਸੂਲ, ਅਸ਼ਰਫ, ਬਾਕਰ, ਚੁੰਨੂੰ ਤੇ ਮੇਹਰ ਸੁਲਤਾਨ ਨਾਂ ਦੇ ਅਰਾਈਂ ਰਹਿੰਦੇ ਨੇ। ਉਹ ਕਿਲੇ ਵਿਚ ਮਾਲੀਗਿਰੀ ਕਰਨ ਜਾਂਦੇ ਨੇ। ਮੈਂ ਉਹਨਾਂ ਨੂੰ ਜਾਣਦਾ ਹਾਂ, ਉਹ ਪੰਜਾਬੀ ਨੇ ਤੇ ਪੰਜਾਬ ਨੂੰ ਪਿਆਰ ਵੀ ਕਰਦੇ ਨੇ, ਤੁਸੀਂ ਉਹਨਾਂ ਨਾਲ ਗੱਲ ਕਰਕੇ ਦੇਖੋ...”

“ਠੀਕ ਹੈ। ਉਹਨਾਂ ਦਾ ਇਕ ਆਦਮੀ, ਜਿਹੜਾ ਉਹਨਾਂ ਦਾ ਮੁਖੀਆ ਹੋਏ, ਬੁਲਾਅ ਲਿਆਓ।” ਸਰਦਾਰ ਨੇ ਆਗਿਆ ਦਿੱਤੀ।

ਮੇਹਰ ਚੰਦ ਅਰਾਈਆਂ ਦੇ ਮੁਖੀਏ ਗ਼ੁਲਾਮ ਰਸੂਲ ਨੂੰ ਬੁਲਾਅ ਲਿਆਇਆ ਤੇ ਉਸਨੂੰ ਸਰਦਾਰ ਕੋਲ ਛੱਡ ਕੇ ਆਪ ਉੱਥੋਂ ਟਲ ਗਿਆ।

“ਤੁਹਾਡਾ ਨਾਂ ਕੀ ਏ?” ਜੱਸਾ ਸਿੰਘ ਨੇ ਪੁੱਛਿਆ।

“ਗ਼ੁਲਾਮ ਰਾਸੂਲ ਜੀ।” ਉਸਨੇ ਉਤਰ ਦਿੱਤਾ।

“ਕੀ ਕੰਮ ਕਰਦੇ ਓ?”

“ਕਿਲੇ 'ਚ ਮਾਲੀ ਆਂ ਜੀ।”

“ਕੀ ਤੁਸੀਂ ਸਾਡੀ ਕੁਝ ਮਦਦ ਕਰ ਸਕਦੇ ਓ?”

"ਕਿਉਂ ਨਹੀਂ ਜੀ। ਤੁਸੀਂ ਹਮੇਸ਼ਾ ਸਾਡੀ ਮਦਦ ਕਰਦੇ ਰਹੇ ਹੋ ਤੇ ਕਰ ਵੀ ਰਹੇ ਹੋ ਜੀ। ਜੇ ਅਸੀਂ ਵੀ ਤੁਹਾਡੀ ਕੋਈ ਮਦਦ ਕਰੀਏ ਤਾਂ ਸਾਨੂੰ ਬੜੀ ਖ਼ੁਸ਼ੀ ਹੋਏਗੀ ਜੀ।" ਗ਼ੁਲਾਮ ਰਸੂਲ ਚਾਲੀ ਪੰਤਾਲੀ ਸਾਲ ਦੇ ਲਗਭਗ ਸੀ। ਸੰਘਣੀ ਕਾਲੀ ਦਾੜ੍ਹੀ, ਨਰੋਆ ਸਰੀਰ ਤੇ ਚਿਹਰੇ ਉੱਤੇ ਸੰਜੀਦਗੀ ਸੀ।

"ਕਿਲਾ ਇਸ ਸਮੇਂ ਅਬਦਾਲੀ ਦੇ ਕਬਜੇ ਵਿਚ ਹੈ, ਉਸਨੂੰ ਆਜ਼ਾਦ ਕਰਵਾਉਣ ਵਿਚ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ।"

"ਸਰਦਾਰ ਜੀ ਅਸੀਂ ਹਮੇਸ਼ਾ ਤੁਹਾਡੇ ਨਾਲ ਹਾਂ। ਜੋ ਕਹੋਗੇ, ਜਦੋਂ ਕਹੋਗੇ, ਕਰਨ ਲਈ ਤਿਆਰ ਹਾਂ।" ਗ਼ੁਲਾਮ ਰਸੂਲ ਦੇ ਬਿਨਾਂ ਕਿਸੇ ਝਿਜਕ ਦੇ, ਦਰਿੜ੍ਹ ਆਵਾਜ਼ ਵਿਚ ਉਤਰ ਦਿੱਤਾ ਤੇ ਫੇਰ ਬੋਲਿਆ, "ਤੁਸੀਂ ਇਹ ਨਾ ਸਮਝਣਾ ਕਿ ਕਿਉਂਕਿ ਅਬਦਾਲੀ ਮੁਸਲਮਾਨ ਏਂ, ਇਸ ਲਈ ਅਸੀਂ ਉਸਦੇ ਨਾਲ ਹਾਂ। ਸਾਡੀ ਨਜ਼ਰ ਵਿਚ ਉਹ ਇਕ ਵਿਲਾਇਤੀ ਲੁਟੇਰ ਏ। ਲੁੱਟਮਾਰ ਕਰਨ ਆਉਂਦਾ ਹੈ ਤਾਂ ਕਿਸੇ ਹਿੰਦੂ-ਮੁਸਲਮਾਨ ਨੂੰ ਨਹੀਂ ਬਖ਼ਸ਼ਦਾ। ਹੁਣ ਖਾਲਸੇ ਨੇ ਉਸਦਾ ਮੂੰਹ ਤੋੜ ਜਵਾਬ ਦਿੱਤਾ ਤਾਂ ਲੁੱਟ ਦਾ ਨਾਂ ਜਿਹਾਦ ਰੱਖ ਲਿਆ। ਪੰਜਾਬ ਦੀ ਆਜ਼ਾਦੀ ਤੁਹਾਡੀ ਈ ਨਹੀਂ, ਸਾਡੀ ਵੀ ਆਜ਼ਾਦੀ ਹੈ।"

ਦੇਸ਼ ਭਗਤੀ ਦੀ ਭਾਵਨਾ ਵਿਚ ਡੁੱਬਿਆ ਗ਼ੁਲਾਮ ਰਸੂਲ ਉਬਲ ਪਿਆ ਤੇ ਜੱਸਾ ਸਿੰਘ ਹੈਰਾਨੀ ਨਾਲ ਉਹਦੇ ਮੂੰਹ ਵੱਲ ਵਿੰਹਦੇ ਰਹੇ।

"ਦੱਸੋ ਸਾਡੇ ਲਈ ਕੀ ਹੁਕਮ ਏ?" ਗ਼ੁਲਾਮ ਰਸੂਲ ਨੇ ਸਰਦਾਰ ਨੂੰ ਚੁੱਪ ਦੇਖ ਕੇ ਪੁੱਛਿਆ।

"ਅਸੀਂ ਚਾਹੁੰਦੇ ਹਾਂ ਕਿ ਸਾਡੀ ਫੌਜ ਕਾਬੁਲੀ ਮੱਲ ਦੇ ਵਾਪਸ ਆਉਣ ਤੋਂ ਪਹਿਲਾਂ ਹੀ ਕਿਲੇ ਵਿਚ ਦਾਖਲ ਹੋ ਜਾਵੇ।"

"ਇਹ ਕੰਮ ਤਾਂ ਅੱਜ ਹੀ ਹੋ ਸਕਦਾ ਏ ਜੀ। ਅਸੀਂ ਰਾਤ ਨੂੰ ਕਿਲੇ ਦੀ ਕੰਧ ਵਿਚ

ਅਜਿਹੇ ਥਾਂ ਪਾੜ ਪਾ ਦਿਆਂਗੇ ਕਿ ਕਿਸੇ ਪਤਾ ਈ ਨਾ ਲੱਗੇ।"

...ਤੇ ਗੁਲਾਮ ਰਸੂਲ ਤੇ ਉਸਦੇ ਸਾਥੀਆਂ ਨੇ ਕਿਲੇ ਦੀ ਕੰਧ ਵਿਚ ਏਡਾ ਪਾੜ ਪਾ ਦਿੱਤਾ ਕਿ ਹਰੀ ਸਿੰਘ ਤੇ ਗੁਜਰ ਸਿੰਘ ਭੰਗੀ ਤੇ ਹੋਰ ਸਰਦਾਰ ਸਹਿਜੇ ਹੀ ਕਿਲੇ ਵਿਚ ਪ੍ਰਵੇਸ਼ ਕਰ ਗਏ। ਇਹ ਵਿਸਾਖੀ ਬਦੀ ੧੧ ਸੰਮਤ ੧੮੨੨ ਅਰਥਾਤ **6** ਅਪਰੈਲ **1765** ਦੀ ਗੱਲ ਹੈ। ਸਵੇਰੇ ਕਾਬੁਲੀ ਮੱਲ ਦੇ ਭਾਣਜੇ ਅਮੀਰ ਸਿੰਘ ਨੇ ਸ਼ਹਿਰ ਦੀਆਂ ਕੰਧਾਂ ਵੱਲੋਂ ਕੁਝ ਤੋਪ-ਗੋਲੇ ਦਾਗੇ ਪਰ ਤਾਰਾ ਸਿੰਘ ਮਜੰਗ ਵਾਲੇ ਕੁਲ ਪੰਜਾ ਘੋੜਸਵਾਰ ਨਾਲ ਲੈ ਕੇ ਉਸਦੀ ਅਣਮਣੀ ਫੌਜ ਨੂੰ ਭਜਾ ਦਿੱਤਾ ਤੇ ਅਮੀਰ ਸਿੰਘ ਤੇ ਕਾਬੁਲੀ ਮੱਲ ਦੇ ਜਵਾਈ ਜਗਨ ਨਾਥ ਨੂੰ ਗਿਰਫ਼ਤਾਰ ਕਰ ਲਿਆ। ਸ਼ਹਿਰ ਤੇ ਕਿਲੇ ਦੋਹਾਂ ਉਪਰ ਖਾਲਸੇ ਦਾ ਕਬਜ਼ਾ ਹੋ ਗਿਆ।

ਕੁਝ ਸਿੱਖ ਸੈਨਕਾਂ ਨੇ ਸ਼ਹਿਰ ਵਿਚ ਲੁੱਟ ਮਚਾ ਦਿੱਤੀ। ਇਹ ਦੇਖ ਕੇ ਸ਼ਹਿਰ ਦੇ ਪਤਵੰਤੇ ਸੱਯਦ ਮੀਰ ਨਾਥੂ, ਹਾਫਿਜ਼ ਕਾਦਿਰ ਬਖ਼ਸ਼, ਮੀਆਂ ਮੁਹੰਮਦ ਆਸ਼ਿਕ, ਚੌਧਰੀ ਰੂਪਾ ਲਾਲ, ਕਿਸ਼ਨ ਸਿੰਘ ਤੇ ਸਹਾਰਾ ਸਿੰਘ ਸਰਦਾਰਾਂ ਕੋਲ ਆਏ ਤੇ ਉਹਨਾਂ ਨੂੰ ਕਿਹਾ, "ਇਸ ਸ਼ਹਿਰ ਨੂੰ 'ਕੋਠਾ ਗੁਰੂ' ਕਿਹਾ ਜਾਂਦਾ ਹੈ। ਇੱਥੇ ਚੌਥੇ ਗੁਰੂ ਰਾਮਦਾਸ ਦਾ ਜਨਮ ਹੋਇਆ ਸੀ, ਇਸ ਲਈ ਇਸਦੀ ਰੱਖਿਆ ਕੀਤੀ ਜਾਏ ਤੇ ਇੱਥੇ ਕਿਸੇ ਕਿਸਮ ਦੀ ਗੜਬੜ ਨਾ ਹੋਏ।"

ਇਹ ਗੱਲ ਮੰਨ ਲਈ ਗਈ। ਸ਼ਹਿਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਤਾਂ ਕਿ ਬਾਹਰੋਂ ਲੁੱਟ ਮਚਾਉਣ ਵਾਲੇ ਅੰਦਰ ਨਾ ਆ ਸਕਣ ਤੇ ਸ਼ਹਿਰ ਵਿਚ ਡੌਂਡੀ ਪਿਟਵਾ ਦਿੱਤੀ ਗਈ ਕਿ ਜਿਹੜਾ ਕੋਈ ਲੁੱਟਮਾਰ ਕਰੇਗਾ, ਉਸਨੂੰ ਸਖ਼ਤ ਸਜ਼ਾ ਦਿੱਤੀ ਜਾਏਗੀ। ਹਰੀ ਸਿੰਘ ਤੇ ਝੰਡਾ ਸਿੰਘ ਨੇ ਸ਼ਹਿਰ ਦਾ ਚੱਕਰ ਲਾ ਕੇ ਅਮਨ ਬਹਾਲ ਕਰ ਦਿੱਤਾ।

ਰਾਜਧਾਨੀ ਲਾਹੌਰ ਦੀ ਜਿੱਤ ਤੋਂ ਬਾਅਦ ਪੂਰਾ ਪੰਜਾਬ ਖਾਲਸੇ ਦੇ ਅਧਿਕਾਰ

ਵਿਚ ਆ ਗਿਆ। ਜਿਸ ਤਰ੍ਹਾਂ 'ਸੁਲਤਾਨੁਲ ਕੌਮ' ਭਾਵ 'ਪੰਥ ਦੇ ਬਾਦਸ਼ਾਹ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਤੰਬਰ 1761 ਵਿਚ ਲਾਹੌਰ ਉਪਰ ਕਬਜਾ ਕਰਕੇ ਸਿੱਕਾ ਜਾਰੀ ਕੀਤਾ ਸੀ, ਹੁਣ ਵੀ ਜਾਰੀ ਕੀਤਾ ਗਿਆ ਜਿਸ ਉਪਰ ਉਹੀ ਸ਼ਬਦ ਉਕਰੇ ਗਏ ਜਿਹੜੇ ਸਿੱਖ ਰਾਜ ਦੇ ਪਹਿਲੇ ਸਥਾਪਕ ਬੰਦਾ ਬਹਾਦੁਰ ਨੇ ਆਪਣੀ ਮੋਹਰ ਉਪਰ ਉਕੇਰੇ ਸਨ। ਸਿੱਧੇ ਪਾਸੇ ਇਹ ਸ਼ਬਦ ਸਨ—

'ਦੇਗ ਤੇਗ ਫਤਹਿ ਓ ਨੁਸਰਤ ਬੇਦਰੰਗ,

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ'।

(ਭਾਵ ਦੇਗ ਅਤੇ ਤੇਗ ਜਿਹੜੇ ਦਾਨ ਦੇ ਪ੍ਰਤੀਕ ਹਨ। ਜਿੱਤ ਸਹਿਜ ਆਸਰਾ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕੀਤੀ ਹੈ। ਦੂਜੇ ਸ਼ਬਦਾਂ ਵਿਚ ਬੰਦਾ ਬਹਾਦੁਰ ਨੇ ਇਹ ਸਪਸ਼ਟ ਕਰ ਦਿੱਤਾ ਕਿ ਮੁਫ਼ਤ ਲੰਗਰ ਤੇ ਤਲਵਾਰ, ਜਿੱਤ ਤੇ ਬਰਕਤ ਮੈਨੂੰ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ।)

ਉਸ ਦੇ ਦੂਜੇ ਪਾਸੇ ਇਹ ਸ਼ਬਦ ਸਨ—

ਜਬਰ ਦਾਰੂਲ ਸਲਤਨਤ ਲਾਹੌਰ ਸੰਵਤ ੧੮੨੨.'

(ਭਾਵ ਇਹ ਸਿੱਕਾ ਲਾਹੌਰ ਤੋਂ ਸੰਵਤ 1822. ਨੂੰ ਜਾਰੀ ਕੀਤਾ ਗਿਆ।)

ਇਹੀ ਸਿੱਕਾ ਸਾਰੀਆਂ ਮਿਸਲਾਂ ਦੇ ਸਰਦਾਰਾਂ ਨੇ ਆਪਣੀਆਂ ਮਿਸਲਾਂ ਵਿਚ ਜਾਰੀ ਕਰ ਦਿੱਤਾ ਤੇ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਵੀ ਨੇ ਜਾਰੀ ਕੀਤਾ। ਸਿਰਫ ਸਿੱਕਾ ਢਾਲਣ ਦਾ ਸਥਾਨ ਤੇ ਸੰਵਤ ਹੀ ਲੋੜ ਅਨੁਸਾਰ ਬਦਲਿਆ ਗਿਆ।

000

1765 ਤੋਂ 1766 ਤਕ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਵੱਲ ਮੂੰਹ ਨਹੀਂ ਕੀਤਾ। ਅਫ਼ਗਾਨਿਸਤਾਨ ਵਿਚ ਹੀ ਕਾਫੀ ਸਮੱਸਿਆਵਾਂ ਸਨ। ਉਹ ਉਹਨਾਂ ਨੂੰ ਸੁਲਝਾਉਣ ਵਿਚ ਲੱਗਿਆ ਹੋਇਆ ਸੀ। ਦੂਜਾ, ਸਾਰੇ ਪੰਜਾਬ ਉਪਰ ਸਿੱਖਾਂ ਦਾ ਕਬਜਾ ਹੋ ਚੁੱਕਿਆ ਸੀ। ਜਮਨਾ ਤੋਂ ਸਿੰਧ ਤਕ ਕੋਈ ਅਜਿਹਾ ਇਲਾਕਾ ਨਹੀਂ ਸੀ, ਜਿਸ ਉਪਰ ਉਸਦਾ ਅਧਿਕਾਰ ਹੋਏ ਤੇ ਕਿਤੇ ਵੀ ਉਸਦਾ ਹੁਕਮ ਚੱਲਦਾ ਹੋਏ ਤੇ ਹਮਾਇਤੀ ਹੋਣ। ਫੇਰ ਵੀ ਉਸਨੂੰ ਪੈਸੇ ਦੀ ਭੁੱਖ ਸੀ ਤੇ ਉਹ ਮੁੜ ਹਮਲਾ ਕਰਨ ਦਾ ਬਹਾਨਾ ਲੱਭ ਰਿਹਾ ਸੀ।

ਅਖ਼ੀਰ ਬਹਾਨਾ ਹੱਥ ਲੱਗਿਆ। ਮੀਰ ਕਾਸਿਮ ਨੇ ਅਬਦਾਲੀ ਨੂੰ ਸੱਦਾ ਭੇਜਿਆ ਕਿ ਉਹ ਉਸਨੂੰ ਮੁਰਾਦਾਬਾਦ ਦੇ ਤਖ਼ਤ ਉਪਰ ਬਿਠਾਉਣ ਵਿਚ ਮਦਦ ਕਰੇ, ਜਿਸ ਉਪਰੋਂ ਅੰਗਰੇਜ਼ਾਂ ਨੇ ਉਸਨੂੰ ਲਾਹ ਦਿੱਤਾ ਸੀ। ਨਵੰਬਰ 1766 ਦੇ ਅਖ਼ੀਰਲੇ ਹਫ਼ਤੇ ਅਹਿਮਦ ਸ਼ਾਹ ਸਿੰਧ ਦਰਿਆ ਨੂੰ ਪਾਰ ਕਰਕੇ 4 ਦਸੰਬਰ ਨੂੰ ਗੁਜਰਾਤ ਪਹੁੰਚ ਗਿਆ। ਉਹ ਚਾਹੁੰਦਾ ਸੀ ਪੰਜਾਬ ਵਿਚੋਂ ਨਿਕਲ ਕੇ ਜਲਦੀ ਤੋਂ ਜਲਦੀ ਦਿੱਲੀ ਪਹੁੰਚਿਆ ਜਾਏ ਤੇ ਵਾਪਸੀ ਉਪਰ ਸਿੱਖਾਂ ਨਾਲ ਨਜਿੱਠਿਆ ਜਾਏ। ਪਰ ਸਿੱਖਾਂ ਨੇ ਆਪਦੇ ਗੁਰੀਲਾ ਯੁੱਧ ਨਾਲ ਪੰਜਾਬ ਵਿਚ ਹੀ ਉਸਦਾ ਲੱਕ ਤੋੜ ਛੱਡਿਆ। ਖਾਲਸੇ ਨੇ 11 ਜਨਵਰੀ 1767 ਨੂੰ ਜਹਾਨ ਖ਼ਾਂ ਦੀ ਕਮਾਨ ਵਿਚ ਅੱਗੇ ਵਧ ਰਹੇ ਅਬਦਾਲੀ ਦੇ ਹਰਾਵਲ ਦਸਤੇ ਉਪਰ ਅੰਮ੍ਰਿਤਸਰ ਦੇ ਨੇੜੇ ਇਕ ਜਬਰਦਸਤ ਧਾਵਾ ਬੋਲ ਦਿੱਤਾ। ਘਮਸਾਨ ਦੀ ਲੜਾਈ ਹੋਈ, ਜਿਸ ਵਿਚ ਪੰਜ ਛੇ ਹਜ਼ਾਰ ਦੁਰਾਨੀ ਖੇਤ ਰਹੇ ਤੇ ਹਾਰ ਕੇ ਪਿੱਛੇ ਹਟ ਗਏ।

ਖ਼ੁਦ ਅਬਦਾਲੀ, ਜਹਾਨ ਖ਼ਾਂ ਦੀ ਮਦਦ ਲਈ ਗਿਆ। ਪਰ ਸਿੱਖ ਕਿਧਰੇ ਦਿਖਾਈ ਨਹੀਂ ਦਿੱਤੇ। ਉਹਨਾਂ ਨੂੰ ਸਾਹਮਣੇ ਆਉਣ ਦੀ ਜ਼ਰੂਰਤ ਹੀ ਨਹੀਂ ਸੀ। ਉਹ ਅੱਗੇ ਵਧ ਰਹੀ ਅਫ਼ਗਾਨ ਫੌਜ ਦਾ ਪਿੱਛਾ ਕਰ ਰਹੇ ਸਨ ਤੇ ਜਿੱਥੇ ਕਿਤੇ

ਦਾਅ ਲੱਗਦਾ ਸੀ, ਧਾਵਾ ਬੋਲ ਦਿੰਦੇ ਸਨ ਤੇ ਦੁਸ਼ਮਣ ਦਾ ਨੁਕਸਾਨ ਕਰਕੇ ਪਰਤ ਜਾਂਦੇ ਸਨ। ਜਹਾਨ ਖ਼ਾਂ ਪਿੱਛੋਂ ਖਾਲਸੇ ਦੀ ਦੂਜੀ ਵੱਡੀ ਟੱਕਰ ਨਸੀਰ ਖ਼ਾਂ ਬਲੋਚ ਨਾਲ ਹੋਈ। ਇਸ ਟੱਕਰ ਵਿਚ ਨਸੀਰ ਖ਼ਾਂ ਬੁਰੀ ਤਰ੍ਹਾਂ ਹਾਰਿਆ। ਸਿੱਖ ਸ਼ਾਹ ਦਾ ਸਾਰਾ ਸਾਮਾਨ ਖੋਹ ਕੇ ਲੈ ਗਏ। ਉਹ ਜਿਹੜਾ ਕਾਬਲੀ ਮੇਵਿਆਂ ਨਾਲ ਲੱਦਿਆ ਊਠਾਂ ਦਾ ਕਾਫ਼ਲਾ ਨਾਲ ਲੈ ਕੇ ਆਇਆ ਸੀ, ਸਿੱਖਾਂ ਨੇ ਉਹ ਵੀ ਲੁੱਟ ਲਿਆ। ਇਸ ਦੇ ਇਲਾਵਾ ਚੰਬਾ ਦੇ ਰਾਜੇ ਨੇ ਅਫ਼ਗਾਨ ਫੌਜ ਲਈ ਜਿਹੜਾ ਆਟਾ–ਦਾਣਾ ਭੇਜਿਆ ਸੀ, ਉਹ ਵੀ ਖੋਹ ਲਿਆ ਗਿਆ।

ਬਿਆਸ ਤੇ ਸਤਿਲੁਜ ਦੇ ਵਿਚਕਾਰ ਖਾਲਸੇ ਨੇ ਸ਼ਾਹ ਦੀ ਹਾਲਤ ਏਨੀ ਪਤਲੀ ਕਰ ਦਿੱਤੀ ਕਿ ਉਹ ਦਿੱਲੀ ਪਹੁੰਚਣ ਦਾ ਖ਼ਿਆਲ ਛੱਡ ਕੇ ਵਾਪਸ ਕਾਬੁਲ ਪਰਤ ਗਿਆ।

ਇਹ ਅਬਦਾਲੀ ਦਾ ਅੱਠਵਾਂ ਤੇ ਅਖ਼ੀਰਲਾ ਹਮਲਾ ਸੀ ਪਰ ਉਸਨੂੰ ਪੈਸੇ ਦੀ ਸਖ਼ਤ ਲੋੜ ਸੀ, ਇਸ ਲਈ ਉਸਨੇ 1769 ਤੇ 1770 ਦੇ ਦਸੰਬਰ ਜਨਵਰੀ ਵਿਚ ਆਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਪੇਸ਼ਾਵਰ ਤੋਂ ਅੱਗੇ ਨਹੀਂ ਵਧ ਸਕਿਆ। ਸ਼ਾਹ ਹੁਣ ਬੁੱਢਾ ਹੋ ਗਿਆ ਸੀ ਤੇ ਖਾਲਸੇ ਦੀ ਨਵੀਂ ਸ਼ਕਤੀ ਨਾਲ ਟਕਰਾਉਣ ਤੋਂ ਅਸਮਰਥ ਸੀ। ਹਰਿਮੰਦਰ ਨੂੰ ਬਾਰੂਦ ਨਾਲ ਉਡਾਉਣ ਸਮੇਂ ਫੁੱਟੀਆਂ ਇੱਟਾਂ ਦੀ ਇਕ ਕੈਂਕਰ ਉਸਦੇ ਨੱਕ ਉਪਰ ਵੀ ਵੱਜੀ ਸੀ, ਜਿਸ ਨਾਲ ਜਖ਼ਮ ਹੋ ਗਿਆ ਤੇ ਉਹ ਜਖ਼ਮ ਹੌਲੀ ਹੌਲੀ ਨਾਸੂਰ ਬਣ ਗਿਆ ਸੀ। ਨਾਸੂਰ ਨਾਲ ਸਾਰਾ ਨੱਕ ਗਲ ਗਿਆ ਸੀ ਤੇ ਇਸੇ ਨਾਲ 14 ਅਪਰੈਲ 1772 ਵਿਚ ਸ਼ਾਹ ਦੀ ਮੌਤ ਹੋ ਗਈ। ਠੀਕ ਇਸੇ ਦਿਨ ਖਾਲਸੇ ਨੇ ਸਿੰਧ ਪਾਰ ਕਰਕੇ ਪਿਸ਼ਾਵਰ ਉੱਤੇ ਧਾਵਾ ਬੋਲਿਆ ਤੇ ਉਸਨੂੰ ਲੁੱਟ ਲਿਆ।

1761 ਨੂੰ ਜਦੋਂ ਖਾਲਸੇ ਨੇ ਲਾਹੌਰ ਉਪਰ ਕਬਜਾ ਕੀਤਾ, ਉਦੋਂ ਮੁਗਲਾਨੀ ਬੇਗਮ ਦੀ ਹਾਲਤ ਬੜੀ ਖਰਾਬ ਸੀ। ਉਸਦੇ ਗਰੀਬੀ ਦੇ ਦਿਨ ਚੱਲ ਰਹੇ ਸਨ।

ਇਹ ਦੇਖ ਕੇ ਅਹਿਮਦ ਸ਼ਾਹ ਨੇ ਉਸਨੂੰ ਜ਼ਿਲਾ ਸਿਆਲਕੋਟ ਦੀ ਜ਼ਮੀਨ ਦੇ ਦਿੱਤੀ, ਜਿਸਦੀ ਆਮਦਨ 30 ਹਜ਼ਾਰ ਰੁਪਏ ਸਾਲਾਨਾ ਸੀ। ਬੇਗਮ ਨੇ ਤਹਿਮਸ ਖ਼ਾਂ ਮਿਸਕੀਨ ਨੂੰ ਸਿਆਲਕੋਟ ਵਿਚ ਆਪਣਾ ਮੁਲਾਜ਼ਮ ਲਾ ਦਿੱਤਾ ਤੇ ਆਪ ਉਹ ਸ਼ਹਿਬਾਜ਼ ਖਵਾਜ਼ਾ ਸਰਾ ਨਾਲ ਜੰਮੂ ਵਿਚ ਰਹਿਣ ਲੱਗ ਪਈ। ਲਾਹੌਰ ਵਾਂਗ ਜੰਮੂ ਵਿਚ ਵੀ ਬੇਗਮ ਦੀ ਅਯਾਸ਼ੀ ਦੀਆਂ ਕਹਾਣੀਆਂ ਸਾਰਿਆਂ ਦੀ ਜ਼ਬਾਨ ਉਪਰ ਚੜ੍ਹ ਗਈਆਂ। ਏਨੀ ਬਦਨਾਮੀ ਹੋਈ ਕਿ ਬੇਗਮ ਜੰਮੂ ਛੱਡ ਕੇ ਪਰਮੰਡਲ ਚਲੀ ਗਈ। ਉੱਥੇ ਉਹ ਸ਼ਹਿਬਾਜ਼ ਨਾਲ ਸ਼ਾਦੀ ਕਰਕੇ ਬਾਕਾਇਦਾ ਗ੍ਰਹਿਸਤ ਜੀਵਨ ਬਿਤਾਉਣ ਲੱਗੀ। ਤਹਿਮਸ ਖ਼ਾਂ ਮਸਕੀਨ ਨੇ ਬੇਗਮ ਦੀ ਛੋਟੀ ਬੇਟੀ ਨੂੰ ਇਹ ਸੋਚ ਕਿ ਕਿਤੇ ਮਾਂ ਦੀ ਸੋਹਬਤ ਵਿਚ ਉਹ ਵੀ ਖਰਾਬ ਨਾ ਹੋ ਜਾਏ, ਆਪਣੀ ਵੱਡੀ ਭੈਣ ਉਮਰਾ ਕੋਲ ਦਿੱਲੀ ਭੇਜ ਦਿੱਤਾ। ਹੁਣ ਤਹਿਮਸ ਖ਼ਾਂ ਨੇ ਵੀ ਬੇਗਮ ਦਾ ਸਾਥ ਛੱਡ ਦਿੱਤਾ ਸੀ ਤੇ ਉਹ ਜੈਨ ਖ਼ਾਂ ਕੋਲ ਸਰਹਿੰਦ ਚਲਾ ਗਿਆ ਸੀ।

ਵਾਰਿਸ ਸ਼ਾਹ ਜੋਗੀ ਬਣ ਕੇ ਸਾਰੇ ਪੰਜਾਬ ਵਿਚ ਘੰਮਿਆਂ। ਸਾਰੀ ਉਥਲ ਪੁਥਲ ਦੇਖੀ ਤੇ ਇਹ ਵੀ ਦੇਖਿਆ ਕਿ ਜੋਗੀ, ਜੋਗੀ ਨਹੀਂ ਹੁੰਦੇ ਸਿਰਫ ਪਾਖੰਡੀ ਹੁੰਦੇ ਨੇ। ਅਖ਼ੀਰ ਉਹ ਆਪਣੇ ਪਿੰਡ ਜੰਡਿਆਲਾ ਸ਼ੇਰ ਖ਼ਾਂ ਪਰਤ ਆਇਆ ਤੇ ਸ਼ਾਦੀ ਕਰਕੇ ਗ੍ਰਹਿਸਤ ਜੀਵਨ ਬਿਤਾਉਣ ਲੱਗਿਆ ਤੇ 1765 ਵਿਚ ਆਪਣਾ ਮਹਾਕਾਵ 'ਹੀਰ' ਮੁਕੰਮਲ ਕੀਤਾ।

ਲਿਖਿਆ ਹੈ—:

'ਯਾਰਾਂ ਸਾਨੂੰ ਆਣ ਸਵਾਲ ਕੀਤਾ

ਇਸ਼ਕ ਹੀਰ ਦਾ ਨਵਾਂ ਬਣਾਈਏ ਜੀ

ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ

ਢੰਗ ਸੋਹਣੇ ਨਾਲ ਸੁਣਾਈਏ ਜੀ

ਯਾਰਾਂ ਨਾਲ ਮਜਲਿਸਾਂ ਵਿਚ ਬਹਿ ਕੇ

ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ।

ਵਾਰਿਸ ਨੇ ਹੀਰ ਦੇ ਇਸ਼ਕ ਨੂੰ ਇੰਜ ਬਿਆਨ ਕੀਤਾ ਕਿ ਉਸ ਵਿਚ ਪੰਜਾਬ ਦੀ ਆਤਮਾ ਨੂੰ ਸਮੋ ਦਿੱਤਾ। ਹਾਲੀ ਪਾਲੀ ਇਸ ਨੂੰ ਝੂੰਮ ਝੂੰਮ ਕੇ ਗਾਉਂਦੇ ਹਨ ਤੇ ਲੋਕ ਮਜਲਿਸਾਂ ਵਿਚ ਬੈਠ ਕੇ ਆਨੰਦ ਮਾਣਦੇ ਹਨ।

ਭੂਪ ਸਿੰਘ ਨੇ ਵੀ ਆਪਣੇ ਪਿੰਡ ਜੰਡਿਆਲਾ ਸ਼ੇਰ ਖ਼ਾਂ ਵਿਚ ਆ ਕੇ ਖੇਤੀ ਦਾ ਕੰਮ ਸੰਭਾਲ ਲਿਆ। ਉਸ ਨੇ ਆਪਣੀ ਮੂੰਹ ਬੋਲੀ ਭੈਣ ਸਾਬੋ ਦਾ ਵਿਆਹ ਮਨਮੋਹਨ ਨਾਲ ਕਰ ਦਿੱਤਾ। ਮੇਹਰ ਚੰਦ ਵੀ ਉਸਦਾ ਮੂੰਹ ਬੋਲਿਆ ਛੋਟਾ ਭਰਾ ਸੀ। ਭੈਣ ਦਾ ਵਿਆਹ ਕਰਨ ਪਿੱਛੋਂ ਉਸਨੇ ਮਾਂ ਨੂੰ ਕਿਹਾ, “ਮਾਂ ਹੁਣ ਅਸੀਂ ਛੋਟੇ ਵੀਰੇ ਮੇਹਰ ਚੰਦ ਦਾ ਵਿਆਹ ਕਰਾਂਗੇ। ਉਹ ਲਾੜਾ ਬਣੇਗਾ, ਵਿਆਹ ਕੇ ਲਾੜੀ ਘਰ ਲਿਆਏਗਾ ਤੇ ਪਰਿਵਾਰ ਵਧਾਏਗਾ। ਮੇਰੀ ਉਮਰ ਹੁਣ ਚਾਲੀ ਸਾਲ ਤੋਂ ਉਪਰ ਏ। ਮੈਂ ਸ਼ਾਦੀ ਨਹੀਂ ਕਰਾਂਗਾ।”

ਤੇ ਭੂਪ ਸਿੰਘ ਨੇ ਸ਼ਾਦੀ ਨਹੀਂ ਕੀਤੀ। ਉਹ ਇਕ ਅਜਿਹਾ ਸੂਫੀ ਫਕੀਰ ਸੀ, ਜਿਸ ਨੇ ਗ੍ਰਹਿਸਤੀ ਰਹਿੰਦਿਆਂ ਹੋਇਆਂ ਸਨਿਆਸ ਧਾਰਨ ਕੀਤਾ ਹੋਇਆ ਸੀ। ਉਹ ਕਬੀਰ ਵਾਂਗ 'ਇਕ ਇਨਸਾਨ ਸੀ, ਨਾ ਹਿੰਦੂ ਸੀ ਨਾ ਮੁਸਲਮਾਨ ਸੀ।' ਉਹ ਸਾਰਿਆਂ ਦੀ ਸੇਵਾ ਕਰਦਾ ਸੀ ਤੇ ਦੁੱਖ–ਦਰਦ ਵਿਚ ਹਰੇਕ ਦੇ ਕੰਮ ਆਉਂਦਾ ਸੀ। ਆਪਣੇ ਗੁਆਂਢੀ ਵਾਰਿਸ ਸ਼ਾਹ ਨਾਲ ਉਸਦੀ ਖੂਬ ਬਣਦੀ ਸੀ। ਉਹ ਅਕਸਰ ਇਕੱਠੇ ਬੈਠ ਕੇ ਸਾਹਿਤ ਤੇ ਦਰਸ਼ਨ ਦੀਆਂ ਗੱਲਾਂ ਕਰਦੇ ਤੇ ਵਧੇਰੇ ਸਮਾਂ ਚਿੰਤਨ ਵਿਚ ਬਿਤਾਉਂਦੇ। ਕਈ ਵਾਰੀ ਵਾਰਿਸ ਆਪਣੀ 'ਹੀਰ' ਪੜ੍ਹ ਕੇ ਸੁਣਾਉਂਦਾ ਤੇ ਭੂਪ ਸਿੰਘ ਨੁਕਤਿਆਂ ਉਪਰ ਦਾਦ ਦਿੰਦਾ, “ਵਾਹ! ਵਾਹ! ਤੂੰ ਪੰਜਾਬ ਨੂੰ ਸਮਝਿਆ ਏ ਤੇ ਆਪਣੇ ਆਪ ਨੂੰ ਵੀ। ਵਾਕਈ—:

'ਵਾਰਿਸ ਸ਼ਾਹ ਸੁਖਨ ਦਾ ਵਾਰਿਸ

ਕਿਤੇ ਨਾ ਅਟਕਿਆ ਵਲਿਆ'।"

ਭੂਪ ਸਿੰਘ ਨੇ ਵਾਰਿਸ ਸ਼ਾਹ ਦੀਆਂ ਸਤਰਾਂ ਹੀ ਦੁਹਰਾਈਆਂ ਤੇ ਗੱਲ ਜਾਰੀ ਰੱਖੀ, "ਦੇਖ ਵਾਰਿਸਾ, ਜਿਸ ਤਰ੍ਹਾਂ ਤੇਰੇ ਵਿਚ ਕੋਈ ਭੁਲੇਖਾ, ਭਟਕਣ ਜਾਂ ਕੋਈ ਖੋਟ ਨਹੀਂ, ਇਸੇ ਤਰ੍ਹਾਂ ਬੁੱਲ੍ਹੇ ਸ਼ਾਹ 'ਚ ਵੀ ਕੋਈ ਭੁਲੇਖਾ, ਭਟਕਣ ਜਾਂ ਕੋਈ ਖੋਟ ਨਹੀਂ। ਇਹੀ ਕਵਿਤਾ ਹੈ, ਇਹੀ ਲੋਕ ਸਾਹਿਤ ਹੈ। ਕਬੀਰ ਦੀ ਵੀ ਇਹੋ ਵਿਸ਼ੇਸ਼ਤਾ ਏ। ਉਸਦਾ ਇਕ ਪਦ ਏ—:

'ਸਾਧੂ ਐਸਾ ਚਾਹੀਏ ਜੇਸਾ ਸੂਪ ਸੁਭਾਏ

ਸਾਰ ਸਾਰ ਗਹੇ ਥੋਥਾ ਦੇ ਉਡਾਏ'।"

"ਭੂਪ ਸਿਆਂ ਤੂੰ ਵੀ ਤਾਂ ਇਕ ਅਜਿਹਾ ਈ ਸਾਧੂ ਏਂ। ਮੇਰੀ ਖ਼ੁਸ਼ਕਿਸਮਤੀ ਏ ਕਿ ਮੈਨੂੰ ਤੇਰੇ ਵਰਗਾ ਦੋਸਤ ਤੇ ਗੁਆਂਢੀ ਮਿਲਿਆ।" ਵਾਰਿਸ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ ਤੇ ਭੂਪ ਸਿੰਘ ਵੀ ਮੁਸਕਰਾਉਣ ਲੱਗ ਪਿਆ।

**000 ਸਮਾਪਤ 000**

Read more like this at

www.punjabilibrary.com